# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
## (ਭਾਗ ਤੀਜਾ)

## ਰਾਮ ਸਰੂਪ ਅਣਖੀ ਦੀਆਂ ਹੋਰ ਰਚਨਾਵਾਂ

- ਕੋਠੇ ਖੜਕ ਸਿੰਘ
- ਕੱਖਾਂ ਕਾਨਿਆਂ ਦੇ ਪੁਲ
- ਜਮੀਨਾਂ ਵਾਲੇ
- ਬਸ ਹੋਰ ਨਹੀਂ
- ਦੁੱਲੇ ਦੀ ਢਾਬ
- ਆਪਣੀ ਮਿੱਟੀ ਦੇ ਰੁੱਖ
- ਸੁਗੰਧਾਂ ਜਿਹੇ ਲੋਕ
- ਤੂੰ ਵੀ ਮੁੜ ਆ ਸਦੀਕ
- ਪਰਤਾਪੀ
- ਕੈਦਣ
- ਕਿੱਲੇ ਨਾਲ ਬੰਨ੍ਹਿਆ ਆਦਮੀ
- ਗੇਲੋ
- ਭੀਮਾ
- ਮਲ੍ਹੇ ਝਾੜੀਆਂ
- ਜ਼ਖ਼ਮੀ ਅਤੀਤ
- ਸੁਲਗਦੀ ਰਾਤ
- ਜਿਨ ਸਿਰ ਸੋਹਣਿ ਪੱਟੀਆਂ
- ਕਣਕਾਂ ਦਾ ਕਤਲੇਆਮ
- ਪਿੰਡ ਦੀ ਮਿੱਟੀ
- ਮੋਏ ਮਿੱਤਰਾਂ ਦੀ ਸ਼ਨਾਖਤ

# ਰਾਮ ਸਰੂਪ ਅਣਖੀ
# ਦੀਆਂ
# ਸਾਰੀਆਂ ਕਹਾਣੀਆਂ
(ਭਾਗ ਤੀਜਾ)

ਸੰਗ੍ਰਹਿ ਕਰਤਾ : ਕਰਾਂਤੀ ਪਾਲ

# Ram Sarup Anakhi Dian Sarian Kahanian
## (Part-3)

## Editing by : Krantipal

•

**ਸਮਰਪਣ**

ਛੋਟੇ ਵੀਰ
ਰਾਜਾ ਦਬੜੀਖਾਨੇ
ਦੇ ਨਾਂ

•



੦ ਅਸਲ ਵਿੱਚ ਲੇਖਕ ਓਸੇ ਮਾਹੌਲ ਨੂੰ ਲੈ ਕੇ ਲਿਖਦਾ ਹੈ, ਜਿਸ ਦਾ ਉਹਨੂੰ ਨਿੱਜੀ ਅਨੁਭਵ ਹੋਵੇ। ਮੈਨੂੰ ਤਾਂ ਪਿੰਡਾਂ ਦੇ ਨੇੜੇ ਦਾ ਅਨੁਭਵ ਹੈ। ਮੇਰਾ ਬਾਪ ਹਲਵਾਹਕ ਸੀ। ਅਸੀਂ ਜ਼ਮੀਨਾਂ ਵਾਲੇ ਹਾਂ। ਕਾਲਜ ਦੀ ਪੜ੍ਹਾਈ ਵਿੱਚੇ ਛੱਡ ਕੇ ਦੋ-ਤਿੰਨ ਸਾਲ ਮੈਂ ਖ਼ੁਦ ਵੀ ਖੇਤੀ ਦਾ ਕੰਮ ਕੀਤਾ ਸੀ। ਫੇਰ ਜਿਨ੍ਹਾਂ ਕਿਸਾਨ-ਲੋਕਾਂ ਵਿੱਚ ਮੇਰਾ ਬਚਪਨ ਬੀਤਿਆ, ਉਨ੍ਹਾਂ ਵਿੱਚ ਮੈਂ ਖੇਡਿਆ-ਪਲ਼ਿਆ, ਵੱਡਾ ਹੋ ਕੇ ਵੀ ਕੋਈ ਚੁਤਾਲੀ-ਪੰਤਾਲੀ ਸਾਲਾਂ ਦੀ ਉਮਰ ਤੱਕ ਜੱਟ-ਕਿਸਾਨਾਂ ਵਿੱਚ ਹੀ ਵਿਚਰਦਾ ਰਿਹਾ, ਮੈਨੂੰ ਤਾਂ ਉਨ੍ਹਾਂ ਲੋਕਾਂ ਦਾ ਹੀ ਪਤਾ ਹੈ। ਫੇਰ ਸਾਡੇ ਪਿੰਡ ਧੌਲ਼ਾ ਤੋਂ ਮਾਨਸਾ-ਬਠਿੰਡਾ ਵੱਲ ਸਾਡੀਆਂ ਰਿਸ਼ਤੇਦਾਰੀਆਂ ਸਨ, ਆਉਣ-ਜਾਣ ਸੀ, ਇਨ੍ਹਾਂ ਚਾਲ੍ਹੀ-ਪੰਜਾਹ ਪਿੰਡਾਂ ਵਿੱਚ ਮੇਰਾ ਸਾਰੀ ਉਮਰ ਦਾ ਤੋਰਾ-ਫੇਰਾ ਸੀ। ਇਨ੍ਹਾਂ ਚਾਲ੍ਹੀ-ਪੰਜਾਬ ਪਿੰਡਾਂ ਦਾ ਮਿੱਟੀ-ਪਾਣੀ ਮੈਨੂੰ ਜਾਣਦਾ ਹੈ। ਮੇਰੀਆਂ ਕਹਾਣੀਆਂ ਤੇ ਨਾਵਲਾਂ ਵਿੱਚ ਇਨ੍ਹਾਂ ਪਿੰਡਾਂ ਦੀ ਆਬੋ-ਹਵਾ ਹੈ, ਮਿੱਟੀ ਦੀ ਸੁਗੰਧ ਹੈ। ਮੇਰੀਆਂ ਰਚਨਾਵਾਂ ਇਨ੍ਹਾਂ ਪਿੰਡਾਂ ਦੇ ਦਾਇਰੇ ਵਿੱਚ ਹੀ ਘੁੰਮਦੀਆਂ ਹਨ। ਰਚਨਾ ਨੂੰ ਕੱਚਾ ਮਸਾਲਾ ਇੱਥੋਂ ਹੀ ਮਿਲਦਾ ਹੈ। ਇਸ ਦਾਇਰੇ ਵਿੱਚੋਂ ਬਾਹਰ ਕਿਧਰੇ ਜਾ ਕੇ ਰਚਨਾ ਦੀ ਭਾਲ ਕਰਾਂਗਾ ਤਾਂ ਮੇਰੀ ਕਲਮ ਭਟਕ ਜਾਵੇਗੀ।

ਇੰਗਲੈਂਡ ਆਪਣੇ ਚਹੇਤੇ ਨਾਵਲਕਾਰ ਥਾਮਸ ਹਾਰਡੀ ਦਾ ਜਨਮ-ਸਥਾਨ ਅਤੇ ਉਹਦੀ ਕਰਮ-ਭੂਮੀ ਦੇਖਣ ਗਿਆ ਤਾਂ ਮੈਨੂੰ ਮੇਰੀ ਸੋਚ ਦੀ ਪ੍ਰੋੜ੍ਹਤਾ ਮਿਲੀ ਕਿ ਹਾਡਰੀ ਵੀ ਮੇਰੇ ਵਾਂਗ ਹੀ ਸੋਚਦਾ-ਕਰਦਾ ਸੀ। ਉਹਦੇ ਸਾਰੇ ਨਾਵਲਾਂ ਦੇ ਘਟਨਾ-ਸਥਲ ਇੱਕ ਖ਼ਾਸ ਖੇਤਰ ਵਿੱਚੋਂ ਹਨ। ਇਸ ਵਿਸ਼ੇਸ਼ ਖੇਤਰ ਦਾ ਨਾਂ ਉਹਨੇ ਵੈਸੈਕਸ ਰੱਖਿਆ ਹੋਇਆ ਸੀ। ਮੇਰਾ ਵੈਸੈਕਸ ਮੇਰੇ ਪਿੰਡ ਧੌਲ਼ਾ ਤੋਂ ਲੈ ਕੇ ਮਾਨਸਾ-ਬਠਿੰਡਾ ਇਲਾਕੇ ਦੇ ਇਹ ਚਾਲ੍ਹੀ-ਪੰਜਾਹ ਪਿੰਡ ਹਨ।

ਇਸ ਤੱਥ ਨਾਲ ਵੀ ਮੈਨੂੰ ਬਹੁਤ ਤਸੱਲੀ ਮਿਲਦੀ ਹੈ ਕਿ ਦੁਨੀਆ ਦਾ ਬਿਹਤਰੀਨ ਸਾਹਿਤ ਖ਼ਾਸ ਕਰਕੇ ਗਲਪ-ਸਾਹਿਤ ਪਿੰਡਾਂ ਬਾਰੇ ਹੀ ਲਿਖਿਆ ਹੋਇਆ ਹੈ।

*ਮਲ੍ਹੇ ਝਾੜੀਆਂ (ਸ੍ਵੈ-ਜੀਵਨੀ) ਵਿੱਚੋਂ*

੦ ਬਾਪੂ ਦੀਆਂ ਰਚੀਆਂ ਸਾਰੀਆਂ ਕਹਾਣੀਆਂ ਨੂੰ ਇੱਕੋ ਜਗ੍ਹਾ 'ਤੇ ਇਕੱਠਾ ਕਰਨ ਦਾ ਅਰਥ ਹੈ ਕਿ ਉਨ੍ਹਾਂ ਦੀਆਂ ਸਮੁੱਚੀਆਂ ਕਹਾਣੀਆਂ ਨੂੰ ਸੰਭਾਲ ਕੇ ਰੱਖਣਾ।

ਇਤਫ਼ਾਕ ਇਹ ਕਹਾਣੀਆਂ ਮੈਂ ਉਦੋਂ ਸਾਰੀਆਂ ਪੜ੍ਹੀਆਂ ਜਦੋਂ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸੋਚਦਾ ਹਾਂ ਇਹ ਕਹਾਣੀਆਂ ਜੇ ਮੈਂ ਉਨ੍ਹਾਂ ਦੇ ਜਿਉਂਦੇ ਜੀਅ ਪੜ੍ਹ ਲੈਂਦਾ ਤਾਂ ਕੋਈ ਸੰਵਾਦ ਉਨ੍ਹਾਂ ਨਾਲ ਰਚਾ ਸਕਦਾ ਸੀ ਕਿ ਇਹ ਫਲਾਣੀ ਕਹਾਣੀ ਦੀ ਘਟਨਾ/ਪਾਤਰ ਉਸ ਪਿੰਡ ਦੇ ਨੇ...

ਚਲੋ ਖ਼ੈਰ, ਜੋ ਹੋਣਾ ਸੀ ਹੋ ਗਿਆ। ਬਾਪੂ ਕਥਾਕਾਰ ਵੱਡਾ ਸੀ। ਉਸ ਨੂੰ ਕਹਾਣੀ ਕਹਿਣੀ ਆਉਂਦੀ ਸੀ, ਉਸ ਨੇ ਕਹਾਣੀਆਂ ਲਿਖੀਆਂ/ਨਾਵਲ ਲਿਖੇ, ਪਰ ਕਥਾਰਸ ਉਨ੍ਹਾਂ ਦੇ ਅੰਗ-ਸੰਗ ਰਿਹਾ।

ਕਹਾਣੀ ਦੇ ਖੇਤਰ 'ਚ ਮਕਬੂਲ ਬਾਪੂ, ਨਾਵਲ ਦੇ ਖੇਤਰ ਵਿੱਚ ਵੀ ਮਕਬੂਲ ਹੋਇਆ। ਨਾਵਲਗਿਰੀ ਨੇ ਉਨ੍ਹਾਂ ਦੀਆਂ ਕਹਾਣੀਆਂ ਨੂੰ ਢਾਹ ਲਾਈ, ਪਰ ਜਦੋਂ ਅਸੀਂ ਉਨ੍ਹਾਂ ਦੀਆਂ ਕਹਾਣੀਆਂ ਪੜ੍ਹਦੇ ਹਾਂ ਤੇ ਫਿਰ ਨਾਵਲ, ਉਦੋਂ ਇਹ ਗੱਲ ਸਮਝ ਆਉਂਦੀ ਹੈ ਕਿ ਉਨ੍ਹਾਂ ਨੇ ਕਹਾਣੀ ਛੱਡ ਕੇ ਨਾਵਲ ਲਿਖਣ ਦਾ ਰਾਹ ਕਿਉਂ ਅਪਣਾਇਆ। ਬਾਪੂ ਦੀਆਂ ਕਹਾਣੀਆਂ ਪੜ੍ਹ ਕੇ ਉਨ੍ਹਾਂ ਕਹਾਣੀਆਂ ਦੇ ਧੁਰ ਅੰਦਰ ਜਾ ਕੇ ਪਤਾ ਲਗਦਾ ਹੈ ਕਿ ਬਾਪੂ ਕਿੱਡਾ ਵੱਡਾ ਕਥਾਕਾਰ ਸੀ। ਕਈ ਕਹਾਣੀਆਂ ਪੜ੍ਹ ਕੇ ਤਾਂ ਅੰਦਰੋਂ ਆਵਾਜ਼ ਨਿੱਕਲਦੀ ਹੈ, "ਵਾਹ ਬਾਪੂ ਕਮਾਲ ਕਰਤੀ।"

ਇਹ ਕਹਾਣੀਆਂ ਜੀਵਨ ਦੇ ਉਨ੍ਹਾਂ ਰੰਗਾਂ ਨੂੰ ਬਿਖੇਰਦੀਆਂ ਹਨ ਜਿਹੜੇ ਰੰਗ ਸਮੇਂ ਦੀ ਧੂੜ 'ਚ ਫਿੱਕੇ ਪੈ ਗਏ।

ਐਨੀ ਸਾਦਗੀ ਨਾਲ ਸਰਲਤਾ ਦਾ ਪ੍ਰਗਟਾਵਾ ਕਰਦੀਆਂ ਇਹ ਕਹਾਣੀਆਂ ਪੰਜਾਬੀ ਕਹਾਣੀ ਦੀ ਪਰਿਭਾਸ਼ਾ ਸਿਰਜਣ ਦੇ ਸਮਰੱਥ ਬਣੀਆਂ ਹਨ ਜਿਸ ਨੇ ਇਹ ਸਿੱਧ ਕੀਤਾ ਹੈ ਕਿ ਅਣਖੀ ਜਿਉਂਦਾ ਹੈ...

4 ਮਾਰਚ, 2018 — ***- ਕਰਾਂਤੀ ਪਾਲ***

# ਭਾਗ ਤੀਜਾ

# ਤਤਕਰਾ


| | | |
|---|---|---|
| 1. | ਪ੍ਰਸ਼ਨ ਚਿੰਨ੍ਹ | 13 |
| 2. | ਗੁੱਸੇ ਦਾ ਸਫ਼ਰ | 17 |
| 3. | ਕਿਲ੍ਹੇ ਨਾਲ ਬੰਨ੍ਹਿਆ ਆਦਮੀ | 23 |
| 4. | ਹਨੇਰਾ ਕਮਰਾ | 27 |
| 5. | ਜੇ ਕਿਤੇ... | 30 |
| 6. | ਇੱਕ ਢੇਰੀ ਮਿੱਟੀ ਦੀ | 35 |
| 7. | ਸ਼ੀਹਣੀਂ | 38 |
| 8. | ਮੈਂ ਦੋਸ਼ੀ ਨਹੀਂ ਹੋਵਾਂਗਾ | 43 |
| 9. | ਹਰੇ ਪਰਦੇ ਵਾਲਾ ਕਮਰਾ | 48 |
| 10. | ਆਪਣਾ ਦਰਦ | 51 |
| 11. | ਭੀੜ ਵਿੱਚ ਗੁਆਚਿਆ ਚਿਹਰਾ | 54 |
| 12. | ਚਿੱਥੜਾ | 57 |
| 13. | ਦੌੜ ਰਹੀ ਅੱਗ | 59 |
| 14. | ਇੰਤਜ਼ਾਰ | 62 |
| 15. | ਮਨੁੱਖ ਦੀ ਬੇਅਦਬੀ | 65 |
| 16. | ਰੋਜ਼ਗਾਰ | 70 |
| 17. | ਸਾਹਸ | 77 |
| 18. | ਸੁੱਚੀ ਕੁਲ | 82 |
| 19. | ਮਿੱਟੀ ਦੀ ਜ਼ਾਤ | 88 |
| 20. | ਸਾਂਝੀ ਖਿੜਕੀ | 96 |
| 21. | ਕਸਰ | 102 |
| 22. | ਖੰਘੂਰ | 106 |
| 23. | ਨਾ ਦੱਸਣ ਵਾਲਾ ਸੁੱਖ | 111 |
| 24. | ਜਾਇਦਾਦ | 115 |

25. ਮਾਂਘੂ 119
26. ਆਪਣਾ ਆਦਮੀ 124
27. ਵਸਾਖੀ ਵਾਲਾ ਪਿੰਡ 128
28. ਤੇ ਫੇਰ ਇੱਕ ਦਿਨ 139
29. ਗਜ਼ਬ ਸਾਈਂ ਦਾ 143
30. ਉਹ ਤਿੰਨ 146
31. ਇੱਕ ਕੁੜੀ ਤੇ ਕਵੀ 153
32. ਪੁਨਰਵਾਸ 160
33. ਸਮਝ ਨਹੀਂ 167
34. ਮੀਂਹ ਵਾਲੀ ਰਾਤ 179
35. ਕੰਧ ਵਿੱਚ ਉੱਗਿਆ ਦਰੱਖ਼ਤ 200
36. ਸੁੱਤਾ ਨਾਗ 206
37. ਮੁਹੱਬਤ ਦੀ ਮਿੱਟੀ 209
38. ਨਰਬਦਾ ਦੀਦੀ 213
39. ਅਧੂਰੀ ਬਹਿਸ ਦਾ ਜ਼ਹਿਰ 218

# ਪ੍ਰਸ਼ਨ ਚਿੰਨ੍ਹ

ਮੈਨੂੰ ਅੱਜ ਨੀਂਦ ਨਹੀਂ ਆ ਰਹੀ। ਕਦੇ ਇਸ ਬਾਹੀ ਨਾਲ ਹਿੱਕ ਘੁੱਟਦਾ ਹਾਂ, ਕਦੇ ਉਸ ਨਾਲ। ਜਲੰਧਰ ਰੇਡੀਓ ਕਦੋਂ ਦਾ 'ਜੈ ਹਿੰਦ' ਬੁਲਾ ਗਿਆ ਹੈ। ਲਾਹੌਰ ਵੀ ਨਹੀਂ ਬੋਲ ਰਿਹਾ। ਇੱਕ ਦੋ ਬਦੇਸ਼ੀ ਸਟੇਸ਼ਨ ਜਿਹੜੇ ਚੱਲ ਰਹੇ ਹਨ, ਉਨ੍ਹਾਂ ਦੀ ਮੈਨੂੰ ਸਮਝ ਨਹੀਂ ਆ ਰਹੀ। ਟੇਬਲ ਲੈਂਪ ਧੌਣ ਸੁੱਟੀ ਮੇਜ਼ਪੋਸ਼ ਦੀਆਂ ਡੱਬੀਆਂ ਗਿਣ ਰਿਹਾ ਹੈ। ਰੇਡੀਓ ਦੀ ਸਵਿੱਚ ਬੰਦ ਕਰਕੇ ਮੈਂ ਫਿਰ ਮੰਜੇ ਦੀ ਬਾਹੀ ਨਾਲ ਆਪਣੀ ਹਿੱਕ ਨੂੰ ਘੁੱਟ ਲੈਂਦਾ ਹਾਂ ਤੇ ਸੋਚਦਾ ਹਾਂ ਕਿ "ਉਹ ਕੌਣ ਸੀ?"

ਕਾਰਨਿਸ 'ਤੇ ਪਿਆ ਟਾਈਮਪੀਸ ਇਉਂ ਲੱਗਦਾ ਹੈ, ਜਿਵੇਂ ਅੱਜ ਉਸ ਦੀ 'ਟਿੱਕ ਟਿੱਕ' ਕੁਝ ਉੱਚੀ ਹੋ ਗਈ ਹੈ ਜਾਂ ਸ਼ਾਇਦ ਕਮਰੇ ਵਿਚ ਚੁੱਪ ਵਧ ਗਈ ਹੈ ਜਾਂ ਸ਼ਾਇਦ ਰਾਤ ਡੂੰਘੀਆਂ ਸੋਚਾਂ ਵਿਚ ਉਤਰ ਚੁੱਕੀ ਹੈ। "ਟਿੱਕ ਟਿੱਕ" "ਟਿੱਕ ਟਿੱਕ".... ਟਾਈਮਪੀਸ ਇੱਕੋ ਸਾਹ ਬੋਲ ਰਿਹਾ ਹੈ। "ਟਿੱਕ ਟਿੱਕ" ਤੋਂ ਬਿਨਾਂ ਇੱਕ ਆਵਾਜ਼ ਹੋਰ ਵੀ ਆ ਰਹੀ ਹੈ। ਉਹ ਆਵਾਜ਼ ਵੀ "ਟਿੱਕ ਟਿੱਕ" ਨਾਲ ਰਲਦੀ ਮਿਲਦੀ ਹੈ। ਇੱਕ ਖੂੰਜੇ ਵਿਚ ਉੱਪਰ ਥੱਲੇ ਪਏ ਦੋ ਟਰੱਕਾਂ 'ਤੇ ਇੱਕ ਅਟੈਚੀ ਕੇਸ ਖੁੱਲ੍ਹਾ ਪਿਆ ਹੈ। ਉਸ ਖੂੰਜੇ ਵੱਲ ਕਿਤੇ ਕਿਸੇ ਚੂਹੀ ਦੀ "ਟੁੱਕ ਟੁੱਕ" ਸੁਣਦੀ ਹੈ। ਸ਼ਾਇਦ ਡਬਲ ਰੋਟੀ ਦਾ ਕੋਈ ਪੀਸ ਉਸ ਦੇ ਅੜਿੱਕੇ ਆ ਗਿਆ ਹੈ ਜਾਂ ਸ਼ਾਇਦ ਉਸ ਨੇ ਮੇਰੀ ਨਵੀਂ ਜੁੱਤੀ ਨੂੰ ਹੀ ਵਾਢਾ ਧਰ ਲਿਆ ਹੋਵੇ। ਮੰਜੇ ਥੱਲੇ ਪਈਆਂ ਬਾਥਰੂਮ ਚੱਪਲਾਂ ਵਿਚੋਂ ਇੱਕ ਚੱਪਲ ਚੁੱਕਦਾ ਹਾਂ ਤੇ ਫ਼ਰਸ਼ 'ਤੇ ਦੋ ਤਿੰਨ ਵਾਰ ਉਸ ਨੂੰ ਮਾਰ ਕੇ ਖੜਕਾ ਕਰਦਾ ਹਾਂ ਤੇ ਮੂੰਹ ਨਾਲ ਕੋਈ ਆਵਾਜ਼ ਕੱਢਦਾ ਹਾਂ। ਚੂਹੀ ਦੀ "ਟੁੱਕ ਟੁੱਕ" ਬੰਦ ਹੋ ਜਾਂਦੀ ਹੈ। ਮੈਨੂੰ ਨੀਂਦ ਨਹੀਂ ਆ ਰਹੀ। ਟੇਬਲ ਲੈਂਪ ਦੀ ਸਵਿੱਚ ਬੰਦ ਦਿੰਦਾ ਹਾਂ। ਮੰਜੇ ਦੀ ਦੂਜੀ ਬਾਹੀ ਨਾਲ ਘੁੱਟ ਲੈਂਦਾ ਹਾਂ। ਆਪਣੇ ਦਿਮਾਗ਼ ਵਿਚੋਂ ਸਾਰੀਆਂ ਸੋਚਾਂ ਛੰਡ ਕੇ ਮੈਂ ਸੌਂ ਜਾਣਾ ਚਾਹੁੰਦਾ ਹਾਂ, ਪਰ ਨੀਂਦ ਨਹੀਂ ਆ ਰਹੀ। ਨੀਂਦ ਜਿਵੇਂ ਖੰਭ ਲਾ ਕੇ ਦੂਰ ਕਿਤੇ ਦਰਖ਼ਤਾਂ ਦੀਆਂ ਟਹਿਣੀਆਂ 'ਤੇ ਜਾ ਬੈਠੀ ਹੈ। ਇੱਕੋ ਸਵਾਲ ਜਿਸ ਨੇ ਮੇਰੇ ਦਿਮਾਗ਼ ਵਿਚ ਚੱਕਰ ਬੰਨ੍ਹਿਆ ਹੋਇਆ ਹੈ, ਉਹ ਇਹ ਹੈ ਕਿ "ਉਹ ਸੀ ਕੌਣ?"

ਅੱਜ ਦੋ ਕੁ ਵਜੇ ਚਾਹ ਪੀਣ ਜਦ ਮੈਂ 'ਕੈਫਟੇਰੀਆ' ਵੱਲ ਗਿਆ ਸਾਂ। ਦਰਵਾਜ਼ਿਓਂ ਅੰਦਰ ਖੂੰਜੇ ਪਈ ਇੱਕ ਟੇਬਲ 'ਤੇ ਝੁਕਿਆ ਸਾਂ ਤੇ ਫਿਰ ਸਾਰੇ ਕੈਫਟੇਰੀਆ ਵਿਚ ਨਿਗਾਹ ਘੁਮਾਈ ਸੀ ਤਾਂ ਦੇਖਿਆ ਸੀ ਕਿ ਕੰਦਲਾ ਵਿਚਕਾਰਲੇ ਥਮਲੇ ਕੋਲ ਟੇਬਲ 'ਤੇ ਖੱਬੀ ਬਾਂਹ ਪਸਾਰੀ ਕੌਫ਼ੀ ਦੀਆਂ ਚੁਸਕੀਆਂ ਲੈ ਰਹੀ ਸੀ। ਉਸ ਨੂੰ ਦੇਖ ਕੇ ਮੇਰੀਆਂ

ਅੱਖਾਂ ਵਿਚ ਚਮਕ ਆ ਗਈ ਸੀ। ਚਾਹੁੰਦਾ ਸਾਂ, ਉੱਠ ਕੇ ਉਸ ਕੋਲ ਚਲਿਆ ਜਾਵਾਂ, ਪਰ ਨਹੀਂ, ਮੈਂ ਉੱਠਿਆ ਨਹੀਂ। ਉੱਥੇ ਹੀ ਬਹਿਰੇ ਤੋਂ ਚਾਹ ਦਾ ਇੱਕ ਪਿਆਲਾ ਮੰਗਵਾਇਆ ਤੇ ਪੀਣ ਲੱਗਿਆ। ਕੈਫਟੇਰੀਆ-ਦੁੱਧ ਪੀਓ, ਚਾਹ ਪੀਓ, ਲੱਸੀ, ਕੋਕਾ ਕੋਲਾ, ਸ਼ਰਬਤ ਤੇ ਭਾਵੇਂ ਨਿਰਾ ਪਾਣੀ ਪੀ ਕੇ ਉੱਠ ਖੜ੍ਹੋ।

ਮੈਂ ਤੇ ਕੰਦਲਾ ਇੱਕੋ ਦਫ਼ਤਰ ਵਿਚ ਕੰਮ ਕਰਦੇ ਹਾਂ। ਉਹ ਟਾਈਪਿਸਟ ਹੈ ਤੇ ਮੈਥੋਂ ਚੌਥੇ ਕਮਰੇ ਵਿਚ ਬੈਠਦੀ ਹੈ। ਬਹੁਤੀ ਵਾਰ ਅਸੀਂ ਇਕੱਠੇ ਹੀ ਚਾਹ ਪੀਂਦੇ ਹਾਂ, ਇਕੱਠੇ ਹੀ ਕੌਫ਼ੀ ਪੀਂਦੇ ਹਾਂ ਤੇ ਇਕੱਠੇ ਹੀ ਦੁਪਹਿਰ ਦੀ ਰੋਟੀ ਖਾਂਦੇ ਹਾਂ। ਸਾਡੇ ਵਿਚ ਖੁੱਲ੍ਹ ਬਹੁਤ ਹੀ ਵਧ ਚੁੱਕੀ ਹੈ। ਉਸ ਨੇ ਕਈ ਵਾਰ ਮੈਥੋਂ ਪੁੱਛਿਆ ਹੈ ਮੈਨੂੰ ਉਸ ਦੇ ਸਰੀਰ ਦਾ ਕਿਹੜਾ ਹਿੱਸਾ ਚੰਗਾ ਲੱਗਦਾ ਹੈ-ਨੱਕ, ਦੰਦ, ਅੱਖਾਂ, ਹਿੱਕ, ਬਾਹਾਂ ਜਾਂ ਪੈਰਾਂ ਦੀਆਂ ਉਂਗਲੀਆਂ? ਜਾਂ ਹੱਡੀਆਂ? ਮੈਂ ਕਹਿੰਦਾ ਹਾਂ, "ਮੈਨੂੰ ਤੇਰੀਆਂ ਬੇਵਕੂਫ਼ ਗੱਲਾਂ ਚੰਗੀਆਂ ਲਗਦੀਆਂ ਨੇ।" ਮੇਰੀ ਗੱਲ ਨੂੰ ਅਣਸੁਣੀ ਕਰਕੇ ਉਹ ਕਹਿੰਦੀ ਹੈ ਕਿ ਸਰੀਰ ਦੇ ਸਾਰੇ ਹਿੱਸਿਆਂ ਨਾਲੋਂ ਸੁਹਣਾ ਹਿੱਸਾ ਮੇਰੇ 'ਪੱਟ' ਹਨ। ਤੇ ਫਿਰ ਉਹ ਆਪਣੀਆਂ ਮੋਟੀਆਂ ਮੋਟੀਆਂ ਅੱਖਾਂ ਛੋਟੀਆਂ ਕਰਕੇ ਸਰੂਰ ਵਿਚ ਆ ਦੱਸਦੀ ਹੈ, "ਮੇਰੇ 'ਪੱਟ' ਬਹੁਤ ਸ਼ਾਨਦਾਰ ਨੇ।"

ਕਈ ਵਾਰ ਜਦ ਅਸੀਂ ਇਕੱਲ ਵਿਚ ਮਿਲਦੇ ਹਾਂ ਤਾਂ ਉਹ ਆਪ ਹੀ ਮੇਰਾ ਹੱਥ ਫੜ ਕੇ ਮੇਰੀ ਬਾਂਹ ਆਪਣੇ ਲੱਕ ਦੁਆਲੇ ਲਪੇਟ ਲੈਂਦੀ ਹੈ ਤੇ ਕਹਿੰਦੀ ਹੈ, "ਘੁੱਟ ਦੇ ਜ਼ਰਾ।"

ਹਾਂ, ਅੱਜ ਦੁਪਹਿਰੇ ਕੈਫਟੇਰੀਆਂ ਵਿਚ ਮੇਜ਼ 'ਤੇ ਬਾਂਹ ਪਸਾਰੀ ਜਦ ਉਹ ਕੌਫ਼ੀ ਪੀ ਰਹੀ ਸੀ ਤਾਂ ਉਸ ਦਾ ਧਿਆਨ ਮੇਰੇ ਵੱਲ ਬਿਲਕੁਲ ਨਹੀਂ ਸੀ ਹੋਇਆ। ਧਿਆਨ ਹੁੰਦਾ ਤਾਂ ਉਹ ਮੈਨੂੰ ਆਪਣੇ ਕੋਲ ਨਾ ਬੁਲਾ ਲੈਂਦੀ? ਜਾਂ ਮੇਰੇ ਕੋਲ ਆਪ ਹੀ ਆ ਜਾਂਦੀ? ਚਾਹ ਦਾ ਪਿਆਲਾ ਜਦ ਹੀ ਮੇਰੇ ਬੁੱਲ੍ਹਾਂ ਨਾਲੋਂ ਹਟਦਾ, ਮੈਂ ਕੰਦਲਾ ਵੱਲ ਟਿਕਟਿਕੀ ਬੰਨ੍ਹ ਲੈਂਦਾ। ਉਸ ਦਾ ਸਰੀਰ ਪੂਰੇ ਦਾ ਪੂਰਾ ਮੇਰੇ ਜ਼ਿਹਨ ਵਿਚ ਉਤਰ ਗਿਆ ਸੀ। ਉਸ ਨੂੰ ਇਸ ਤਰ੍ਹਾਂ ਵੇਖ ਕੇ ਮੈਂ ਕੋਈ ਮਸਤੀ ਜਿਹੀ ਮਹਿਸੂਸ ਕਰ ਰਿਹਾ ਸਾਂ।

ਮੈਂ ਮਨ ਬਣਾਇਆ ਕਿ ਚਾਹ ਦੇ ਪਿਆਲੇ ਵਿਚਲੀਆਂ ਆਖ਼ਰੀ ਦੋ ਘੁੱਟਾਂ ਮੁਕਾ ਕੇ ਹੁਣੇ ਕੰਦਲਾ ਕੋਲ ਜਾਂਦਾ ਹਾਂ ਤੇ ਜਾ ਕੇ ਉਸ ਦੇ ਮੋਢੇ ਨੂੰ ਥਪਕਦਾ ਹਾਂ।

ਇੱਕ ਮੁੰਡਾ ਮੂੰਹ ਨਾਲ ਵਿਸਲਾਂ ਵਜਾਉਂਦਾ ਕੈਫਟੇਰੀਆ ਦੇ ਗੇਟ ਅੰਦਰ ਦਾਖ਼ਲ ਹੋਇਆ ਤੇ ਸਿੱਧਾ ਕੰਦਲਾ ਦੇ ਮੇਜ਼ ਵੱਲ ਹੋ ਪਿਆ।

ਗਲ਼ ਵਿਚ ਡੱਬੀਦਾਰ ਬੁਸ਼ਰਟ, ਪੱਟਾਂ ਨਾਲ ਸੂਤਵੀਂ ਸਫ਼ੈਦ ਪੈਂਟ। ਸਿਰ 'ਤੇ ਅੱਧਾ ਅੱਧਾ ਇੰਚ ਵਾਲ, ਸੇਹ ਦੇ ਤਕਲਿਆਂ ਵਾਂਗ ਖੜ੍ਹੇ ਸਨ। ਉਹ ਕੰਦਲਾ ਦੇ ਮੇਜ਼ ਕੋਲ ਗਿਆ। ਮੇਜ਼ 'ਤੇ ਲੰਮੀ ਪਈ ਕੰਦਲਾ ਦੀ ਬਾਂਹ 'ਤੇ ਪੋਲਾ ਜਿਹਾ ਪੁੱਠੇ ਹੱਥ ਦਾ ਥੱਪੜ ਟਿਕਾਇਆ। ਕੰਦਲਾ ਧੰਦਕ ਜਿਹੀ ਗਈ ਤੇ ਇਕਦਮ ਕੁਰਸੀ 'ਤੇ ਸਿੱਧੀ ਹੋ ਕੇ ਬੈਠ ਗਈ। ਇੱਕ ਲੰਮਾ ਸਾਹ ਸ਼ਾਇਦ ਉਸ ਨੇ ਆਪਣੇ ਅੰਦਰ ਖਿੱਚਿਆ ਸੀ। ਬੁੱਲ੍ਹਾਂ 'ਤੇ ਨਿੰਮੀ ਜਿਹੀ ਮੁਸਕਰਾਹਟ ਲਿਆਂਦੀ ਸੀ ਤੇ ਉਸ ਮੁੰਡੇ ਨੂੰ ਕੁਝ ਕਿਹਾ ਸੀ। ਮੁੰਡੇ ਨੇ ਕੰਦਲਾ ਦੇ ਜੂਠੇ ਪਿਆਲੇ ਵਿਚੋਂ ਇੱਕ ਘੁੱਟ ਭਰੀ ਸੀ ਤੇ ਅੱਗੇ ਨੂੰ ਚਲਿਆ ਗਿਆ ਸੀ। ਜਾ ਕੇ ਕਿਸੇ ਹੋਰ ਮੇਜ਼ 'ਤੇ ਬੈਠ ਗਿਆ ਸੀ। ਮੇਰੇ ਮਨ ਵਿਚ ਇੱਕ ਖਲਬਲੀ ਜਿਹੀ ਮੱਚ

ਉੱਠੀ। ਇੱਕ ਨਫ਼ਰਤ ਜਿਹੀ ਦਾ ਧੂੰਆਂ ਮੇਰੇ ਦਿਮਾਗ਼ ਵਿਚੋਂ ਉੱਠਣ ਲੱਗਿਆ। ਮੁੜ੍ਹਕੇ ਦੀ ਇਕ ਸਿੱਲ੍ਹ ਜਿਹੀ ਮੇਰੇ ਮੱਥੇ ’ਤੇ ਜੰਮ ਗਈ। ਹੁਣ ਕੰਦਲਾ ਮੇਰੇ ਵੱਲ ਝਾਕ ਰਹੀ ਸੀ। ਉਸ ਦੇ ਬੁੱਲ੍ਹਾਂ ’ਤੇ ਇੱਕ ਥੱਕੀ ਜਿਹੀ ਮੁਸਕਾਣ ਸੀ। ਮੇਰੀ ਨਿਗਾਹ ਕੰਦਲਾ ਵੱਲ ਨਹੀਂ, ਉਸ ਮੁੰਡੇ ’ਤੇ ਸੀ ਕਿ ਉਹ ਕੌਣ ਹੈ, ਜੋ ਇਸ ਤਰ੍ਹਾਂ ਨਾਲ ਕੰਦਲਾ ਦੇ ਨੇੜੇ ਹੈ। ਮੈਂ ਉੱਠਿਆ ਨਹੀਂ ਤੇ ਕੰਦਲਾ ਆਪ ਹੀ ਉੱਠ ਕੇ ਮੇਰੇ ਕੋਲ ਆ ਗਈ ਸੀ। ਇੱਕ ਝੂਠੀ ਜਿਹੀ ਮੁਸਕਾਣ ਆਪਣੇ ਖੁਸ਼ਕ ਬੁੱਲ੍ਹਾਂ ’ਤੇ ਲਿਆ ਕੇ ਮੈਂ ਉਸ ਦੀ ਥੱਕੀ ਹੋਈ ਮੁਸਕਾਣ ਦਾ ਉੱਤਰ ਦਿੱਤਾ। ਮੇਰੀਆਂ ਅੱਖਾਂ ਵਿਚੋਂ ਇੱਕ ਹੈਰਾਨੀ ਜਿਹੀ ਪੜ੍ਹ ਕੇ ਉਹ ਬੋਲੀ, “ਤੇਰੀਆਂ ਅੱਖਾਂ ਓਪਰੀਆਂ ਕਿਉਂ ਨੇ ਅੱਜ?” ਮੈਂ ਉਸ ਦਾ ਸਵਾਲ ਅਣਸੁਣਿਆ ਕਰਕੇ ਕਿਹਾ, “ਕੈਫੇ ਵਾਲੇ ਚਾਹ ਵਿਚ ਖੰਡ ਬੜੀ ਪਾਉਂਦੇ ਨੇ।”

“ਅੱਛਾ, ਦੱਸ ਫੇਰ ਮੇਰੇ ਡੈਡੀ ਨੂੰ ਕਦ ਮਿਲਣਾ ਏ?” ਉਸ ਦੇ ਸੱਜੇ ਪੈਰ ਦੀਆਂ ਉਂਗਲਾਂ ਮੇਜ਼ ਥੱਲੇ ਮੇਰੇ ਖੱਬੇ ਪੈਰ ਦੀ ਛੱਤ ਨਾਲ ਖੇਡ ਰਹੀਆਂ ਸਨ।

“ਪਹਿਲਾਂ ਆਪਣੇ ਪਿਤਾ ਜੀ ਨੂੰ ਤਾਂ ਪੁੱਛ ਲਵਾਂ?” ਮੈਂ ਕਿਹਾ ਤੇ ਉਸ ਨੇ ਆਪਣਾ ਚਿਹਰਾ ਫਿਰ ਲਮਕਾ ਲਿਆ। ਮੈਂ ਆਪਣੀਆਂ ਹਥੇਲੀਆਂ ਨਾਲ ਅੱਖਾਂ ਮਲੀਆਂ। ਕੁਝ ਦੇਰ ਚੁੱਪ ਰਹਿ ਕੇ ਉਸ ਤੋਂ ਮੈਂ ਪੁੱਛਿਆ, “ਤੂੰ ਅੱਜ ਢਿੱਲੀ ਜੀ ਕਿਉਂ ਲਗਦੀ ਐਂ?” ਮੈਨੂੰ ‘ਕੋਰਸ’ ਏ। ਜਿਨ੍ਹਾਂ ਦਿਨਾਂ ’ਚ ਕੋਰਸ ਹੋਵੇ, ਮੈਂ ਢਿੱਲੀ ਢਿੱਲੀ ਰਹਿਨੀ ਆ। ਅੱਜ ਤਾਂ ਕੌਫ਼ੀ ਵੀ ਇਸ ਤਰ੍ਹਾਂ ਲਗੀ ਏ, ਜਿਵੇਂ ਘਾਹ ਫੂਸ ਉਬਾਲ ਪੀਤਾ ਹੋਵੇ।” ਉਸ ਨੇ ਇਸ ਤਰ੍ਹਾਂ ਦੱਸਿਆ ਸੀ, ਜਿਵੇਂ ਕੋਈ ਪਤਨੀ ਦਸਦੀ ਹੋਵੇ। ਮੈਨੂੰ ਉਸ ਦੀਆਂ ਗੱਲਾਂ ਵਿਚ ਕੋਈ ਦਿਲਚਸਪੀ ਨਹੀਂ ਸੀ। ਮੇਰੇ ਦਿਮਾਗ ਵਿਚ ਤਾਂ ਉਸ ਸਮੇਂ ਇੱਕੋ ਸਵਾਲ ਘੁੰਮ ਰਿਹਾ ਸੀ ਕਿ ਉਹ ਮੁੰਡਾ ਕੌਣ ਹੈ? ਕੰਦਲਾ ਕੋਲੋਂ ਹੀ ਇਹ ਗੱਲ ਪੁੱਛਣ ਦੀ ਮੈਨੂੰ ਜਕ ਜਿਹੀ ਪੈ ਗਈ ਸੀ। ਮੇਰੇ ਬੁੱਲ੍ਹਾਂ ਨੂੰ ਜਿੰਦਾ ਜਿਹਾ ਕਿਉਂ ਲੱਗ ਗਿਆ ਸੀ। ਮੈਂ ਤੇ ਕੰਦਲਾ ਜਦ ਇੱਕੋ ਮੇਜ਼ ’ਤੇ ਬੈਠੇ ਸਾਂ ਤਾਂ ਉਹ ਮੁੰਡਾ ਚੁੱਪ ਕਰਕੇ ਕਣੱਖਾ ਝਾਕਦਾ ਸਾਡੇ ਕੋਲ ਦੀ ਲੰਘ ਗਿਆ ਸੀ। ਜਦ ਤਾਈਂ ਉਹ ਗੇਟ ਨਹੀਂ ਲੰਘ ਗਿਆ, ਉਦੋਂ ਤੱਕ ਮੇਰੀਆਂ ਨਜ਼ਰਾਂ ਉਸ ਦੀ ਗਰਦਨ ’ਤੇ ਟਿਕੀਆਂ ਰਹੀਆਂ ਸਨ। ਉਸੇ ਸਮੇਂ ਚਾਰ ਸਟੈਨੋ ਕੁੜੀਆਂ ਅੰਦਰ ਆਈਆਂ ਸਨ। ਚਿੜੀਆਂ ਵਾਂਗ ਲੋਟ ਪੋਟ ਹੁੰਦੀਆਂ, ਚਹਿਕਦੀਆਂ। ਨਿੱਕਾ ਨਿੱਕਾ ਬੋਲਦੀਆਂ, ਟੁਣਕਦੀਆਂ। ਘੁੱਟਵੀਆਂ ਪਜਾਮੀਆਂ, ਸੂਤਵੀਆਂ ਕਮੀਜ਼ਾਂ, ਹਿੱਕਾਂ ਦੇ ਉਭਾਰ, ਮੋਢਿਆਂ ਅਤੇ ਪਿੱਠ ਦੇ ਉਭਾਰ, ਪੱਟਾਂ ਤੇ ਪਿੰਜਣੀਆਂ ਦੇ ਉਭਾਰ, ਜਿਵੇਂ ਗੇਂਦਾਂ ਕੱਪੜਿਆਂ ਹੇਠਾਂ ਛੁਪਾ ਰੱਖੀਆਂ ਹੋਣ। ਸਾਰੇ ਕੈਫਟੇਰੀਆ ਵਿਚ ਅੱਖਾਂ ਦੇ ਗੀਠੇ ਘੁੰਮਾਉਂਦੀਆਂ ਉਹ ਪਰਲੇ ਸਿਰੇ ਇੱਕ ਮੇਜ਼ ’ਤੇ ਜਾ ਝੁਕੀਆਂ ਸਨ। ਮੇਰੀ ਨਿਗਾਹ ਕੰਦਲਾ ਦੇ ਮੱਥੇ ਉੱਤੇ ਆ ਟਿਕੀ ਸੀ। ਮੈਂ ਉਸ ਨੂੰ ਆਖਿਆ ਸੀ, “ਕੰਦ, ਅੱਜ ਮੇਰੀ ਤਬੀਅਤ ਠੀਕ ਨਹੀਂ...।” ਉੱਥੋਂ ਉੱਠ ਕੇ ਫਿਰ ਅਸੀਂ ਦਫ਼ਤਰ ਨੂੰ ਆਪਣੀਆਂ ਸੀਟਾਂ ਵੱਲ ਚਲੇ ਗਏ ਸਾਂ। ਮੇਰਾ ਮਨ ਕੰਮ ਵਿਚ ਬਿਲਕੁੱਲ ਨਹੀਂ ਸੀ ਲੱਗਿਆ।

ਹੁਣ ਰਾਤ ਜਦੋਂ ਕਿ ਐਨੀ ਲੰਘ ਚੁੱਕੀ ਹੈ, ਮੈਨੂੰ ਨੀਂਦ ਨਹੀਂ ਆ ਰਹੀ। ਮੈਂ ਕੁਝ ਵੀ ਨਹੀਂ ਸੋਚ ਰਿਹਾ। “ਉਹ ਕੌਣ ਸੀ?” ਦੇ ਸ਼ਬਦਾਂ ਤੋਂ ਬਿਨਾਂ ਮੇਰੇ ਦਿਮਾਗ਼ ਵਿਚ ਕੋਈ ਵੀ ਗੱਲ ਅੱਗੇ ਨਹੀਂ ਤੁਰ ਰਹੀ। ਮੈਂ ਆਪਣੀਆਂ ਅੱਖਾਂ ਹਨੇਰੇ ਵਿਚ ਝਪਕਦਾ ਹਾਂ,

ਪਰ ਵਿਅਰਥ। ਮੈਂ ਆਪਣਾ ਮਨ ਕਿਸੇ ਪਾਸੇ ਲਾਉਣਾ ਚਾਹੁੰਦਾ ਹਾਂ, ਪਰ ਮਨ ਹੈ ਕਿ ਕਿਸੇ ਥਾਂ ਵੀ ਨਹੀਂ ਟਿਕ ਰਿਹਾ। ਕੋਈ ਗੱਲ ਨਹੀਂ ਸੁੱਝ ਰਹੀ। ਕੋਈ ਬੋਲ ਨਹੀਂ ਸੁਣ ਰਿਹਾ। ਟਾਈਮਪੀਸ ਦੀ "ਟਿੱਕ ਟਿੱਕ।" ਚੂਹੀ ਦੀ "ਟੂੱਕ ਟੂੱਕ" ਪਤਾ ਨਹੀਂ ਕਿੱਧਰ ਗਈ। ਦੂਰ ਕਿਤੇ ਕੋਈ ਕੁੱਤਾ ਭੌਂਕ ਰਿਹਾ ਹੈ। ਉਸ ਦੇ ਭੌਂਕਣ ਦਾ ਅਰਥ?

ਇਸ ਕੁੜੀ ਦਾ ਖਹਿੜਾ ਛੱਡ ਦਿਆਂ? ਨਹੀਂ, ਫਿਰ ਉਹ ਕੌਣ ਸੀ।

ਦੂਜੇ ਦਿਨ ਮੈਂ ਦਫ਼ਤਰ ਜਾਂਦਾ ਹਾਂ। ਮੇਰੀਆਂ ਅੱਖਾਂ ਵਿਚ ਰੋੜ ਚੁਭ ਰਹੇ ਹਨ। ਮੈਂ ਸਾਰਾ ਦਿਨ ਦਫ਼ਤਰ ਦਾ ਕੰਮ ਕਰਦਾ ਤਾਂ ਹਾਂ, ਪਰ ਦਿਲ ਲਾ ਕੇ ਨਹੀਂ, ਮੇਰਾ ਮਨ ਉਖੜਿਆ ਹੋਇਆ ਹੈ। ਮੈਂ ਕੈਫਟੇਰੀਆ ਵਿਚ ਚਾਹ ਪੀਣ ਨਹੀਂ ਜਾਂਦਾ। ਦੁਪਹਿਰ ਦੀ ਰੋਟੀ ਮੈਂ ਅੱਜ ਲੈ ਕੇ ਨਹੀਂ ਆਇਆ। ਕੰਦਲਾ ਦੁਪਹਿਰੇ ਮੇਰੇ ਕਮਰੇ ਵਿਚ ਆਈ ਤੇ ਆਪਣੇ ਡੱਬੇ ਵਿਚੋਂ ਰੋਟੀ ਦੀਆਂ ਦੋ ਬੁਰਕੀਆਂ ਲਵਾਉਣ ਲਈ ਮੈਨੂੰ ਕਾਮਨ ਰੂਮ ਵਿਚ ਲੈ ਗਈ ਹੈ। ਪਿਛਲੇ ਪਹਿਰ ਆਈ ਹੈ। ਦੋ ਕੱਪ ਚਾਹ ਮੰਗਵਾਈ ਹੈ ਤੇ ਅਸੀਂ ਕਾਮਨ ਰੂਮ ਵਿਚ ਬਹਿ ਕੇ ਚਾਹ ਪੀ ਲਈ ਹੈ। ਉਸ ਨੇ ਪੀ ਲਈ ਹੈ ਮੈਂ ਸੜ੍ਹਾਂਕ ਲਈ ਹੈ।

ਸ਼ਾਮ ਨੂੰ ਉਹ ਮੈਨੂੰ ਆਪਣੇ ਡੈਡੀ ਕੋਲ ਲੈ ਜਾਂਦੀ ਹੈ। ਡੈਡੀ ਉਸ ਦੀ ਮੰਮੀ ਨਾਲ ਚੈੱਸ ਖੇਡ ਰਿਹਾ ਹੈ ਤੇ ਹੁੱਕਾ ਪੀ ਰਿਹਾ ਹੈ। ਮੈਂ ਹੈਰਾਨ ਹਾਂ। ਮੇਰੇ ਚਿਹਰੇ 'ਤੇ ਹੈਰਾਨੀ ਤੇ ਮੁਸਕਰਾਟ ਦਾ ਮਿਲਵਾਂ ਰੰਗ ਖਿੜਦਾ ਹੈ, ਓਹੀ ਮੁੰਡਾ ਮੈਨੂੰ ਉੱਥੋਂ ਮਿਲਦਾ ਹੈ ਤੇ ਸਾਡੇ ਨਾਲ ਚਾਹ ਵਿਚ ਸ਼ਾਮਲ ਹੁੰਦਾ ਹੈ। ਉਹ ਮੇਰਾ ਕਿੰਨਾ ਸਤਿਕਾਰ ਕਰ ਰਿਹਾ ਹੈ। ਉਹ ਕੌਣ ਹੈ? ਕੰਦਲਾ ਦਾ ਭਾਈ? ਸ਼ਾਇਦ ਨਹੀਂ ਗਵਾਂਢ ਵਿਚੋਂ ਕੋਈ? ਉਸ ਬਾਰੇ ਮੈਂ ਕਿਸੇ ਤੋਂ ਕੁਝ ਨਹੀਂ ਪੁੱਛ ਰਿਹਾ। ♦

# ਗੁੱਸੇ ਦਾ ਸਫ਼ਰ

"ਵੀਹ ਵਾਰੀ ਆਖਿਐ, ਮਿੱਠਾ ਘੱਟ ਪਾਇਆ ਕਰ" ਤੇ ਉਹ ਚਾਹ ਦਾ ਭਰਿਆ ਗਲਾਸ ਵਗਾਹ ਕੇ ਪੱਕੀ ਕੰਧ ਨਾਲ ਮਾਰਦਾ ਹੈ। ਗਲਾਸ ਟੁਕੜੇ ਟੁਕੜੇ ਹੋ ਜਾਂਦਾ ਹੈ। ਸ਼ੀਸ਼ੇ ਦੀ ਇੱਕ ਵੱਡੀ ਠੀਕਰੀ ਉਸ ਦੀ ਪਤਨੀ ਦੇ ਮੱਥੇ ਵਿਚ ਆ ਵਜਦੀ ਹੈ। ਪਤਨੀ ਮੱਥਾ ਘੁੱਟ ਕੇ ਥਾਂ ਦੀ ਥਾਂ ਬੈਠ ਜਾਂਦੀ ਹੈ। ਮੱਥੇ ਵਿਚੋਂ ਲਹੂ ਦੇ ਤੁਪਕੇ ਡਿੱਗਦੇ ਹਨ ਤੇ ਚੱਪਾ ਸਾਰੀ ਧਰਤੀ ਚਰਗਲ ਹੋ ਜਾਂਦੀ ਹੈ। ਉਹ ਉੱਠਦੀ ਹੈ ਤੇ ਦੂਜੇ ਕਮਰੇ ਵਿਚ ਚਲੀ ਜਾਂਦੀ ਹੈ। ਇੱਕ ਪੁਰਾਣੀ ਚਿੱਟੀ ਲੀਰ ਲੈ ਕੇ ਮੱਥੇ 'ਤੇ ਪਾਣੀ ਪੱਟੀ ਬੰਨ੍ਹ ਲੈਂਦੀ ਹੈ। ਲੀਰ 'ਤੋਂ ਦੀ ਸਿਮਿਆ ਲਹੂ ਦਿੱਸਦਾ ਹੈ, ਪਰ ਉਂਝ ਮੱਥੇ ਵਿਚੋਂ ਵਗਣਾ ਬੰਦ ਹੋ ਜਾਂਦਾ ਹੈ। ਰਸੋਈ ਵਿਚੋਂ ਭਾਂਡੇ ਮਾਂਜਣ ਵਾਲੀ ਸੁਆਹ ਦੀ ਮੁੱਠੀ ਭਰਦੀ ਹੈ ਤੇ ਬੈਠਕ ਵਿਚ ਆ ਕੇ ਲਹੂ ਵਾਲੇ ਥਾਂ 'ਤੇ ਬਰੂਰ ਦਿੰਦੀ ਹੈ ਤੇ ਫਿਰ ਦੂਜੇ ਕਮਰੇ ਵਿਚ ਇੱਕ ਛੋਟੀ ਜਿਹੀ ਮੰਜੀ 'ਤੇ ਹਿੱਕ ਵਿਚ ਗੋਡੇ ਦੇ ਕੇ ਪੈ ਜਾਂਦੀ ਹੈ। ਉਸ ਦਾ ਗੋਦੀ ਵਾਲਾ ਜਵਾਕ ਠੁੱਸ ਠੁੱਸ ਕਰਦਾ ਆਉਂਦਾ ਹੈ ਤੇ ਉਸ ਦੀ ਬੁੱਕਲ ਵਿਚ ਵੜ ਕੇ ਦੁੱਧ ਚੁੰਘਣ ਲੱਗ ਪੈਂਦਾ ਹੈ।

ਬਲਦੇਵ ਨੂੰ ਕੋਈ ਪਤਾ ਨਹੀਂ ਕਿ ਉਸਦੀ ਪਤਨੀ ਦੇ ਮੱਥੇ ਵਿਚ ਕੁਝ ਵੱਜਿਆ ਹੈ ਅਤੇ ਲਹੂ ਨਿਕਲ ਆਇਆ ਹੈ। ਉਹ ਕਦੋਂ ਦੀ ਸੁਆਹ ਦੀ ਮੁੱਠੀ ਲਹੂ ਵਾਲੇ ਥਾਂ 'ਤੇ ਬਰੂਰ ਗਈ ਹੈ। ਕਦੋਂ ਦੂਜੇ ਕਮਰੇ ਵਿਚ ਮੰਜੀ 'ਤੇ ਜਾ ਡਿੱਗੀ ਹੈ। ਕੰਧ ਨਾਲ ਗਲਾਸ ਮਾਰਨ ਸਾਰ ਉਹ ਤਾਂ ਪਿੱਠ ਕਰਕੇ ਮੰਜੇ ਦੀ ਬਾਹੀ ਨਾਲ ਚਿੰਬੜ ਗਿਆ ਸੀ ਤੇ ਖੂਜੇ ਵਿਚ ਮੂੰਹ ਦੇ ਲਿਆ ਸੀ। ਉਸ ਦੇ ਦਿਮਾਗ਼ ਵਿਚ ਗੁੱਸਾ ਦਲੀਏ ਵਾਂਗ ਰਿੱਝ ਰਿਹਾ ਸੀ।

ਉਹ ਬੀ. ਏ. ਹੈ ਤੇ ਚੰਗੀ ਸਰਕਾਰੀ ਨੌਕਰੀ 'ਤੇ ਲੱਗਿਆ ਹੋਇਆ ਹੈ। ਉਸ ਨੂੰ ਤਨਖ਼ਾਹ ਵਾਹਵਾ ਮਿਲ ਜਾਂਦੀ ਹੈ। ਜਿਸ ਸ਼ਹਿਰ ਵਿਚ ਉਹ ਨੌਕਰੀ ਕਰਦਾ ਹੈ, ਉਹ ਉਸ ਦੇ ਪਿੰਡ ਤੋਂ ਥੋੜ੍ਹੀ ਦੂਰ ਹੀ ਹੈ। ਉਹ ਨਿੱਤ ਬੱਸ 'ਤੇ ਉੱਥੋਂ ਆ ਜਾ ਸਕਦਾ ਹੈ।

ਉਹ ਇੱਕ ਕਵੀ ਹੈ। ਉਸ ਦੇ ਖਿਆਲ ਬੜੇ ਸੂਖ਼ਮ ਹਨ। ਘਰ ਦੀ ਕਬੀਲਦਾਰੀ ਦੀ ਉਸ ਨੂੰ ਕੋਈ ਪ੍ਰਵਾਹ ਨਹੀਂ। ਤਨਖ਼ਾਹ ਆਉਂਦੀ ਹੈ ਤੇ ਉਹ ਸਾਰੀ ਦੀ ਸਾਰੀ ਲਿਆ ਕੇ ਪਤਨੀ ਨੂੰ ਫੜਾ ਦਿੰਦਾ ਹੈ। ਘਰ ਦਾ ਖਾਣ ਪੀਣ, ਪਹਿਨਣ ਤੇ ਹੋਰ ਖ਼ਰਚਾਂ ਦਾ ਫਿਕਰ ਉਸ ਦੀ ਪਤਨੀ ਨੂੰ ਹੀ ਹੈ।

ਉਸ ਦਾ ਪਿਓ ਅੱਸੀ ਸਾਲਾਂ ਨੂੰ ਟੱਪ ਚੱਲਿਆ ਹੈ ਤੇ ਉਸ ਨੂੰ ਸਾਹ ਦੀ ਕਸਰ ਰਹਿੰਦੀ ਹੈ। ਵੀਹ ਸਾਲ ਉਹ ਫ਼ੀਮ ਖਾਂਦਾ ਰਿਹਾ ਸੀ ਤੇ ਸ਼ਰਾਬ ਪੀਂਦਾ ਰਿਹਾ ਸੀ। ਫ਼ੀਮ ਛੱਡੀ ਤੇ ਫਿਰ ਸਾਹ ਦੀ ਬਿਮਾਰੀ ਸਹੇੜ ਲਈ। ਸ਼ਰਾਬ ਤਾਂ ਹੁਣ ਵੀ ਉਹ ਕਦੇ ਕਦੇ ਪੀ

ਲੈਂਦਾ ਹੈ। ਹੱਥ ਪੈਰ ਮਚਦੇ ਰਹਿੰਦੇ ਹਨ। ਕਦੇ ਤਾਪ ਚੜ੍ਹ ਜਾਂਦਾ ਹੈ। ਕਦੇ ਮਰੋੜੇ ਲੱਗ ਜਾਂਦੇ ਹਨ, ਕਦੇ ਢਿੱਡ ਵਿਚ ਦਰਦ ਸ਼ੁਰੂ ਹੋ ਜਾਂਦਾ ਹੈ। ਕਦੇ ਬੱਤ ਲੱਗ ਜਾਂਦੇ ਹਨ। ਕਦੇ ਸਾਹ ਦੀ ਬਿਮਾਰੀ ਬਲ ਫੜ ਲੈਂਦੀ ਹੈ। ਹਰ ਮਹੀਨੇ ਉਹ ਪੰਦਰਾਂ ਵੀਹ ਰੁਪਈਆਂ ਦੀਆਂ ਸਾਹ ਦੀ ਬਿਮਾਰੀ ਨੂੰ ਠੱਲ੍ਹ ਪਾਉਣ ਵਾਲੀਆਂ ਗੋਲੀਆਂ ਖਾ ਜਾਂਦਾ ਹੈ। ਬਹੁੜੀ ਬਹੁੜੀ ਉਸ ਦੀ ਦਿਨ ਰਾਤ ਮੁੱਕਦੀ ਨਹੀਂ। ਖਾਣ ਪੀਣ ਤੇ ਪਹਿਨਣ ਉਸ ਦੀ ਮਰਜ਼ੀ ਦਾ ਮਿਲਦਾ ਹੈ। ਹਰ ਬਿਮਾਰੀ ਦਾ ਇਲਾਜ ਹੋ ਜਾਂਦਾ ਹੈ, ਪਰ ਉਹ ਅਜੇ ਵੀ ਦੁਖੀ ਹੈ ਕਿ ਉਸ ਦਾ ਪੁੱਤਰ ਉਸ ਦੀ ਕੋਈ ਪ੍ਰਵਾਹ ਨਹੀਂ ਕਰਦਾ।

ਬਲਦੇਵ ਦੇ ਦਿਮਾਗ਼ ਵਿਚ ਗੁੱਸਾ ਜ਼ੋਰਾਂ ’ਤੇ ਹੋ ਗਿਆ ਹੈ ਤੇ ਉਸ ਦਾ ਕਾਲਜਾ ਚਿੜੀ ਦੇ ਬੱਚੇ ਵਾਂਗ ਧੜਕ ਰਿਹਾ, ਉਸ ਨੂੰ ਮਹਿਸੂਸ ਹੁੰਦਾ ਹੈ।

ਉਸ ਦੇ ਪਿਓ ਨੇ ਜਦ ਕਬੀਲਦਾਰੀ ਸਾਂਭੀ ਸੀ ਤਾਂ ਉਸ ਕੋਲ ਵੀਹ ਘੁਮਾਂ ਜ਼ਮੀਨ ਸੀ। ਬਲਦੇਵ ਦੀ ਸੁਰਤ ਤੋਂ ਪਹਿਲਾਂ ਹੀ ਉਸ ਨੇ ਦਸ ਘੁਮਾਂ ਬੈਅ ਕਰ ਦਿੱਤੀ ਸੀ। ਦੋ ਮੁਕੱਦਮੇ ਜਿਹੜੇ ਦਸ ਦਸ ਸਾਲ ਚਲਦੇ ਰਹੇ, ਦੋ ਕੁੜੀਆਂ ਤੇ ਦੋ ਭਾਈਆਂ ਦੇ ਵਿਆਹ ਜਿਨ੍ਹਾਂ ’ਤੇ ਸਾਰੇ ਸ਼ਰੀਕੇ ਤੋਂ ਉੱਤੋਂ ਦੀ ਖ਼ਰਚ ਕੀਤਾ, ਚਾਰ ਪੰਜ ਬਾਣੀਆਂ ਦਾ ਕਰਜ਼ਾ ਤੇ ਫ਼ੀਮ ਮੂੰਹੋਂ ਦਸ ਘੁਮਾਂ ਜ਼ਮੀਨ ਉਸ ਦੇ ਪਿਓ ਨੇ ਇਉਂ ਬੈਅ ਕਰ ਦਿੱਤੀ ਸੀ, ਜਿਵੇਂ ਘਰ ਵਿਚ ਵਾਧੂ ਪਈ ਚੀਜ਼ ਕੋਈ ਚੁੱਕ ਕੇ ਵੇਚ ਦਿੰਦਾ ਹੈ।

ਬਲਦੇਵ ਨੂੰ ਆਪਣਾ ਪਿਓ ਜ਼ਹਿਰ ਵਰਗਾ ਲਗਦਾ ਹੈ। ਪਿਓ ਹੈ ਆਖ਼ਰ, ਨਹੀਂ ਤਾਂ ਅਜਿਹੇ ਬੁੜ੍ਹੇ ਨੂੰ ਪੰਜ ਰੁਪਏ ਭਾੜਾ ਦੇ ਕੇ ਹਰਦੁਆਰ ਨੂੰ ਤੋਰ ਦੇਵੇ ਤੇ ਕਹੇ, “ਪਿਤਾ ਜੀ, ਆਖ਼ਰੀ ਦਿਨ ਹੁਣ ਗੰਗਾ ਮਾਈ ਦੀਆਂ ਲਹਿਰਾ ਗਿਣ ਕੇ ਗੁਜ਼ਾਰੋ ਤੇ ਮੁਕਤੀ ਪ੍ਰਾਪਤ ਕਰੋ।” ਬਲਦੇਵ ਦਾ ਗੁੱਸਾ ਹੋਰ ਵਧ ਰਿਹਾ ਹੈ।

ਉਸ ਦੀ ਮਾਂ ਓਦੂੰ ਕਟਕਾਂ ਦੇ ਜਾਣੀ ਹੈ। ਬੁੜ੍ਹਾ ਫ਼ੀਮ ਖਾਂਦਾ ਸੀ ਅਤੇ ਉਹ ਨਸਵਾਰ ਸੁੰਘਣ ਲੱਗ ਪਈ ਸੀ। ਬਲਦੇਵ ਤਾਹਨੇ ਦਿੰਦਾ ਹੈ, “ਕਦੇ ਬੁੜ੍ਹੀਆਂ ਵੀ ਨਸਵਾਰ ਲੈਂਦੀਆਂ ਹੁੰਦੀਆਂ ਨੇ?” ਘਰ ਵਿਚ ਸਾਰੇ ਦਿਨ ਦੀ ਕੁੱਤੇ ਕੁੱਤੇ ਤੋਂ ਤੰਗ ਆ ਕੇ ਉਸ ਨੇ ਨਸਵਾਰ ਛੱਡ ਦਿੱਤੀ ਸੀ। ਹੁਣ ਕਦੇ ਟੰਗਾਂ ਦੁਖਦੀਆਂ ਹਨ, ਕਦੇ ਘਾਰ ਉੱਠ ਖੜ੍ਹੀ ਹੈ, ਕਦੇ ਪੁੜਪੁੜੀਆਂ ਦੁਖਦੀਆਂ ਹਨ, ਕਦੇ ਰੋਟੀ ਹਜ਼ਮ ਨਹੀਂ ਹੋਈ, ਕਦੇ ਗੋਡਿਆਂ ਵਿਚ ਦਰਦ ਹੈ। ਨਿੱਤ ਪੁੜੀਆਂ, ਨਿੱਤ ਗੋਲੀਆਂ, ਨਿੱਤ ਸੂਏ। ਉਸ ਦਾ ਇਤਰਾਜ਼ ਹੈ ਕਿ “ਮੁੰਡਾ ਆਪਣੇ ਪਿਓ ਦੀ ਮੌਤ ਭਾਲਦਾ ਹੈ। ਕਦੇ ਵੀ ਉਸ ਨੂੰ ਰਾਜ਼ੀ ਬਰਾਜ਼ੀ ਨਹੀਂ ਪੁੱਛਿਆ। ਮੈਨੂੰ ਸਿੱਧੇ ਮੂੰਹ ਨਹੀਂ ਬੋਲਦਾ। ਬਹੂ, ਐਸੇ ਘਰ ਦੀ ਆਈ ਹੈ ਕਿ ਹੱਥ ਨਾਲ ਟੁੱਕ ਦੇ ਕੇ ਰਾਜ਼ੀ ਨਹੀਂ। ਐਨੀ ਤਨਖ਼ਾਹ ਮੁੰਡੇ ਦੀ ਪੈਂਦੀ ਹੈ ਤੇ ਕਿੱਧਰ ਜਾਂਦੀ ਹੈ।” ਆਂਢਣਾਂ ਗੁਆਂਢਣਾਂ ਤੇ ਵੀਹੀ ਦੀਆਂ ਬੁੜ੍ਹੀਆਂ ਕੋਲ ਜਾ ਕੇ ਚੁਗਲੀਆਂ ਕਰਨ ਤੋਂ ਬਿਨਾਂ ਉਸ ਨੂੰ ਹੋਰ ਕੋਈ ਕੰਮ ਨਹੀਂ।

ਸਾਰਾ ਟੱਬਰ ਗੁੜ ਦੀ ਚਾਹ ਪੀਂਦਾ ਹੈ ਤੇ ਬੁੜ੍ਹਾ ਬੁੜ੍ਹੀ ਖੰਡ ਦੀ। ਜਦੋਂ ਖੰਡ ਦਸ ਰੁਪਏ ਕਿੱਲੋ ਹੋਈ ਸੀ, ਉਦੋਂ ਉਨ੍ਹਾਂ ਨੇ ਗੁੜ ਦੀ ਚਾਹ ਨੂੰ ਮੂੰਹ ਨਹੀਂ ਸੀ ਲਾਇਆ।

ਬਲਦੇਵ ਦੁਖੀ ਹੈ ਤੇ ਖੂੰਜੇ ਵਿਚ ਮੂੰਹ ਦਈਂ ਪਿਆ ਮੱਕੜੀ ਦੇ ਜਾਲੇ ਵਿਚ ਫਸੇ ਇੱਕ ਕੀੜੇ ਨੂੰ ਗਹੁ ਨਾਲ ਦੇਖ ਰਿਹਾ ਹੈ। ਕੀੜਾ ਤੜਫ਼ ਰਿਹਾ ਹੈ, ਪਰ ਜਾਲਾ ਉਸ

ਦੀਆਂ ਟੰਗਾਂ ਨੂੰ ਐਨਾ ਲਿਪਟ ਗਿਆ ਹੈ ਕਿ ਉਸ ਤੋਂ ਬਾਹਰ ਨਹੀਂ ਨਿਕਲਿਆ ਜਾ ਰਿਹਾ।

ਉਸ ਦੀ ਤਨਖਾਹ ਆਉਂਦੀ ਹੈ ਤੇ ਪੰਜ ਚਾਰ ਦਿਨਾਂ ਵਿਚ ਹੀ ਪੰਜ ਪੰਜ, ਦਸ ਦਸ ਕਰਕੇ ਖੱਡੀ ਵੜ ਜਾਂਦੀ ਹੈ। ਘਰ ਦੇ ਜੀਆਂ ਦਾ ਖ਼ਰਚ ਹੈ। ਬੁੜ੍ਹਾ ਤੇ ਬੁੜ੍ਹੀ ਦਾਇਮੀ ਮਰੀਜ਼ ਹਨ। ਮੁੰਡੇ ਕੁੜੀਆਂ ਦੀ ਪੜ੍ਹਾਈ ਦਾ ਖ਼ਰਚ ਵੱਖਰਾ। ਉਸ ਦੀ ਪਤਨੀ ਨੂੰ ਤੀਵੀਂਆਂ ਵਾਲੀ ਬਿਮਾਰੀ ਕੋਈ ਨਾ ਕੋਈ ਚਿੰਬੜੀ ਹੀ ਰਹਿੰਦੀ ਹੈ। ਉਸ ਦਾ ਪਿਓ ਅਜੇ ਵੀ ਸੋਚਦਾ ਹੈ ਕਿ 'ਮੁੰਡਾ' ਤਨਖਾਹ ਦੀ ਬੱਚਤ ਕਰਕੇ ਬੈਂਕ ਵਿਚ ਜਮ੍ਹਾਂ ਕਰਵਾਉਂਦਾ ਹੈ। ਉਸ ਦੀ ਮਾਂ ਵੀ ਏਵੇਂ ਜਿਵੇਂ ਸੋਚਦੀ ਹੈ।

ਹੁਣ ਜਦੋਂ ਕਿ ਉਸ ਨੇ ਚਾਹ ਦਾ ਭਰਿਆ ਗਲਾਸ ਕੰਧ ਨਾਲ ਮਾਰਿਆ ਹੈ, ਇਸ ਤੋਂ ਪਹਿਲਾਂ ਉਸ ਦਾ ਪਿਓ ਉਸ ਨਾਲ ਲੜ ਕੇ ਗਿਆ ਕਿ ਉਹ ਉਸ ਨੂੰ ਪਟਿਆਲੇ ਹਸਪਤਾਲ ਵਿਚ ਕਿਉਂ ਨਹੀਂ ਦਿਖਾ ਕੇ ਲਿਆਉਂਦਾ? ਉਸ ਦਾ ਪਿਓ ਕਈ ਮਹੀਨਿਆਂ ਤੋਂ ਕਈ ਵਾਰੀ ਇਹ ਗੱਲ ਕਹਿ ਚੁੱਕਿਆ ਹੈ, ਪਰ ਕਿਸੇ ਮਹੀਨੇ ਵੀ ਬਲਦੇਵ ਕੋਲ ਪੈਸੇ ਨਹੀਂ ਬਚਦੇ ਤੇ ਉਹ ਆਪਣੇ ਪਿਓ ਨੂੰ ਦਿੰਦਾ ਹੈ ਕਿ ਅਗਲੇ ਮਹੀਨੇ ਜ਼ਰੂਰ ਚੱਲਾਂਗੇ। ਉਸ ਦਾ ਪਿਓ ਦੋਸ਼ ਲਾਉਂਦਾ ਹੈ ਕਿ ਉਹ ਤਾਂ ਉਸ ਨੂੰ ਮਾਰ ਕੇ ਰਾਜੀ ਹੈ ਤੇ ਚਾਹੁੰਦਾ ਹੈ ਕਿ ਉਹ ਪ੍ਰਾਣ ਤਿਆਗ ਦੇਵੇ। ਉਹ ਆਪਣੇ ਪਿਓ ਨੂੰ ਹਰਖ ਕੇ ਦੱਸਦਾ ਹੈ ਕਿ "ਜੇ ਜੇਬ੍ਹ ਵਿਚ ਕੁਝ ਹੋਵੇ ਤਾਂ ਮੈਂ ਤੈਨੂੰ ਲੈ ਕੇ ਚੱਲਾਂ? ਇਕੱਲੀ ਤਨਖਾਹ ਨਾਲ ਐਡੇ ਵੱਡੇ ਟੱਬਰ ਦਾ ਢਿੱਡ ਮਸਾਂ ਭਰਦੈ। ਦਸ ਘੁੰਮਾਂ ਜ਼ਮੀਨ ਦਾ ਜਿਹੜਾ ਠੇਕਾ ਆਉਂਦੈ ਉਹ ਦਾ ਤਾਂ ਮੈਨੂੰ ਕਦੇ ਪੈਸਾ ਨੀ ਦਿਖਾਇਆ ਤੇ ਮੇਰੇ ਆਪਣੇ ਕੋਲ ਕੀ ਦੋਲੇ ਧਰੇ ਪਏ ਐ? ਸਾਰੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿੱਤੀ ਤੇ ਮੈਂ ਹੁਣ ਤੇਰੀਆਂ ਬਿਮਾਰੀਆਂ ਨੂੰ ਕੀ ਕਰਾਂ?" ਬਲਦੇਵ ਦੇ ਦਿਮਾਗ਼ ਵਿਚ ਦੁੱਧ ਦਾ ਉਬਾਲ ਪੈਦਾ ਹੁੰਦਾ ਹੈ ਤੇ ਉਹ ਆਪਣੇ ਪਿਓ ਨੂੰ ਕਹਿੰਦਾ ਹੈ ਕਿ "ਖੱਬੀ ਖਾਨ ਘਰ ਅੱਜ ਫੱਤੂ ਮਰਾਸੀ ਦੇ ਘਰ ਨਾਲੋਂ ਵੀ ਨਿੱਘਰਿਆ ਪਿਐ।" ਉਸ ਦਾ ਪਿਓ ਅੱਗ ਬਗੋਲਾ ਹੋ ਜਾਂਦਾ ਹੈ ਤੇ ਕਹਿੰਦਾ ਹੈ, "ਫੱਤੂ ਮਰਾਸੀ ਦਾ ਘਰ ਤਾਂ ਬਣਨਾ ਹੀ ਸੀ, ਜਦ ਤੇਰੇ ਵਰਗੇ ਜੰਮ ਪਏ, ਘਰ ਪੱਟੂ।" ਐਨੀ ਗੱਲ ਸੁਣ ਕੇ ਬਲਦੇਵ ਦੇ ਦਿਮਾਗ਼ ਵਿਚ ਦੁੱਧ ਉਬਲ ਕੇ ਕੰਢਿਆਂ ਤੋਂ ਬਾਹਰ ਹੋ ਜਾਂਦਾ ਹੈ। ਉਹ ਪਿਓ ਦੇ ਹੱਥੋਂ ਉਸ ਦੀ ਸਹਾਰਾ ਲੈ ਕੇ ਤੁਰਨ ਵਾਲੀ ਤੂਤ ਦੀ ਖੂੰਡੀ ਖੋਹ ਕੇ ਵਿਹੜੇ ਤੋਂ ਬਾਹਰ ਵਗਾਹ ਮਾਰਦਾ ਹੈ। ਬੁੜ੍ਹਾ ਬੁੜ ਬੁੜ ਕਰਦਾ ਘਰੋਂ ਬਾਹਰ ਹੋ ਜਾਂਦਾ ਹੈ। ਬਲਦੇਵ ਦੀ ਪਤਨੀ ਬਿੰਦ ਝੱਟ ਠਹਿਰ ਕੇ ਚਾਹ ਦਾ ਗਲਾਸ ਲੈ ਕੇ ਆਉਂਦੀ ਹੈ। ਬੁੜ੍ਹੇ 'ਤੇ ਚੜ੍ਹੇ ਗੁੱਸੇ ਨੂੰ ਉਹ ਗਲਾਸ ਕੰਧ ਨਾਲ ਮਾਰ ਕੇ ਉਤਾਰ ਲੈਂਦਾ ਹੈ, ਪਰ ਉਸ ਦਾ ਗੁੱਸਾ ਉਤਰਦਾ ਨਹੀਂ, ਸਗੋਂ ਹੋਰ ਵਧ ਜਾਂਦਾ ਹੈ।

ਦਿਨ ਢਲ ਚੁੱਕਿਆ ਹੈ। ਬੈਠਕ ਦੇ ਖੂੰਜੇ ਵਿਚ ਲੱਗੇ ਮੱਕੜੀ ਦੇ ਜਾਲੇ ਨੂੰ ਉਹ ਉਂਗਲ ਨਾਲ ਖਿੱਚ ਕੇ ਲਾਹ ਦਿੰਦਾ ਹੈ ਤੇ ਮੰਜੇ ਤੋਂ ਉੱਠ ਕੇ ਵੱਡੀ ਸਾਰੀ ਉਬਾਸੀ ਲੈਂਦਾ ਹੈ ਤੇ ਅਗਵਾੜੀ ਭੰਨਦਾ ਹੈ। ਅਪਣੀ ਨਿੱਕਰ ਦੇ ਨੇਫ਼ੇ ਦੇ ਵਲ਼ ਇਕੱਠੇ ਕਰਕੇ ਨਾਲੇ ਦੇ ਬੰਨ੍ਹ ਕੋਲ ਲਿਆਉਂਦਾ ਹੈ। ਕਿੱਲੇ 'ਤੇ ਟੰਗੇ ਪਏ ਬੁਸ਼ਰਟ ਪਜਾਮੇ ਨੂੰ ਲਾਹੁੰਦਾ ਹੈ ਤੇ ਝਾੜ ਕੇ ਪਾ ਲੈਂਦਾ ਹੈ। ਸਿਰ 'ਤੇ ਤੌਲੀਆ ਵਲ੍ਹੇਟਦਾ ਹੈ ਤੇ ਘਰੋਂ ਬਾਹਰ ਹੋ ਜਾਂਦਾ ਹੈ।

ਪਹਿਲਾਂ ਜਦ ਉਹ ਆਥਣ ਦੀ ਸੈਰ ਨੂੰ ਜਾਂਦਾ ਹੈ ਤਾਂ ਮਜ਼ਬੀਆਂ ਦੇ ਘਰਾਂ ਕੋਲ ਦੀ ਵੱਡੇ ਟੋਭੇ ਦੇ ਉੱਤੋਂ ਦੀ ਸੜਕ ਪੈ ਕੇ ਸੂਏ ਦੇ ਪੁਲ ’ਤੇ ਪਹੁੰਚ ਜਾਂਦਾ ਹੈ ਤੇ ਫਿਰ ਸੂਏ ਦੀ ਪਟੜੀ ਪੈ ਕੇ ਦੂਰ ਤੱਕ ਸੈਰ ਕਰਕੇ ਆਉਂਦਾ ਹੈ। ਅੱਜ ਉਹ ਇਸ ਰਾਹ ਨਹੀਂ ਜਾਂਦਾ। ਅੱਜ ਉਸ ਦਾ ਮੂੰਹ ਹੋਰ ਪਾਸੇ ਹੀ ਮੁੜ ਜਾਂਦਾ ਹੈ। ਸੁਲੇਮਾਨ ਗਾਜ਼ੀ ਦੀ ਕਬਰ ਕੋਲ ਦੀ ਲੰਘ ਕੇ ਤੇ ਚਿੱਪੀ ਵਾਲੇ ਸਾਧ ਦੇ ਡੇਰੇ ਦੇ ਉੱਤੋਂ ਦੀ ਹੋ ਕੇ ਉਹ ਇੱਕ ਪਹੇ ਪੈ ਜਾਂਦਾ ਹੈ। ਪਹਾ ਜਿਹੜਾ ਕਿ ਵਿੰਗ ਵਲੇਵੇ ਖਾਂਦਾ ਸਿੱਧਾ ਸੂਏ ’ਤੇ ਪਹੁੰਚਦਾ ਹੈ, ਉਸ ਦੇ ਦਿਮਾਗ਼ ਦਾ ਗੁੱਸਾ ਸਫ਼ਰ ਕਰਦਾ ਹੈ।

ਉਹ ਸੋਚਦਾ ਹੈ ਕਿ ਏਦੂੰ ਤਾਂ ਉਹ ਇਸ ਘਰ ਨੂੰ ਤਿਆਗ ਕੇ ਕਿਤੇ ਦੂਰ ਚਲਿਆ ਜਾਵੇ। ਇਹ ਮਾਂ, ਬਾਪ, ਪਤਨੀ, ਮੁੰਡੇ, ਕੁੜੀਆਂ ਤੇ ਘਰ ਦਾ ਸਾਰਾ ਜੰਜਾਲ ਇੱਕ ਮਾਇਆ ਜਿਹੀ ਤਾਂ ਹੈ। ਮਹਾਤਮਾ ਬੁੱਧ ਐਵੇਂ ਤਾਂ ਨਹੀਂ ਰਾਜ ਮਹਿਲਾਂ ਨੂੰ ਤਿਆਗ ਕੇ ਤੁਰ ਗਿਆ ਸੀ। ਢਾਈ ਹਜ਼ਾਰ ਸਾਲ ਬਾਅਦ ਅੱਜ ਵੀ ਹਰ ਦੁਖੀ ਮਨੁੱਖ ਵਿਚ ਬੁੱਧ ਆ ਕੇ ਬੋਲਦਾ ਹੈ ਤੇ ਕਹਿੰਦਾ ਹੈ ਕਿ ਇਹ ਸੰਸਾਰ ਦੁੱਖਾਂ ਦਾ ਘਰ ਹੈ। ਹਰ ਮਨੁੱਖ ਦਾ ਹਿਰਦਾ ਨਿਰਵਾਣ ਲਈ ਭਟਕਦਾ ਹੈ।

ਉਹ ਸੋਚਦਾ ਹੈ ਕਿ ਉਹ ਚੁੱਪ ਕਰਕੇ ਇੱਕ ਦਿਨ ਘਰੋਂ ਤੁਰ ਜਾਵੇ ਤੇ ਰਾਤ ਵਾਲੀ ਗੱਡੀ ਕਿਸੇ ਸਟੇਸ਼ਨ ਤੋਂ ਚੜ੍ਹ ਕੇ ਐਨੀ ਦੂਰ ਕਿਤੇ ਚਲਿਆ ਜਾਵੇ, ਜਿੱਥੋਂ ਉਸ ਨੂੰ ਕੋਈ ਨਾ ਸਿਆਣੇ, ਕੋਈ ਨਾ ਪੁੱਛੇ ਕਿ ਤੂੰ ਕਿੱਥੋਂ ਦਾ ਰਹਿਣ ਵਾਲਾ ਹੈਂ।

ਪਹੇ ਵਿਚ ਤੁਰਿਆ ਜਾਂਦਾ ਉਹ ਡੂੰਘੀਆਂ ਸੋਚਾਂ ਵਿਚ ਗੁੰਮ ਗਿਆ ਹੈ। ਉਸ ਦੇ ਸੱਜੇ ਪਾਸਿਓਂ ਅਚਾਨਕ ਇੱਕ ਆਵਾਜ਼ ਉੱਠਦੀ ਹੈ, “ਡਾਕਟਰ ਸਾਅਬ।” ਉਸ ਦੇ ਕੰਨ ਖੜ੍ਹੇ ਹੋ ਜਾਂਦੇ ਹਨ ਤੇ ਉਹ ਸੱਜੇ ਪਾਸੇ ਮੂੰਹ ਚੁੱਕ ਕੇ ਦੇਖਦਾ ਹੈ। ਪਹੇ ਦੇ ਨਾਲ ਹੀ ਤਿੰਨ ਚਾਰ ਕਿਆਰੇ ਛੱਡ ਕੇ ਚਾਰ ਬੰਦੇ ਕਸੀਆਂ ਨਾਲ ਕਪਾਹ ਗੁੱਡ ਰਹੇ ਹਨ। ਉਨ੍ਹਾਂ ਵਿਚੋਂ ਇੱਕ ਬੰਦਾ ਢਾਕ ਨਾਲ ਕਸੀਏ ਦੀ ਹੁੱਜ ਲਾ ਕੇ ਖੜ੍ਹ ਜਾਂਦਾ ਹੈ ਤੇ ਫਿਰ ਆਵਾਜ਼ ਦਿੰਦਾ ਹੈ, “ਡਾਕਟਰ ਸਾਅਬ, ਤੂੰ ਮੁੰਡੇ ਦੇ ਸੂਆ ਲਾ ਦਿੱਤਾ ਸੀ?” ਬਲਦੇਵ ਦੀ ਸਮਝ ਵਿਚ ਕੁਝ ਨਹੀਂ ਆਉਂਦਾ। ਉਹ ਕਪਾਹ ਗੁੱਡਦੇ ਉਸ ਬੰਦੇ ਨੂੰ ਪੁੱਛਦਾ ਹੈ ਕਿ ਤੂੰ ਮੈਨੂੰ ਕੌਣ ਸਿਆਣਿਆ ਹੈ? ਕਪਾਹ ਗੁੱਡਣ ਵਾਲਾ ਬੰਦਾ ਕੱਚਾ ਜਿਹਾ ਹੋ ਕੇ ਹੱਸ ਪੈਂਦਾ ਹੈ ਤੇ ਕਹਿੰਦਾ ਹੈ, “ਮੈਂ ਤਾਂ ਸਮਝਿਆ ਸੀ ਕਿ ਚਿੱਟੇ ਜਿਹੇ ਕੱਪੜਿਆਂ ਵਾਲਾ ਤੂੰ ਡਾਕਟਰ ਐਂ।” ਬਲਦੇਵ ਦੇ ਚਿਹਰੇ ’ਤੇ ਇੱਕ ਬਿੰਦ ਮੁਸਕਰਾਹਟ ਦਾ ਰੰਗ ਖਿੜ ਪੈਂਦਾ ਹੈ, ਪਰ ਦੂਜੇ ਬਿੰਦ ਹੀ ਉਹ ਸੋਚਾਂ ਦੀਆਂ ਤਹਿਆਂ ਵਿਚ ਗੁਆਚ ਜਾਂਦਾ ਹੈ। ਬੁੜ੍ਹੇ ਤੇ ਬੁੜ੍ਹੀ ਨੇ ਤਾਂ ਸ਼ੱਕ ਕਰਨਾ ਹੀ ਸੀ, ਪਰ ਉਸ ਦੀ ਪਤਨੀ ਕਿਹੜਾ ਉਸ ਨੂੰ ਖੰਡ ਪਾਉਂਦੀ ਹੈ। ਗੱਲ ਗੱਲ ਵਿਚ ਉਹ ਕਹਿੰਦੀ ਹੈ ਕਿ “ਤੂੰ ਸਾਰਾ ਦਿਨ ਘਾਊਂ ਮਾਊਂ ਜਿਹਾ ਬਣਿਆ ਰਹਿੰਦਾ ਹੈਂ। ਕੁੜੀ ਮੁਟਿਆਰ ਹੋ ਰਹੀ ਹੈ। ਕੋਈ ਪੈਸਾ ਧੇਲਾ ਵੀ ਜੋੜ।” ਉਹ ਖਿਝਦਾ ਹੈ ਕਿ ਉਸ ਦੀ ਪਤਨੀ ਨੂੰ ਆਪ ਸਾਰਾ ਪਤਾ ਹੈ। ਜਦੋਂ ਕਿ “ਸਾਰੀ ਤਨਖ਼ਾਹ ਮੈਂ ਉਸੇ ਨੂੰ ਹਰ ਮਹੀਨੇ ਲਿਆ ਕੇ ਫੜਾ ਦਿੰਦਾ ਤਾਂ ਬਾਕੀ ਜੋੜਨ ਵਾਸਤੇ ਮੈਨੂੰ ਕੋਈ ਵੱਖਰੀ ਤਨਖ਼ਾਹ ਮਿਲਦੀ ਹੈ? ਉਸ ਭਲੀਮਾਣਸ ਨੂੰ ਕੀ ਪਤਾ ਨਹੀਂ ਕਿ ਸਾਰੀ ਦੀ ਸਾਰੀ ਤਨਖ਼ਾਹ ਨਾਲ ਐਡੇ ਟੱਬਰ ਦਾ ਮਹੀਨਾ ਮਸਾਂ ਪੂਰਾ ਹੁੰਦਾ ਹੈ। ਅਜਿਹਾ ਕਿਹੜਾ ਜਾਦੂ ਹੈ, ਜਿਸ ਕਰਕੇ ਮੈਂ ਕੁੜੀ ਨੂੰ ਮੁਟਿਆਰ ਹੋਣ ਤੋਂ ਰੋਕ ਦੇਵਾਂ?”

ਉਸ ਦੀ ਨਿਗਾਹ ਜ਼ਮੀਨ ਵਿਚ ਧਸੀ ਹੋਈ ਹੈ ਤੇ ਉਹਨੂੰ ਪਲ ਦੀ ਪਲ ਮਹਿਸੂਸ ਹੁੰਦਾ ਹੈ, ਜਿਵੇਂ ਉਹ ਪਹੇ ਵਿਚ ਨਹੀਂ ਤੁਰ ਰਿਹਾ, ਸਗੋਂ ਹੋਰ ਕਿਸੇ ਦੁਨੀਆਂ ਵਿਚ ਦੂਰ ਉੱਡ ਰਿਹਾ ਹੈ। ਅਜਿਹੀ ਦੁਨੀਆਂ, ਜਿੱਥੇ ਉਸ ਦੇ ਅੱਗੇ ਪਿੱਛੇ ਨੂੰ ਕੋਈ ਨਹੀਂ ਜਾਣਦਾ। ਕੋਈ ਪਤਾ ਨਾ ਹੋਵੇ ਕਿ ਉਹ ਕੌਣ ਹੈ। ਉਹ ਸੋਚਦਾ ਹੈ ਕਿ ਕੱਲ੍ਹ ਨੂੰ ਚੁੱਪ ਕਰਕੇ ਗੱਡੀ ਚੜ੍ਹੇ ਤੇ ਬੰਬਈ ਜਾ ਉਤਰੇ। ਉੱਥੇ ਉਸਦਾ ਇੱਕ ਦੋਸਤ ਹੈ। ਉਸ ਨੂੰ ਕਹੇ ਕਿ ਉਹ ਉਸ ਨੂੰ ਕੋਈ ਨਿੱਕੀ ਮੋਟੀ ਨੌਕਰੀ ਦਿਵਾ ਦੇਵੇ, ਜਿਸ ਨਾਲ ਉਸ ਦਾ ਰੋਟੀ ਕੱਪੜਾ ਪੂਰਾ ਹੁੰਦਾ ਰਹੇ। ਦੂਜੇ ਬਿੰਦ ਉਹ ਸੋਚਦਾ ਹੈ ਕਿ ਦੋਸਤ ਪੁੱਛੇਗਾ, "ਤੂੰ ਏਥੇ ਘਰ ਬਾਰ ਛੱਡ ਕੇ ਕਾਹਤੋਂ ਆ ਗਿਆ ਹੈਂ? ਤੇ ਜਦ ਉਸ ਨੂੰ ਪਤਾ ਲੱਗ ਗਿਆ ਕਿ ਮੈਂ ਚੋਰਿਓਂ ਘਰੋਂ ਭੱਜ ਆਇਆ ਹਾਂ ਤਾਂ ਉਹ ਮੈਨੂੰ ਸਮਝਾ ਬੁਝਾ ਕੇ ਫਿਰ ਏਸੇ ਨਰਕ ਵਿਚ ਭੇਜ ਦੇਵੇਗਾ। ਜਾਂ ਸ਼ਾਇਦ ਮੇਰੀ ਪਤਨੀ ਨੂੰ ਤਾਰ ਹੀ ਦੇ ਦੇਵੇ ਕਿ ਲੈ ਜਾਓ ਏਥੋਂ ਆ ਕੇ ਆਪਣੇ 'ਸ਼੍ਰੀ ਮਾਨ ਜੀ' ਨੂੰ। ਉਹ ਸੋਚਦਾ ਹੈ ਕਿ ਜੇ ਬੰਬਈ ਜਾਵਾਂ ਤੇ ਉਹ ਦੋਸਤ ਨੂੰ ਜੇ ਨਾ ਹੀ ਮਿਲਾਂ ਤਾਂ ਠੀਕ ਹੈ। ਪਰ ਉਹ ਸੋਚਦਾ ਹੈ ਕਿ ਬੰਬਈ ਵਿਚ ਤਾਂ ਹੋਰ ਵੀਹ ਬੰਦੇ ਮੈਨੂੰ ਜਾਣਦੇ ਹਨ। ਕਦੇ ਤਾਂ ਕਿਸੇ ਨੂੰ ਮਿਲਾਂਗਾ ਹੀ। ਜੇ ਕਿਸੇ ਨੂੰ ਪਤਾ ਲੱਗ ਗਿਆ ਤਾਂ ਇਹ ਗੱਲ ਲੁਕੀ ਛਿਪੀ ਨਹੀਂ ਰਹਿਣੀ ਤੇ ਆਖ਼ਰ ਮੁੜ ਏਥੇ ਹੀ ਆਉਣਾ ਪਵੇਗਾ।

ਬੰਬਈ ਨਹੀਂ ਕਲਕੱਤੇ ਠੀਕ ਹੈ।

ਕਲਕੱਤੇ ਤਾਂ ਇਲਾਕੇ ਦੇ ਟੈਕਸੀ ਡਰਾਈਵਰ ਪੰਜਾਹ ਜਣੇ ਹੋਣਗੇ। ਉਹੀ ਪੰਗਾ। ਉਸ ਦੀ ਸੋਚ ਉੱਖੜ ਰਹੀ ਹੈ ਕਿ ਉਹ ਕਿੱਥੇ ਜਾਵੇ? ਉੱਥੇ ਜਾਵੇ, ਜਿੱਥੇ ਕੋਈ ਨਾ ਜਾਣਦਾ ਹੋਵੇ।

ਸੂਆ ਆ ਜਾਂਦਾ ਹੈ। ਸੂਏ ਦੀ ਪਟੜੀ ਪੈਣ ਤੋਂ ਪਹਿਲਾਂ ਉਹ ਪਹੇ 'ਤੇ ਹੀ ਖੜ੍ਹ ਜਾਂਦਾ ਹੈ। ਇੱਕ ਬੇਰੀ ਵੱਲ ਦੇਖਦਾ ਹੈ। ਬੇਰੀ ਦਾ ਬੱਸ ਮੁੱਢ ਹੀ ਦਿੱਸਦਾ ਹੈ ਤੇ ਉਤਲਾ ਸਾਰਾ ਆਕਾਰ ਅਮਰਵੇਲ ਦਾ ਢਕਿਆ ਹੋਇਆ ਹੈ। ਉਹ ਸੋਚਦਾ ਹੈ ਕਿ ਆਦਮੀ ਇੱਕ ਬੇਰੀ ਹੈ ਤੇ ਉਸਦੀ ਜ਼ਿੰਦਗੀ ਦੁਆਲੇ ਲਿਪਟੇ ਸੰਸੇ ਫ਼ਿਕਰ ਅਮਰਵੇਲ ਹਨ। ਉਸ ਬੇਰੀ ਵੱਲ ਉਹ ਗਹੁ ਨਾਲ ਦੇਖ ਰਿਹਾ ਹੈ। ਦੇਖਦਾ ਰਹਿੰਦਾ ਹੈ। ਸਰੜ ਦੇ ਕੇ ਇੱਕ ਸੱਪ ਉਸ ਦੇ ਪੈਰ ਕੋਲ ਦੀ ਲੰਘ ਕੇ ਉਸੇ ਬੇਰੀ ਦੀਆਂ ਜੜ੍ਹਾਂ ਵਿਚ ਉੱਗੇ ਮਲ੍ਹਿਆਂ ਵਿਚ ਗੁਆਚ ਜਾਂਦਾ ਹੈ। ਉਸ ਦੇ ਸਰੀਰ ਵਿਚ ਕੰਬਣੀਆਂ ਭਰੀ ਇੱਕ ਧੁੜਧੁੜੀ ਉੱਠਦੀ ਹੈ ਤੇ ਉਹ ਮੁਸਕਰਾ ਪੈਂਦਾ ਹੈ। ਅਚੰਭਾ ਭਰੀ ਇੱਕ ਚਮਕ ਉਸ ਦੀਆਂ ਅੱਖਾਂ ਵਿਚ ਪੈਦਾ ਹੁੰਦੀ ਹੈ। ਉਹ ਸੂਏ ਦੀ ਪਟੜੀ ਚੜ੍ਹ ਜਾਂਦਾ ਹੈ। ਸੂਏ ਵਿਚ ਗੇਰੂ ਰੰਗਾ ਪਾਣੀ ਵਹਿ ਰਿਹਾ ਹੈ। ਉਹ ਪਾਣੀ ਦੇ ਵਹਾਅ ਨੂੰ ਦੇਖਣ ਲੱਗ ਜਾਂਦਾ ਹੈ। ਦੇਖਦਾ ਰਹਿੰਦਾ ਹੈ। ਦੂਰੋਂ ਆਉਂਦੀ ਇੱਕ ਕਾਲੀ ਜਿਹੀ ਚੀਜ਼ ਉਸ ਨੂੰ ਦਿੱਸਦੀ ਹੈ। ਉਸ ਨੂੰ ਲੱਗਦਾ ਹੈ, ਜਿਵੇਂ ਕੋਈ ਕਾਲਾ ਕੰਬਲ ਜਿਹਾ ਹੋਵੇ। ਸ਼ਾਇਦ ਕਾਲਾ ਕੁੱਤਾ ਹੋਵੇ ਜਾਂ ਸ਼ਾਇਦ ਕਾਲੀ ਚੁੰਨੀ ਮੋੜ੍ਹੀ ਵਿਚ ਅੜ੍ਹਕ ਗਈ ਹੋਵੇ। ਉਹ ਸੂਏ ਦੇ ਕਿਨਾਰੇ ਹਰੀ ਹਰੀ ਘਾਹ 'ਤੇ ਬੈਠ ਜਾਂਦਾ ਹੈ ਤਾਂ ਆ ਰਹੀ ਕਾਲੀ ਚੀਜ਼ ਵੱਲ ਗਹੁ ਨਾਲ ਦੇਖ ਰਿਹਾ ਹੈ। ਜਿਉਂ ਜਿਉਂ ਉਹ ਚੀਜ਼ ਨੇੜੇ ਆ ਰਹੀ ਹੈ, ਵੱਡੀ ਵੱਡੀ ਹੁੰਦੀ ਜਾਂਦੀ ਹੈ। ਬਿਲਕੁੱਲ ਨੇੜੇ ਆਈ ਤੋਂ ਪਤਾ ਲੱਗਦਾ ਹੈ ਕਿ ਉਹ ਇੱਕ ਕਾਲੀ ਕੱਟੀ ਹੈ। ਸ਼ਾਇਦ ਪੰਜ ਚਾਰ ਦਿਨਾਂ ਦੀ ਹੀ ਹੋਵੇ। ਢਿੱਡ ਉਹਦਾ ਫੁੱਲ ਕੇ ਕੁੱਪਾ

ਬਣਿਆ ਹੋਇਆ ਹੈ। ਉਹ ਉੱਠਦਾ ਤੇ ਖ਼ਤਾਨ ਵਿਚੋਂ ਇੱਕ ਕੱਚਾ ਡਲਾ ਚੁੱਕ ਕੇ ਕੱਟੀ ਦੇ ਢਿੱਡ ’ਤੇ ਮਾਰਦਾ ਹੈ। ਡਲਾ ਫੁੱਟ ਕੇ ਪਾਣੀ ਵਿਚ ਖੁਰ ਜਾਂਦਾ ਹੈ ਤੇ ਕੱਟੀ ਦੀ ਲਾਸ਼ ਅੱਗੇ ਲੰਘ ਜਾਂਦੀ ਹੈ। ਬਲਦੇਵ ਫਿਰ ਉਥੇ ਹੀ ਹਰੀ ਘਾਹ ’ਤੇ ਬੈਠ ਜਾਂਦਾ ਹੈ ਤੇ ਆਪਣੇ ਜੋੜੇ ਲਾਹ ਕੇ ਪੈਰਾਂ ਕੋਲ ਹੀ ਰੱਖ ਲੈਂਦਾ ਹੈ। ਸੂਰਜ ਰਾਤ ਦੇ ਦਰਵਾਜ਼ੇ ’ਤੇ ਖੜ੍ਹਾ ਸ਼ਾਇਦ ਸੋਚੀਂ ਪਿਆ ਹੋਇਆ ਹੈ ਕਿ ਉਹ ਅੱਜ ਦੀ ਰਾਤ ਘਰ ਜਾਵੇ ਜਾਂ ਕਿਤੇ ਹੋਰ ਹੀ ਚਲਿਆ ਜਾਵੇ। ਬਲਦੇਵ ਹਰੀ ਹਰੀ ਘਾਹ ’ਤੇ ਉਦਾਸ ਬੈਠਾ ਹੈ। ਉਸ ਨੇ ਆਪਣਾ ਸਿਰ ਗੋਡਿਆਂ ਵਿਚਕਾਰ ਦੇ ਕੇ ਨੀਵੀਂ ਪਾਈ ਹੋਈ ਹੈ।

ਸੂਏ ਦੇ ਦੂਜੇ ਪਾਸੇ ਟਾਹਲੀ ’ਤੇ ਬੈਠੀ ਇੱਕ ਕੋਚਰ ਬੋਲਦੀ ਹੈ। ਬਲਦੇਵ ਆਪਣੇ ਗੋਡਿਆਂ ਵਿਚੋਂ ਸਿਰ ਕੱਢਦਾ ਹੈ ਤੇ ਉਤਾਂਹ ਦੇਖਦਾ ਹੈ। ਅਸਮਾਨ ਵਿਚ ਤਾਰੇ ਨਿਕਲ ਆਏ ਹਨ। ਸੂਏ ਦਾ ਪਾਣੀ ਲੱਗਦਾ ਹੈ, ਜਿਵੇਂ ਖੜ੍ਹਾ ਹੋਵੇ। ਉਹ ਕੋਲ ਪਏ ਜੋੜੇ ਪੈਰਾਂ ਵਿਚ ਪਾਉਂਦਾ ਹੈ ਤੇ ਘਰ ਨੂੰ ਤੁਰ ਪੈਂਦਾ ਹੈ।

ਰਾਹ ਵਿਚ ਸੋਚਦਾ ਹੈ ਕਿ ਉਸ ਕੋਲ ਤਾਂ ਇੱਕ ਪੈਸਾ ਵੀ ਨਹੀਂ। ਜਾਵੇ ਤਾਂ ਕਾਹਦੇ ਨਾਲ? ਫਿਰ ਉਹ ਸੋਚਦਾ ਹੈ ਕਿ ਚਾਰ ਦਿਨਾਂ ਨੂੰ ਤਨਖ਼ਾਹ ਮਿਲ ਜਾਣੀ ਹੈ। ਸਾਰੀ ਦੀ ਸਾਰੀ ਤਨਖ਼ਾਹ ਲੈ ਕੇ ਉਹ ਜ਼ਰੂਰ ਘਰੋਂ ਨਿਕਲ ਜਾਏਗਾ। ਸੂਏ ਤੋਂ ਪਿੰਡ ਵੜਨ ਤੀਕ ਉਹ ਵਿਉਂਤਾਂ ਬਣਾ ਰਿਹਾ ਹੈ ਕਿ ਉਹ ਜਦ ਘਰੋਂ ਨਿਕਲੇ ਤਾਂ ਕਿਹੜੀ ਕਿਹੜੀ ਚੀਜ਼ ਨਾਲ ਲੈ ਕੇ ਜਾਵੇ।

ਘਰ ਜਦ ਪਹੁੰਚਦਾ ਹੈ ਤਾਂ ਦੇਖਦਾ ਹੈ ਕਿ ਉਸ ਦਾ ਛੋਟਾ ਮੁੰਡਾ ਵਿਹੜੇ ਵਿਚ ਪਈ ਬਾਂਸ ਦੀ ਪੌੜੀ ’ਤੇ ਚੜ੍ਹ ਰਿਹਾ ਹੈ ਤੇ ਤਿੰਨ ਟੰਬੇ ਚੜ੍ਹ ਗਿਆ ਹੈ। ਜਦ ਹੀ ਉਹ ਵਿਹੜੇ ਵਿਚ ਪੈਰ ਧਰਦਾ ਹੈ ਤਾਂ ਮੁੰਡਾ ਧਦਕ ਜਾਂਦਾ ਹੈ ਤੇ ਪੌੜੀ ’ਤੋਂ ਤਿਲ੍ਹਕ ਕੇ ਥੱਲੇ ਡਿੱਗ ਪੈਂਦਾ ਹੈ। ਮੂੰਹ ’ਤੇ ਸੱਟ ਲੱਗਦੀ ਹੈ ਤੇ ਦੰਦ ’ਚੋਂ ਲਹੂ ਨਿਕਲ ਆਉਂਦਾ ਹੈ। ਮੁੰਡਾ ਉੱਚੀ ਉੱਚੀ ਰੋਣ ਲੱਗਦਾ ਹੈ। ਉਹ ਉਸ ਨੂੰ ਝੱਟ ਦੇ ਕੇ ਚੁੱਕਦਾ ਹੈ। ਵਿਹੜੇ ਵਿਚ ਹੋਰ ਕੋਈ ਨਹੀਂ। ਮੁੰਡੇ ਦਾ ਰੋਣਾ ਸੁਣ ਕੇ ਅੰਦਰਲੇ ਕਮਰੇ ਵਿਚ ਆਟਾ ਛਾਣਦੀ ਉਸ ਦੀ ਪਤਨੀ ਭੱਜ ਕੇ ਵਿਹੜੇ ’ਚ ਆਉਂਦੀ ਹੈ। ਉਸ ਦੇ ਮੱਥੇ ’ਤੇ ਪੱਟੀ ਬੰਨ੍ਹੀ ਦੇਖ ਕੇ ਬਲਦੇਵ ਉਸ ਨੂੰ ਪੁੱਛਦਾ ਹੈ, “ਆਹ ਕੀ?” ਉਹ ਮੂੰਹ ਜਿਹਾ ਮਰੋੜ ਕੇ ਜਵਾਬ ਦਿੰਦੀ ਹੈ, “ਸ਼ਰਮ ਕਰ ਕੁਸ਼।” ਬਲਦੇਵ ਦੇ ਕੁਝ ਸਮਝ ਨਹੀਂ ਆਉਂਦਾ। ਉਹ ਫ਼ਿਕਰ ਕਰਦਾ ਹੈ ਕਿ ਸੱਟ ਲੱਗ ਕੇ ਕਿਤੇ ਮੁੰਡੇ ਦੀ ਜੀਭ ਨਾ ਵੱਢੀ ਗਈ ਹੋਵੇ। ਤੀਵੀਂ ਆਦਮੀ ਦੋਵੇਂ ਪਾਣੀ ਨਾਲ ਮੁੰਡੇ ਦਾ ਮੂੰਹ ਧੋਣ ਲੱਗਦੇ ਹਨ। ♦

# ਕਿੱਲ੍ਹੇ ਨਾਲ ਬੰਨ੍ਹਿਆ ਆਦਮੀ

ਮਾਂ ਦੱਸਦੀ ਹੁੰਦੀ ਸੀ-ਜਦ ਮੈਂ ਛੋਟਾ ਜਿਹਾ ਸਾਂ, ਉਹ ਇੱਕ ਲੰਬੀ ਸਾਰੀ ਰੱਸੀ ਲੈ ਕੇ ਉਸ ਦਾ ਇੱਕ ਸਿਰਾ ਕਿੱਲੇ ਨਾਲ ਬੰਨ੍ਹ ਦਿੰਦੀ ਸੀ ਤੇ ਇੱਕ ਸਿਰਾ ਮੇਰੀ ਲੱਤ ਨਾਲ। ਗੋਡਣੀਏਂ ਰੁੜ੍ਹਦਾ ਸਾਂ। ਟਿਕ ਕੇ ਨਹੀਂ ਸੀ ਬੈਠਦਾ ਹੁੰਦਾ। ਬੜਾ ਸ਼ਰਾਰਤੀ ਸਾਂ। ਘਰ ਵਿਚ ਹੋਰ ਕੋਈ ਮੁੰਡਾ ਕੁੜੀ ਨਹੀਂ ਸੀ, ਜੋ ਮੈਨੂੰ ਸੰਭਾਲਦਾ। ਬਾਪੂ ਵੀ ਸਾਰਾ ਦਿਨ ਖੇਤ ਰਹਿੰਦਾ ਸੀ। ਉਹ ਘਰ ਦੇ ਕੰਮ ਵਿਚ ਰੁੱਝੀ ਰਹਿੰਦੀ ਸੀ। ਰਾਹ ਜਿੱਥੋਂ ਦੀ ਉੱਠ, ਬਲ੍ਹਦ, ਗਊਆਂ, ਮੱਝਾਂ, ਗਧੇ ਤੇ ਗੱਡੇ ਲੰਘਦੇ ਰਹਿੰਦੇ ਸਨ। ਮਾਂ ਨੂੰ ਡਰ ਸੀ ਕਿਤੇ ਮੈਂ ਥੱਲੇ ਆ ਕੇ ਮਿੱਧਿਆ ਨਾ ਜਾਵਾਂ। ਓਦੋਂ ਸਾਡੇ ਬਾਰ ਨੂੰ ਤਖ਼ਤੇ ਕੋਈ ਨਹੀਂ ਸੀ ਲੱਗੇ ਹੁੰਦੇ। ਇੱਕ ਖਿੜਕ ਜਿਹਾ ਹੁੰਦਾ ਸੀ। ਲੱਕੜ ਦੇ ਚੌਖ਼ਟੇ ਵਿਚ ਕਾਫ਼ੀ ਕਾਫ਼ੀ ਵਿੱਥ ਛੱਡ ਕੇ ਬੇਰੀ ਦੀਆਂ ਸੋਟੀਆਂ ਦਾ ਚਾਰਖਾਨਾ। ਕੁੱਤੇ ਬਿੱਲੇ ਖਿੜਕ ਦੇ ਵਿਚ ਦੀ ਲੰਘ ਜਾਂਦੇ ਸਨ। ਖਿੜਕ ਲੱਗਿਆ ਹੁੰਦਾ, ਮੈਂ ਵੀ ਖਿੜਕ ਦੇ ਵਿਚ ਦੀ ਲੰਘ ਕੇ ਰਾਹ 'ਤੇ ਜਾ ਬੈਠਦਾ। ਮਾਂ ਕੋਲ ਬੱਸ ਇੱਕੋ ਤਰੀਕਾ ਸੀ। ਕਿੱਲੇ ਨਾਲ ਰੱਸੀ ਪਾਓ ਤੇ ਓਧਰ ਮੇਰੀ ਲੱਤ ਨਾਲ। ਛਣਕਣਾ, ਰਬੜ ਦਾ ਤੋਤਾ, ਹਾਥੀ ਤੇ ਬੱਸ ਮੇਰੇ ਮੂਹਰੇ ਰੱਖ ਕੇ ਮਾਂ ਆਪਣੇ ਕੰਮ ਲੱਗ ਜਾਂਦੀ ਸੀ। ਮੇਰੇ ਵੱਲੋਂ ਨਿਸ਼ਚਿੰਤ। ਖਿਡੌਣਿਆਂ ਨਾਲ ਮੇਰਾ ਜੀਅ ਨਹੀਂ ਸੀ ਪਰਚਦਾ। ਵਗਦੇ ਰਾਹ 'ਤੇ ਜਾਣ ਲਈ ਮੈਂ ਧੁਰਲੀਆਂ ਮਾਰਦਾ। ਆਪਣੀ ਲੱਤ ਨਾਲੋਂ ਰੱਸੀ ਦੀ ਗੰਢ ਖੋਲ੍ਹਦਾ। ਗੰਢ ਖੁੱਲ੍ਹਦੀ ਨਹੀਂ ਸੀ। ਗੰਢ ਖੋਲ੍ਹਣੀ ਮੈਂ ਜਾਣਦਾ ਹੀ ਨਹੀਂ ਸੀ। ਰੋਂਦਾ ਸਾਂ, ਚੀਕਾਂ ਛੱਡਦਾ ਸਾਂ ਤੇ ਹਾਰ ਕੇ ਖਿਡੌਣਿਆਂ ਨੂੰ ਚਲਾ ਚਲਾ ਮਾਰਦਾ ਸਾਂ। ਕਿੱਲੇ ਨਾਲ ਬੰਨ੍ਹਿਆ ਰਹਿੰਦਾ ਸਾਂ ਜਿੰਨੀ ਲੰਬੀ ਮੇਰੀ ਰੱਸੀ, ਓਡਾ ਕੁ ਹੀ ਮੇਰਾ ਸੰਸਾਰ ਸੀ। ਕਿੱਲੇ ਨਾਲ ਬੱਝਿਆ ਹੋਇਆ ਸੰਸਾਰ।

ਤੇ ਫਿਰ ਜਦ ਮੈਂ ਕੁਝ ਉਡਾਰ ਹੋ ਗਿਆ ਸਾਂ, ਮਾਂ ਨੂੰ ਮੇਰੇ ਵਿਆਹ ਦਾ ਫ਼ਿਕਰ ਪੈ ਗਿਆ ਸੀ। ਉਹ ਵੀ ਚਾਹੁੰਦੀ ਸੀ, ਛੇਤੀ ਨੂੰਹ ਘਰ ਆਵੇ। ਸੱਤਵੀਂ ਜਾਂ ਸ਼ਾਇਦ ਅੱਠਵੀਂ ਜਮਾਤ ਵਿਚ ਪੜ੍ਹਦਾ ਸਾਂ ਕਿ ਮਾਂ ਨੇ ਰਿਸ਼ਤਾ ਲੈ ਲਿਆ। ਆਪਣੇ ਜਾਣੇ ਬਹੁਤ ਚੰਗੇ ਖਾਨਦਾਨੀ ਘਰ ਦਾ ਰਿਸ਼ਤਾ। ਦਸਵੀਂ ਜਮਾਤ ਪਾਸ ਕੀਤੀ ਤਾਂ ਵਿਆਹ ਵੀ ਲੈ ਲਿਆ। ਮੈਂ ਕਾਲਜ ਵਿਚ ਪੜ੍ਹਦਾ ਤੇ ਕੁਸ਼ੱਲਿਆ ਮਾਂ ਕੋਲ ਰਹਿੰਦੀ। ਮੈਂ ਬੀ. ਏ. ਕੀਤੀ ਤੇ ਕੁਸ਼ੱਲਿਆ ਨੇ ਦੋ ਬੱਚੇ ਜੰਮ ਕੇ ਰੱਖ ਦਿੱਤੇ। ਮਾਂ ਖੁਸ਼ ਸੀ ਕਿ ਉਹ ਆਰ ਪਰਿਵਾਰ ਵਾਲੀ ਹੈ। ਉਸ ਦੇ ਘਰ ਸਾਰੇ ਰੰਗ ਭਾਗ ਲੱਗੇ ਹੋਏ ਹਨ।

ਕੁਸ਼ੱਲਿਆ ਸਾਰੀ ਉਮਰ ਮਾਂ ਕੋਲ ਹੀ ਰਹੀ। ਭਾਵ ਜਦ ਤੋਂ ਉਹ ਵਿਆਹੀ ਹੈ, ਮੇਰੀ ਕੋਲ ਹੀ ਹੈ। ਮੈਂ ਦੂਰ ਦੂਰ ਥਾਵਾਂ 'ਤੇ ਰਿਹਾ ਹਾਂ, ਪਰ ਉਸ ਨੂੰ ਨਾਲ ਕਦੇ ਨਹੀਂ ਲੈ

ਕੇ ਗਿਆ। ਇੱਕ ਵਾਰੀ ਸਿਰਫ਼ ਉਹ ਮੇਰੇ ਕੋਲ ਰਹੀ ਸੀ। ਓਦੋਂ, ਜਦ ਮੈਂ ਬਠਿੰਡੇ ਹੁੰਦਾ ਸਾਂ।

ਬਠਿੰਡੇ ਸਾਡੇ ਦਫ਼ਤਰ ਦੀਆਂ ਮੁਲਾਜ਼ਮ ਕੁੜੀਆਂ ਸੁਭਾਅ ਦੀਆਂ ਬੜੀਆਂ ਖੁੱਲ੍ਹੀਆਂ ਸਨ। ਸਾਡੇ ਨਾਲ ਖੁੱਲ੍ਹ ਖੁੱਲ੍ਹ ਗੱਲਾਂ ਕਰਦੀਆਂ, ਖੁੱਲ੍ਹ ਖੁੱਲ੍ਹ ਹਸਦੀਆਂ। ਸਾਡੇ ਨਾਲ ਚਾਹ ਪੀਂਦੀਆਂ, ਦੁਪਹਿਰ ਦੀ ਰੋਟੀ ਸਾਡੇ ਨਾਲ ਬਹਿ ਕੇ ਖਾਂਦੀਆਂ। ਸ਼ਾਮ ਨੂੰ ਬਜ਼ਾਰ ਵਿਚ ਮਿਲਦੀਆਂ ਤਾਂ ਖੜ੍ਹਕੇ ਗੱਲ ਕਰਦੀਆਂ। ਕਰਮਜੀਤ ਤਾਂ ਬਹੁਤੀ ਹੀ ਘੁਲੀ ਮਿਲੀ ਸੀ।

ਇੱਕ ਸ਼ਾਮ ਉਹ ਸਾਡੇ ਘਰ ਆਈ। ਮੈਂ ਅਖ਼ਬਾਰ ਦਾ ਐਡੀਟੋਰੀਅਲ ਪੜ੍ਹ ਰਿਹਾ ਸਾਂ। ਕੁਸ਼ੱਲਿਆ ਮੇਰੇ ਕੋਲ ਬੈਠੀ ਆਲੂ ਛਿੱਲ ਰਹੀ ਸੀ। ਕਰਮਜੀਤ ਨੇ ਆਉਣ ਸਾਰ ਮੇਰੇ ਹੱਥੋਂ ਅਖ਼ਬਾਰ ਖੋਹ ਲਿਆ ਸੀ। ਆਖਿਆ ਸੀ, "ਵੀਰ ਜੀ ਐਸ ਵੇਲੇ ਤਾਂ ਕਹਿੰਦੇ ਦਰਿਆ ਵੀ ਠਹਿਰ ਜਾਂਦੇ ਨੇ। ਤੁਸੀਂ ਕਦੇ ਤਾਂ ਆਰਾਮ ਨਾਲ ਬੈਠ ਜਾਇਆ ਕਰੋ।" ਕੁਸ਼ੱਲਿਆ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਉਸ ਨੇ ਉਸ ਦੇ ਹੱਥੋਂ ਚਾਕੂ ਫੜਿਆ ਸੀ, "ਆਲੂ ਮੈਂ ਛਿੱਲਦੀ ਆਂ, ਭਾਬੀ ਜੀ ਤੁਸੀਂ ਚਾਹ ਬਣਾਓ।"

ਕਿਉਂ, ਦੇਖੇ ਨੇ ਐਹੋ ਜੇ ਮਹਿਮਾਨ? ਆਪ ਈ ਮੰਗ ਲੈਂਦੇ ਨੇ ਚਾਹ।" ਕਹਿਕੇ ਮੈਂ ਹੱਸਣ ਦੀ ਕੋਸ਼ਿਸ਼ ਕੀਤੀ ਸੀ। ਕੁਸ਼ੱਲਿਆ ਦੇ ਮੱਥੇ 'ਤੇ ਤਿਉੜੀਆਂ ਪੈ ਗਈਆਂ ਸਨ। ਤਿਉੜੀਆਂ ਕੀ ਉਸ ਦਾ ਤਾਂ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਗਿਆ ਸੀ, ਅੱਖਾਂ ਟੱਡੀਆਂ ਰਹਿ ਗਈਆਂ ਸਨ। ਉਸ ਨੂੰ ਤਾਂ ਜਿਵੇਂ ਗਸ਼ੀ ਪੈਣ ਵਾਲੀ ਹੋਵੇ। ਰਸੋਈ ਵਿਚ ਚਾਹ ਬਣਾ ਕੇ ਉਹ ਸਾਨੂੰ ਫੜਾ ਗਈ ਸੀ। ਕਰਮਜੀਤ ਨੇ ਬਹੁਤ ਆਖਿਆ ਸੀ, "ਆਓ ਭਾਬੀ ਜੀ, ਤੁਸੀਂ ਵੀ ਪੀਓ ਹਿੱਕ ਪਿਆਲੀ।" ਪਰ ਕੁਸ਼ੱਲਿਆ ਨੇ ਤਾਂ ਰਸੋਈ ਵਿਚ ਹੀ ਜਿਵੇਂ ਕਬਰ ਪੁੱਟ ਲਈ ਹੋਵੇ। ਕਰਮਜੀਤ ਬੇਸ਼ਰਮ ਜਿਹੀ ਹੋ ਕੇ ਚਲੀ ਗਈ ਸੀ। ਕੁਸ਼ੱਲਿਆ ਨੇ ਮੇਰੇ ਕੋਲ ਆ ਕੇ ਕੰਧ ਨਾਲ ਟੱਕਰ ਮਾਰੀ ਸੀ। ਮੱਥੇ ਵਿਚੋਂ ਲਹੂ ਕੱਢ ਲਿਆ ਸੀ। ਦੁਹੱਥੜੀ ਪਿੱਟ ਰਹੀ ਸੀ, "ਦੱਸੋ, ਕੌਣ ਐ ਇਹੋ, ਮੇਰੇ ਪਿਓ ਦੀ ਰੰਨ?"

ਹੁਣ ਮੈਂ ਪਿੰਡ ਦੇ ਨੇੜੇ ਹੀ ਹਾਂ। ਹਰ ਰੋਜ਼ ਬੱਸ 'ਤੇ ਘਰ ਆ ਜਾਂਦਾ ਹਾਂ। ਛੇ ਵਜੇ ਪਹੁੰਚ ਜਾਂਦਾ ਹਾਂ। ਕਦੇ ਕਦੇ ਕੋਈ ਦੋਸਤ ਮਿੱਤਰ ਮਿਲ ਜਾਵੇ ਤਾਂ ਦੇਰ ਵੀ ਹੋ ਜਾਂਦੀ ਹੈ। ਦੇਰ ਨਾਲ ਘਰ ਪਹੁੰਚਾ ਤਾਂ ਕੁਸ਼ੱਲਿਆ ਦਾ ਮੂੰਹ ਮੋਟੇ ਦਾ ਮੋਟਾ।

"ਚਾਹ ਬਣਾ ਕੁਸ਼ੱਲਿਆ।" ਮੈਂ ਕਹਿੰਦਾ ਹਾਂ। ਉਹ ਬੋਲਦੀ ਨਹੀਂ।

"ਸੁਣਿਆ ਨੀ? ਮੈਂ ਕੀ ਆਖਿਐ?"

"ਜਿੱਥੋਂ ਆਏ ਓ? ਓਥੇ ਨੀ ਮਿਲੀ ਚਾਹ?"

"ਔਣਾ ਮੈਂ ਕਿੱਥੋਂ ਸੀ? ਦਿਲਬਾਰ ਮਿਲ ਪਿਆ, ਸਹੁਰਿਆਂ ਦੀਆਂ ਗੱਲਾਂ ਛੇੜ ਕੇ ਬਹਿ ਗਿਆ, ਘੰਟਾ ਲਵਾ 'ਤਾ ਸਾਲੇ ਨੇ।"

"ਬਹਾਨੇ ਬਣੌਣੇ ਤਾਂ ਬਥੇਰੇ ਔਂਦੇ ਨੇ। ਮਿਲ ਗਈ ਹੋਣੀ ਐ ਕੋਈ ਸੌਕਣ ਮੇਰੀ।"

"ਐਵੇਂ ਭੌਂਕੀ ਨਾ ਜਾਹ।"

"ਮੈਂ ਤਾਂ ਕੁੱਤੀ ਹਾਂ ਈ। ਐਨਾ ਚਿਰ ਹੋਰ ਕਿੱਥੇ ਰਹੇ? ਮੈਂ ਜਾਣਦੀ ਨੀ?"

ਤੇ ਖਿਝਕੇ ਮੈਂ ਉਸ ਨੂੰ ਧੋਅ ਧੋਅ ਕੁੱਟ ਸੁੱਟਦਾ ਹਾਂ। ਉਹ ਰੋਂਦੀ ਹੈ ਤੇ ਕਹਿੰਦੀ ਹੈ– "ਮੈਨੂੰ ਤਪੌਣ ਆਲੀਏ, ਮੈਂ ਤਾਂ ਕਹਿਨੀਆਂ, ਤੇਰੀ ਦੇਹ ਨੂੰ ਕਾਂ ਕੁੱਤੇ ਨਾ ਖਾਣ।"

"ਦੱਸ ਤਾਂ ਸਹੀ, ਕੌਣ ਐਂ ਤੇਰੀ ਮਾਂ?" ਮੈਂ ਗਰਮ ਹੋਇਆ ਪੁੱਛਦਾ ਹਾਂ।

"ਬੱਸ ਠੀਕ ਈ ਐ। ਦੱਸੀ ਹੋਈ ਐ। ਇੱਕੋ ਦਿਨ ਕਿਉਂ ਨੀ ਗੰਡਾਸੇ ਨਾਲ ਵੱਢ ਦਿੰਦੇ? ਆਨੀ ਬਹਾਨੀ ਨਿੱਤ ਕਿਉਂ ਮਾਰਦੇ ਓਂ?"

"ਆਪ ਈ ਖਾਨੀ ਐਂ ਜੁੱਤੀਆਂ।"

"ਮੈਂ ਤਾਂ ਓਦਣ ਈ ਜਾਣ ਗੀ ਸੀ।"

"ਕਿੱਦਣ?"

"ਬਠਿੰਡੇ। ਜਾਦ ਨੀ? ਕਰਮਜੀਤ ਕੰਜਰੀ।"

ਮੈਂ ਹੱਸਦਾ ਹਾਂ। "ਓਸੇ ਗੱਲ ਨੂੰ ਦੱਬੀਂ ਫਿਰੀ ਸਾਰੀ ਉਮਰ। ਹੈ?"

ਉਸ ਦੀਆਂ ਅੱਖਾਂ ਫਿਰ ਪਾਣੀ ਨਾਲ ਭਰ ਜਾਂਦੀਆਂ ਹਲ। ਹਉਂਕੇ ਲੈਂਦੀ ਉਹ, ਚਾਹ ਬਣਾਉਣ ਲਈ ਸਟੋਵ ਵਿਚ ਹਵਾ ਭਰਨ ਲੱਗਦੀ ਹੈ।

ਮੇਰੀਆਂ ਅੱਖਾਂ ਨੂੰ ਇੱਕ ਨਾਮੁਰਾਦ ਬਿਮਾਰੀ ਚਿੰਬੜ ਗਈ ਹੈ। ਛੇ ਮਹੀਨਿਆਂ ਬਾਅਦ ਪਲਕਾਂ ਦੇ ਅੰਦਰੋਂ ਮਾਸ ਕਟਵਾਉਣਾ ਪੈਂਦਾ ਹੈ, ਨਹੀਂ ਤਾਂ ਬੁਰਾ ਹਾਲ ਹੋ ਜਾਂਦਾ ਹੈ।

ਅੱਜ ਐਤਵਾਰ ਹੈ। ਸ਼ਾਮ ਦੀ ਗੱਡੀ ਪਟਿਆਲਾ ਜਾ ਰਿਹਾ ਹਾਂ। ਸੋਮਵਾਰ ਦੀ ਛੁੱਟੀ ਲੈ ਲਈ ਹੈ। ਕੱਲ੍ਹ ਨੂੰ ਸਵੇਰੇ ਹੀ ਹਸਪਤਾਲ ਜਾਵਾਂਗਾ ਤੇ ਡਾਕਟਰ ਨੂੰ ਮਿਲਾਂਗਾ। ਮਾਈਨਰ ਅਪਰੇਸ਼ਨ ਤਾਂ ਹੈ। ਦੁਪਹਿਰ ਦੀ ਗੱਡੀ ਹੀ ਵਾਪਸ ਆ ਜਾਵਾਂਗਾ।

ਧੂਰੀ ਚਾਹ ਪੀਣ ਉੱਤਰਦਾ ਹਾਂ। ਗੱਡੀ ਚੱਲਦੀ ਹੈ ਤੇ ਮੈਂ ਕਾਹਲ ਵਿਚ ਹੋਰ ਡੱਬੇ ਨੂੰ ਹੱਥ ਪਾ ਲਿਆ ਹੈ। ਕੋਈ ਗੱਲ ਨਹੀਂ ਪਹਿਲੇ ਡੱਬੇ ਵਿਚ ਮੇਰਾ ਕੋਈ ਸਮਾਨ ਨਹੀਂ ਹੈ। ਏਅਰ ਬੈਗ ਹੈ, ਸੋ ਮੇਰੇ ਮੋਢੇ ਹੈ।

ਕਿਸੇ ਖ਼ਾਲੀ ਸੀਟ ਵੱਲ ਨਜ਼ਰ ਦੌੜ ਰਹੀ ਹੈ। "ਵੀਰ ਜੀ, ਐਥੇ ਆ ਜਾਓ।" ਆਵਾਜ਼ ਮੇਰੀ ਜਾਣੀ ਪਹਿਚਾਣੀ ਹੈ। ਗਰਦਨ ਘੁਮਾ ਕੇ ਦੇਖਦਾ ਹਾਂ। ਗੰਗਾ ਹੈ, ਸਾਡੇ ਦਫ਼ਤਰ ਦੀ ਸਟੈਨੋ।

"ਗੰਗਾ, ਰਾਮਪੁਰੇ ਫੂਲ ਤਾਂ ਤੈਨੂੰ ਦੇਖਿਆ ਨੀ। ਕਿਹੜੇ ਵੇਲੇ ਚੜ੍ਹ 'ਗੀ ਤੂੰ?"

"ਲਓ, ਮੈਂ ਤਾਂ ਮਸਾਂ ਲਈ ਗੱਡੀ। ਇੱਕ ਗੋਦੀ ਆਹ, ਤੱਥੜ।" ਉਹ ਆਪਣੀ ਤਿੰਨ ਕੁ ਸਾਲ ਦੀ ਬੇਬੀ ਦੀਆਂ ਗੱਲ੍ਹਾਂ ਨੂੰ ਘੁੱਟਦੀ ਹੈ।

ਬੇਬੀ ਨੂੰ ਪੱਟਾਂ 'ਤੇ ਬਿਠਾ ਕੇ ਮੈਂ ਗੰਗਾ ਦੇ ਕੋਲ ਬੈਠ ਜਾਂਦਾ ਹਾਂ। ਅਸੀਂ ਦਫ਼ਤਰ ਦੀਆਂ ਗੱਲਾਂ ਛੇੜ ਲੈਂਦੇ ਹਾਂ। ਗੱਲਾਂ ਹਨ ਕਿ ਮੁੱਕਣ ਵਿਚ ਹੀ ਨਹੀਂ ਆਉਂਦੀਆਂ।

ਪਟਿਆਲਾ ਆ ਜਾਂਦਾ ਹੈ। ਕਾਫ਼ੀ ਹਨੇਰਾ ਹੈ।

"ਕਿੱਥੇ ਠਹਿਰੋਂਗੇ?"

"ਰਾਘੋ ਮਾਜਰੇ, ਮੇਰਾ ਇੱਕ ਦੋਸਤ ਐ। ਜੇ ਹੋਇਆ ਘਰੇ ਛੜਾ ਛਾਂਟ ਐ। ਨਾ ਹੋਇਆ ਤਾਂ ਫਿਰ ਦੁਖ ਨਿਵਾਰਨ।" ਕਹਿ ਕੇ ਮੈਂ ਹੱਸਣ ਲੱਗ ਪੈਂਦਾ ਹਾਂ।

ਗੰਗਾ ਗੰਭੀਰ ਹੋ ਗਈ ਹੈ। ਕਹਿੰਦੀ ਹੈ, ਮੇਰੇ ਨਾਲ ਚੱਲੋ।"

"ਤੈਂ ਕਿੱਥੇ ਰਹਿਣੈ?"

"ਐਥੇ ਮਾਸੀ ਜੀ ਨੇ ਨਾ। 'ਕੱਲੇ ਈ ਰਹਿੰਦੇ ਨੇ। ਇੱਕ ਮੁੰਡੈ। ਕੈਪਟਨ ਐ। ਮਾਸੜ ਜੀ ਸੂਬੇਦਾਰ ਸਨ। ਹਿੰਦ-ਪਾਕਿ ਦੀ ਲੜਾਈ 'ਚ ਮਾਰੇ ਗਏ ਸਨ।"

ਟਿਕਟ ਕੁਲੈਕਟਰ ਤੋਂ ਅਗਲਾ ਬੰਦਾ ਰਿਕਸ਼ੇ ਵਾਲਾ ਹੈ। ਅਸੀਂ ਮਾਡਲ ਟਾਊਨ ਪਹੁੰਚ ਜਾਂਦੇ ਹਾਂ। ਮਾਸੀ ਦੇ ਘਰ ਨੂੰ ਜਿੰਦਾ ਲੱਗਿਆ ਹੋਇਆ ਹੈ। ਗੰਗਾ ਗਵਾਂਢੀਆਂ ਨੂੰ ਪਹਿਲਾਂ ਹੀ ਜਾਣਦੀ ਹੈ। ਮਾਸੀ ਬਾਰੇ ਪੁੱਛਦੀ ਹੈ। ਇੱਕ ਬੁੜ੍ਹੀ ਚਾਬੀਆਂ ਦੇ ਕੇ ਦੱਸਦੀ ਹੈ, “ਮੁੰਡਾ ਆਇਆ ਸੀ, ਭਾਈ, ਰਾਤ। ਨਾਲ ਈ ਲੈ ਗਿ, ਫ਼ਰੋਜ਼ਪੁਰ ਨੂੰ। ਕਹਿ 'ਗੀ ਸੀ–ਜੇ ਭਲਾ ਗੰਗਾ ਆ ਜਾਵੇ, ਰਾਮਪੁਰਿਓਂ ਤਾਂ ਆਹ ਚਾਬੀਆਂ ਫੜਾ ਦਿਓ। ਅਸੀਂ ਤਾਂ ਬਹੁਤ ਆਖਿਆ ਸੀ ਬਈ ਜੇ ਆਊਗੀ ਤਾਂ ਸਾਡੇ ਰਹਿ ਪਊਗੀ।”

“ਮੈਂ ਤਾਂ ਖ਼ਤ ਵੀ ਲਿਖਿਆ ਸੀ, ਅੱਜ ਔਣ ਦਾ।” ਤੇ ਫਿਰ ਗੰਗਾ ਆਪ ਹੀ ਕਹਿੰਦੀ ਹੈ, “ਕੀ ਕਰੇ ਮਾਸੀ ਵੀ? ਦੋ ਖ਼ਤ ਪਹਿਲਾਂ ਵੀ ਮੈਂ ਲਿਖੇ ਸੀ ਪਰ ਆਇਆ ਨਹੀਂ ਸੀ ਗਿਆ। ਸੋਚਦੀ ਹੋਊਗੀ–ਕਿੱਥੇ ਔਣੈ ਗੰਗਾ ਨੇ। ਹੁਣ ਵੀ ਤਾਂ ਮਸਾਂ ਆਈ ਆਂ ਭੱਜ ਨੱਠ 'ਚ।”

ਗੰਗਾ ਨੇ ਮਾਸੀ ਦਾ ਜਿੰਦਾ ਖੋਲ੍ਹਿਆ। ਮੈਨੂੰ ਅੰਦਰ ਬਿਠਾ ਕੇ ਆਪ ਉਹ ਰਸੋਈ ਵਿਚ ਆਟੇ ਦੀ ਤਲਾਸ਼ ਕਰਨ ਲੱਗਦੀ ਹੈ। ਗਵਾਂਢਣ ਬੁੜ੍ਹੀ ਆਉਂਦੀ ਹੈ ਤੇ ਕਹਿੰਦੀ ਹੈ, ਰੋਟੀ, ਧੀਏ, ਮੈਂ ਔਨੀ ਆਂ ਲੈ ਕੇ। ਐਵੇਂ ਨਾ ਕਿਤੇ ਤਵਾ ਧਰ ਲੀਂ।”

ਰੋਟੀ ਖਾ ਕੇ ਅਸੀਂ ਇੱਕੋ ਕਮਰੇ ਵਿਚ ਪੈ ਜਾਂਦੇ ਹਾਂ। ਕਾਫ਼ੀ ਰਾਤ ਤੀਕ ਗੱਲਾਂ ਕਰਦੇ ਰਹਿੰਦੇ ਹਾਂ। ਸੌਂ ਜਾਂਦੇ ਹਾਂ। ਸਵੇਰੇ ਉੱਠਦੇ ਹਾਂ। ਗਵਾਂਢਣ ਬੁੜ੍ਹੀ ਦੁੱਧ ਦੀ ਗੜਵੀ ਦੇ ਗਈ ਹੈ। ਗੰਗਾ ਚਾਹ ਬਣਾਉਂਦੀ ਹੈ। ਮੈਂ ਨਹਾ ਲੈਂਦਾ ਹਾਂ। ਚਾਹ ਪੀ ਕੇ ਹਸਪਤਾਲ ਨੂੰ ਤੁਰ ਪੈਂਦਾ ਹਾਂ।

ਘਰ ਆ ਕੇ ਸੋਚਦਾ ਹਾਂ, ਜੇ ਕੁਸ਼ੱਲਿਆ ਨੂੰ ਦੱਸ ਦਿਆਂ ਕਿ ਮੈਂ ਇੱਕ ਪਰਾਈ ਔਰਤ ਨਾਲ ਰਾਤ ਗੁਜ਼ਾਰ ਕੇ ਆਇਆ ਹਾਂ ਤਾਂ ਕੀ ਹੋਵੇ?

ਸੋਚਦਾ ਹਾਂ, ਬਚਪਨ ਵਿਚ ਲੱਤ ਨਾਲ ਮਾਂ ਰੱਸੀ ਬੰਨ੍ਹ ਦਿੰਦੀ ਸੀ, ਉਹ ਹੁਣ ਵੀ ਬੱਝੀ ਹੋਈ। ਮੈਂ ਓਨਾ ਹੀ ਨਿਤਾਣਾ ਹਾਂ। ਰੱਸੀ ਦੀ ਗੰਢ ਮੈਥੋਂ ਹੁਣ ਵੀ ਨਹੀਂ ਖੁੱਲ੍ਹਦੀ। ♦

# ਹਨੇਰਾ ਕਮਰਾ

ਕਮਰੇ ਵਿਚ ਪੈਰ ਰੱਖਦਿਆਂ ਹੀ ਮੈਨੂੰ ਮਹਿਸੂਸ ਹੁੰਦਾ ਹੈ, ਜਿਵੇਂ ਸੂਰਜ ਛਿਪ ਗਿਆ ਹੋਵੇ। ਪਤਾ ਨਹੀਂ ਕਿਉਂ? ਦੁਪਹਿਰ ਵੀ ਹੋਵੇ ਤਾਂ ਵੀ ਇਸ ਕਮਰੇ ਵਿਚ ਆ ਕੇ ਸੂਰਜ ਦੇ ਛਿਪ ਜਾਣ ਦਾ ਅਹਿਸਾਸ ਹੋਣ ਲੱਗਦਾ ਹੈ।

ਰੋਜ਼ ਹੀ ਸ਼ਾਮ ਨੂੰ ਜਦ ਮੈਂ ਘਰ ਆਉਂਦਾ ਾਂ ਤਾਂ ਲੱਗਦਾ ਹੈ, ਜਿਵੇਂ ਕੋਈ ਚੀਜ਼ ਬਾਹਰ ਹੀ ਕਿਤੇ ਛੱਡ ਆਇਆ ਹੋਵਾਂ। ਮੇਰੇ ਅੰਦਰ ਕਿਤੇ ਕੁਝ ਮਰ ਗਿਆ ਲਗਦਾ ਹੈ, ਜਿਵੇਂ ਕੋਈ ਰੋਸ਼ਨੀ ਮੇਰੇ ਵਿਚੋਂ ਗਾਇਬ ਹੋ ਗਈ ਹੋਵੇ। ਪਰ ਇਹ ਅਹਿਸਾਸ ਮੈਨੂੰ ਆਪਣੇ ਘਰ ਆਪਣੇ ਕਮਰੇ ਵਿਚ ਆ ਕੇ ਕਿਉਂ ਹੁੰਦਾ ਹੈ?

ਮਹੇਸ਼ ਨੇ ਆਖਿਆ ਸੀ, "ਔਰਤ ਤਾਂ ਇੱਕ ਸਰੀਰਕ ਲੋੜ ਹੈ, ਦੋਸਤ। ਪਿਆਰ ਵਿਆਰ ਕੁੱਛ ਨੀ ਹੁੰਦਾ।

ਮੰਜੇ 'ਤੇ ਬਹਿ ਕੇ ਬੂਟਾਂ ਦੇ ਤਸਮੇ ਖੋਲ੍ਹਦਾ ਹਾਂ, ਜ਼ਿੰਦਗੀ ਦੀ ਗੰਢ ਕਦੋਂ ਖੁੱਲ੍ਹੇਗੀ? ਕੀ ਸਾਰੀ ਉਮਰ ਏਸੇ ਤਰ੍ਹਾਂ ਬੀਤ ਜਾਏਗੀ? ਪਿਚਕੀ ਹੋਈ ਗੰਢ ਵਾਂਗ?

ਤਹਿ ਖੋਲ੍ਹ ਕੇ ਰਜ਼ਾਈ ਨੂੰ ਢਿੱਡ ਤੀਕ ਖਿੱਚ ਲੈਂਦਾ ਹਾਂ। ਟੇਬਲ ਲੈਂਪ ਜਗਾਉਂਦਾ ਹਾਂ ਤੇ ਸਵੇਰ ਦੇ ਪੜ੍ਹੇ ਅਖ਼ਬਾਰ ਨੂੰ ਦੁਬਾਰਾ ਪੜ੍ਹਨ ਦੀ ਕੋਸ਼ਿਸ਼ ਕਰਨ ਲੱਗਦਾ ਹਾਂ। ਬੀਵੀ ਚਾਹ ਦਾ ਗਲਾਸ ਮੇਜ਼ 'ਤੇ ਰੱਖ ਜਾਂਦੀ ਹੈ। ਕਹਿ ਜਾਂਦੀ ਹੈ, "ਪੀ ਲਵੋ, ਨਹੀਂ ਤਾਂ ਠੰਡੀ ਹੋ ਜਾਵੇਗੀ।"

"ਜ਼ਿੰਦਗੀ ਵੀ ਇੱਕ ਚਾਹ ਹੈ। ਤੱਤੀ ਤੱਤੀ ਦੀਆਂ ਦੋ ਘੁੱਟਾਂ ਭਰ ਲਈਆਂ ਜਾਣ, ਆਪਣੀਆਂ ਹੁੰਦੀਆਂ ਹਨ। ਠੰਡੀ ਜ਼ਿੰਦਗੀ ਜਿਉਣ ਦਾ ਕੀ ਲਾਭ?" ਚਾਹ ਨੂੰ ਸ਼ਰਬਤ ਵਾਂਗ ਪੀਂਦਾ ਮੈਂ ਸੋਚ ਰਿਹਾ ਹਾਂ।

ਸੱਤ ਸਾਲ ਪਹਿਲਾਂ ਜਦ ਮੈਂ ਕੰਵਾਰਾ ਸਾਂ। ('ਕੰਵਾਰਾ' ਸ਼ਬਦ ਸਮਾਜਕ ਜਿਹਾ ਕਿਉਂ ਲੱਗਦਾ ਹੈ?) ਇੱਕ ਕੁੜੀ ਏਸੇ ਕਮਰੇ ਵਿਚ ਆਉਂਦੀ ਸੀ। ਮੇਰੇ ਅੰਗ ਅੰਗ ਵਿਚ ਥਰਕਣਾ ਛੇੜ ਦਿੰਦੀ ਸੀ। ਬਾਰੀ ਦੀਆਂ ਵਿਰਲਾਂ ਥਾਣੀ ਹਨੇਰਾ ਅੰਦਰ ਆ ਵੜ੍ਹਦਾ ਸੀ। ਪਰ ਮੈਨੂੰ ਲੱਗਦਾ ਹੁੰਦਾ ਸੀ, ਜਿਵੇਂ ਸੂਰਜ ਅਜੇ ਛਿਪਿਆ ਨਾ ਹੋਵੇ। ਉਦੋਂ ਉਹ ਕੁੜੀ ਹੀ ਮੇਰਾ ਸੂਰਜ ਸੀ।

ਜਦ ਦਾ ਉਹ ਸੂਰਜ ਮੇਰੇ ਕਮਰੇ ਵਿਚੋਂ ਛਿਪਿਆ ਹੈ, ਕਮਰੇ ਵਿਚ ਆਉਣ ਸਾਰ ਮੈਨੂੰ ਮਹਿਸੂਸ ਹੁੰਦਾ ਹੈ, ਜਿਵੇਂ ਆਕਾਸ਼ ਵਾਲਿਆਂ ਦਾ ਸੂਰਜ ਵੀ ਛਿਪ ਗਿਆ ਹੋਵੇ। ਕਮਰਾ ਹਨੇਰਾ ਘੁੱਪ ਹੈ। ਮੇਰੀ ਜ਼ਿੰਦਗੀ ਵਾਂਗ ਹੀ। ਬਾਰੀ ਦੀਆਂ ਵਿਰਲਾਂ ਥਾਣੀਂ

ਆਉਂਦੀ ਹਰ ਕਿਰਣ ਇਸ ਹਨੇਰੇ ਵਿਚ ਗੁਆਚ ਜਾਂਦੀ ਹੈ। ਟੇਬਲ ਲੈਂਪ ਦਾ ਚਾਨਣ ਤਾਂ ਬਣਾਵਟੀ ਹੈ। ਬੀਵੀ ਦੇ ਪਿਆਰ ਵਰਗਾ।

ਰੋਟੀ ਖਾ ਕੇ ਮੈਂ ਮਾਸਕ ਪੱਤਰ ਚੁੱਕ ਪੈਂਦਾ ਹਾਂ। ਕਹਾਣੀ ਪੜ੍ਹਨ ਦੀ ਕੋਸ਼ਿਸ਼ ਕਰਦਾ ਹਾਂ। ਕੋਈ ਕਹਾਣੀ ਚੰਗੀ ਨਹੀਂ ਲੱਗਦੀ। ਹਰ ਇੱਕ ਦੀਆਂ ਮੁੱਢ ਵਿਚੋਂ ਦੋ ਤਿੰਨ ਸਤਰਾਂ ਪੜ੍ਹਦਾ ਹਾਂ। ਛੱਡ ਦਿੰਦਾ ਹਾਂ। ਕਹਾਣੀ ਦੇ ਵਿਚਾਲਿਓਂ ਕਿਤੇ ਕੋਈ ਚਟਖ਼ਾਰੇਦਾਰ ਫ਼ਿਕਰਾ ਪੜ੍ਹਨ ਦੀ ਲੋਚਾ ਜਾਗਦੀ ਹੈ। ਨਹੀਂ। ਅੰਤ ਦੇਖਦਾ ਹਾਂ, ਕੀ ਕੀਤਾ ਹੈ? ਪਰ ਸਾਰੀ ਕਹਾਣੀ ਪੜ੍ਹੇ ਬਿਨਾਂ ਅੰਤ ਦਾ ਕੀ ਪਤਾ ਲੱਗੇ? ਅਖੀਰ ਕੋਈ ਵੀ ਕਹਾਣੀ 'ਜ਼ਰੂਰ ਪੜ੍ਹਨੀ' ਸਮਝਕੇ ਇੱਕ ਕਹਾਣੀ ਮੁੱਢ ਤੋਂ ਹੀ ਪੜ੍ਹਨੀ ਸ਼ੁਰੂ ਕਰ ਦਿੰਦਾ ਹਾਂ। ਅੱਧ ਕੁ ਤੀਕ ਪਹੁੰਚ ਕੇ ਦਿਲਚਸਪੀ ਪੈਦਾ ਹੋ ਜਾਂਦੀ ਹੈ ਤੇ ਮੈਂ ਆਪਣੇ ਹਨੇਰੇ ਕਮਰੇ ਨੂੰ ਭੁੱਲ ਜਾਂਦਾ ਹਾਂ।

ਬੀਵੀ ਰਸੋਈ ਦਾ ਕੰਮ ਮੁਕਾ ਕੇ ਅੰਦਰ ਆਉਂਦੀ ਹੈ। ਮੰਜੇ 'ਤੇ ਬੈਠੀ ਗੋਦੀ ਵਾਲੇ ਜਵਾਕ ਨੂੰ ਦੁੱਧ ਚੁੰਘਾ ਕੇ ਸੁਲਾ ਦਿੰਦੀ ਹੈ। ਮੰਜੇ 'ਤੇ ਉਸ ਨੂੰ ਲਿਟਾ ਕੇ ਆਪ ਬਾਹੀ ਤੋਂ ਥੱਲੇ ਲੱਤਾਂ ਲਮਕਾਈ ਸਿਰ ਖ਼ੁਰਕ ਰਹੀ ਹੈ। ਕਿਸੇ ਡਰਾਉਣੇ ਸੁਪਨੇ ਕਰਕੇ ਜਵਾਕ ਦੀ ਨੀਂਦ ਉੱਖੜ ਜਾਂਦੀ ਹੈ ਤੇ ਰੋਂਦਾ ਹੈ। ਉਹ ਉਸ ਨੂੰ ਥਾਪੜਦੀ ਹੈ ਤੇ ਮੇਰੇ ਵੱਲ ਖਾਲੀ ਖਾਲੀ ਅੱਖਾਂ ਨਾਲ ਦੇਖ ਰਹੀ ਹੈ।

"ਨਿਬੇੜ ਆਈ ਸਾਰਾ ਕੰਮ?" ਮਾਸਕ ਪੱਤਰ 'ਤੋਂ ਨਿਗਾਹ ਹਟਾ ਕੇ ਮੈਂ ਪੁੱਛਦਾ ਹਾਂ।

"ਹਾਹੋ" ਕਹਿ ਕੇ ਉਹ ਜਵਾਕ ਦੇ ਨਾਲ ਪੈ ਜਾਂਦੀ ਹੈ ਤੇ ਆਪਣੀ ਰਜਾਈ ਦੇ ਲੜਾਂ ਨੂੰ ਇਕੱਠਾ ਕਰਦੀ ਹੈ। ਮੈਂ ਚੁੱਪ ਚਾਪ ਪੜ੍ਹਦਾ ਰਹਿੰਦਾ ਹਾਂ। ਕਹਾਣੀ ਖ਼ਤਮ ਹੋਣ 'ਤੇ ਮੈਂ ਆਪਣੀ ਨਿਗਾਹ ਸਾਹਮਣੇ ਕੰਧ 'ਤੇ ਟਿਕਾਅ ਲਈ ਹੈ।

ਦਫ਼ਤਰ ਵਾਲੀ ਕੁੜੀ ਵੀ ਅਜੀਬ ਸੀ। ਜਿਸ ਦਿਨ ਉਸ ਦਾ ਬਹੁਤਾ ਹੀ ਜੀਅ ਕਰਦਾ, ਉਹ ਬਹਾਨਾ ਬਣਾ ਕੇ ਮੇਰੀ 'ਕੁਇੰਕ' ਵਿਚੋਂ ਆਪਣਾ ਪੈਨ ਭਰ ਕੇ ਲਿਜਾਂਦੀ ਤੇ ਇਉਂ ਲੱਗਦਾ, ਜਿਵੇਂ ਕੁਝ ਕਹਿਣ ਆਈ ਸੀ, ਪਰ ਕਹਿ ਨਹੀਂ ਸਕੀ। ਅੱਧੇ ਘੰਟੇ ਬਾਅਦ ਹੀ ਉਹ ਮੇਰੀ 'ਕੁਇੰਕ' ਦਾ ਢੱਕਣ ਆ ਖੋਲ੍ਹਦੀ। ਮੈਂ ਖੱਸੀ ਜਿਹੀ ਤਲਖ਼ੀ ਮਹਿਸੂਸ ਕਰਦਾ–ਐਡੀ ਛੇਤੀ ਪੈੱਨ ਖ਼ਾਲੀ ਹੋ ਗਿਆ? 'ਕੁਇੰਕ' ਵਿਚ ਆਪਣੇ ਪੈੱਨ ਦੀ ਸਿਆਹੀ ਕੱਢ ਕੇ ਪੈੱਨ ਨੂੰ ਦੁਬਾਰਾ ਭਰਦੀ ਉਹ ਕਹਿੰਦੀ, "ਛੁੱਟੀ ਹੋਣ ਸਾਰ ਸਾਈਕਲ ਚੁੱਕ ਕੇ ਰੇਲਵੇ ਗੋਦਾਮ ਕੋਲ ਆ ਜਾਇਓ। ਓਥੋਂ ਲੇਕ 'ਤੇ ਚੱਲਾਂਗੇ।"

ਲੇਕ ਤੋਂ ਅੱਗੇ ਸੜਕੇ ਸੜਕ ਜਾਈਏ ਤਾਂ ਇੱਕ ਜੰਗਲ ਆਉਂਦਾ ਹੈ। ਕਿੱਕਰਾਂ, ਬੇਰੀਆਂ, ਜੰਡਾਂ ਤੇ ਕਰੀਰਾਂ ਦਾ ਜੰਗਲ।

ਜੰਗਲ ਦਾ ਪਰਦਾ ਹੰਢਾ ਕੇ ਫਿਰ ਉਹ ਕਈ ਦਿਨ ਸੁੰਨ ਜਿਹੀ ਕਿਉਂ ਰਹਿੰਦੀ ਸੀ?

ਮੈਂ ਉਸ ਦਾ ਹੁਕਮ ਜਿਹਾ ਕਿਉਂ ਮੰਨ ਲੈਂਦਾ ਸਾਂ? ਹਰ ਵਾਰ ਹੀ ਮੰਨ ਲੈਂਦਾ ਸਾਂ। ਕਿਉਂ?

ਮੈਂ ਤਾਂ ਇਹ ਵੀ ਸੁਣਿਆ ਕਰਦਾ ਸੀ ਕਿ ਜਿਸ ਮੁੰਡੇ ਨਾਲ ਉਸ ਦਾ ਵਿਆਹ ਹੋ ਗਿਆ ਸੀ, ਉਸ ਨੂੰ ਉਹ ਦੋ ਤਿੰਨ ਸਾਲਾਂ ਤੋਂ ਪਿਆਰ ਕਰਦੀ ਆ ਰਹੀ ਸੀ। ਉਹ ਕਿਸ ਕਿਸਮ ਦਾ ਪਿਆਰ ਸੀ? ਤੇ ਮੇਰੇ ਨਾਲ ਇੱਕ ਸਰੀਰਕ ਲੋੜ? ਹੀ.... ਹੀ...।

“ਹੱਸੀ ਜਾਂਦੇ ਓ। ਤੁਸੀਂ ਸਮਝਦੇ ਓ, ਮੈਂ ਸੌਂ ਗਈ ਆਂ?” ਬੀਵੀ ਜਵਾਕ ਨਾਲੋਂ ਹੌਲੀ ਦੇ ਕੇ ਉੱਠਦੀ ਹੈ। ਕਹਿੰਦੀ ਹੈ, “ਬੇ ਜੀ ਨਾਲੋਂ ਗੁੱਡੀ ਨੂੰ ਚੁੱਕ ਲਿਆਵਾਂ। ਸੌਂ ਗਈ ਹੋਣੀ ਐ।”

ਮੈਂ ਚੁੱਪ ਹਾਂ।

ਉਹ ਉਬਾਸੀ ਲੈ ਕੇ ਅਗਵਾੜੀ ਭੰਨਦੀ ਹੈ ਤੇ ਮੇਰੀ ਰਜਾਈ ਦਾ ਲੜ ਚੁੱਕ ਕੇ ਇਕਦਮ ਬਿਸਤਰ ਵਿਚ ਆ ਘੁਸਦੀ ਹੈ। ਮੈਂ ਬਾਹੀ ਨਾਲ ਜਾ ਲਗਦਾ ਹਾਂ। ਮੇਰੇ ਪਿੰਡੇ ਨਾਲ ਉਹ ਚਿੱਚੜੀ ਬਣ ਜਾਂਦੀ ਹੈ। ਮੇਰੀ ਪਿੱਠ ’ਤੇ ਹੱਥ ਫੇਰਦੀ ਹੈ। ਕਹਿੰਦੀ ਹੈ, “ਬੰਟੀ ਨਾ ਜਾਗ ਪਵੇ ਕਿਤੇ?”

ਬੇ ਜੀ ਦੂਜੇ ਕਮਰੇ ਵਿਚ ਸੌਂਦੇ ਹਨ। ਗੁੱਡੀ ਨੂੰ ਬੇ ਜੀ ਨਾਲੋਂ ਚੁੱਕ ਕੇ ਬਿਸਤਰੇ ’ਤੇ ਪਾ ਜਾਂਦੀ ਹੈ ਤੇ ਆਪ ਬੰਟੀ ਨਾਲ। ਥੋੜ੍ਹੀ ਦੇਰ ਬਾਅਦ ਹੀ ਉਸ ਦੇ ਘਰਾੜੇ ਉੱਚੇ ਹੋ ਜਾਂਦੇ ਹਨ। ਮੇਰੀ ਨਿਗਾਹ ਫਿਰ ਸਾਹਮਣੇ ਕੰਧ ’ਤੇ ਹੈ।

ਨੀਂਦ ਦਾ ਕੁੱਝ ਹਿੱਸਾ ਬਿਸਤਰ ’ਤੇ ਛੱਡ ਕੇ ਉੱਠਦਾ ਹਾਂ। ਚਾਹ ਪੀਂਦਾ ਹਾਂ, ਟੱਟੀ ਜਾਂਦਾ ਹਾਂ, ਨਹਾਉਂਦਾ ਹਾਂ, ਰੋਟੀ ਖਾਂਦਾ ਹਾਂ ਤੇ ਦਫ਼ਤਰ।

ਦਫ਼ਤਰ ਵਿਚ ਸਾਰਾ ਦਿਨ ਕੰਮ ਕਰਨ ਦੀ ਰਫ਼ਤਾਰ ਮੱਠੀ ਪੈਂਦੀ। ਦਫ਼ਤਰ ਵਾਲੀ ਉਹ ਕੁੜੀ ਜਦ ਦੀ ਗਈ ਹੈ, ਹੋਰ ਕੁੜੀ ਵੱਲ ਦੇਖਣ ਨੂੰ ਜੀਅ ਨਹੀਂ ਕਰਦਾ।

ਪਰ ਸ਼ਾਮ ਨੂੰ ਘਰ ਆ ਕੇ ਕਮਰੇ ਵਿਚ ਹਨੇਰਾ ਕਿਉਂ ਮਹਿਸੂਸ ਹੁੰਦਾ ਹੈ? ♦

# ਜੇ ਕਿਤੇ...

ਪਿਛਲੀ ਰਾਤ ਫ਼ਿਲਮ ਦੇਖ ਕੇ ਜਦ ਉਹ ਮੁੜੇ ਸਨ ਤਾਂ ਰਾਜੇਸ਼ ਉਸ ਨੂੰ ਉਸ ਦੇ ਕਮਰੇ ਤੀਕ ਛੱਡਣ ਚਲਿਆ ਗਿਆ ਸੀ। ਆਪਣੇ ਕਮਰੇ ਨੂੰ ਮੁੜਨ ਲੱਗਿਆ ਉਸ ਨੇ ਪੁੱਛਿਆ ਸੀ, "ਕਮਲਾ, ਕੱਲ੍ਹ ਨੂੰ ਪਿੰਡ ਨਾ ਚੱਲੀਏ?"

"ਕਿਉਂ?"

"ਮੈਂ ਚਾਹੁੰਨਾ, ਤੂੰ ਮੇਰੀ ਮਾਂ ਨੂੰ ਮਿਲ ਲਵੇਂ।"

"ਮਤਲਬ?"

"ਮੈਂ ਚਾਹੁੰਨਾਂ, ਮਾਂ ਤੈਨੂੰ ਇੱਕ ਵਾਰੀ ਦੇਖ ਲਵੇ। ਫ਼ਿਕਰ ਵਾਲੀ ਕੋਈ ਗੱਲ ਨੀ। ਦੇਖਣ ਸਾਰ 'ਹਾਂ' ਕਹਿ ਦੇਣੈਂ ਓਸ ਨੇ ਤਾਂ। ਤੇਰੇ ਵਰਗੀ ਨੂੰਹ...।" ਉਸ ਨੇ ਕਮਲਾ ਦੀ ਠੋਡੀ ਨੂੰ ਹੱਥ ਲਾਇਆ ਸੀ।

"ਚੱਲ। ਮੈਨੂੰ ਕੀ ਇਤਰਾਜ਼ ਐ।" ਉਹ ਮੁਸਕਰਾਈ ਸੀ।

"ਚੰਗਾ ਤੜ੍ਹਕੇ ਫੇਰ ਸੰਦੇਹਾਂ ਈ ਆ ਜੀਂ, ਮੇਰੇ ਕਮਰੇ 'ਚ। ਨਾਸ਼ਤਾਂ ਕਰਕੇ ਓਥੋਂ ਹੀ ਚੱਲਾਂਗੇ ਬੱਸ ਸਟੈਂਡ ਨੂੰ।"

"ਚੰਗਾ, ਗੁੱਡ ਨਾਈਟ।"

"ਗੁੱਡ ਨਾਈਟ।"

ਦੋਵੇਂ ਇੱਕ ਪਿੰਡ ਦੇ ਕੁ-ਐਜੂਕੇਸ਼ਨਲ ਸਕੂਲ ਵਿਚ ਟੀਚਰ ਸਨ। ਸਕੂਲ ਸ਼ਹਿਰ ਤੋਂ ਪੰਦਰਾਂ ਕਿਲੋਮੀਟਰ ਦੂਰ ਸੀ। ਪਛੜਿਆ ਜਿਹਾ ਪਿੰਡ ਸੀ। ਨਵਾਂ ਸਕੂਲ। ਪਿੰਡ ਵਿਚ ਕਿਸੇ ਟੀਚਰ ਦੀ ਰਿਹਾਇਸ਼ ਨਹੀਂ ਸੀ। ਬਹੁਤੇ ਟੀਚਰ ਤਾਂ ਨੇੜੇ ਦੇ ਪਿੰਡਾਂ ਦੇ ਰਹਿਣ ਵਾਲੇ ਹੀ ਸਨ। ਬਾਕੀ ਦੇ ਸ਼ਹਿਰ ਆ ਜਾਂਦੇ ਸਨ। ਸ਼ਹਿਰ ਵਿਚ ਤਾਂ ਕਮਰੇ ਮਿਲ ਹੀ ਜਾਂਦੇ ਸਨ। ਸਾਰੀਆਂ ਸਹੂਲਤਾਂ। ਬੱਸਾਂ ਆਮ ਚੱਲਦੀਆਂ ਸਨ। ਰਾਜੇਸ਼ ਤੇ ਕਮਲਾ ਵੀ ਸ਼ਹਿਰ ਆ ਕੇ ਠਹਿਰਦੇ ਸਨ। ਪਰ ਉਨ੍ਹਾਂ ਦੇ ਕਮਰੇ ਦੂਰ ਦੂਰ ਸਨ। ਰਾਜੇਸ਼ ਦਾ ਕਮਰਾ ਮਾਡਲ ਟਾਊਨ ਵਿਚ ਸੀ ਤੇ ਕਮਲਾ ਦਾ ਭਗਤ ਸਿੰਘ ਕਾਲੋਨੀ ਵਿਚ। ਦੋ ਕਿਲੋਮੀਟਰ ਦਾ ਫ਼ਰਕ, ਪਰ ਉਹ ਹਰ ਸ਼ਾਮ ਮਿਲਦੇ ਸਨ।

ਅੱਜ ਤੜ੍ਹਕੇ ਕਮਲਾ ਉਸ ਦੇ ਕਮਰੇ ਵਿਚ ਆਈ। ਸੰਦੇਹਾਂ ਹੀ ਆ ਗਈ ਸੀ। ਰਾਜੇਸ਼ ਤਾਂ ਅਜੇ ਤਿਆਰ ਵੀ ਨਹੀਂ ਸੀ ਹੋਇਆ। ਨਹਾ ਜ਼ਰੂਰ ਲਿਆ ਸੀ।

ਰਾਜੇਸ਼ ਨੇ ਦੋ ਅੰਡੇ ਭੰਨੇ। ਸਟੋਵ ਬਾਲਿਆ। ਦਸਤੇ ਵਾਲਾ ਡੂੰਘਾ ਜਿਹਾ ਤਵਾ ਸਟੋਵ 'ਤੇ ਰੱਖ ਕੇ ਘਿਓ ਦੀ ਕੜਛੀ ਪਾਈ ਤੇ ਵਿਚ ਪਿਆਜ਼ ਕੱਟ ਦਿੱਤਾ। ਕਮਲਾ ਨੂੰ ਆਖਿਆ ਕਿ

ਪਿਆਜ਼ ਭੁੱਜ ਜਾਣ ’ਤੇ ਉਹ ਅੰਡਿਆਂ ਦਾ ਪਾਣੀ ਪਾ ਦੇਵੇ। ਉਹ ਆਪ ਡਬਲ ਰੋਟੀ ਦੇ ਪੀਸ ਲੈਣ ਲਈ ਸਾਹਮਣੇ ਵਾਲੀ ਦੁਕਾਨ ਵੱਲ ਦੌੜ ਗਿਆ।ਮੁੜਦੇ ਨੂੰ ਚਾਹ ਪਾਣੀ ਕਮਲਾ ਨੇ ਸਟੋਵ ’ਤੇ ਧਰ ਰੱਖਿਆ ਸੀ ਤੇ ਉਹ ਆਮਲੇਟ ਦੇ ਟੁਕੜੇ ਕੱਟ ਰਹੀ ਸੀ।

“ਚੰਗਾ ਹੁਣ ਪੱਤੀ, ਖੰਡ ਤੇ ਦੁੱਧ ਵੀ ਤੂੰ ਹੀ ਪਾ ਦੇ। ਮੈਂ ਕੱਪੜੇ ਪਾ ਲਵਾਂ,” ਕਹਿ ਕੇ ਰਾਜੇਸ਼ ਨੇ ਕੁੜਤਾ ਪਜਾਮਾ ਲਾਹਿਆ ਤੇ ਅਟੈਚੀ ਵਿਚੋਂ ਕੱਢ ਕੇ ਨਵਾਂ ਨਕੋਰ ਚਿੱਟਾ ਕਮੀਜ਼ ਪਹਿਨ ਲਿਆ। ਟਾਈ ਲਾ ਕੇ ਉਸ ਨੇ ਟਰੰਕ ਖੋਲ੍ਹਿਆ ਤੇ ਸਵੈਟਰ ਪਾ ਲਿਆ। ਘਿਓ ਕਪੂਰੀ ਸਵੈਟਰ, ਜਿਸ ਦੇ ਬਾਰਡਰ, ਮੋਢੇ ਤੇ ਗਲਮੇ ਵਿਚ ਇੱਕ ਇੱਕ ਸਿਲਾਈ ਜਾਮਨੀ ਰੰਗ ਦੀ ਕੱਢੀ ਹੋਈ ਸੀ। ਕਮਲਾ ਕਾਫ਼ੀ ਦੇਰ ਉਸ ਸਵੈਟਰ ਵੱਲ ਦੇਖਦੀ ਰਹੀ। ਉਬਲਦੀ ਚਾਹ ਵਿਚ ਦੁੱਧ ਪਾ ਕੇ ਉਹ ਖੜ੍ਹੀ ਹੋਈ ਤੇ ਰਾਜੇਸ਼ ਕੋਲ ਜਾ ਕੇ ਸਵੈਟਰ ਨੂੰ ਉਂਗਲਾਂ ਨਾਲ ਟੋਹ ਟੋਹ ਕੇ ਦੇਖਣ ਲੱਗੀ।

“ਇਹ ਸਵੈਟਰ ਤੈਂ ਪਹਿਲਾਂ ਤਾਂ ਕਦੇ ਪਾਇਆ ਨੀ, ਰਾਜੇਸ਼?”

“ਹਾਂ, ਇਹ ਸਵੈਟਰ ਕਦੇ ਕਦੇ ਈ ਪੌਣ ਵਾਲੈ, ਕਮਲਾ।”

“ਮਤਲਬ?”

“ਮੈਂ ਚਾਹੁੰਨਾ, ਇਸ ਨੂੰ ਕਦੇ ਕਦੇ ਈ ਪਾਇਆ ਕਰਾਂ, ਨਹੀਂ ਤਾਂ ਇਹ ਛੇਤੀ ਹੀ ਘਸ ਜਾਣੈ। ਮੈਂ ਏਸ ਨੂੰ ਕਾਫ਼ੀ ਦੇਰ ਆਪਣੇ ਕੋਲ ਰੱਖਣਾ ਚਾਹੁੰਨਾ ਮੇਰੇ ਇੱਕ ਦੋਸਤ ਦੀ ਨਿਸ਼ਾਨੀ ਐ। ਜਾਣੀ, ਮੇਰੇ ਇੱਕ ਦੋਸਤ ਨੂੰ ਇਹ ਕਿਸੇ ਕੁੜੀ ਨੇ ਬੁਣ ਕੇ ਦਿੱਤਾ ਸੀ।”

“ਕੌਣ ਐ ਤੇਰਾ ਉਹ ਦੋਸਤ?”

“ਉਹ ਵੀ ਹੈਗਾ ਇੱਕ। ਵਚਾਰਾ, ਇਸ਼ਕ ਦਾ ਫੱਟਿਆ ਹੋਇਆ।” ਰਾਜੇਸ਼ ਹੱਸਿਆ। ਕਮਲਾ ਨੇ ਭੱਜ ਕੇ ਸਟੋਵ ਬੰਦ ਕੀਤਾ। ਨਹੀਂ ਤਾਂ ਸਾਰੀ ਚਾਹ ਉੱਬਲ ਕੇ ਫ਼ਰਸ਼ ’ਤੇ ਵਹਿ ਜਾਣੀ ਸੀ।

“ਹੁਣ ਪੁਣ ਵੀ ਲੈ, ਕਮਲਾ ਤੇ ਗਲਾਸਾਂ ’ਚ ਵੀ ਪਾ ਲੈ। ਐਥੇ ਮੇਜ਼ ’ਤੇ ਚੱਕ ਲਿਆ। ਆਮਲੇਟ ਤੇ ਪੀਸ ਵੀ।”

ਪੈਂਟ ਤੇ ਬੂਟ ਪਾ ਕੇ ਉਹ ਮੰਜੇ ’ਤੇ ਬੈਠ ਗਿਆ। ਕਮਲਾ ਅਰਾਮ ਕੁਰਸੀ ’ਤੇ।

“ਚੱਲ, ਸ਼ੁਰੂ ਕਰ।” ਰਾਜੇਸ਼ ਨੇ ਦੋ ਪੀਸਾਂ ਵਿਚਾਲੇ ਆਮਲੇਟ ਦਾ ਟੁਕੜਾ ਰੱਖਦਿਆਂ ਆਖਿਆ। ਕਮਲਾ ਨੇ ਚਾਹ ਦੀ ਘੁੱਟ ਭਰੀ। ਖਾਧਾ ਕੁਝ ਨਹੀਂ।

“ਤੇਰਾ ਉਹ ਦੋਸਤ ਹੁਣ ਕਿੱਥੇ ਐ?”

“ਮਾਨਸਾ ਤੋਂ ਅੱਗੇ ਸੜਕ ਜਾਈਏ ਨਾ। ਝੁਨੀਰ ਵੱਲ ਤਾਂ ਇੱਕ ਪਿੰਡ ਐ, ਲਾਲਿਆਂ ਵਾਲੀ। ਓਥੇ ਮਿਡਲ ਸਕੂਲ ਦਾ ਹੈੱਡਮਾਸਟਰ ਐ ਹੁਣ ਉਹ। ਮੈਨੂੰ ਤਾਂ ਕਦੇ ਮਿਲਿਆ ਨੀ, ਦੋ ਤਿੰਨ ਸਾਲ ਹੋ ’ਗੇ। ਨਾ ਈ ਕਦੇ ਚਿੱਠੀ ਆਈ ਐ। ਕੱਲ੍ਹ ਇੱਕ ਬੰਦਾ ਮਿਲਿਆ ਸੀ, ਮਾਨਸਾ ਕੰਨੀ ਦਾ। ਉਹ ਦੱਸਦਾ ਸੀ ਬਈ ਉਹ ਓਥੇ ਐ।”

“ਕੁੜੀ ਕੌਣ ਸੀ ਉਹ?”

“ਉਹ ਦਾ ਨਾਂ ਵੀ ਕਮਲਾ ਈ ਸੀ। ਬੀ. ਐਡ. ’ਚ ਪੜ੍ਹਦੀ ਸੀ, ਓਹਦੇ ਨਾਲ। ਉਨ੍ਹਾਂ ਦਿਨਾਂ ’ਚ ਈ ਉਨ੍ਹਾਂ ਦਾ ਪਿਆਰ ਪੈ ਗਿਆ ਸੀ। ਬਹੁਤ ਗੂੜ੍ਹਾ ਪਿਆਰ, ਪਰ ਵਿਆਹ ਦੀ ਗੱਲ ਕਦੇ ਨੀ ਸੀ ਹੋਈ। ਇੱਕ ਦਿਨ ਉਹ ਉਸ ਨਾਲ ਉਨ੍ਹਾਂ ਦੇ ਪਿੰਡ

ਚਲਿਆ ਗਿਆ। ਕੁੜੀ ਦੇ ਮਾਂ ਪਿਓ ਅੱਗ ਭਬੂਕਾ ਹੋ 'ਗੇ। ਕਹਿੰਦੇ ਕੌਣ ਐ ਇਹ ਮੁੰਡਾ ਉਹ ਕਹਿੰਦੀ ਮੇਰਾ ਜਮਾਤੀ ਐ। ਪਿਓ ਕਹਿੰਦਾ-ਜਮਾਤੀ ਐ ਤਾਂ ਘਰ ਲੈ ਕੇ ਔਣੈ? ਖਬਰੈ ਕੌਣ, ਨਾਈ, ਛੀਂਬਾ? ਉਸ ਨੇ ਮਾਂ ਨੂੰ ਦੱਸਿਆ ਖੱਤਰੀਆਂ ਦਾ ਈ ਮੁੰਡੈ। ਚੰਗਾ ਬਹੁਤ ਐ। ਤੇ ਹੌਲੀ ਦੇ ਕੇ ਇਹ ਵੀ ਪੁੱਛਿਆ-ਜੇ ਇਹ...? ਮਾਂ ਨੇ ਪਿਓ ਕੋਲ ਗੱਲ ਕਰੀ। ਪਿਓ ਕਹਿੰਦਾ, ਕਿਸੇ ਖਾਨਦਾਨੀ ਘਰ ਦੇਵਾਂਗੇ ਕੁੜੀ ਨੂੰ। ਇਹ ਖਬਰੈ ਕੌਣ ਐ? ਮਾਂ ਪਿਓ ਖਬਰੈ ਕਹੇ ਜੇ ਨੇ ਏਹਦੇ? ਸ਼ਾਮ ਨੂੰ ਉਹ ਬੈਠਕ 'ਚ ਓਸ ਨੂੰ ਰੋਟੀ ਲੈ ਕੇ ਆਈ ਸਰੂਰ ਜੇ 'ਚ ਆ ਕੇ ਰੋਟੀ ਖਾਣ ਤੋਂ ਪਹਿਲਾਂ ਉਸ ਨੇ ਉਸ ਦਾ ਹੱਥ ਫੜਿਆ ਤੇ ਗਰਦਨ ਦੁਆਲੇ ਬਾਂਹ ਦੇ ਕੇ ਉਸ ਨੂੰ ਚੁੰਮਣ ਲੱਗਿਆ। ਪਿਓ ਨੇ ਦੇਖ ਲਿਆ। ਓਸ ਵੇਲੇ ਬੈਠਕ ਅੰਦਰ ਆ ਕੇ ਉਸ ਦੇ ਮੂੰਹ 'ਤੇ ਲੱਪੜ ਮਾਰਿਆ। ਕੁੜੀ ਨੂੰ ਧੱਕਾ ਦੇ ਕੇ ਖੂੰਜੇ 'ਚ ਸੁੱਟ 'ਤਾ। ਕਹਿੰਦਾ-ਐਸੇ ਵੇਲੇ ਨਿਕਲ ਜਾ ਮੇਰੇ ਘਰੋਂ ਹਰਾਮ ਜ਼ਾਦਿਆ। ਰੋਟੀ ਕਾਹਦੀ ਖਾਣੀ ਸੀ। ਓਸੇ ਵੇਲੇ ਏਅਰ ਬੈਗ ਚੁੱਕਿਆ ਤੇ ਘਰੋਂ ਬਾਹਰ ਹੋ ਗਿਆ।"

ਕਮਲਾ ਦੀ ਨੀਵੀਂ ਪਾਈ ਹੋਈ ਸੀ। ਉਸ ਨੇ ਵੱਡਾ ਸਾਰਾ ਹਉਕਾ ਲਿਆ। ਰਾਜੇਸ਼ ਗੱਲ ਕਰਦਾ ਸੀ ਤੇ ਚਾਹ ਦੀ ਘੁੱਟ ਭਰ ਲੈਂਦਾ ਸੀ। ਦੋ ਪੀਸਾਂ ਦੇ ਵਿਚਕਾਰ ਰੱਖ ਕੇ ਆਮਲੇਟ ਦਾ ਇੱਕ ਟੁਕੜਾ ਉਸ ਨੇ ਹੋਰ ਵੀ ਖਾ ਲਿਆ ਸੀ। ਗੱਲ ਕਰਦੇ ਕਰਦੇ ਉਸ ਨੇ ਕਈ ਵਾਰ ਆਖਿਆ ਸੀ, "ਕਮਲਾ, ਚਾਹ ਤਾਂ ਪੀ। ਆਮਲੇਟ ਤਾਂ ਲੈ। ਪੀਸ ਤਾਂ ਲੈ।" ਪਰ ਉਸ ਦੀਆਂ ਅੱਖਾਂ ਤਾਂ ਧਰਤੀ 'ਤੇ ਗੱਡੀਆਂ ਹੋਈਆਂ ਸਨ। ਉਹ ਤਾਂ ਹੁੰਗਾਰਾ ਵੀ ਨਹੀਂ ਸੀ ਭਰ ਰਹੀ, ਸਿਰਫ਼ ਸੁਣ ਰਹੀ ਸੀ। ਰਾਜੇਸ਼ ਨੇ ਗੱਲ ਜਾਰੀ ਰੱਖੀ। ਬੀ. ਐੱਡ. ਦਾ ਆਖ਼ਰੀ ਮਹੀਨਾ ਸੀ। ਕਾਲਜ ਜਾ ਕੇ ਉਹ ਇੱਕ ਦੂਜੇ ਦੇ ਮੱਥੇ ਨਹੀਂ ਸੀ ਲੱਗੇ। ਬੀ. ਐੱਡ. ਖ਼ਤਮ ਹੋਈ ਤੇ ਉਨ੍ਹਾਂ ਦਾ ਇੱਕ ਦੂਜੇ ਨੂੰ ਦੇਖ ਲੈਣਾ ਵੀ ਖ਼ਤਮ।"

ਕਮਲਾ ਦੀ ਚਾਹ ਠੰਡੀ ਹੋ ਗਈ ਸੀ। ਇੱਕ ਘੁੱਟ ਭਰ ਕੇ ਉਸ ਨੇ ਗਲਾਸ ਓਵੇਂ ਜਿਵੇਂ ਰੱਖ ਦਿੱਤਾ ਸੀ। ਹੁਣ ਤਾਂ ਤਿੰਨ ਚਾਰ ਮੱਖੀਆਂ ਵੀ ਗਲਾਸ ਵਿਚ ਮਰੀਆਂ ਪਈਆਂ ਸਨ। ਦੋ ਮੱਖੀਆਂ ਜਿਉਂਦੀਆਂ ਚਾਹ ਵਿਚ ਗੋਤੇ ਲਾ ਰਹੀਆਂ ਸਨ। ਕਮਲਾ ਦਾ ਚਿਹਰਾ ਹੰਝੂਆਂ ਨਾਲ ਭਿੱਜ ਗਿਆ ਸੀ।

"ਕਮਲਾ।"

ਉਸ ਨੇ ਉਤਾਂਹ ਨਿਗਾਹ ਕੀਤੀ ਤੇ ਇੱਕ ਅਜਨਬੀ ਖਿਆਲ ਨਾਲ ਰਾਜੇਸ਼ ਵੱਲ ਦੇਖਿਆ।

ਰਾਜੇਸ਼ ਨੇ ਵੱਡਾ ਸਾਰਾ ਹਉਕਾ ਲਿਆ। ਕਿਹਾ, "ਇਹ ਸਵੈਟਰ ਮੈਨੂੰ ਦੇ ਕੇ ਉਸ ਨੇ ਆਖਿਆ ਸੀ-ਰਾਜੇਸ਼, ਜਦੋਂ ਇਹ ਸਵੈਟਰ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੈ, ਮੈਨੂੰ ਕਮਲਾ ਯਾਦ ਆਕੇ ਮੇਰੀ ਸੁਰਤ ਜ੍ਹੀ ਮਾਰੀ ਜਾਂਦੀ ਐ।"

ਕੋਟ ਪਾ ਕੇ ਰਾਜੇਸ਼ ਸ਼ੀਸ਼ੇ ਮੂਹਰੇ ਹੋਇਆ। ਸਿਰ ਦੇ ਵਾਲਾਂ ਵਿਚ ਦੁਬਾਰਾ ਕੰਘਾ ਫੇਰਨ ਲੱਗਿਆ। ਕਹਿੰਦਾ, "ਉੱਠ, ਕਮਲਾ, ਚੱਲੀਏ।"

"ਰਾਜੇਸ਼, ਅੱਜ ਰਹਿਣ ਦੇ। ਫੇਰ ਕਦੇ ਚੱਲਾਂਗੇ। ਮੇਰੀ ਤਬੀਅਤ ਖ਼ਰਾਬ ਹੋ 'ਗੀ ਐ।" ਕਹਿ ਕੇ ਇਕਦਮ ਉਹ ਕਮਰੇ 'ਚੋਂ ਬਾਹਰ ਹੋ ਗਈ। ਰਾਜੇਸ਼ ਨੇ ਭੱਜ ਕੇ ਉਸ ਦੀ ਬਾਂਹ ਫੜੀ। ਉਸ ਨੇ ਝਟਕਾ ਦੇ ਕੇ ਬਾਂਹ ਛੁਡਾ ਲਈ।

"ਕਮਲਾ, ਮੁੜ ਆ। ਤੈਨੂੰ ਮੇਰੀ ਕਸਮ।"

ਉਹ ਨਹੀਂ ਮੁੜੀ।

ਰਾਜੇਸ਼ ਬਹੁਤ ਹੈਰਾਨ ਤੇ ਪ੍ਰੇਸ਼ਾਨ ਹੋਇਆ, ਬੂਹੇ ਵਿਚ ਖੜ੍ਹਾ ਉਸ ਨੂੰ ਜਾਂਦੀ ਨੂੰ ਦੇਖਦਾ ਰਿਹਾ। ਜਦ ਉਸ ਨੇ ਗਲੀ ਦਾ ਮੋੜ ਕੱਟਿਆ, ਉਹ ਕਮਰੇ ਦੇ ਅੰਦਰ ਹੋਇਆ ਤੇ ਧੜੱਮ ਦੇ ਕੇ ਮੰਜੇ 'ਤੇ ਡਿੱਗ ਪਿਆ।

ਸਾਰਾ ਦਿਨ ਕਮਲਾ ਆਪਣੇ ਕਮਰੇ ਵਿਚ ਪਈ ਰਹੀ। ਬਹੁਤ ਸੋਚਦੀ ਰਹੀ। ਕਈ ਵਾਰੀ ਤਾਂ ਉਹ ਕੁਝ ਵੀ ਨਹੀਂ ਸੀ ਸੋਚ ਰਹੀ। ਉਸ ਦੀ ਸੋਚ ਖੜ੍ਹ ਜਾਂਦੀ ਸੀ, ਪਰ ਉਹ ਫਿਰ ਸੋਚਦੀ ਸੀ ਕਿ ਭੱਜ ਕੇ ਲਾਲਿਆਂ ਵਾਲੀ ਜਾ ਵੜੇ। ਉਸ ਦੇ ਪੈਰਾਂ ਵਿਚ ਚੁੰਨੀ ਸੁੱਟ ਕੇ ਕਹੇ, "ਗੁਲਵੰਤ, ਮੇਰੀ ਭੁੱਲ ਬਖ਼ਸ਼ਦੇ। ਮੇਰੀ ਬਾਹ ਫੜ ਲੈ। ਮੈਨੂੰ ਡਿੱਗੀ ਨੂੰ ਉਠਾ ਲੈ।"

ਉਸ ਨੂੰ ਸਾਰਾ ਦਿਨ ਡਰ ਰਿਹਾ, ਕਿਤੇ ਰਾਜੇਸ਼ ਉਸ ਦੇ ਕਮਰੇ ਵਿਚ ਨਾ ਆ ਜਾਵੇ। ਦੋ ਵਾਰੀ ਤਖ਼ਤੇ ਖੜਕੇ ਸਨ। ਉਸ ਨੂੰ ਭੁਲੇਖਾ ਲੱਗਿਆ ਸੀ, ਜਿਵੇਂ ਕੋਈ ਆਇਆ ਹੋਵੇ। ਉਸ ਨੇ ਉੱਠ ਕੇ ਕੁੰਡਾ ਖੋਲ੍ਹਿਆ ਸੀ, ਪਰ ਕੋਈ ਨਹੀਂ ਸੀ। ਹਵਾ ਤਖ਼ਤੇ ਖੜਕਾ ਗਈ ਸੀ। ਜਾਂ ਕਮਲਾ ਦੇ ਅੰਦਰਲਾ ਹੀ ਕੋਈ ਖ਼ਿਆਲ ਤਖ਼ਤੇ ਖੜਕਾ ਗਿਆ ਸੀ।

ਇੱਕ ਵਾਰੀ ਉਸ ਨੇ ਇਹ ਵੀ ਸੋਚਿਆ ਕਿ ਕੋਈ ਆਵੇ ਤੇ ਉਸ ਨੂੰ ਸਮਝਾ ਦੇਵੇ। ਲਾਲਿਆਂ ਵਾਲੀ ਜਾਣ ਤੋਂ ਰੋਕ ਦੇਵੇ। ਭਾਵੇਂ ਰਾਜੇਸ਼ ਹੀ ਆ ਜਾਵੇ, ਪਰ ਰਾਜੇਸ਼ ਦਾ ਨਾਂ ਸਾਹਮਣੇ ਆਉਂਦਿਆਂ ਹੀ ਉਸ ਦੀ ਦੇਹ ਕੰਬ ਜਾਂਦੀ ਸੀ। ਉਹ ਇਕੱਠੀ ਜਿਹੀ ਹੋ ਜਾਂਦੀ ਸੀ। ਉਸ ਦਾ ਇੱਕੋ ਫ਼ੈਸਲਾ ਹੁੰਦਾ ਕਿ ਉਹ ਲਾਲਿਆਂ ਵਾਲੀ ਜਾਵੇ।

ਉਸ ਦਿਨ ਐਤਵਾਰ ਸੀ। ਕੀ ਪਤਾ ਹੈ, ਗੁਲਵੰਤ ਕਿੱਥੇ ਰਹਿੰਦਾ ਹੋਵੇ? ਲਾਲਿਆਂ ਵਾਲੀ ਸ਼ਾਇਦ ਨਾ ਹੀ ਰਹਿੰਦਾ ਹੋਵੇ?

ਬੜੀ ਬੇਚੈਨੀ ਨਾਲ ਉਸ ਨੇ ਰਾਤ ਗੁਜ਼ਾਰੀ। ਸੋਮਵਾਰ ਸਵੇਰੇ ਹੀ ਤਿਆਰ ਹੋ ਕੇ ਉਹ ਬੱਸ ਸਟੈਂਡ 'ਤੇ ਆਈ। ਦੋ ਰੁਪਏ ਪੈਂਤੀ ਪੈਸੇ ਦਾ ਟਿਕਟ ਲੈ ਕੇ ਬਰਨਾਲੇ ਪੁੱਜੀ। ਬਰਨਾਲੇ ਤੋਂ ਸਿੱਧੀ ਬੱਸ ਸਰਸੇ ਨੂੰ ਲਾਲਿਆਂ ਵਾਲੀ ਦੇ ਵਿਚ ਦੀ ਜਾਂਦੀ ਸੀ। ਦੋ ਘੰਟਿਆਂ ਦਾ ਰਾਹ।

ਲਾਲਿਆਂ ਵਾਲੀ ਦੇ ਅੱਡੇ 'ਤੇ ਪਹੁੰਚ ਕੇ ਸਕੂਲ ਦਾ ਰਾਹ ਪੁੱਛਿਆ।

ਸਾਰੀਆਂ ਜਮਾਤਾਂ ਲੱਗੀਆਂ ਹੋਈਆਂ ਸਨ। ਗੁਲਵੰਤ ਇਕੱਲਾ ਹੀ ਦਫ਼ਤਰ ਵਿਚ ਬੈਠਾ ਮਹਿਕਮੇ ਦੇ ਸਰਕੁਲਰ ਪੜ੍ਹ ਰਿਹਾ ਸੀ। ਅਜਨਬੀ ਔਰਤ ਦੇਖ ਕੇ ਉਹ ਖੜ੍ਹਾ ਹੋ ਗਿਆ। ਕੁਰਸੀ 'ਤੇ ਬੈਠਣ ਲਈ ਉਸ ਨੂੰ ਇਸ਼ਾਰਾ ਕੀਤਾ, ਪਰ ਉਹ ਨਹੀਂ ਬੈਠੀ। ਇੱਕ ਟੱਕ ਗੁਲਵੰਤ ਵੱਲ ਦੇਖਦੀ ਰਹੀ। ਗੁਲਵੰਤ ਵੀ ਥਾਂ ਦੀ ਥਾਂ ਬੁੱਤ ਬਣ ਗਿਆ। ਦੋਵਾਂ ਨੇ ਇੱਕ ਦੂਜੇ ਨੂੰ ਪਹਿਚਾਣ ਲਿਆ ਸੀ। ਕਮਲਾ ਦੇ ਬੁੱਲ੍ਹ ਫਰਕੇ। ਬੋਲ ਕੋਈ ਨਾ ਨਿਕਲਿਆ। ਅੱਖਾਂ ਵਿਚੋਂ ਪਾਣੀ ਸਿੰਮਣ ਲੱਗਿਆ। ਗੁਲਵੰਤ ਨੇ ਬਾਹੋਂ ਫੜਕੇ ਉਸ ਨੂੰ ਕੁਰਸੀ 'ਤੇ ਬਿਠਾ ਦਿੱਤਾ। ਉਸ ਦੀਆਂ ਆਪਣੀਆਂ ਅੱਖਾਂ ਵੀ ਗਿੱਲੀਆਂ ਸਨ।

"ਕਿੱਥੇ ਹੁੰਦੇ ਓ ਹੁਣ?" ਗੁਲਵੰਤ ਨੇ ਬੋਲ ਕੱਢਿਆ।

ਕਮਲਾ ਬੋਲੀ ਨਹੀਂ, ਰੋਂਦੀ ਰਹੀ।

ਗੁਲਵੰਤ ਨੇ ਚਪੜਾਸੀ ਤੋਂ ਪਾਣੀ ਦਾ ਗਲਾਸ ਮੰਗਵਾਇਆ।

"ਪਾਣੀ ਪੀਓ, ਕਮਲਾ ਜੀ, ਪਹਿਲਾਂ, ਚਾਹ ਘਰ ਚੱਲ ਕੇ ਪੀਨੇ ਆਂ। ਨਾਲੇ ਥੋਡੇ ਭਾਬੀ ਜੀ ਨੂੰ ਮਿਲਣਾ।"

ਕਮਲਾ ਨੇ ਗਲਾਸ ਮੂੰਹ ਨੂੰ ਲਾਇਆ ਹੀ ਸੀ। ਇੱਕ ਘੁੱਟ ਭਰੀ ਸੀ। ਇੱਕੋ ਘੁੱਟ ਮੂੰਹ ਵਿਚ ਜ਼ਹਿਰ ਬਣ ਬੈਠੀ। ਗਲਾਸ ਉਸ ਨੇ ਮੇਜ਼ 'ਤੇ ਧਰ ਦਿੱਤਾ। ਪਾਣੀ ਦੀ ਘੁੱਟ ਮਸਾਂ ਸੰਘੋਂ ਥੱਲੇ ਕੀਤੀ। ਉਹ ਗੁਲਵੰਤ ਦੇ ਚਿਹਰੇ ਵੱਲ ਝਾਕੀ ਤੇ ਝਾਕਦੀ ਹੀ ਰਹੀ। ਉਸ ਦੀਆਂ ਅੱਖਾਂ ਗਹਿਰੀਆਂ ਹੋ ਗਈਆਂ ਸਨ।

" ਕੀ ਦੇਖਦੇ ਓ, ਕਮਲਾ ਜੀ?" ਗੁਲਵੰਤ ਬੋਲਿਆ।

"ਅੱਛਾ ਜੀ, ਮੈਂ ਚੱਲੀ ਆਂ। ਚਾਹ ਦੀ ਕੋਈ ਲੋੜ ਨਹੀਂ। ਮੈਂ ਤਾਂ ਸਰਸੇ ਤੋਂ ਆਈ ਸੀ। ਕਿਸੇ ਦੱਸਿਆ ਸੀ, ਤੁਸੀਂ ਏਥੇ ਓਂ। ਸੋਚਿਆ, ਮਿਲ ਈ ਜਾਵਾਂ। ਬੱਸ, ਠੀਕ ਐ। ਮੈਂ ਚੱਲੀ ਆਂ।"

ਨਹੀਂ, ਅੱਜ ਤਾਂ ਨਾ ਜਾਓ, ਕਮਲਾ ਜੀ। ਅੱਜ ਰਹੋ। ਕੱਲ੍ਹ ਨੂੰ ਜਾਣਾ।'

"ਨਹੀਂ, ਬੱਸ।"

"ਚੰਗਾ, ਜੇ ਜਾਣਾ ਈ ਐ, ਤਾਂ ਸ਼ਾਮ ਨੂੰ ਜਾਣਾ।"

"ਨਹੀਂ, ਬੱਸ, ਠੀਕ ਐ।" ਉਹ ਖੜ੍ਹੀ ਹੋ ਗਈ।

ਗੁਲਵੰਤ ਉਸ ਨੂੰ ਅੱਡੇ ਤੀਕ ਛੱਡਣ ਆਇਆ।

ਬਾਰਾਂ ਵੱਜ ਚੁੱਕੇ ਸਨ।

ਬਰਨਾਲੇ ਪੁੱਜ ਕੇ ਉਸ ਬੱਸ ਬਦਲੀ। ਸ਼ਹਿਰ ਪਹੁੰਚੀ। ਚਾਰ ਵੱਜ ਗਏ ਸਨ। ਉਹ ਬੱਸ ਸਟੈਂਡ 'ਤੇ ਹੀ ਖੜ੍ਹੀ ਰਹੀ। ਸੋਚਦੀ ਸੀ ਕਿ ਰਾਜੇਸ਼ ਹੁਣੇ ਸਕੂਲੋਂ ਆਵੇਗਾ ਤੇ ਉਹ ਉਸ ਨੂੰ ਮਿਲੇਗੀ। ਉਸ ਦੇ ਸਕੂਲ ਦੇ ਸਾਰੇ ਟੀਚਰ ਆ ਚੁੱਕੇ ਸਨ। ਰਾਜੇਸ਼ ਨਹੀਂ ਸੀ ਆਇਆ।

"ਕਮਲਾ, ਅੱਜ ਤੂੰ ਸਕੂਲ ਨਹੀਂ ਆਈ?" ਉਸ ਦੀ ਇੱਕ ਕੁਲੀਗ ਨੇ ਪੁੱਛਿਆ।

"ਪਿੰਡ ਗਈ ਸੀ। ਘਰ ਦਿਆਂ ਨੇ ਬੁਲਾਇਆ ਸੀ।"

"ਹੈਡਮਾਸਟਰ ਸਾਅਬ ਪੁੱਛਦੇ ਸੀ, ਕਹਿੰਦੇ ਸੀ-ਲੀਵ ਹੈ ਕਿਸੇ ਕੋਲ ਕਮਲਾ ਦੀ?"

"ਰਾਜੇਸ਼ ਆਇਆ ਸੀ।"

"ਰਾਜੇਸ਼?" ਕੁਲੀਗ ਕੁੜੀ ਨੇ ਬੁੱਲ੍ਹ ਘੁੱਟੇ ਤੇ ਅੱਖਾਂ ਵਿਚ ਸ਼ਰਾਰਤ ਭਰ ਕੇ ਦੱਸਿਆ, "ਰਜੇਸ਼ ਨਹੀਂ ਆਇਆ।"

"ਤੇਰਾ ਚਿਹਰਾ ਉਦਾਸ ਜਿਹਾ ਕਿਉਂ ਐ, ਕਮਲਾ?"

"ਐਵੇਂ ਬੱਸ, ਸਫ਼ਰ ਦੀ ਥਕਾਵਟ ਹੈ।"

ਕੁਲੀਗ ਕੁੜੀ ਚਲੀ ਗਈ।

ਕਮਲਾ ਭਗਤ ਸਿੰਘ ਕਾਲੋਨੀ ਵਿਚ ਨਹੀਂ ਗਈ। ਰਿਕਸ਼ਾ ਲਿਆ ਤੇ ਮਾਡਲ ਟਾਊਨ ਨੂੰ ਚੱਲ ਪਈ।

ਰਾਜੇਸ਼ ਦੇ ਕਮਰੇ ਅੱਗੇ ਪੁਲੀਸ ਦਾ ਪਹਿਰਾ ਸੀ। ਪੋਸਟ ਮਾਰਟਮ ਲਈ ਉਸ ਦੀ ਲਾਸ਼ ਹਸਪਤਾਲ ਪਹੁੰਚ ਚੁੱਕੀ ਸੀ। ਉਸ ਦੇ ਮੇਜ਼ 'ਤੇ ਪਈ ਸ਼ੀਸ਼ੀ ਤੋਂ ਪੁਲਿਸ ਨੇ ਅੰਦਾਜ਼ਾ ਲਾਇਆ ਸੀ ਉਸ ਨੇ ਪਿਛਲੀ ਰਾਤ ਨੀਂਦ ਦੀਆਂ ਗੋਲੀਆਂ ਕੁਝ ਜ਼ਿਆਦਾ ਹੀ ਖਾ ਲਈਆਂ ਹੋਣਗੀਆਂ। ♦

# ਇੱਕ ਢੇਰੀ ਮਿੱਟੀ ਦੀ

"ਖੜ੍ਹ ਭਾਬੀ। ਮੈਂ ਲੁਹੌਨੀ ਆਂ। ਕੜ੍ਹੀ ਵਾਲਾ ਤਪਲਾ ਟੇਢਾ ਨਾ ਹੋ ਜੇ ਕਿਤੇ।" ਲੱਸੀ ਦੀ ਬਾਲਟੀ ਟਾਹਲੀ ਕੋਲ ਰੱਖ ਕੇ ਸ਼ਿੰਦਰ ਨੇ ਰੋਟੀਆਂ ਵਾਲੇ ਟੋਕਰੇ ਨੂੰ ਹੱਥ ਪਾਇਆ। ਚਾਰ ਬਾਹਵਾਂ ਦੇ ਵੰਗਣੇ ਨੇ ਟੋਕਰਾ ਲੱਸੀ ਦੀ ਬਾਲਟੀ ਦੇ ਨਾਲ ਲੱਗਵਾਂ ਹੀ ਧਰ ਦਿੱਤਾ। ਕੱਚੇ ਡਲਿਆਂ ਦੇ ਅੜ੍ਹੋਕਣ ਲਾ ਦਿੱਤੇ।

"ਦੀ...ਦੀਪਿਆ...ਵੇ ਦੀਪ...।" ਸ਼ਿੰਦਰ ਨੇ ਉੱਚੀ ਉੱਚੀ ਹਾਕਾਂ ਮਾਰੀਆਂ। ਟਰੈਕਟਰ ਦੇ ਖੜਕੇ ਵਿਚ ਦੀਪ ਦੇ ਕੰਨਾਂ ਤੀਕ ਕੋਈ ਆਵਾਜ਼ ਨਾ ਪਹੁੰਚੀ। "ਲੀਲਿਆ, ਜਾਹ, ਤੂੰ ਜਾਹ ਵੇ। ਟਰੈਕਟਰ ਮੂਹਰੇ ਹੋ ਕੇ ਦੱਸ ਮਾਮੇ ਨੂੰ" ਨਾਲ ਆਏ ਆਪਣੇ ਛੀ ਸੱਤ ਸਾਲ ਦੇ ਮੁੰਡੇ ਨੂੰ ਸਿਕੰਦਰ ਨੇ ਆਖਿਆ। ਮੁੰਡਾ ਟਰੈਕਟਰ ਵੱਲ ਸਿਰ ਮਦਾਨ ਭੱਜਿਆ।

ਦੋ ਵਿੱਘੇ ਕਣਕ ਦੇ ਵੱਢ ਨੂੰ ਪਰਸੋਂ ਹੀ ਟਿਊਬਵੈੱਲ ਦਾ ਪਾਣੀ ਲਾਇਆ ਗਿਆ ਸੀ। ਚਰ੍ਹੀ ਬੀਜਣ ਵਾਸਤੇ ਦੀਪ ਅੱਜ ਸਵੇਰ ਤੋਂ ਹੀ ਉਸ ਨੂੰ ਤਵੀਆਂ ਵਾਲੇ ਹਲਾਂ ਨਾਲ ਵਾਹ ਰਿਹਾ ਸੀ। ਪਰ੍ਹੇ ਦੂਰ ਸਾਰੇ ਇੱਕ ਸੀਰੀ ਤੇ ਚਾਰ ਦਿਹਾੜੀਏ ਥੋੜ੍ਹੀ ਜਿਹੀ ਰਹਿੰਦੀ ਕਣਕ ਵੱਢ ਰਹੇ ਸਨ।

ਨਣਦ-ਭਰਜਾਈ ਰੋਟੀਆਂ ਵਾਲੇ ਟੋਕਰੇ ਦੇ ਕੋਲ ਬੈਠ ਗਈਆਂ ਤੇ ਰੋਟੀ ਖਾਣ ਵਾਲਿਆ ਦੀ ਉਡੀਕ ਕਰਨ ਲੱਗੀਆਂ।

ਸਾਰੇ ਜਣੇ ਰੋਟੀ ਖਾ ਕੇ ਆਪਣੇ ਕੰਮ 'ਤੇ ਜਾ ਲੱਗੇ। ਭਾਬੀ ਭਾਂਡੇ ਮਾਂਜਣ ਲੱਗੀ। ਸਿੰਦਰ ਲੀਲੇ ਨੂੰ ਉਂਗਲੀ ਲਾ ਕੇ ਟਿਊਬਵੈੱਲ ਵੱਲ ਤੁਰ ਪਈ।

ਟਿਊਬਵੈੱਲ ਵਾਲੇ ਕਮਰੇ ਦੇ ਸੱਜੇ ਹੱਥ ਵਿਹਲੀ ਪਈ ਥਾਂ 'ਤੇ ਜੋ ਇੱਕ ਥੜ੍ਹਾ ਜਿਹਾ ਉਭਰਿਆ ਹੁੰਦਾ ਸੀ, ਉਹ ਹੁਣ ਨਹੀਂ ਸੀ। ਉੱਥੇ ਤਾਂ ਜ਼ਮੀਨ ਪੱਧਰ ਕਰ ਦਿੱਤੀ ਗਈ ਸੀ। ਥੜ੍ਹੇ ਵਾਲੀ ਥਾਂ ਦਾ ਤਾਂ ਕੋਈ ਨਾ-ਨਿਸ਼ਾਨ ਨਹੀਂ ਸੀ ਰਿਹਾ। ਇੱਕ ਬਿੰਦ ਉਹ ਥਾਂ ਦੀ ਥਾਂ ਖੜ੍ਹੀ ਸੋਚਦੀ ਰਹੀ-ਥੜ੍ਹਾ ਕਾਹਨੂੰ ਪੁੱਟਣਾ ਸੀ ਕਿਸੇ ਨੇ? ਲੀਲਾ ਕਮਰੇ ਦਾ ਕੁੰਡਾ ਖੋਲ੍ਹ ਕੇ ਟਿਊਬਵੈੱਲ ਦੀ ਮੋਟਰ ਨੂੰ ਹੱਥ ਲਾ ਲਾ ਦੇਖਣ ਲੱਗ ਪਿਆ ਸੀ। ਉਹ ਖ਼ਾਲ ਦੀ ਵੱਟ 'ਤੇ ਬੈਠ ਗਈ ਅਤੇ ਕਣਕ ਦੀ ਤੀਲ ਨਾਲੋਂ ਡੱਕਾ ਤੋੜ ਕੇ ਦੰਦ ਖੁਰਚਣ ਲੱਗੀ।

ਸਿੰਦਰ ਪ੍ਰੈੱਪ ਵਿਚ ਪੜ੍ਹਦੀ ਸੀ। ਕਾਲਜ ਪਿੰਡ ਤੋਂ ਦੋ ਕੁ ਮੀਲ ਹੀ ਸੀ। ਉਸ ਪਿੰਡ ਦੇ ਮੁੰਡੇ ਕੁੜੀਆਂ ਸਾਈਕਲਾਂ 'ਤੇ ਕਾਲਜ ਜਾਂਦੇ। ਆਲੇ ਦੁਆਲੇ ਦੇ ਹੋਰ ਕਈ ਪਿੰਡਾਂ ਤੋਂ ਵੀ ਏਸੇ ਤਰ੍ਹਾਂ ਮੁੰਡੇ ਕੁੜੀਆਂ ਸਾਈਕਲਾਂ 'ਤੇ ਕਾਲਜ ਆਉਂਦੇ ਸਨ। ਦਸ ਬਾਰਾਂ ਪਿੰਡਾਂ ਦੇ ਵਿਚਕਾਰ ਇਹ ਇੱਕ ਭਰਪੂਰ ਕਾਲਜ ਸੀ। ਨਾਲ ਦੇ ਪਿੰਡ ਦਾ ਇੱਕ ਮੁੰਡਾ ਸੰਤੋਖ

ਸਿੰਦਰ ਦੇ ਮਨ ਗੁਡ ਗਿਆ ਸੀ। ਸੰਤੋਖ ਵੀ ਉਸ ਨੂੰ ਚਾਹੁੰਦਾ ਸੀ। ਦੋਵੇਂ ਜਣੇ ਹਾਕੀ ਗਰਾਊਂਡ ਦੀ ਬਾਊਂਡਰੀ ਲਾਈਨ 'ਤੇ ਖੜ੍ਹੇ ਇੱਕ ਤੂਤ ਦੀਆਂ ਨੀਵੀਆਂ ਨੀਵੀਆਂ ਡਾਹਣੀਆਂ ਨੂੰ ਇੱਕ ਇੱਕ ਹੱਥ ਪਾਈ ਘੰਟਾ ਘੰਟਾ ਦੋ ਦੋ ਘੰਟੇ ਗੱਲਾਂ ਕਰਦੇ ਰਹਿੰਦੇ। ਕੋਈ ਨਾ ਉਨ੍ਹਾਂ ਨੂੰ ਟੋਕਦਾ, ਕੋਈ ਨਾ ਉਨ੍ਹਾਂ ਨੂੰ ਝਿੜਕਦਾ, ਰੋਕਦਾ। ਮੁੰਡਾ ਸੀ ਭਾਵੇਂ ਜੱਟਾਂ ਦਾ ਹੀ, ਪਰ ਗ਼ਰੀਬ ਘਰ ਦਾ ਸੀ। ਗ਼ਰੀਬੀ ਅਮੀਰੀ ਦੋਵਾਂ ਵਿਚਕਾਰ ਕੋਈ ਮਸਲਾ ਨਹੀਂ ਸੀ। ਉਹ ਤਾਂ ਇੱਕ ਦੂਜੇ 'ਤੇ ਜਾਨ ਦਿੰਦੇ ਸਨ। ਕੁੜੀ ਜ਼ੋਰ ਦੇ ਰਹੀ ਸੀ, ਉਨ੍ਹਾਂ ਦੀ ਮੰਗਣੀ ਹੋ ਜਾਵੇ। ਵਿਆਹ ਦੀ ਅਜੇ ਕੋਈ ਕਾਹਲ ਨਹੀਂ ਭਾਵੇਂ ਆਪਾਂ ਕਿੰਨਾਂ ਪੜ੍ਹ ਲਈਏ। ਕੁੜੀ ਨੇ ਮਾਂ ਕੋਲ ਗੱਲ ਕੀਤੀ। ਮਾਂ ਨੇ ਪਿਓ ਨੂੰ ਪੁੱਛਿਆ "ਹੌਲਦਾਰ ਸੰਤਾ ਸਿੰਘ? ਓਹੀ ਸੰਤਾ ਜਿਹੜਾ ਉੱਧਰੋਂ ਈ ਕਿਤੋਂ ਮੁੱਲ ਦੀ ਤੀਮੀਂ ਲੈ ਕੇ ਆਇਆ ਸੀ? ਓਸੇ ਤੀਮੀਂ ਦਾ ਮੁੰਡਾ ਹੋਣੈ, ਇਹ ਸੰਤੋਖ? ਸੰਤੇ ਦੇ ਮੁੰਡੇ ਨੂੰ ਸਾਕ ਕਰਨ ਦੀ ਥਾਂ ਕੁੜੀ ਦਾ ਗਲ ਨਾ ਘੁੱਟ ਦਿਆਂ?"

ਸਿੰਦਰ ਕਾਲਜ ਜਾਂਦੀ ਰਹੀ–ਨਿਰਾਸ਼ੀ, ਨਿਰਾਸ਼ੀ। ਸੰਤੋਖ ਨੂੰ ਉਸ ਨੇ ਆਖਿਆ, "ਵਿਆਹ ਤਾਂ ਆਪਣਾ ਹੋਣਾ ਨਹੀਂ। ਚੱਲ ਮੈਨੂੰ ਲੈ ਚੱਲ ਕਿਧਰੇ। ਨਹੀਂ ਤਾਂ ਇਨ੍ਹਾਂ ਚੰਡਾਲਾਂ ਨੇ ਮੈਨੂੰ ਕਿਸੇ ਹੋਰ ਥਾਂ ਮੰਗ ਵਿਆਹ ਦੇਣੈ। ਬਾਪੂ ਤਾਂ ਕੌੜਾ ਕੌੜਾ ਝਾਕਦਾ ਰਹਿੰਦੈ। ਕਈ ਵਾਰ ਮਾਂ ਨੂੰ ਆਖ ਚੁੱਕਿਐ–ਹਟਾ ਲੈ ਕੁੜੀ ਨੂੰ ਕਾਲਜੋਂ।"

ਸੰਤੋਖ ਵਿਚ ਐਨੀ ਹਿੰਮਤ ਨਹੀਂ ਸੀ।

ਸਿੰਦਰ ਦੇ ਬਾਪੂ ਨੇ ਉਸ ਸਾਲ ਇੱਕ ਪਿੰਡ ਵਿਚ ਆਪਣੇ ਤੋਂ ਉੱਚੇ ਘਰ ਉਸ ਨੂੰ ਮੰਗ ਦਿੱਤਾ ਤੇ ਉਸ ਨੂੰ ਕਾਲਜ ਜਾਣੋਂ ਵੀ ਹਟਾ ਲਿਆ। ਉਸ ਦਾ ਮੰਗੇਤਰ ਦਸਵੀਂ ਵਿਚੋਂ ਤਿੰਨ ਵਾਰੀ ਫੇਲ੍ਹ ਹੋ ਕੇ ਘਰ ਦੇ ਕੰਮ ਵਿਚ ਹੀ ਪੈ ਗਿਆ ਸੀ। ਮੂੰਹ 'ਤੇ ਮਾਤਾ ਦੇ ਦਾਗ਼ ਸਨ। ਇੱਕ ਅੱਖੋਂ ਥੋੜ੍ਹਾ ਜਿਹਾ ਚਿੱਟਾ ਚਿੱਟਾ ਝਾਕਦਾ ਸੀ। ਉਸ ਦੇ ਹਿੱਸੇ ਦੀ ਚਾਲੀ ਕਿੱਲੇ ਜ਼ਮੀਨ ਦੇਖ ਕੇ ਸੋਨੇ ਦੀ ਡਲੀ ਸਿੰਦਰ ਵਾਸਤੇ ਮਾਤਾ ਦੇ ਦਾਗ਼ ਤੇ ਅੱਖ ਦਾ ਚਿੱਟਾ ਉਸ ਦੇ ਬਾਪੂ ਲਈ 'ਕੋਈ ਗੱਲ ਨਹੀਂ' ਹੋ ਗਏ ਸਨ।

ਸਿੰਦਰ ਉਦਾਸ ਉਦਾਸ ਘਰ ਬੈਠੀ ਰਹਿੰਦੀ। ਉਸ ਦੀ ਮਾਂ ਉਸ ਨੂੰ ਕੋਈ ਵੀ ਕੰਮ ਕਰਨ ਲਈ ਨਹੀਂ ਸੀ ਕਹਿੰਦੀ। ਪਿਓ ਬਾਹਰੋਂ ਆਉਂਦਾ ਤਾਂ ਉਸਦੀ ਮਾਂ ਨੂੰ ਝਿੜਕਦਾ। ਵੱਢੂ–ਖਾਊਂ ਕਰਦਾ। "ਸੱਥਰ ਵਛਾ ਛੱਡਿਐ ਏਹਨੇ। ਏਦੂੰ ਤਾਂ ਫੀਮ ਘੋਲ ਕੇ ਪੀ ਲਵੇ, ਕੰਜਰੀ। ਸੰਤੇ ਦਾ ਮੁੰਡਾ ਕਿਧਰੋਂ ਪੋਲੀਆਂ ਖਵਾ ਦਿੰਦਾ ਏਹਨੂੰ। ਰਾਜਿਆਂ ਵਰਗਾ ਘਰ ਟੋਲ ਤੈ, ਹੋਰ ਏਹਨੇ ਦੱਸ ਕੀ ਲੈਣੈ?"

ਦੀਪ, ਉਹ ਦਾ ਵੱਡਾ ਭਾਈ ਮਾਂ ਨੂੰ ਕੁੱਦ ਕੁੱਦ ਪੈਂਦਾ। "ਅਕੇ ਕਾਲਜ 'ਚ ਲਾ ਦਿਓ ਸਿੰਦਰ ਨੂੰ। ਚਾੜ੍ਹ 'ਤਾ ਚੰਦ। ਮਾਂ, ਤੈਂ ਕੀਤੀਆਂ ਸਾਰੀਆਂ। ਐਹੀ ਜ੍ਹੀ ਕੁੜੀ ਤਾਂ ਜੰਮਦੀ ਨੂੰ ਟੋਆ ਪੁੱਟ ਕੇ ਦੱਬ ਦੇਵੇ। ਵਿਆਹ ਤੋਂ ਪਿੱਛੋਂ ਮੁਸਕ ਵੀ ਏਹਦਾ ਪਿੰਡ 'ਚ ਆ ਗਿਆ ਤਾਂ ਕਹਿੰਦੀ।"

ਮਾਂ ਚੁੱਪ ਕੀਤੀ ਸਭ ਕੁਝ ਸੁਣਦੀ ਰਹਿੰਦੀ। ਸਿੰਦਰ ਬੈਠਕ ਵਿਚ ਡੁਸਕਦੀ ਰਹਿੰਦੀ। ਮਾਂ ਉਸ ਨੂੰ ਦਿਲਾਸਾ ਦਿੰਦੀ। ਸਮਝਾਉਂਦੀ। ਕਦੇ ਪਿਆਰ ਨਾਲ, ਕਦੇ ਮਿੱਠਾ ਮਿੱਠਾ ਝਿੜਕ ਕੇ। ਹੌਲੀ ਹੌਲੀ ਸਿੰਦਰ ਕੰਮ ਨੂੰ ਹੱਥ ਪਾਉਣ ਲੱਗ ਪਈ।

ਇੱਕ ਦਿਨ ਉਹ ਖੇਤ ਗਈ। ਨਾਲ ਉਸ ਦੀ ਇੱਕ ਸਹੇਲੀ ਸੀ, ਪਰਮਿੰਦਰ। ਅਸਲ ਵਿਚ ਪਰਮਿੰਦਰ ਹੀ ਉਸ ਨੂੰ ਖੇਤ ਲੈ ਕੇ ਗਈ ਸੀ। ਕਪਾਹ ਦੇ ਟੀਂਡਿਆਂ ਨੇ ਮੂੰਹ ਖੋਲ੍ਹੇ ਹੀ ਸਨ। ਉਨ੍ਹਾਂ ਦੇ ਟਿਊਬਵੈੱਲ 'ਤੇ ਬੀਜੀ ਕਪਾਹ ਸੰਘਣੀ ਸੀ, ਬੜੀ ਮੱਲੀ ਹੋਈ, ਉੱਚੀ ਉੱਚੀ। ਮਿੱਥੇ ਸਮੇਂ ਅਨੁਸਾਰ ਸੰਤੋਖ ਵੀ ਆ ਗਿਆ। ਪਰਮਿੰਦਰ ਟਾਹਲੀ ਥੱਲੇ ਬੈਠੀ ਇੱਕ ਕਿਤਾਬ ਫਰੋਲਦੀ ਰਹੀ। ਉਹ ਦੋਵੇਂ ਕਪਾਹ ਦੇ ਸੰਘਣੇ ਜੰਗਲ ਵਿਚ ਗੁਆਚੇ ਹੋਏ ਸਨ।

ਪਰਮਿੰਦਰ ਦੇ ਸਰੀਰ ਵਿਚ ਅਜੀਬ ਕਿਸਮ ਦਾ ਸੁਆਦ ਚੱਕਰ ਲਾ ਰਿਹਾ ਸੀ। ਉਹ ਖੁਸ਼ ਸੀ ਕਿ ਉਸ ਨੇ ਦੋ ਤੜਪਦੀਆਂ ਜਿੰਦੜੀਆਂ ਨੂੰ ਆਖ਼ਰ ਮਿਲਾ ਹੀ ਦਿੱਤਾ ਸੀ। ਉਸ ਦੀ ਹੈਰਾਨੀ ਦੀ ਕੋਈ ਹੱਦ ਨਾ ਰਹੀ, ਜਦੋਂ ਉਸ ਨੇ ਆਪਣੇ ਸਿਰ 'ਤੇ ਖੜ੍ਹੇ ਦੀਪ ਨੂੰ ਦੇਖਿਆ। "ਪਰਮਿੰਦਰ, ਤੂੰ ਐਥੇ ਬੈਠੀ ਐਂ?" ਦੀਪ ਨੇ ਮੁਸਕਰਾ ਕੇ ਪੁੱਛਿਆ। ਪਰਮਿੰਦਰ ਦੀ ਜੀਭ ਤਾਲੂਏ ਨਾਲ ਲੱਗੀ ਹੋਈ ਸੀ। ਤੇ ਫਿਰ ਦੀਪ ਨੇ ਕਪਾਹ ਦੇ ਟੂਸੇ ਹਿੱਲਦੇ ਦੇਖੇ। ਉਹ ਓਧਰ ਨੂੰ ਅਹੁਲਿਆ। ਗੰਦਮੀ ਰੰਗ ਦਾ ਇੱਕ ਮੁੰਡਾ ਜਿਸ ਦੀ ਠੋਡੀ 'ਤੇ ਲੂੰਈ ਫੁੱਟੀ ਹੋਈ ਸੀ, ਕਿਆਰੇ 'ਚੋਂ ਬਾਹਰ ਹੋਇਆ। ਦੀਪ ਦੀਆਂ ਅੱਖਾਂ ਮੂਹਰੇ ਹਨੇਰਾ ਆ ਗਿਆ, ਜਦ ਉਸ ਨੇ ਦੇਖਿਆ ਕਿ ਸਿੰਦਰ ਵੀ ਇੱਕ ਪਾਸਿਓਂ ਬਾਹਰ ਨਿਕਲੀ ਹੈ। ਦੀਪ ਦੇ ਹੱਥ ਵਿਚ ਲੱਕੜ ਦੇ ਛੋਟੇ ਜਿਹੇ ਬਹੇਂ ਵਾਲਾ ਗੰਡਾਸਾ ਸੀ। ਟਿਊਬਵੈੱਲ ਵਾਲੇ ਕਮਰੇ ਦੇ ਬਨੇਰੇ ਨਾਲ ਖਹਿੰਦਾ ਟਾਹਲੀ ਦਾ ਇੱਕ ਡਾਹਣਾ ਉਹ ਵੱਢ ਆਇਆ ਸੀ। ਸਿੰਦਰ ਨੂੰ ਉਸ ਦੇ ਖੇਤ ਆਉਣ ਦਾ ਕੋਈ ਪਤਾ ਨਹੀਂ ਸੀ। ਬੱਦਲ ਦੀ ਛਾਂ ਵਾਂਗ ਅੱਗੇ ਵਧ ਕੇ ਦੀਪ ਨੇ ਸੰਤੋਖ ਦੇ ਸਿਰ ਵੱਲ ਗੰਡਾਸੇ ਦਾ ਵਾਰ ਕੀਤਾ। ਤਿੰਨ ਟੱਕਾਂ ਨਾਲ ਹੀ ਉਸ ਦੀ ਲੋਥ ਖ਼ਾਲ ਵਿਚ ਪਈ ਤੜਫ਼ਦੀ ਸੀ। ਸਿੰਦਰ ਤੇ ਪਰਮਿੰਦਰ ਨੇ ਕੂਕਾਂ ਛੱਡੀਆਂ। ਪਰ ਜਦ ਉਨ੍ਹਾਂ ਨੇ ਦੇਖਿਆ ਕਿ ਉਹ ਉਨ੍ਹਾਂ ਵੱਲ ਵੀ ਆ ਰਿਹਾ ਹੈ, ਉਹ ਚੁੱਪ ਕਰ ਗਈਆਂ ਤੇ ਦੰਦ ਘੁੱਟ ਕੇ ਬੈਠ ਗਈਆਂ। ਉਹ ਉਨ੍ਹਾਂ ਦੋਵਾਂ ਨੂੰ ਬਾਹੋਂ ਫੜ ਕੇ ਟਿਊਬਵੈੱਲ ਵਾਲੇ ਕਮਰੇ ਵਿਚ ਲੈ ਗਿਆ। ਬਾਹਰਲਾ ਕੁੰਡਾ ਉਨ੍ਹਾਂ ਨੂੰ ਲਾ ਕੇ ਆਪ ਉਹ ਕਹੀ ਨਾਲ ਟੋਆ ਪੁੱਟਣ ਲੱਗ ਪਿਆ। ਅੰਦਰ ਬੈਠੀਆਂ ਉਹ ਬੜੀ ਧੀਮੀ ਆਵਾਜ਼ ਵਿਚ ਰੋ ਰਹੀਆਂ ਸਨ ਤੇ ਕਹੀ ਦੇ ਭਰਵੇਂ ਟੱਕਾਂ ਨੂੰ ਸੁਣ ਰਹੀਆਂ ਸਨ। ਥੋੜ੍ਹੇ ਚਿਰ ਵਿਚ ਹੀ ਦੀਪ ਨੇ ਸੰਤੋਖ ਦੀ ਲੋਥ ਡੂੰਘੇ ਟੋਏ ਵਿਚ ਦੱਬ ਕੇ ਉੱਪਰੋਂ ਚੰਗੀ ਤਰ੍ਹਾਂ ਮਿੱਟੀ ਥਾਪੜ ਦਿੱਤੀ। ਕਮਰੇ ਦਾ ਕੁੰਡਾ ਖੋਲ੍ਹ ਕੇ ਕੁੜੀਆਂ ਨੂੰ ਕੜਕਿਆ, "ਖ਼ਬਰਦਾਰ, ਜੇ ਪਿੰਡ ਜਾ ਕੇ ਸਾਹ ਕੱਢਿਐ।"

ਭਾਬੀ ਨੇ ਹਾਕ ਮਾਰੀ। ਸਿੰਦਰ ਥੜ੍ਹੇ ਵਾਲੀ ਥਾਂ 'ਤੇ ਬੈਠੀ ਮਿੱਟੀ ਦੀ ਇੱਕ ਢੇਰੀ ਬਣਾ ਰਹੀ ਸੀ। ਉਸ ਨੇ ਜਵਾਬ ਦਿੱਤਾ, "ਚੱਲ ਭਾਬੀ ਔਨੀਂ ਆਂ।" ਤੇ ਉਸ ਦੇ ਕੋਲ ਖੜ੍ਹੇ ਬਿਟ ਬਿਟ ਤੱਕ ਰਹੇ ਮੁੰਡੇ ਨੇ ਉਸ ਨੂੰ ਆਖਿਆ, "ਦੋ ਮੁੱਠੀਆਂ ਮਿੱਟੀ ਤੂੰ ਵੀ ਚੜ੍ਹਾ ਦੇ ਏਸ ਢੇਰੀ 'ਤੇ।" ♦

# ਸ਼ੀਹਣੀਂ

ਉਸ ਦੀ ਬਰਾਤ ਆਉਣ ਵਿਚ ਸਿਰਫ਼ ਦੋ ਦਿਨ ਰਹਿੰਦੇ ਸਨ। ਅੱਜ ਸਵੇਰੇ ਜਦ ਉਹ 'ਬਾਹਰ' ਨਿਆਈਂ ਗਈ ਸੀ ਤਾਂ ਹਰਨੇਕ ਦੀ ਵੱਡੀ ਭਰਜਾਈ ਨੇ ਉਸ ਨੂੰ ਇੱਕ ਚਿੱਠੀ ਫੜਾਈ ਸੀ, ਜਿਸ ਵਿਚ ਲਿਖਿਆ ਸੀ, "ਫਿਰ ਤਾਂ ਮੌਕਾ ਨਹੀਂ ਮਿਲਣਾ। ਪਤਾ ਨਹੀਂ ਸਹੁਰਿਆਂ ਤੋਂ ਕਦ ਮੁੜੇਂ। ਅੱਜ ਆਥਣੇ ਹਨੇਰਾ ਜਿਹਾ ਹੋਏ ਤੋਂ ਕਰਨੀ ਬੁੜ੍ਹੀ ਦੇ ਘਰ ਆ ਜਾਈਂ।"

ਪਿਛਲੀ ਵਾਰ ਜਦ ਉਸ ਮਿਲੀ ਸੀ ਤਾਂ ਉਸ ਨੇ ਬਹੁਤ ਜ਼ਿਆਦਾ ਵਾਸਤੇ ਪਾਏ ਸਨ, ਉਹਦੇ ਪੈਰੀਂ ਹੱਥ ਵੀ ਲਾ ਦਿੱਤੇ ਸਨ ਤੇ ਕਿਹਾ ਸੀ ਕਿ ਉਹ ਉਸ ਦੀ ਬਾਰਾਤ ਆਉਣ ਤੋਂ ਪਹਿਲਾਂ ਪਹਿਲਾਂ ਉਸ ਨੂੰ 'ਕੱਢ' ਕੇ ਲੈ ਜਾਵੇ, ਭਾਵੇਂ ਕਿਤੇ ਲੈ ਜਾਵੇ। ਉਹ ਮੰਨਿਆ ਨਹੀਂ ਸੀ। ਫਿਰ ਉਸ ਨੇ ਬਹੁਤ ਗੰਭੀਰ ਹੋ ਕੇ ਆਖਿਆ ਸੀ ਕਿ ਉਹ ਉਸ ਨੂੰ ਹੁਣ ਕਦੇ ਵੀ ਨਾ ਬੁਲਾਵੇ। ਕੀ ਫ਼ਾਇਦਾ ਇਸ ਤਰ੍ਹਾਂ ਧੱਕੇ ਖਾਣ ਦਾ?

ਹਰਨੇਕ ਕਾਲਜ ਵਿਚ ਪੜ੍ਹਦਾ ਸੀ। ਉਹ ਪਿੰਡ ਦੇ ਸਕੂਲ ਵਿਚ ਦਸਵੀਂ ਜਮਾਤ ਵਿਚ ਪੜ੍ਹਦੀ ਹੁੰਦੀ। ਹਰਨੇਕ ਦਾ ਘਰ ਉਨ੍ਹਾਂ ਦੇ ਘਰ ਦੇ ਨੇੜੇ ਸੀ। ਹਰਨੇਕ ਦੀ ਮਾਂ ਨੂੰ ਪੁੱਛ ਕੇ ਉਹ ਕਦੇ ਉਸ ਕੋਲ ਅੰਗਰੇਜ਼ੀ ਦਾ ਗਰੈਮਰ ਸਮਝਣ ਆ ਜਾਇਆ ਕਰਦੀ। ਇੱਕ ਦਿਨ ਹਰਨੇਕ ਨੇ....। ਉਸ ਦਾ ਬਹੁਤ ਬੁਰਾ ਮਨਾਇਆ ਸੀ। ਘਰਾਂ ਵਿਚੋਂ ਹੀ ਚਾਚੇ ਦਾ ਪੁੱਤ ਹੋ ਕੇ ਉਸ ਦਾ ਕੀ ਕੰਮ? ਝੱਟ ਹਰਨੇਕ ਨੇ ਉਸ ਤੋਂ ਮਾਫ਼ੀ ਮੰਗ ਲਈ ਸੀ। ਉਹ ਫਿਰ ਵੀ ਉਨ੍ਹਾਂ ਦੇ ਘਰ ਆਉਂਦੀ ਜਾਂਦੀ ਰਹੀ ਸੀ। ਇੱਕ ਦਿਨ ਫਿਰ ਉਸ ਨੇ...।

ਇੱਕ ਦਿਨ ਹਰਨੇਕ ਉਨ੍ਹਾਂ ਦੇ ਘਰ ਆਇਆ ਸੀ। ਉਨ੍ਹਾਂ ਦਾ ਕੋਈ ਹੋਰ ਘਰ ਨਹੀਂ ਸੀ।

ਇਹ ਸਿਲਸਿਲਾ ਫਿਰ ਤਾਂ ਆਮ ਹੋ ਗਿਆ ਸੀ।

ਕਰਨੀ ਬੁੜ੍ਹੀ ਦਾ ਘਰ ਵਾਲਾ ਕਦੋਂ ਦਾ ਮਰ ਚੁੱਕਿਆ ਸੀ। ਦੋ ਧੀਆਂ ਸਨ, ਵਿਆਹ ਵਰ ਦਿੱਤੀਆਂ ਸਨ। ਮੁੰਡਾ ਕੋਈ ਨਹੀਂ ਸੀ। ਇਕੱਲੀ ਜਾਨ ਦੀ ਜਾਨ। ਹਰਨੇਕ ਨੇ 'ਤਾਈ ਜੀ', 'ਤਾਈ ਜੀ' ਕਰਕੇ ਉਸ ਕੋਲ ਗੱਲ ਖੋਲ੍ਹ ਦਿੱਤੀ। ਉਸ ਨਾਲ ਉਹ ਬਹੁਤਾ ਹੀ ਮਿੱਠਾ ਪਿਆਰਾ ਬਣਕੇ ਰਹਿੰਦਾ। ਜਦੋਂ ਉਨ੍ਹਾਂ ਦਾ ਦਾਅ ਲੱਗਦਾ, ਉਹ ਕਰਨੀ ਦੇ ਘਰ ਆ ਜਾਦੇ।

ਇਵੇਂ ਜਿਵੇਂ ਦਿਨ ਲੰਘਦੇ ਗਏ।

ਕੁੜੀ ਨੇ ਦਸਵੀਂ ਪਾਸ ਕਰ ਲਈ ਸੀ। ਹਰਨੇਕ ਬੀ. ਏ. ਪਾਰਟ ਪਹਿਲੇ ਵਿਚੋਂ ਤਿੰਨ ਵਾਰੀ ਫੇਲ੍ਹ ਹੋ ਕੇ ਘਰ ਬੈਠ ਗਿਆ ਸੀ। ਜ਼ਮੀਨ ਉਨ੍ਹਾਂ ਕੋਲ ਚੰਗੀ ਸੀ। ਹਰਨੇਕ

ਦੇ ਦੋਵੇਂ ਭਰਾ ਵਾਹੀ ਦਾ ਕੰਮ ਜਿਉਂ ਤੇ ਤਿਉਂ ਕਰਦੇ ਸਨ। ਹਰਨੇਕ ਉਨ੍ਹਾਂ ਦੀ ਮਾੜੀ ਮੋਟੀ ਮੱਦਦ ਕਰਦਾ, ਜਾਨ ਤੋੜ ਕੇ ਉਸ ਨੇ ਕਦੇ ਵੀ ਕੰਮ ਨਹੀਂ ਸੀ ਕੀਤਾ। ਦੋਵੇਂ ਭਰਾ ਉਸ ਨੂੰ ਔਖਾ ਕਰਕੇ ਰਾਜ਼ੀ ਵੀ ਨਹੀਂ ਸਨ। ਉਹ ਤਾਂ ਚਾਹੁੰਦੇ ਸਨ ਕਿ ਉਹ ਨੌਕਰੀ ਲੈ ਲਵੇ। ਮਿੱਟੀ ਨਾਲ ਮਿੱਟੀ ਹੋ ਕੇ ਰਹਿਣ ਵਾਲਾ ਖੇਤੀਬਾੜੀ ਦਾ ਕੰਮ ਉਸ ਤੋਂ ਹੋਣਾ ਨਹੀਂ।

ਕੁੜੀ ਨੇ ਇੱਕ ਦਿਨ ਸੁਣਿਆ, ਉਸ ਦਾ ਪਿਓ ਉਸ ਨੂੰ ਕਿਤੇ ਮੰਗ ਆਇਆ ਹੈ। ਮੁੰਡਾ ਦਸ ਜਮਾਤਾਂ ਪੜ੍ਹ ਕੇ ਓਵਰਸੀਅਰੀ ਦਾ ਕੋਰਸ ਕਰ ਰਿਹਾ ਹੈ।

ਕਰਨੀ ਦੇ ਘਰ ਕੁੜੀ ਨੇ ਇੱਕ ਦਿਨ ਹਰਨੇਕ ਨੂੰ ਪੂਰੇ ਦਿਲ ਨਾਲ ਪੁੱਛਿਆ–

'ਇੱਕ ਗੱਲ ਆਖਾਂ ਹਰਨੇਕ?'

'ਆਖ।'

'ਭੱਜਦਾ ਤਾਂ ਨੀ?'

'ਅੱਗੇ ਕਦੇ ਭੱਜਿਆ ਮੈਂ ਤੈਥੋਂ?'

ਜਿਹੜਾ ਕੁਛ ਕੁੜੀ ਕੋਲ ਹੁੰਦੈ, ਉਹ ਤਾਂ ਮੈਂ ਤੈਨੂੰ ਦੇ ਬੈਠੀ, ਬਿਗਾਨੇ ਪੁੱਤ ਨੂੰ ਹੁਣ ਕੀ ਮੂੰਹ ਦਿਖਾਊਂ?'

'ਬਿਗਾਨੇ ਪੁੱਤ ਵਾਸਤੇ ਅਜੇ ਬਥੇਰੇ ਕੁਛ ਹੈਗਾ ਤੇਰੇ ਕੋਲ। ਤੂੰ ਬੁੜ੍ਹੀ ਤਾਂ ਨੀ ਹੋਗੀ।'

'ਦੇਖ ਹਰਨੇਕ, ਜੇ ਅਸਲੀ ਪੁੱਛਦੈਂ ਤਾਂ ਮੈਂ ਤੇਰੇ ਵਸਣਾ ਚਾਹੁਨੀ ਆਂ।'

ਹਰਨੇਕ ਹੱਸਿਆ, 'ਮੇਰੇ ਕਿਵੇਂ ਵਸੇਂਗੀ?'

'ਹੌਂਸਲਾ ਕਰ।'

'ਪਿੰਡ ਦੇ ਮੁੰਡੇ ਨਾਲ ਜੇ ਇਸ਼ਕ ਕੀਤਾ ਜਾ ਸਕਦੈ ਤਾਂ ਵਿਆਹ ਕਿਉਂ ਨੀ?'

'ਇਸ਼ਕ ਹੋਰ ਚੀਜ਼ ਐ, ਵਿਆਹ ਹੋਰ ਚੀਜ਼।'

'ਇਸ਼ਕ ਦਾ ਮਤਲਬ ਇਹੀ ਐ, ਆਪਣੀ ਹਵਸ ਪੂਰੀ ਕਰੋ, ਕਿਸੇ ਦਾ ਭਾਵੇਂ ਕੱਖ ਨਾ ਰਹੇ?'

'ਤੇਰੇ ਮਾਪੇ ਮੰਨ ਜਾਣਗੇ?'

'ਮੰਨਣਗੇ ਤਾਂ ਤੇਰੇ ਵੀ ਨਹੀਂ।'

'ਫੇਰ ਪੂਰ ਕਿਵੇਂ ਚੜ੍ਹੇ ਇਹ ਗੱਲ?'

'ਜਿੱਦਣ ਲਾਈਆਂ ਸੀ ਓਦਣ ਮਾਪਿਆਂ ਤੋਂ ਪੁੱਛਿਆ ਸੀ?'

'ਤੂੰ ਪਾਗਲ ਤਾਂ ਨੀ ਹੋ ਗਈ ਨਿੰਦੀਏ?'

'ਪਾਗਲ ਨਹੀਂ, ਮੈਨੂੰ ਹੋਸ਼ ਈ ਹੁਣ ਆਈ ਐ ਹਰਨੇਕ!'

'ਹੋਸ਼ ਨੀ, ਮਰਨ ਦਾ 'ਰਾਦਾ ਕੀਤਾ ਹੋਇਐ।'

ਹੁਣ ਜਦ ਹਰਨੇਕ ਨੇ ਉਸ ਨੂੰ ਫਿਰ ਕਰਨੀ ਬੁੜ੍ਹੀ ਦੇ ਘਰ ਬੁਲਾ ਲਿਆ ਸੀ ਤਾਂ ਉਹ ਇਹ ਸਮਝ ਬੈਠੀ ਸੀ, ਸ਼ਾਇਦ ਹਰਨੇਕ ਕਿਸੇ ਫ਼ੈਸਲੇ 'ਤੇ ਪਹੁੰਚ ਹੀ ਗਿਆ ਹੋਵੇ?

ਕਰਨੀ ਘਰ ਹੀ ਸੀ। ਹਰਨੇਕ ਦਿਨ ਛਿਪਣ ਦੇ ਨਾਲ ਹੀ ਉਸ ਦੇ ਘਰ ਆ ਬੈਠਾ ਸੀ।

'ਐਡੀ ਛੇਤੀ ਮਿਆਂਕ ਗਿਆ ਹੁਣ ਤੂੰ? ਦਸ ਦਿਨ ਹੋਏ ਤੇਰੇ ਨਾਲ ਐਨੀਂ ਕਰਕੇ ਗਈ ਸੀ ਉਹ। ਸਰਿਆ ਬਿਸ਼ਰਮਾ?' ਬੁੜ੍ਹੀ ਨੇ ਪੈਂਦੀ ਸੱਟੇ ਹਰਨੇਕ ਨੂੰ ਝਾੜ ਪਾਈ।

'ਤਾਈ ਜੀ, ਮਖਿਆ, ਜਾਂਦੀ ਵਾਰੀ ਦਾ ਲਾਹਾ ਈ ਲੈ ਲੀਏ। ਫੇਰ ਕਿਹਨੇ ਮਿਲਣ ਦੇਣੈ ਉਹ ਨੂੰ?' ਹਰਨੇਕ ਕੱਚੀ ਜਿਹੀ ਹਾਸੀ ਹੱਸਿਆ।

'ਜਿਹੜੀ ਗੱਲ ਉਹ ਕਹਿੰਦੀ ਸੀ। ਉਸ ਵਾਸਤੇ ਕਰੇਗਾ ਤੇਰਾ ਜੇਰਾ। ਤੂੰ ਤਾਂ ਘੋਗੜ ਐਂ, ਨਿਰਾ!'

'ਉਹਦੇ ਵਾਲੀ ਗੱਲ ਨੀ ਪੁਗਦੀ ਤਾਈ ਜੀ। ਉਹ ਤਾਂ ਕਮਲੀ ਐ। ਇਹ ਗੱਲ ਵੀ ਬਣ ਸਕਦੀ ਐ ਕਦੇ?'

''ਬਣ ਕਿਉਂ ਨੀ ਸਕਦੀ? ਤੇਰੇ ਸਾਹਮਣੇ ਸੱਘੜ ਨੀ ਲਈ ਬੈਠਾ ਪਿੰਡ ਦੀ ਕੁੜੀ।'

'ਲਈ ਬੈਠੈ ਤਾਂ ਥੋੜ੍ਹੀ ਹੋਈ ਸੀ ਇਹਦੇ ਨਾਲ। ਵੀਹ ਸਾਲ ਪਿੰਡ ਨੀ ਵੜ੍ਹਨ ਦਿੱਤਾ, ਅਗਲਿਆਂ ਨੇ। ਪਿਛਲੀ ਉਮਰ ਵਿਚ ਹੁਣ ਆ ਗਿਐ।'

'ਭਾਵੇਂ ਨਰਕ ਵਿਚ ਰਹੇ, ਪਰ ਯਾਰੀ ਤਾਂ ਪੁਗਾਈ। ਤੂੰ ਕੀ ਸਾਰ ਜਾਣੇ ਵੇ ਇੰਨ੍ਹਾਂ ਕੰਮਾਂ ਦੀ। ਇੱਕ ਬੱਸ ਚੰਮ ਦਾ ਸੁਆਦ ਮੁੱਖ ਰੱਖਿਐ ਤੂੰ ਤਾਂ।'

ਬੁੜ੍ਹੀ ਪੂਰੀ ਤਰ੍ਹਾਂ ਹਰਨੇਕ ਨੂੰ ਠਣਕਾ ਰਹੀ ਸੀ। ਉਹ ਨੀਵੀਂ ਪਾਈ ਬੈਠਾ ਸੀ ਤੇ ਹੌਲੀ ਹੌਲੀ ਬੋਲ ਰਿਹਾ ਸੀ। ਉਸ ਨੂੰ ਲੱਗਦਾ ਸੀ ਜਿਵੇਂ ਚੱਜ ਦੇ ਜਵਾਬ ਉਸ ਨੂੰ ਔੜ ਨਾ ਰਹੇ ਹੋਣ।

ਦਰਵਾਜ਼ੇ ਦਾ ਅੰਦਰਲਾ ਕੁੰਡਾ ਲਾ ਆਈ?' ਬੁੜੀ ਨੇ ਨਰਿੰਦਰ ਨੂੰ ਪੁੱਛਿਆ।

'ਨਾ। ਕੁੰਡੇ ਨੂੰ ਕੀ ਐ, ਤਾਈ ਜੀ?'

'ਹੈ ਕਿਉਂ ਨੀ ਕੁੜੀਏ। ਮੇਰੇ ਧੌਲ਼ੇ ਝਾਟੇ 'ਚ ਖੇਹ ਪਵੌਂਣੀ ਐ? ਕਿਸੇ ਨੂੰ ਬਿੜਕ ਹੋਗੀ ਤਾਂ ਕੀ ਕਹੂ ਮੈਨੂੰ? ਤੈਨੂੰ ਕੀ ਕਹੂ ਤੇ ਇਹਨੂੰ ਕੀ ਕਹੂ?'

ਕਰਨੀ ਉੱਠੀ। ਕੰਧੋਲੀ 'ਤੋਂ ਮੁੱਠੀ ਜਿੰਦਾ ਚੁੱਕਿਆ। ਦਰਵਾਜ਼ੇ ਵੱਲ ਵਧੀ। ਬਾਹਰ ਨਿਕਲ ਕੇ ਤਖ਼ਤੇ ਭੇੜੇ ਤੇ ਮੁੱਠੀ ਜਿੰਦਾ ਲਾ ਦਿੱਤਾ। ਆਪ ਉਹ ਨਰਿੰਦਰ ਕੇ ਘਰ ਜਾ ਬੈਠੀ। ਨਰਿੰਦਰ ਦੀ ਮਾਂ ਨਾਲ ਵਿਆਹ ਦੀਆਂ ਗੱਲਾਂ ਕਰਨ ਲੱਗੀ।

ਹਰਨੇਕ ਨੇ ਨਰਿੰਦਰ ਦੀ ਬਾਂਹ ਫੜੀ ਤੇ ਉਸ ਨੂੰ ਸਬ੍ਹਾਤ ਵਿਚ ਧੂਹ ਲਿਆ। ਨਰਿੰਦਰ ਨੇ ਬਾਂਹ ਛੁਡਾ ਲਈ ਉਹ ਕੜਕੀ 'ਬੰਦੇ ਦਾ ਪੁੱਤ ਐਂ ਤਾਂ ਗੱਲ ਸੁਣ ਲੈ, ਮੇਰੀ ਖੜ੍ਹਕੇ।'

ਹਰਨੇਕ ਨੇ ਉਸ ਨੂੰ ਮੰਜੇ 'ਤੇ ਸੁੱਟਣ ਦੀ ਕੋਸ਼ਿਸ਼ ਕੀਤੀ। ਨਰਿੰਦਰ ਅੜੀ ਖੜ੍ਹੀ ਸੀ।

'ਗੱਲਾਂ ਫੇਰ ਕਰਾਂਗੇ ਪਹਿਲਾਂ...।' ਹਰਨੇਕ ਕਹਿ ਰਿਹਾ ਸੀ।

ਉਸ ਨੇ ਬਥੇਰੀ ਕੋਸ਼ਿਸ਼ ਕੀਤੀ, ਪਰ ਨਰਿੰਦਰ ਨੇ ਇੱਕ ਵੀ ਨਾ ਮੰਨੀ।

ਸਬ੍ਹਾਤ ਵਿਚ ਬਲ੍ਹਬ ਦੀ ਮੱਧਮ ਰੌਸ਼ਨੀ। ਉਹ ਦੋਵੇਂ ਮੰਜੇ 'ਤੇ ਬੈਠੇ ਹੋਏ ਸਨ, ਦੋਵੇਂ ਹੀ ਚੁੱਪ ਸਨ। ਅਗਲੇ ਬਿੰਦ ਹੀ ਨਰਿੰਦਰ ਮੰਜੇ ਦੀ ਬਾਹੀ 'ਤੇ ਹੋ ਗਈ। ਹਰਨੇਕ ਦਾ ਹੱਥ ਫੜ ਕੇ ਕਹਿਣ ਲੱਗੀ,... ''ਦੇਖ ਹਰਨੇਕ, ਮੈਂ ਤੈਥੋਂ ਕੁਛ ਵੀ ਲੁਕੋਅ ਕੇ ਨਹੀਂ ਰੱਖਿਆ, ਤੂੰ ਸਭ ਮਨ ਆਈਆਂ ਕੀਤੀਆਂ। ਕਦੇ ਨਾਂਹ ਕੀਤੀ ਤੈਨੂੰ?''

ਹਰਨੇਕ ਉਸ ਦੇ ਮੂੰਹ ਵੱਲ ਝਾਕਿਆ ਹੀ।

'ਪਰਸੋਂ ਨੂੰ ਮੇਰੀ ਬਰਾਤ ਔਣੀ ਐ। ਅੱਜ ਰਾਤ ਈ ਮੈਨੂੰ ਲੈ ਚੱਲ। ਭਾਵੇਂ ਕਿਤੇ ਲੈ ਚੱਲ। ਮੈਂ ਟੋਕਰੀ ਢੋਹ ਕੇ ਵੀ ਗੁਜ਼ਾਰਾ ਕਰ ਲੂੰਗੀ। ਜੋ ਵੀ ਹੋਇਆ, ਕਰੂੰਗੀ।'

'ਤੇ ਮੈਂ ਕੀ ਕਰੂੰਗਾ?'

'ਤੂੰ ਕੀ ਨੀ ਕਰ ਸਕਦਾ? ਤੇਰੇ ਹੱਥ ਹੈਗੇ ਐ, ਦਿਮਾਗ਼ ਹੈਗੇ, ਦਿਮਾਗ਼ 'ਚ ਚਾਰ ਅੱਖਰ ਵੀ ਨੇ।'

'ਜਾਇਦਾਦ ਦਾ ਮਾਲਕ ਹੋ ਕੇ ਸ਼ਰਮ ਨੀ ਆਊ ਮੈਨੂੰ?'

'ਮੈਨੂੰ ਪੱਟ ਕੇ ਰੱਖ 'ਤਾ, ਇਹ ਸ਼ਰਮ ਨਾ ਆਈ ਤੈਨੂੰ?'

'ਕੀ ਪੱਟ 'ਤਾ ਤੈਨੂੰ?'

'ਮੇਰਾ ਰਿਹਾ ਦੱਸ ਕੀ ਐ, ਮੇਰੇ ਕੋਲ?'

'ਵਿਆਹ ਕਰਵਾ, ਜਾਹ, ਮੌਜਾਂ ਕਰ। ਕੀ ਹੋਇਐ ਤੈਨੂੰ?'

ਅਸਲ 'ਚ ਹਰਨੇਕ, ਮੈਂ ਤਾਂ ਤੇਰੇ ਨਾਲ ਈ ਸਾਰੀ ਜ਼ਿੰਦਗੀ ਕੱਢਣੀ ਐ। ਤੂੰ ਮੈਨੂੰ ਲੈ ਜਾ ਅੱਜ ਈ ਕਿਧਰੇ। ਤੇਰੀ ਜਾਇਦਾਦ ਕਿਤੇ ਨੀ ਜਾਂਦੀ। ਪੰਜ-ਸੱਤ ਸਾਲਾਂ ਬਾਅਦ ਐਥੇ ਈ ਮੁੜਕੇ ਆ ਜਾਂਗੇ?'

'ਏਥੇ ਈ ਆ ਜਾਂਗੇ?'

'ਹਾਂ, ਕੀ ਕਹਿ ਦੂ ਕੋਈ ਆਪਾਂ ਨੂੰ?'

ਹਰਨੇਕ ਹੱਸਿਆ, 'ਇਹ ਗੱਲ ਤਾਂ ਬਿਲਕੁਲ ਈ ਨੀ ਹੋ ਸਕਦੀ, ਨਿੰਦੀ।'

'ਹੋ ਕਿਉਂ ਨੀ ਸਕਦੀ?'

ਨਰਿੰਦਰ ਨੇ ਹਰਨੇਕ ਦੇ ਦੋਵੇਂ ਹੱਥ ਆਪਣੇ ਹੱਥਾਂ ਵਿਚ ਫੜਕੇ ਹਿੱਕ ਨਾਲ ਘੁੱਟ ਲਏ। ਹਰਨੇਕ ਦੇ ਹੱਥ ਉਸ ਨੂੰ ਠੰਡੇ ਠੰਡੇ ਲੱਗੇ। ਨਰਿੰਦਰ ਨੇ ਆਪਣੇ ਹੱਥਾਂ ਦੀ ਪਕੜ ਥੋੜ੍ਹੀ ਜਿਹੀ ਢਿੱਲੀ ਕੀਤੀ ਤਾਂ ਹਰਨੇਕ ਨੇ ਆਪਣੇ ਹੱਥ ਹੌਲੀ ਹੌਲੀ ਉਸ ਦੇ ਹੱਥਾਂ ਵਿਚੋਂ ਖਿਸਕਾ ਲਏ।

'ਨਹੀਂ' ਕਹਿ ਕੇ ਉਹ ਮੰਜੇ 'ਤੋਂ ਉੱਠਿਆ। ਅਗਵਾੜੀ ਲਈ। ਬਾਹੀ 'ਤੇ ਬੈਠੀ ਨਰਿੰਦਰ ਨੂੰ ਉਸ ਨੇ ਮੋਢਿਆਂ ਤੋਂ ਫੜ ਕੇ ਮੰਜੇ 'ਤੇ ਸੁੱਟਣਾ ਚਾਹਿਆ, ਪਰ ਨਰਿੰਦਰ ਤਾਂ ਜਿਵੇਂ ਲੋਹੇ ਦੀ ਬਣੀ ਬੈਠੀ ਹੋਵੇ। ਕਹਿਣ ਲੱਗੀ, "ਏਸ ਕੰਮ ਦੀ ਕੋਈ ਲੋੜ ਨੀ ਬੱਸ। ਮੇਰੇ ਨਾਲ ਤੇਰਾ ਕੋਈ ਸਬੰਧ ਨੀ।'

'ਤੂੰ ਸਿੱਧੀ ਹੋ?' ਹਰਨੇਕ ਨੇ ਜ਼ਬਰਦਸਤੀ ਕੀਤੀ।

ਉਹ ਮੰਜੇ ਤੋਂ ਖੜ੍ਹੀ ਹੋ ਗਈ। ਦੋਵੇਂ ਗੁੱਥਮ ਗੁੱਥਾ ਹੋਣ ਲੱਗੇ। ਦੋਵਾਂ ਦੇ ਸਾਹ ਚੜ੍ਹੇ ਹੋਏ ਸਨ।

ਤਰੀੜ ਕੇ ਨਰਿੰਦਰ ਨੇ ਆਪਣੇ ਆਪ ਨੂੰ ਹਰਨੇਕ ਦੀਆਂ ਬਾਹਾਂ 'ਚੋਂ ਛੁਡਾਇਆ ਤੇ ਪਰ੍ਹਾਂ ਜਾ ਖੜ੍ਹੀ। ਉਹ ਫਿਰ ਉਸ ਵੱਲ ਅਹੁਲਿਆ। ਕਾੜ ਕਰਦੀ ਚਪੇੜ ਨਰਿੰਦਰ ਨੇ ਹਰਨੇਕ ਦੇ ਮੂੰਹ 'ਤੇ ਮਾਰੀ। ਸ਼ੀਹਣੀ ਵਾਂਗ ਉਹ ਗੱਜੀ, 'ਹਰਾਮਜ਼ਾਦਾ, ਕਮੀਨਾ ਨਾ ਹੋਵੇ ਤਾਂ।'

ਹਰਨੇਕ ਠਠੰਬਰ ਕੇ ਖੜ੍ਹੋ ਗਿਆ। ਨਾ ਉਹ ਨਰਿੰਦਰ ਵੱਲ ਵਧਿਆ ਤੇ ਨਾ ਹੀ ਮੂੰਹੋਂ ਕੋਈ ਬੋਲ ਕੱਢਿਆ। ਨਰਿੰਦਰ ਨੇ ਜਿਵੇਂ ਉਸ ਦੀ ਸੁਰਤ ਟਿਕਾਣੇ ਲਿਆ ਦਿੱਤੀ ਹੋਵੇ।

ਦੂਜੇ ਬਿੰਦ ਹੀ ਕਰਨੀ ਬੁੜ੍ਹੀ ਨੇ ਬਾਹਰੋਂ ਜਿੰਦਾ ਖੋਲ੍ਹਿਆ ਤੇ ਦਰਵਾਜ਼ਾ ਲੰਘ ਕੇ ਵਿਹੜੇ ਵਿਚ ਆ ਗਈ। ਨਰਿੰਦਰ ਸਬ੍ਹਾਤ ਵਿਚੋਂ ਨਿਕਲ ਕੇ ਜਾ ਰਹੀ ਸੀ।

'ਕਿਉਂ, ਕੁੜੇ, ਮੂੰਹ ਘਰੂਟ ਵਰਗਾ ਕੀਤੈ? ਕਿਤੇ ਲੜ ਤਾਂ ਨੀ ਪਏ? ਕੀ ਆਖਤਾ ਤੈਨੂੰ ਮੁੰਡੇ ਨੇ?' ਬੁੱਢੀ ਨੇ ਨਰਿੰਦਰ ਦਾ ਮੋਢਾ ਫੜ ਕੇ ਇੱਕੋ ਸਾਹ ਤਿੰਨ ਸਵਾਲ ਕੀਤੇ। ਨਰਿੰਦਰ ਦਾ ਰੋਣ ਨਿਕਲ ਗਿਆ। ਉਹ ਕੇਵਲ ਐਨਾ ਹੀ ਬੋਲ ਸਕੀ, 'ਛੱਡ ਦਿਓ, ਤਾਈ ਜੀ ਬੱਸ। ਕਰਨੀ ਤੋਂ ਮੋਢਾ ਛੁਡਾ ਕੇ ਉਹ ਘਰ ਨੂੰ ਚਲੀ ਗਈ। ♦

# ਮੈਂ ਦੋਸ਼ੀ ਨਹੀਂ ਹੋਵਾਂਗਾ

ਦਸੰਬਰ ਦਾ ਮਹੀਨਾ। ਠੰਡੀ ਸ਼ਾਮ ਦਾ ਅਸਰ ਧੁਰ ਕਾਲਜੇ ’ਤੇ ਹੈ। ਸਾਈਕਲ ’ਤੇ ਦਫ਼ਤਰੋਂ ਘਰ ਨੂੰ ਆ ਰਿਹਾ ਹਾਂ। ਇੱਕ ਕਿਲੋਮੀਟਰ ਦਾ ਰਾਹ ਹੈ।

ਸਾਰੇ ਦਫ਼ਤਰ ਦੀਆਂ ਅੱਖਾਂ ਅੱਜ ਨਵੀਂ ਲੱਗੀ ਟਾਈਪਿਸਟ ਕੁੜੀ ’ਤੇ ਹੀ ਰਹੀਆਂ। ਲੰਬਾ ਕਹਿਰਾ ਸਰੀਰ, ਟੋਪੀ ਵਾਲੀ ਮੋਟੀ ਮੋਟੀ ਅੱਖ। ਮਾਮੂਲੀ ਜਿਹਾ ਪੱਕਾ ਰੰਗ। ਗਜ਼ਬ ਇਹ ਕਿ ਸੁਪਰਡੈਂਟ ਨੇ ਉਸ ਦੀ ਸੀਟ ਮੇਰੇ ਸੱਜੇ ਹੱਥ ਲਾ ਦਿੱਤੀ ਹੈ। ਖੱਬੇ ਹੱਥ ਬੈਠੇ ‘ਸ਼ਰਮਾ’ ਨੇ ਅੱਜ ਤਾਂ ਦੋ ਵਾਰ ਉਚੇਚਾ ਪੁੱਛਿਆ, “ਪਾਨ ਖਾਓ, ਵਿਨੋਦ ਸਾਹਿਬ।! ਅਪਨੇ ਹਾਥੋਂ ਸੇ ਤਿਆਰ ਕਰਕੇ ਲਾਇਆ ਹੂੰ, ਮਾਲੇਰਕੋਟਲਾ ਹੀ ਸੇ। ਲੀਜੀਏ ਨਾ, ਏਕ ਪੀਸ।” ਅੱਗੇ ਤਾਂ ਹਰਾਮਜ਼ਾਦਾ ਬੋਲਿਆ ਨਹੀਂ ਸੀ ਚੱਜ ਨਾਲ ਕਦੇ, ਅੱਜ ਕਿਉਂ ਪੇਸ਼ ਕਰ ਰਿਹਾ ਸੀ, ਪਾਨ? ਮੈਂ ਸੋਚ ਰਿਹਾ ਹਾਂ ਤੇ ਸਭ ਜਾਣਦਾ ਹਾਂ। ਪਰਲੇ ਖੂੰਜੇ ਬੈਠਾ ਛੀਟਕਾ ਜਿਹਾ ਚਤਰੰਜਣ ਸਿੰਘ ਲੰਚ ਟਾਈਮ ਹੋਣ ਸਾਰ ਰੋਟੀ ਵਾਲਾ ਡੱਬਾ ਲੈ ਕੇ ਮੇਰੀ ਸੀਟ ਕੋਲ ਆਇਆ ਸੀ ਤੇ ਮੁੱਛਾਂ ਫ਼ਰਕਾ ਰਿਹਾ ਸੀ, “ਆਓ ਵਿਨੋਦ ਜੀ, ਆਵੇ ਨੇ ਮੁੱਕਣਾ ਨਹੀਂ, ਗਧੇ ਨੇ ਛੁੱਟਣਾ ਨਹੀਂ। ਆਓ ਪਰੌਂਠੇ ਖਵਾਵਾਂ ਦੇਸੀ ਘੀ ਵਿਚ ਤਲੇ ਹੋਏ।’ ਤੇ ਫਿਰ ‘ਉਸ’ ਵੱਲ ਟੇਢੀ ਨਿਗਾਹ ਕਰਕੇ ਹੌਲੀ ਦੇ ਕੇ ਉਸ ਨੇ ਆਖਿਆ ਸੀ, ‘ਗਾੜ੍ਹੀ ਤਰੀ ਵਾਲੀ ਕਲੇਜੀ ਵੀ ਏ।’ ਥੈਂਕਸ ਕਹਿ ਕੇ ਮੈਂ ਉਸ ਨੂੰ ਮਨ ਵਿਚ ਗਾਲ਼ ਕੱਢੀ ਸੀ, ‘ਸਾਲਾ ਕਲੇਜੀ ਦਾ, ਨੰਗ। ਟਹੁਰ ਈ ਟਹੁਰ ਐ ਪੱਲੇ। ਬੌਸ ਦੇ ਬੇਬੀ ਨੂੰ ਸਾਈਕਲ ’ਤੇ ਬਹਾ ਕੇ ‘ਇੰਦਰਾ ਗਾਰਡਨ’ ਦੀ ਸੈਰ ਕਰਵਾਉਣ ਤੋਂ ਵਿਹਲ ਵੀ ਮਿਲੇ ਤੈਨੂੰ, ਊਤ ਦੇ ਬੀਜ।’

ਦੋ ਧੀਆਂ ਬਤਾਰੂ ਬਣੀਆਂ ਫਿਰਦੀਆਂ ਨੇ, ਕੰਜਰ ਦੀਆਂ। ਵਿਆਹੁਣ ਦਾ ਨਾਂ ਨਹੀਂ ਲੈਂਦਾ। ਰਵੀ ਕਾਂਤ ਵਾਲੀਆ। ਦਫ਼ਤਰ ਦੇ ਅੱਧ ਵਿਚਾਲੇ ਬੈਠਾ ਕਿਵੇਂ ਉੱਚੀ ਉੱਚੀ ਭੌਂਕ ਰਿਹਾ ਸੀ, “ਵਿਨੋਦ ਬਾਬੂ, ਸਿਰਗਟ ਨੋਸ਼ ਫੁਰਮਾਓ। ਘੱਲਾਂ ਇੱਕ? ‘ਲਾਈਟਰ’ ਤਾਂ ਤੇਰੇ ਕੋਲ ਹੈਗਾ ਈ।’ ਸਾਰਾ ਦਫ਼ਤਰ ਜਾਣਦਾ ਹੈ ਕਿ ਮੈਂ ਸਮੋਕ ਨਹੀਂ ਕਰਦਾ।

ਸਾਈਕਲ ਨੂੰ ਵਰਾਂਡੇ ਵਿਚ ਖੜ੍ਹਾ ਕਰਕੇ ਮੂੰਹ ਦੀ ਵਿਸਲ ਵਜਾ ਰਿਹਾ ਮੈਂ ਸਿੱਧਾ ਹੀ ਆਪਣੇ ਬੈਠਣ ਕਮਰੇ ਵਿਚ ਚਲਿਆ ਜਾਂਦਾ ਹਾਂ। ਰੰਜਨਾ ਫ਼ਰਸ਼ ’ਤੇ ਬੋਰਾ ਵਿਛਾ ਕੇ ਬੈਠੀ ਮੋਠਾਂ ਵਿਚੋਂ ਰੋੜ ਚੁਗ ਰਹੀ ਹੈ। ਮੈਨੂੰ ਅੰਦਰ ਆਇਆ ਦੇਖ ਕੇ ਉਸ ਨੇ ਮੋਠਾਂ ਵਾਲੀ ਚੌੜੀ ਪਲੇਟ ਕਾਰਨਿਸ ’ਤੇ ਰੱਖ ਦਿੱਤੀ ਹੈ। ਰਸੋਈ ਵੱਲ ਉਸ ਦੇ ਕਦਮ ਵਧੇ ਹਨ। ‘ਲਿਆ, ਚਾਹ ਗਰਮ ਗਰਮ।’ ਉਸ ਦੇ ਡੌਲੇ ’ਤੇ ਚੂੰਢੀ ਵੱਢ ਕੇ ਮੈਂ ਆਖਿਆ ਹੈ।

ਉਹ ਤੜਫ਼ ਉੱਠੀ ਹੈ, 'ਕਿਉਂ ਧੌਲੇ ਠਰਕ 'ਗੇ, ਪੁੱਤ ਖਾਣੇ ਦੇ। ਇਉਂ ਚੂੰਢੀ ਨਾ ਵੱਢਿਆ ਕਰੋ ਮੇਰੇ। ਬੱਸ ਕੋਈ ਜ਼ਰੂਰਤ ਨੀ। ਐ-ਹਾਏ, ਅੱਗ ਦੀ ਅੰਗਿਆਰੀ ਧਰ 'ਤੀ। ਚੂੰਢੀ ਵੱਢਣ ਦਾ ਕੋਈ ਕੰਮ ਨੀ ਬੱਸ।' ਡੌਲੇ ਨੂੰ ਦੂਜੇ ਹੱਥ ਨਾਲ ਫੜੀ ਉਹ ਰਸੋਈ ਵਿਚ ਜਾ ਪਹੁੰਚੀ ਹੈ। ਸਟੋਵ ਵਿਚ ਹਵਾ ਭਰਨੀ ਸ਼ੁਰੂ ਕਰ ਦਿੱਤੀ ਹੈ।

ਮੈਂ ਆਰਾਮ ਕੁਰਸੀ 'ਤੇ ਬੈਠਾ ਬੂਟ ਜਰਾਬਾਂ ਲਾਹ ਰਿਹਾ ਹਾਂ। ਸੋਚ ਰਿਹਾ ਹਾਂ, ਰੰਜਨਾ ਤਿੜਕਦੀ ਕਿਉਂ ਹੈ ਹੁਣ ਐਨੀ? ਨਿੱਕੀ ਜਿਹੀ, ਪੋਲੀ ਜਿਹੀ ਚੂੰਢੀ ਵੀ ਹੁਣ ਇਸ ਨੂੰ ਅੱਗ ਦੀ ਅੰਗਿਆਰੀ ਲੱਗਦੀ ਹੈ। ਕਦੇ ਸਮਾਂ ਸੀ, ਇਸ ਦੇ ਮਾਸ ਦੀ ਬੋਟੀ ਕੱਢ ਕੇ ਵੀ ਮੈਂ ਰੱਖ ਦਿੰਦਾ ਤਾਂ ਵੀ ਇਹ ਸੀਅ ਨਹੀਂ ਸੀ ਕਰਦੀ।

'ਕਤੂਬਰ ਘਰ ਨਹੀਂ ਹੈ। ਇਹ ਲਫ਼ਜ਼ ਅਕਤੂਬਰ ਹੈ। ਇਸ ਮਹੀਨੇ ਰੰਜਨਾ ਮੇਰੇ ਨਾਲ ਪਹਿਲੀ ਮੁਲਾਕਾਤ ਹੋਈ ਸੀ। ਸੋ, ਅਸੀਂ ਆਪਣੇ ਪਹਿਲੇ ਬੱਚੇ ਦਾ ਨਾਂ ਲਾਡ ਨਾਲ ਅਕਤੂਬਰ ਹੀ ਰੱਖ ਲਿਆ ਸੀ। ਅਸਲੀ ਨਾਂ ਤਾਂ ਉਸ ਦਾ 'ਅਰੁਣ' ਨੂੰ ਵੀ ਪਤਾ ਨਹੀਂ ਕਿ ਉਸ ਦਾ ਘਰੇਲੂ ਨਾਂ 'ਕਤੂਬਰ' ਕਿਉਂ ਹੈ।

ਕੰਦਲਾ ਵੀ ਕਿਤਾਬਾਂ ਕਾਪੀਆਂ ਦਾ ਬੋਝ ਮੰਜੇ 'ਤੇ ਹੀ ਸੁੱਟ ਕੇ ਕਿਸੇ ਸਹੇਲੀ ਦੇ ਘਰ ਜਾ ਪਹੁੰਚੀ ਹੈ। ਘਰ ਵਿਚ ਹੋਰ ਕੋਈ ਨਹੀਂ ਹੈ। ਘਰ ਵਿਚ ਹੋਰ ਕਿਸੇ ਦੇ ਨਾ ਹੋਣ ਦਾ ਅਹਿਸਾਸ ਮੇਰੇ ਵਿਚ ਇੱਕ ਹਲਚਲ ਪੈਦਾ ਕਰ ਰਿਹਾ ਹੈ। ਮਿੱਠੀ ਮਿੱਠੀ ਹਲਚਲ। ਨਾਇਲੀਨ ਦੀਆਂ ਚੱਪਲਾਂ ਪਾ ਕੇ ਪੈਂਟ ਲਾਹ ਰਿਹਾ ਹਾਂ। ਪਜਾਮਾਂ ਪਾਉਣ ਦੀ ਕੋਸ਼ਿਸ਼ ਵਿਚ ਹਾਂ। ਹੈਂਗਰ ਤੋਂ ਪਜਾਮਾ ਉਤਾਰਦਾ ਹਾਂ ਤੇ ਸੋਚਦਾ ਹਾਂ, ਪਜਾਮਾ ਠਹਿਰ ਕੇ ਹੀ ਪਾ ਲਵਾਂ। ਰੰਜਨਾ ਚਾਹ ਦੀ ਕੇਤਲੀ ਮੇਜ਼ 'ਤੇ ਰੱਖ ਕੇ ਇੱਕਦਮ ਕਮਰੇ ਵਿਚੋਂ ਬਾਹਰ ਹੋ ਗਈ ਹੈ। ਮੈਂ ਪਜਾਮਾ ਪਾ ਲਿਆ ਹੈ ਤੇ ਚਾਹ ਪੀਣ ਬੈਠ ਗਿਆ ਹਾਂ। ਰੰਜਨਾ ਨੂੰ ਆਵਾਜ਼ ਦਿੱਤੀ ਹੈ, 'ਤੂੰ ਵੀ ਲੈ ਲੈ, ਇੱਕ ਪਿਆਲੀ।'

'ਤੁਸੀਂ ਪੀਓ, ਬੱਸ ਮੈਨੂੰ ਕੀ ਐ ਚਾਹ ਨੂੰ। ਸਕੂਲ 'ਚ ਸਾਰਾ ਦਿਨ ਚਾਹ ਈ ਚਲਦੀ ਐ। ਬਚ 'ਗੀ ਤਾਂ ਪਈ ਰਹਿਣ ਦਿਓ। 'ਕਤੂਬਰ' ਆ ਕੇ ਪੀ ਲੂ ਗਾ।' ਠੱਕ ਠੱਕ ਕਰਦੀ ਉਹ ਦੂਰੋਂ ਹੀ ਉੱਚੀ ਉੱਚੀ ਬੋਲੀ ਹੈ। ਸ਼ਾਇਦ ਪਾਥੀਆਂ ਭੰਨ ਰਹੀ ਹੈ। ਹਾਰੀ ਵਿਚ ਦਾਲ ਧਰ ਰਹੀ ਹੋਵੇਗੀ। ਪੜ੍ਹ ਲਿਖ ਕੇ ਵੀ ਐਨੇ ਸਾਲ ਸ਼ਹਿਰ ਵਿਚ ਰਹਿ ਕੇ ਤੇ ਨੌਕਰੀ ਕਰਕੇ ਵੀ ਚੁੱਲ੍ਹੇ ਚੌਂਕੇ ਦਾ ਕੰਮ ਤੇ ਬੋਲਣ ਦਾ ਤਰੀਕਾ ਉਸ ਦਾ ਪੇਂਡੂ ਹੀ ਰਿਹਾ।

ਚਾਹ ਪੀ ਕੇ ਮੈਂ ਬਿਸਤਰੇ ਵਿਚ ਵੜ ਗਿਆ ਹਾਂ। ਹਿੱਕ ਤੀਕ ਰਜ਼ਾਈ ਖਿੱਚ ਕੇ ਟੇਬਲ ਲੈਂਪ ਬਾਲ ਲਿਆ ਹੈ। ਤੜਕੇ ਦੇ ਪੜ੍ਹੇ ਅਖ਼ਬਾਰ ਦਾ ਐਡੀਟੋਰੀਅਲ ਪੜ੍ਹਨਾ ਸ਼ੁਰੂ ਕਰ ਦਿੱਤਾ ਹੈ।

ਹੁਣ 'ਲੈਟਰਜ਼ ਟੂ ਦਾ ਐਡੀਟਰ' ਪੜ੍ਹ ਰਿਹਾ ਹਾਂ। ਰੰਜਨਾ ਕਮਰੇ ਵਿਚ ਆਈ ਹੈ। ਸ਼ਕਾਇਤ ਕਰ ਰਹੀ ਹੈ, 'ਕੰਦਲਾ ਨੂੰ ਦੇਖੋ, ਤੁਸੀਂ ਬਿਲਕੁਲ ਨਹੀਂ ਝਿੜਕਦੇ। ਹੁਣ ਤਾਈਂ ਕੀ ਮਤਲਬ ਬਿਗਾਨੇ ਘਰ ਬੈਠਣ ਦਾ? ਦਸਵੀਂ 'ਚ ਹੈਗੀ, ਹੁਣ ਹੋਰ ਕੀ ਉਹਦੇ ਵਣ ਵਧਣਗੇ?'

'ਕੁੜੀ ਨੂੰ ਸਮਝਾਉਣਾ ਤੇਰਾ ਕੰਮ ਐ। ਮੈਂ ਕਹਿ ਦਿੱਤਾ ਹੈ।

'ਮੁੰਡਾ ਸਮਝਾਇਆ ਤਾਂ ਥੋਡਾ ਬੜਾ ਸਮਝਦੈ। ਕਾਲਜ 'ਚ ਹੜਤਾਲ ਕਾਹਦੀ ਹੋਈ ਐ, ਘਰੇ ਈ ਨੀ ਵੜਦਾ ਪਿਓ ਦਾ ਪੁੱਤ।' ਕਹਿ ਕੇ ਉਹ ਮੇਰੇ ਮੰਜੇ ਦੀਆਂ ਪੈਂਦਾ 'ਤੇ ਬੈਠ ਗਈ ਹੈ।

'ਪਿਓ ਦਾ ਪੁੱਤ ਨੀ, ਮਾਂ ਦਾ ਪੁੱਤ।' ਮੈਂ ਸ਼ਰਾਰਤ ਨਾਲ ਆਖਿਆ ਹੈ।

'ਦੇਖ, ਇਹ ਕੁੜੀ 'ਮਿਸ ਯੂਨੀਵਰਸਿਟੀ' ਚੁਣੀ ਗਈ ਐ।' ਅਖ਼ਬਾਰ ਦੀ ਇੱਕ ਤਸਵੀਰ 'ਤੇ ਉਂਗਲ ਰੱਖ ਕੇ ਮੈਂ ਉਸ ਨੂੰ ਦਿਖਾਉਂਦਾ ਹਾਂ। ਅਖ਼ਬਾਰ ਮੇਰੀ ਸੱਜੀ ਵੱਖੀ 'ਤੇ ਹੈ। ਮੈਂ ਅੱਧ ਲੇਟਿਆ ਜਿਹਾ ਸਿਰਹਾਣੇ ਨਾਲ ਸਿਰ ਉੱਚਾ ਕਰੀਂ ਪਿਆ ਹਾਂ। ਰੰਜਨਾ ਮੇਰੇ ਖੱਬੇ ਪਾਸੇ ਵੱਲ ਦੀ ਹੋ ਕੇ ਤਸਵੀਰ ਦੇਖਣ ਉੱਠੀ ਹੈ। ਉਸ ਦੀਆਂ ਛਾਤੀਆਂ ਮੇਰੇ 'ਤੇ ਝੁਕੀਆਂ ਹਨ। ਤਸਵੀਰ ਨੂੰ ਉਹ ਬਹੁਤ ਧਿਆਨ ਨਾਲ ਦੇਖ ਰਹੀ ਹੈ। ਕਹਿ ਰਹੀ ਹੈ, ਤੀਵੀਆਂ ਵਰਗੀ ਤੀਵੀਂ ਐ ਹੋਰ ਕੀ ਐ ਏਹਦੇ 'ਚ?' ਮੇਰੀ ਹਿੱਕ ਵਿਚ ਕੋਈ ਜਲੂਣ ਜਿਹੀ ਉੱਠੀ ਹੈ। ਬਾਹਾਂ ਵਿਚ ਇੱਕ ਕਾਹਲ ਜਿਹੀ। ਅਖ਼ਬਾਰ ਥਾਂ ਦੀ ਥਾਂ ਸੁੱਟ ਕੇ ਰੰਜਨਾ ਨੂੰ ਮੈਂ ਆਪਣੀ ਹਿੱਕ ਨਾਲ ਕੱਸ ਲਿਆ ਹੈ। ਉਹ ਤੜਫ਼ੀ ਹੈ, ਕੀ ਹੋ ਗਿਐ ਥੋਨੂੰ ਅੱਜ? ਛੱਡੋ ਪਰ੍ਹੇ।'

ਬਾਹਾਂ ਦੀ ਪਕੜ ਮੈਂ ਢਿੱਲੀ ਕਰ ਦਿੱਤੀ ਹੈ। ਉਹ ਇਕਦਮ ਮੈਨੂੰ ਝਟਕਾ ਦੇ ਕੇ ਕਹਿੰਦੀ ਹੈ, 'ਤਪਲੇ 'ਚ ਸਾਰਾ ਪਾਣੀ ਮੱਚ ਗਿਆ ਹੋਣੈਂ। ਛੱਡੋ ਬੱਸ।' ਕਾਰਨਿਸ ਤੋਂ ਮੋਠਾਂ ਵਾਲੀ ਪਲੇਟ ਚੁੱਕ ਕੇ ਉਹ ਕਮਰੇ 'ਚੋਂ ਬਾਹਰ ਹੋ ਗਈ ਹੈ। ਮੈਂ ਅਖ਼ਬਾਰ ਨੂੰ ਆਪਣੀਆਂ ਅੱਖਾਂ ਮੂਹਰੇ ਕਰ ਲਿਆ ਹੈ। ਸਰਸਰੀ ਤੌਰ 'ਤੇ ਕਿਸੇ ਖ਼ਬਰ ਨੂੰ ਪੜ੍ਹਨ ਲੱਗ ਪਿਆ ਹਾਂ।

'ਕਤੂਬਰ' ਬਾਹਰੋਂ ਆ ਗਿਆ ਹੈ। ਕੋਟ ਪੈਂਟ ਉਤਾਰ ਕੇ ਨਾਈਟ ਸੂਟ ਪਹਿਨ ਲਿਆ ਹੈ। ਬੁੱਕ ਸੈਲਫ਼ ਵਿਚੋਂ 'ਕੈਂਸਰ ਵਾਰਡ' ਚੁੱਕਿਆ ਹੈ ਤੇ ਦੂਜੇ ਕਮਰੇ ਵਿਚ ਚਲਿਆ ਗਿਆ ਹੈ। ਕੰਦਲਾ ਰਸੋਈ ਵਿਚ ਆਪਣੀ ਮਾਂ ਨਾਲ ਰੋਟੀ ਟੁੱਕ ਦਾ ਆਹਰ ਕਰਨ ਲੱਗੀ ਹੋਈ ਹੈ।

ਚਾਰ ਤਹਿਆਂ ਕਰਕੇ ਮੈਂ ਅਖ਼ਬਾਰ ਨੂੰ ਮੰਜੇ ਥੱਲੇ ਸੁੱਟ ਦਿੱਤਾ ਹੈ। ਕਮਰੇ ਦੀ ਛੱਤ ਵੱਲ ਦੇਖ ਰਿਹਾ ਹਾਂ। ਸੋਚ ਰਿਹਾ ਹਾਂ ਰੰਜਨਾ ਜੇ ਸਕੂਲ ਟੀਚਰ ਨਾ ਹੋਵੇ ਤਾਂ ਕਿਵੇਂ ਚੱਲੇ ਇਸ ਘਰ ਦਾ ਖ਼ਰਚ? ਕਿਵੇਂ ਹੋਵੇ ਬੱਚਿਆਂ ਦੀ ਪੜ੍ਹਾਈ? ਮਕਾਨ ਦਾ ਕਿਰਾਇਆ, ਦੁੱਧ, ਲੱਕੜਾਂ ਤੇ ਚੜ੍ਹੇ ਮਹੀਨੇ ਹੋਰ ਕਿੰਨੇ ਹੀ ਖ਼ਰਚ? ਇਹ ਖਿਆਲ ਪਰ ਮੇਰੇ ਦਿਮਾਗ਼ ਵਿਚ ਬਹੁਤਾ ਚਿਰ ਨਹੀਂ ਰਹਿੰਦਾ।

ਹੁਣ ਮੈਂ ਦਫ਼ਤਰ ਵਾਲੀ ਨਵੀਂ ਟਾਈਪਿਸਟ ਬਾਰੇ ਸੋਚਦਾ ਹਾਂ। ਆਪਣੇ ਹੀ ਮਨ ਵਿਚ ਆਪਣੇ ਆਪ ਤੋਂ ਜਿਵੇਂ ਚੋਰੀ ਜਿਹਾ। ਉਸ ਦਾ ਪਿਆਰਾ ਪਿਆਰਾ ਸਾਂਵਲਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਉਸ ਦੀਆਂ ਸ਼ਾਹ ਕਾਲੀਆਂ ਅੱਖਾਂ ਦੀ ਖਿੱਚ ਦਫ਼ਤਰੋਂ ਮੇਰੇ ਨਾਲ ਹੀ ਜਿਵੇਂ ਮੇਰੇ ਘਰ ਤੱਕ ਪਹੁੰਚ ਗਈ ਹੋਵੇ। ਮੇਰਾ ਉਸ ਦੇ ਕੋਲ ਬੈਠਣਾ ਜਾਂ ਮੇਰੇ ਕੋਲ ਉਸ ਦਾ ਬੈਠਣਾ ਮੇਰੇ ਲਈ ਇੱਕ ਮਿੱਠਾ ਮਿੱਠਾ ਅਹਿਸਾਸ ਹੈ। ਦਫ਼ਤਰ ਦੇ ਦਿਲ ਜਲੇ ਬਾਬੂ ਮੇਰੇ ਵਿਚ ਦੀ ਉਸ ਨੂੰ ਛੇੜਦੇ ਹਨ। ਬੋਲੀਆਂ ਮਾਰਦੇ ਹਨ। ਇੱਕ ਮਿੱਠਾ ਮਿੱਠਾ ਘੁਮੰਡ ਹੈ। ਉਂਝ ਉਸ ਕੁੜੀ ਦੇ ਨਾਲ ਬਾਤ ਵੀ ਅਪਣੱਤ ਭਰੀ ਹੈ। ਹੋਰਾਂ ਨਾਂਲ ਤਾਂ ਉਹ ਰੁੱਖਾ ਰੁੱਖਾ ਬੋਲਦੀ ਹੈ, ਕੌੜਾ ਕੌੜਾ ਝਾਕਦੀ ਹੈ।

ਉਮਰ ਵਿਚ ਤਿੰਨ ਚੌਥਾਈ ਬਾਬੂਆਂ ਨਾਲੋਂ ਮੈਂ ਵੱਡਾ ਹਾਂ। ਸੋਚਦਾ ਹਾਂ ਨਵੀਂ ਟਾਈਪਿਸਟ ’ਤੇ ਮੇਰਾ ਹੱਕ ਬਿਲਕੁੱਲ ਨਹੀਂ। ਪਰ ਉਸ ਦੇ ਆਪਣੇ ਹੀ ਮਨ ਵਿਚ ਸੋਚ ਲੈਣ ਨਾਲ ਤਾਂ ਕੋਈ ਭੂਚਾਲ ਨਹੀਂ ਆਉਂਦਾ। ਉਸ ਬਾਰੇ ਸੋਚ ਲੈਣਾ ਹੀ ਇੱਕ ਸੁਆਦ ਹੈ। ਕਿਸੇ ਵੀ ਔਰਤ ਬਾਰੇ ਸੋਚਣਾ ਇੱਕ ਗੁੱਝੀ ਗੁੱਝੀ ਦਿਲਚਸਪੀ ਹੈ।

ਔਰਤ ਨਹੀਂ ਮੇਰੇ ਸਰੀਰ ਵਿਚ ਇਕ ਅੱਗ ਭਖ਼ ਉੱਠਦੀ ਹੈ। ਰੰਜਨਾ ਵੀ ਤਾਂ ਔਰਤ ਹੀ ਹੈ। ਮੇਰੀ ਆਪਣੀ ਔਰਤ।

ਕੰਦਲਾ ਰੋਟੀ ਲੈ ਕੇ ਆਈ ਹੈ। ਮੇਰੇ ਮੱਥੇ ’ਤੇ ਰੇਖਾਵਾਂ ਉੱਭਰ ਆਈਆਂ ਹਨ। ਉਹ ਫੁਲਕਿਆਂ ਵਾਲੀ ਪਲੇਟ ਤੇ ਮੋਠਾਂ ਦੀ ਦਾਲ ਵਾਲੀ ਕੌਲੀ ਮੇਜ਼ ’ਤੇ ਧਰ ਗਈ ਹੈ। ਮੇਰੇ ਦਿਮਾਗ਼ ਵਿਚ ਨਿੱਕਾ ਜਿਹਾ ਗੁੱਸਾ ਭੜਕਿਆ ਹੈ। ਤਲਖ਼ੀ ਨਾਲ ਮੈਂ ਚੀਕਿਆ ਹਾਂ, ‘ਕੰਦਲਾ, ਪਾਣੀ...।’ ਉਹ ਪਾਣੀ ਦਾ ਗਲਾਸ ਲਿਆਈ ਹੈ। ਮੇਰੇ ਹੱਥ ਧੁਆ ਕੇ ਗਲਾਸ ਨੂੰ ਮੇਜ਼ ’ਤੇ ਹੀ ਰੱਖ ਦਿੱਤਾ ਹੈ। ‘ਤੇਰੀ ਮਾਂ?’ ਮੈਂ ਉਸ ਤੋਂ ਪੁੱਛਿਆ ਹੈ। ਮੇਰਾ ਭਾਵ ਹੈ, ਰੰਜਨਾ ਕਿਉਂ ਨਹੀਂ ਲੈ ਕੇ ਆਈ ਰੋਟੀ?

‘ਮੰਮੀ ਤਾਂ ਰੋਟੀ ਪਕਾਂਦੇ ਨੇ।’ ਕੰਦਲਾ ਨੇ ਸਾਊ ਜਿਹੀ ਆਵਾਜ਼ ਕੱਢੀ ਹੈ। ਉਹ ਰਸੋਈ ਵਿਚ ਜਾ ਬੈਠੀ ਹੈ।

‘ਕੰਦਲਾ, ਤੇਰੀ ਮੰਮੀ ਨੂੰ ਭੇਜੀਂ।’ ਮੈਂ ਫਿਰ ਚੀਕਿਆ ਆਟੇ ਦੇ ਲਿੱਬੜੇ ਹੱਥੀਂ ਰੰਜਨਾ ਮੇਰੇ ਕੋਲ ਆਈ ਹੈ। ਕੜਕ ਕੇ ਮੈਨੂੰ ਪੁੱਛਿਆ, “ਦੱਸੋ, ਕੀ ਕਹਿਨੇ ਓਂ? ਉੱਚੀ ਉੱਚੀ ਚਾਂਗਾਂ ਮਾਰਦੇ ਓਂ! ਖੂਹ ’ਚ ਤਾਂ ਨੀ ਉੱਤਰੇ ਹੋਏ?’

‘ਐਨਾ ਲੂਣ ਕਿਉਂ ਪਾਇਆ ਦਾਲ ’ਚ?’ ਹਥਲੀ ਬੁਰਕੀ ਕੌਲੀ ਵਿਚ ਹੀ ਛੱਡ ਕੇ ਮੈਂ ਉਸ ਤੋਂ ਪੁੱਛਿਆ ਹੈ॥

‘ਅੱਜ ਕੋਈ ਨਵਾਂ ਪਾਇਐ? ਨਿੱਤ ਹੀ ਐਨਾ ਹੁੰਦੈ। ਅੱਗੇ ਤਾਂ ਕਦੇ ਟੋਕਿਆ ਨੀ। ਉਹ ਵਾਪਸ ਰਸੋਈ ਵਿਚ ਗਈ ਹੈ। ਤੇ ਦੇਸੀ ਘਿਓ ਦਾ ਚਮਚਾ ਲਿਆ ਕੇ ਪਾ ਦਿੱਤਾ ਹੈ। ‘ਲਓ, ਹੁਣ ਦੇਖੋ ਉਸ ਨੇ ਕਿਹਾ। ਮੈਂ ਉਸ ਦੀ ਬਾਂਹ ਮੁਰਚੇ ਕੋਲੋਂ ਫੜ ਲਈ ਹੈ। ਹੌਲੀ ਦੇ ਕੇ ਪੁੱਛਿਆ ਹੈ, “ਆਏਂਗੀ?’

‘ਚੰਗਾ ਬਾਬਾ ਗੁਰੂ’ ਕਹਿ ਕੇ ਉਸ ਨੇ ਮੁਰਚਾ ਛੁਡਾਇਆ ਹੈ ਤੇ ਕਮਰੇ ’ਚੋਂ ਬਾਹਰ ਹੋ ਗਈ ਹੈ।

ਇਕ ਹਿੰਦੀ ਮਾਸਕ ਪੱਤਰ ਮੇਰੇ ਹੱਥਾਂ ਵਿਚ ਹੈ। ਕਹਾਣੀ ਪੜ੍ਹ ਰਿਹਾ ਹਾਂ। ‘ਕਤੂਬਰ’ ਤੇ ਕੰਦਲਾ ਨੇ ਰੋਟੀ ਖਾ ਲਈ ਹੈ। ਰੰਜਨਾ ਨੇ ਵੀ।

ਵਿਹੜੇ ਵਿਚ ਗੇੜਾ ਕੱਢ ਕੇ ਆਇਆ ਹਾਂ। ਦੂਜੇ ਕਮਰੇ ਵਿਚ ‘ਕਤੂਬਰ’ ਸੁੱਤਾ ਪਿਆ ਹੈ। ਕੰਦਲਾ ਪੜ੍ਹ ਰਹੀ ਹੈ। ਰੰਜਨਾ ਆਪਣਾ ਬਿਸਤਰਾ ਵਿਛਾ ਰਹੀ ਹੈ।

ਆਪਣਾ ਟੇਬਲ ਲੈਂਪ ਬੁਝਾ ਕੇ ਮੈਂ ਰਜ਼ਾਈ ਦੇ ਲੜਾਂ ਨੂੰ ਦੱਬ ਲਿਆ ਹੈ। ਸੌਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸੌਣ ਦੀ ਨਹੀਂ, ਅਸਲ ਵਿਚ ਜਾਗਦਾ ਰਹਿਣ ਦੀ ਕੋਸ਼ਿਸ਼ ਵਿਚ ਹਾਂ।

ਘੰਟਾ, ਡੇਢ ਘੰਟਾ, ਦੋ ਘੰਟੇ ਮੈਂ ਜਾਗ ਰਿਹਾ ਹਾਂ। ਦੂਜੇ ਕਮਰੇ ਦੀ ਸਵਿੱਚ ਖੜਕੀ ਹੈ। ਦੋਵੇਂ ਕਮਰਿਆਂ ਵਿਚਕਾਰਲੀ ਕੰਧ ਵਿਚ ਇੱਕ ਨਿੱਕੀ ਜਿਹੀ ਮੋਰੀ ਨੇ ਅੱਖ ਮੀਟ ਲਈ ਹੈ। ਸ਼ੁਕਰ ਹੈ, ਕੰਦਲਾ ਹੁਣ ਸੌਂ ਜਾਏਗੀ।

ਅੱਧਾ ਘੰਟਾ ਬੀਤ ਗਿਆ ਹੈ। ਰੰਜਨਾ ਨਹੀਂ ਆਈ। ਮੈਨੂੰ ਅੱਚਵੀ ਲੱਗੀ ਹੋਈ ਹੈ। ਆਪਣੇ ਬਿਸਤਰੇ ਵਿਚੋਂ ਨਿਕਲਦਾ ਹਾਂ। ਧੋਲੇ ਪੈਰੀਂ ਵਿਹੜੇ ਵਿਚ ਆਉਂਦਾ ਹਾਂ। ਦੇਖਦਾ ਹਾਂ, ਦੂਜੇ ਕਮਰੇ ਦਾ ਦਰਵਾਜ਼ਾ ਬੰਦਾ ਹੈ। ਦਰਵਾਜ਼ੇ ’ਤੇ ਦਸਤਕ ਦੇਣ ਦੀ ਮੇਰੇ ਵਿਚ ਹਿੰਮਤ ਨਹੀਂ। ਮੁੰਡੇ ਕੁੜੀ ’ਚੋਂ ਕੋਈ ਜਾਗ ਪਿਆ? ਤਖ਼ਤਿਆਂ ਨਾਲ ਕੰਨ ਲਾ ਕੇ ਮੈਂ ਸੁਣਦਾ ਹਾਂ। ਨਿੱਕੇ ਨਿੱਕੇ ਘੁਰਾੜੇ ਵੱਜ ਰਹੇ ਹਨ। ਕਦੇ ਕਦੇ ਕੋਈ ਘੁਰਾੜਾ ਉੱਚਾ ਵੀ ਹੋ ਜਾਂਦਾ ਹੈ। ਮੈਨੂੰ ਸਾਫ਼ ਪਤਾ ਲੱਗ ਗਿਆ ਹੈ, ਇਹ ਘੁਰਾੜੇ ਰੰਜਨਾ ਦੇ ਹਨ। ਮੈਨੂੰ ਦੇਖ ਕੇ ਕੋਠੇ ’ਤੋਂ ਗਵਾਂਢੀਆਂ ਦਾ ਕੁੱਤਾ ਭੌਂਕਿਆ ਹੈ। ਐਨੀ ਠੰਡ ਵਿਚ ਕੁੱਤਾ ਕੋਠੇ ’ਤੇ ਕੀ ਕਰਦਾ ਫਿਰਦਾ ਹੈ? ਮੈਨੂੰ ਖਿੱਝ ਚੜ੍ਹਦੀ ਹੈ। ਵਿਹੜੇ ਵਿਚ ਮੈਂ ਖੜ੍ਹਾ ਸ਼ਰਮ ਮਹਿਸੂਸ ਕਰ ਰਿਹਾ ਹਾਂ ਤੇ ਠੰਡ ਵੀ। ਆਪਣੇ ਕਮਰੇ ਵਿਚ ਆ ਕੇ ਬਿਸਤਰੇ ਵਿਚ ਵੜ ਜਾਂਦਾ ਹਾਂ। ਟੇਬਲ ਲੈਂਪ ਜਗਾ ਕੇ ਮਾਸਕ ਪੱਤਰ ਵਿਚੋਂ ਕੋਈ ਹੋਰ ਕਹਾਣੀ ਪੜ੍ਹਨ ਲੱਗਦਾ ਹਾਂ। ਰੰਜਨਾ ਦੇ ਘੁਰਾੜੇ ਹੁਣ ਮੈਨੂੰ ਇਸ ਕਮਰੇ ਵਿਚ ਵੀ ਸੁਣ ਰਹੇ ਹਨ। ਕਹਾਣੀ ਖ਼ਤਮ ਕਰਕੇ ਟੇਬਲ ਲੈਂਪ ਬੁਝਾਉਂਦਾ ਹਾਂ ਤੇ ਸੌਂ ਜਾਂਦਾ ਹਾਂ। ♦

# ਹਰੇ ਪਰਦੇ ਵਾਲਾ ਕਮਰਾ

ਸੁਨੀਤਾ, ਤੂੰ ਕਿਸ ਮਿੱਟੀ ਦੀ ਬਣੀ ਹੈ? ਕੀ ਵਿਗਾੜਿਆ ਸੀ ਮੈਂ ਤੇਰਾ? ਕੀ ਤੇਰੇ ਵਿਚ ਇਨਸਾਨੀ ਦਿਲ ਹੈ? ਤੂੰ ਤਾਂ ਮਨੁੱਖੀ ਕਦਰਾਂ ਕੀਮਤਾਂ ਵੀ ਖੋ ਦਿੱਤੀਆਂ, ਸੁਨੀਤਾ।

ਮੇਰੇ ਕਮਰੇ ਦੇ ਦਰਵਾਜ਼ੇ 'ਤੇ ਜੋ ਹਰਾ ਪਰਦਾ ਲਟਕ ਰਿਹਾ ਹੈ, ਇਹ ਬੜਾ ਸੰਘਣਾ ਹੈ। ਬੜਾ ਹੀ ਗਫ਼। ਇਸ ਦੀ ਬਾਹਰਲੀ ਦੁਨੀਆਂ ਮੈਨੂੰ ਬਿਲਕੁੱਲ ਨਹੀਂ ਦਿਸ ਰਹੀ। ਪਤਾ ਨਹੀਂ ਬਾਹਰ ਕੀ ਹੋ ਰਿਹਾ ਹੈ। ਪਰ ਇਸ ਪਰਦੇ ਤੋਂ ਬਾਹਰ ਮੈਨੂੰ ਤੂੰ ਦਿਸ ਰਹੀ ਹੈਂ। ਜਦ ਕਦੇ ਹਵਾ ਦੇ ਜ਼ੋਰ ਨਾਲ ਪਰਦਾ ਜ਼ਰਾ ਕੁ ਵੀ ਹਿੱਲਦਾ ਹੈ ਤਾਂ ਮੈਨੂੰ ਤੇਰੇ ਆ ਜਾਣ ਦਾ ਭੁਲੇਖਾ ਪੈਂਦਾ ਹੈ। ਮੈਨੂੰ ਪਤਾ ਹੈ ਕਿ ਤੂੰ ਨਹੀਂ ਆਵੇਂਗੀ। ਪਰ ਸੁਨੀਤਾ ਤੂੰ ਸੱਚ ਜਾਣ ਕਿ ਜੇ ਤੂੰ ਮੇਰੇ ਕੋਲ ਆ ਜਾਵੇਂ ਤਾਂ ਤੇਰੇ ਸਾਰੇ ਗ਼ੁਨਾਹ ਮੁਆਫ਼ ਕਰ ਦਿਆਂਗਾ। ਤੇਰੀ ਇੱਕ ਵੀ ਭੁੱਲ ਤੈਨੂੰ ਚੇਤੇ ਨਹੀਂ ਕਰਵਾਵਾਂਗਾ। ਭੁੱਲ ਤੇ ਗ਼ੁਨਾਹ ਕੋਈ ਚੀਜ਼ ਨਹੀਂ ਹੁੰਦੇ, ਸੁਨੀਤਾ। ਐਵੇਂ ਅਣਜਾਣੇ ਹੀ ਸਾਥੋਂ ਕਦੇ ਕਦੇ ਕੁਝ ਹੋ ਜਾਂਦਾ ਹੈ, ਜਿਹੜਾ ਹੋਰਾਂ ਨੂੰ ਚੰਗਾ ਨਹੀਂ ਲੱਗਦਾ। ਤੈਂ ਜੋ ਕੁਝ ਕੀਤਾ ਹੈ, ਅਣਜਾਣੇ ਹੀ ਤਾਂ ਕੀਤਾ ਹੈ। ਮੇਰੇ ਕਮਰੇ ਦੇ ਦਰਵਾਜ਼ੇ 'ਤੇ ਜੋ ਹਰਾ ਪਰਦਾ ਲਟਕ ਰਿਹਾ ਹੈ, ਤੇਰੇ ਲਈ ਹਰੀ ਝੰਡੀ ਦਾ ਸੂਚਕ ਹੈ। ਭੋਰਾ ਵੀ ਨਾ ਸੰਗ। ਭੋਰਾ ਵੀ ਨਾ ਘਬਰਾ। ਬੱਸ ਆ ਜਾ। ਕੀ ਤੈਨੂੰ ਜ਼ਰਾ ਵੀ ਅਹਿਸਾਸ ਨਹੀਂ ਕਿ ਤੇਰਾ ਸਤੀਸ਼ ਤੇਰੇ ਬਿਨਾਂ ਕਿਸ ਤਰ੍ਹਾਂ ਤੜਪ ਰਿਹਾ ਹੈ।

ਭਾਵੇਂ ਐਤਵਾਰ ਹੈ, ਨਾ ਮੈਂ ਨਹਾਤਾਂ ਹਾਂ ਤੇ ਨਾ ਹੀ ਦੁਪਹਿਰ ਦੀ ਰੋਟੀ ਖਾਧੀ ਹੈ। ਸਵੇਰੇ ਇਕ ਕੱਪ ਚਾਹ ਦਾ ਪੀਤਾ ਸੀ। ਦੁਪਹਿਰੇ ਜਿਹੇ ਗਲਾਸ ਪਾਣੀ ਦਾ ਪੀ ਲਿਆ ਸੀ। ਹੁਣ ਪਿਛਲਾ ਪਹਿਰ ਹੈ, ਚਾਰ ਵੱਜਣ ਵਾਲੇ ਹਨ, ਜੀਅ ਕਰਦਾ ਹੈ, ਚਾਹ ਦਾ ਇੱਕ ਕੱਪ ਪੀਵਾਂ। ਪਰ ਉੱਠਣ ਦੀ ਹਿੰਮਤ ਨਹੀਂ। ਕੌਣ ਭਰੇ ਸਟੋਵ ਵਿਚ ਹਵਾ, ਕੌਣ ਧੋਵੇ ਟੂਪੀਆਂ। ਮੇਜ਼ 'ਤੇ ਰੱਖੀ ਦੁੱਧ ਦੀ ਗੜਵੀ ਨੂੰ ਵੀ ਤਾਂ ਬਿੱਲੀ ਡੋਲ੍ਹ ਗਈ ਹੈ। ਦਿਲ ਚਾਹੁੰਦਾ ਹੈ ਕੋਈ ਆਵੇ। ਹੋਰ ਨਹੀਂ ਤਾਂ ਚਾਹ ਹੀ ਬਣਾ ਕੇ ਪਿਆ ਜਾਵੇ। ਸੁਨੀਤਾ, ਤੈਨੂੰ ਯਾਦ ਹੈ, ਕਦੇ ਕਦੇ ਤੂੰ ਆਪਣੀ ਮਾਂ ਤੇ ਗੁਆਂਢਣਾਂ ਤੋਂ ਚੋਰੀਓਂ ਮੇਰੇ ਕਮਰੇ ਵਿਚ ਇਕਦਮ ਹੀ ਆ ਜਾਂਦੀ ਸੀ, ਮੇਰੇ ਕਮਰੇ ਦਾ ਅੰਦਰਲਾ ਕੁੰਡਾ ਲਾ ਕੇ ਮੰਜੇ 'ਤੇ ਮੇਰੇ ਉੱਤੇ ਡਿੱਗ ਪੈਂਦੀ ਸੈਂ। ਤੇ ਪਤੈ, ਮੈਂ ਤੈਨੂੰ ਕੀ ਕਹਿੰਦਾ ਹੁੰਦਾ ਸਾਂ? ਸੁਨੀਤਾ, ਪਹਿਲਾਂ ਚਾਹ ਬਣਾ, ਦੁੱਧ ਔਹ ਪਿਐ ਮੇਜ਼ 'ਤੇ। ਤੇ ਮਿੰਟਾਂ ਦੇ ਹਿਸਾਬ ਚਾਹ ਬਣਾ ਕੇ ਪਿਆਲੀ ਮੇਰੇ ਬੁੱਲ੍ਹਾਂ ਨੂੰ ਲਾ ਦਿੰਦੀ ਸੀ।

ਉਹ ਵੀ ਦਿਨ ਸਨ, ਜਦ ਆਪਾਂ ਮੇਰੇ ਏਸੇ ਕਮਰੇ ਵਿਚ ਇਕੱਠੇ ਪੜ੍ਹਦੇ ਹੁੰਦੇ ਸਾਂ। ਕਦੇ ਕਦੇ ਤਾਂ ਰਾਤ ਨੂੰ ਵੀ। ਤੇਰੀ ਮਾਂ ਨੂੰ ਮੇਰੇ 'ਤੇ ਕੋਈ ਸ਼ੱਕ ਨਹੀਂ ਸੀ। ਤੂੰ ਡਰਦੀ ਤਾਂ

ਸਿਰਫ਼ ਗੁਆਂਢਣਾਂ ਤੋਂ ਡਰਦੀ ਸੀ। ਤੇਰੇ ਭਰਾ ਤਾਂ ਮੇਰੇ ਨਾਲ ਇਉਂ ਸਨ, ਜਿਵੇਂ ਮੈਂ ਉਨ੍ਹਾਂ ਦਾ ਵੱਡਾ ਭਰਾ ਹੋਵਾਂ। ਤੇਰੇ ਪਿਤਾ ਜੀ? ਉਹ ਤਾਂ ਮੈਂ ਕਦੇ ਦੇਖੇ ਹੀ ਨਹੀਂ ਸਨ। ਸ਼ਾਇਦ ਉਨ੍ਹਾਂ ਨੇ ਵੀ ਮੈਨੂੰ ਕਦੇ ਨਹੀਂ ਦੇਖਿਆ ਹੋਣਾ। ਤੂੰ ਹੀ ਦੱਸਦੀ ਹੁੰਦੀ ਸੀ ਕਿ ਉਹ ਤਾਂ ਬਿਜ਼ਨਸ ਦੇ ਮਾਮਲੇ ਵਿਚ ਸ਼ਹਿਰੋਂ ਬਾਹਰ ਹੀ ਰਹਿੰਦੇ ਹਨ। ਪੰਦਰਾਂ ਪੰਦਰਾਂ ਦਿਨਾਂ ਪਿੱਛੋਂ ਕਦੇ ਇੱਕ ਅੱਧੀ ਰਾਤ ਆਉਂਦੇ ਹਨ।

ਤੂੰ ਇਹ ਗੱਲ ਵੀ ਨਹੀਂ ਝੁਠਲਾ ਸਕਦੀ ਕਿ ਆਪਾਂ ਵਿਆਹ ਕਰਵਾਉਣ ਦੀਆਂ ਕਸਮਾਂ ਖਾਧੀਆਂ ਸਨ। ਆਪਣੀ ਜ਼ਾਤ ਇੱਕ ਸੀ। ਆਪਣੇ ਗੋਤ ਅੱਡ ਸਨ। ਮੈਂ ਅਸੁੰਦਰ ਨਹੀਂ ਸਾਂ। ਮਿਉਂਸੀਪਲ ਕਮੇਟੀ ਦੀ ਪੱਕੀ ਨੌਕਰੀ ’ਤੇ ਲੱਗਿਆ ਹੋਇਆ ਸਾਂ, ਹੁਣ ਵੀ ਹਾਂ। ਕੀ ਨੁਕਸ ਸੀ ਮੇਰੇ ਵਿਚ? ਤੂੰ ਬਹਾਨਾ ਲਾਇਆ ਸੀ, ਪਹਿਲਾਂ ਤੇਰੀ ਵੱਡੀ ਭੈਣ ਦਾ ਵਿਆਹ ਹੋ ਲਵੇ।

ਦਿਨ ਗੁਜ਼ਰ ਰਹੇ ਸਨ। ਤੇ ਫਿਰ ਤੁਸੀਂ ਆਪਣਾ ਮਕਾਨ ਬਦਲ ਲਿਆ ਸੀ। ਸ਼ਹਿਰ ਦੇ ਦੂਜੇ ਪਾਸੇ। ਤੇਰੀ ਮਾਂ ਕਹਿੰਦੀ ਸੀ, “ਉਹ ਮਕਾਨ ਇਸ ਨਾਲੋਂ ਚੰਗਾ ਹੈ। ਉਸ ਮਕਾਨ ਵਿਚ ਸਹੂਲਤਾਂ ਬਹੁਤੀਆਂ ਹਨ। ਉਹ ਮਕਾਨ ਤਾਂ ਨਵਾਂ ਹੈ, ਕੀ ਪਿਆ ਹੈ ਹੁਣ ਇਸ ਪੁਰਾਣੇ ਮਕਾਨ ਵਿਚ?” ਮੈਨੂੰ ਤਾਂ ਤੇਰਾ ਇਹੀ ਕਮਰਾ ਪਿਆਰਾ ਹੈ, ਮੇਰਾ ਤਾਂ ਏਸੇ ਵਿਚ ਗੁਜ਼ਾਰਾ ਹੈ।

ਸ਼ਹਿਰ ਦੇ ਦੂਜੇ ਪਾਸੇ ਤੁਹਾਡੇ ਨਵੇਂ ਮਕਾਨ ਵਿਚ ਵੀ ਮੈਂ ਤੈਨੂੰ ਮਿਲਣ ਆ ਜਾਇਆ ਕਰਦਾ ਸਾਂ। ਹਫ਼ਤੇ ਬਾਅਦ, ਦਸ ਦਿਨ ਬਾਅਦ।

ਸਾਡੇ ਪਿੰਡ ਮੇਰੀ ਮਾਂ ਬਹੁਤ ਬਿਮਾਰ ਹੋ ਗਈ ਸੀ ਤੇ ਫਿਰ ਮੈਂ ਪਿੰਡ ਚਲਿਆ ਗਿਆ ਸਾਂ। ਮਾਂ ਬਹੁਤ ਬਿਮਾਰ ਸੀ, ਨਮੂਨੀਆ ਹੋ ਗਿਆ ਸੀ ਤੇ ਫਿਰ ਟਾਈਫਾਈਡ। ਇੱਕ ਮਹੀਨੇ ਦੀ ਛੁੱਟੀ ਲੈਣੀ ਪਈ ਸੀ। ਵਾਪਸ ਆਇਆ ਸਾਂ ਤਾਂ ਤੇਰਾ ਮੂੰਹ ਹੋਰ ਸੀ। ਤੁਹਾਡੇ ਘਰ ਆਉਂਦਾ ਸਾਂ, ਤੂੰ ਘਰੋਂ ਬਾਹਰ ਹੋ ਜਾਂਦੀ ਸੈਂ। ਗਵਾਂਢੀਆਂ ਦੇ ਘਰ ਚਲੀ ਜਾਂਦੀ ਸੈਂ ‘ਕੀ ਜਾਣਦਾ ਸਾਂ, ਮੈਂ ਸ਼ਹਿਰ ਦੇ ਦੂਜੇ ਪਾਸੇ ਗਵਾਂਢੀਆਂ ਨੂੰ? ਤਿੰਨ ਵਾਰ ਗਿਆ ਸਾਂ, ਚੌਥੀ ਵਾਰ ਗਿਆ ਸਾਂ ਤੇ ਫਿਰ ਨਾ ਜਾਣਦੀ ਕਸਮ ਖਾ ਲਈ ਸੀ। ਤੇ ਫਿਰ ਦੋ ਮਹੀਨਿਆਂ ਬਾਅਦ ਤੇਰੀ ਮਾਂ ਮੇਰੇ ਕੋਲ ਆਈ ਸੀ, ਮੇਰੇ ਇਸ ਕਮਰੇ ਵਿਚ ਤੇ ਫਿਰ ਤਾਂ ਤੈਨੂੰ ਯਾਦ ਹੀ ਹੈ ਕਿ ਮੈਂ ਤੇ ਤੇਰੀ ਮਾਂ ਤੈਨੂੰ ਕਿਸੇ ਹੋਰ ਸ਼ਹਿਰ ਵਿਚ ਤਜਰਬੇਕਾਰ ਦਾਈ ਕੋਲ ਲੈ ਕੇ ਗਏ ਸਾਂ। ਤੇਰੀ ਜਾਨ ਸੌਖੀ ਕਰਵਾਈ ਸੀ।

ਖ਼ੈਰ, ਇਹ ਗੱਲ ਵੀ ਹੋਈ ਨਿੱਬੜੀ। ਤੈਂ ਆਪਣੀ ਮਾਂ ਕੋਲ ਸਹੁੰਆਂ ਖਾਧੀਆਂ ਸਨ। ਪਾਣੀਆਂ ਦੀਆਂ ਚੂਲੀਆਂ ਡੋਲ੍ਹੀਆਂ ਸਨ। ਰੋ ਰੋ ਕੇ ਦੱਸਿਆ ਸੀ ਕਿ ਉਸ ਮੁੰਡੇ ਨੇ ਤਾਂ ਤੇਰੇ ਨਾਲ ਜ਼ਬਰਦਸਤੀ ਕਰ ਲਈ ਸੀ। ਤੂੰ ਘਰ ਇਕੱਲੀ ਸੀ। ਖ਼ੈਰ ਠੀਕ ਸੀ, ਜੋ ਤੈਂ ਆਖਿਆ ਸੀ। ਪਰ ਓਸ ਮੁੰਡੇ ਨੂੰ ਤੁਹਾਡੇ ਘਰ ਇੱਕ ਦਿਨ ਬੈਠਾ ਮੈਂ ਆਪ ਦੇਖਿਆ ਸੀ। ਤੇਰੀ ਮਾਂ ਨੇ ਚਾਹ ਬਣਾਈ ਸੀ ਤਾਂ ਤੂੰ ਪਿਆਲੀ ਚੁੱਕ ਕੇ ਪਹਿਲਾਂ ਉਸ ਮੁੰਡੇ ਨੂੰ ਫੜਾਈ ਤੇ ਬਾਅਦ ਵਿਚ ਮੈਨੂੰ। ਤੇਰੀ ਮਾਂ ਨੂੰ ਵੀ ਮੈਂ ਕੀ ਕਹਿੰਦਾ?

ਸੁਨੀਤਾ, ਮੈਂ ਬਹੁਤ ਨੀਵਾਂ ਹੋ ਗਿਆ ਹਾਂ। ਤੈਂ ਮੈਨੂੰ ਕਿਤੇ ਜੋਗਾ ਵੀ ਨਹੀਂ ਛੱਡਿਆ। ਮੈਂ ਮਿੱਟੀ ਵਿਚ ਮਿਲ ਗਿਆ ਹਾਂ, ਮੈਂ ਕਾਸੇ ਦਾ ਵੀ ਨਹੀਂ ਰਿਹਾ। ਐਨਾ

ਗਿਰਿਆ ਹੋਇਆ ਇਨਸਾਨ ਵੀ ਕੋਈ ਹੋ ਸਕਦਾ ਹੈ, ਜੋ ਇਸ ਤਰ੍ਹਾਂ ਦੀ ਹਾਲਤ ਵਿਚ ਵੀ ਆਪਣੀ ਮਹਿਬੂਬਾ ਨੂੰ ਦੁਬਾਰਾ ਅਪਣਾ ਲਵੇ? ਪਰ ਸੁਨੀਤਾ ਤੂੰ ਇਨ੍ਹਾਂ ਸਾਰੀਆਂ ਗੱਲਾਂ 'ਤੇ ਪਾਣੀ ਫੇਰ ਦੇਹ। ਆ ਜਾ। ਮੈਂ ਤੈਨੂੰ ਅਪਣਾਵਾਂਗਾ ਹੁਣ ਵੀ ਅਪਣਾਵਾਂਗਾ। ਮੈਥੋਂ ਆਪਣਾ ਗ਼ਮ, ਆਪਣਾ ਦੁੱਖ ਤੇ ਆਪਣਾ ਉਦਰੇਵਾਂ ਝੱਲਿਆ ਨਹੀਂ ਜਾ ਰਿਹਾ।

ਉਸ ਸ਼ਹਿਰ ਜਦ ਤੇਰੀ ਜਾਨ ਸੁਖਾਲੀ ਕਰਵਾਉਣ ਆਪਾਂ ਗਏ ਸਾਂ ਤਾਂ ਤੇਰੀ ਮਾਂ ਤੋਂ ਅੱਖ ਬਚਾ ਕੇ ਮੈਂ ਤੈਨੂੰ ਥੋੜ੍ਹਾ ਜਿਹਾ ਠੋਕਰਿਆ ਸੀ, 'ਸੁਨੀਤਾ, ਕੌਣ ਹੈ ਉਹ?' ਤੈਂ ਆਖਿਆ ਸੀ ਤੇ ਜ਼ਰਾ ਲਾਚੜ ਕੇ–'ਤੁਸੀਂ ਹੀ ਓਂ, ਹੋਰ ਕੌਣ ਐ ਉਹ?' ਮੈਂ ਸਭ ਕੁਝ ਜਾਣਦਾ ਹੋਇਆ ਵੀ ਚੁੱਪ ਹੋ ਗਿਆ ਸਾਂ। ਮੈਨੂੰ ਤਾਂ ਤੇਰੀ ਮਾਂ ਨੇ ਸਭ ਕੁਝ ਪਹਿਲਾਂ ਦੱਸ ਹੀ ਦਿੱਤਾ ਹੋਇਆ ਸੀ।

ਤੇ ਉਸ ਮੁੰਡੇ ਦੀ ਭਾਲ ਕਰਕੇ ਮੈਂ ਉਸ ਨੂੰ ਪੁੱਛਿਆ ਸੀ, ''ਕਿਉਂ ਬਈ ਤੇਰਾ ਹੀ ਹੈ ਉਹ ਕਾਰਨਾਮਾ?' ਮੁੰਡਾ ਸੱਚਾ ਬੜਾ ਨਿਕਲਿਆ ਸੀ, ਪਰ ਕਹਿੰਦਾ, ''ਮੈਨੂੰ ਕੀ ਪਤਾ ਹੈ, ਕਿਸ ਦਾ ਹੈ। ਉਹ ਤਾਂ ਵੀਹਾਂ ਨਾਲ ਹੈ। ਕੀ ਪਤਾ ਲੱਗੇ, ਕਿਸ ਦਾ ਹੈ?' ਸੁਨੀਤਾ, ਸੱਚ ਜਾਣ ਮੈਂ ਧਰਤੀ ਵਿਚ ਉਸ ਵੇਲੇ ਧਸ ਗਿਆ ਸਾਂ।

ਤੂੰ ਇਸ ਤਰ੍ਹਾਂ ਦੀ ਜ਼ਿੰਦਗੀ ਕਿਉਂ ਬਣਾ ਲਈ ਹੈ, ਸੁਨੀਤਾ? ਕੀ ਤੈਨੂੰ ਇਹ ਜ਼ਿੰਦਗੀ ਪਸੰਦ ਹੈ? ਤੇਰਾ ਕੋਈ ਭਵਿੱਖ ਨਹੀਂ? ਕੀ ਤੂੰ ਬੁੱਢੀ ਹੋ ਚੱਲੀ ਹੈ? ਅਜੇ ਤਾਂ ਤੂੰ ਵੀਹਾਂ ਤੋਂ ਵੀ ਥੱਲੇ ਹੈਂ, ਸੁਨੀਤਾ। ਕੁਝ ਸੋਚ, ਕੁਝ ਅਕਲ ਕਰ। ਕਿਵੇਂ ਬੀਤੇਗੀ ਜ਼ਿੰਦਗੀ ਤੇਰੀ? ਕੀ ਤੂੰ 'ਕੋਠਿਆਂ ਦੀ ਜ਼ਿੰਦਗੀ ਜਿਉਣਾ ਚਾਹੁੰਦੀ ਹੈਂ?'

ਚੱਲ, ਮਿੱਟੀ ਪਾ ਇਨ੍ਹਾਂ ਸਾਰੀਆਂ ਗੱਲਾਂ 'ਤੇ। ਮੈਨੂੰ ਤਾਂ ਤੇਰਾ ਸਭ ਕੁਝ ਚੰਗਾ ਲੱਗਦਾ ਹੈ। ਤੇਰੇ ਵਿਚ ਕੋਈ ਵੀ ਨੁਕਸ ਨਹੀਂ। ਪਰ ਤਾਂ ਜੇ ਤੂੰ ਇੱਕ ਦੀ ਬਣ ਕੇ ਰਹੇਂ। ਉਹ ਇੱਕ ਮੈਂ ਹਾਂ। ਮੈਂ ਹੀ ਹਾਂ। ♦

# ਆਪਣਾ ਦਰਦ

ਕੋਈ ਪੰਜਾਬੀ ਜੇ ਇਸ਼ਕ ਦੀ ਬਾਜ਼ੀ ਹਾਰ ਜਾਵੇ ਤਾਂ ਫਿਰ 'ਵਾਰਸ ਸ਼ਾਹ ਦੀ ਹੀਰ' ਪੜ੍ਹਦਾ ਹੈ।

ਬਿਮਲ ਦੀ ਮੇਜ਼ 'ਤੇ ਵੀ ਅੱਜ ਕੱਲ੍ਹ 'ਹੀਰ' ਪਈ ਰਹਿੰਦੀ ਹੈ। ਰਾਤ ਦੀ ਬੇਚੈਨੀ ਹੰਢਾ ਕੇ ਤੜਕੇ ਜਦ ਉਹ ਉੱਠਦਾ ਹੈ, ਉੱਠਣ ਸਾਰ ਇੱਕ ਬੈਂਤ, 'ਹੀਰ' ਦੀ ਪੜ੍ਹਦਾ ਹੈ। ਫਿਰ ਚਾਹ ਪੀਂਦਾ ਹੈ ਅਤੇ ਜੰਗਲ ਪਾਣੀ ਜਾਂਦਾ ਹੈ। ਰਾਤ ਨੂੰ ਸੌਣ ਲੱਗਿਆਂ ਵੀ ਸੋਚਾਂ ਜਦ ਪਲ ਦੋ ਪਲ ਉਸ ਦਾ ਪੱਲਾਂ ਛੱਡਦੀਆਂ ਹਨ ਤਾਂ ਉਹ 'ਹੀਰ' ਹੀ ਪੜ੍ਹਦਾ ਹੈ ਜਾਂ ਫਿਰ ਸੋਚਾਂ ਤੋਂ ਪੱਲਾ ਛੁਡਵਾਉਣ ਲਈ ਹੀ।

ਜ਼ਿੰਦਗੀ ਵਿਚ ਉਸ ਨੇ ਤਿੰਨ ਵਾਰ 'ਹੀਰ' ਪੜ੍ਹੀ ਹੈ। ਮੁੱਢ ਤੋਂ ਲੈ ਕੇ ਅਖ਼ੀਰ ਤੱਕ।

ਐਂਤਕੀ ਤਾਂ ਉਹ ਵਿਚੋਂ ਵਿਚੋਂ ਹੀ ਬੈਂਤਾਂ ਪੜ੍ਹਦਾ ਹੈ। ਕਦੇ ਕੋਈ ਬੈਂਤ, ਕਦੇ ਕੋਈ। ਬਹੁਤਾ ਕਰਕੇ ਸਹਿਤੀ ਦੇ ਰਾਂਝੇ ਨਾਲ ਸਵਾਲ ਜਵਾਬ।

ਪਰ ਨਹੀਂ। ਅੱਜ ਉਸ ਨੇ ਫ਼ੈਸਲਾ ਕਰ ਲਿਆ ਹੈ ਕਿ ਉਹ ਮੁੱਢ ਤੋਂ ਹੀ ਪੜ੍ਹੇਗਾ– 'ਅਵਲ ਹਮਦ ਖ਼ੁਦਾ ਦਾ ਵਿਰਦ ਕੀਜੇ।'

ਬਿਮਲ ਇੱਕ ਕਵੀ ਹੈ।

ਅੱਜ ਉਹ ਇੱਕ ਕਾਵਿ ਗੋਸ਼ਟੀ ਤੋਂ ਵਾਪਸ ਆਇਆ ਹੈ। ਬਹੁਤ ਨਿਰਾਸ਼ ਹੈ। ਗੋਸ਼ਟੀ ਵਿਚ ਦੋ ਤਿੰਨ ਆਲੋਚਕਾਂ ਨੇ ਤਾਂ ਉਸ ਨੂੰ ਬਹੁਤ ਨਿੰਦਿਆ ਹੈ। ਇੱਕ ਆਲੋਚਕ ਨੇ ਤਾਂ ਲੋਹੜਾ ਹੀ ਮਾਰਿਆ ਤੇ ਏਥੋਂ ਤੀਕ ਕਹਿ ਦਿੱਤਾ ਕਿ ਬਿਮਲ ਨੂੰ ਇਸਤਰੀ ਮਰਦ ਦੇ ਸਦੀਵੀ ਰਿਸ਼ਤਿਆਂ ਦਾ ਵੀ ਭਲੀ ਭਾਂਤ ਗਿਆਨ ਨਹੀਂ। ਇੱਕ ਹੋਰ ਆਲੋਚਕ ਦਾ ਕਥਨ ਸੀ ਕਿ ਬਿਮਲ ਪਿਆਰ ਦੇ ਮਸਲੇ ਵਿਚ ਆਧੁਨਿਕ ਨਹੀਂ। ਉਹ ਇਸਤਰੀ ਨੂੰ ਅਪੋਲੋ ਯੁੱਗ ਵਿਚ ਵੀ ਬੇਵਫ਼ਾ ਹੀ ਦੱਸ ਰਿਹਾ ਹੈ। ਇੱਕ ਹੋਰ ਨੇ ਆਖਿਆ ਕਿ ਸਾਡੇ ਕਵੀਆਂ ਵਿਚੋਂ ਇਹ 'ਵਾਰਸ' ਵਾਲੀ ਰੱਟ ਪਤਾ ਨਹੀਂ ਕਦੋਂ ਖ਼ਤਮ ਹੋਵੇਗੀ।

ਬਿਮਲ ਸੋਚਦਾ ਹੈ, ਮੈਂ ਕਵਿਤਾ ਕਦੋਂ ਲਿਖਦਾ ਹਾਂ? ਕਦੋਂ ਕਹਿੰਦਾ ਹਾਂ ਕਿ ਮੈਂ ਸਾਹਿਤਕਾਰ ਹਾਂ? ਮੈਂ ਤਾਂ ਆਪਣਾ ਦਰਦ ਲਿਖਦਾ ਹਾਂ।

ਇੱਕ ਮਾਸਕ ਪੱਤਰ ਨੂੰ ਉਸ ਨੇ ਦੋ ਕਵਿਤਾਵਾਂ ਭੇਜੀਆਂ ਸਨ। ਦੋਵੇਂ ਹੀ ਵਾਪਸ ਆ ਗਈਆਂ ਹਨ। ਇੱਕ ਚਿੱਟ ਟਾਂਕੀ ਹੋਈ ਹੈ–'ਜਿਹੜਾ ਕਵੀ ਸਿਰਫ਼ ਆਪਣੇ ਲਈ ਲਿਖਦਾ ਹੈ, ਉਸ ਵਾਸਤੇ 'ਲਾਟ' ਵਿਚ ਕੋਈ ਥਾਂ ਨਹੀਂ। ਬਿਮਲ ਜੀ ਲੋਕਾਂ ਵਾਸਤੇ ਵੀ ਕੁਝ ਲਿਖੋ।"

ਬਿਮਲ ਹੈਰਾਨ ਹੈ। ਇਕ ਸਮਾਂ ਸੀ ਜਦੋਂ 'ਲਾਟ' ਵਾਲੇ ਉਸ ਦੀਆਂ ਕਵਿਤਾਵਾਂ ਆਪ ਚਿੱਠੀ ਲਿਖ ਕੇ ਮੰਗਵਾਇਆ ਕਰਦੇ ਸਨ ਤੇ ਹੁਣ...।

ਪਿਛਲੇ ਮਹੀਨੇ ਇੱਕ ਮਾਸਕ ਪੱਤਰ ਵਿਚ ਉਸ ਦੀਆਂ ਪੰਜ ਕਵਿਤਾਵਾਂ ਇੱਕ ਸਾਥ ਛਪੀਆਂ ਸਨ। ਪਟਿਆਲੇ ਤੋਂ ਇੱਕ ਕੁੜੀ ਨੇ ਚਿੱਠੀ ਲਿਖੀ–'ਤੁਹਾਡੀਆਂ ਕਵਿਤਾਵਾਂ ਪੜ੍ਹ ਕੇ ਰਸਾਲਾ ਚੁੱਲ੍ਹੇ ਵਿਚ ਡਾਹ ਦਿੱਤਾ। ਔਰਤ ਜ਼ਾਤ ਨੂੰ ਗਾਲ੍ਹਾਂ ਕੱਢਣ ਤੋਂ ਬਿਨਾਂ ਇਨ੍ਹਾਂ ਵਿਚ ਸੀ ਵੀ ਕੀ? ਇਉਂ ਲੱਗਦਾ ਹੈ ਜਿਵੇਂ ਕਦੇ ਕਿਸੇ ਚੰਗੀ ਕੁੜੀ ਨਾਲ ਤੁਹਾਡਾ ਵਾਹ ਹੀ ਨਹੀਂ ਪਿਆ ਹੁੰਦਾ ਜੇ ਇਹੋ ਜਿਹੀਆਂ ਕਵਿਤਾਵਾਂ ਹੀ ਲਿਖਣੀਆਂ ਹਨ ਤਾਂ ਬਿਹਤਰ ਹੈ ਕਿ ਨਾ ਹੀ ਲਿਖੋ?

ਬਿਮਲ ਸੋਚਦਾ ਹੈ ਕਿ ਲੇਖਕ ਆਪਣੇ ਲਈ ਫਿਰ ਕਦ ਲਿਖੇ?

ਦੂਜੇ ਬਿੰਦ ਉਹ ਸੋਚਦਾ ਹੈ ਕਿ ਉਸ ਨੇ ਲੋਕਾਂ ਲਈ ਵੀ ਤਾਂ ਬਹੁਤ ਕੁਝ ਲਿਖਿਆ ਹੈ। ਹੁਣ ਲਿਖਣਾ ਚਾਹੁੰਦਾ ਹੈ। ਅਸਲ ਵਿਚ ਤਾਂ ਉਹ ਚਾਹੁੰਦਾ ਹੈ ਕਿ ਜਨਤਾ ਲਈ ਹੀ ਲਿਖੇ। ਆਮ ਜਨਤਾ ਗ਼ਰੀਬ ਹੈ, ਬੇਸਹਾਰਾ ਹੈ, ਦੁਖੀ ਹੈ ਤੇ ਬੇਰੁਜ਼ਗਾਰ। ਆਜ਼ਾਦੀ ਮਿਲੀ ਨੂੰ ਪਊਆ ਸਦੀ ਬੀਤ ਗਈ, ਪਰ ਉਹੀ ਉਵੇਂ, ਜਿਵੇਂ ਰਿਸ਼ਵਤਖ਼ੋਰੀ ਹੈ। ਕੁਨਬਾ ਪਰਵਰੀ ਹੈ, ਉਹ ਨੀਚ ਹੈ ਤੇ ਲੋਕਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਆਰਥਕ ਨਾਬਰਾਬਰੀ। ਇਹ ਸਭ ਕੁਝ ਲਿਖਣਾ ਚਾਹੁੰਦਾ ਹੈ, ਬੜੀ ਸ਼ਿੱਦਤ ਨਾਲ ਲਿਖਣਾ ਚਾਹੁੰਦਾ ਹੈ, ਪਰ ਉਸ ਦਾ ਆਪਣਾ ਆਪ ਉਸ ਦੇ ਦਿਮਾਗ਼ ਵਿਚ ਐਨਾ ਭਰ ਗਿਆ ਹੈ ਜਿਵੇਂ ਹੋਰ ਕੁਝ ਤਾਂ ਉਹ ਸੋਚ ਹੀ ਨਾ ਸਕਦਾ ਹੋਵੇ।

ਬਿਮਲ ਦੀ ਜ਼ਿੰਦਗੀ ਸਧਾਰਨ ਚਾਲ ਚੱਲ ਰਹੀ ਸੀ। ਆਪਣੀ ਮਸਤ ਚਾਲ। ਨਾ ਕੋਈ ਦੁੱਖ, ਨਾ ਕੋਈ ਗ਼ਮ, ਨਾ ਫ਼ਿਕਰ। ਇੱਕ ਕੁੜੀ ਉਸ ਦੀ ਜ਼ਿੰਦਗੀ ਵਿਚ ਇਸ ਤਰ੍ਹਾਂ ਆਈ, ਜਿਵੇਂ ਕੋਈ ਦਰਵਾਜ਼ਾ ਤੋੜ ਕੇ ਮੱਲੋ ਮੱਲੀ ਘਰ ਆ ਵੜੇ। ਪਰ ਜਦ ਘਰ ਆ ਹੀ ਵੜੇ ਤਾਂ ਇਉਂ ਲੱਗੇ ਜਿਵੇਂ ਉਹ ਤਾਂ ਕੋਈ ਆਪਣਾ ਹੀ ਕੋਈ ਹੈ। ਸਬੰਧੀ, ਮਿੱਤਰ ਜਾਂ ਕੁਝ ਵੀ।

ਦੋ ਸਾਲ ਉਹ ਕੁੜੀ ਬਿਮਲ ਨਾਲ ਇਸ ਤਰ੍ਹਾਂ ਜੁੜੀ ਰਹੀ, ਜਿਵੇਂ ਉਨ੍ਹਾਂ ਦੀ ਪਿਛਲੇ ਜਨਮ ਦੀ ਕੋਈ ਸਾਂਝ ਹੋਵੇ।

ਉਸ ਦੇ ਦਫ਼ਤਰ ਵਿਚ ਹੀ ਤਾਂ ਉਹ ਕੰਮ ਕਰਦੀ ਸੀ। ਦਫ਼ਤਰੋਂ ਛੁੱਟੀ ਲੈਂਦੇ ਤੇ ਉਹ ਪਤਾ ਨਹੀਂ ਕਿੱਥੇ ਗ਼ਾਇਬ ਹੋ ਜਾਂਦੇ। ਕਦੇ ਕਦੇ ਤਾਂ ਬਿਨਾਂ ਦੱਸੇ ਹੀ ਦਫ਼ਤਰੋਂ ਨੱਸ ਜਾਂਦੇ। ਦਫ਼ਤਰ ਵਿਚ ਵੀ ਤਾਂ ਅੰਨ੍ਹੀ ਪਈ ਹੋਈ ਸੀ। 'ਬਾਸ' ਪਤਾ ਨਹੀਂ ਕਿੱਥੇ ਰਹਿੰਦਾ ਸੀ। ਹਫ਼ਤੇ ਵਿਚ ਇੱਕ ਦੋ ਦਿਨ ਦਫ਼ਤਰ ਆਉਂਦਾ ਸੀ। ਆਉਂਦਾ ਸੀ ਤਾਂ ਦੋ ਤਿੰਨ ਘੰਟਿਆਂ ਤੋਂ ਵੱਧ ਕਦੇ ਨਹੀਂ ਸੀ ਬੈਠਦਾ। ਸੁਪਰਡੈਂਟ ਦੀ ਚੱਲਦੀ ਸੀ। ਪੰਜ ਕਰੇ, ਪੰਜਾਹ ਕਰੇ। ਸੁਪਰਡੈਂਟ ਦੇ ਤਾਂ ਬਿਮਲ ਵੀਹ ਵਾਰੀ ਕੰਮ ਆਇਆ ਸੀ।

ਇੱਕ ਸਮਾਂ ਅਜਿਹਾ ਵੀ ਆਇਆ ਸੀ, ਜਦੋਂ ਕਿ ਉਹ ਇਸ ਕਿਸਮ ਦੇ ਇਸ਼ਕ ਤੋਂ ਥੱਕ ਗਿਆ ਸੀ। ਉਸ ਕੁੜੀ ਵਿਚੋਂ ਉਸ ਨੂੰ ਬਦਬੂ ਜਿਹੀ ਆਉਂਦੀ। ਕੰਜਰੀ ਤੋਂ ਵੱਧ ਉਹ ਕੀ ਸੀ। ਚੰਗਾ ਖਵਾਓ ਪਿਆਓ, ਜਦੋਂ ਮਰਜ਼ੀ ਜਿੱਥੇ ਜੀਅ ਕਰੇ, ਲੈ ਜਾਓ।

ਪਰ ਖਾਣ ਪੀਣ ਦੀ ਵੀ ਉਹ ਭੁੱਖੀ ਨਹੀਂ ਸੀ। ਉਹ ਤਾਂ ਕਈ ਵਾਰੀ ਆਪ ਵੀ ਬੜਾ ਖ਼ਰਚ ਕਰ ਦਿੰਦੀ।

ਉਸ ਦੇ ਸਰੀਰ ਵਿਚ ਤਾਂ ਇੱਕ ਅੱਗ ਸੀ, ਜਿਹੜੀ ਹੁਣ ਬੁਝਣ ਤੀਕ ਹੀ ਨਹੀਂ ਸੀ ਆਉਂਦੀ। ਠੰਡੀ ਹੋਣਾ ਜਾਣਦੀ ਹੀ ਨਹੀਂ ਸੀ। ਬਿਮਲ ਉਸ ਅੱਗ ਦੇ ਸੇਕ ਵਿਚ ਆਪਣੀ ਜ਼ਿੰਦਗੀ ਦੀਆਂ ਬਰਫ਼ ਸਿਖ਼ਰਾਂ ਪਿਘਲਾਉਂਦਾ ਰਿਹਾ ਸੀ, ਪਰ ਇੱਕ ਤਰ੍ਹਾਂ ਨਾਲ ਉਹ ਉਸ ਅੱਗ ਵਿਚ ਆਪਣੀ ਚਰਬੀ ਢਾਲ ਰਿਹਾ ਸੀ। ਆਪਣੇ ਲਹੂ ਨੂੰ ਰਿੜਕ ਰਿਹਾ ਸੀ।

ਫਿਰ ਕੀ ਹੋਇਆ?

ਉਸ ਕੁੜੀ ਨੂੰ ਕੋਈ ਹੋਰ ਗਰਮ ਲਹੂ ਲੱਭ ਗਿਆ।

ਬਿਮਲ ਦੇ ਲਹੂ ਵਿਚ ਨਫ਼ਰਤ ਦੇ ਬੀਜ ਉੱਗ ਪਏ। ਉਸ ਕੁੜੀ ਨਾਲ ਉਸ ਨੂੰ ਉਨੀ ਹੀ ਘਿਰਣਾ ਹੋ ਗਈ, ਜਿੰਨੀ ਪਹਿਲਾਂ ਮੁਹੱਬਤ ਸੀ। ਸਾਰੀਆਂ ਕੁੜੀਆਂ ਹੀ ਉਸ ਨੂੰ ਬੇਵਫ਼ਾ ਦਿਸਣ ਲੱਗੀਆਂ। ਇਸਤਰੀ ਹਮੇਸ਼ਾ ਧੋਖਾ ਦਿੰਦੀ ਹੈ। ਉਸ ਦੀ ਕਵਿਤਾ ਦਾ ਧੁਰਾ ਬਣ ਗਿਆ।

ਹੁਣ ਉਸ ਕੁੜੀ ਦਾ ਖਿਆਲ ਬਿਮਲ ਦੇ ਪਿੱਛੇ ਪਿਆ ਹੋਇਆ ਹੈ।

ਉਹ ਸੋਚਦਾ ਹੈ ਕਿ ਇਸ ਜਿਲ੍ਹਣ ਉਹ ਨਿਕਲ ਨਹੀਂ ਸਕੇਗਾ। ਇਹ ਜਿਲ੍ਹਣ ਉਸ ਦੀ ਆਪਣੀ ਹੈ, ਜਿਸ ਨਾਲ ਕਿਸੇ ਹੋਰ ਦੀ ਕੋਈ ਦਿਲਚਸਪੀ ਨਹੀਂ। ਜੋ ਕੁਝ ਉਹ ਲਿਖਦਾ ਹੈ, ਉਹ ਸਾਹਿਤ ਨਹੀਂ ਬਣ ਰਿਹਾ। ਲਿਖਣ ਦਾ ਫਿਰ ਕੀ ਅਰਥ? ਇਸ ਤੋਂ ਤਾਂ ਚੰਗਾ ਹੈ ਨਾ ਈ ਲਿਖੇ। ਪਰ ਜੇ ਨਾ ਲਿਖੇ ਤਾਂ ਮਨ ਹੌਲਾ ਕਿਵੇਂ ਹੋਵੇ?

ਮਨ ਹੌਲਾ ਤਾਂ ਉਹ ਆਪਣੇ ਦੋਸਤਾਂ ਮਿੱਤਰਾਂ ਵਿਚ ਉਸ ਕੁੜੀ ਦੀਆਂ ਗੱਲਾਂ ਕਰਕੇ ਕਰ ਸਕਦਾ ਹੈ, ਪਰ ਇਸ ਤਰ੍ਹਾਂ ਤਾਂ ਉਹ ਕਰਨਾ ਨਹੀਂ ਚਾਹੁੰਦਾ। ਇਸ ਤਰ੍ਹਾਂ ਤਾਂ ਉਸ ਦੇ ਦੋਸਤ ਉਸ ਨੂੰ ਝੁੱਡੂ ਆਖਣਗੇ। ਕਹਿਣਗੇ, "ਸਾਲਾ, ਇਸ਼ਕ ਕਰਨ ਦਾ। ਕੁੜੀ ਹੱਥੋਂ ਨਿਕਲ ਗਈ, ਤੇਰਾ ਰਹਿ ਕੀ ਗਿਆ ਓਏ, ਮਜਨੂੰ ਕੇ ਲੌਂਡੇ? ਚੱਪਣੀ ਵਿਚ ਨੱਕ ਡੋਬ ਕੇ ਮਰ ਹੁਣ, ਪਿਆਰੇ।'

ਉਹ ਸੋਚਦਾ ਹੈ ਕਿ ਇਸ ਦਰਦ ਦੀ ਮੁਨਿਆਦ ਵੀ ਤਾਂ ਪੁੱਗੇਗੀ ਹੀ। ਉਹ ਚਾਹੁੰਦਾ ਹੈ ਕਿ ਉਸ ਕੁੜੀ ਸਬੰਧੀ ਉਹ ਢੇਰ ਸਾਰੀਆਂ ਕਵਿਤਾਵਾਂ ਲਿਖੇ ਐਨੀਆਂ ਕਵਿਤਾਵਾਂ ਲਿਖੇ ਕਿ ਉਸ ਦੇ ਮਨ ਅੰਦਰ ਕੋਈ ਕੰਡਾ ਅਟਕਿਆ ਨਾ ਰਹੇ। ਉਸ ਦਾ ਮਨ ਪਵਿੱਤਰ ਤੇ ਸਾਫ਼ ਹੋ ਜਾਵੇ। ਉਸ ਦੀਆਂ ਕਵਿਤਾਵਾਂ ਸਾਹਿਤ ਦਾ ਅੰਗ ਬਣਨ ਭਾਵੇਂ ਨਾ, ਪਰ ਉਸ ਦਾ ਮਨ ਜ਼ਰੂਰ ਧੋ ਦੇਣ। ♦

# ਭੀੜ ਵਿੱਚ ਗੁਆਚਿਆ ਚਿਹਰਾ

ਕਈ ਮਹੀਨਿਆਂ ਬਾਅਦ ਅੱਜ ਮੈਂ ਬਾਜ਼ਾਰ ਵਿਚ ਆਇਆ ਹਾਂ। ਸਦਰ ਬਾਜ਼ਾਰ ਵਿਚ। ਦਿਨ ਢਲ ਰਿਹਾ ਹੈ, ਬਾਜ਼ਾਰ ਦੀ ਰੋਣਕ ਵਧ ਰਹੀ ਹੈ। ਰੌਣਕ ਨਹੀਂ, ਬਜ਼ਾਰ ਦੀ ਭੀੜ ਵਧ ਰਹੀ ਹੈ। ਉੱਖੜੀਆਂ ਉੱਖੜੀਆਂ ਅੱਖਾਂ ਨਾਲ ਮੈਂ ਚਿਹਰੇ ਪੜ੍ਹਨ ਦੀ ਕੋਸ਼ਿਸ਼ ਕਰ ਰਿਹਾ ਹਾਂ। ਇੱਕ ਚਿਹਰਾ ਅਜੇ ਸੰਵਾਰ ਕੇ ਦੇਖਿਆ ਵੀ ਨਹੀਂ ਹੁੰਦਾ ਕਿ ਦੂਜਾ ਸਾਹਮਣੇ ਆ ਜਾਂਦਾ ਹੈ। ਇਸੇ ਤਰ੍ਹਾਂ ਤੀਜਾ, ਚੌਥਾ ਤੇ ਕਿੰਨੇ ਹੀ ਬੇਪਛਾਣ ਚਿਹਰੇ। ਬੇਪਛਾਣ? ਨਹੀਂ। ਲੱਗਦਾ ਹੈ, ਜਿਵੇਂ ਹਰ ਚਿਹਰੇ ਨੂੰ ਹੀ ਮੈਂ ਜਾਣਦਾ ਹਾਂ। ਹਰ ਚਿਹਰੇ ਦੀ ਜਿਵੇਂ ਪਹਿਲਾਂ ਤੋਂ ਹੀ ਮੇਰੇ ਨਾਲ ਬੱਝੀ ਸਾਂਝ ਜਿਹੀ ਹੋਵੇ। ਮਨ ਵਿਚ ਸ਼ੰਕਾ ਉੱਠਦਾ ਹੈ ਜਾਣਦਾ ਤਾਂ ਹਾਂ ਪਰ ਭੁੱਲ ਗਿਆ ਹਾਂ। ਆਪਣੇ ਦਿਮਾਗ਼ ਵਿਚੋਂ ਚਿੱਟਾ ਬੱਦਲ ਪਰ੍ਹੇ ਹਟਾਉਣ ਦੀ ਕੋਸ਼ਿਸ਼ ਕਰਦਾ ਹਾਂ। ਨੀਵੀਂ ਪਾਈ ਹੋਈ ਹੈ। ਅੱਖਾਂ ਦੇ ਜ਼ਾਵੀਏ ਧਰਤੀ ਵਿਚ ਸ਼ਾਇਦ ਦੂਰ ਤੀਕ ਜਾ ਧਸੇ ਹਨ। ਭੁੱਲ ਦਾ ਬੱਦਲ ਜਰਾ ਕੁ ਹਲਕਾ ਪਿਆ ਹੈ। ਨਜ਼ਰਾਂ ਉਠਾਉਂਦਾ ਹਾਂ। ਪਲਕਾਂ ਦੇ ਛੱਪਰ ਭਾਰੇ ਹਨ। ਉਹ ਚਿਹਰਾ ਤਾਂ ਉੱਥੇ ਹੈ ਹੀ ਨਹੀਂ। ਭੀੜ ਵਿਚ ਪਤਾ ਨਹੀਂ ਕਿੱਥੇ ਚਲਿਆ ਗਿਆ ਹੈ। ਕਿਤੇ ਦੀ ਕਿਤੇ ਲੰਘ ਗਿਆ ਹੈ। ਚਿਹਰਿਆਂ ਦੀ ਭੀੜ ਵਿਚ ਮੈਂ ਇਕੱਲਾ ਹਾਂ। ਆਪਣਾ ਚਿਹਰਾ ਵੀ ਮੈਥੋਂ ਗੁਆਚ ਜਾਣਾ ਚਾਹੁੰਦਾ ਹੈ।

ਪੈਰਾਂ ਵਿਚ ਕਾਲੇ ਚਮੜੇ ਦੀਆਂ ਚਪਲੀਆਂ। ਓਹੀ ਹਲਕਾ ਪੀਲਾ ਬਲਾਊਜ਼, ਓਹੀ ਬਿਸਕੁਟੀ ਰੰਗ ਦੀ ਸਾੜ੍ਹੀ-ਕੰਨੀ 'ਤੇ ਦੋ ਬਰੀਕ ਬਰੀਕ ਕਾਲੀਆਂ ਧਾਰੀਆਂ। ਬਿਲਕੁਲ ਉਹੀ। ਇਹ ਤਾਂ ਉਹੀ ਹੈ, ਪਰ ਐਨੀ ਮੋਟੀ ਕਿਉਂ ਹੋ ਗਈ? ਸੋਚਦਾ ਹਾਂ-ਵਿਆਹ ਕਰਵਾਉਣ ਪਿੱਛੋਂ ਕੁੜੀਆਂ ਅਕਸਰ ਮੋਟੀਆਂ ਹੋ ਜਾਂਦੀਆਂ ਹਨ। ਮੈਂ ਸੋਚ ਵਾਲੀ ਰੇਖਾ ਤੋਂ ਪੱਲਾ ਛੁਡਾਉਂਦਾ ਹਾਂ ਤੇ ਅੱਖਾਂ ਝਮਕਦਾ ਹਾਂ। ਉਹ ਤਾਂ ਕਿੰਨੀ ਹੀ ਦੂਰ ਨਿਕਲ ਗਈ ਹੈ। ਉਸ ਦਾ ਤਾਂ ਸਿਰ ਹੀ ਸਿਰ ਦਿਸਦਾ ਹੈ ਜਾਂ ਮੋਢੇ ਤੇ ਜਾਂ ਕਦੇ ਕਦੇ ਵੱਖੀਆਂ ਤੋਂ ਥੱਲੇ ਸਾੜ੍ਹੀ ਵਿਚ ਲਿਪਟੇ ਬੇਮੂਲੇ ਜਿਹੇ ਢਾਕਾਂ ਦੇ ਉਭਾਰ। ਮੇਰੀ ਸੋਚ ਵਿਚ ਮਨਫ਼ੀ ਦਾ ਚਿੰਨ੍ਹ ਪਤਾ ਨਹੀਂ ਕਿੱਥੋਂ ਆ ਚਿਪਕਦਾ ਹੈ। ਇਹ ਉਹ ਨਹੀਂ ਸੀ। ਉਹ ਹੁੰਦੀ ਤਾਂ ਝਾਕਦੀ ਨਾ? ਝਾਕਦੀ ਤਾਂ ਥਾਂ ਦੀ ਥਾਂ ਠਹਿਰ ਨਾ ਜਾਂਦੀ? ਕਿੰਨੇ ਤਾਂ ਖ਼ਤ ਪਾਏ ਸਨ, ਉਸ ਨੇ... 'ਬੱਸ ਇੱਕ ਵਾਰੀ ਆ ਕੇ ਮਿਲ ਜਾਓ ਮੈਨੂੰ। ਜੇ ਨਹੀਂ ਮਿਲਣਾ ਤਾਂ ਤੁਹਾਡੀ ਮਰਜ਼ੀ। ਤੁਹਾਡੇ 'ਤੇ ਮੇਰਾ ਕੀ ਜ਼ੋਰ ਹੈ? ਪਰ ਮੈਨੂੰ ਮਿਲੋ ਵੀ ਕਿਉਂ ਤੁਸੀਂ? ਫਸਾ ਲਿਆ ਹੋਣੈ ਕਿਸੇ ਸੌਕਣ ਮੇਰੀ ਨੇ ਤੁਹਾਨੂੰ। ਸੁਣਿਐ? ਹੁਣ ਤਾਂ ਪਰੀਆਂ ਵਰਗੀਆਂ ਕੁੜੀਆਂ ਵਿਚ ਰਹਿੰਦੇ ਹੋ। ਬੱਸ, ਮੈਂ ਜਾਣ ਗਈ। ਮੇਰੀ ਕਦਰ ਹੁਣ ਕਿੱਥੇ।'

ਸਦਰ ਬਜ਼ਾਰ ਵਿਚ ਪਿੱਪਲ ਵਾਲੀ ਪਾਨਾਂ ਦੀ ਦੁਕਾਨ ਕੋਲ ਖੜ੍ਹਾ ਮੈਂ ਆਪਣੇ ਸਾਈਕਲ ਦੀ ਜ਼ਰ ਖਾਧੀ ਟੱਲੀ ਵੱਲ ਬੜੇ ਗਹੁ ਨਾਲ ਦੇਖ ਰਿਹਾ ਹਾਂ। ਟੱਲੀ ਵੱਲ ਤਾਂ ਮੇਰੀਆਂ ਅੱਖਾਂ ਹੀ ਅੱਖਾਂ ਹਨ, ਅਸਲ ਵਿਚ ਮੇਰੇ ਦਿਮਾਗ਼ ਦੀ ਤੇਜ਼ ਘੁੰਮ ਰਹੀ ਚਰਖ਼ੜੀ ’ਤੇ ਇੱਕ ਖ਼ਾਸ ਚਿਹਰੇ ਦੀ ਰੀਲ ਚੜ੍ਹੀ ਹੋਈ ਹੈ। ਚਿਹਰਾ ਜੋ ਸ਼ਾਇਦ ਹੁਣੇ ਹੀ ਮੇਰੇ ਕੋਲ ਦੀ ਲੰਘ ਗਿਆ ਹੈ।

ਇਕਦਮ ਮੈਂ ਸਾਈਕਲ ’ਤੇ ਸਵਾਰ ਹੁੰਦਾ ਹਾਂ ਤੇ ਪੈਡਲਾਂ ਨੂੰ ਤੇਜ਼ ਤੇਜ਼ ਘੁਮਾਉਂਦਾ ਹਾਂ। ਰਸਤੇ ਵਿਚ ਆਉਂਦੇ ਜਾਂਦੇ ਸਭ ਇਸਤਰੀ ਚਿਹਰਿਆਂ ’ਤੇ ਮੇਰੀ ਨਿਗਾਹ ਪੋਚਾ ਦੇ ਰਹੀ ਹੈ। ਕੋਈ ਵੀ ਚਿਹਰਾ ਉਸ ਚਿਹਰੇ ਨਾਲ ਮਿਲਦਾ ਜੁਲਦਾ ਨਹੀਂ ਹੈ। ਠੰਡੇ ਪਾਣੀ ਦੀ ਖੂਹੀ ਕੋਲ ਜਾ ਕੇ ਮੈਂ ਸਾਈਕਲ ਤੋਂ ਉਤਰ ਜਾਂਦਾ ਹਾਂ, ਐਡੀ ਦੂਰ ਤਾਂ ਉਹ ਆ ਨਹੀਂ ਸਕਦੀ ਹੁਣ ਤੀਕ। ਪਰ ਫਿਰ ਸੋਚ ਦਾ ਘੋੜਾ ਸਰਪਟ ਦੌੜਦਾ ਹੈ, ਸ਼ਾਇਦ ਤੇਜ਼ ਕਦਮ ਪੁੱਟ ਲਏ ਹੋਣ ਉਸ ਨੇ? ਸਾਈਕਲ ਦੇ ਪੈਡਲ ’ਤੇ ਪੱਬ ਰੱਖਦਾ ਹਾਂ ਤੇ ਕਿੰਨੇ ਹੀ ਅਣਜਾਣ ਚਿਹਰਿਆਂ ਵੱਲ ਬੇਲੋੜੇ ਧਿਆਨ ਨਾਲ ਦੇਖਦਾ ਹੋਇਆ ‘ਗਾਂਧੀ ਰਿਕਸ਼ਾ ਸਟੈਂਡ’ ਦੇ ਸਾਹਮਣੇ ਆ ਠਹਿਰਦਾ ਹਾਂ। ਮਨ ਵਿਚ ਹਲਕੀ ਜਿਹੀ ਸ਼ਰਾਰਤੀ ਪੁੱਛ ਪੈਦਾ ਹੋਈ ਹੈ, ‘ਕਿਉਂ ਜੀ, ਗਾਂਧੀ ਰਿਕਸ਼ਾ ਚਲਾਉਂਦਾ ਹੁੰਦਾ ਸੀ?’ਮੈਂ ਤਾਂ ਪਿੱਪਲ ਵਾਲੀ ਪਾਨਾਂ ਦੀ ਦੁਕਾਨ ਤੋਂ ਸਿੱਧੀ ਸੜਕ ਠੰਡੇ ਪਾਣੀ ਵਾਲੀ ਖੂਹੀ ਤੀਕ ਤੇ ਫਿਰ ਉੱਥੋਂ ਸਿੱਧਾ ਹੀ ਰਿਕਸ਼ਾ ਸਟੈਂਡ ਤੀਕ ਸਾਈਕਲ ਦਾ ਚੱਕਰ ਚੂੰਢਾ ਬਣਾ ਲਿਆਇਆ ਹਾਂ, ਹੋ ਸਕਦਾ ਹੈ ਉਹ ਕਿਸੇ ਗਲੀ ਦਾ ਮੋੜ ਕੱਟ ਗਈ ਹੋਵੇ? ਗਲੀਆਂ ਵਿਚ ਹੁਣ ਕੌਣ ਭੌਂਕਦਾ ਫਿਰੇ। ਹੁਣ ਮੈਂ ਸਾਈਕਲ ’ਤੇ ਨਹੀਂ ਚੜ੍ਹਿਆ। ਸਾਈਕਲ ਨੂੰ ਘੜੀਸ ਰਿਹਾ ਹਾਂ। ਲੱਗਦਾ ਹੈ, ਸਾਈਕਲ ਕੁਝ ਭਾਰਾ ਹੋ ਗਿਆ ਹੈ। ਪਿੱਪਲ ਵਾਲੀ ਪਾਨਾਂ ਦੀ ਦੁਕਾਨ ਕੋਲ ਖੜ੍ਹਾ ਹੁਣ ਮੈਂ ਸੋਚ ਰਿਹਾ ਹਾਂ ਕਿ ਕੌੜੀਆਂ ਕੌੜੀਆਂ ਲੈਚੀਆਂ ਤੇ ਖੁਸ਼ਕ ਖੁਸ਼ਕ ਸਪਾਰੀ ਵਾਲਾ ਇੱਕ ਮਿੱਠਾ ਪਾਨ ਖਾਧਾ ਜਾਵੇ।

ਪਾਨ ਦਾ ਮਿੱਠਾ ਥੁੱਕ ਸੰਘੋ ਥੱਲੇ ਉਤਾਰਦਾ ਹਾਂ। ਸਦਰ ਬਜ਼ਾਰ ਵਿਚ ਕਿੰਨੇ ਹੀ ਜਾਣੇ ਪਹਿਚਾਣੇ ਲੋਕ ਕੋਲ ਦੀ ਲੰਘ ਰਹੇ ਹਨ।

‘ਸ਼ਰਨਾਰਥੀ ਵਧ ਰਹੇ ਹਨ।’ ਮੈਂ ਕਹਿੰਦਾ ਹਾਂ ਤੇ ਪਾਨ ਦੀ ਪੀਕ ਉਸ ਦੇ ਪੈਰਾਂ ਵਿਚ ਸੁੱਟਣ ਦੀ ਕੋਸ਼ਿਸ਼ ਕਰਦਾ ਹਾਂ। ਬਿਨਾਂ ਹੱਥ ਮਿਲਾਏ ਹੀ ਉਹ ਅਗਾਂਹ ਤੁਰ ਜਾਂਦਾ ਹੈ। ਪਾਨ ਦੀ ਪੀਕ ਹੁਣ ਇੱਕ ਬੁੱਕ ਸੈਲਰ ਦੇ ਪੈਰਾਂ ਕੋਲ ਥੁੱਕੀ ਗਈ ਹੈ। ਉਸ ਦੇ ਦੁੱਧ ਚਿੱਟੇ ਪਜਾਮੇ ਦੇ ਪੌਂਚਿਆਂ ’ਤੇ ਦੋ ਤਿੰਨ ਲਾਲ ਛਿੱਟੇ ਜਾ ਚਿਪਕੇ ਹਨ। ਉਸ ਨੇ ਨੱਕ ਸੁਕੇੜਿਆ ਹੈ। ਪਰ ਦੂਜੇ ਬਿੰਦ ਹੀ ਉਸ ਨੇ ਹਾਸੇ ਦਾ ਠਹਾਕਾ ਲਾਇਆ ਹੈ ਤੇ ਮੈਨੂੰ ਜੱਫ਼ੀ ਪਾ ਕੇ ਮੇਰਾ ਹਾਲ ਚਾਲ ਪੁੱਛਿਆ ਹੈ। ਮੇਰੇ ਬੱਚਿਆਂ ਦੀ, ਮੇਰੇ ਘਰ ਵਾਲੀ ਦੀ ਸੁੱਖ ਸਾਂਦ ਪੁੱਛੀ ਹੈ। ਤੇ ਫਿਰ ਮੁਸਕਰਾਹਟ, ਦਾ ਖੋਲ ਪਹਿਨ ਕੇ ਹੀ ਪੁੱਛਿਆ, ‘ਮਾਸਟਰ ਜੀ, ਉਹ ਟੈਸਟ ਪੇਪਰ? ਕਰ ਦਿਓ ਕਿਰਪਾ ਫੇਰ ਹੁਣ।’ ਅੱਖਾਂ ਮੀਚ ਕੇ ਮੈਂ ਹਾਮੀ ਭਰਦਾ ਹਾਂ। ਬੁੱਕ ਸੈਲਰ ਮੈਨੂੰ ਜੱਫ਼ੀ ਪਾਉਂਦਾ ਹੈ ਤੇ ਹਾਸੇ ਦਾ ਠਹਾਕਾ ਮਾਰ ਕੇ ਭੀੜ ਵਿਚ ਗੁਆਚ ਜਾਂਦਾ ਹੈ। ਕਿੰਨੇ ਹੀ ਬੰਦੇ ਕੋਈ ਨਾ ਕੋਈ ਗੱਲ ਕਰਕੇ ਲੰਘੇ ਹਨ। ਟੀਚਰ ਯੂਨੀਅਨ ਦੀ ਏਕਤਾ, ਕੁਠਾਰੀ ਕਮਿਸ਼ਨ ਦੀਆਂ ਤਰੁਟੀਆਂ, ਅੰਤਰਮ ਸਹਾਇਤਾ ਤੇ ‘ਸ਼ਿਮਲਾ ਕਲਾਥ

ਹਾਊਸ' ਵਾਲਾ ਲਾਲਾ–'ਗਰਮ ਕੱਪੜੇ ਦੀ ਬਿਲਟੀ ਆ 'ਗੀ, ਸ਼ਰਮਾ ਸਾਅਬ, ਦਰਸ਼ਨ ਦਿਓ। ਐਂਤਕੀ ਥੁਹਾਡਾ ਸੂਟ ਪਾੜ ਦੇਣੈ ਜ਼ਰੂਰ।'

ਦੁਕਾਨਾਂ ਵਿਚ ਬਿਜਲੀ ਦੇ ਲਾਟੂ ਜਗ ਉੱਠੇ ਹਨ। ਸਦਰ ਬਾਜ਼ਾਰ ਦੀਆਂ ਟਿਊਬਾਂ ਵਿਚ ਕੱਚਾ ਦੁੱਧ ਲਿਸ਼ਕ ਪਿਆ ਹੈ। ਆਵਾਜਾਈ ਘਟਣੀ ਸ਼ੁਰੂ ਹੋ ਗਈ ਹੈ। ਲੱਗਦਾ ਹੈ, ਅੱਜ ਦੇ ਮਿਲੇ ਕਿਸੇ ਚਿਹਰੇ ਨੂੰ ਮੈਂ ਨਹੀਂ ਸੀ ਜਾਣਦਾ।

ਪਰ ਇੱਕ ਚਿਹਰਾ ਮੇਰੇ ਮਨ ਵਿਚ ਹੋਰ ਡੂੰਘਾ ਧਸ ਗਿਆ ਹੈ। ਇਸ ਚਿਹਰੇ ਦੀ ਤਲਾਸ਼ ਕੌਣ ਕਰੇਗਾ? ♦

# ਚਿੱਥੜਾ

ਆਪਣੇ ਬਾਹਰਲੇ ਘਰ ਮੈਂ ਗਿਆ ਹਾਂ। ਦੋ ਕੋਠੜੇ ਹਨ। ਇੱਕ ਵਿਚ ਪਸ਼ੂ ਬੱਝਦੇ ਹਨ, ਇੱਕ ਵਿਚ ਤੂੜੀ ਰੱਖੀ ਹੋਈ ਹੈ। ਵਾਹੀ ਖੇਤੀ ਦਾ ਨਿੱਕਾ ਮੋਟਾ ਸਮਾਨ ਵੀ ਤੇ ਦੋ ਚਾਰ ਬੋਰੀਆਂ ਕਣਕ ਦੀਆਂ ਵੀ। ਦੋਵੇਂ ਕੋਠੜੀਆਂ ਵਿਚਕਾਰ ਇੱਕ ਚੌੜਾ ਸਾਰਾ ਵਿਹੜਾ ਹੈ। ਵਿਹੜੇ ਦੇ ਇੱਕ ਪਾਸੇ ਡੂੰਘਾ ਟੋਆ ਹੈ। ਟੋਏ ਵਿਚ ਰੂੜੀ ਲੱਗੀ ਹੋਈ ਹੈ।

ਕਣਕ ਦੀ ਇੱਕ ਬੋਰੀ ਵਿਚ ਚੂਹੀਆਂ ਨੇ ਮੋਰੀ ਕਰ ਲਈ ਹੈ। ਮੋਰੀ ਵਿਚ ਦੀ ਕਣਕ ਦੀ ਲੱਪ ਸਾਰੀ ਧਰਤੀ ’ਤੇ ਡਿੱਗ ਪਈ ਹੈ। ਮਨ ਵਿਚ ਮੈਂ ਚੂਹੀਆਂ ਨੂੰ ਗਾਲ ਕੱਢੀ ਹੈ।

‘ਕਿਉਂ ਪਾਪਾ ਜੀ, ਦੀਵਾਲੀ ਵੇਲੇ ਮੈਨੂੰ ਕਿੰਨੇ ਪੈਸਿਆਂ ਦੇ ਪਟਾਕੇ ਲੈ ਕੇ ਦਿਓਗੇ?’ ਅਚਾਨਕ ਹੀ ਬਾਹਰਲੇ ਘਰ ਆਇਆ ਮੇਰਾ ਛੋਟਾ ਕਾਕਾ ਮੈਥੋਂ ਪੁੱਛਦਾ ਹੈ।

‘ਪਟਾਕੇ?’

‘ਹੋਰ...’ ਕਹਿ ਕੇ ਉਸ ਨੇ ਸੁੱਕਾ ਰੋਣਾ ਰੋਇਆ ਹੈ।

‘ਅੱਛਾ, ਪਹਿਲਾਂ ਲੀਰ ਭਾਲ ਲਈ ਕੋਈ ਐਥੋਂ ਕਿਤੋਂ। ਮੋਰੀ ਬੰਦ ਕਰੀਏ।’ ਮੈਂ ਕੋਠੜੇ ਦੇ ਖੂੰਜਿਆਂ ਵਿਚੋਂ ਕੋਈ ਕੱਪੜਾ ਲੱਭਣ ਲੱਗਦਾ ਹਾਂ। ਕੋਈ ਨਹੀਂ ਲੱਭ ਰਿਹਾ। ਕਾਕਾ ਵੀ ਮੇਰੀ ਮੱਦਦ ਕਰ ਰਿਹਾ ਹੈ। ਕੋਠੜੇ ਵਿਚੋਂ ਉਹ ਬਾਹਰ ਹੋ ਗਿਆ ਹੈ। ਕਿੱਲੇ ’ਤੇ ਟੰਗੀ ਪਈ ਇੱਕ ਪੁਰਾਣੀ ਸੁੱਥਣ ਨਾਲੋਂ ਲੀਰ ਪਾੜਨ ਦੀ ਮੈਂ ਕੋਸ਼ਿਸ਼ ਕਰ ਰਿਹਾ ਹਾਂ। ਜਿੱਥੋਂ ਲੀਰ ਪਾੜਨੀ ਸ਼ੁਰੂ ਕੀਤੀ ਹੈ, ਉਸ ਤੋਂ ਅੱਗੇ ਇੱਕ ਦੂਹਰੀ ਸਿਉਣ ਆ ਗਈ ਹੈ। ਲੀਰ ਨਹੀਂ ਫਟ ਰਹੀ। ਮੈਂ ਵਾਧੂ ਦਾ ਜ਼ੋਰ ਲਾ ਰਿਹਾ ਹਾਂ। ਕਾਕਾ ਰੂੜੀ ਤੋਂ ਇੱਕ ਈਨੂੰ ਜਿਹਾ ਚੁੱਕ ਲਿਆਇਆ ਹੈ। “ਲਓ ਪਾਪਾ ਜੀ, ਅਹਿਦੇ ਨਾਲੋਂ ਪਾੜੋ!!” ਮੈਲਾ ਕੁਚੈਲਾ, ਪਾਂਡੂ ਨਾਲ ਲਿੱਬੜਿਆ ਇਹ ਨੀਲੀ ਪਾਪਲੀਨ ਦਾ ਬੁਸ਼ਰਟ ਹੈ। ਕਾਲਰ ਫਿੱਸੇ ਹੋਏ, ਬਾਹਾਂ ਲੀਰੋ ਲੀਰ, ਪਿੱਠ ਤੋਂ ਬੁਰਕ ਨਿਕਲੇ ਹੋਏ, ਬਟਨ ਕੋਈ ਨਹੀਂ।

***

ਚੌਦਾਂ ਸਾਲ ਪੁਰਾਣੀ ਗੱਲ ਹੈ।

ਸੀਤਲ ਤੇ ਮੈਂ ਇਕੱਠੇ ਰਹਿੰਦੇ ਸਾਂ। ਸੀਤਲ ਇੱਕ ਕੁੜੀ ਨੂੰ ਪਿਆਰ ਕਰਦਾ ਸੀ। ਨਿੱਤ ਮੈਨੂੰ ਉਸ ਦੀਆਂ ਗੱਲਾਂ ਸੁਣਾਇਆ ਕਰਦਾ। ਮੇਰਾ ਜੀਅ ਕਰਦਾ ਮੈਂ ਵੀ ਕਰਾਂ ਕਿਸੇ ਨੂੰ ਪਿਆਰ।

ਸੀਤਲ ਦੀ ਪ੍ਰੇਮਿਕਾ ਆਪਣੀ ਇੱਕ ਸਹੇਲੀ ਨੂੰ ਸੀਤਲ ਦੀਆਂ ਗੱਲਾਂ ਸੁਣਾਇਆ ਕਰਦੀ।

ਸੀਤਲ ਕੋਲ ਮੈਂ ਆਪਣੀ ਇੱਛਾ ਪ੍ਰਗਟ ਕੀਤੀ। ਸੀਤਲ ਨੇ ਆਪਣੀ ਪ੍ਰੇਮਿਕਾ ਕੋਲ ਤੇ ਫਿਰ ਉਸ ਨੇ ਆਪਣੀ ਸਹੇਲੀ ਉਰਵਸ਼ੀ ਕੋਲ। ਉਵਰਸ਼ੀ ਮੇਰੀ ਪ੍ਰੇਮਿਕਾ ਬਣ ਗਈ। ਬਣਾ ਦਿੱਤੀ ਗਈ।

ਅਸੀਂ ਪਿਆਰ ਦਾ ਨਾਟਕ ਰਚਨ ਲੱਗੇ।

ਇੱਕ ਦਿਨ ਉਸ ਨੇ ਪੀਲੀ ਪਾਪਲੀਨ ਦਾ ਇੱਕ ਟੋਟਾ ਮੈਨੂੰ ਲਿਆ ਕੇ ਦਿੱਤਾ। ਮੇਰੇ ਬੁਸ਼ਰਟ ਲਈ। ਹਦਾਇਤ ਸੀ-ਜਦ ਕਦੇ ਮੈਂ ਉਸ ਨੂੰ ਮਿਲਾਂ, ਇਹੀ ਬੁਸ਼ਰਟ ਪਾਇਆ ਹੋਵੇ। ਓਦੋਂ ਤਾਂ ਹਾਸੀ ਆਇਆ ਕਰਦੀ ਸੀ। 'ਬੁਸ਼ਰਟ ਐ ਕਿ ਸਕੂਲ ਦੀ ਵਰਦੀ। ਨਹੀਂ ਪਾਈ ਤਾਂ ਹੋ ਜਾਓ ਕਮਰਿਓਂ ਬਾਹਰ।

ਉਰਵਸ਼ੀ ਮੈਥੋਂ ਦੂਰ ਹੋ ਗਈ ਸੀ।

ਸ਼ਾਇਦ ਮੈਂ ਹੀ ਉਸ ਤੋਂ ਦੂਰ ਹੋ ਗਿਆ ਸੀ।

ਵਰ੍ਹੇ ਬੀਤ ਗਏ।

ਬੁਸ਼ਰਟ ਨੂੰ ਹੰਢਾ ਕੇ ਮੈਂ ਕਿੱਲੇ 'ਤੇ ਬੰਨ੍ਹ ਦਿੱਤਾ ਸੀ। ਮੇਰੀ ਪਤਨੀ ਕਈ ਵਾਰ ਇਸ ਨੂੰ ਖੋਲ੍ਹਦੀ ਤੇ ਕੂੜੇ ਵਾਲੇ ਬੱਠਲ ਵਿਚ ਦੇ ਮਾਰਦੀ। ਮੇਰੇ ਮਨ ਵਿਚ ਪਤਾ ਨਹੀਂ ਕੀ ਚੰਗਿਆੜੀ ਜਿਹੀ ਬਲਦੀ, ਬੱਠਲ ਵਿਚੋਂ ਚੁੱਕ ਕੇ ਮੈਂ ਉਸ ਨੂੰ ਕਿਤੇ ਲੁਕੋ ਦਿੰਦਾ। ਪੰਜੀਂ ਚੌਹੀਂ ਮਹੀਨੀਂ ਬੁਸ਼ਰਟ ਜੀ ਮਹਾਰਾਜ ਫਿਰ ਪ੍ਰਗਟ ਹੋ ਜਾਂਦੇ। ਪਤਨੀ ਨੂੰ ਉਸ ਦੇ ਰਹੱਸਯ ਦਾ ਕੋਈ ਪਤਾ ਨਾ ਹੁੰਦਾ। ਉਹ ਉਸ ਨਾਲ ਚਰਖ਼ੇ ਤੋਂ ਗਰਦ ਝਾੜਦੀ, ਤੌੜੇ ਪੂੰਝਦੀ, ਤਵਾ ਰਗੜਦੀ ਤੇ ਆਖ਼ਰ ਬੱਠਲ ਵਿਚ ਕੂੜੇ ਦੇ ਢੇਰ 'ਤੇ ਸੁੱਟ ਦਿੰਦੀ ਦੋ ਵਾਰ ਮੈਂ ਊਸ ਨੂੰ ਰੂੜੀ ਤੋਂ ਚੁੱਕ ਕੇ ਲਿਆਂਦਾ ਸੀ।

***

ਚੌਦਾਂ ਸਾਲ ਪੁਰਾਣਾ ਚਿੱਥੜਾ!

ਸੁੱਥਣ ਨਾਲੋਂ ਹੀ ਅਖ਼ੀਰ ਇੱਕ ਲੀਰ ਪਾੜ ਕੇ ਬੋਰੀ ਵਿਚ ਕੀਤੀ ਗਲੀ ਨੂੰ ਮੈਂ ਬੰਦ ਕਰ ਦਿੱਤਾ ਹੈ। ਅੰਦਰਲੇ ਘਰ ਆਇਆ ਹਾਂ। ਪਤਨੀ ਘਰ ਨਹੀਂ ਕਾਕਾ ਅਜੇ ਵੀ ਪਟਾਕਿਆਂ ਦੀ ਰਿਹਾੜ ਪਿਆ ਹੋਇਆ ਹੈ। 'ਜਿੰਨੇ ਮਰਜ਼ੀ, ਰੇਲੂ ਦੀ ਹੱਟੀ ਤੋਂ ਲੈ ਆਈ। ਆਪੇ ਦੇ ਦਿਆਂਗੇ, ਪੈਸੇ। ਕੰਨ ਨਾ ਖਾ, ਐਵੇਂ', ਮੈਂ ਉਸ ਨੂੰ ਕਹਿ ਦਿੱਤਾ ਹੈ। ਅੱਖਾਂ ਵਿਚ ਹੱਸਦਾ, ਕੁਦਾੜੀਆਂ ਮਾਰਦਾ, ਉਹ ਮੇਰੇ ਕੋਲੋਂ ਬਾਹਰ ਦੌੜ ਗਿਆ ਹੈ।

ਸਾਬਣ ਦੀ ਟਿੱਕੀ ਲੈ ਕੇ ਮੈਂ ਚਿੱਥੜੇ ਨੂੰ ਧੋਤਾ ਹੈ। ਜੰਗਲੇ 'ਤੇ ਉਸ ਨੂੰ ਸੁੱਕਣਾ ਪਾ ਦਿੱਤਾ ਹੈ। ਪਤਨੀ ਬਾਹਰੋਂ ਆਈ ਹੈ। ਮੈਂ ਪਾਗ਼ਲ ਹਾਂ। ਉਹ ਹੱਸ ਰਹੀ ਹੈ।

ਪਤਨੀ ਤੋਂ ਚੋਰੀਓਂ ਇੱਕ ਦਿਨ ਚਿੱਥੜੇ ਨੂੰ ਮੈਂ ਕੁਰਸੀ ਦੀ ਗੱਦੀ ਵਿਚ ਭਰਵਾ ਲਿਆ ਹੈ। ♦

# ਦੌੜ ਰਹੀ ਅੱਗ

ਢਾਕਾ ਦੀ ਇੱਕ ਟੁੱਟੀ ਸੜਕ ’ਤੇ ਉਹ ਭੱਜੀ ਜਾ ਰਹੀ ਹੈ। ਸੜਕ ਕਿੱਧਰ ਨੂੰ ਜਾ ਰਹੀ ਹੈ, ਉਸ ਨੂੰ ਕੋਈ ਪਤਾ ਨਹੀਂ। ਉਹ ਆਪ ਕਿੱਥੋਂ ਆਈ ਹੈ, ਇਹ ਵੀ ਉਸ ਨੂੰ ਪਤਾ ਨਹੀਂ। ਉਹ ਤਾਂ ਬੱਸ ਭੱਜ ਰਹੀ ਹੈ। ਕਿਸੇ ਡਰਾਉਣੇ ਖਿਆਲ ਦਾ ਪਿੱਛਾ ਛੁਡਾਉਣ ਲਈ। ਉਹ ਪਾਗ਼ਲ ਹੈ। ਇੱਕ ਬਹੁਤ ਵੱਡੀ ਨਮੋਸ਼ੀ ਦਾ ਖਿਆਲ ਉਸ ਦਾ ਪਿੱਛਾ ਨਹੀਂ ਛੱਡ ਰਿਹਾ, ਏਸੇ ਕਰਕੇ ਤਾਂ ਉਹ ਪਾਗਲ ਹੋ ਗਈ ਹੈ।

ਗਲ-ਤੇੜ ਪਹਿਨੀ ਵੱਡੇ ਵੱਡੇ ਫੁੱਲਾਂ ਵਾਲੀ ਸਾੜ੍ਹੀ ਕਈ ਥਾਵਾਂ ਤੋਂ ਫਟੀ ਹੋਈ ਹੈ ਤੇ ਮੈਲੀ ਵੀ। ਥਾਂ ਥਾਂ ’ਤੇ ਖ਼ੂਨ ਦੇ ਧੱਬੇ। ਸਿਰ ਦੇ ਵਾਲ ਬਿੱਖਰੇ ਬਿੱਖਰੇ ਅੱਧ ਖੋਹੇ, ਅੱਧ ਟੁੱਟੇ। ਵਾਰ ਵਾਰ ਉਹ ਉਨ੍ਹਾਂ ਨੂੰ ਪਿੱਛੇ ਸੁੱਟਦੀ ਹੈ, ਪਰ ਉਹ ਫਿਰ ਮੱਥੇ ’ਤੇ ਆ ਡਿੱਗਦੇ, ਅੱਖਾਂ ਨੂੰ ਢਕ ਲੈਂਦੇ ਸਨ। ਮੂੰਹ ਧੁੰਆਂਖਿਆ ਹੋਇਆ ਹੈ। ਅੱਖਾਂ ਵਿਚ ਲਾਲੀ ਹੈ। ਜਿਵੇਂ ਲਹੂ ਦੇ ਅੱਥਰੂ ਰੋ ਕੇ ਹਟੀ ਹੋਵੇ। ਪੇਟ ’ਤੇ ਜਦ ਉਸ ਦਾ ਹੱਥ ਟਿਕਦਾ ਹੈ, ਅੰਦਰ ਦੀ ਚਿਣਗ ਹੋਰ ਭਖਦੀ ਹੈ ਤਾਂ ਉਸ ਦਾ ਧਿਆਨ ਉੱਖੜ ਜਾਂਦਾ ਹੈ ਤੇ ਪਾਗਲਪਨ ਦਾ ਦੌਰਾ ਤੇਜ਼ ਹੋ ਜਾਂਦਾ ਹੈ। ਉਹ ਹੋਰ ਤੇਜ਼ ਭੱਜਦੀ ਹੈ। ਕਿਸੇ ਦੇ ਰੋਕਿਆਂ ਉਹ ਰੁਕਦੀ ਨਹੀਂ। ਉਸ ਦੇ ਪਿੱਛੇ ਵੀ ਤਾਂ ਕੋਈ ਨਹੀਂ ਆ ਰਿਹਾ। ਭਾਰਤੀ ਫ਼ੌਜ ਦਾ ਇੱਕ ਸਿਪਾਹੀ ਉਸ ਨੂੰ ਦੇਖਦਾ ਹੈ। ਇੱਕ ਬੁੱਢੀ ਦੇ ਕਹਿਣ ’ਤੇ ਉਸ ਨੂੰ ਡੌਲਿਓਂ ਜਾ ਫੜਦਾ ਹੈ। ਉਹ ਉੱਚੀ ਦੇ ਕੇ ਚੀਕ ਮਾਰਦੀ ਹੈ ਤੇ ਸਿਪਾਹੀ ਦੀ ਬਾਂਹ ’ਤੇ ਬੁਰਕ ਭਰ ਲੈਂਦੀ ਹੈ। ਸਿਪਾਹੀ ਉਸ ਦੇ ਡੌਲੇ ਨੂੰ ਛੱਡ ਦਿੰਦਾ ਹੈ। ਹੈਰਾਨ ਹੋਇਆ ਖੜ੍ਹਾ ਦੇਖਦਾ ਰਹਿੰਦਾ ਹੈ। ਉਹ ਭੱਜੀ ਜਾ ਰਹੀ ਹੈ।

***

ਸਲਮਾ ਇੱਕ ਦਰਮਿਆਨੇ ਜਿਹੇ ਘਰ ਦੀ ਲੜਕੀ ਹੈ। ਉਹ ਤੇ ਉਹ ਦਾ ਵੱਡਾ ਭਰਾ ਕਾਲਜ ਵਿਚ ਪੜ੍ਹਦੇ ਸਨ। ਮੁਜੀਬ ਨੂੰ ਕੈਦ ਕਰ ਲਿਆ ਗਿਆ ਸੀ। ਤੇ ਪੂਰਬੀ ਬੰਗਾਲ ਵਿਚ ਪਾਕਿਸਤਾਨ ਫੌਜਾਂ ਆ ਗਈਆਂ ਸਨ। ਕਾਲਜਾਂ ਦੇ ਮੁੰਡੇ ਤੇ ਕੁੜੀਆਂ ਆਪਣੀ ਪੜ੍ਹਾਈ ਨੂੰ ਵਿਚੇ ਛੱਡ ਕੇ ਮੁਕਤੀ ਵਾਹਿਣੀ ਵਿਚ ਸ਼ਾਮਲ ਹੋ ਗਏ ਸਨ। ਸਲਮਾ ਤੇ ਉਸ ਦਾ ਵੱਡਾ ਭਰਾ ਵੀ। ਸਲਮਾ ਦਾ ਅੱਬਾ ਤੇ ਮਾਂ ਕਤਲ ਕਰ ਦਿੱਤੇ ਗਏ ਸਨ। ਭਰਾ ਲੜਦਾ ਹੋਇਆ ਮਾਰਿਆ ਗਿਆ ਸੀ। ਸਲਮਾ ਪਾਕਿਸਤਾਨੀ ਸਿਪਾਹੀਆਂ ਦੇ ਕਬਜ਼ੇ ਵਿਚ ਆ ਗਈ ਸੀ। ਸਲਮਾ ਵਰਗੀਆਂ ਹੋਰ ਕਿੰਨੀਆਂ ਹੀ ਲੜਕੀਆਂ।

ਸਲਮਾ ਦਾ ਅੱਬਾ ਇੱਕ ਸਕੂਲ ਟੀਚਰ ਸੀ। ਉਹ ਚਾਹੁੰਦਾ ਸੀ ਕਿ ਉਹ ਆਪਣੇ ਲੜਕੇ ਨੂੰ ਕਾਫ਼ੀ ਸਾਰਾ ਪੜ੍ਹਾ ਕੇ ਕਿਸੇ ਚੰਗੀ ਨੌਂਕਰੀ ’ਤੇ ਪਹੁੰਚਾਵੇਗਾ। ਸਲਮਾ ਨੂੰ ਬੀ.

ਏ. ਕਰਵਾ ਕੇ ਕਿਸੇ ਅਫ਼ਸਰ ਨਾਲ ਵਿਆਹੇਗਾ। ਪਰ ਸਲਮਾ ਕਹਿੰਦੀ ਹੁੰਦੀ, "ਨਹੀਂ ਅੱਬਾ, ਮੈਂ ਬੀ. ਏ. ਤੋਂ ਬਾਅਦ ਹੋਰ ਵੀ ਪੜ੍ਹਾਂਗੀ। ਮੈਜਿਸਟ੍ਰੇਟ ਬਣਾਂਗੀ, ਮੈਜਿਸਟ੍ਰੇਟ।"

ਤੰਬੂਆਂ ਵਿਚ, ਮੋਰਚਿਆਂ ਵਿਚ, ਝਾੜੀਆਂ ਓਹਲੇ ਸ਼ਹਿਰ ਦੀਆਂ ਕਿੰਨੀਆਂ ਹੀ ਲੜਕੀਆਂ ਉਨ੍ਹਾਂ ਨੇ....।

ਬੰਗਾਲੀ ਸੋਚਦੇ ਸਨ, ਹੈਰਾਨ ਸਨ, 'ਕੀ ਕਾਇਦ-ਏ ਆਜ਼ਮ ਮਿਸਟਰ ਜਿਨਾਹ ਨੇ ਏਸੇ ਪਾਕਿਸਤਾਨ ਦਾ ਸੁਪਨਾ ਕਦੇ ਲਿਆ ਸੀ? ਕੀ ਉਸ ਨੇ ਇਹ ਵੀ ਸੋਚਿਆ ਹੋਵੇਗਾ ਕਿ ਮੁਸਲਮਾਨਾਂ ਦੇ ਹੱਥੋਂ ਹੀ ਮੁਸਲਮਾਨ ਦਾ ਕਤਲ ਹੋਵੇਗਾ?'

ਟੈਗੋਰ ਨੇ ਕਿਹਾ ਸੀ, "ਓ ਮਾਂ, ਮੱਘਰ ਵਿਚ ਤੇਰੇ ਭਰੇ ਖੇਤਾਂ ਵਿਚ ਮੈਂ ਕਿਹੋ ਜਿਹਾ ਮਧੁਰ ਹਾਸਾ ਸੁਣਿਆ ਏ।'

ਤੇ ਫਿਰ-

'ਮਾਂ, ਜੇ ਤੇਰਾ ਮੁਖੜਾ ਉਦਾਸ ਹੋ ਜਾਏ ਤਾਂ ਮੈਂ ਅੱਥਰੂਆਂ ਵਿਚ ਡੁੱਬ ਜਾਂਦਾ ਹਾਂ।'

ਤੇ ਹੁਣ ਏਸੇ ਮੱਘਰ ਦੀ ਰੁੱਤ ਵਿਚ ਸਾਰਾ ਬੰਗਾਲ ਅੱਥਰੂਆਂ ਵਿਚ ਡੁੱਬਿਆ ਹੋਇਆ ਸੀ। ਮੁਕਤੀ ਵਾਹਿਣੀ ਤੇ ਭਾਰਤੀ ਫ਼ੌਜ ਹੀ ਇੱਕ ਆਸ ਸਨ।

ਸਲਮਾ ਪਾਕਿਸਤਾਨੀ ਸਿਪਾਹੀਆਂ ਨੂੰ ਹੱਥ ਵੀ ਨਹੀਂ ਸੀ, ਛੁਹਾਉਣ ਦਿੰਦੀ। ਤੇ ਫਿਰ ਉਨ੍ਹਾਂ ਨੇ ਇੱਕ ਢੰਗ ਸੋਚਿਆ ਸੀ। ਰਾਈਫ਼ਲਾਂ ਦੀਆਂ ਸਲਿੰਗਾਂ ਕੱਢ ਕੇ ਉਨ੍ਹਾਂ ਨੇ ਉਸ ਦੀਆਂ ਲੱਤਾਂ, ਬਾਹਾਂ ਇੱਕ ਦਰੱਖ਼ਤ ਨਾਲ ਨੂੜ ਦਿੱਤੀਆਂ ਸਨ। ਉਸ ਦੀ ਪਿੱਠ ਧਰਤੀ 'ਤੇ ਸੀ ਤੇ ਫਿਰ ਉਸ ਨੂੰ ਕੋਈ ਪਤਾ ਨਹੀਂ, ਉਸ ਨਾਲ ਕੀ ਹੋਇਆ ਸੀ। ਉਹ ਤਾਂ ਚੰਦਰੀ ਘੜੀ ਤੋਂ ਪਹਿਲਾਂ ਹੀ ਬੇਸੁਰਤ ਹੋ ਚੁੱਕੀ ਸੀ। ਜਦ ਉਸ ਨੂੰ ਸੁਰਤ ਆਈ ਸੀ, ਉਸ ਨੇ ਦੇਖਿਆ ਸੀ-ਇੱਕ ਸਿਪਾਹੀ ਉਸ ਦੇ ਮੂੰਹ ਵਿਚ ਪਾਣੀ ਪਾ ਰਿਹਾ ਹੈ ਤੇ ਉਸ ਦੇ ਮੱਥੇ ਨੂੰ ਧੋ ਵੀ ਰਿਹਾ ਹੈ। ਸਿਪਾਹੀ ਦੇ ਬੁੱਲ੍ਹਾਂ 'ਤੇ ਤਾਂ ਸ਼ੈਤਾਨੀ ਹਾਸਾ ਹੈ। ਉਸ ਦਾ ਬਲਾਊਜ਼ ਕਿੱਥੇ ਹੈ?

ਇੱਕ ਗੰਡਾਸੇ ਵਾਲਾ ਜੰਗ ਨਾਈ।

ਇੱਕ, ਗੰਡਾਸੇ ਵਾਲਾ ਗੋਂਦੀ ਬਾਹਮਣ।

ਚੌਥਾ ਮੁੰਡਾ ਕਾਲਜੀਏਟ ਹੈ, ਇੰਦਰਜੀਤ।

ਜੈਮਲ ਬੰਗਲਾ ਦੇਸ਼ ਦੀ ਗੱਲ ਛੇੜਦਾ ਹੈ। ਲੜਾਈ ਦਾ ਗੋਂਦੀ ਨੂੰ ਬਹੁਤ ਘੱਟ ਪਤਾ ਹੈ। ਇੰਦਰਜੀਤ ਸਾਰੀ ਗੱਲ ਸਮਝਾਉਂਦਾ ਹੈ। ਅਵਾਮੀ ਲੀਗ। ਸ਼ੇਖ ਮੁਜੀਬ, ਯਾਹੀਆ ਖਾਂ। ਮੁਕਤੀ ਵਾਹਣੀ। ਗੋਂਦੀ ਨੂੰ 'ਯਾਹੀਆ' ਸ਼ਬਦ ਕਹਿਣਾ ਨਹੀਂ ਆ ਰਿਹਾ। ਸਾਰੇ ਹੱਸ ਰਹੇ ਹਨ। ਗੋਂਦੀ ਉਬਾਸੀ ਲੈਂਦਾ ਹੈ। ਜੰਗ ਕੂਹਣੀ ਮਾਰਦਾ ਹੈ- 'ਬਾਹਮਣਾ, ਹੁੱਕੇ ਦੀ ਤਲਬ ਲੱਗੀ ਹੋਊ? ਜਾਹ ਘਰ ਜਾ ਕੇ ਝੁਲਸ ਆ।'

'ਤਮਾਖੂ ਦੀ ਤਾਂ ਕੋਈ ਗੱਲ ਨੀਂ। ਊਈਂ ਸਿਰ ਸਾਲਾ ਭਾਰੀ ਭਾਰੀ ਜ੍ਹਾ ਲੱਗਦੈ।' ਗੋਂਦੀ ਕਹਿੰਦਾ ਹੈ।

ਸਾਹਮਣੇ ਉੱਚੇ ਚੁਬਾਰੇ ਦੀ ਕੰਧ 'ਤੇ ਡੱਬ ਖੜੱਬੇ ਚਾਨਣ ਦੀ ਝਲਕ ਵੱਜੀ ਹੈ। ਜੰਗ ਬੋਲਿਆ ਹੈ। ਚੁਬਾਰੇ ਦੀ ਕੰਧ 'ਤੇ ਚਾਨਣ ਸਾਫ਼ ਦਿਸ ਰਿਹਾ ਹੈ। ਰਜ਼ਾਈਆਂ ਨੂੰ ਗੁਦੈਲਿਆਂ 'ਤੇ ਹੀ ਛੱਡ ਕੇ ਉਨ੍ਹਾਂ ਨੇ ਖੇਸਾਂ ਦੀਆਂ ਬੁੱਕਲਾਂ ਮਾਰੀਆਂ ਹਨ ਤੇ ਉਹ ਤਿੰਨੇ

ਜਣੇ ਅਗਵਾੜ ਅੰਦਰ ਨੂੰ ਚੱਲ ਪਏ ਹਨ। ਇੰਦਰਜੀਤ ਨੇ ਗੋਂਦੀ ਦਾ ਗੰਡਾਸਾ ਧਰਾ ਲਿਆ ਤੇ ਉੱਥੇ ਹੀ ਕੱਪੜਿਆਂ ਦੀ ਰਾਖੀ ਬੈਠਾ ਰਿਹਾ ਹੈ।

'ਬੁੜੀਏ ਬੰਦ ਕਰ ਅੱਗ ਨੂੰ। ਸਾਰੇ ਪਿੰਡ ਨੂੰ ਮਰਵਾਏਂਗੀ?' ਜੈਮਲ ਤੇਜੋ ਨੂੰ ਆਕੜਿਆ ਹੈ।

'ਵੇ ਭਾਈ, ਮੈਂ ਤਾਂ ਚਾਹ ਦੀ ਘੁੱਟ ਕੀਤੀ ਐ। ਤੇਰਾ ਤਾਇਆ ਕਦੋਂ ਦਾ ਖਊਂ ਖਊਂ ਕਰੀ ਜਾਂਦੈ। ਲੈ ਆਹ ਲੈ।' ਵਿਹੜੇ ਵਾਲੇ ਚੁੱਲ੍ਹੇ 'ਤੋਂ ਚਾਹ ਵਾਲੀ ਪਤੀਲੀ ਲਾਹ ਕੇ ਬੁੜ੍ਹੀ ਨੇ ਤਵਾ ਉਸ ਦੇ ਮੂਹਰੇ ਲਾ ਦਿੱਤਾ ਹੈ ਤੇ ਬੱਠਲ ਉਸ 'ਤੇ ਮੂਧਾ ਮਾਰ ਦਿੱਤਾ ਹੈ।

'ਤੈਨੂੰ ਪਤਾ ਨੀ ਨਾ ਅੰਮਾ, ਦੁਸ਼ਮਣ ਦਾ ਜਹਾਜ਼ ਪਿੰਡ 'ਤੋ ਲੰਘਿਆ ਜਾਂਦਾ ਹੋਇਆ, ਮਾੜ੍ਹੀ ਜ੍ਹੀ ਰੋਸ਼ਨੀ ਦਿਸੀ। ਉਦੀਂ ਸਿੱਟ ਦੇਣੈ ਗੋਲਾ। ਸਾਰਾ ਪਿੰਡ ਮਿੰਟਾਂ 'ਚ ਮਲੀਆ ਮੇਟ ਹੋਜੂ।' ਜੰਗ ਨੇ ਸਮਝਾਇਆ ਹੈ। ਤੇਜੋ ਹੱਥ ਬੰਨਦੀ ਹੈ–'ਵੇ ਭਾਈ ਅੱਜ ਹੋਗੀ। ਗਹਾਂ ਨੂੰ ਕੰਨ ਦੀ ਪੇਪੜੀ।' ਉਹ ਤਿੰਨੇ ਵਾਪਸ ਬੋਹੜ ਦੇ ਥੱਲੇ ਆ ਗਏ ਹਨ। ਹਵਾਈ ਜਹਾਜ਼ ਦੀ ਆਵਾਜ਼ ਕਿਸੇ ਪਾਸਿਓਂ ਸੁਣਾਈ ਦਿੱਤੀ ਹੈ। ਚਾਰੇ ਜਣੇ ਚੁੱਪ ਹਨ। ਆਵਾਜ਼ ਨੇੜੇ ਆ ਰਹੀ ਹੈ। ਹੋਰ ਨੇੜੇ। ਗੜਗਾਂਦਾ ਜਹਾਜ਼ ਪਿੰਡ 'ਤੋਂ ਦੀ ਲੰਘ ਗਿਆ ਹੈ। ਉਨ੍ਹਾਂ ਦੇ ਸਾਹ ਅਜੇ ਵੀ ਰੁਕੇ ਹੋਏ ਹਨ। 'ਲਗਦਾ ਤਾਂ ਪਾਕਿਸਤਾਨ ਦਾ ਈ ਐ' ਜੈਮਲ ਨੇ ਸਾਹ ਕੱਢਿਆ ਹੈ।

'ਆਪਣਾ ਵੀ ਹੋ ਸਕਦੈ।' ਇੰਦਰਜੀਤ ਨੇ ਕਿਹਾ।

'ਕਿਸੇ ਦਾ ਵੀ ਹੋਵੇ, ਕੇਰਾਂ ਤਾਂ ਕਾਲਜਾ ਹਿਲਾ 'ਤਾ, ਪੁੱਤ ਮੇਰੇ ਨੇ।' ਗੋਂਦੀ ਨੇ ਨਿਧੜਕ ਹੋ ਕੇ ਆਖਿਆ ਹੈ। ਸਾਰੇ ਜਣੇ ਹੱਸ ਪਏ ਹਨ।

ਥੋੜ੍ਹੇ ਚਿਰ ਬਾਅਦ ਹੀ ਉਨ੍ਹਾਂ ਨੇ ਤੋਪ ਦੀ ਆਵਾਜ਼ ਸੁਣੀ ਹੈ। ਮੱਧਮ ਜਿਹੀ। ਜਿਵੇਂ ਦੂਰ ਕਿਤੇ ਭੜਾਕਾ ਜਿਹਾ ਪਿਆ ਹੋਵੇ। ਇੱਕ ਆਵਾਜ਼ ਹੋਰ। ਉੱਤਰ ਵਾਲੇ ਪਾਸੇ ਇੱਕ ਲੰਮੀ ਸਾਰੀ ਅੱਗ ਦਿੱਸੀ ਹੈ। ਜਹਾਜ਼ ਫਿਰ ਉਨ੍ਹਾਂ ਦੇ ਪਿੰਡ ਵੱਲ ਆ ਰਿਹਾ ਹੈ। ਉਸ ਵਿਚੋਂ ਅੱਗ ਦੇ ਸ਼ੋਅਲੇ ਹੇਠਾਂ ਡਿੱਗ ਰਹੇ ਹਨ। ਜਹਾਜ਼ ਪਿੰਡ ਦੇ ਉੱਤੋਂ ਦੀ ਲੰਘ ਗਿਆ ਹੈ। ਤੇ ਫਿਰ ਇੱਕ ਭਾਂਬੜ ਜਿਹਾ ਮੱਚ ਕੇ ਧਰਤੀ 'ਤੇ ਡਿੱਗ ਪਿਆ ਹੈ, ਉਨ੍ਹਾਂ ਦਾ ਅੰਦਾਜ਼ਾ ਹੈ। ਨੇੜੇ ਦੇ 'ਰਾਡਾਰ' ਵੱਲੋਂ ਕੀਤੀ ਕਰਵਾਈ ਪਹਿਰੇਦਾਰਾਂ ਦੇ ਦਿਮਾਗ਼ ਵਿਚ ਸਾਫ਼ ਹੈ।

ਅੱਧੀ ਰਾਤ ਤੋਂ ਸ਼ਾਇਦ ਜ਼ਿਆਦਾ ਹੀ ਕੁਝ ਸਮਾਂ ਗੁਜ਼ਰ ਗਿਆ ਸੀ। ਠੰਡ ਬਹੁਤ ਵਧੀ ਹੋਈ ਹੈ। ਧੂਣੀ ਤਾਂ ਬਾਲਣੀ ਨਹੀਂ। ਉਹ ਰਜ਼ਾਈਆਂ ਨੂੰ ਆਪਣੇ ਪਿੰਡਿਆਂ ਨਾਲ ਬਿੰਦੇ ਬਿੰਦੇ ਸੰਵਾਰ ਕੇ ਘੁੱਟਦੇ ਹਨ। ਗੋਂਦੀ ਨੇ 'ਮਹਾਂ ਭਾਰਤ' ਛੋਹ ਲਿਆ ਹੈ–'ਹੇ ਅਰਜਨ...'

ਚੰਦ ਚੜ੍ਹ ਆਇਆ ਹੈ। ਮੱਧਮ ਮੱਧਮ ਚਾਨਣੀ ਵਿਚ ਹਨੇਰਾ ਦੁਧੀਆ ਹੋ ਗਿਆ ਲੱਗਦਾ ਹੈ। ਤਾਰੇ ਠਰੇ ਠਰੇ। ਦੂਰ ਕਿਤੋਂ ਕੁੱਤੇ ਦੇ ਭੌਂਕਣ ਦੀ ਆਵਾਜ਼ ਆ ਰਹੀ ਹੈ। ਗੋਂਦੀ ਚੁੱਪ ਹੈ। ਇੰਦਰਜੀਤ ਨੇ ਅੱਖ ਲਾ ਲਈ ਹੈ। ਜੰਗ ਖੰਘ ਰਿਹਾ ਹੈ। ਜੈਮਲ ਹੌਲੀ ਹੌਲੀ ਮਿਰਜ਼ਾ ਗਾ ਰਿਹਾ ਹੈ....' 'ਚੜ੍ਹਦੇ ਮਿਰਜ਼ੇ ਖਾਨ ਨੂੰ...'

ਪਹੁ ਫੁਟ ਰਹੀ ਹੈ। ਡੇਰੇ ਵਾਲੀ ਖੂਹੀ 'ਤੇ ਡੋਲ ਖੜਕਿਆ ਹੈ। ਗਧਾ ਹੀਗਿਆ ਹੈ। ਕੁੱਕੜ ਨੇ ਬਾਂਗ ਦਿੱਤੀ ਹੈ। ਕਿਸੇ ਕਿਸੇ ਘਰ ਵਿਚੋਂ ਧੂੰਆਂ ਉੱਠਿਆ ਹੈ। ਚਾਰੇ ਜਣਿਆਂ ਨੇ ਆਪਣੇ ਆਪਣੇ ਗੁਦੈਲੇ ਤਹਿ ਕੀਤੇ ਹਨ ਤੇ ਉਨ੍ਹਾਂ ਨੂੰ ਆਪਣੇ ਸਿਰਾਂ 'ਤੇ ਰੱਖ ਕੇ ਆਪੋ ਆਪਣੇ ਘਰਾਂ ਨੂੰ ਤੁਰ ਪਏ ਹਨ। ♦

# ਇੰਤਜ਼ਾਰ

ਕੰਧਾਂ ਦੇ ਪਰਛਾਵੇਂ ਲੰਬੇ ਹੋ ਕੇ ਮੱਧਮ ਹੋ ਗਏ ਹਨ। ਦਿਨ ਮੁੱਕਣ 'ਤੇ ਆ ਗਿਆ ਹੈ। ਅਸਮਾਨ ਦਾ ਰੰਗ ਬੈਂਗਣੀ ਹੋਣ ਲੱਗਿਆ ਹੈ। ਗਵਾਂਢ ਵਿਚੋਂ ਮਸਾਲਾ ਭੁੱਜਣ ਦੀ ਤਿੱਖੀ ਵਾਸ਼ਨਾ ਆ ਰਹੀ ਹੈ। ਨੱਕ ਵਿਚ ਜਲੂਣ ਛੇੜ ਦੇਣ ਵਾਲੀ ਵਾਸ਼ਨਾ। ਸੁਮਿੱਤਰਾ ਦੀ ਨਿਗਾਹ ਆਪਣੇ ਚੁੱਲ੍ਹੇ ਵੱਲ ਚਲੀ ਗਈ ਹੈ। ਉਹ ਦੁਬਿਧਾ ਵਿਚ ਹੈ, ਰੋਟੀ ਪਕਾਵੇ ਜਾਂ ਨਾ?

ਅੰਦਰਲੇ ਕਮਰੇ ਵਿਚ ਮੰਜੇ 'ਤੇ ਪਈ ਉਹ ਸਾਹਮਣੇ ਦੀ ਦੀਵਾਰ ਵੱਲ ਝਾਕ ਰਹੀ ਹੈ। ਦੀਵਾਰ 'ਤੇ ਕਈ ਤਰ੍ਹਾਂ ਦੇ ਚਿੱਤਰ ਬਣਦੇ ਹਨ ਤੇ ਮਿਟ ਜਾਂਦੇ ਹਨ। ਹੌਲੀ ਹੌਲੀ ਕਮਰੇ ਵਿਚ ਹਨੇਰਾ ਪ੍ਰਵੇਸ਼ ਕਰਦਾ ਹੈ। ਦੀਵਾਰ ਵਾਲੇ ਚਿੱਤਰ ਹੁਣ ਸੁਮਿੱਤਰਾ ਦੇ ਮਨ ਵਿਚ ਉੱਤਰ ਗਏ ਹਨ। ਕਮਰੇ ਦੀ ਬਿਜਲੀ ਬੱਤੀ ਜਗਾਉਣ ਲਈ ਉਸ ਵਿਚ ਹਿੰਮਤ ਨਹੀਂ।

ਉਸ ਨੂੰ ਲੱਗਿਆ ਹੈ, ਜਿਵੇਂ ਬੰਦ ਦਰਵਾਜ਼ੇ 'ਤੇ ਦਸਤਕ ਹੋਈ ਹੋਵੇ। ਉਹ ਉੱਠੀ ਹੈ। ਜਾ ਕੇ ਦਰਵਾਜ਼ੇ ਦਾ ਅੰਦਰਲਾ ਕੁੰਡਾ ਖੋਲ੍ਹਿਆ ਹੈ। ਦੇਖਿਆ ਹੈ, ਬਾਹਰ ਕੋਈ ਨਹੀਂ। ਘਰ ਦੇ ਅੱਗੇ ਸੜਕ 'ਤੇ ਕਾਰਾਂ, ਸਕੂਟਰਾਂ ਤੇ ਸਾਈਕਲਾਂ ਦੀ ਆਵਾਜਾਈ ਘਟੀ ਹੋਈ ਹੈ। ਜੋ ਕੋਈ ਵੀ ਮਕਾਨ ਉਸ ਨੂੰ ਦਿਸਦਾ ਹੈ, ਉਸ ਦੇ ਅੰਦਰੋਂ ਬਿਜਲੀ ਦੀ ਰੋਸ਼ਨੀ ਦਿਖਾਈ ਦੇ ਰਹੀ ਹੈ। ਰਾਤ ਪੈ ਰਹੀ ਹੈ, ਪਰ ਲੋਕਾਂ ਨੇ ਆਪਣੇ ਮਕਾਨਾਂ ਅੰਦਰ ਦਿਨ ਚੜ੍ਹਾ ਲਿਆ ਹੈ। ਸੁਮਿੱਤਰਾਂ ਨੇ ਆਪਣੇ ਮਕਾਨ ਦੀ ਕੋਈ ਬੱਤੀ ਨਹੀਂ ਜਗਾਈ। ਉਹ ਵਾਪਸ ਵਿਹੜੇ ਵਿਚ ਆ ਗਈ ਹੈ। ਉਸ ਨੇ ਮਹਿਸੂਸ ਕੀਤਾ ਹੈ, ਹੁਣ ਤਾਂ ਉਹ ਆ ਹੀ ਜਾਵੇਗਾ। ਆ ਹੀ ਜਾਣਾ ਚਾਹੀਦਾ ਹੈ। ਘਰ ਵਿਚ ਸੌ ਵਾਰੀ ਤੀਵੀਂ ਆਦਮੀ ਲੜਦੇ ਨੇ, ਇਹ ਤਾਂ ਨਹੀਂ ਕਿ ਆਦਮੀ ਝਗੜ ਪਵੇ ਤੇ ਉਹ ਮੁੜ ਕੇ ਘਰ ਵੜੇ ਹੀ ਨਾ? ਹੋਰ ਜਾਵੇਗਾ ਵੀ ਕਿੱਥੇ? ਏਥੇ ਹੀ ਆਉਣਾ ਹੈ। ਪਰ ਜੇ ਨਾ ਆਇਆ? ਕੀ ਪਤਾ ਲੱਗਦਾ ਹੈ, ਬੰਦੇ ਦੇ ਤੱਤ ਦਾ? ਮਨ ਵਿਚ ਬਹੁਤੀ ਮਰੋੜੀ ਨਾ ਖਾ ਗਿਆ ਹੋਵੇ? ਮੈਂ ਵੀ ਤਾਂ ਕਿੰਨੀ ਸ਼ੱਕੀ ਹਾਂ। ਨਿੱਕੀ ਨਿੱਕੀ ਗੱਲ 'ਤੇ ਝਗੜਨ ਬੈਠ ਜਾਂਦੀ ਹਾਂ। ਵਰਾਂਡੇ ਵਿਚ ਪੀਹੜੀ 'ਤੇ ਉਦਾਸ ਬੈਠੀ ਉਹ ਆਪਣੇ ਆਪ 'ਤੇ ਖ਼ਾਮੋਸ਼ ਲਾਹਨਤਾਂ ਪਾ ਰਹੀ ਹੈ।

***

ਅੱਜ ਸਵੇਰੇ ਜਦ ਉਹ ਕੰਮ 'ਤੇ ਜਾਣ ਲੱਗਿਆ ਸੀ ਤਾਂ ਉਸ ਨੇ ਸ਼ਕਾਇਤ ਕੀਤੀ ਸੀ ਕਿ ਉਹ ਹਰ ਰੋਜ਼ ਹੀ ਆਲੂਆਂ ਦੀ ਸਬਜ਼ੀ ਕਿਉਂ ਬਣਾ ਲੈਂਦੀ ਹੈ? ਨਿਰ੍ਹੇ ਆਲੂਆਂ

ਦੀ ਹੀ। ਹੋਰ ਨਹੀਂ ਤਾਂ ਆਲੂਆਂ ਵਿਚ ਕੁਝ ਰਲਾ ਹੀ ਲਿਆ ਕਰੇ। ਪਕੌੜੇ ਹੀ ਸਹੀ ਸੁਆਦ ਤਾਂ ਬਦਲ ਜਾਵੇ। ਨਿੱਤ ਆਲੂ ਨਿੱਤ ਆਲੂ।

'ਲਿਆ ਕੇ ਵੀ ਦਿੰਨੇ ਓਂ ਕੋਈ ਹੋਰ ਸ਼ਬਜੀ?'

'ਅੱਗੇ ਕੀ ਮੈਂ ਹੀ ਲਿਆਉਂਦਾ ਹਾਂ?'

'ਨਹੀਂ ਲਿਆਉਂਦੇ ਤਾਂ ਲੈ ਆਇਆ ਕਰੋ।'

'ਸਬਜ਼ੀ ਲਿਆਉਣ ਦਾ ਮੇਰਾ ਕੰਮ ਥੋੜ੍ਹਾ ਐ?'

'ਹਾਹੋ, ਤੁਹਾਨੂੰ ਹੋਰ ਕੰਮਾਂ ਤੋਂ ਵਿਹਲ ਵੀ ਮਿਲੇ।'

'ਹੋਰ ਕਿਹੜੇ ਕੰਮ?'

ਨਿੱਤ ਆਲੂ ਖਾ ਕੇ ਬੰਦਾ ਅੱਕ ਜਾਵੇ ਤਾਂ ਹੋਰ ਸਬਜ਼ੀ ਖਾਣ ਨੂੰ ਜੀਅ ਕਰਦਾ ਈ ਐ।'

'ਮਤਲਬ?'

'ਮਤਲਬ ਸਾਫ਼ ਐ।'

'ਬੱਸ ਠੀਕ ਐ। ਦੱਸਿਆ ਈ ਐ, ਕੀ।'

ਉਹ ਉਸ ਵੱਲ ਹੈਰਾਨਗੀ ਨਾਲ ਦੇਖਣ ਲੱਗਿਆ ਸੀ।

'ਦੱਸੋ ਚਾਹ ਦਾ ਕੱਪ ਬਣਾਵਾਂ ਇੱਕ, ਜੇ ਪੀਣੀ ਐ?'

'ਕੋਈ ਲੋੜ ਨਹੀਂ ਚਾਹ ਦੀ। ਪਹਿਲਾਂ ਮਤਲਬ ਦੱਸ ਤੇਰਾ ਕੀ ਐ?'

ਉਹ ਚੁੱਪ ਸੀ ਤੇ ਛੋਟੇ ਤੁਸਕ ਵਿਚ ਪਾਣੀ ਦਾ ਗਲਾਸ ਪਾ ਕੇ ਅੰਗੀਠੀ 'ਤੇ ਧਰਨ ਲੱਗੀ ਸੀ ਕਿ ਉਹ ਜਾਣ ਲਈ ਉੱਠ ਖੜ੍ਹਾ ਹੋਇਆ। ਉਸ ਦੀਆਂ ਅੱਖਾਂ ਵਿਚ ਗਹਿਰਾਈ ਉਤਰ ਆਈ ਸੀ। ਉਸ ਦਾ ਗੁੱਸਾ ਚੁੱਪ ਵਿਚ ਹੀ ਬਦਲ ਗਿਆ ਸੀ ਜਾਂ ਸ਼ਾਇਦ ਗੰਭੀਰ ਸ਼ਬਦਾਂ ਦਾ ਸੰਗ੍ਰਹਿ ਉਸ ਦੇ ਦਿਮਾਗ਼ ਵਿਚ ਬਣ ਰਿਹਾ ਹੋਵੇ। ਉਹ ਦਰਵਾਜ਼ੇ ਵੱਲ ਵਧ ਰਿਹਾ ਕੜਕਿਆ ਸੀ–'ਐਨੇ ਸਾਲਾਂ ਵਿਚ ਵੀ ਤੂੰ ਮੈਨੂੰ ਨਹੀਂ ਸਮਝੀ? ਸੰਭਾਲ ਆਪਣਾ ਘਰ। ਤੇਰੇ ਵਰਗੀ ਔਰਤ ਨਾਲੋਂ ਤਾਂ ਬੰਦਾ ਨਿੱਧਰਾ ਚੰਗਾ।'

'ਚੰਗਾ, ਬਾਬਾ, ਚਾਹ ਰੱਖੀ ਹੋਈ ਐ।' ਸੁਮਿੱਤਰਾ ਨੇ ਉੱਠ ਕੇ ਉਸ ਦਾ ਮੋਢਾ ਫੜਨਾ ਚਾਹਿਆ ਸੀ। ਪਰ ਉਸ ਨੇ ਉਸ ਨੂੰ ਧੱਕਾ ਦੇ ਕੇ ਪਰ੍ਹਾਂ ਕਰ ਦਿੱਤਾ ਸੀ ਤੇ ਕਿਹਾ ਸੀ, "ਗੱਲ ਕਹਿ ਤਾਂ ਦਿੰਨੀ ਐਂ, ਸਾਬਤ ਵੀ ਕਰਿਆ ਕਰ।'

'ਹਾਹੋ, ਤੁਸੀਂ ਤਾਂ ਐਵੇਂ ਹੀ ਗੁੱਸੇ ਹੋ ਜਾਨੇ ਓਂ।'

'ਚੰਗਾ ਮੈਂ ਨਹੀਂ ਆਉਣਾ ਸ਼ਾਮ ਨੂੰ।' ਉਸ ਨੇ ਕਿਹਾ ਸੀ ਤੇ ਘਰ ਤੋਂ ਬਾਹਰ ਹੋ ਗਿਆ ਸੀ।

'ਆਓਂਗੇ ਤਾਂ ਰੋਟੀ ਪੱਕੂਗੀ। ਨਹੀਂ ਤਾਂ...।'

ਉਹ ਉਸ ਦੀ ਆਵਾਜ਼ ਤੋਂ ਦੂਰ ਜਾ ਚੁੱਕਿਆ ਸੀ।

***

ਉਹ ਸੋਚ ਰਹੀ ਹੈ, ਹੁਣ ਤੀਕ ਤਾਂ ਉਸ ਨੇ ਜ਼ਰੂਰ ਹੀ ਆ ਜਾਣਾ ਸੀ। ਇਹ ਵੇਲਾ ਤਾਂ ਉਸ ਨੇ ਕਦੇ ਵੀ ਨਹੀਂ ਸੀ ਕੀਤਾ? ਦਰਵਾਜ਼ਾ ਫਿਰ ਖੜਕਿਆ ਹੈ। ਉਹ ਬੂਹੇ ਵੱਲ ਗਈ ਹੈ। ਬਾਹਰੋਂ ਕੋਈ ਆਵਾਜ਼ ਆਈ ਹੈ। ਇਹ ਆਵਾਜ਼ ਉਸ ਦੀ ਤਾਂ ਨਹੀਂ। ਉਸ ਨੇ

ਕੁੰਡਾ ਖੋਲ੍ਹਿਆ ਹੈ, ਦੁੱਧ ਵਾਲਾ ਮੁੰਡਾ ਹੈ। ਉਹ ਅੰਦਰ ਲੰਘ ਆਇਆ ਹੈ। ਦੁੱਧ ਪਵਾਉਣ ਵਾਸਤੇ ਬਰਤਨ ਲੈਣ ਉਹ ਰਸੋਈ ਵਿਚ ਗਈ ਹੈ। ਰਸੋਈ ਵਾਲੀ ਬੱਤੀ ਵੀ ਜਗਾ ਲਈ ਹੈ। 'ਬਾਊ ਜੀ?' ਦੁੱਧ ਵਾਲੇ ਮੁੰਡੇ ਨੇ ਪੁੱਛਿਆ ਹੈ।

'ਬਜ਼ਾਰ ਗਏ ਹੋਏ ਨੇ।' ਸੁਮਿੱਤਰਾ ਨੇ ਜਵਾਬ ਦਿੱਤਾ ਹੈ।

'ਰੋਟੀ ਅੱਜ ਹੋਟਲ 'ਤੇ ਖਾ ਕੇ ਆਉਂਗੇ? ਕਹਿਕੇ ਦੁੱਧ ਵਾਲਾ ਮੁੰਡਾ ਹੱਸਿਆ ਹੈ। ਸੁਮਿੱਤਰਾ ਵੀ ਮੁਸਕਰਾਈ। ਬਨਾਵਟੀ ਜਿਹਾ। ਦੁੱਧ ਪਾ ਕੇ ਮੁੰਡਾ ਚਲਿਆ ਗਿਆ ਹੈ। ਸੁਮਿੱਤਰਾ ਨੇ ਵਿਹੜੇ ਦੀ ਬੱਤੀ ਵੀ ਆਨ ਕਰ ਦਿੱਤੀ ਹੈ। ਉਸ ਨੇ ਫ਼ੈਸਲਾ ਕਰ ਲਿਆ ਹੈ ਕਿ ਉਹ ਰੋਟੀ ਪਕਾ ਹੀ ਲਵੇ। ਉਹ ਨਾ ਆਇਆ ਤਾਂ ਪਈ ਰਹੇਗੀ ਪੱਕੀ ਪਕਾਈ, ਇਕੱਲੀ, ਪਰ ਉਹ ਨਹੀਂ ਖਾਵੇਗੀ। ਉਹ ਸੋਚ ਰਹੀ ਹੈ। ਉਸ ਦੀ ਮਨ ਪਸੰਦ ਸਬਜ਼ੀ ਕਿਹੜੀ ਹੈ? ਆਲੂ? ਉਹ ਆਪਣੇ ਆਪ ਮੁਸਕਰਾਈ ਹੈ। ਨਹੀਂ, ਬੰਦ ਗੋਭੀ ਉਸ ਨੂੰ ਬਹੁਤ ਪਸੰਦ ਹੈ। ਪਸੰਦ ਤਾਂ ਉਸ ਨੂੰ ਆਲੂ ਮਟਰ ਵੀ ਹਨ, ਪਰ ਮਟਰਾਂ ਵਿਚ ਆਲੂ ਦੇਖ ਕੇ ਫਿਰ ਚਿੜੇਗਾ। ਬੰਦ ਗੋਭੀ ਹੀ ਠੀਕ ਹੈ। ਬਣ ਵੀ ਛੇਤੀ ਛੇਤੀ ਹੀ ਜਾਵੇਗੀ। ਨਿੱਕਾ ਜਿਹਾ ਥੈਲਾ ਲੈ ਕੇ ਉਹ ਘਰ ਤੋਂ ਬਾਹਰ ਹੋ ਗਈ ਹੈ।

***

ਦਰਵਾਜ਼ੇ ਦਾ ਬਾਹਰਲਾ ਕੁੰਡਾ ਲੱਗਿਆ ਦੇਖ ਕੇ ਉਹ ਹੈਰਾਨ ਹੋਇਆ ਹੈ। ਇਸ ਵੇਲੇ ਕਿੱਥੇ ਗਈ ਹੈ ਉਹ? ਖ਼ੈਰ, ਉਸ ਨੇ ਕੁੰਡਾ ਲਾਹਿਆ ਤੇ ਦਰਵਾਜ਼ਾ ਖੋਲ੍ਹ ਕੇ ਅੰਦਰ ਵਿਹੜੇ ਵਿਚ ਚਲਿਆ ਗਿਆ ਹੈ। ਸੁਮਿੱਤਰਾ ਦਾ ਨਾਂ ਲੈ ਕੇ ਉਸ ਨੇ ਹਾਕ ਮਾਰੀ ਹੈ। ਇਹ ਵੀ ਪਤਾ ਹੈ, ਬਾਹਰਲਾ ਕੁੰਡਾ ਤਾਂ ਲੱਗਿਆ ਹੋਇਆ ਹੈ। ਬੇਫ਼ਾਇਦਾ ਜਿਹਾ ਉਹ ਰਸੋਈ ਵਿਚ ਝਾਕਿਆ ਹੈ ਤੇ ਫਿਰ ਕਮਰੇ ਵਿਚ ਆ ਕੇ ਕੁਰਸੀ 'ਤੇ ਬੈਠ ਗਿਆ ਹੈ। ਬੂਟਾਂ ਦੇ ਤਸਮੇਂ ਖੋਲ੍ਹਣ ਲੱਗਿਆ ਹੈ।

ਕਿੰਨੀਆਂ ਹੀ ਸਟੇਟਮੈਂਟਾਂ ਮੁਕੰਮਲ ਕਰਕੇ ਉਸ ਦੇ ਅਫ਼ਸਰ ਨੇ ਕੱਲ ਨੂੰ ਚੰਡੀਗੜ੍ਹ ਹੈੱਡ ਆਫ਼ਿਸ ਵਿਚ ਜਾਣਾ ਹੈ। ਏਸੇ ਲਈ ਊਸ ਨੇ ਉਸ ਨੂੰ ਤੇ ਕਈ ਹੋਰ ਕਲਰਕਾਂ ਨੂੰ ਦਫ਼ਤਰ ਵਿਚ ਓਵਰ ਟਾਈਮ ਬਿਠਾ ਲਿਆ ਸੀ। ਪਰ ਐਨਾ ਲੇਟ ਆਉਣ ਕਰਕੇ ਉਹ ਮਨ ਵਿਚ ਮਿੰਨ੍ਹਾ ਮਿੰਨ੍ਹਾ ਖੁਸ਼ ਵੀ ਹੈ। ਤੜਕੇ ਵਾਲਾ ਗੁੱਸਾ ਵੀ ਪੂਰਾ ਹੋ ਗਿਆ, ਪਰ ਉਹ ਗਈ ਕਿੱਧਰ?

ਚੜ੍ਹੇ ਸਾਹ ਨਾਲ ਓਹੀ ਦੁੱਧ ਵਾਲਾ ਮੁੰਡਾ ਆਇਆ। ਦੱਸਿਆ ਹੈ–'ਇੱਕ ਮੋਟਰ ਸਾਈਕਲ ਨਾਲ ਬੀਬੀ ਜੀ ਦੀ ਟੱਕਰ ਹੋ ਗਈ। ਕਿਸ਼ੋਰੀ ਸਬਜ਼ੀ ਵਾਲੇ ਦੀ ਦੁਕਾਨ ਕੋਲ। ਮੂੰਹ ਵਿਚੋਂ ਲਹੂ ਵਗ ਰਿਹੈ। ਛੇਤੀ ਆਓ।'

ਖੁੱਲ੍ਹੇ ਤਸਮਿਆਂ ਵਾਲੇ ਬੂਟਾਂ ਸਮੇਤ ਹੀ ਉਹ ਕਿਸ਼ੋਰੀ ਸਬਜ਼ੀ ਵਾਲੇ ਦੀ ਦੁਕਾਨ ਵੱਲ ਦੌੜ ਰਿਹਾ ਹੈ। ♦

# ਮਨੁੱਖ ਦੀ ਬੇਅਦਬੀ

ਮੈਂ ਤੁਹਾਨੂੰ ਇੱਕ ਲਤੀਫ਼ਾ ਸੁਣਾਉਂਦਾ ਹਾਂ। ਪਰ ਨਹੀਂ, ਮੈਂ ਤੁਹਾਨੂੰ ਆਪਣੀ ਬੇਅਦਬੀ ਦੀ ਗੱਲ ਸੁਣਾਉਂਦਾ ਹਾਂ। ਚਲੋ, ਖ਼ੈਰ, ਤੁਸੀਂ ਗੱਲ ਸੁਣੋ। ਤੁਸੀਂ ਇਸ ਨੂੰ ਲਤੀਫ਼ਾ ਸਮਝ ਲੈਣਾ, ਮੈਂ ਆਪਣੀ ਬੇਅਦਬੀ ਸਮਝਾਂਗਾ। ਪਰ ਇਹ ਗੱਲ ਬਾਅਦ ਵਿਚ ਸੁਣਾਵਾਂਗਾ। ਪਹਿਲਾਂ ਇੱਕ ਨਿੱਕੀ ਜਿਹੀ ਹੋਰ ਗੱਲ ਸੁਣ ਲਓ।

ਸੰਤਾਲੀ ਅਜੇ ਵਾਪਰਿਆ ਨਹੀਂ ਸੀ। ਉਨ੍ਹਾਂ ਦਿਨਾਂ ਵਿਚ ਮੈਂ ਪੰਜਵੀਂ ਜਾਂ ਸ਼ਾਇਦ ਛੇਵੀਂ ਜਮਾਤ ਵਿਚ ਪੜ੍ਹਦਾ ਹੋਵਾਂਗਾ। ਮੇਰੇ ਨਾਲ ਮਰਾਸੀਆਂ ਦਾ ਇੱਕ ਮੁੰਡਾ ਪੜ੍ਹਦਾ ਹੁੰਦਾ ਸੀ। ਉਹਦਾ ਨਾਂ ਖਾਲਿਕ ਸੀ। ਇਕਹਿਰੇ ਅੰਗਾਂ ਦਾ ਮੁੰਡਾ। ਉਹ ਦਾ ਲਬੂੰਤਰਾ ਮੂੰਹ ਮੈਨੂੰ ਅਜੇ ਤੱਕ ਯਾਦ ਹੈ। ਮੋਟੀਆਂ ਮੋਟੀਆਂ ਅੱਖਾਂ, ਜਿਵੇਂ ਗੱਲਾਂ ਕਰਦੀਆਂ। ਸਿਰ ਦੀਆਂ ਬੋਦੀਆਂ ਪਿਛਾਂਹ ਨੂੰ ਵਾਹ ਕੇ ਰੱਖਦਾ। ਸਿਰ ਤਾਂ ਮੇਰਾ ਵੀ ਉਨ੍ਹਾਂ ਦਿਨਾਂ ਵਿਚ ਮੁੰਨਿਆ ਹੁੰਦਾ, ਪਰ ਮੈਂ ਪੱਗ ਬੰਨ੍ਹਦਾ ਸਾਂ। ਖਾਲਿਕ ਗਾਉਂਦਾ ਬਹੁਤ ਵਧੀਆ ਸੀ। ਮੇਰੇ ਨਾਲ ਉਹ ਦੀ ਦੋਸਤੀ ਸੀ। ਮੈਂ ਵੀ ਉਹ ਦੇ ਵਾਂਗ ਗਾਉਣ ਦੀ ਕੋਸ਼ਿਸ਼ ਕਰਦਾ। ਸਕੂਲੋਂ ਛੁੱਟੀ ਹੋਣ ਦੇ ਬਾਅਦ ਅਸੀਂ ਇਕੱਠੇ ਖੇਡਦੇ। ਪਹਿਲਾਂ ਸਕੂਲ ਦਾ ਕੰਮ ਕਰਦੇ, ਫੇਰ ਖੇਡਦੇ। ਖਾਲਿਕ ਮੇਰੇ ਬਗ਼ੈਰ ਰਹਿ ਨਹੀਂ ਸਕਦਾ ਸੀ। ਮੈਂ ਉਹ ਦੇ ਬਗ਼ੈਰ ਇਕੱਲਾ ਇਕ ਪਲ ਵੀ ਨਾ ਗੁਜ਼ਾਰਦਾ। ਅਸੀਂ ਦੋਵੇਂ ਪੜ੍ਹਨ ਵਿਚ ਬਹੁਤ ਹੁਸ਼ਿਆਰ ਸੀ। ਫੇਰ ਪਤਾ ਨਹੀਂ ਕਿਵੇਂ ਹੋਇਆ, ਸਾਡੇ ਸਕੂਲ ਦੇ ਇਕ ਮਾਸਟਰ ਨੇ ਮੁੰਡਿਆਂ ਦੀ ਇੱਕ ਲਿਸਟ ਬਣਾਈ। ਲਿਸਟ ਵਿਚ ਮੇਰਾ ਨਾਉਂ ਤਾਂ ਸੀ, ਖਾਲਿਕ ਦਾ ਨਾਉਂ ਨਹੀਂ ਸੀ।

ਪਿੰਡ ਵਿਚ ਇਕ ਢਹੀ ਹੋਈ ਹਵੇਲੀ ਦਾ ਵਿਹੜਾ ਪੱਧਰ ਕੀਤਾ ਗਿਆ। ਕਦੇ ਉਹ ਬਹੁਤ ਵੱਡੀ ਹਵੇਲੀ ਹੋਵੇਗੀ। ਨਿੱਕੀਆਂ ਇਟਾਂ ਦੀ ਹਵੇਲੀ ਸੀ। ਅਸੀਂ ਓਥੇ ਸ਼ਾਮ ਨੂੰ ਇਕੱਠੇ ਹੁੰਦੇ। ਸਾਡੀ ਵਰਦੀ ਵੀ ਸੀ–ਸਫ਼ੈਦ ਬੁਨੈਣ ਤੇ ਖਾਕੀ ਨਿੱਕਰ। ਸਾਡਾ ਓਹੀ ਮਾਸਟਰ ਸਾਨੂੰ ਨਚਾਉਂਦਾ ਟਪਾਉਂਦਾ। ਅਸੀਂ ਨਵੀਆਂ ਨਵੀਆਂ ਖੇਡਾਂ ਖੇਡਦੇ। ਸਾਡੇ ਮਾਸਟਰ ਤੋਂ ਵੱਡਾ ਉੱਥੇ ਇਕ ਹੋਰ ਆਦਮੀ ਵੀ ਆਉਂਦਾ ਹੁੰਦਾ। ਪਤਾ ਨਹੀਂ, ਉਹ ਕੌਣ ਸੀ। ਉਹ ਦੇ ਵੀ ਸਫ਼ੈਦ ਬੁਨੈਣ ਤੇ ਖਾਕੀ ਨਿੱਕਰ ਹੁੰਦੀ। ਮੁੰਡੇ ਹੱਸਦੇ, ਉਹ ਦੇ ਸਿਰ ਦੇ ਵਾਲਾਂ ਵਿਚ ਲੰਬਾ ਬੋਦਾ ਸੀ–ਗੰਢ ਦੇ ਕੇ ਪਿਛਾਂਹ ਨੂੰ ਸੁੱਟਿਆ ਹੋਇਆ। ਗੱਲਾਂ ਕਰਨ ਵੇਲੇ ਉਹ ਦਾ ਸਿਰ ਹਿਲਦਾ ਤਾਂ ਉਹ ਦੇ ਬੋਦੇ ਦੀ ਗੰਢ ਏਧਰ ਓਧਰ ਡਿੱਗਦੀ। ਮੁੰਡਿਆਂ ਦੀ ਹਾਸੀ ਨਿਕਲ ਜਾਂਦੀ। ਸਾਡਾ ਮਾਸਟਰ ਸਾਨੂੰ ਅੱਖਾਂ ਵਿਚ ਹੀ ਘੂਰਦਾ। ਸਾਡੇ ਮਾਸਟਰ ਤੋਂ ਉਹ ਵੱਡਾ ਕਿਉਂ ਸੀ? ਸਾਨੂੰ ਤਾਂ ਬੱਸ ਐਨਾ ਪਤਾ ਸੀ ਕਿ ਖੇਡਣ ਪਿੱਛੋਂ ਲਾਈਨਾਂ ਵਿਚ ਖੜ੍ਹਾ ਕਰਕੇ ਸਾਡਾ ਮਾਸਟਰ ਸਾਡੀ ਗਿਣਤੀ ਕਰਦਾ ਤੇ ਫੇਰ ਉਸ ਬੰਦੇ ਸਾਹਮਣੇ ਜਾ ਕੇ ਸਾਵਧਾਨ ਖੜ੍ਹਾ ਹੋ ਜਾਂਦਾ, ਮੁੰਡਿਆਂ ਦੀ ਗਿਣਤੀ ਦੱਸਦਾ।

ਅਸੀਂ ਜਦੋਂ ਖੇਡ ਰਹੇ ਹੁੰਦੇ, ਖਾਲਿਕ ਦੂਰ ਖੜ੍ਹਾ ਮੈਨੂੰ ਦੇਖਦਾ ਰਹਿੰਦਾ। ਉਹ ਮੇਰੇ ਨਾਲ ਉੱਥੇ ਤੱਕ ਆਉਂਦਾ ਜ਼ਰੂਰ। ਜਿੰਨਾ ਚਿਰ ਮੈਂ ਖੇਡਦਾ, ਖਾਲਿਕ ਦੂਰ ਖੜ੍ਹ ਕੇ ਮੈਨੂੰ ਦੇਖਦਾ ਤੇ ਫੇਰ ਉੱਥੋਂ ਛੁੱਟੀ ਹੋਣ ਬਾਅਦ ਉਹ ਮੇਰੇ ਨਾਲ ਹੋ ਲੈਂਦਾ। ਮੈਨੂੰ ਤਾਂ ਬੱਸ ਐਨਾ ਹੀ ਪਤਾ ਸੀ ਤੇ ਇਹ ਖਾਲਿਕ ਵੀ ਜਾਣਦਾ ਸੀ ਕਿ ਉਹ ਸਾਡੇ ਨਾਲ ਉੱਥੇ ਇਹ ਵਧੀਆ ਵਧੀਆ ਖੇਡਾਂ ਕਿਉਂ ਨਹੀਂ ਖੇਡ ਸਕਦਾ। ਉਹ ਇਸ ਕਰਕੇ ਕਿ ਮਾਸਟਰ ਨੇ ਜੋ ਲਿਸਟ ਬਣਾਈ ਸੀ, ਉਸ ਵਿਚ ਖਾਲਿਕ ਦਾ ਨਾਉਂ ਨਹੀਂ ਸੀ। ਇੱਕ ਦਿਨ ਮਾਸਟਰ ਨੂੰ ਮੈਂ ਆਖਿਆ ਵੀ ਸੀ, "ਖਾਲਿਕ ਨੂੰ ਵੀ ਖਢਿਆ ਲਿਆ ਕਰੋ ਜੀ।"

ਮਾਸਟਰ ਪਹਿਲਾਂ ਤਾਂ ਮੇਰੇ ਵੱਲ ਕੌੜਾ ਕੌੜਾ ਝਾਕਿਆ, ਫੇਰ ਸਮਝੌਤੀ ਜਿਹੀ ਨਾਲ ਜਵਾਬ ਦਿੱਤਾ, "ਨਹੀਂ ਬੇਟੇ, ਉਹ ਨਹੀਂ ਤੁਹਾਡੇ 'ਚ ਆ ਸਕਦਾ। ਉੱਥੇ ਬੱਸ ਉਹੀ ਲੜਕੇ ਖੇਡ ਸਕਦੇ ਐ, ਜਿਨ੍ਹਾਂ ਦੀ ਮੈਂ ਲਿਸਟ ਬਣਾਈ ਸੀ।"

ਕਿਉਂ ਜੀ, ਕਹਿਣ ਦੀ ਮੇਰੇ ਵਿਚ ਹਿੰਮਤ ਨਹੀਂ ਸੀ। ਇਹ ਤਾਂ ਐਨੀ ਹੀ ਗੱਲ ਸੀ। ਹੁਣ ਤਾਂ ਉਹ ਗੱਲ ਸੁਣੋ, ਜਿਹੜੀ ਮੈਂ ਤੁਹਾਨੂੰ ਪਹਿਲਾਂ ਸੁਣਾਉਣ ਲੱਗਿਆ ਸੀ। ਤੁਸੀਂ ਇਸ ਨੂੰ ਲਤੀਫ਼ਾ ਸਮਝ ਲੈਣਾ, ਮੈਂ ਆਪਣੀ ਬੇਅਦਬੀ ਸਮਝਾਂਗਾ।

ਪਰ ਮੈਂ ਤੁਹਾਨੂੰ ਆਪਣੇ ਬਾਰੇ ਤਾਂ ਦੱਸ ਦਿਆਂ। ਇਹ ਤਾਂ ਤੁਹਾਨੂੰ ਪਤਾ ਹੀ ਹੈ ਕਿ ਮੈਂ ਜ਼ਾਤ ਦਾ ਖੱਤਰੀ ਹਾਂ। ਮੇਰਾ ਨਾਂ ਹਿੰਦੂਆਂ ਵਰਗਾ ਹੈ। ਤੁਸੀਂ ਦੇਖਦੇ ਹੀ ਹੋ, ਮੈਂ ਕੇਸ ਦਾੜ੍ਹੀ ਰੱਖਦਾ ਹਾਂ। ਪਗੜੀ ਬੰਨ੍ਹਦਾ ਹਾਂ। ਸੱਜੇ ਹੱਥ ਵਿਚ ਲੋਹੇ ਦਾ ਕੜਾ ਪਹਿਨਦਾ ਹਾਂ। ਸਿਗਰਟ ਨਹੀਂ ਪੀਂਦਾ, ਪਰ ਮੇਰਾ ਧਰਮ ਕੋਈ ਨਹੀਂ।

–"ਵਾਹ, ਤੇਰਾ ਧਰਮ ਕੋਈ ਨਹੀਂ?" ਤੁਹਾਡੇ ਵਿਚੋਂ ਇੱਕ ਜਣੇ ਨੇ ਕਿਹਾ ਹੈ।

–"ਹਾਂ ਜਨਾਬ, ਦਾੜ੍ਹੀ ਕੇਸ ਤਾਂ ਮੈਂ ਏਸ ਕਰਕੇ ਰੱਖੇ ਹੋਏ ਹਨ, ਕਿਉਂਕਿ ਮੇਰਾ ਬਾਪ ਦਾੜ੍ਹੀ ਕੇਸਾਂ ਵਾਲਾ ਸੀ। ਉਹ ਪਗੜੀ ਬੰਨ੍ਹਦਾ ਹੁੰਦਾ, ਮੈਂ ਪਗੜੀ ਬੰਨ੍ਹਦਾ ਹਾਂ। ਫ਼ਰਕ ਐਨਾ, ਮੇਰਾ ਬਾਪ ਧਾਰਮਿਕ ਆਦਮੀ ਸੀ।"

–"ਤੂੰ ਤਾਂ ਫੇਰ ਨਾਸਤਕ ਹੋਇਆ।" ਤੁਸੀਂ ਆਖ ਲਵੋ।

–"ਹਾਂ ਭਾਈ ਸਾਅਬ, ਮੈਂ ਤਾਂ ਨਾਸਤਿਕ ਆਂ। ਪਰ ਨਾਸਤਿਕ ਹੋਣਾ ਵੀ ਜੇ ਕੋਈ ਧਰਮ ਐ ਤਾਂ ਮੈਂ ਉਹ ਨਹੀਂ।"

–"ਹੈਂ ਚਾਲਾਂ ਕਰਦਾ।" ਆਖੋ ਆਖੋ। ਤੁਸੀਂ ਕਹਿੰਦੇ ਹੋ, "ਤੂੰ ਹਿੰਦੂ ਵੀ ਨਹੀਂ, ਸਿੱਖ ਵੀ ਨਹੀਂ, ਹੋਰ ਤੂੰ ਮੁਸਲਮਾਨ ਐਂ ਜਾਂ ਮਜ਼ਬੀ ਐਂ?

ਮੈਂ ਕਹਿੰਦਾ ਹਾਂ–"ਮੁਸਲਮਾਨ ਤੇ ਮਜ਼ਬੀ ਵੀ ਤਾਂ ਮਨੁੱਖ ਹੁੰਦੇ ਐ। ਮੈਂ ਤਾਂ ਬੱਸ ਇੱਕ ਮਨੁੱਖ ਆਂ।"

ਤੁਸੀਂ ਹੱਸ ਰਹੇ ਹੋ। ਅਗਆਨੀ ਲੋਕ ਹੱਸਿਆ ਹੀ ਕਰਦੇ ਹਨ।

–"ਅਗਿਆਨੀ ਅਸੀਂ ਨਹੀਂ। ਅਗਿਆਨੀ ਤੂੰ ਆਪ ਐਂ।" ਕਿਸੇ ਦਾ ਔਖਾ ਬੋਲ।–"ਅਖੇ–ਮੇਰਾ ਧਰਮ ਕੋਈ ਨਹੀਂ।" ਮਖੌਲ ਉਡਾਇਆ ਹੈ।

"ਹਾਂ, ਠੀਕ ਐ ਫੇਰ। ਇਹ ਦੇ ਵਿਚ ਖਿਝਣ ਵਾਲੀ ਕਿਹੜੀ ਗੱਲ ਐ? ਜਦੋਂ ਮੇਰਾ ਰੱਬ ਵਿਚ ਹੀ ਕੋਈ ਵਿਸ਼ਵਾਸ ਨਹੀਂ ਤਾਂ ਮੇਰਾ ਧਰਮ ਕਿਹੜਾ ਹੋਇਆ।"

"ਕਿਉਂ, ਕਿਉਂ ਨਹੀਂ ਰੱਬ ਵਿਚ ਤੇਰਾ ਵਿਸ਼ਵਾਸ?" ਇੱਕ ਆਦਮੀ ਅੱਖਾਂ ਲਾਲ ਕਰਦਾ ਹੈ।

"ਨਹੀਂ ਹੈ।"

–"ਤੈਨੂੰ ਪੈਦਾ ਕੀਹਨੇ ਕੀਤਾ?"

–"ਮੇਰੇ ਮਾਂ ਬਾਪ ਨੇ।" ਮੈਂ ਸ਼ਾਂਤ ਚਿੱਤ ਹਾਂ। ਦੱਸਦਾ ਹਾਂ–'ਦੇਖੋ, ਮੈਂ ਤਾਂ ਮੁੱਢੋਂ ਹੀ ਨਾਸਤਿਕ ਹਾਂ। ਸਾਡੇ ਪਿੰਡ ਪ੍ਰਾਇਮਰੀ ਸਕੂਲ ਵਿਚ ਇੱਕ ਮਾਸਟਰ ਹੁੰਦਾ ਸੀ। ਉਹ ਸਾਨੂੰ ਦੂਜੀ ਤੀਜੀ ਜਮਾਤ ਵਿਚ ਹੀ ਅਜਿਹੀਆਂ ਕਹਾਣੀਆਂ ਸੁਣਾਇਆ ਕਰਦਾ ਕਿ ਅਸੀਂ ਭੂਤਾਂ ਪ੍ਰੇਤਾਂ ਤੋਂ ਡਰਨੋਂ ਹਟ ਗਏ। ਟੂਣੇ ਟਾਮਣ ਸਾਨੂੰ ਚਲਾਕ ਲੋਕਾਂ ਦੀ ਕਮਾਈ ਦਾ ਸਾਧਨ ਜਾਪਣ ਲੱਗੇ। ਦੇਵੀ ਦੇਵਤੇ ਸਭ ਮਨ ਘੜਤ। ਅੱਧਾ ਨਾਸਤਿਕ ਤਾਂ ਮੈਂ ਓਦੋਂ ਬਚਪਨ ਵਿਚ ਹੀ ਹੋ ਗਿਆ ਸੀ, ਤੇ ਫੇਰ ਬੀ. ਏ. ਵਿਚ ਪੜ੍ਹਦੇ ਨੇ ਜਦੋਂ ਭਗਤ ਸਿੰਘ ਦਾ ਲੇਖ ਪੜ੍ਹਿਆ ਤਾਂ ਮੁੜ ਮੁੜ ਓਸੇ ਲੇਖ ਨੂੰ ਚਾਰ ਵਾਰੀ ਪੜ੍ਹਿਆ।"

"ਭਗਤ ਸਿੰਘ ਦਾ ਕਿਹੜਾ ਲੇਖ?"

"ਹੁਣ ਤੁਸੀਂ ਅਗਿਆਨੀ ਹੋਏ ਕਿ ਨਹੀਂ? ਭਗਤ ਸਿੰਘ ਦਾ ਲੇਖ, "ਮੈਂ ਨਾਸਤਿਕ ਕਿਉਂ ਹਾਂ, ਜਿਸ ਪੰਜਾਬੀ ਨੌਜਵਾਨ ਨੇ ਨਹੀਂ ਪੜ੍ਹਿਆ। ਸਮਝੋ ਉਹ ਨੇ ਕੁਝ ਵੀ ਹੋਰ ਨਹੀਂ ਪੜ੍ਹਿਆ।"

–"ਭਗਤ ਸਿੰਘ ਲਿਖਦਾ ਹੈ, "ਮੈਂ ਦੱਸਣ ਲੱਗਦਾ ਹਾਂ–"ਜਦ ਮਨੁੱਖ ਨੂੰ ਆਪਣੀਆਂ ਸੇਵਾਵਾਂ, ਕਮਜ਼ੋਰੀਆਂ ਤੇ ਕਮੀਆਂ ਦਾ ਅਹਿਸਾਸ ਹੋ ਗਿਆ ਤਾਂ ਉਹ ਨੇ ਰੱਬ ਦੀ ਕਾਲਪਨਿਕ ਹੋਂਦ ਬਣਾ ਲਈ ਤਾਂ ਕਿ ਇਮਤਿਹਾਨੀ ਹਾਲਤ ਦਾ ਦ੍ਰਿੜ੍ਹਤਾ ਨਾਲ ਸਾਹਮਣਾ ਕਰਨ ਲਈ ਮਨੁੱਖ ਨੂੰ ਹੌਂਸਲਾ ਮਿਲੇ ਤਾਂ ਕਿ ਸਾਰੇ ਖਤਰਿਆਂ ਦਾ ਜਵਾਂ-ਮਰਦੀ ਨਾਲ ਮੁਕਾਬਲਾ ਕਰ ਸਕੇ ਅਤੇ ਖੁਸ਼ਹਾਲੀ ਤੇ ਅਮੀਰੀ ਦੀ ਹਾਲਤ ਵਿਚ ਆਪਣੀਆਂ ਇੱਛਾਵਾਂ 'ਤੇ ਕਾਬੂ ਪਾ ਸਕੇ।" ਅੱਗੇ ਲਿਖਿਆ ਹੈ–"ਆਦਿ ਕਾਲ ਵਿਚ ਰੱਬ ਸੱਚੇ ਅਰਥਾਂ ਵਿਚ ਸਮਾਜ ਲਈ ਲਾਹੇਵੰਦ ਸੀ।" ਤੇ ਹੁਣ–"ਸਮਾਜ ਨੇ ਜਿਵੇਂ ਬੁੱਤ ਪੂਜਾ ਤੇ ਧਰਮ ਦੇ ਤੰਗ ਨਜ਼ਰ ਸੰਕਲਪ ਵਿਰੁੱਧ ਲੜਾਈ ਲੜੀ ਸੀ, ਓਸੇ ਤਰ੍ਹਾਂ ਸਮਾਜ ਨੂੰ ਰੱਬ ਦੇ ਵਿਸ਼ਵਾਸ ਵਿਰੁੱਧ ਲੜਨਾ ਪੈਣਾ ਹੈ।"

–"ਤੇਰਾ ਮਤਲਬ ਇਹ ਸ੍ਰਿਸ਼ਟੀ ਪ੍ਰਮਾਤਮਾ ਨੇ ਨਹੀਂ ਪੈਦਾ ਕੀਤੀ?" ਤੁਹਾਡਾ ਅਗਿਆਨ ਸਵਾਲ ਕਰਦਾ ਹੈ।

ਮੈਂ ਠੋਕ ਵਜਾ ਕੇ ਜਵਾਬ ਦਿੰਦਾ ਹਾਂ–"ਹਾਂ ਜਨਾਬ, ਇਹ ਰੱਬ ਰੁੱਬ ਤੁਸੀਂ ਨੇ ਕਦੇ ਆਪ ਪੈਦਾ ਕੀਤਾ ਸੀ। ਰੱਬ ਇੱਕ ਵਿਸ਼ਵਾਸ ਦਾ ਨਾਂ ਐਂ। ਵਿਸ਼ਵਾਸ ਸਥਿਰ ਥੋੜ੍ਹਾ ਰਹੇ ਐ ਕਦੇ।"

ਤੁਸੀਂ ਬਹੁਤ ਕੁਝ ਆਖ ਸਕਦੇ ਹੋ। ਤੁਹਾਡੇ ਕੋਲ ਦਲੀਲਾਂ ਦੇ ਢੇਰ ਹਨ। ਪਰ ਮੈਂ ਬਹੁਤੀਆਂ ਦਲੀਲਾਂ ਨਹੀਂ ਦੇ ਸਕਦਾ। ਮੇਰਾ ਵਿਸ਼ਵਾਸ ਹੈ ਕਿ ਰੱਬ ਨਾਂ ਦੀ ਕੋਈ ਚੀਜ਼ ਨਹੀਂ ਹੁੰਦੀ। ਮਨੁੱਖ ਹੈ, ਜੋ ਕੁਝ ਵੀ ਹੈ। ਤੁਸੀਂ ਜਿੰਨਾ ਖਿਝਣਾ ਸੀ, ਖਿਝ ਹਟੇ ਤੇ ਫੇਰ ਹੱਸ ਕੇ ਕਿਹਾ ਹੈ–"ਚੰਗਾ, ਤੂੰ ਆਪਣਾ ਲਤੀਫ਼ਾ ਸੁਣਾਅ।"

–"ਹਾਂ, ਲਤੀਫ਼ਾ ਸਮਝੋ, ਚਾਹੇ ਕੁਝ, ਪਰ ਮੈਂ ਇਸ ਨੂੰ ਆਪਣੀ ਬੇਅਦਬੀ ਸਮਝਾਂਗਾ।"

–"ਓਏ ਚੱਲ, ਸ਼ੁਰੂ ਤਾਂ ਕਰ ਹੁਣ।"

–"ਲਤੀਫ਼ਾ ਇਹ ਹੈ, ਹਾਂ–ਇਹ ਤਾਂ ਮੈਂ ਤੁਹਾਨੂੰ ਦੱਸ ਹੀ ਚੁੱਕਿਆ ਹਾਂ ਕਿ ਮੇਰਾ ਧਰਮ ਕੋਈ ਨਹੀਂ। ਨਾ ਹਿੰਦੂ, ਨਾ ਸਿੱਖ। ਪਰ ਅੰਮ੍ਰਿਤਸਰ ਦੇ ਨੀਲਾ ਤਾਰਾ ਅਪ੍ਰੇਸ਼ਨ ਤੋਂ ਪਹਿਲਾਂ ਮੇਰੇ ਇਲਾਕੇ ਵਿਚ ਮੈਨੂੰ ਕਿਧਰੇ ਵੀ ਹਿੰਦੂ ਸਮਝ ਕੇ ਕਤਲ ਕੀਤਾ ਜਾ ਸਕਦਾ ਸੀ। ਇੰਦਰਾ ਗਾਂਧੀ ਦੇ ਕਤਲ ਬਾਅਦ ਮੈਂ ਦਿੱਲੀ ਗਿਆ ਹੁੰਦਾ ਤਾਂ ਸਿੱਖ ਸਮਝਿਆ ਜਾਣ ਕਰਕੇ ਉੱਥੇ ਵੀ ਸਾੜਿਆ ਫੂਕਿਆ ਜਾ ਸਕਦਾ ਸੀ।"

"ਇਹ ਲਤੀਫ਼ਾ ਸੁਣਾ ਰਿਹਾ ਐਂ? ਫੇਰ ਓਹੀ ਗੱਲਾਂ।"

–"ਨਹੀਂ, ਲਤੀਫ਼ਾ ਹੁਣ ਸ਼ੁਰੂ ਹੁੰਦਾ ਹੈ, ਸੁਣੋ ਤਾਂ ਸਹੀ। ਸਾਡੇ ਸਕੂਲ ਵਿਚ ਜਿੱਥੇ ਮਾਸਟਰ ਆਂ, ਪੱਗਾਂ ਵਾਲੇ ਮਾਸਟਰ ਵੀ ਨੇ ਤੇ ਮੋਨੇ ਵੀ। ਪੰਜਾਬ ਵਿਚ ਤੁਸੀਂ ਦੇਖਦੇ ਹੀ ਹੋ, ਹਵਾ ਕਿਹੀ ਵਗੀ ਹੋਈ ਹੈ। ਚਾਰ ਪੰਜ ਮੋਨੇ ਮਾਸਟਰ ਸਿਰ ਜੋੜ ਕੇ ਘੁਸਰ ਮੁਸਰ ਕਰਦੇ ਹੋਣ, ਅਚਾਨਕ ਮੈਂ ਉਨ੍ਹਾਂ ਕੋਲ ਜਾ ਖੜ੍ਹਾ ਤਾਂ ਉਹ ਮੇਰੀ ਪੱਗ ਦੇਖ ਕੇ ਇਕਦਮ ਚੁੱਪ ਹੋ ਜਾਂਦੇ ਹਨ। ਪਰ ਇੱਕ ਬਿੰਦ ਕੁਝ ਸੋਚ ਕੇ ਫੇਰ ਉਹੀ ਗੱਲਾਂ ਕਰਨ ਲੱਗਦੇ ਹਨ। ਚਾਰ ਪੰਜ ਪੱਗਾਂ ਵਾਲੇ ਮਾਸਟਰ ਸਿਰ ਜੋੜ ਕੇ ਘੁਸਰ ਮੁਸਰ ਕਰਦੇ ਹੋਣ, ਅਚਾਨਕ ਮੈਂ ਉਨ੍ਹਾਂ ਕੋਲ ਜਾ ਖੜ੍ਹਾਂ ਤਾਂ ਉਹ ਮੇਰੀ ਪੱਗ ਦੇਖ ਕੇ ਆਪਣੀ ਘੁਸਰ ਮੁਸਰ ਜਾਰੀ ਰੱਖਦੇ ਨੇ। ਪਰ ਇੱਕ ਬਿੰਦ ਕੁਝ ਸੋਚ ਕੇ ਚੁੱਪ ਹੋ ਜਾਂਦੇ ਨੇ ਤੇ ਹੋਰ ਹੀ ਗੱਲਾਂ ਕਰਨ ਲੱਗ ਪੈਂਦੇ ਹਨ।"

ਤੁਸੀਂ ਪਹਿਲਾਂ ਹੱਸੇ ਹੋ, ਫੇਰ ਚੁੱਪ। ਤੁਹਾਡੀ ਇਸ ਚੁੱਪ ਵਿਚ ਮੈਂ ਵੀ ਸ਼ਾਮਲ ਹਾਂ। ਲਤੀਫ਼ਾ ਸਮਝ ਕੇ ਹੱਸੇ ਸੀ ਨਾ। ਤੁਹਾਡੀ ਚੁੱਪ 'ਤੇ ਮੈਨੂੰ ਤਸੱਲੀ ਹੋ ਚੁੱਕੀ ਹੈ ਕਿ ਤੁਸੀਂ ਵੀ ਮੇਰੇ ਵਾਂਗ ਹੀ ਸੋਚਿਆ ਹੈ। ਮਨੁੱਖ ਦੀ ਬੇਅਦਬੀ ਨੂੰ ਤੁਸੀਂ ਵੀ ਸਮਝੇ ਹੋ।

ਮੈਂ ਹੀ ਬੋਲਦਾ ਹਾਂ–"ਮੈਂ ਤਾਂ ਪਹਿਲਾਂ ਹੀ ਤੁਹਾਨੂੰ ਕਹਿੰਦਾ ਹੁੰਦਾ ਸੀ ਕਿ ਪੰਜਾਬ ਵਿਚ ਹਿੰਦੂ–ਸਿੱਖ ਫ਼ਸਾਦ ਕਦੇ ਹੋ ਹੀ ਨਹੀਂ ਸਕਦੇ। ਕਿਉਂ? ਪੰਜਾਬ ਵਿਚ ਧਰਮ ਇੱਕ ਨੰਬਰ 'ਤੇ ਨਹੀਂ ਆਉਂਦਾ ਜਾਤ ਪਾਤ ਇੱਕ ਨੰਬਰ 'ਤੇ ਆਉਂਦੀ ਹੈ। ਕਿਸੇ ਨੂੰ ਵੀ ਹਿੰਦੂ–ਸਿੱਖ ਹੋਣ ਨਾਲੋਂ ਆਪਣੀ ਜ਼ਾਤ ਪਹਿਲਾਂ ਯਾਦ ਹੁੰਦੀ ਹੈ। ਪੰਜਾਬ ਵਿਚ ਜੱਟਾਂ ਤੇ ਬਾਣੀਆਂ ਨੂੰ ਛੱਡ ਕੇ ਬਾਕੀ ਕੁਲ ਜਾਤਾਂ, ਕਿਸੇ ਵੀ ਜਾਤ ਦੇ ਇੱਕੋ ਟੱਬਰ ਵਿਚ ਪਿਓ ਹਿੰਦੂ ਹੈ ਤੇ ਪੁੱਤ ਸਿੱਖ। ਇੱਕ ਭਰਾ ਹਿੰਦੂ, ਦੂਜਾ ਸਿੱਖ। ਸਿੱਖਾਂ ਦੀ ਕੁੜੀ ਨੂੰ ਹਿੰਦੂ ਜਵਾਈ ਵਿਆਹੁਣ ਢੁੱਕ ਪੈਂਦਾ ਹੈ। ਹਿੰਦੂ ਕੁੜੀ ਦਾ ਪਤੀ ਸਿੱਖ ਬਣ ਜਾਂਦਾ ਹੈ। ਅੰਤਰ ਜਾਤੀ ਵਿਆਹਾਂ ਵਿਚ ਹਿੰਦੂ ਸਿੱਖ ਹੋਣ ਦਾ ਕੋਈ ਫ਼ਰਕ ਨਹੀਂ ਦੇਖਿਆ ਜਾਂਦਾ। ਗੱਲ ਕੀ ਜਿਨ੍ਹਾਂ ਲੋਕਾਂ ਵਿਚ ਰੋਟੀ ਬੇਟੀ ਦੀ ਸਾਂਝ ਹੋਵੇ, ਜਿਨ੍ਹਾਂ ਦੇ ਸਾਰੇ ਧਾਰਮਿਕ ਗ੍ਰੰਥ ਸਾਂਝੇ ਹੋਣ ਤੇ ਇਹ ਇੱਕੋ ਜਿੰਨੀ ਸ਼ਰਧਾ ਨਾਲ ਮੰਨੇ ਪੜ੍ਹੇ ਜਾਂਦੇ ਹੋਣ, ਉਹ ਕਿਵੇਂ ਇੱਕ ਦੂਜੇ ਨੂੰ ਕਤਲ ਕਰ ਸਕਣਗੇ। ਪਰ ਵਕਤ ਦੀ ਅਤਿ ਘਟੀਆ ਤੇ ਗ਼ੰਦੀ ਰਾਜਨੀਤੀ ਨੇ ਕੁਝ ਅਜਿਹੀਆਂ ਚਾਲਾਂ ਚੱਲੀਆਂ ਕਿ ਚੰਗੇ ਭਲੇ ਵੱਸਦੇ ਪੰਜਾਬੀਆਂ ਨੂੰ ਹਿੰਦੂ–ਸਿੱਖ ਬਣਾ ਕੇ ਰੱਖ ਦਿੱਤਾ। ਮਨਾਂ ਵਿਚ ਫ਼ਰਕ ਤਾਂ ਪੈ ਗਿਆ ।"

–"ਇਹ ਬਾਹਰੋਂ ਘੁਸਪੈਠ ਹੋਈ ਐ।" ਤੁਹਾਡੇ ਵਿਚੋਂ ਹੀ ਕੋਈ ਬੋਲਿਆ ਹੈ।

–"ਹਾਂ ਹਾਂ ਹੁਣ ਖੁੱਲ੍ਹੋ। ਜਾਣਦੇ ਓ, ਸਮਝਦੇ ਓ ਸਭ।" ਮੇਰੀ ਤਸੱਲੀ।

–"ਅਮਰੀਕੀ ਸਾਮਰਾਜ ਨੂੰ ਸਾਡੀ ਨਿਰਪੱਖ ਨੀਤੀ ਹਮੇਸ਼ਾ ਚੁੱਭਦੀ ਰਹੀ ਐ। ਆਪਣੇ ਹੱਥ ਠੋਕੇ ਪਾਕਿਸਤਾਨ ਨੂੰ ਆਧੁਨਿਕ ਹਥਿਆਰਾਂ ਨਾਲ ਲੈੱਸ ਕਰਕੇ ਭਾਰਤ

ਨੂੰ ਟੁਕੜੇ ਟੁਕੜੇ ਕਰਵਾ ਦਿੱਤਾ ਜਾਵੇ, ਇਹ ਅਮਰੀਕਾ ਦੀ ਸੀ. ਆਈ. ਏ. ਦੀ ਪਰਤੱਖ ਚਾਲ ਐ। ਇੰਝ ਬਣਿਆ ਕੋਈ ਵੀ ਮੁਲਕ ਪਾਕਿਸਤਾਨ ਨਾਲੋਂ ਕਿਤੇ ਵੱਧ ਕਮਜ਼ੋਰ ਹੋਵੇਗਾ, ਕਿਉਂਕਿ ਉਹ ਅਮਰੀਕੀ ਸਮਾਰਾਜ ਦੀ ਮੱਦਦ ਨਾਲ ਹੋਂਦ ਵਿਚ ਆਇਆ ਹੋਵੇਗਾ, ਇਸ ਲਈ ਅਮਰੀਕਾ ਪੱਖੀ ਬਣਿਆ ਰਹੇਗਾ ਤੇ ਉਨ੍ਹਾਂ ਦੇ ਵੈਰੀ ਦੇਸ ਰੂਸ ਦਾ ਵਿਰੋਧੀ ਵੀ। ਉਸ ਨੂੰ ਫ਼ੌਜੀ ਹਥਿਆਰਾਂ ਦੀ ਤੁਰੰਤ ਲੋੜ ਪਵੇਗੀ, ਸੋ ਅਮਰੀਕਾ ਦੀ ਇੱਕ ਨਵੀਂ ਮੰਡੀ ਪੈਦਾ ਹੋ ਜਾਵੇਗੀ। ਉਹ ਉਸ ਨੂੰ ਖੁੱਲ੍ਹ ਕੇ ਕਰਜ਼ਾ ਵੀ ਦੇਵੇਗਾ ਤੇ ਉਹ ਸਦਾ ਹੀ ਅਮਰੀਕਾ ਦੀ ਆਰਥਕ ਗੁਲਾਮੀ ਥੱਲੇ ਦੱਬਿਆ ਰਹੇਗਾ।" ਉਸ ਨੇ ਇਸ ਦੀ ਸਾਰੀ ਗੜਬੜ ਦੀਆਂ ਜੜ੍ਹਾਂ ਨੂੰ ਨੰਗਾ ਕਰਕੇ ਰੱਖ ਦਿੱਤਾ ਹੈ।

ਮੈਂ ਕਹਿੰਦਾ ਹਾਂ–"ਇਹ ਧਰਮ ਸੀ, ਏਸ ਧਰਮ ਤੋਂ ਮਤਲਬ ਕਿ ਸਾਡੀ ਫ਼ਿਰਕਾਦਾਰੀ ਤੋਂ ਅਗਲਿਆਂ ਨੇ ਲਾਭ ਉਠਾ ਲਿਆ। ਇਹ ਮਜ਼ਬੀ ਵਖਰੇਵਾਂ ਸਾਡੇ ਵਿਚ ਉੱਕਾ ਹੀ ਨਾ ਹੁੰਦਾ ਤਾਂ ਕਾਹਨੂੰ ਵਾਪਰਦਾ ਇਹ ਐਨਾ ਕੁਝ। ਅਸੀਂ ਆਪ ਹੀ ਆਪਣੇ ਪੈਰਾਂ 'ਤੇ ਕੁਹਾੜਾ ਮਾਰ ਬੈਠੇ। ਹੁਣ ਹਾਲਤ ਇਹ ਐ ਕਿ ਪੰਜਾਬ ਦੀ ਧਰਤੀ ਵਿਚੋਂ ਅੱਧ ਸੜੀ ਲਾਸ਼ ਜਿਹੀ ਬੋਅ ਮਾਰੀ ਐ।"

–"ਗੱਲਾਂ ਤਾਂ ਤੇਰੀਆਂ ਸਾਰੀਆਂ ਠੀਕ ਨੇ, ਮਾਸਟਰ। ਪਰ ਕੀ ਕੀਤਾ ਜਾਵੇ। ਤੇਰੇ ਮੇਰੇ ਜਿਹੇ ਆਮ ਲੋਕ ਕਦੋਂ ਲੜਦੇ ਐ? ਇਹ ਤਾਂ ਸਾਨੂੰ ਲੜਾਇਆ ਜਾ ਰਿਹਾ ਐ।" ਤੁਹਾਡੇ ਵਿਚੋਂ ਇੱਕ ਕੋਈ ਬੋਲਦਾ ਹੈ। ਬਾਕੀ ਸਭ ਨੀਵੀਂਆਂ ਪਾ ਕੇ ਬੈਠ ਗਏ ਹਨ।

ਮੈਂ ਆਖ਼ਰੀ ਗੱਲ ਕਰਦਾ ਹਾਂ–"ਬਚਪਨ ਵਿਚ ਖਾਲਿਕ ਨੂੰ ਮੇਰੇ ਨਾਲ ਖੇਡਣ ਨਹੀਂ ਦਿੱਤਾ ਜਾਂਦਾ ਸੀ, ਉਹ ਮੇਰੀ ਬੇਅਦਬੀ ਸੀ–ਮਨੁੱਖ ਦੀ ਬੇਅਦਬੀ। ਸਾਡੇ ਸਕੂਲ ਦੇ ਪੱਗਾਂ ਵਾਲੇ ਤੇ ਮੋਨੇ ਮਾਸਟਰ ਮੇਰੇ ਨਾਲ ਜੋ ਹੁਣ ਅਜਿਹਾ ਸਲੂਕ ਕਰਦੇ ਹਨ, ਉਹ ਵੀ ਮੇਰੀ ਬੇਅਦਬੀ ਹੈ, ਸਾਰੀ ਮਨੁੱਖ ਜਾਤੀ ਦੀ ਬੇਅਦਬੀ।" ♦

# ਰੋਜ਼ਗਾਰ

ਇਹ ਉਨ੍ਹਾਂ ਦਿਨਾਂ ਦੀ ਗੱਲ ਹੈ, ਜਦੋਂ ਮਾਸਟਰ ਜੰਗੀਰ ਸਿੰਘ ਆਪਣੀ ਕਿਤਾਬ ਛਪਵਾ ਰਿਹਾ ਸੀ। ਇੱਕੋ ਇੱਕ ਕਿਤਾਬ, ਪਹਿਲੀ ਤੇ ਆਖ਼ਰੀ। ਉਸ ਨੇ ਸਾਰੀ ਉਮਰ ਕਵਿਤਾਵਾਂ ਲਿਖੀਆਂ ਸਨ। ਹੁਣ ਉਹ ਦੀ ਉਮਰ ਪੰਜਾਹ ਸਾਲ ਦੀ ਹੋ ਚੁੱਕੀ ਸੀ। ਉਸ ਕੋਲ ਗੀਤਾਂ ਤੇ ਗ਼ਜ਼ਲਾਂ ਦਾ ਇੱਕ ਢੇਰ ਹੀ ਤਾਂ ਸੀ। ਕਿੰਨੇ ਹੀ ਸਾਲ ਉਹਨੇ ਇਹ ਕਵਿਤਾਵਾਂ ਸਟੇਜਾਂ ’ਤੇ ਪੜ੍ਹਕੇ ਸੁਣਾਈਆਂ ਸਨ ਤੇ ਲੋਕਾਂ ਤੋਂ ਵਾਹਵਾ ਖੱਟੀ ਸੀ। ਯਾਰਾਂ ਦੀ ਮਹਿਫ਼ਲ ਵਿਚ ਉਹ ਨੂੰ ਜ਼ਰੂਰ ਸੁਣਿਆ ਜਾਂਦਾ। ਕਿੰਨੇ ਹੀ ਬੰਦਿਆਂ ਨੂੰ ਉਹ ਦੇ ਗੀਤਾਂ ਤੇ ਗ਼ਜ਼ਲਾਂ ਦੀਆਂ ਲਾਈਨਾਂ ਜ਼ਬਾਨੀ ਯਾਦ ਸਨ। ਤੇ ਫੇਰ ਇਸ ਉਮਰ ਵਿਚ ਉਹ ਦੇ ਯਾਰ ਮਿੱਤਰ ਉਹ ਨੂੰ ਜ਼ੋਰ ਦੇ ਰਹੇ ਸਨ ਕਿ ਉਹ ਆਪਣੀ ਕਿਤਾਬ ਛਪਵਾਏ ਤਾਂ ਕਿ ਘਰ ਘਰ ਤੱਕ ਇਹ ਕਵਿਤਾਵਾਂ ਪਹੁੰਚ ਸਕਣ। ਉਹ ਦੀ ਮੌਤ ਤੋਂ ਬਾਅਦ ਵੀ ਉਹ ਦੀਆਂ ਰਚਨਾਵਾਂ ਸਾਂਭੀਆਂ ਰਹਿ ਸਕਣ। ਤੇ ਫੇਰ ਮਾਸਟਰ ਜੰਗੀਰ ਸਿੰਘ ਦੇ ਦੋ ਵਿਦਿਆਰਥੀਆਂ ਨੇ ਉਹ ਦੀਆਂ ਨੋਟ ਬੁੱਕਾਂ ਦਾ ਬਸਤਾ ਚੁੱਕਿਆ ਸੀ ਤੇ ਉਨ੍ਹਾਂ ਵਿਚੋਂ ਇੱਕ ਸੌ ਇੱਕ ਰਚਨਾ ਛਾਂਟ ਲਈ ਸੀ। ਸੱਠ ਗੀਤ ਤੇ ਇਕਤਾਲੀ ਗ਼ਜ਼ਲਾਂ। ਮਾਸਟਰ ਦੇ ਇਹ ਦੋਵੇਂ ਵਿਦਿਆਰਥੀ ਕਵਿਤਾ ਨਾਲ ਡੂੰਘੀ ਮੱਸ ਰੱਖਦੇ ਸਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐੱਮ. ਏ. ਕਰਕੇ ਆਏ ਸਨ।

ਮਾਸਟਰ ਜੰਗੀਰ ਸਿੰਘ ਨੇ ਆਪਣਾ ਕਾਵਿ ਸੰਗ੍ਰਹਿ ਛਪਵਾਉਣ ਲਈ ਪੰਜਾਬੀ ਦੇ ਸਭ ਪਬਲਿਸ਼ਰਾਂ ਕੋਲ ਪਹੁੰਚ ਕੀਤੀ ਸੀ। ਵੱਡੇ ਤੋਂ ਲੈ ਕੇ ਛੋਟਾ ਪਬਲਲਿਸ਼ਰ। ਪੰਜਾਬੀ ਵਿਚ ਪਬਲਿਸ਼ਰ ਸਨ ਵੀ ਕਿੰਨੇ ਕੁ, ਮਸਾਂ ਇੱਕ ਦਰਜਨ। ਕਿਸੇ ਨੇ ਵੀ ਉਹ ਦੀ ਗੱਲ ਨਹੀਂ ਸੁਣੀ ਸੀ। ਕੋਈ ਕਹਿੰਦਾ ਸੀ-ਪੰਜਾਬੀ ਦੀਆਂ ਕਿਤਾਬਾਂ ਵਿਕਦੀਆਂ ਹੀ ਨਹੀਂ। ਕੋਈ ਕਹਿੰਦਾ ਸੀ-ਪੰਜਾਬੀ ਵਿਚ ਤਾਂ ਨਾਵਲ ਵਿਕਦੇ ਨੇ, ਨਾਵਲ ਲਿਖੋ ਜੀ ਕੋਈ। ਕਵਿਤਾ ਦੀ ਕਿਤਾਬ ਕੌਣ ਖਰੀਦਦਾ ਹੈ ਜੀ। ਅੰਮ੍ਰਿਤਸਰ ਦੇ ਇੱਕ ਪਬਲਿਸ਼ਰ ਨੇ ਉਹ ਦੇ ਕੋਲੋਂ ਦੋ ਹਜ਼ਾਰ ਰੁਪਿਆ ਮੰਗਿਆ ਸੀ। ਅਸਲ ਵਿਚ ਇਹ ਰਿਵਾਜ਼ ਹੀ ਪੈ ਚੁੱਕਿਆ ਸੀ ਕਿ ਨਵੇਂ ਲੇਖਕਾਂ ਤੇ ਅਸਥਾਪਿਤ ਪੁਰਾਣੇ ਲੇਖਕਾਂ ਤੋਂ ਮਨ ਮਰਜ਼ੀ ਦੇ ਪੈਸੇ ਲੈ ਕੇ ਪਬਲਿਸ਼ਰ ਉਨ੍ਹਾਂ ਦੀਆਂ ਕਿਤਾਬਾਂ ਛਾਪਦੇ। ਬਹੁਤਾ ਤਾਂ ਲਹੂ ਮੂੰਹ ਲਵਾਇਆ, ਬਦੇਸ਼ਾਂ ਵਿਚ ਵੱਸਦੇ ਕੱਚ-ਘਰੜ ਲਿਖਾਰੀਆਂ ਨੇ। ਉਹ ਦੋ ਚਾਰ ਸਾਲਾਂ ਬਾਅਦ ਪੰਜਾਬ ਆਉਂਦੇ ਤੇ ਪੰਜ ਪੰਜ, ਦਸ ਦਸ ਹਜ਼ਾਰ ਰੁਪਿਆ ਪਬਲਿਸ਼ਰ ਦੀ ਝੋਲੀ ਪਾ ਕੇ ਕਿਤਾਬ ਛਪਵਾ ਲੈਂਦੇ। ਵਾਪਸ ਬਦੇਸ਼ ਮੁੜਦੇ ਸੌ ਪੰਜਾਹ ਕਿਤਾਬਾਂ ਨਾਲ ਲੈ ਜਾਂਦੇ ਤੇ

ਉੱਥੇ ਜਾ ਕੇ ਪੰਜਾਬੀ ਭਾਈਚਾਰੇ ਵਿਚ ਆਪਣੇ ਲੇਖਕ ਹੋਣ ਦਾ ਰੋਅਬ ਪਾਉਂਦੇ। ਮਾਸਟਰ ਜੰਗੀਰ ਸਿੰਘ ਨੂੰ ਉਹ ਯਾਰਾਂ ਮਿੱਤਰਾਂ ਤੇ ਪੁਰਾਣੇ ਸ਼ਰਧਾਲੂ ਵਿਦਿਆਰਥੀਆਂ ਨੇ ਸਲਾਹ ਦਿੱਤੀ ਕਿ ਉਹ ਖ਼ੁਦ ਹੀ ਆਪਣੀ ਕਿਤਾਬ ਕਿਉਂ ਨਹੀਂ ਛਾਪ ਲੈਂਦੇ। ਉਨ੍ਹਾਂ ਦਾ ਐਨਾ ਵੱਡਾ ਦਾਇਰਾ ਹੈ। ਇੱਕ ਇੱਕ ਕਿਤਾਬ ਹਰ ਕੋਈ ਮੁੱਲ ਲਵੇ ਤਾਂ ਉਨ੍ਹਾਂ ਦਾ ਖ਼ਰਚ ਬਾਖ਼ੂਬੀ ਨਿਕਲ ਆਵੇਗਾ। ਕਿਤਾਬ ਦਾ ਮੁੱਲ ਸੂਤ ਸਿਰ ਜਿਹਾ ਰੱਖਿਆ ਜਾਵੇ ਤੇ ਇੱਕ ਇੱਕ ਕਾਪੀ ਦਾ ਮੁੱਲ ਪੇਸ਼ਗੀ ਸਭ ਤੋਂ ਲਿਆ ਜਾਵੇ। ਪੈਸੇ ਇਕੱਠੇ ਕਰਕੇ ਕਿਸੇ ਵੀ ਪ੍ਰੈੱਸ ਤੋਂ ਕਿਤਾਬ ਛਪਵਾਈ ਜਾ ਸਕਦੀ ਹੈ। ਜਲੰਧਰ, ਅੰਮ੍ਰਿਤਸਰ ਜਾਂ ਦਿੱਲੀ ਕਿੰਨੇ ਚੰਗੇ ਪ੍ਰੈੱਸ ਹਨ, ਪੰਜਾਬੀ ਦੇ।

ਮਾਸਟਰ ਜੰਗੀਰ ਸਿੰਘ ਨੇ ਅੰਮ੍ਰਿਤਸਰ ਦੇ ਇੱਕ ਪ੍ਰੈੱਸ ਤੋਂ ਅੰਦਾਜ਼ਾ ਲਵਾਇਆ ਕਿ ਕਿਤਾਬ ਮੁਕੰਮਲ ਰੂਪ ਵਿਚ ਛਪ ਜਾਣ 'ਤੇ ਕਿੰਨੇ ਪੈਸੇ ਲੱਗਣਗੇ? ਕਿਤਾਬ ਦਾ ਖਰੜਾ, ਜਿਹੜਾ ਉਸ ਦੇ ਦੋ ਵਿਦਿਆਰਥੀਆਂ ਨੇ ਤਿਆਰ ਕੀਤਾ ਸੀ, ਉਹ ਆਪਣੇ ਨਾਲ ਹੀ ਅੰਮ੍ਰਿਤਸਰ ਲੈ ਗਿਆ ਸੀ। ਕਿਤਾਬ ਦੀ ਇੱਕ ਹਜ਼ਾਰ ਕਾਪੀ 'ਤੇ ਪੰਜ ਹਜ਼ਾਰ ਰੁਪਿਆ ਖ਼ਰਚ ਹੁੰਦਾ ਸੀ। ਮਾਸਟਰ ਨੇ ਸੁਣਿਆ ਤਾਂ ਦੰਗ ਰਹਿ ਗਿਆ। ਕਿਤਾਬ 'ਤੇ ਐਨਾ ਖ਼ਰਚ। ਇੱਕ ਸਮੇਂ ਤਾਂ ਮਾਸਟਰ ਦਾ ਜੀਅ ਕੀਤਾ ਕਿ ਉਹ ਕਿਤਾਬ ਨਾ ਹੀ ਛਪਵਾਏ। ਕਿਤਾਬ ਛਪੀ ਤਾਂ ਕਿਹੜਾ ਉਹ ਨੂੰ ਲੂਲ੍ਹਾਂ ਲੱਗ ਜਾਣਗੀਆਂ। ਤੇ ਫੇਰ ਪ੍ਰੈੱਸ ਮੈਨੇਜਰ ਨੇ ਉਹ ਨੂੰ ਸੁਝਾਅ ਦਿੱਤਾ ਸੀ ਕਿ ਉਹ ਕਿਤਾਬ ਦੇ ਛੇ ਸੌ ਕਾਪੀ ਤਿਆਰ ਕਰਵਾ ਲਵੇ। ਕਾਗਜ਼ ਤੇ ਜਿਲਦ ਦਾ ਖ਼ਰਚ ਬਚ ਰਹੇਗਾ। ਕਵਿਤਾ ਦੀ ਕਿਤਾਬ ਐਨੀ ਵਿਕਦੀ ਨਹੀਂ। ਛੇ ਸੌ ਕਾਪੀ ਛਪਵਾਉਣ ਨਾਲ ਖ਼ਰਚ ਚਾਰ ਹਜ਼ਾਰ ਜਾਂ ਇਸ ਤੋਂ ਵੀ ਕੁਝ ਘੱਟ ਪੈਣਾ ਸੀ। ਮਾਸਟਰ ਦੁਚਿੱਤੀ ਵਿਚ ਪੈ ਕੇ ਅੰਮ੍ਰਿਤਸਰੋਂ ਮੁੜ ਆਇਆ। ਢੇਰੀ ਜਿਹੀ ਢਾਹ ਕੇ ਬੈਠ ਗਿਆ ਸੀ। ਪਰ ਉਹ ਦੇ ਯਾਰਾਂ ਮਿੱਤਰਾਂ ਨੇ ਉਹ ਨੂੰ ਫੇਰ ਚੁੱਕ ਦਿੱਤਾ। ਕਹਿੰਦੇ–"ਕਹਿੰਦੇ ਮਾਸਟਰ ਜੀ, ਚਾਰ ਹਜ਼ਾਰ ਦੀ ਵੀ ਕੋਈ ਗੱਲ ਐ? ਭਲਾ ਕਿੰਨੇ ਦੀ ਪਊ ਇੱਕ ਕਿਤਾਬ?"

ਮਾਸਟਰ ਨੇ ਹਿਸਾਬ ਲਾ ਕੇ ਦੱਸਿਆ–"ਛੇ ਸੌ 'ਚੋਂ ਸੌ ਕਿਤਾਬ ਤਾਂ ਮੁਫ਼ਤ ਹੀ ਕੱਢ ਦਿਓ, ਅਖ਼ਬਾਰਾਂ-ਰਸਾਲਿਆਂ ਦੇ ਐਡੀਟਰਾਂ ਨੂੰ ਭੇਜਾਂਗੇ ਤੇ ਆਲੋਚਕਾਂ ਨੂੰ ਵੀ। ਬਾਕੀ ਰਹੀ ਪੰਜ ਸੌ, ਅੱਠ ਰੁਪਿਆਂ ਦੀ ਇੱਕ ਕਿਤਾਬ ਪਈ।"

–'ਫੇਰ ਕੀ ਗੱਲ ਹੋਈ, ਮਾਸਟਰ। ਦਸ ਰੁਪਏ ਮੁੱਲ ਰੱਖ ਲੀਂ। ਬਹਿੰਦੀ ਵਿਕ ਜੂ।"

–"ਵੀਹ ਵੀਹ ਕਰ ਲੈ 'ਕੱਠੇ। ਦੋ ਸੌ ਬੰਦੇ ਤੋਂ ਹੋਜੂ ਚਾਰ ਹਜ਼ਾਰ। ਦੋ ਸੌ ਬੰਦਾ ਤਾਂ ਆਪਣੇ 'ਲਾਕੇ ਦਾ ਈ ਹੋਜੂ, ਤੈਨੂੰ ਵੀਹ ਵੀਹ ਦੇਣ ਆਲਾ। ਤੂੰ ਕਮਿਊਨਿਸਟ ਪਾਰਟੀ ਖ਼ਾਤਰ ਝੋਲਾ ਮੋਢੇ ਲਮਕਾ ਕੇ ਫਿਰਦਾ ਰਿਹੈਂ ਐਨੇ ਸਾਲ, ਹੁਣ ਸੰਗ ਲੱਗਦੀ ਐ ਕੁੱਛ?" ਇੱਕ ਹੋਰ ਨੇ ਉਹਨੂੰ ਭਰ ਦਿੱਤਾ ਤੇ ਫਿਰ ਮਾਸਟਰ ਜੰਗੀਰ ਨੇ ਆਪਣਾ ਕਾਵਿ ਸੰਗ੍ਰਹਿ ਛਪਵਾਉਣ ਲਈ ਝੋਲਾ ਮੋਢੇ ਲਟਕਾ ਲਿਆ। ਪਹਿਲਾਂ ਉਸ ਨੇ ਪਿੰਡਾਂ ਦੀ ਲਿਸਟ ਬਣਾਈ। ਫੇਰ ਉਨ੍ਹਾਂ ਦੇ ਵਾਕਿਫ਼ ਬੰਦਿਆਂ ਦੀ। ਉਹ ਆਪਣਾ ਸਾਈਕਲ ਚੁੱਕਦਾ ਤੇ ਝੋਲੇ ਵਿਚ ਨੋਟ ਬੁੱਕ ਪਾ ਕੇ ਚੱਲ ਪੈਂਦਾ। ਸਕੂਲੋਂ ਛੁੱਟੀ ਹੁੰਦੇ ਹੀ ਪਿੰਡਾਂ ਨੂੰ ਤੁਰ ਪੈਂਦਾ ਸੀ। ਪੰਦਰਾਂ ਵੀਹ ਦਿਨਾਂ ਵਿਚ ਹੀ ਉਹ ਨੇ ਕਈ ਪਿੰਡ ਕੱਢ ਲਏ। ਹਰ ਪਿੰਡ ਉਹ ਨੂੰ

ਸਫ਼ਲਤਾ ਮਿਲਦੀ। ਕਿਸੇ ਨੇ ਵੀ ਜਵਾਬ ਨਹੀਂ ਦਿੱਤਾ ਸੀ। ਲੋਕ ਉਹ ਨੂੰ ਆਦਰ ਨਾਲ ਮਿਲਦੇ, ਚਾਹ ਪਾਣੀ ਪਿਆਉਂਦੇ ਤੇ ਵੀਹਾਂ ਦਾ ਨੋਟ ਕੱਢ ਕੇ ਉਹ ਨੂੰ ਫੜਾ ਦਿੰਦੇ। ਆਪਣੀ ਨੋਟ ਬੁੱਕ ਵਿਚ ਉਹ ਅਗਲੇ ਦਾ ਨਾਉਂ ਨੋਟ ਕਰ ਲੈਂਦਾ।

ਗਰਮੀਆਂ ਦੇ ਦਿਨ ਸਨ। ਉਹ ਇੱਕ ਦੂਰ ਪਿੰਡ ਗਿਆ। ਉਥੋਂ ਦੇ ਤਿੰਨ ਚਾਰ ਮੁੰਡੇ ਉਹ ਦੇ ਪੁਰਾਣੇ ਵਿਦਿਆਰਥੀ ਸਨ। ਇੱਕ ਮੁੰਡਾ ਬੱਸ ਕੰਡਕਟਰ ਸੀ ਤੇ ਉਹ ਨੂੰ ਆਮ ਹੀ ਮਿਲਦਾ ਰਹਿੰਦਾ। ਪਹਿਲਾਂ ਉਹ ਕੰਡਕਟਰ ਮੁੰਡੇ ਦੇ ਘਰ ਹੀ ਗਿਆ। ਉਹ ਮਿਲਿਆ ਨਾ। ਰਾਤ ਨੂੰ ਆਉਂਦਾ ਹੁੰਦਾ-ਆਪਣੀ ਡਿਊਟੀ ਭੁਗਤਾ ਕੇ। ਉਹ ਵੀ ਤੀਜੇ ਚੌਥੇ ਦਿਨ। ਕੰਡਕਟਰ ਮੁੰਡੇ ਦੇ ਘਰ ਉਹ ਨੇ ਪਾਣੀ ਪੀਤਾ ਤੇ ਮੁੰਡੇ ਦੀ ਮਾਂ ਕੋਲ ਇੱਕ ਹੋਰ ਮੁੰਡੇ ਦਾ ਨਾਉਂ ਲਿਆ। ਉਨ੍ਹਾਂ ਦੀ ਨਿੱਕੀ ਕੁੜੀ ਉਹਨੂੰ ਉਹ ਦੇ ਘਰ ਛੱਡ ਆਈ। ਉਸ ਦਾ ਘਰ ਦੂਜੇ ਅਗਵਾੜ ਸੀ।

ਦਰਵਾਜ਼ੇ ਵਿਚ ਖੜ੍ਹ ਕੇ ਮਾਸਟਰ ਨੇ ਬੋਲ ਮਾਰਿਆ। ਉਹ ਘਰ ਹੀ ਸੀ। ਸਿਰ ਦੇ ਵਾਲਾਂ ਦੀ ਜਟੂਰੀ ਬੰਨ੍ਹੀ ਹੋਈ, ਵਿਚਕਾਰੋਂ ਮੁੰਨੇ। ਗਲ੍ਹ 'ਕੱਲੀ ਚਿੱਟੀ ਬੁਨੈਣ ਤੇ ਤੇੜ ਹਲਕੇ ਨੀਲੇ ਰੰਗ ਦੀ ਟੇਰੀਕਾਟ ਦਾ ਚਾਦਰਾ। ਪੈਰੋਂ ਨੰਗਾ, ਉਹ ਭੱਜਿਆ ਭੱਜਿਆ ਅੰਦਰੋਂ ਸਬਾਤ ਵਿਚੋਂ ਨਿਕਲ ਕੇ ਆਇਆ। ਅੱਖਾਂ ਦੱਸਦੀਆਂ ਸਨ, ਸੁੱਤਾ ਉੱਠ ਕੇ ਆਇਆ ਹੈ। ਆਉਂਦੇ ਹੀ ਉਹ ਨੇ ਮਾਸਟਰ ਦੇ ਗੋਡੀਂ ਹੱਥ ਲਾਇਆ। ਵੀਹੀ ਵਿਚ ਖੜ੍ਹਾ ਮਾਸਟਰ ਦਾ ਸਾਈਕਲ ਉਹ ਨੇ ਆਪ ਹੀ ਦਰਵਾਜ਼ੇ ਵਿਚ ਲਿਆਂਦਾ ਤੇ ਇੱਕ ਕੰਧ ਨਾਲ ਟਿਕਾ ਦਿੱਤਾ। ਮਾਸਟਰ ਦੇ ਇੱਕ ਹੱਥ ਨੂੰ ਆਪਣੇ ਦੋਵਾਂ ਹੱਥਾਂ ਵਿਚ ਫੜ ਕੇ ਉਹ ਉਹ ਨੂੰ ਅੰਦਰਲੀ ਬੈਠਕ ਵਿਚ ਲੈ ਗਿਆ। ਬੈਠਕ ਵਿਚ ਛੱਤ ਉਤਲਾ ਬਿਜਲੀ ਪੱਖਾ ਲੱਗਿਆ ਹੋਇਆ ਸੀ, ਉਹ ਨੇ ਪੱਖਾ ਚਲਾ ਦਿੱਤਾ। ਮਾਸਟਰ ਜੰਗੀਰ ਸਿੰਘ ਸੋਫ਼ੇ 'ਤੇ ਬੈਠ ਗਿਆ। ਨਿਰਭੈ ਸਬਾਤ ਵੱਲ ਗਿਆ ਤੇ ਠੰਡੇ ਪਾਣੀ ਦਾ ਜੱਗ ਲੈ ਆਇਆ। ਸਟੀਲ ਦਾ ਗਲਾਸ ਵੀ। ਉਹ ਨੇ ਬੜੇ ਮੋਹ ਨਾਲ ਮਾਸਟਰ ਨੂੰ ਪਾਣੀ ਪਿਆਇਆ। ਪੁੱਛਿਆ-"ਸ਼ਕੰਜਵੀ ਪੀਉਂਗੇ ਜਾਂ ਚਾ?"

-'ਕੁਛ ਵੀ ਪਿਆ ਦੇ, ਤੇਰੀ ਇੱਛਾ ਐ ਨਿਰਭੈ ਸਿਆਂ।'

-"ਨਾ ਦੱਸੋ ਤੁਸੀਂ, ਜਾਂ ਦੁੱਧ ਈ ਲਾਹ ਲਿਆਮਾਂ?"

-"ਦੁੱਧ ਤੌੜੀ ਦਾ? ਲਾਲ ਲਾਲ, ਸੂਹਾ ਸੂਹਾ?"

-"ਹਾਂ ਜੀ।"

'ਹਾਂ ਜੀ' ਕਹਿੰਦਾ ਨਿਰਭੈ ਉਹ ਨੂੰ ਓਨਾ ਹੀ ਭੋਲਾ ਜਿਹਾ ਲੱਗਿਆ, ਜਿਵੇਂ ਉਹ ਕਲਾਸ ਵਿਚ ਬੋਲਦਾ ਹੁੰਦਾ ਸੀ। ਮਾਸਟਰ ਕਹਿੰਦਾ, "ਹਾਂ ਯਾਰ, ਦੁੱਧ ਪਿਆ ਤੌੜੀ ਦਾ। ਤਰਸ 'ਗੇ ਏਸ ਦੁੱਧ ਨੂੰ ਤਾਂ। ਬੱਸ, ਮਾਂ ਦੇ ਹੱਥੋਂ ਈ ਪੀ ਲਿਆ ਇਹ ਦੁੱਧ ਤਾਂ।"

ਨਿਰਭੈ ਜੱਗ ਵਿਚ ਦੁੱਧ ਲੈ ਆਇਆ। ਖੰਡ ਦੀ ਕੜਛੀ ਉਹ ਓਧਰੋਂ ਹੀ ਦੁੱਧ ਵਿਚ ਘੋਰ ਲਿਆਇਆ ਸੀ। ਗੇਰੂਏ ਦੁੱਧ ਵਿਚ ਮੋਟੀ ਤਹਿ ਦੀ ਮਲਿਆਈ ਦੀਆਂ ਕਾਤਰਾਂ ਤੈਰ ਰਹੀਆਂ ਸਨ। ਉਹ ਦੁੱਧ ਪੀਣ ਲੱਗੇ। ਮਾਸਟਰ ਉਹ ਨੂੰ ਪੁੱਛਣ ਲੱਗਿਆ- " ਦਸਮੀਂ ਤੋਂ ਬਾਅਦ ਕੀ ਕੀਤਾ ਫੇਰ?" ਮਾਸਟਰ ਜੰਗੀਰ ਸਿੰਘ ਨੂੰ ਨਿਰਭੈ ਮੁੜਕੇ ਕਦੇ ਨਹੀਂ ਮਿਲਿਆ ਸੀ।

–"ਦਸਮੀ ਕਰਕੇ ਫੇਰ ਮੈਂ ਕਾਲਜ 'ਚ ਚਲਿਆ ਗਿਆ ਸੀ ਜੀ। ਪ੍ਰੈੱਪ ਨਾਨ ਮੈਡੀਕਲ ਕਰਕੇ, ਫੇਰ ਪ੍ਰੀਇੰਜਨੀਅਰਿੰਗ ਕੀਤੀ। ਐੱਸ. ਡੀ. ਓ. ਦੇ ਕੋਰਸ ਵਾਸਤੇ ਬਹੁਤ ਕੋਸ਼ਿਸ਼ ਕੀਤੀ, ਪਰ ਕਿਤੇ ਵੀ ਦਾਖ਼ਲਾ ਨਾ ਮਿਲਿਆ।"

–"ਫੇਰ ਓਵਰਸੀਅਰੀ ਕਰ ਲੈਂਦਾ।"

–"ਓਵਰਸੀਅਰੀ ਵੀ ਨ੍ਹੀ ਮਿਲੀ।"

–"ਫੇਰ?"

–"ਫੇਰ ਬੀ. ਐੱਸ. ਸੀ. ਕੀਤੀ।"

–"ਬੀ. ਐੱਡ. ਕਰਕੇ ਮਾਸਸਟਰ ਬਣ ਜਾਂਦਾ।"

–"ਮਾਸਟਰ 'ਚ ਕੀ ਸੀ ਜੀ। ਮੈਂ ਲੁਧਿਆਣੇ ਗੌਰਮਿੰਟ ਕਾਲਜ 'ਚ ਫੇਰ ਐੱਮ. ਐਸ. ਸੀ. 'ਚ ਦਾਖ਼ਲਾ ਲੈ ਲਿਆ। ਮਖਿਆ, ਕਿਸੇ ਚੰਗੀ ਪੋਸਟ 'ਤੇ ਲੱਗਾਂਗੇ।"

–"ਫਿਜ਼ਿਕਸ ਜਾਂ ਕਮਿਸਟਰੀ?"

–"ਕਮਿਸਟਰੀ। ਪਰ ਡਵੀਜ਼ਨ ਸੈਕਿੰਡ ਈ ਰਹਿਗੀ ਸੀ। ਕਿਧਰੇ ਕੁੱਛ ਵੀ ਨਾ ਬਣਿਆ। ਪਿੰਡਾਂ ਦੇ ਮੁੰਡਿਆਂ ਨੂੰ ਕੌਣ ਪੁੱਛਦੈ ਜੀ। ਬਥੇਰੇ ਧੱਕੇ ਖਾਧੇ। ਬਹੁਤ ਫਿਰਤ ਕੀਤੀ, ਪਰ ਬੱਸ ਜੀ...। ਜਿੱਥੇ ਵੀ ਜਾਂਦਾ, ਦੂਜੇ ਲੋਕ ਨੋਟਾਂ ਦੇ ਥੱਬੇ ਚੱਕੀ ਬੈਠੇ ਹੁੰਦੇ, ਮੇਰੇ ਕੋਲ ਉਹ ਹੈਨੀ ਸੀ।"

–"ਹੁਣ ਜੀ..." ਨਿਰਭੈ ਬੋਲ ਰਿਹਾ ਸੀ ਕਿ ਵਿਹੜੇ ਵਿਚ ਦੂਜੇ ਪਾਸਿਓਂ ਮੋਟਰ ਸਾਈਕਲ ਦੇ ਹਾਰਨ ਦੀ ਆਵਾਜ਼ ਸੁਣਾਈ ਦਿੱਤੀ। ਉਹ ਉੱਠ ਕੇ ਓਧਰ ਨੂੰ ਹੀ ਭੱਜ ਗਿਆ। ਅਗਲੇ ਬਿੰਦ ਉਹ ਜਵਾਕਾਂ ਨੂੰ ਗਾਲ਼ਾਂ ਕੱਢ ਰਿਹਾ ਸੀ–"ਹੱਟਦੇ ਨ੍ਹੀ, ਸਾਲੇ ਲੰਡੇ ਦੇ। ਵਗ ਜੋ, ਨਹੀਂ ਕੰਨ ਪੱਟ ਕੇ ਹੱਥ 'ਚ ਫੜਾ ਦੂੰ, ਕੰਜਰਾਂ ਦੇ।"

ਜਵਾਕ ਵੀ ਬੋਲ ਰਹੇ ਸਨ। ਇੱਕ ਦੂਜੇ ਦੀਆਂ ਸ਼ਿਕਾਇਤਾਂ ਲਾਉਂਦੇ ਜਿਹੇ।

–"ਕੀ ਗੱਲ, ਆਇਐ ਕੋਈ?" ਮਾਸਟਰ ਨੇ ਪੁੱਛਿਆ।

ਨਿਰਭੈ ਕਹਿੰਦਾ, "ਨਹੀਂ ਜੀ, ਔਣਾ ਕੀਹਨੇ ਸੀ। ਆਹ ਗੁਆਂਢੀਆਂ ਦਾ ਦੋਹਤਾ ਆਇਆ ਹੋਇਐ ਇੱਕ। ਬਹੁਤ ਖਰੂਦੀ ਐ। ਆਊ, ਆ ਕੇ ਮੋਟਰਸਾਈਕਲ ਦਾ ਹਾਰਨ ਵਜਾਦੂ। ਮਖਿਆ, ਕਾਹਨੂੰ ਮਾਰਨੈ, ਹੁਣ ਕੰਨ 'ਤੇ ਧਰ 'ਤਾ ਇੱਕ, ਹੁਣ ਨ੍ਹੀ ਔਂਦਾ।"

–"ਮੋਟਰ ਸਾਈਕਲ ਤੇਰਾ ਈ ਐ?"

–"ਹਾਂ ਜੀ, ਆਪਣਾ ਈ ਐ।"

–"ਕਿਹੜਾ ਐ?"

–"ਰਾਇਲ ਅਨਫੀਲਡ ਐ ਜੀ। ਪਿੰਡਾਂ 'ਚ ਤਾਂ ਇਹੀ ਦਿੰਦੈ ਕੰਮ। ਟਿੱਬਾ ਟੁੱਬਾ ਇਹਦੇ ਸਾਹਮਣੇ ਕੋਈ ਚੀਜ਼ ਨ੍ਹੀ।" ਨਿਰਭੈ ਹੱਸਿਆ।

ਮਾਸਟਰ ਜੰਗੀਰ ਸਿੰਘ ਨੇ ਬਿੰਦ ਡੂੰਘਾ ਸੋਚਿਆ। ਪਤਾ ਨਹੀਂ ਕੀ ਤੇ ਫੇਰ ਉਹ ਨੇ ਤਰੀਕੇ ਜਿਹੇ ਨਾਲ ਆਪਣੀ ਗੱਲ ਸ਼ੁਰੂ ਕਰਨੀ ਚਾਹੀ।

ਜੱਗ ਤੇ ਗਲਾਸ ਨਿਰਭੈ ਓਧਰ ਸਬਾਤ ਵੱਲ ਰੱਖਣ ਗਿਆ ਤਾਂ ਮਾਸਟਰ ਨੇ ਵਿਉਂਤ ਬਣਾਈ। ਹੁਣ ਗੱਲ ਕੀਤੀ ਜਾਵੇ, ਵੀਹ ਰੁਪਏ ਲਏ ਜਾਣ ਤੇ ਤੁਰਦੇ ਹੋਈਏ। ਟਾਈਮ ਵੀ ਪੰਜ ਦਾ ਹੋ ਗਿਆ। ਉਹ ਨੇ ਹੋਰ ਦੋ ਮੁੰਡਿਆਂ ਦੇ ਘਰੀਂ ਵੀ ਜਾਣਾ ਸੀ।

ਪਿੰਡ ਵੀ ਪਹੁੰਚਣਾ ਸੀ। ਸਾਈਕਲ 'ਤੇ ਦੋ-ਡੇਢ ਘੰਟਾ ਲੱਗਣਾ ਸੀ। ਮਸ੍ਹਾਂ ਕਿਤੇ ਹਨੇਰੇ ਹੋਏ ਪਿੰਡ ਪਹੁੰਚ ਸਕੇਗਾ।

ਨਿਰਭੈ ਅਜੇ ਬੈਠਕ ਵਿਚ ਆਇਆ ਨਹੀਂ ਸੀ ਕਿ ਇੱਕ ਹੋਰ ਬੰਦਾ ਓਥੇ ਆ ਕੇ ਬੈਠ ਗਿਆ। ਉਹ ਨੇ ਮਾਸਟਰ ਨੂੰ ਸਤਿ ਸ੍ਰੀ ਅਕਾਲ ਬੁਲਾਈ। ਮਾਸਟਰ ਕਹਿੰਦਾ- "ਨਿਰਭੈ ਸੂੰ ਨੂੰ ਮਿਲਣੈ, ਭਾਈ ਸਾਅਬ?"

-"ਹਾਂ ਜੀ।"

-"ਘਰ ਈ ਐ। ਹੈਧਰ ਹੋਣਾ ਐ। ਔਂਦੈ ਬੱਸ।"

-"ਮਿਲ ਗਿਆ ਜੀ। ਓਸੇ ਨੇ ਮੈਨੂੰ ਐਥੇ ਬੈਠਕ 'ਚ ਬੈਠਣ ਨੂੰ ਆਖਿਐ।"

ਮਾਸਟਰ ਚੁੱਪ ਹੋ ਕੇ ਬੈਠ ਗਿਆ।

ਨਿਰਭੈ ਨੇ ਓਧਰ ਹੀ ਦਸ ਪੰਦਰਾਂ ਮਿੰਟ ਲਾ ਦਿੱਤੇ, ਆਇਆ ਹੀ ਨਾ। ਮਾਸਟਰ ਉਸ ਨੂੰ ਬੁਰੀ ਤਰ੍ਹਾਂ ਉਡੀਕ ਰਿਹਾ ਸੀ। ਅਜੇ ਤਾਂ ਉਸ ਨੇ ਆਪਣੀ ਕਿਤਾਬ ਛਾਪਣ ਬਾਰੇ ਭੂਮਿਕਾ ਵੀ ਬੰਨ੍ਹਣੀ ਸੀ। ਤੇ ਫੇਰ ਵੀਹ ਰੁਪਈਆਂ ਦੀ ਗੱਲ ਤੋਰਨੀ ਸੀ। ਕੀ ਪਤਾ, ਨਿਰਭੈ ਕੀ ਸੋਚੇਗਾ? ਉਹ ਦੇ ਸਰੀਰ ਨੂੰ ਅੱਚਵੀ ਲੱਗ ਗਈ। ਥੋੜ੍ਹੀ ਦੇਰ ਬਾਅਦ ਫੇਰ ਨਿਰਭੈ ਆਇਆ। ਮੋਮੀ ਕਾਗਜ਼ ਵਿਚ ਵਲ੍ਹੇਟਿਆ ਕੁਝ ਕਾਲਾ ਕਾਲਾ ਉਹ ਦੇ ਹੱਥਾਂ ਵਿਚ ਸੀ। ਉਹ ਨੇ ਉਹ ਚੀਜ਼ ਬੈਠਕ ਵਿਚ ਬੈਠੇ ਉਸ ਬੰਦੇ ਨੂੰ ਫੜਾਈ ਤੇ ਆਖਿਆ-"ਇੱਕ ਕਿੱਲੋ ਐ। ਘਰ ਜਾ ਕੇ ਜੋਖ ਲੀਂ ਬੇਸ਼ੱਕ।"

-"ਲੈ ਜੋਖਣ ਨੂੰ ਕੀ ਐ, ਨਿਰਭੈ ਸਿਆਂ। ਤੇਰੇ ਨਾਲ ਤਾਂ ਕਦੋਂ ਦਾ ਵਿਹਾਰ ਐ। ਤੈਨੂੰ ਕਿਤੇ ਜਾਣਦਾ ਨ੍ਹੀ ਮੈਂ। ਇਹ ਤਾਂ ਮਾਤਬਰੀ ਦੇ ਸੌਦੇ ਐ। ਉਹ ਬੰਦੇ ਤਾਂ ਹੋਰ ਈ ਹੁੰਦੇ ਨੇ।"

ਬੈਠਕ ਵਿਚ ਬੈਠੇ ਬੰਦੇ ਨੇ ਮੋਮੀ ਕਾਗਜ਼ ਦਾ ਲਿਫ਼ਾਫ਼ਾ ਦਰੀ ਦੇ ਬਣੇ ਝੋਲੇ ਵਿਚ ਪਾਇਆ ਤੇ ਉੱਤੋਂ ਝੋਲੇ ਦੀਆਂ ਤਣੀਆਂ ਸੰਵਾਰ ਕੇ ਬੰਨ੍ਹ ਲਾਈਆਂ। ਫੇਰ ਆਪਣੇ ਕੁੜਤੇ ਦੀ ਅੰਦਰਲੀ ਜੇਬ੍ਹ ਵਿਚੋਂ ਉਸ ਨੇ ਸੌ ਸੌ ਦੇ ਨੋਟਾਂ ਦੀ ਥਹੀ ਕੱਢੀ ਤੇ ਇੱਕ ਇੱਕ ਕਰਕੇ ਦਸ ਨੋਟ ਨਿਰਭੈ ਨੂੰ ਫੜਾ ਦਿੱਤੇ। ਬੋਲਿਆ-"ਠੀਕ ਐ?"

-"ਹਾਂ, ਠੀਕ ਐ। ਖ਼ਰੇ ਦੁੱਧ ਅਰਗੇ।" ਫੇਰ ਨਿਰਭੈ ਨੇ ਸੁਲਾਹ ਮਾਰੀ-"ਲੋੜ ਐ ਤਾਂ ਫੇਰ ਦੇ ਜੀਂ ਥੋੜ੍ਹੇ ਘਣੇ।"

-"ਨਾ ਨਾ, ਸ੍ਹਾਬ ਤਾ ਮੁੱਕਦਾ ਈ ਚੰਗੈ।" ਉਹ ਨੇ ਪਾਣੀ ਵੀ ਨਹੀਂ ਪੀਤਾ। ਉੱਠਿਆ ਤੇ ਕਿਸੇ ਛਾਂ ਵਾਂਗ ਨਿਰਭੈ ਦੇ ਘਰੋਂ ਬਾਹਰ ਹੋ ਗਿਆ।

-"ਹੋਰ ਫੇਰ, ਮਾਸਟਰ ਜੀ? ਅੱਜ ਕਿਧਰੋਂ ਭੁੱਲੇ ਚੁੱਕੇ ਆ 'ਗੇ ਤੁਸੀਂ?" ਆਰਾਮ ਨਾਲ ਬੈਠ ਕੇ ਨਿਰਭੈ ਪੁੱਛਣ ਲੱਗਿਆ।

-"ਬੱਸ ਯਾਰ, ਮੈਂ ਕਿਹਾ, ਜ਼ਰਾ ਆਪਣੇ ਸ਼ਾਗਿਰਦਾਂ ਨੂੰ ਮਿਲ ਈ ਲਵਾਂ।" ਤੇ ਫੇਰ ਅਗਲੇ ਬਿੰਦ ਹੀ ਮਾਸਟਰ ਜੰਗੀਰ ਸਿੰਘ ਨੇ ਆਪਣੀ ਕਿਤਾਬ ਛਾਪਣ ਦੀ ਗੱਲ ਛੇੜ ਦਿੱਤੀ।

ਨਿਰਭੈ ਕਹਿੰਦਾ-'ਜਿੱਥੇ ਕਿਤੇ ਵੀ ਥੋਡੀ ਕਵਿਤਾ ਛਪਦੀ ਐ, ਮਾਸਟਰ ਜੀ, ਮੈਂ ਜ਼ਰੂਰ ਪੜ੍ਹਦਾ। ਜਦੋਂ ਤੁਸੀਂ ਸਾਨੂੰ ਦਸਮੀ 'ਚ ਅੰਗਰੇਜ਼ੀ ਪੜ੍ਹੌਂਦੇ ਹੁੰਦੇ ਸੀ, ਓਦੋਂ ਜਦੋਂ ਦੇ

ਤੁਸੀਂ ਆਪਣਾ ਕੋਈ ਗੀਤ ਜਾਂ ਗ਼ਜ਼ਲ ਸੁਣਾਈ ਸੀ, ਉਨ੍ਹਾਂ ਦੀਆਂ ਕਈ ਤੁਕਾਂ ਮੇਰੇ ਜ਼ਬਾਨੀ ਯਾਦ ਨੇ, ਹੁਣ ਤੱਕ ਵੀ–ਉਹ ਦੇਖੋ, ਕੀ ਸੀ ਉਹ–ਮਜ਼ਦੂਰ ਲਈ ਅੱਜ ਰਿਜ਼ਕ ਹੀ ਈਮਾਨ ਬਣਦਾ ਜਾ ਰਿਹੈ।"

–"ਹਾਂ, ਲੋਟੂਆਂ ਲਈ ਮੌਤ ਦਾ ਸਮਾਨ ਬਣਦਾ ਜਾ ਰਿਹੈ।" ਮਾਸਟਰ ਨੇ ਪੂਰਾ ਕੀਤਾ ਤੇ ਫੇਰ ਝੱਟ ਹੀ ਵੀਹ ਰੁਪਏ ਦਾ ਸਵਾਲ ਪਾ ਦਿੱਤਾ। ਤੇ ਫੇਰ ਇੱਕ ਖ਼ੁਸ਼ਕ ਮੁਸਕਾਣ ਬੁੱਲ੍ਹਾਂ 'ਤੇ ਚੇਪ ਲਈ।

ਨਿਰਭੈ ਕੁਝ ਸੋਚਣ ਲੱਗ ਪਿਆ ਤੇ ਫੇਰ ਪੁੱਛਿਆ, "ਥੋਡੀ ਏਸ ਕਿਤਾਬ 'ਤੇ ਸਾਰਾ ਕਿੰਨਾ ਕੁ ਖ਼ਰਚ ਆ ਜੂ?"

–"ਚਾਰ ਹਜ਼ਾਰ। ਛੇ ਸੌ ਕਾਪੀਆਂ ਛਪਵਾਵਾਂਗੇ।"

ਮਾਸਟਰ ਜਿਵੇਂ ਆਸ ਨਿਰਾਸ ਦੇ ਦੋ ਪੁੜਾਂ ਵਿਚਕਾਰ ਫਸਿਆ ਬੈਠਾ ਹੋਵੇ। ਪਤਾ ਨਹੀਂ, ਕੀ ਜਵਾਬ ਦੇਵੇਗਾ ਨਿਰਭੈ? ਕਿਧਰੇ ਕੋਈ ਕੁਸੈਲਾ ਬੋਲ ਦੇਵੇ ਤੇ ਉਹ ਦਾ ਮਰਨ ਹੋ ਜਾਵੇ।

–"ਮੈਂ ਹੋਰ ਕਹਿਨਾਂ, ਮਾਸਟਰ ਜੀ ਜੇ ਮੰਨੋ ਤਾਂ?"

–"ਹਾਂ, ਦੱਸ ਭਾਈ, ਮੰਨਾਗੇ ਕਿਵੇਂ ਨ੍ਹੀ।"

–"ਤੁਸੀਂ ਕਾਹਨੂੰ ਐਵੇਂ ਵੀਹ ਵੀਹ ਰੁਪਏ ਪਿੱਛੇ ਸਾਈਕਲ 'ਤੇ ਲੱਤਾਂ ਤੁੜੌਂਦੇ ਫਿਰਦੇ ਓਂ। ਚਾਰ ਹਜ਼ਾਰ ਮੈਥੋਂ ਈ ਲੈ ਲੋ। ਇੱਕ ਹਫ਼ਤੇ ਦੀ ਕਮਾਈ ਐ ਮੇਰੀ ਤਾਂ।"

ਮਾਸਟਰ ਜੀ ਨੂੰ ਜਿਵੇਂ ਗਸ ਪੈ ਗਈ ਹੋਵੇ। ਉਹ ਦੀ ਜੀਭ ਤਾਲੂਏ ਨਾਲ ਲੱਗੀ। ਉਹ ਸੋਫ਼ੇ ਦੀ ਢੋਹ ਨਾਲ ਪਿਛਾਂਹ ਨੂੰ ਇਉਂ ਡਿੱਗਿਆ, ਜਿਵੇਂ ਸੱਚੀਂ ਉਹ ਨੂੰ ਕੋਈ ਕਸਰ ਹੋ ਗਈ ਹੋਵੇ। ਦੋ ਮਿੰਟ ਐਵੇਂ ਹੀ ਗੁਜ਼ਰ ਗਏ ਤੇ ਫੇਰ ਮਾਸਟਰ ਨੇ ਪਾਣੀ ਮੰਗਿਆ।

ਪਾਣੀ ਦਾ ਗਲਾਸ ਪਿਆ ਕੇ ਨਿਰਭੈ ਮਾਸਟਰ ਕੋਲ ਹੀ ਸੋਫ਼ੇ 'ਤੇ ਬੈਠ ਗਿਆ ਤੇ ਕਿਹਾ–"ਇੱਕ ਹਜ਼ਾਰ ਤਾਂ ਤੁਸੀਂ ਆਹ ਫੜੋ। ਤਿੰਨ ਹਜ਼ਾਰ ਮੈਂ ਆਪ ਈ ਥੋਨੂੰ ਪਿੰਡ ਦੇ ਆਊਂ। ਪਰਸੋਂ ਜਾਂ ਚੌਥੇ। ਬਹੁਤੇ ਦਿਨ ਨ੍ਹੀ ਪੈਣ ਦਿੰਦਾ।"

ਮਾਸਟਰ ਜੰਗੀਰ ਸਿੰਘ ਦੇ ਹੱਥ ਕੰਬਣ ਲੱਗੇ। ਮਸ੍ਹਾਂ ਹੀ ਮੂੰਹੋਂ ਬੋਲ ਨਿਕਲਿਆ–"ਨਹੀਂ, ਨਿਰਭੈ ਸਿਆਂ, ਇਓਂ ਨ੍ਹੀ ਠੀਕ। ਤੂੰ ਮੈਨੂੰ ਵੀਹ ਦਾ ਇੱਕ ਨੋਟ ਦੇ ਦੇ ਬੱਸ।"

–"ਵਾਹ ਮਾਸਟਰ ਜੀ, ਇਹ ਕੋਈ ਗੱਲ ਹੋਈ। ਮੇਰੇ ਕੀ ਯਾਦ ਐ ਇਹ ਚਾਰ ਹਜ਼ਾਰ ਗੁਰੂ ਖਾਤਰ ਮੈਂ ਐਨਾ ਵੀ ਨ੍ਹੀ ਕਰ ਸਕਦਾ?"

ਮਾਸਟਰ ਨੇ ਦੋਵੇਂ ਹੱਥ ਆਪਣੇ ਗੋਡਿਆਂ ਵਿਚ ਦੇ ਲਏ ਤੇ ਫੇਰ ਜਿਵੇਂ ਗਿੜਗਿੜਾਇਆ ਹੋਵੇ–"ਬੱਸ ਵੀਹ ਦਾ ਇੱਕ ਨੋਟ।"

ਨਿਰਭੈ ਨੇ ਦੇਖਿਆ, ਮਾਸਟਰ ਘਬਰਾਇਆ ਬੈਠਾ ਹੈ। ਤੇ ਫੇਰ ਉਹ ਨੇ ਦਸੇ ਨੋਟ ਉਹ ਦੇ ਮੂੰਹ ਕੋਲ ਕਰਕੇ ਆਖਿਆ–"ਚੰਗਾ ਇਹ ਇੱਕ ਹਜ਼ਾਰ ਲੈ ਲੋ।"

–"ਨਹੀਂ, ਵੀਹ ਰੁਪਏ ਬਹੁਤ ਨੇ। ਬਾਸ਼ ਇੱਕੋ ਜੀ ਹੁੰਦੀ ਐ। ਵੱਧ ਬਿਲਕੁਲ ਨ੍ਹੀ। ਇਨ੍ਹਾਂ ਵੀਹਾਂ 'ਚ ਮੈਂ ਤੈਨੂੰ ਦਸ ਰੁਪਿਆਂ ਦੀ ਕਿਤਾਬ ਦੇਊਂਗਾ। ਤੈਥੋਂ ਦੂਗਣੇ ਲੈ ਰਿਹਾ, ਇਹ ਛੋਟੀ ਗੱਲ ਐ ਕੋਈ। ਇਹ ਵੀਹ ਤੈਨੂੰ ਆਪਣਾ ਜਾਣ ਕੇ ਈ ਲੈਨਾਂ।"

–"ਮੈਂ ਵੀ ਆਪਣਾ ਜਾਣਕੇ ਈ ਦਿੰਨਾ, ਗੁਰੂ ਜੀ, ਇਹ ਇੱਕ ਹਜ਼ਾਰ।"

–"ਨਾ, ਨਾ, ਇਹ ਹੋ ਈ ਨ੍ਹੀ ਸਕਦਾ।"

–"ਤਾਂ ਫੇਰ ਹੁਣ ਨਾ ਮੋੜਿਓ, ਆਹ ਲਓ, ਐਨੇ ਕੁ ਤਾਂ ਲੈ ਲੋ।" ਨਿਰਭੈ ਨੇ ਪੰਜ ਨੋਟ ਵੱਖਰੇ ਕੱਢ ਲਏ।

–"ਬਈ ਨਿਰਭੈ, ਮੈਂ ਚੱਲਦਾਂ ਫੇਰ। ਤੂੰ ਵੀਹ ਵੀ ਨਾ ਦੇਹ।"

ਮਾਸਟਰ ਜੰਗੀਰ ਸਿੰਘ ਦੇ ਮਨ ਵਿਚ ਫੇਰ ਪਤਾ ਨਹੀਂ ਕੀ ਆਈ, ਉਹ ਨੇ ਸੌ ਰੁਪਿਆ ਮਨਜ਼ੂਰ ਕਰ ਲਿਆ। ਪਰ ਉਹ ਦੇ ਮੱਥੇ 'ਤੇ ਮੁੜ੍ਹਕਾ ਸੀ। ਪੁੱਛਣ ਲੱਗਿਆ–"ਤੂੰ ਇਹ ਕੰਮ ਕਦੋਂ ਦਾ ਕਰ ਰਿਹੈਂ?" –"ਮੈਨੂੰ ਤਾਂ ਜੀ ਪੰਜ ਸਾਲ ਹੋ 'ਗੇ।"

–"ਕੀ ਗੱਲ, ਤੂੰ ਏਸ ਰਾਹ ਕਿਵੇਂ ਪੈ ਗਿਆ? ਤੂੰ ਤਾਂ ਬੜਾ ਸਾਊ ਮੁੰਡਾ ਹੁੰਦਾ ਸੀ।"

–"ਸਾਊਆਂ ਨੂੰ ਕੌਣ ਪੁੱਛਦੈ, ਮਾਸਟਰ ਜੀ। ਸਾਊ ਬਣਿਆ ਰਹਿੰਦਾ ਤਾਂ ਭੁੱਖਾ ਮਰਦਾ। ਐੱਮ. ਐੱਸ. ਸੀ. ਕਰਨ ਪਿੱਛੋਂ ਵੀ ਰੁਜ਼ਗਾਰ ਤਾਂ ਕਿਧਰੇ ਮਿਲਿਆ ਨਾ। ਹੋਰ ਕੀ ਕਰਦਾ ਜੀ ਫੇਰ?"

–"ਤੈਨੂੰ ਡਰ ਨ੍ਹੀ ਲੱਗਦਾ?"

–"ਡਰਨਾ ਕੀਹਤੋਂ ਜੀ। ਐੱਮ. ਐੱਲ. ਏ. ਸਾਅਬ ਆਪਣੇ ਐ, ਥਾਣੇਦਾਰ ਆਪਣਾ ਐ। ਉਨ੍ਹਾਂ ਦਾ ਹਿੱਸਾ ਉਨ੍ਹਾਂ ਦੇ ਘਰ ਪਹੁੰਚ ਜਾਂਦੈ।"

ਮਾਸਟਰ ਜੰਗੀਰ ਸਿੰਘ ਦੀ ਛੱਬੀ-ਸਤਾਈ ਸਾਲ ਦੀ ਸਰਵਿਸ ਹੋ ਚੁੱਕੀ ਸੀ। ਉਹ ਪੁਰਾਣੇ ਵਕ਼ਤਾਂ ਨਾਲ ਹੁਣ ਦੇ ਵਕ਼ਤ ਦਾ ਮੁਕਾਬਲਾ ਕਰਨ ਲੱਗਿਆ ਤੇ ਖੜ੍ਹਾ ਹੋ ਕੇ ਨਿਰਭੈ ਸਿੰਘ ਵੱਲ ਹੱਥ ਵਧਾਇਆ।

ਨਿਰਭੈ ਸਿੰਘ ਉਹ ਨੂੰ ਵੀਹੀ ਦੇ ਮੋੜ ਤੱਕ ਵਿਦਾ ਕਰਨ ਆਇਆ।

ਮਾਸਟਰ ਜੰਗੀਰ ਸਿੰਘ ਪਿੰਡ ਵਿਚ ਦੂਜੇ ਦੋ ਮੁੰਡਿਆਂ ਦੇ ਘਰ ਨਹੀਂ ਗਿਆ। ਸਿੱਧਾ ਆਪਣੇ ਪਿੰਡ ਨੂੰ ਚੱਲ ਪਿਆ। ਸੂਏ ਦੀ ਪਟੜੀ ਪੈ ਕੇ ਉਹ ਸਾਈਕਲ ਦੇ ਪੈਡਲ ਮਾਰਦਾ ਜਾ ਰਿਹਾ ਡੂੰਘੀ ਸੋਚ ਵਿਚ ਡੁੱਬਿਆ ਹੋਇਆ ਸੀ। ...ਨਿਰਭੈ ਹੋਰ ਕੀ ਕਰਦਾ ਫੇਰ? ਏਸ ਨਜ਼ਾਮ ਵਿਚ ਉਹ ਇਹੀ ਕਰ ਸਕਦਾ ਸੀ। ♦

# ਸਾਹਸ

ਆਖ਼ਰੀ ਬੱਸ। ਹਨੇਰਾ ਵਾਹਵਾ ਉਤਰ ਆਇਆ। ਅੱਡਾ ਛੱਡ ਕੇ ਬੱਸ ਨਿਕਲੀ ਤੇ ਸਵਾਰੀਆਂ ਪਿੰਡ ਦੀ ਸੜਕ ਪੈ ਗਈਆਂ। ਦੋ ਤਿੰਨ ਬੰਦੇ ਚਾਹ ਦੀ ਦੁਕਾਨ ਵੱਲ ਹੋ ਗਏ। ਪਾਣੀ ਪੀਣ ਜਾਂ ਸ਼ਾਇਦ ਚਾਹ ਪੀਣ ਹੀ। ਤਿੰਨ ਚਾਰ ਜਣੇ ਸ਼ਰਾਬ ਦੇ ਠੇਕੇ ਵਿਚ ਜਾ ਵੜੇ। ਅੱਡੇ 'ਚੋਂ ਨਿਕਲ ਕੇ ਬੋਝਲ ਜਿਹੇ ਕਦਮਾਂ ਨਾਲ ਉਹ ਪਿੰਡ ਦੀ ਸੜਕ 'ਤੇ ਤੁਰਨ ਤਾਂ ਲੱਗ ਗਿਆ, ਪਰ ਇੱਕ ਤਿੱਖਾ ਛੁਰੀ ਜਿਹਾ ਖਿਆਲ ਉਹ ਦੇ ਪਿੰਡੇ ਨੂੰ ਚੀਰ ਗਿਆ। ਅੱਜ ਫੇਰ ਉਹ ਹਥਾਈ ਵਾਲੀ ਸੱਥ ਵਿਚ ਬੈਠੇ ਹੋਣਗੇ ਤੇ ਉਹ ਨੂੰ 'ਚੌਰਾ' ਕਹਿਣਗੇ। 'ਚੌਰਾ' ਸ਼ਬਦ ਉਹਦੇ ਲਈ ਗੋਲੀ ਸੀ। ਉਹ ਦੇ ਕੰਨਾਂ ਵਿਚ ਇਹ ਸ਼ਬਦ ਪੈਂਦਾ ਤਾਂ ਉਹਦਾ ਕਾਲਜਾ ਛਾਨਣੀ ਛਾਨਣੀ ਹੋ ਕੇ ਰਹਿ ਜਾਂਦਾ।

ਪਤਾ ਨਹੀਂ ਕੀ ਸੋਚ ਕੇ ਉਹ ਉੱਥੇ ਹੀ ਰੁਕ ਗਿਆ, ਜੇਬ੍ਹ ਟੋਹੀ ਤੇ ਵਾਪਸ ਅੱਡੇ ਵੱਲ ਹੋ ਲਿਆ। ਠੇਕੇ ਵਿਚ ਗਿਆ ਤੇ ਇੱਕ ਅਧੀਆ ਦੇਸੀ ਸ਼ਰਾਬ ਦਾ ਖਰੀਦ ਲਿਆ, ਪਰ੍ਹਾਂ ਸੀਮਿੰਟ ਦੀ ਚੌਂਕੜੀ 'ਤੇ ਬੈਠ ਗਿਆ। ਅੱਡੇ ਵਿਚ ਦੋਵੇਂ ਪਾਸੀਂ ਦੋ ਦੋ ਚੌਂਕੜੀਆਂ ਬਣੀਆਂ ਹੋਈਆਂ ਸਨ। ਉਹਨੇ ਦੇਖਿਆ, ਪਰਲੇ ਪਾਸੇ ਦੀ ਇੱਕ ਚੌਂਕੜੀ 'ਤੇ ਬੈਠੇ ਦੋ ਬੰਦੇ ਸ਼ਰਾਬ ਪੀ ਰਹੇ ਸਨ। ਅੱਡੇ ਵਿਚ ਚਾਹ ਦੀਆਂ ਹੋਰ ਵੀ ਤਿੰਨ ਚਾਰ ਦੁਕਾਨਾਂ ਸਨ। ਆਖ਼ਰੀ ਬੱਸ ਤੋਂ ਘੰਟਾ ਦੋ ਘੰਟੇ ਬਾਅਦ ਤੱਕ ਇਹ ਦੁਕਾਨਾਂ ਖੁੱਲ੍ਹੀਆਂ ਰਹਿੰਦੀਆਂ। ਤੇ ਫੇਰ ਕੋਈ ਗਾਹਕ ਨਹੀਂ ਆਉਂਦਾ ਸੀ ਤਾਂ ਬੰਦ ਹੋ ਜਾਂਦੀਆਂ। ਫੇਰ ਤਾਂ ਸ਼ਰਾਬੀ ਲੋਕ ਹੀ ਆਉਂਦੇ। ਇੱਕ ਇੱਕ ਰੁਪਏ ਦਾ ਭੁਜੀਆ ਲੈ ਕੇ ਮਗਜਾਲੀ ਮਾਰਦੇ ਰਹਿੰਦੇ ਤੇ ਵਾਧੂ ਦੀ ਜਾਨ ਖਾਂਦੇ।

ਦੂਜੇ ਪੈੱਗ ਨਾਲ ਉਸ ਨੂੰ ਖਾਸਾ ਤਰਾਰਾ ਜਿਹਾ ਆ ਗਿਆ। ਉਹ ਉੱਠਿਆ ਤੇ ਜੇਬ੍ਹ ਵਿਚ ਹੱਥ ਮਾਰਿਆ। ਉਹ ਚਾਹੁੰਦਾ ਸੀ, ਮੂੰਹ ਸਲੂਣਾ ਕਰ ਲਵੇ। ਸੱਠ ਪੈਸੇ ਹੀ ਨਿਕਲੇ। ਦੁਕਾਨਦਾਰ ਤੋਂ ਉਹਨੇ ਮਟਰ ਫੜ ਲਏ। ਮੁੜ ਚੌਂਕੜੀ 'ਤੇ ਆ ਕੇ ਤੀਜਾ ਪੈੱਗ ਬਣਾਇਆ ਤੇ ਪੀ ਲਿਆ। ਮਟਰ ਮੁਕਾ ਕੇ ਖਾਲੀ ਕਾਗਜ਼ ਦੀ ਉਹ ਨੇ ਗਰੌਲੀ ਜਿਹੀ ਬਣਾਈ ਤੇ ਦੂਰ ਸੜਕ ਵਿਚਕਾਰ ਵਗਾਹ ਮਾਰੀ। ਦੁਕਾਨਦਾਰ ਨੂੰ ਡੱਬਾ ਗਲਾਸ ਵਾਪਸ ਕੀਤਾ ਤੇ ਘਰ ਨੂੰ ਚੱਲ ਪਿਆ। ਸੜਕ 'ਤੇ ਤੁਰ ਰਿਹਾ ਉਹ ਦੰਦ ਪੀਹ ਰਿਹਾ ਸੀ–"ਅੱਜ ਬੋਲਣ ਦੇ ਮੇਰੇ ਪਤਿਉਰਿਆਂ ਨੂੰ। ਮੈਂ ਵੀ ਪੁੱਠੀਆਂ ਸੁਣਾਊਂ। ਗਿੰਦਰ ਦੇ ਮੁੰਡੇ ਦੇ ਤਾਂ ਜੁੰਡੇ ਪੱਟੂੰ। ਭੈਣ ਦੇ ਯਾਰ, ਕਿਵੇਂ ਚਾਂਭੜ ਚਾਂਭੜ ਬੋਲਦਾ ਹੁੰਦੈ। ਮਾਂ ਨੂੰ ਧਲਿਆਰਾ ਪਾ ਕੇ ਰੱਖ ਲੈ। ਹਰਾ ਚਰਦੀ ਫਿਰਦੀ ਐ। ਮੈਨੂੰ ਲੋੜ ਸੀ, ਮੈਂ ਅੱਕ ਚੱਬ ਲਿਆ। ਘਰ ਈ ਵਸਾਇਐ ਆਪਣਾ, ਕੋਈ ਖਨਾਮੀ ਤਾਂ ਨੀ ਖੱਟੀ। ਪਿੰਡ ਦੀ ਧੀ ਭੈਣ ਨੂੰ ਨ੍ਹੀ ਕੁੱਛ ਆਖਿਆ ਕਦੇ। ਇਹ ਮੰਡੀਹਰ ਕਿਉਂ ਛੇੜਦੀ ਐ ਮੈਨੂੰ?" ਉਹ ਫਾਲੇ ਵਾਂਗ ਤਪਿਆ ਤੇ ਪੂਰਾ

ਰਿੱਝਦਾ ਪੱਕਦਾ ਤੇਜ਼ ਕਦਮੀਂ ਸੜਕੇ ਸੜਕ ਪਿੰਡ ਨੂੰ ਤੁਰਿਆ ਜਾ ਰਿਹਾ ਸੀ। ਅਧੀਏ ਵਿਚ ਬਾਕੀ ਬਚਦਾ ਇੱਕ ਪੈੱਗ ਉਹ ਨੇ ਆਪਣੀ ਪੈਂਟ ਦੇ ਡੱਬ ਵਿਚ ਦੇ ਰੱਖਿਆ ਸੀ।

***

ਚਾਨਣ ਇੱਕ ਰਿਟਾਇਰਡ ਫ਼ੌਜੀ ਸੀ। ਦੂਜੀ ਵੱਡੀ ਸੰਸਾਰ ਜੰਗ ਵੇਲੇ ਉਹ ਭਰਤੀ ਹੋਇਆ ਸੀ। ਵੀਹ ਇੱਕੀ ਸਾਲ ਦਾ ਹੋਵੇਗਾ। ਘਰ ਵਿਚ ਗ਼ਰੀਬੀ ਸੀ। ਹੋਰ ਕਿਧਰੇ ਹੱਥ ਨਾ ਪੈਂਦਾ ਦੇਖ ਕੇ ਉਹ ਭਰਤੀ ਹੋ ਗਿਆ ਸੀ। ਉਨ੍ਹਾਂ ਦਿਨਾਂ ਵਿਚ ਉਹ ਨੂੰ ਇਹ ਗੀਤ ਬੜਾ ਹੀ ਚੰਗਾ ਲੱਗਿਆ ਸੀ–

ਭਰਤੀ ਹੋ ਜਾ ਤੂੰ, ਬਣਜੇਂਗਾ ਰੰਗਰੂਟ।<br>
ਏਥੇ ਤਾਂ ਨੇ ਫਿੱਡੇ ਛਿੱਤਰ, ਓਥੇ ਮਿਲਦੇ ਬੂਟ...।

ਸਾਰੀ ਉਮਰ ਉਹ ਦਾ ਵਿਆਹ ਨਹੀਂ ਹੋ ਸਕਿਆ ਸੀ। ਭਰਤੀ ਹੋਣ ਵੇਲੇ ਉਹ ਦਾ ਪਿਓ ਮਰ ਚੁੱਕਿਆ ਸੀ। ਇਕੱਲੀ ਮਾਂ ਸੀ। ਹੋਰ ਕੋਈ ਭੈਣ, ਨਾ ਭਾਈ। ਉਨ੍ਹਾਂ ਕੋਲ ਸਿਰਫ਼ ਤਿੰਨ ਘੁਮਾਂ ਜ਼ਮੀਨ ਸੀ, ਜਿਹੜੀ ਉਹਦੇ ਪਿਓ ਨੇ ਸ਼ਰੀਕਾਂ ਵਿਚ ਗਹਿਣੇ ਧਰ ਰੱਖੀ ਸੀ। ਉਹਦਾ ਪਿਓ ਹੱਡੋਂ ਮਾਸੋਂ ਕਮਜ਼ੋਰ ਸੀ। ਕਮਾਈ ਹੁੰਦੀ ਨਹੀਂ ਸੀ। ਇਸ ਜ਼ਮੀਨ ਨੂੰ ਵਾਢਾ ਧਰ ਲਿਆ ਸੀ। ਤੇ ਹੌਲੀ ਹੌਲੀ ਸਾਰੀ ਮੁਕਾ ਲਈ ਸੀ। ਚਾਨਣ ਦਾ ਬਾਪੂ ਮਰਿਆ ਸੀ ਤਾਂ ਮਾਂ ਲੋਕਾਂ ਦੇ ਘਰ ਗੋਲਾ ਧੰਦਾ ਕਰਨ ਲੱਗੀ ਸੀ। ਚਾਨਣ ਆਪ ਵੀ ਨਿੱਕਾ ਮੋਟਾ ਕੰਮ ਕਰਦਾ। ਮਾਂ ਪੁੱਤ ਥੋੜ੍ਹੀ ਮੋਟੀ ਕਮਾਈ ਕਰਦੇ ਤੇ ਦੋ ਡੰਗ ਦੀ ਰੋਟੀ ਖਾ ਲੈਂਦੇ। ਪਰ ਜੱਟ ਦਾ ਪੁੱਤ ਹੋ ਕੇ ਚਾਨਣ ਸ਼ਰੀਕਾਂ ਦੇ ਘਰੀਂ ਮਜ਼੍ਹਬੀ-ਰਮਦਾਸੀਆਂ ਵਾਂਗ ਕੰਮ ਕਰਦਾ ਹੀਣਤ ਮੰਨਦਾ। ਅੱਖਾਂ ਮੀਚ ਕੇ ਜੁਟਿਆ ਰਹਿੰਦਾ, ਪਰ ਅੰਦਰੋਂ ਜਟਊ ਗੈਰਤ ਨਾਲ ਉਹਦਾ ਦਿਲ ਪੁੱਛੀਂਦਾ ਤੁਰਿਆ ਜਾਂਦਾ। ਏਸ ਕਰਕੇ ਉਹ ਭਰਤੀ ਜਾ ਹੋਇਆ ਸੀ। ਪਹਿਲੀ ਤਲਬ ਵਿਚੋਂ ਉਹ ਨੇ ਦਸ ਰੁਪਏ ਦਾ ਮਨੀ ਆਰਡਰ ਮਾਂ ਦੇ ਨਾਂ ਭੇਜਿਆ ਸੀ ਤਾਂ ਮਾਂ ਦੀਆਂ ਅੱਖਾਂ ਚਰਾਗਾਂ ਵਾਂਗ ਖੁੱਲ੍ਹ ਗਈਆਂ ਸਨ। ਉਹ ਨੂੰ ਪਹਿਲੀ ਵਾਰ ਸੁੱਖ ਦਾ ਸਾਹ ਆਇਆ ਸੀ। ਜਿਵੇਂ ਉਹ ਦੇ ਫੇਫੜਿਆਂ ਵਿਚ ਅਸਲੋਂ ਹੀ ਤਾਜ਼ੀ ਹਵਾ ਭਰਨ ਲੱਗੀ ਹੋਵੇ ਤੇ ਫੇਰ ਹਰ ਮਹੀਨੇ ਉਹ ਮਨੀਆਰਡਰ ਭੇਜਦਾ। ਹੁਣ ਤਾਂ ਬੁੜ੍ਹੀ ਪਹਿਨ ਪੱਚਰ ਕੇ ਵੀ ਰਹਿਣ ਲੱਗੀ। ਸ਼ਰੀਕਾਂ ਦੇ ਘਰ ਕੰਮ ਕਰਨ ਵੀ ਨਾ ਜਾਂਦੀ। ਉਹ ਦਾ ਮੁੰਡਾ ਉਹ ਨੂੰ ਵਰ੍ਹੇ ਛਿਮਾਹੀਂ ਕੁੜਤੀ ਸਲਵਾਰ ਦਾ ਕੱਪੜਾ ਭੇਜਦਾ। ਜੁੱਤੀ ਤੇ ਚਿੱਟੀ ਚਾਦਰ। ਖੰਡ ਤੇ ਲਿਪਟਨ ਦੀ ਚਾਹ ਪੱਤੀ ਦਾ ਡੱਬਾ ਵੀ। ਉਹ ਦੇ ਭਰਤੀ ਹੋਣ ਤੋਂ ਦਸ ਕੁ ਸਾਲਾਂ ਬਾਅਦ ਉਹ ਦੀ ਮਾਂ ਮਰ ਗਈ। ਘਰ ਉਹ ਨੇ ਸ਼ਰੀਕਾਂ ਨੂੰ ਨਹੀਂ ਦਿੱਤਾ। ਜਿੰਦਾ ਲਾ ਛੱਡਿਆ। ਇੱਕ ਸਾਲ ਦੋ ਮਹੀਨਿਆਂ ਦੀ ਲੰਬੀ ਛੁੱਟੀ ਆਇਆ ਤੇ ਪੱਕੀ ਬੈਠਕ ਪਵਾ ਗਿਆ। ਤੇ ਫੇਰ ਦੋ ਕੁ ਸਾਲਾਂ ਬਾਅਦ ਪੱਕੀ ਸਬਾਤ ਤੇ ਵਰਾਂਡਾ ਵੀ। ਤੇ ਫਿਰ ਪੰਜ ਸੱਤ ਸਾਲਾਂ ਵਿਚ ਪੈਸੇ ਜੋੜ ਜੋੜ ਕੇ ਉਹ ਨੇ ਪਿਓ ਦੀ ਗਹਿਣੇ ਧਰੀ ਸਾਰੀ ਜ਼ਮੀਨ ਛੁਡਾ ਲਈ ਸੀ। ਉਹ ਲੰਬੀ ਛੁੱਟੀ ਆਉਂਦਾ ਤੇ ਕਬੀਲਦਾਰ ਜਿਹਾ ਬਣ ਕੇ ਰਹਿੰਦਾ। ਦੂਜੇ ਫ਼ੌਜੀਆਂ ਵਾਂਗ ਦਾਰੂ ਨਾ ਪੀਂਦਾ। ਆਪਣੇ ਆਪ ਨੂੰ ਸਿਆਣਾ ਜਿਹਾ ਬਣਾ ਕੇ ਰੱਖਦਾ। ਉਹ ਨੂੰ ਆਸ ਸੀ ਕਿ ਕੋਈ ਰਿਸ਼ਤਾ ਹੋ ਜਾਵੇਗਾ, ਪਰ ਇਹ ਆਸ ਲੰਬੀ ਹੁੰਦੀ ਅਖ਼ੀਰ ਮੁੱਕ ਗਈ ਸੀ। ਤੇ ਫੇਰ ਉਹ ਹੌਲਦਾਰੀ ਪੈਨਸ਼ਨ ਲੈ ਕੇ ਪਿੰਡ ਆ

ਗਿਆ ਸੀ। ਦੋ ਤਿੰਨ ਸਾਲ ਫਿਰ ਵੀ ਕੁੱਤੇ ਝਾਕ ਵਿਚ ਲੰਘਾਏ ਸਨ। ਅਖ਼ੀਰ ਦੋ ਬੱਚਿਆਂ ਦੀ ਇੱਕ ਵਿਧਵਾ ਮਾਂ ਨੂੰ ਉਹ ਘਰ ਲੈ ਆਇਆ ਸੀ। ਉਸ ਸਮੇਂ ਉਹ ਦੀ ਆਪਣੀ ਉਮਰ ਪੰਜਾਹ ਦੇ ਨੇੜੇ ਸੀ। ਬੱਚਿਆਂ ਦੀ ਮਾਂ ਵੀ ਚਾਲ੍ਹੀਆਂ ਤੋਂ ਉੱਤੇ ਹੋਵੇਗੀ।

ਚਾਨਣ ਦਾ ਘਰ ਪਿੰਡ ਦੇ ਚੜ੍ਹਦੇ ਪਾਸੇ ਸੀ। ਇਸ ਹਥਾਈ ਵਾਲੀ ਸੱਥ ਵਿਚ ਦੀ ਉਹ ਕਦੇ ਕਦੇ ਹੀ ਲੰਘਦਾ। ਪਰ ਜਦੋਂ ਕਦੇ ਵੀ ਉਹ ਉਥੋਂ ਦੀ ਗੁਜ਼ਰਦਾ ਤੇ ਮੁੰਡਿਆਂ ਦੀ ਲੰਡੋਰ ਢਾਣੀ ਉੱਥੇ ਬੈਠੀ ਹੁੰਦੀ ਤਾਂ ਉਹ ਜ਼ਰੂਰ ਹੀ ਉਹ ਨੂੰ ਸੁਣਾ ਕੇ ਕਹਿ ਉੱਠਦੇ– “ਚੌਰਾ ਜਾਂਦੈ।” ਉਹ ਨੀਵੀਂ ਪਾ ਕੇ ਤੇਜ਼ੀ ਨਾਲ ਉਥੋਂ ਦੀ ਪਾਰ ਲੰਘ ਜਾਣ ਦੀ ਕੋਸ਼ਿਸ਼ ਕਰਦਾ। ਪਰ ਉਹਦੇ ਕੰਨਾਂ ਵਿਚ ਹੋਰ ਗੱਲਾਂ ਵੀ ਪੈ ਜਾਂਦੀਆਂ। ਉਹ ਉਨ੍ਹਾਂ ਦੀਆਂ ਗੱਲਾਂ ਨੂੰ ਬਥੇਰਾ ਅਣਸੁਣਿਆ ਕਰਨ ਦੀ ਕਾਹਲ ਕਰਦਾ। ਫੇਰ ਵੀ ਇੱਕ ਅੱਧ ਗੱਲ ਤਾਂ ਉਹ ਦੀ ਸਮਝ ਵਿਚ ਵੀ ਆ ਹੀ ਜਾਂਦੀ। ਬਹੁਤੇ ਸ਼ਬਦ ਨਾ ਸੁਣ ਕੇ ਵੀ ਉਹ ਉਨ੍ਹਾਂ ਦੇ ਅਰਥ ਸਮਝ ਲੈਂਦਾ। ਕੋਈ ਵੀ ਸ਼ਬਦ ਨਾ ਬੋਲਿਆ ਗਿਆ ਤਾਂ ਉਹਦੇ ਕੰਨ ਬੋਲਦੇ। ਲੰਡੋਰ ਢਾਣੀ ਦੇ ਸਾਹ ਵੀ ਉਹਨੂੰ ਰੜਕਦੇ। ਕੋਈ ਲੰਘਦਾ ਤਾਂ ਉਹ ਦੇ ਕਾਲਜੇ ਵਿਚ ਛੁਰੀਆਂ ਚੱਲਦੀਆਂ। ਕਿਸੇ ਦੀ ਉਬਾਸੀ, ਕਿਸੇ ਦੀ ਛਿੱਕ, ਕਿਸੇ ਦਾ ਇੱਕ ਦੂਜੇ ਨੂੰ ਸੁਭਾਇਕੀ ਬੁਲਾਉਣਾ ਵੀ ਉਹਦੀ ਤੋਰ ਵਿਚ ਫ਼ਰਕ ਪਾ ਦਿੰਦਾ। ਉਹ ਦੀ ਮਾਨਸਿਕ ਅਵਸਥਾ ਵਿਗੜ ਉੱਠਦੀ। ਇਸ ਡਰ ਕਰਕੇ ਉਹ ਮਸਾਂ ਹੀ ਏਧਰ ਕਦੇ ਆਉਂਦਾ। ਪਰ ਜਦੋਂ ਵੀ ਕਦੇ ਉਹ ਮੰਡੀ ਜਾਂਦਾ, ਬੱਸ ਅੱਡੇ ਤੋਂ ਉਤਰ ਕੇ ਉਹ ਨੂੰ ਇਸ ਸੱਥ ਵਿਚ ਦੀ ਗੁਜ਼ਰਨਾ ਪੈਂਦਾ। ਹੋਰ ਕੋਈ ਰਾਹ ਹੈ ਹੀ ਨਹੀਂ ਸੀ। ਨਹੀਂ ਤਾਂ ਘਰ ਪਹੁੰਚਣ ਲਈ ਪਿੰਡ ’ਤੋਂ ਦੀ ਲੰਬਾ ਵਿੰਗ ਪਾਉਣਾ ਪੈਂਦਾ। ਅਜਿਹਾ ਉਸ ਨੇ ਦੋ ਤਿੰਨ ਵਾਰ ਕੀਤਾ ਵੀ ਸੀ, ਪਰ ਹਰ ਵਾਰ ਉਹ ਅਜਿਹਾ ਕਿਉਂ ਕਰਦਾ? ਉਹ ਜਦੋਂ ਵੀ ਸੱਥ ਵਿਚ ਲੰਘਣ ਲੱਗਦਾ ਉਹ ਬਥੇਰਾ ਪੱਲਾ ਬਚਾ ਕੇ ਫਟਾ ਫਟ ਗੁਜ਼ਰ ਜਾਣ ਦੀ ਕਾਹਲ ਕਰਦਾ, ਪਰ ਕਿਸੇ ਨਾ ਕਿਸੇ ਮੁੰਡੇ ਦੀ ਨਿਗਾਹ ਉਹ ਚੜ੍ਹ ਹੀ ਜਾਂਦਾ। ਮੁੰਡਿਆਂ ਵਿਚ ਘੁਸਰ ਮੁਸਰ ਸ਼ੁਰੂ ਹੋ ਜਾਂਦੀ। ਹਰ ਵਾਰ ਉਹ ਦਿਲ ਕਰੜਾ ਕਰਕੇ ਸੱਥ ਦੇ ਭਵ ਸਾਗਰ ਵਿਚ ਦਾਖਲ ਹੁੰਦਾ ਤੇ ਪੱਕੇ ਮਨ ਨਾਲ ਫੈਸਲਾ ਜਿਹਾ ਕਰਨ ਲੱਗਦਾ, ਅੱਜ ਬੋਲੇ ਕੋਈ ਮੈਂ ਠੋਕਵਾਂ ਜਵਾਬ ਦਿਉਂ। ਪਰ ਉਦੋਂ ਹੀ ਪਤਾ ਲੱਗਦਾ ਜਦੋਂ ਮੁੰਡਿਆਂ ਦੇ ਜ਼ਹਿਰੀਲੇ ਨੁਕੀਲੇ ਬੋਲ ਹਵਾ ਵਿਚ ਤੈਰ ਜਾਂਦੇ ਤੇ ਉਹ ਦੇ ਕੰਨਾਂ ਵਿਚ ਸਾਂ ਸਾਂ ਜਿਹੀ ਹੋਣ ਲਗਦੀ। ਉਹ ਦੀ ਜੀਭ ਠਾਕੀ ਜਾਂਦੀ। ਉਹ ਕੰਨ ਵਲ੍ਹੇਟ ਕੇ ਉਸ ਭਵ ਸਾਗਰ ਨੂੰ ਪਾਰ ਕਰਨ ਦੀ ਕਾਹਲ ਵਿਚ ਜੁਟ ਜਾਂਦਾ। ਘਰ ਤੱਕ ਪਹੁੰਚਦਿਆਂ ਉਹ ਦਾ ਗੁੱਸਾ ਇੱਕ ਮਾਨਸਿਕ ਤਣਾਓ ਵਿਚ ਬਦਲ ਚੁੱਕਿਆ ਹੁੰਦਾ। ਮੁੰਡਿਆਂ ਦੇ ਬੋਲਾਂ ਨੂੰ ਲੈ ਕੇ ਉਹ ਕਾਫ਼ੀ ਰਾਤ ਤੱਕ ਅੱਧ ਸੁੱਤਾ ਜਿਹਾ ਪਿਆ ਕਲਪਦਾ ਰਹਿੰਦਾ। ਉਹ ਦੀ ਜਨਾਨੀ ਉਹਦੀ ਚੁੱਪ ਨੂੰ ਛੇੜਦੀ ਤਾਂ ਉਹ ਹੋਰ ਚੁੱਪ ਹੋ ਜਾਂਦਾ ਤੇ ਜਾਂ ਫਿਰ ਕੋਈ ਬਹਾਨਾ ਜਿਹਾ ਲੈ ਕੇ ਉਹਦੇ ਨਾਲ ਲੜਨ ਝਗੜਨ ਲੱਗਦਾ। ਦੋ ਤਿੰਨ ਦਿਨਾਂ ਤੱਕ ਉਹ ਮਸਾਂ ਕਿਤੇ ਜਾ ਕੇ ਚਿੱਤ ਨੂੰ ਥਾਂ ਸਿਰ ਲਿਆਉਂਦਾ।

ਰਾਹ ਵਿਚ ਕੱਸੀ ਦਾ ਪੁਲ ਸੀ। ਉਹ ਪੁਲ ’ਤੇ ਬੈਠ ਗਿਆ। ਪੈਂਟ ਦੇ ਡੱਬ ਵਿਚੋਂ ਅਧੀਆ ਕੱਢਿਆ ਤੇ ਉਹ ਨੂੰ ਪੁਲ ’ਤੇ ਰੱਖ ਕੇ ਸੋਚਣ ਲੱਗਿਆ ਕਿ ਉਹ ਬਾਕੀ ਦਾ ਇੱਕ ਪੈੱਗ ਹੁਣੇ ਪੀ ਲਵੇ ਜਾਂ ਘਰ ਜਾ ਕੇ ਰੋਟੀ ਖਾਣ ਲੱਗਿਆਂ ਪੀਵੇ। ਨੇੜੇ ਤੇੜੇ ਕੋਈ

ਪੰਪ ਵੀ ਨਹੀਂ ਸੀ। ਕੱਸੀ ਦਾ ਪਾਣੀ ਗੰਧਲਾ ਹੋਵੇਗਾ। ਉਹ ਪੈੱਗ ਕਿੱਥੇ ਲਾਵੇ? ਗਲਾਸ ਵੀ ਹੈ ਨਹੀਂ।

ਦੋ ਤਿੰਨ ਬੰਦੇ ਪੁਲ 'ਤੋਂ ਦੀ ਉਹ ਦੇ ਬਿਲਕੁਲ ਕੋਲ ਜਿਹਾ ਹੋ ਕੇ ਲੰਘੇ, ਪਰ ਉਹ ਨੂੰ ਕਿਸੇ ਨੇ ਬੁਲਾਇਆ ਨਹੀਂ। ਉਹ ਵੀ ਚੁੱਪ ਕੀਤਾ ਹੀ ਬੈਠਾ ਹੋਇਆ ਸੀ। ਇੱਕ ਡਰ, ਇੱਕ ਹੌਸਲਾ ਉਹ ਦੇ ਅੰਦਰ ਲਗਾਤਾਰ ਝਗੜ ਰਹੇ ਸਨ। ਉਹ ਨੇ ਪੱਕਾ ਫੈਸਲਾ ਕੀਤਾ ਹੋਇਆ ਸੀ ਕਿ ਅੱਜ ਦੋ ਹੱਥ ਕਰਕੇ ਹੀ ਉਹ ਸੱਥ ਨੂੰ ਪਾਰ ਕਰੇਗਾ।

ਪਿੰਡ ਦੇ ਮੁੰਡੇ ਵੀ ਕਿੰਨੇ ਕੰਜਰ ਹਨ। ਦੋ ਜਵਾਕਾਂ ਦੀ ਮਾਂ ਨੂੰ ਮੈਂ ਘਰ ਲਿਆ ਬਿਠਾਇਆ ਤਾਂ ਮੈਂ ਇਹ ਐਡਾ ਕਿਹੜਾ ਜੁਲਮ ਕੀਤਾ ਜਾਂ ਜੁਰਮ ਕਰ ਲਿਆ। ਮੈਨੂੰ ਲੋੜ ਸੀ, ਮੈਂ ਇਹ ਹੂਲਾ ਫੱਕ ਲਿਆ। ਇਹ ਦੇ ਵਿਚ ਲੋਕਾਂ ਦੀ ਮਾਂ ਦਾ ਕੀ ਜਾਂਦੈ? ਲੋਕ ਕਿਉਂ ਮੱਚਦੇ ਨੇ? ਕਿਉਂ ਮੇਰੇ 'ਤੇ ਦੰਦ ਧਰ ਛੱਡਿਐ? ਬਦਨਾਮੀ ਵਾਲੀ ਗੱਲ ਤਾਂ ਫੇਰ ਸੀ ਜੇ ਮੈਂ ਕਿਸੇ ਬਿਗਾਨੀ ਤੀਵੀਂ ਨੂੰ ਘਰ ਖਵਾ ਰਿਹਾ ਹੁੰਦਾ। ਦੂਜੇ ਘਰ ਦੀਆਂ ਕੰਧਾਂ ਟੱਪਦਾ।

***

ਇਹ ਮੁੰਡੇ ਜਿੱਥੇ ਬੋਲਣਾ ਚਾਹੀਦਾ ਹੈ, ਉੱਥੇ ਕਿਉਂ ਨਹੀਂ ਬੋਲਦੇ? ਉੱਥੇ ਕਿਉਂ ਇਨ੍ਹਾਂ ਦਾ ਲਹੂ ਜੰਮ ਜਾਂਦਾ ਹੈ? ਓਥੇ ਇਹ ਅੱਖਾਂ ਮੀਚ ਲੈਂਦੇ ਹਨ?

ਦਸ ਬੰਦਿਆਂ ਨੇ ਸਾਰੇ ਪਿੰਡ ਨੂੰ ਹੜੱਪ ਕਰਨਾ ਸ਼ੁਰੂ ਕਰ ਦਿੱਤਾ ਹੈ। ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਇਨ੍ਹਾਂ ਦਸਾਂ ਘਰਾਂ ਦੇ ਢਿੱਡ ਵਿਚ ਹਜ਼ਮ ਹੁੰਦੀਆਂ ਜਾ ਰਹੀਆਂ ਹਨ। ਕਿਸੇ ਦੀ ਗਹਿਣੇ ਕਿਸੇ ਦੀ ਬੈਅ। ਦਸਾਂ ਘਰਾਂ ਦਾ ਪੈਸਾ ਸਾਰੇ ਪਿੰਡ ਵਿਚ ਵਿਆਜ 'ਤੇ ਚੱਲ ਰਿਹਾ ਹੈ। ਇਨ੍ਹਾਂ ਘਰਾਂ ਨੇ ਤਾਂ ਸਾਹੂਕਾਰਾਂ ਨੂੰ ਵੀ ਮਾਰ ਦਿੱਤਾ ਹੈ। ਠੋਕ ਵਜਾ ਕੇ 'ਵਾਧਾ' ਲਾਉਂਦੇ ਨੇ। ਲਗਦਾ ਹੈ ਸਾਰੇ ਪਿੰਡ ਦੀ ਜ਼ਮੀਨ ਇੱਕ ਦਿਨ ਇਨ੍ਹਾਂ ਘਰਾਂ ਕੋਲ ਚਲੀ ਜਾਵੇਗੀ। ਛੋਟਾ ਕਿਸਾਨ ਖੇਤ ਮਜ਼ਦੂਰ ਬਣ ਕੇ ਰਹਿ ਜਾਵੇਗਾ। ਪਿੰਡ ਦਾ ਕੋਈ ਮੁੰਡਾ ਇਨ੍ਹਾਂ ਦਸਾਂ ਘਰਾਂ ਨੂੰ ਕਿਉਂ ਨਹੀਂ ਟੋਕਦਾ?

ਤੇ ਮਾਲਵਿੰਦਰ ਸਿੰਘ ਨੂੰ ਕਿਉਂ ਸਲਾਮਾਂ ਕਰਦੇ ਨੇ ਇਹ ਸਾਰੇ ਮੁੰਡੇ? ਹਰ ਪੰਜਾਂ ਸਾਲਾਂ ਬਾਅਦ ਪੱਗ ਦਾ ਰੰਗ ਬਦਲ ਲੈਂਦਾ ਹੈ। ਕਦੇ ਚਿੱਟੀ, ਕਦੇ ਨੀਲੀ। ਮਾਲਵਿੰਦਰ ਇੱਕ ਮੰਤਰੀ ਦਾ ਭਾਣਜਾ ਹੈ। ਮੰਤਰੀ ਵੀ ਪੱਗਾਂ ਬਦਲਦਾ ਰਹਿੰਦਾ ਹੈ। ਉਹ ਨੂੰ ਬੱਸ ਕੁਰਸੀ ਚਾਹੀਦੀ ਹੈ, ਪੱਗ ਕੋਈ ਵੀ ਹੋਵੇ। ਕਿਸੇ ਸਮੇਂ ਮਾਲਵਿੰਦਰ ਸਿੰਘ ਕੋਲ ਮਸਾਂ ਹੀ ਦਸ ਕਿੱਲੇ ਜ਼ਮੀਨ ਸੀ। ਠੱਗੀਆਂ ਮਾਰ ਮਾਰ ਹੁਣ ਚਾਲੀ ਕਿੱਲੇ ਬਣਾਈ ਬੈਠਾ ਹੈ। ਕੁੜੀ ਦਾ ਵਿਆਹ ਕੀਤਾ ਤਾਂ ਜਿਲ੍ਹੇ ਭਰ ਦੇ ਲੋਕ ਸ਼ਗਨ ਦੇਣ ਆਏ। ਸ਼ਰਾਬ, ਮੀਟ ਤੇ ਬਰਫ਼ ਸੋਡੇ ਦਾ ਖ਼ਰਚ ਅਫ਼ੀਮ ਦੇ ਸਮਗਲਰ ਹੀ ਕਰ ਗਏ। ਭ੍ਰਿਸ਼ਟਾਚਾਰੀ ਅਫ਼ਸਰਾਂ ਨੇ ਹਫ਼ਤਾ ਪਹਿਲਾਂ ਕੁੜੀ ਦੇ ਦਾਜ ਲਈ ਟੀ. ਵੀ., ਫਰਿੱਜ, ਡਾਈਨਿੰਗ ਸੈੱਟ, ਸੋਫ਼ੇ ਤੇ ਹੋਰ ਪਤਾ ਨਹੀਂ ਕੀ ਕੀ ਪਹੁੰਚਾ ਦਿੱਤਾ। ਬਦਲੀਆਂ ਕਰਵਾਉਣ ਤੇ ਤਰੱਕੀਆਂ ਦਿਵਾਉਣ ਦਾ ਮੁੱਲ ਤਰ ਗਿਆ। ਮਾਲਵਿੰਦਰ ਸਿੰਘ ਪਿੰਡ ਵਿਚ ਹਿੱਕ ਕੱਢ ਕੇ ਤਾਂ ਪਹਿਲਾਂ ਹੀ ਤੁਰਦਾ ਸੀ। ਹੁਣ ਕੁੜੀ ਦਾ ਬੇਮਿਸਾਲ ਵਿਆਹ ਕਰਕੇ ਸ਼ਰੀਕਾਂ ਵਿਚ ਸਮਾਜਕ ਪੱਖੋਂ ਵੀ ਉੱਚਾ ਹੋ ਗਿਆ ਹੈ। ਸਭ ਕੂੜ ਦਾ ਪਸਾਰਾ ਹੈ। ਪਿੰਡ ਦਾ ਕੋਈ ਮੁੰਡਾ ਏਸ ਮਾਲਵਿੰਦਰ ਸਿੰਘ ਦੰਭੀ ਨੂੰ ਕਿਉਂ ਨਹੀਂ ਕਦੇ ਕੋਈ ਲਲਕਾਰਾ ਮਾਰਦਾ?

ਮਹੰਤ ਟਹਿਲ ਦਾਸ ਨੇ ਪਿੰਡ ਵਿਚ ਆਪਣੀ ਵੱਖਰੀ ਲੀਲ੍ਹਾ ਰਚਾ ਰੱਖੀ ਹੈ। ਅੱਧੇ ਤੋਂ ਬਹੁਤਾ ਪਿੰਡ ਉਹਦਾ ਅੰਧ ਵਿਸ਼ਵਾਸੀ ਬਣ ਚੁੱਕਿਆ ਹੈ। ਉਹ ਦੇ ਇੱਕ ਭਗਤ ਨੇ ਉਹ ਨੂੰ ਡੇਰਾ ਬਣਾਉਣ ਲਈ ਦੋ ਕਿੱਲੇ ਜ਼ਮੀਨ ਪੁੰਨ ਕਰ ਦਿੱਤੀ ਸੀ। ਕਿਸੇ ਘਰ ਜਵਾਕ ਨੂੰ ਇੱਕ ਘੁੱਟ ਦੁੱਧ ਮਿਲੇ ਨਾ ਮਿਲੇ, ਮਹੰਤ ਟਹਿਲ ਦਾਸ ਦੇ ਡੇਰੇ ਦੀਆਂ ਟੋਕਣੀਆਂ ਤੜਕੇ ਹੀ ਭਰ ਜਾਂਦੀਆਂ ਹਨ। ਪਿੰਡ ਦੇ ਵਿਹਲੜ ਮੁਸ਼ਟੰਡੇ ਪਰ ਟਹਿਲ ਦਾਸ ਦੇ ਅਨਿੰਨ ਭਗਤ ਤੇ ਉਹ ਦੇ ਧੂਤੂ ਇਹ ਕੜ੍ਹਿਆ ਦੁੱਧ ਪੀ ਪੀ ਕੱਟਿਆਂ ਵਾਂਗ ਪਲ ਰਹੇ ਹਨ।

ਮਹੰਤ ਟਹਿਲ ਦਾਸ ਪੂਰਾ ਜਤੀ ਸਤੀ ਹੈ। ਬੂਬਨਾ ਸਾਧ ਉਹ ਬਿਲਕੁਲ ਨਹੀਂ। ਪਰ ਉਹ ਆਪਣੇ ਲੰਬੇ ਭਗਵੇਂ ਟੈਰੀਕਾਟ ਦੇ ਚੋਲੇ ਨੂੰ ਦੋ ਗੀਝੇ ਲਾ ਕੇ ਰੱਖਦਾ ਹੈ। ਲੋਕ ਆਉਂਦੇ ਹਨ, ਮੱਥੇ ਟੇਕਦੇ ਹਨ, ਚੜ੍ਹਾਵਾ ਚੁੱਕ ਕੇ ਉਹ ਗੀਝੇ ਵਿਚ ਪਾ ਲੈਂਦਾ ਹੈ। ਖੱਬੇ ਹੱਥ ਨਾਲ ਸੱਜੇ ਗੀਝੇ ਵਿਚ ਤੇ ਸੱਜੇ ਹੱਥ ਨਾਲ ਖੱਬੇ ਗੀਝੇ ਵਿਚ। ਸੌ ਮੀਲ ਦੂਰ ਆਪਣੇ ਪਿਛਲੇ ਪਿੰਡ ਭਤੀਜਿਆਂ ਨੂੰ ਹਰ ਸਾਲ ਹੋਰ ਜ਼ਮੀਨ ਬੈਅ ਲੈ ਕੇ ਦੇ ਆਉਂਦਾ ਹੈ। ਭਰਜਾਈ ਰੰਡੀ ਹੈ। ਮਹੰਤ ਟਹਿਲ ਦਾਸ ਦੀ ਟਹਿਲਣ ਵੀ।

ਮਹੰਤ ਟਹਿਲ ਦਾਸ ਜਦੋਂ ਇਸ ਸੱਥ ਵਿਚ ਦੀ ਲੰਘਦਾ ਹੈ, ਸੱਥ ਵਿਚ ਬੈਠੇ ਇਹ ਮੁੰਡੇ ਉਹ ਦੇ ਪੈਰਾਂ ’ਤੇ ਕਿਉਂ ਡਿੱਗ ਪੈਂਦੇ ਹਨ? ਚਾਹੁਣ ਤਾਂ ਉਹ ਆਥਣ ਨੂੰ ਏਸ ਪਖੰਡੀ ਮਹੰਤ ਨੂੰ ਪਿੰਡੋਂ ਕੱਢ ਦੇਣ, ਜਿਸ ਕੋਲ ਝੂਠੀ ਤਸੱਲੀ ਦੀਆਂ ਪਰਚੀਆਂ ਤੋਂ ਛੁੱਟ ਹੋਰ ਕੁੱਝ ਵੀ ਨਹੀਂ। ਪਿੰਡ ਨੂੰ ਬੁੱਧੂ ਬਣਾ ਰੱਖਿਆ ਹੈ।

***

ਚਾਨਣ ਨੇ ਕੱਸੀ ਦਾ ਗੰਧਲਾ ਪਾਣੀ ਹੀ ਅਧੀਏ ਵਿਚ ਪਾਇਆ ਤੇ ਅਧੀਆ ਮੂੰਹ ਨੂੰ ਲਾ ਕੇ ਦਾਰੂ ਪੀ ਲਈ। ਇਸ ਸਮੇਂ ਉਹ ਪੂਰੇ ਨਸ਼ੇ ਵਿਚ ਸੀ। ਰੂੜੀਆਂ ਦੇ ਢੇਰ ਟੱਪ ਕੇ ਹਥਾਈ ਸਾਹਮਣੇ ਸੀ। ਉਹ ਨੇ ਦੂਰੋਂ ਹੀ ਖੰਘਣਾ ਖੰਘਾਰਨਾ ਸ਼ੁਰੂ ਕਰ ਦਿੱਤਾ। ਨਾਸਾਂ ਵਿਚੋਂ ਗੁੱਸੇ ਦੇ ਠੂੰਹੇਂ ਡਿੱਗਣ ਲੱਗੇ। ਉਹ ਨੇ ਪੱਕੀ ਮਥ ਲਈ ਹੋਈ ਸੀ। ਕਿ ਉਹ ਮੁੰਡਿਆਂ ਦੀ ਢਾਣੀ ਕੋਲ ਦੀ ਹੌਲੀ ਹੌਲੀ ਤੁਰ ਕੇ ਲੰਘੇਗਾ। ਨੀਵੀਂ ਨਹੀਂ ਪਾਵੇਗਾ। ਗੜ੍ਹਾ ਚੁੱਕ ਕੇ ਚੱਲੇਗਾ। ਪੂਰੀ ਹਿੱਕ ਕੱਢ ਕੇ। ਨਿਗਾਹ ਰੱਖੇਗਾ, ਜਦੋਂ ਹੀ ਕੋਈ ਮੁੰਡਾ ਬੋਲਿਆ, ਉਹ ਸ਼ੇਰ ਦੀ ਝਪਟ ਵਾਂਗ ਉਹਦੇ ’ਤੇ ਡਿੱਗ ਪਵੇਗਾ। ਉਹ ਨੂੰ ਬੁਰਕੀਏਂ ਖਾ ਜਾਵੇਗਾ। ਉਹ ਉਹ ਦਾ ਗਲ ਘੁੱਟ ਦੇਵੇਗਾ।

ਚਾਨਣ ਜਦੋਂ ਹੀ ਸੱਥ ਵਿਚ ਆਇਆ, ਓਥੇ ਕੋਈ ਨਹੀਂ ਸੀ। ਕੋਈ ਬੁੱਢਾ ਜਾਂ ਕੋਈ ਨਿਆਣਾ ਮੁੰਡਾ ਵੀ ਨਹੀਂ। ਸੱਥ ਵਿਚ ਤਾਂ ਸੁੰਨ ਸਰਾਂ ਸੀ। ਹਨੇਰਾ ਬਹੁਤ ਉਤਰ ਆਇਆ ਸੀ। ਸੱਥ ਵਿਚ ਬੈਠਣ ਵਾਲੇ ਆਪੋ ਆਪਣੇ ਘਰਾਂ ਨੂੰ ਤੁਰ ਗਏ ਸਨ। ਪਰ ਚਾਨਣ ਦਾ ਗੁੱਸਾ ਜ਼ੋਰਾਂ ’ਤੇ ਸੀ। ਉਹ ਸੱਥ ਵਿਚ ਇਉਂ ਟੰਗਾਂ ਚੌੜੀਆਂ ਕਰੀਂ ਖੜ੍ਹਾ ਸੀ, ਜਿਵੇਂ ਜੰਗਲ ਵਿਚ ਕੋਈ ਇਕੱਲਾ ਸ਼ੇਰ। ਉਹ ਨੇ ਦੱਬ ਕੇ ਚੀਕ ਮਾਰੀ, ਆਲੇ ਦੁਆਲਿਓਂ ਕੋਈ ਨਾ ਬੋਲਿਆ। ਚੀਕ ਦੀ ਆਵਾਜ਼ ਨੇੜੇ ਦੇ ਘਰਾਂ ਦੀਆਂ ਕੰਧਾਂ ਨਾਲ ਟਕਰਾ ਕੇ ਉਤਾਂਹ ਉੱਠੀ ਤੇ ਖਲਾਅ ਵਿਚ ਜਾ ਕੇ ਗੁੰਮ ਹੋ ਗਈ। ਇੱਕ ਚੀਕ ਉਹ ਨੇ ਹੋਰ ਮਾਰ ਦਿੱਤੀ। ਤੇ ਫੇਰ ਮੋਢੇ ’ਤੋਂ ਦੀ ਥੁੱਕ ਕੇ ਉਹ ਆਪਣੇ ਘਰ ਨੂੰ ਤੁਰ ਪਿਆ। ♦

# ਸੁੱਚੀ ਕੁਲ

ਪੰਜਾਬ ਵਿਚ ਆਮ ਲੋਕਾਂ ਲਈ ਲਈ ਇਹ ਕਿਹੇ ਚੰਦਰੇ ਦਿਨ ਸਨ। ਖ਼ਾਸ ਕਰਕੇ ਮੰਡੀਆਂ ਤੇ ਸ਼ਹਿਰਾਂ ਵਿਚ। ਲੋਕਾਂ ਨੇ ਕਰਫ਼ਿਊ ਦਾ ਨਾਉਂ ਤਾਂ ਜ਼ਰੂਰ ਸੁਣਿਆ ਹੋਵੇਗਾ, ਪਰ ਕਰਫ਼ਿਊ ਕਦੇ ਦੇਖਿਆ ਨਹੀਂ ਸੀ।

ਇਸ ਮੰਡੀ ਦੇ ਲੋਕ ਦੁਖੀ ਹੁੰਦੇ ਤੇ ਹੱਸਦੇ ਵੀ। ਗਲੀਆਂ ਬਜ਼ਾਰਾਂ ਵਿਚ ਮਿਲਟਰੀ ਦੇ ਬੰਦੇ ਭੂਤਾਂ ਪ੍ਰੇਤਾਂ ਵਾਂਗ ਤੁਰੇ ਫਿਰਦੇ। ਸੀ. ਆਰ. ਪੀ. ਤੇ ਪੰਜਾਬ ਪੁਲਿਸ ਅਲੱਗ। ਪਹਿਲੇ ਦੋ ਦਿਨ ਤਾਂ ਲੋਕ ਬਹੁਤਾ ਹੀ ਜਿੱਚ ਹੋਏ। ਸਵੇਰੇ ਅੱਠ ਵਜੇ ਸਾਇਰਨ ਵੱਜਦਾ ਤੇ ਕਰਫ਼ਿਊ ਇੱਕ ਘੰਟੇ ਲਈ ਖੁੱਲ੍ਹਦਾ। ਲੋਕਾਂ ਦੀ ਜ਼ਿੰਦਗੀ ਸਾਇਰਨ ਨਾਲ ਬੱਝ ਕੇ ਰਹਿ ਗਈ ਸੀ। ਸਾਇਰਨ ਦੀ ਆਵਾਜ਼ ਨਾਲ ਜ਼ਿੰਦਗੀ ਚਾਰ ਦੀਵਾਰੀਆਂ ਅੰਦਰ ਕੈਦ ਹੋ ਜਾਂਦੀ। ਸਾਇਰਨ ਦੀ ਆਵਾਜ਼ ਨਾਲ ਜ਼ਿੰਦਗੀ ਖੰਭ ਖੋਲ੍ਹਦੀ ਤੇ ਦਾਣਾ ਪਾਣੀ ਚੁਗਣ ਲਈ ਵਾਹੋ ਦਾਹੀ ਬਾਹਰ ਨੂੰ ਭੱਜਦੀ। ਜਿਵੇਂ ਦਾਣਾ ਪਾਣੀ ਕਦੇ ਦੇਖਿਆ ਹੀ ਨਾ ਹੋਵੇ।

ਜਿਵੇਂ ਜੰਗਲੀ ਜਾਨਵਰਾਂ ਨੂੰ ਪਾਲਤੂ ਬਣਾਈਦਾ ਹੈ। ਸਾਇਰਨ ਵੱਜਦਾ ਤਾ ਲੋਕ ਘਰਾਂ ਤੋਂ ਬਾਹਰ ਮੂੰਹ ਕੱਢ ਕੇ ਗਲੀ ਵਿਚ ਦੂਰ ਤੱਕ ਫੈਲੀ ਸੁੰਨਸਾਨ ਨੂੰ ਹੈਰਾਨੀ ਨਾਲ ਦੇਖਣ ਲੱਗਦੇ। ਦੋ ਚਾਰ ਜਣੇ ਕੋਈ ਇੱਕ ਬਾਰ ਸਾਹਮਣੇ ਖੜ੍ਹ ਜਾਂਦੇ ਤੇ ਅੰਮ੍ਰਿਤਸਰ ਦੀਆਂ ਗੱਲਾਂ ਕਰਦੇ। ਔਰਤਾਂ ਵੀ ਇੰਝ ਇੱਕ ਥਾਂ ਇਕੱਠੀਆਂ ਖੜ੍ਹੀਆਂ ਰਹਿੰਦੀਆਂ ਤੇ ਗੱਲਾਂ ਕਰਦੀਆਂ। ਨੌਜਵਾਨ ਮੁੰਡੇ ਕਿਸੇ ਦੀ ਬੈਠਕ ਵਿਚ ਇਕੱਠੇ ਹੁੰਦੇ ਤੇ ਤਾਸ਼ ਖੇਡਦੇ। ਕਰਫ਼ਿਊ ਦਾ ਸਾਇਰਨ ਵੱਜਣ ਬਾਅਦ ਵੀ ਮਿਲਟਰੀ ਦੇ ਬੰਦੇ ਕਿਸੇ ਗਲੀ ਵਿਚ ਲੋਕਾਂ ਨੂੰ ਇੰਝ ਘਰਾਂ ਤੋਂ ਬਾਹਰ ਖੜ੍ਹੇ ਦੇਖਦੇ ਤਾਂ ਵੜਦੇ। ਥੱਪੜਾਂ ਹੂਰਿਆਂ ਨਾਲ ਕੁੱਟ ਦਿੰਦੇ। ਰਾਈਫ਼ਲਾਂ ਦੇ ਬੱਟ ਮਾਰਦੇ। ਕੁੱਟ ਖਾ ਕੇ ਲੋਕ ਕਰਫ਼ਿਊ ਦਾ ਮਤਲਬ ਸਮਝ ਜਾਂਦੇ। ਬਜ਼ਾਰਾਂ ਵਿਚ ਵੀ ਇੰਝ ਹੋਇਆ ਸੀ। ਉੱਚੀਆਂ ਹਵੇਲੀਆਂ ’ਤੇ ਖੜ੍ਹ ਕੇ ਕੋਈ ਝਾਕਦਾ ਤਾਂ ਮਿਲਟਰੀ ਵਾਲੇ ਉਨ੍ਹਾਂ ਨੂੰ ਇਸ਼ਾਰਾ ਕਰਕੇ ਥੱਲੇ ਬੁਲਾਉਂਦੇ ਤੇ ਕਰਫ਼ਿਊ ਦਾ ਮਤਲਬ ਸਮਝਾ ਦਿੰਦੇ। ਇੰਝ ਦੋ ਕੁ ਦਿਨਾਂ ਵਿਚ ਹੀ ਸਾਰੀ ਮੰਡੀ ਕਰਫ਼ਿਊ ਦਾ ਮਤਲਬ ਸਮਝ ਗਈ ਸੀ। ਪਾਲਤੂ ਜਾਨਵਰਾਂ ਵਾਂਗ।

ਤੇ ਫੇਰ ਘਰਾਂ ਵਿਚੋਂ ਚੀਜ਼ਾਂ ਮੁੱਕਣ ਲੱਗੀਆਂ। ਆਟਾ, ਦਾਲਾਂ, ਖੰਡ, ਚਾਹ ਪੱਤੀ, ਮਿੱਟੀ ਦਾ ਤੇਲ ਤੇ ਬਨਸਪਤੀ ਘਿਓ। ਬਹੁਤਾ ਤੋੜਾ ਤਾਂ ਦੁੱਧ ਦਾ ਪਿਆ। ਦੋ ਕੁ ਦਿਨ ਤਾਂ ਮਿਲਟਰੀ ਵਾਲਿਆਂ ਨੇ ਪਿੰਡਾਂ ਵਿਚੋਂ ਦੁੱਧ ਦੇ ਢੋਲ ਭਰ ਕੇ ਲਿਆਂਦੇ। ਕਰਫ਼ਿਊ

ਖੁੱਲ੍ਹੇ ਤੋਂ ਲੋਕ ਦੁਕਾਨਾਂ ਵੱਲ ਭੱਜਦੇ। ਦੁਕਾਨਦਾਰ ਇੰਝ ਪ੍ਰੇਸ਼ਾਨ ਹੋ ਉੱਠਦੇ, ਜਿਵੇਂ ਉਨ੍ਹਾਂ ਦੀ ਦੁਕਾਨ ਨੂੰ ਲੁੱਟਿਆ ਜਾ ਰਿਹਾ ਹੋਵੇ। ਕੋਈ ਦੁਕਾਨਦਾਰ ਵੱਧ ਮੁੱਲ ਲਾਉਂਦਾ ਤੇ ਮਿਲਟਰੀ ਵਾਲਿਆਂ ਨੂੰ ਪਤਾ ਲੱਗ ਜਾਂਦਾ ਤਾਂ ਉਹ ਉਹ ਨੂੰ ਕਰਫ਼ਿਊ ਦਾ ਮਤਲਬ ਸਮਝਾਉਂਦੇ। ਪਾਣੀ ਤੇ ਬਿਜਲੀ ਦੀ ਬੜੀ ਮੌਜ ਰਹੀ। ਚੌਵੀ ਘੰਟੇ ਪਾਣੀ ਮਿਲਦਾ ਤੇ ਚੌਵੀ ਘੰਟੇ ਹੀ ਬਿਜਲੀ। ਪਿੱਛੋਂ ਜਾ ਕੇ ਲੋਕ ਗੱਲਾਂ ਕਰਦੇ ਹੁੰਦੇ, "ਬਈ ਬਿਜਲੀ ਪਾਣੀ ਦੀ ਖੁੱਲ੍ਹ ਤਾਂ ਕਰਫ਼ਿਊ ਦੇ ਦਿਨਾਂ 'ਚ ਦੇਖੀ।"

ਮੁਸੀਬਤ ਵੇਲੇ ਸਭ ਇਕੱਠੇ ਹੋ ਜਾਂਦੇ ਨੇ ਖ਼ਾਸ ਕਰਕੇ ਪੰਜਾਬੀ ਲੋਕ। ਕਰਫ਼ਿਊ ਦੇ ਦਿਨਾਂ ਵਿਚ ਗਵਾਂਢੀ ਗਵਾਂਢੀ ਨੂੰ ਪੁੱਛਦਾ ਸੀ–ਖੰਡ ਨਹੀਂ ਤਾਂ ਸਾਡਿਓਂ ਲੈ ਜਾਓ।"

ਕੋਈ ਆਖਦਾ–"ਮਿੱਟੀ ਦੇ ਤੇਲ ਦੀਆਂ ਬੋਤਲਾਂ ਚਾਰ ਨੇ, ਇੱਕ ਤੂੰ ਲੈ ਜਾ। ਵਕ਼ਤ ਕੱਟੋ ਭਾਈ।"

ਕਿਸੇ ਗਵਾਂਢੀ ਦੇ ਕੋਈ ਦੋ ਡੰਗ ਦਾ ਆਟਾ ਮੰਗਣ ਗਿਆ ਤਾਂ ਅਗਲੇ ਨੇ ਇਨਕਾਰ ਨਹੀਂ ਕੀਤਾ। ਸਗੋਂ ਜਵਾਬ ਮਿਲਦਾ, "ਜਿਹੜਾ ਕੁਛ ਘਰੇ ਹੈਗਾ, ਭਰਾਵਾ, ਹਾਜ਼ਰ ਐ।"

ਉਨ੍ਹਾਂ ਦਿਨਾਂ ਵਿਚ ਕਿਸੇ ਨੇ ਨਹੀਂ ਪਰਖਿਆ, ਕੌਣ ਹਿੰਦੂ ਹੈ ਤੇ ਕੌਣ ਸਿੱਖ। ਸਭ ਦੀ ਭਾਵਨਾ, ਗਵਾਂਢੀ ਗਵਾਂਢੀ ਹੁੰਦਾ ਹੈ। ਗਵਾਂਢੀ ਹਿੰਦੂ ਕਦੋਂ ਹੁੰਦੈ, ਗਵਾਂਢੀ ਸਿੱਖ ਕਦੋਂ ਹੁੰਦੈ? ਗਵਾਂਢੀ ਤਾਂ ਭਰਾ ਹੁੰਦੈ, ਮਾਂ ਪਿਓ ਜਾਇਆ।

***

ਉਹ ਇੱਕ ਦਾਦੇ ਦੇ ਪੋਤੇ ਸਨ। ਤਾਏ ਚਾਚਿਆਂ ਦੇ ਪੁੱਤ। ਸੰਤਾ ਤੇ ਮੈਂਗਲ। ਉਨ੍ਹਾਂ ਦਾ ਦਾਦਾ ਵੈਦ ਸੀ, ਪਰ ਧਾਗੇ ਤਵੀਤਾਂ ਦਾ ਕੰਮ ਬਹੁਤਾ ਕਰਦਾ। ਆਪਣੇ ਦੋਵੇਂ ਮੁੰਡਿਆਂ ਨੂੰ ਵੀ ਉਹ ਨੇ ਏਸੇ ਕੰਮ ਵਿਚ ਪਾਇਆ। ਕੀ ਕਰਦਾ, ਜ਼ਮੀਨ ਥੋੜ੍ਹੀ ਸੀ। ਕਿਸੇ ਢੰਗ ਨਾਲ ਘਰ ਤਾਂ ਚਲਾਉਣਾ ਸੀ। ਮੁੰਡਿਆਂ ਵਿਚ ਅਗਾਂਹ ਫ਼ਰਕ ਐਨਾ ਪਿਆ ਕਿ ਇੱਕ ਨਿਰਾ ਵੈਦ ਬਣ ਗਿਆ ਤੇ ਦੂਜਾ ਨਿਰੋਲ ਸਿਆਣਾ। 'ਸਿਆਣੇ' ਦੇ ਅਗਾਂਹ ਇੱਕ ਮੁੰਡਾ ਸੀ ਸੰਤਾ ਤੇ ਵੈਦ ਦਾ ਮੁੰਡਾ ਮੈਂਗਲ। ਮੈਂਗਲ ਛੋਟਾ ਸੀ। ਉਹ ਦੇ ਕੋਲ ਵੈਦਕ ਦੇ ਬਹੁਤੇ ਨੁਸਖ਼ੇ ਨਹੀਂ ਸਨ। ਨਾ ਹੀ ਐਨੇ ਮਰੀਜ਼ ਆਉਂਦੇ। ਬੱਸ ਐਵੇਂ ਦਿਖਾਵੇ ਵਜੋਂ ਸ਼ੀਸ਼ੀਆਂ ਵਾਲੀ ਅਲਮਾਰੀ ਵਿਚ ਖ਼ਾਲੀ ਕਾਲੀਆਂ ਬੋਤਲਾਂ ਧਰੀ ਰੱਖਦਾ। ਮੇਜ਼ 'ਤੇ ਪੇਟੈਂਟ ਦਵਾਈਆਂ ਦੇ ਡੱਬੇ, ਛੋਟੀਆਂ ਸ਼ੀਸ਼ੀਆਂ ਵਿਚ ਭੂਰੀਆਂ ਚਿੱਟੀਆਂ ਗੋਲੀਆਂ ਤੇ ਇੱਕ ਘਸੀ ਪੁਰਾਣੀ ਟੂਟੀ।

ਸੰਤੇ ਨੂੰ ਕਿਵੇਂ ਨਾ ਕਿਵੇਂ ਸਾਕ ਹੋ ਗਿਆ। ਮੈਂਗਲ ਵਰ੍ਹਿਆਂ ਤੱਕ ਕੰਵਾਰਾ ਰਿਹਾ। ਓਧਰ ਵੈਦਕ ਵੀ ਨਹੀਂ ਚੱਲਦੀ ਦਿਸਦੀ ਸੀ। ਅਖ਼ੀਰ ਉਹ ਫ਼ੌਜ ਵਿਚ ਜਾ ਭਰਤੀ ਹੋਇਆ।

ਮੈਂਗਲ ਦੇ ਮਾਂ ਪਿਓ ਮਰ ਚੁੱਕੇ ਸਨ। ਉਹ ਫ਼ੌਜ ਵਿਚੋਂ ਛੁੱਟੀ ਆਉਂਦਾ ਤਾਂ ਸੰਤਾ ਉਹ ਨੂੰ ਸਿੱਧੀ ਨਿਗਾਹ ਨਾਲ ਨਾ ਦੇਖਦਾ। ਫ਼ੌਜ ਵਿਚ ਉਹ ਨੇ ਆਪਣਾ ਨਾਉਂ ਮੰਗਲ ਸਿੰਘ ਲਿਖਵਾਇਆ ਸੀ ਤੇ ਹੁਣ ਰਹਿੰਦਾ ਵੀ ਸਿੱਖ ਸਜ ਕੇ। ਦਾੜ੍ਹੀ ਕੇਸ ਚੰਗੀ ਤਰ੍ਹਾਂ ਸ਼ਿੰਗਾਰ ਕੇ ਰੱਖਦਾ। ਛੁੱਟੀ ਆਇਆ ਸੰਤੇ ਨੂੰ ਉਹ ਭਾਰ ਜਾਪਦਾ। ਉਹ ਮਨ ਵਿਚ ਆਖਦਾ, "ਅੱਡ ਵਿੱਢ, ਰੰਨ ਨ੍ਹੀ–ਕੰਨ ਨ੍ਹੀ, ਕਰਨ ਕੀ ਔਂਦੈ ਭਲਾ ਮੇਰੇ ਘਰੇ?"

ਮੈਂਗਲ ਇਕੱਲਾ ਰਹਿ ਰਿਹਾ ਸੀ। ਸੰਤੇ ਨੂੰ ਆਪਣਾ ਜਾਣ ਕੇ ਉਹ ਨੂੰ ਉਹ ਸੱਚਾ ਮੋਹ ਕਰਦਾ ਤੇ ਸੰਤੇ ਤੋਂ ਮੋਹ ਲੈਣਾ ਚਾਹੁੰਦਾ। ਆਪਣੇ ਅੰਦਰ ਪਏ ਇੱਕ ਖੱਪੇ ਨੂੰ ਮੰਗਵੇਂ ਮੋਹ ਨਾਲ ਭਰਨ ਦੀ ਕੋਸ਼ਿਸ਼ ਕਰਦਾ। ਪਰ ਛੁੱਟੀਓਂ ਮੁੜ ਕੇ ਰੇਲ ਗੱਡੀ ਵਿਚ ਵਾਪਸ ਜਾ ਰਿਹਾ ਉਹ ਸੋਚਦਾ, "ਕੀ ਕਰਨ ਆਇਆ ਸੀ ਉਹ ਐਥੇ? ਇਸ ਨਾਲੋਂ ਤਾਂ ਉਹ ਭੂਆ ਦੇ ਪਿੰਡ ਚਲਿਆ ਜਾਂਦਾ ਜਾਂ ਨਾਨਕੀ ਰਹਿ ਆਉਂਦਾ।"

ਚਾਲ੍ਹੀਆਂ ਤੋਂ ਥੱਲੇ ਹੀ ਮੈਂਗਲ ਪੈਨਸ਼ਨ ਲੈ ਕੇ ਪਿੰਡ ਆ ਗਿਆ। ਦੋ ਮਹੀਨੇ ਪਿੰਡ ਰਿਹਾ ਹੋਵੇਗਾ, ਫੇਰ ਦੂਰ ਇੱਕ ਪਿੰਡ ਵੈਦਕ ਦੀ ਦੁਕਾਨ ਜਾ ਖੋਲੀ-ਪਿਤਾ ਪੁਰਖੀ ਕੰਮ। ਦੋ ਕੁ ਸਾਲਾਂ ਬਾਅਦ ਉਹ ਆਪਣੇ ਪਿੰਡ ਆਇਆ, ਉਹ ਦੇ ਮਗਰ ਭਰਿੰਡ ਵਾਂਗ ਦਗਦੀ ਛੱਬੀ ਸਤਾਈ ਸਾਲਾਂ ਦੀ ਮੁਟਿਆਰ ਸੀ। ਉਹ ਉਸੇ ਪਿੰਡ ਦੀ ਧੀ ਸੀ, ਜਿੱਥੇ ਉਹ ਵੈਦਕ ਦੀ ਦੁਕਾਨ ਕਰਦਾ ਸੀ। ਇੱਕ ਕੋਈ ਬੁੜ੍ਹੀ ਸੀ-ਇਕੱਲੀ ਦੀ ਇਕੱਲੀ। ਬੁੜ੍ਹੀ ਦੇ ਘਰ ਹੀ ਮੈਂਗਲ ਰਹਿੰਦਾ ਹੁੰਦਾ। ਸੰਤੋ ਦਾ ਆਪਣਾ ਧਾਗਾ ਤਵੀਤ ਤਾਂ ਚੰਗਾ ਚੱਲਦਾ ਰਿਹਾ ਸੀ, ਪਰ ਅਗਾਂਹ ਉਹ ਦੇ ਜੋ ਇੱਕੋ ਇੱਕ ਮੁੰਡਾ ਸੀ, ਇਸ ਕੰਮ ਵਿਚ ਪੈਂਦਾ ਨਹੀਂ ਲੱਗਦਾ ਸੀ। ਨਾ ਸਕੂਲ ਵਿਚ ਚੰਗੂੰ ਪੜ੍ਹਦਾ ਹੀ। ਅੱਠਵੀਂ ਤਾਂ ਕਿਵੇਂ ਨਾ ਕਿਵੇਂ ਉਹ ਪਾਸ ਕਰ ਗਿਆ। ਫੇਰ ਅਜਿਹਾ ਅੜਿਆ ਕਿ ਨਿਕਲਿਆ ਹੀ ਨਾ ਜਾਵੇ। ਅਖ਼ੀਰ ਘਰ ਬੈਠ ਗਿਆ। ਕੁੱਟ ਮਾਰ ਨੂੰ ਉਹ ਨਹੀਂ ਜਾਣਦਾ ਸੀ, ਸਗੋਂ ਹੋਰ ਵੀਚ੍ਰਰ ਜਾਂਦਾ। ਆ ਘਰ ਵਿਚ ਸੰਤੇ ਦੇ ਧਾਗੇ ਤਵੀਤ ਵੀ ਕਿਸੇ ਕੰਮ ਨਾ ਆਏ। ਇੱਕ ਦਿਨ ਉਹ ਮੁੰਡੇ ਨੂੰ ਮੰਡੀ ਲੈ ਗਿਆ ਤੇ ਆਪਣੇ ਪਿੰਡ ਦੇ ਇੱਕ ਬਾਣੀਏ ਦੀ ਕੱਪੜੇ ਦੀ ਦੁਕਾਨ 'ਤੇ ਛੱਡ ਦਿੱਤਾ। ਬਾਣੀਆਂ ਭਲਾਮਾਣਸ ਬੰਦਾ ਸੀ। ਬੁੜ੍ਹਿਆਂ ਦੀ ਪੁਰਾਣੀ ਲਿਹਾਜ਼ ਜਾਣ ਕੇ ਉਹ ਨੇ ਰਿਹਾ-ਵੱਛੀ ਸੰਤੇ ਦੇ ਮੁੰਡੇ ਨੂੰ ਹੌਲੀ ਹੌਲੀ ਕੰਮ ਵਿਚ ਪਾ ਲਿਆ। ਉਹ ਆਥਣ ਨੂੰ ਸਾਈਕਲ 'ਤੇ ਪਿੰਡ ਆ ਜਾਂਦਾ। ਪਿੰਡ ਤੋਂ ਮੰਡੀ ਮਸਾਂ ਚਾਰ ਪੰਜ ਮੀਲ ਦੂਰ ਸੀ। ਪੱਕੀ ਸੜਕ। ਲਾਲੇ ਨੇ ਚਾਰ ਕੁ ਮਹੀਨਿਆਂ ਬਾਅਦ ਉਹ ਦਾ ਦੋ ਸੌ ਰੁਪਿਆ ਬੰਨ੍ਹ ਦਿੱਤਾ। ਫੇਰ ਛੀ ਛੀ ਮਹੀਨਿਆਂ ਪਿੱਛੋਂ ਪੈਸੇ ਵਧਣ ਲੱਗੇ। ਇੰਝ ਜਦੋਂ ਉਹ ਚਾਰ ਸੌ ਰੁਪਿਆ ਮਹੀਨਾ ਲੈਣ ਲੱਗ ਪਿਆ ਤਾਂ ਉਹ ਨੂੰ ਸਾਕ ਵੀ ਹੋ ਗਿਆ। ਸਾਕ ਹੋਇਆ, ਲਾਲਾ ਜੀ ਦੇ ਪੈਰੋਂ। ਲਾਲਾ ਉਹ ਨੂੰ ਆਪਣਾ ਮੁਨੀਮ ਦੱਸਦਾ, ਜਦੋਂ ਕਿ ਦੂਜੇ ਨੌਕਰਾਂ ਵਾਂਗ ਹੀ ਉਹ ਇੱਕ ਆਮ ਨੌਕਰ ਸੀ। ਐਧਰੋਂ ਕਰ, ਐਧਰੋਂ ਕਰ, ਸੰਤੇ ਨੇ ਹੌਲੀ ਹੌਲੀ ਮੰਡੀ ਵਿਚ ਇੱਕ ਛੋਟਾ ਜਿਹਾ ਪਲਾਟ ਲਿਆ ਤੇ ਫੇਰ ਮਕਾਨ ਪਾ ਲਿਆ। ਇਹ ਮਕਾਨ ਮੈਂਗਲ ਦੇ ਐਫ. ਸੀ. ਆਈ. ਵਾਲੇ ਮੁੰਡੇ ਦੀ ਕੋਠੀ ਦੇ ਨੇੜੇ ਹੀ ਕਿਤੇ ਸੀ।

ਪਰ ਦੋਵੇਂ ਘਰ ਆਪਸ ਵਿਚ ਵਰਤਦੇ ਨਹੀਂ ਸਨ। ਮੁੰਡੇ ਤਾਂ ਇੱਕ ਦੂਜੇ ਨਾਲ ਕਲਾਮ ਵੀ ਨਾ ਕਰਦੇ। ਸੰਤਾ ਤੇ ਮੈਂਗਲ ਜੇ ਕਿਤੇ ਆਹਮਣੇ ਸਾਹਮਣੇ ਹੋ ਜਾਂਦੇ ਤਾਂ ਰਸਮੀ ਜਿਹਾ ਰਾਮ ਰਮਈਆ ਹੀ ਹੁੰਦਾ।

***

ਪਿੰਡ ਦੀ ਸੱਥ ਵਿਚ ਬੈਠ ਕੇ ਸੰਤਾ ਸ਼ਰੀਕ ਦੀ ਨਿੰਦਿਆ ਕਰਦਾ-"ਕਿੱਧਰੋਂ ਆ ਗਿਆ ਉਹ ਵੱਡੇ ਟੌਰੇ ਆਲਾ। ਅਖੇ-ਮੰਡੀ ਜਾ ਕੋਠੀ ਪਾਈ ਐ। ਨਾਉਂ ਧਰਾ ਲਿਆ ਮੰਗਲ ਸਿੰਘ, ਐਥੇ ਤਾਂ ਮੈਂਗਲ ਈ ਵੱਜੂ। ਹੈਗਾ ਤਾਂ ਲਾਲਾ ਨਰਾਤਾ ਰਾਮ ਦਾ ਪੋਤਰਾ। ਹੁਣ ਕੁਛ ਵੀ ਬਣਦਾ ਫਿਰੇ।"

ਮੈਂਗਲ ਦਾ ਜਦੋਂ ਵੱਡਾ ਮੁੰਡਾ ਵਿਆਹਿਆ ਤਾਂ ਸੰਤਾ ਬਹੁਤ ਹੈਰਾਨ ਹੋਇਆ। ਫੇਰ ਗੱਲ ਉਡਾਈ–"ਕੁੜੀ ਵੀ ਕਿਹੜਾ ਖਤਰਾਣੀ ਦੇ ਪੇਟੋਂ ਐ। ਹੋਊ ਕੋਈ ਜਾਤ ਕੁਜਾਤ, ਇਹ ਦੇ ਵਾਂਗੂੰ।"

ਏਵੇਂ ਜਿਵੇਂ ਪਟਵਾਰੀ ਮੁੰਡੇ ਦੇ ਵਿਆਹ ਨੂੰ ਵੀ ਉਹ ਨੇ ਮਖ਼ੌਲ ਚੁੱਕਿਆ ਸੀ– "ਢੁੱਕਿਆ ਹੋਊ ਆਵਦੀ ਜਾਣ 'ਚ ਵਾਜੇ ਪੀਪਣੀਆਂ ਲੈ ਕੇ, ਹੈਗਾ ਤਾਂ ਸਨਿਆਰੀ ਦਾ। ਕੀ ਦੇਖਿਐ ਬਈ ਅਗਲੇ ਨੇ?"

ਐੱਫ਼. ਸੀ. ਆਈ. ਵਾਲੇ ਮੁੰਡੇ ਦੇ ਵਿਆਹ ਵੇਲੇ ਸੰਤਾ ਕੁਝ ਨਹੀਂ ਬੋਲਿਆ। ਸੱਥ ਦੇ ਲੋਕ ਉਹ ਦੇ ਮੂੰਹ ਵੱਲ ਝਾਕਦੇ। ਪਰ ਉਹ ਚੁੱਪ ਸੀ। ਅਖ਼ੀਰ ਇੱਕ ਦਿਨ ਉਹ ਦੀ ਮਗਜਾਲੀ ਖੁੱਲ੍ਹੀ–"ਕੱਜ ਵਾਲਾ ਈ ਕੱਜ ਆਲਿਆਂ ਨੂੰ ਕੁੜੀ ਦਿਊ। ਨਰੜੇ ਆਲਾ ਤਾਂ ਸੌ ਕਿਹੜਾ ਮਾਰਦੈ ਜੁੱਤੀ ਅਹਿਆਂ ਜਿਆਂ ਦੇ।" ਫੇਰ ਕਹਿੰਦਾ–"ਨਾਲੇ ਭਾਈ, ਸਮੇਂ ਬਦਲ 'ਗੇ। ਹੁਣ ਕੌਣ ਦੇਖਦੈ ਸੁੱਚੀਆਂ ਕੁਲਾਂ। ਗਰਕਣ 'ਤੇ ਆ 'ਗੀ ਦੁਨੀਆਂ।" ਤੇ ਫੇਰ ਮਨ ਵਿਚ ਹੀ ਚਿਤਾਰਦਾ–"ਕਿੰਨਾ ਮਾਸਟਰਾਂ, ਪਟਵਾਰੀਆਂ ਤੇ ਲੁੱਟਣ ਖਾਣ ਮਹਿਕਮਿਆਂ ਨੂੰ ਹੱਥ ਪਾ ਲੈਣ, ਰਹਿਣਗੇ ਤਾਂ ਸੁਨਿਆਰੀ ਦੇ। ਦਾਗ਼ ਤਾਂ ਧੋਤਾ ਨ੍ਹੀ ਜਾਂਦਾ।" ਕਿਧਰੇ ਧੁਰ ਅੰਦਰ ਉਹ ਮੁਕਾਬਲਾ ਕਰਦਾ–"ਸੁਨਿਆਰੀ ਸਨੂਰੀ ਨੂੰ ਕੌਣ ਜਾਣਦੈ ਸਾਲਾ ਏਸ ਦੁਨੀਆਂ 'ਚ। ਤਿੰਨੇ ਮੁੰਡੇ ਮੌਜਾਂ ਕਰਦੇ ਐ। ਕਿੱਤਿਆਂ 'ਤੇ ਲਗ 'ਗੇ। ਵਿਆਹੇ ਗਏ। ਏਮੇ ਜਿਮੇਂ ਫੌਜੀ ਵਿਆਹਿਆ ਜਾਊ। ਏਧਰ ਇੱਕ ਮੈਂ ਆਂ। ਸੁੱਚੀ ਕੁੱਲ ਨੂੰ ਕੀ ਚੱਟਣੈ ਸਾਲਾ। ਮੁੰਡਾ ਅਲੱਥ ਜ੍ਹਾ ਬਣੀ ਜਾਂਦੈ। ਕੀ ਪਤਾ, ਸਿਰੇ ਲੱਗੂ ਜਾਂ ਕੀਹ ਐ। ਧਾਗੇ ਤਵੀਤਾਂ ਦਾ ਇਹ ਕਿੱਤਾ ਐ ਸਾਲਾ ਕੋਈ।" ਪਰ ਉਹ ਦਿਲ ਧਰਦਾ– "ਕੁਝ ਵੀ ਹੋਵੇ, ਪਿਓ ਦਾਦੇ ਦੀ ਬਣੀ 'ਤੇ ਰਹਿਣੈ। ਬੰਦੇ ਨ੍ਹੀ ਦੇਖਦੇ, ਉੱਤੇ ਰੱਬ ਤਾਂ ਦੇਖਦੈ।"

ਸੱਥ ਦੇ ਲੋਕ ਸੰਤੇ ਦੀਆਂ ਗੱਲਾਂ ਸੁਣਦੇ ਤੇ ਹੱਸ ਛੱਡਦੇ। ਕੋਈ ਜਣਾ ਉਹ ਦੀਆਂ ਤੇਜ਼ ਤਰਾਰ ਗੱਲਾਂ ਸੁਣਨ ਲਈ ਉਹ ਨੂੰ ਛੇੜਦਾ ਤਾਂ ਸੰਤਾ ਗੱਲ ਨੂੰ ਹੋਰ ਮਸਾਲਾ ਲਾ ਕੇ ਸੁਣਾਉਂਦਾ।

–"ਮੈਂਗਲ ਦੀ 'ਲਾਦ ਸੁਹਣੀ ਬਹੁਤ ਐ, ਸੰਤ ਰਾਮਾ। ਮੂਰਤਾਂ ਅਰਗੇ ਮੁੰਡੇ ਐ।"

–"ਸੁਨਿਆਰੀ ਦੇ ਨੇ। ਸੁਨਿਆਰੀ ਦਾ ਮਾਸ ਸਿਉਨੇ 'ਚੋਂ ਕੱਢ ਕੇ ਬਣਾਇਆ ਹੁੰਦੈ।" ਸੱਥ ਵਿਚ ਹਾਸੜ ਮੱਚ ਉੱਠਦਾ।

ਅੰਦਰੋਂ ਅੰਦਰ ਸੰਤਾ ਕੋਸ਼ਿਸ਼ ਕਰਦਾ ਕਿ ਉਹ ਮੈਂਗਲ ਦੇ ਬਰਾਬਰ ਉੱਠ ਸਕੇ। ਉਹ ਦੀ ਕੁਲ ਵੀ ਸੁੱਚੀ ਰਹੇ ਤੇ ਉਹ ਆਰਥਿਕ ਪੱਖੋਂ ਵੀ ਮੈਂਗਲ ਦੀ ਬਰਾਬਰੀ ਕਰੇ। ਏਸੇ ਕਰਕੇ ਤਾਂ ਉਨ੍ਹਾਂ ਮੰਡੀ ਜਾ ਕੇ ਮਕਾਨ ਬਣਾਇਆ ਸੀ। ਬਣਾਇਆ ਵੀ ਮੈਂਗਲ ਦੇ ਮੁੰਡੇ ਦੀ ਕੋਠੀ ਨੇੜੇ।

ਸੰਤੇ ਦਾ ਮੁੰਡਾ ਬਹੁਤਾ ਨਹੀਂ ਪੜ੍ਹ ਸਕਿਆ ਸੀ ਤਾਂ ਕੀ। ਉਹ ਕੱਪੜੇ ਦੀ ਦੁਕਾਨ 'ਤੇ ਕੰਮ ਕਰਦਾ ਸੀ। ਲਾਲੇ ਤੋਂ ਹੁਣ ਛੇ ਸੌ ਰੁਪਿਆ ਮਹੀਨਾ ਤਨਖਾਹ ਲੈਂਦਾ। ਉਹ ਵਿਆਹਿਆ ਵੀ ਗਿਆ। ਸੰਤੇ ਨੇ ਮੰਡੀ ਆ ਕੇ ਵੀ ਧਾਗੇ ਤਵੀਤ ਚਲਾ ਲਏ। ਗਲੀਆਂ ਦੀਆਂ ਔਰਤਾਂ ਕੋਲ ਉਹ ਖ਼ੁਦ ਹੀ ਚਲਿਆ ਜਾਂਦਾ। ਮੋਢੇ ਚਾਰਖਾਨੇ ਦਾ ਜਾਲਖਾ

ਜਿਹਾ ਲਾਲ ਪਰਨਾ ਰੱਖਦਾ। ਹਰੇ ਰਾਮ, ਹਰੇ ਰਾਮ ਉਹ ਦੇ ਮੂੰਹੋਂ ਖ਼ੁਦ ਬਖ਼ੁਦ ਹੀ ਨਿਕਲਦਾ ਰਹਿੰਦਾ। ਕੋਈ ਪੰਡਤ ਪਾਂਧਾ ਬਣਨ ਦਾ ਉਹ ਢੌਂਗ ਰਚਦਾ।

ਸੰਤਾ ਮੰਡੀ ਆ ਕੇ ਵੀ ਰੰਘੜਊ ਰਖਦਾ। ਮੈਂਗਲ ਦੇ ਮੁੰਡੇ ਦੀ ਕੋਠੀ ਵੱਲ ਮੂੰਹ ਕਰਕੇ ਖੰਘਾਰ ਥੁੱਕ ਦਿੰਦਾ। ਆਖਦਾ-"ਸਾਲੇ ਕੋਠੀਆਂ ਦੇ। ਰੁਪਈਆ ਡਾਕੂ ਚੋਰਾਂ ਕੋਲ ਕਿਹੜਾ ਨਹੀਂ ਹੁੰਦਾ। ਕੰਜਰ ਆਵਦਾ ਪਿੱਛਾ ਕਿਉਂ ਨ੍ਹੀ ਫਰੋਲਦੇ। ਏਧਰ ਆਹ ਬੈਠੇ ਆ ਰੱਬ ਦੀ ਰਜ਼ਾ 'ਤੇ। ਸਬਰ ਸਬੂਰੀ ਦੀ ਖਾਨੇ ਆਂ। ਭਾਮੇਂ ਇੱਕ ਡੰਗ ਦੀ ਈ ਮਿਲੇ।"

***

ਸੰਤੇ ਦੇ ਘਰ ਦੋ ਡੰਗਾਂ ਦੀ ਰੋਟੀ ਨਹੀਂ ਪੱਕੀ ਸੀ। ਆਂਢ ਗੁਆਂਢ ਵਿਚੋਂ ਉਹ ਤਿੰਨ ਘਰਾਂ ਤੋਂ ਆਟਾ ਮੰਗ ਲਿਆਏ ਸਨ। ਆਥਣ ਉੱਗਣ ਨਿੱਤ ਕੌਣ ਦੇਵੇ? ਅਗਲਿਆਂ ਨੂੰ ਆਪਣਾ ਵੀ ਤਾਂ ਫ਼ਿਕਰ ਸੀ। ਨੂੰਹ ਪੁੱਤ ਸਾਰੀ ਬੈਠੇ ਸਨ। ਸੰਤਾ ਤੇ ਬੁੜ੍ਹੀ ਵੀ ਸਬਰ ਕਰਕੇ ਬੈਠ ਗਏ। ਪਰ ਜਵਾਕਾਂ ਦਾ ਰੋਣ ਸੰਤੇ ਤੋਂ ਝੱਲਿਆ ਨਹੀਂ ਜਾ ਰਿਹਾ ਸੀ। ਵੱਡੀ ਕੁੜੀ ਡੁੱਸ ਡੁੱਸ ਕਰਦੀ ਤੇ ਚੁੱਪ ਹੋ ਜਾਂਦੀ। ਛੋਟਾ ਮੁੰਡਾ ਚੁੱਪ ਨਹੀਂ ਹੋ ਰਿਹਾ ਸੀ। ਲਗਾਤਾਰ ਰੋਈ ਜਾਂਦਾ। ਬੱਸ ਇੱਕ ਟੁੱਕ ਦੀ ਬੌਕੀ ਫੜੀ ਹੋਈ।

ਸਵੇਰੇ ਇੱਕ ਘੰਟੇ ਲਈ ਜਦੋਂ ਕਰਫ਼ਿਊ ਖੁੱਲ੍ਹਿਆ, ਸੰਤਾ ਖ਼ਾਲੀ ਪੀਪਾ ਚੁੱਕ ਕੇ ਮੈਂਗਲ ਦੀ ਕੋਠੀ ਵੱਲ ਚੱਲ ਪਿਆ। ਥੁੱਕਦਾ ਖੰਘਦਾ ਜਿਹਾ, ਉਹ ਹੌਲੀ ਹੌਲੀ ਪੈਰ ਪੁੱਟ ਰਿਹਾ ਸੀ। ਕੋਠੀ ਬਹੁਤੀ ਦੂਰ ਨਹੀਂ ਸੀ। ਮੈਂਗਲ ਕਾ ਸਾਰਾ ਟੱਬਰ ਕੋਠੀ ਦੇ ਗੇਟ ਅੱਗੇ ਖੜ੍ਹਾ ਸੜਕ ਦੀ ਆਵਾਜਾਈ ਨੂੰ ਦੇਖ ਰਿਹਾ ਸੀ। ਉਨ੍ਹਾਂ ਨੇ ਸੰਤਾ ਆਉਂਦਾ ਦੇਖਿਆ ਤਾਂ ਪਿੱਠ ਭੰਵਾ ਕੇ ਕੋਠੀ ਦੇ ਅੰਦਰ ਹੋ ਗਏ। ਸੰਤੇ ਦੀਆਂ ਖੰਘੂਰਾਂ ਉੱਚੀਆਂ ਹੋ ਚੱਲੀਆਂ ਸਨ। ਗੇਟ ਤੋਂ ਅੰਦਰ ਹੋ ਕੇ ਉਹ ਨੇ ਮੁੰਡੇ ਨੂੰ ਹਾਕ ਮਾਰੀ-"ਪਰਮਜੀਤ, ਓ ਭਾਈ ਪਰਮਜੀਤ।"

ਸੰਤੇ ਦਾ ਬੋਲ ਸੁਣ ਕੇ ਮੈਂਗਲ ਭੱਜ ਕੇ ਕਮਰੇ ਤੋਂ ਬਾਹਰ ਹੋਇਆ। ਫੇਰ ਪਰਮਜੀਤ, ਪਰਮਜੀਤ ਦੀ ਬਹੂ, ਮੁੰਡੇ ਕੁੜੀਆਂ ਸਭ ਆ ਗਏ। ਪਰਮਜੀਤ ਦੀ ਮਾਂ ਸੁਰਜੀਤ ਕੌਰ ਨੇ ਘੁੰਢ ਕੱਢ ਕੇ ਸੰਤੇ ਦੇ ਪੈਰੀਂ ਹੱਥ ਲਾਏ ਤੇ ਬੈਠਣ ਲਈ ਇੱਕ ਆਰਾਮ ਕੁਰਸੀ ਡਾਹ ਦਿੱਤੀ। ਉਹ ਦੇ ਕੋਲ ਕੁਰਸੀ 'ਤੇ ਬੈਠ ਕੇ ਮੈਂਗਲ ਉਹ ਦਾ ਹਾਲ ਚਾਲ ਪੁੱਛਣ ਲੱਗਿਆ। ਸਾਰੇ ਪਰਿਵਾਰ ਦੀ ਸੁੱਖ ਸਾਂਦ ਪੁੱਛੀ। ਦੋਵੇਂ ਭਰਾ ਇਸ ਤਰ੍ਹਾਂ ਗੱਲਾਂ ਕਰ ਰਹੇ ਸਨ, ਜਿਵੇਂ ਉਨ੍ਹਾਂ ਵਿਚਕਾਰ ਕਿਸੇ ਕਿਸਮ ਦੀ ਕੋਈ ਵਿੱਥ ਹੋਵੇ ਹੀ ਨਾ। ਗੱਲਾਂ ਗੱਲਾਂ ਵਿਚ ਫੇਰ ਸੰਤੇ ਨੇ ਦੱਸਿਆ, "ਪੀਹਣ ਕੀਤਾ ਨ੍ਹੀ ਗਿਆ ਬਹੂ ਤੋਂ। ਚੱਕੀ 'ਤੇ ਭੀੜ ਦਾ ਅੰਤ ਨ੍ਹੀ। ਮਖਿਆ..."

ਮੈਂਗਲ ਦੀ ਨਿਗਾਹ ਸੰਤੇ ਦੇ ਪੀਪੇ ਵੱਲ ਗਈ ਤਾਂ ਉਹ ਨੇ ਪਰਮਜੀਤ ਨੂੰ ਹਾਕ ਮਾਰੀ। ਉਹ ਅੰਦਰ ਕਮਰੇ ਵਿਚ ਲਾਹੌਰ ਰੇਡੀਓ ਤੋਂ ਖ਼ਬਰਾਂ ਸੁਣ ਰਿਹਾ ਸੀ। ਪਿਓ ਦੀ ਗੱਲ ਸੁਣ ਕੇ ਪਰਮਜੀਤ ਨੇ ਪੀਪਾ ਚੁੱਕਿਆ। ਅੰਦਰ ਸਟੋਰ ਵਿਚ ਜਾ ਕੇ ਬੋਰੀ ਵਿਚੋਂ ਆਟੇ ਦਾ ਪੀਪਾ ਭਰਿਆ ਤੇ ਸਾਈਕਲ ਦੇ ਕੈਰੀਅਰ 'ਤੇ ਰੱਖ ਕੇ ਸੰਤਾ ਕਹਿਣ ਲੱਗਾ, "ਚੰਗਾ ਛੋਟੇ ਭਾਈ, ਚੱਲਦਾ ਫੇਰ ਮੈਂ ਤਾਂ ਘੁੱਗੂ ਜ੍ਹਾ ਵੱਜਣ ਆਲਾ ਈ ਐ।"

ਮੈਂਗਲ ਕਹਿੰਦਾ-"ਹੋਰ ਚੀਜ਼ ਵਸਤ ਕੋਈ? ਜਿਹੜੀ ਹੈਨ੍ਹੀ, ਦੱਸਦੇ। ਛੱਡ ਔਂਦੈ ਪਰਮਜੀਤ।"

'ਬਸ ਹੋਰ ਤਾਂ ਠੀਕ ਐ ਸਭ। ਆਲੂ ਪੁੱਛਦਾ ਭਲਾ ਹੱਟ ਤੋਂ।' ਸੰਤਾ ਜਾਂਦਾ ਜਾਂਦਾ ਕਹਿ ਰਿਹਾ ਸੀ।

ਪਰਮਜੀਤ ਪਹਿਲਾਂ ਹੀ ਆਪਣੀ ਤਾਈ ਤੋਂ ਸਭ ਪੁੱਛ ਆਇਆ ਸੀ। ਉਹ ਮੁੜ ਕੇ ਕੋਠੀ ਆਇਆ ਸੀ ਤੇ ਡਾਲਡੇ ਦੀ ਦੋ ਕਿੱਲੋ ਵਾਲੀ ਪੀਪੀ, ਦੋ ਢਾਈ ਕਿੱਲੋ ਆਲੂ, ਚਾਹ ਪੱਤੀ ਦਾ ਇੱਕ ਪੈਕਟ, ਚਾਰ ਪੰਜ ਕਿੱਲੋ ਚੀਨੀ ਤੇ ਦੋ ਤਿੰਨ ਡੱਬੀਆਂ ਸੀਖ਼ਾਂ ਦੀਆਂ ਲੈ ਕੇ ਉਨ੍ਹਾਂ ਦੇ ਘਰ ਦੇ ਆਇਆ ਸੀ। ਸੰਤਾ ਪਰਮਜੀਤ ਨੂੰ ਗਲੀ ਦੇ ਮੋੜ 'ਤੇ ਟੱਕਰਿਆ ਸੀ।

ਸੰਤਾ ਘਰ ਪਹੁੰਚਿਆ ਤਾਂ ਗਵਾਂਢੀਆਂ ਦੀ ਬੁੜ੍ਹੀ ਉਹ ਨੂੰ ਪੁੱਛਣ ਲੱਗੀ, "ਸੰਤ ਰਾਮਾ, ਇਹ ਕੌਣ ਸੀ?"

–"ਕੌਣ ਭਾਈ?"

–'ਆਹ ਮੁੰਡਾ ਜਿਹੜਾ ਹੁਣੇ ਸਮਾਨ ਜ੍ਹਾ ਛੱਡ ਕੇ ਗਿਐ ਥੋਡੇ ਘਰ?"

"ਇਹ ਪਰਮਜੀਤ ਸੀ, ਭਤੀਜਾ ਮੇਰਾ। ਸਾਡੇ ਮੰਗਲ ਸੂੰ ਦਾ ਮੁੰਡਾ ਐ। ਆਹ ਦੇਖ ਤਾਂ ਕੋਠੀ ਆਲੇ।" ਸੰਤੇ ਨੇ ਜਿਵੇਂ ਮਾਣ ਨਾਲ ਆਖਿਆ ਹੋਵੇ। ♦

# ਮਿੱਟੀ ਦੀ ਜ਼ਾਤ

ਰਾਮ ਨਾਰਾਇਣ ਗੋਬਿੰਦਪੁਰੇ ਦੇ ਬੱਸ ਅੱਡੇ ’ਤੇ ਉਤਰਿਆ। ਉਹ ਨੇ ਨਿਗਾਹ ਮਾਰੀ, ਪੱਛਮ ਵਿਚ ਸੂਰਜ ਦਾ ਚੌਥਾ ਹਿੱਸਾ ਧਰਤੀ ’ਤੇ ਬਾਕੀ ਰਹਿ ਗਿਆ ਸੀ। ਪਿੰਡ ਉੱਥੋਂ ਇੱਕ ਮੀਲ ਦੂਰ ਸੀ। ਉਹ ਨੇ ਕਦਮਾਂ ਵਿਚ ਕਾਹਲ ਭਰ ਲਈ। ਹਵਾ ਚਾਹੇ ਨਹੀਂ ਸੀ, ਪਰ ਠੰਡ ਪੂਰੀ ਸੀ। ਲਿੰਕ ਰੋਡ ਦੇ ਦੋਵੇਂ ਪਾਸੀਂ ਹਰੀਆਂ ਕਚੂਰ ਕਣਕਾਂ ਦੇ ਖੇਤ ਸਨ। ਉਤਰ ਰਹੇ ਹਨੇਰੇ ਵਿਚ ਕਣਕ ਹੋਰ ਵੀ ਹਰੀ ਲੱਗਦੀ। ਕਾਲਖ਼ ਦੀ ਭਾਅ ਮਾਰਦੀ ਹਰਿਆਵਲ।

ਤੇਜ਼ ਤੇਜ਼ ਤੁਰਿਆ ਜਾ ਰਿਹਾ ਉਹ ਹਰਦੇਵ ਸਿੰਘ ਬਾਰੇ ਸੋਚਣ ਲੱਗਿਆ। ਰੱਬ ਵੀ ਸੱਚੇ ਸੁੱਚੇ ਬੰਦਿਆਂ ਨੂੰ ਮੁਸੀਬਤਾਂ ਵਿਚ ਪਾਉਂਦਾ ਹੈ। ਹਰਦੇਵ ਸਿੰਘ ਕਿੰਨਾ ਧਾਰਮਿਕ ਹੈ। ਹਮੇਸ਼ਾ ਤੜਕੇ ਚਾਰ ਵਜੇ ਉੱਠਦਾ ਹੈ। ਨਹਾ ਧੋ ਕੇ ਫੇਰ ਗੁਰਦੁਆਰੇ ਜਾਣਾ ਤੇ ਬਾਬੇ ਦੀ ਬੀੜ ਨੂੰ ਮੱਥਾ ਟੇਕਣਾ ਉਹ ਦਾ ਨਿੱਤ ਨੇਮ ਹੈ। ਹਰ ਵੇਲੇ ਪ੍ਰਮਾਤਮਾ ਵੱਲ ਧਿਆਨ। ਜ਼ਿੰਦਗੀ ਭਰ ਉਹ ਦੇ ਮੂੰਹੋਂ ਕਿਸੇ ਦੀ ਬੁਰਾਈ ਨਹੀਂ ਸੁਣੀ। ਉਹ ਐਨੀ ਜ਼ਮੀਨ ਦਾ ਮਾਲਕ ਹੈ, ਹੰਕਾਰ ਭੋਰਾ ਵੀ ਨਹੀਂ। ਕਦੇ ਕਿਸੇ ਸੀਰੀ ਸਾਂਝੀ ਦਾ ਹੱਕ ਨਹੀਂ ਮਾਰਿਆ, ਸਗੋਂ ਪਿੰਡ ਦੇ ਗ਼ਰੀਬ ਗੁਰਬਿਆਂ ਦਾ ਸਹਾਈ ਬਣਦਾ ਹੈ। ਸ਼ਹਿਰ ਜਾਂਦਾ ਤੇ ਕਚਹਿਰੀਆਂ ਵਿਚ ਅਫ਼ਸਰਾਂ-ਵਕੀਲਾਂ ਨੂੰ ਮਿਲ ਕੇ ਉਨ੍ਹਾਂ ਦੇ ਕੰਮ ਕਰਵਾ ਦਿੰਦਾ ਹੈ। ਆਪ ਕਿਸੇ ਤੋਂ ਕਦੇ ਚਾਹ ਦਾ ਕੱਪ ਤੱਕ ਵੀ ਨਹੀਂ ਪੀਂਦਾ।

ਰਾਮ ਨਰਾਇਣ ਦਾ ਪਿੰਡ ਗੋਬਿੰਦਪੁਰਾ ਹੀ ਸੀ। ਉਹ ਦਾ ਬਾਪ ਪੁਲਿਸ ਵਿਚ ਸੀ ਤੇ ਸਾਰੀ ਉਮਰ ਪਿੰਡੋਂ ਬਾਹਰ ਰਿਹਾ। ਉਹ ਸਿਪਾਹੀ ਭਰਤੀ ਹੋਇਆ ਤੇ ਏ. ਐੱਸ. ਆਈ. ਬਣ ਕੇ ਰਿਟਾਇਰਮੈਂਟ ਲਈ। ਸ਼ੁਰੂ ਸ਼ੁਰੂ ਵਿਚ ਕਈ ਸਾਲ ਉਹ ਆਪ ਤਾਂ ਆਪਣੀ ਨੌਕਰੀ ’ਤੇ ਹੁੰਦਾ ਤੇ ਟੱਬਰ ਨੂੰ ਗੋਬਿੰਦਪੁਰੇ ਰੱਖਦਾ। ਤੇ ਫੇਰ ਰਿਟਾਇਰ ਹੋਣ ਤੋਂ ਪਹਿਲਾਂ ਉਹ ਨੇ ਪਟਿਆਲੇ ਆਪਣਾ ਮਕਾਨ ਬਣਾ ਲਿਆ ਸੀ। ਫੇਰ ਟੱਬਰ ਨੂੰ ਵੀ ਉੱਥੇ ਲੈ ਗਿਆ।

ਗੋਬਿੰਦਪੁਰੇ ਮਿਡਲ ਸਕੂਲ ਸੀ। ਰਾਮ ਨਰਾਇਣ ਤੇ ਹਰਦੇਵ ਸਿੰਘ ਅੱਠਵੀਂ ਜਮਾਤ ਤੱਕ ਇਸ ਸਕੂਲ ਵਿਚ ਇਕੱਠੇ ਪੜ੍ਹੇ ਸਨ। ਉਨ੍ਹਾਂ ਦੇ ਘਰ ਇੱਕੋ ਅਗਵਾੜ ਵਿਚ ਸਨ। ਉਹ ਖੇਡਦੇ ਵੀ ਇਕੱਠੇ। ਨੌਵੀਂ ਜਮਾਤ ਵਿਚ ਉਹ ਹੋਏ ਤਾਂ ਰਾਮ ਨਰਾਇਣ ਪਟਿਆਲੇ ਚਲਿਆ ਗਿਆ ਤੇ ਹਰਦੇਵ ਸਿੰਘ ਨੇੜੇ ਦੇ ਸ਼ਹਿਰ ਸਰਕਾਰੀ ਹਾਈ ਸਕੂਲ ਵਿਚ ਜਾ ਦਾਖ਼ਲ ਹੋਇਆ। ਉਨ੍ਹਾਂ ਦਿਨਾਂ ਵਿਚ ਸੜਕਾਂ ਆਮ ਨਹੀਂ ਸਨ ਤੇ ਇਸ

ਹਿਸਾਬ ਬੱਸਾਂ ਫਿਰ ਕਿੱਥੇ ਸਨ। ਗੋਬਿੰਦਪੁਰੇ ਤੋਂ ਸ਼ਹਿਰ ਪੰਦਰਾਂ ਮੀਲ ਦੂਰ ਸੀ। ਸਕੂਲ ਦਾ ਇੱਕ ਬੋਰਡਿੰਗ ਹਾਊਸ ਵੀ ਸੀ। ਹਰਦੇਵ ਸਿੰਘ ਉਸ ਬੋਰਡਿੰਗ ਹਾਊਸ ਵਿਚ ਰਹਿੰਦਾ।

ਪਟਿਆਲਾ ਮਹਿੰਦਰਾ ਕਾਲਜ ਵਿਚ ਉਹ ਫੇਰ ਇਕੱਠੇ ਹੋ ਗਏ। ਰਾਮ ਨਰਾਇਣ ਆਪਣੇ ਘਰ ਰਹਿੰਦਾ ਤੇ ਹਰਦੇਵ ਸਿੰਘ ਕਾਲਜ ਹੋਸਟਲ ਵਿਚ। ਇਕੱਠਿਆਂ ਨੇ ਹੀ ਬੀ. ਏ. ਕੀਤੀ। ਰਾਮ ਨਰਾਇਣ ਬੈਂਕ ਵਿਚ ਕਲਰਕ ਲੱਗ ਗਿਆ। ਹਰਦੇਵ ਸਿੰਘ ਕਿਸੇ ਨੌਕਰੀ ਵਿਚ ਨਾ ਪਿਆ। ਉਹ ਆਪਣੇ ਬਾਪ ਦਾ ਇਕੱਲਾ ਪੁੱਤ ਸੀ। ਓਧਰ ਉਹ ਨੇ ਬੀ. ਏ. ਕੀਤੀ ਤੇ ਓਧਰ ਉਹ ਦਾ ਬਾਪ ਗੁਜ਼ਰ ਗਿਆ। ਪਿਓ ਫ਼ੌਜੀ ਬੰਦਾ ਸੀ, ਚਾਹੁੰਦਾ ਸੀ ਕਿ ਹਰਦੇਵ ਸਿੰਘ ਨੂੰ ਉਹ ਕੋਈ ਅਫ਼ਸਰ ਬਣਾਵੇਗਾ, ਪਰ ਜ਼ਮੀਨ ਬਹੁਤ ਸੀ। ਹਰਦੇਵ ਸਿੰਘ ਸਰਕਾਰੀ ਨੌਕਰੀ ਕਰਦਾ ਤਾਂ ਜ਼ਮੀਨ ਕੌਣ ਸੰਭਾਲਦਾ?

ਹਰਦੇਵ ਸਿੰਘ ਦੇ ਆਪ ਵੀ ਅਗਾਂਹ ਇੱਕ ਮੁੰਡਾ ਹੋਇਆ, ਕੁੜੀਆਂ ਚਾਰ। ਮੁੰਡਾ ਉਹ ਨੇ ਵੀ ਬੀ. ਏ. ਤੱਕ ਪੜ੍ਹਾਇਆ। ਆਪਣੇ ਬਾਪ ਵਾਂਗ ਹਰਦੇਵ ਸਿੰਘ ਵੀ ਚਾਹੁੰਦਾ ਸੀ ਕਿ ਉਹ ਦਾ ਮੁੰਡਾ ਕੋਈ ਅਫ਼ਸਰ ਬਣ ਜਾਵੇ। ਖੇਤੀ ਦੇ ਕੰਮ ਵਿਚ ਕੀ ਧਰਿਆ ਪਿਆ ਹੈ? ਮਿੱਟੀ ਨਾਲ ਮਿੱਟੀ ਹੋ ਕੇ ਰਹਿਣਾ ਪੈਂਦਾ ਹੈ। ਕਿੰਨਾ ਚਾਅ ਸੀ, ਉਹ ਨੂੰ ਮੁੰਡੇ ਦਾ। ਮੁੰਡੇ ਦੇ ਹੁੰਦਿਆਂ ਉਹ ਨੂੰ ਆਪਣੇ ਚਾਰ ਪੱਥਰ ਯਾਦ ਨਹੀਂ ਸਨ। ਪਰ ਮੁੰਡਾ ਅਜਿਹੀ ਕਿਸੇ ਬਿਮਾਰੀ ਨੇ ਫੜਿਆ ਬੱਸ ਜਾਨ ਦੇ ਕੇ ਹੀ ਖਹਿੜਾ ਛੁੱਟਿਆ।

ਮੁੰਡੇ ਮਰੇ ਨੂੰ ਤਾਂ ਛੇ ਮਹੀਨੇ ਹੋ ਚੁੱਕੇ ਸਨ। ਹਰਦੇਵ ਸਿੰਘ ਨੇ ਰਾਮ ਨਰਾਇਣ ਨੂੰ ਚਿੱਠੀ ਵੀ ਲਿਖੀ ਸੀ। ਭੋਗ ਦਾ ਛਪਿਆ ਕਾਰਡ ਵੀ ਗਿਆ, ਪਰ ਰਾਮ ਨਰਾਇਣ ਅੱਜ ਤੱਕ ਗੋਬਿੰਦਪੁਰੇ ਨਾ ਆ ਸਕਿਆ। ਘੌਲ ਹੀ ਘੌਲ ਪੈਂਦੀ ਗਈ। ਪਤਾ ਨਹੀਂ, ਕੀ ਸੋਚਦਾ ਹੋਵੇਗਾ ਹਰਦੇਵ ਸਿੰਘ? ਰਾਮ ਨਰਾਇਣ ਆਪਣੇ ਚੇਤੇ ਵਿਚ ਗੱਲ ਲਿਆਉਂਦਾ ਤੇ ਆਪਣੇ ਆਪ ’ਤੇ ਲਾਹਨਤਾਂ ਪਾਉਣ ਲੱਗਦਾ। ਭਰਾਵਾਂ ਨਾਲੋਂ ਵੱਧ ਸੀ ਹਰਦੇਵ ਸਿੰਘ ਉਹਨੂੰ। ਉਹ ਕਿੰਨਾ ਨਿੱਘਰ ਗਿਆ ਹੈ। ਕਿਸੇ ਯਾਰ ਮਿੱਤਰ ਦੇ ਦੁੱਖ ਸੁੱਖ ਵੇਲੇ ਵੀ ਨਹੀਂ ਜਾ ਸਕਦਾ। ਕਦੇ ਉਹ ਸੋਚਦਾ, ਜਦੋਂ ਉਹ ਮੁੰਡੇ ਦੇ ਭੋਗ ’ਤੇ ਹੀ ਨਾ ਗਿਆ, ਹੁਣ ਐਨੇ ਚਿਰ ਪਿੱਛੋਂ ਜਾਣ ਦਾ ਕੀ ਲਾਭ? ਪਰ ਨਹੀਂ, ਉਹ ਨੂੰ ਹਰਦੇਵ ਸਿੰਘ ਦੇ ਸੁਭਾਓ ਦਾ ਪਤਾ ਸੀ। ਹਰਦੇਵ ਸਿੰਘ ਉਹ ਦੇ ਬਾਰੇ ਬੁਰਾ ਨਹੀਂ ਸੋਚ ਰਿਹਾ ਹੋਵੇਗਾ, ਉਹ ਮਿਲ ਬੈਠਣਗੇ ਤਾਂ ਚੰਗਾ ਮਾਹੌਲ ਆਪ ਪੈਦਾ ਹੋ ਜਾਵੇਗਾ। ਮੁੰਡੇ ਦਾ ਦੁੱਖ ਤਾਂ ਉਹ ਨੂੰ ਸਾਰੀ ਉਮਰ ਰਹਿਣਾ ਹੈ। ਛੇ ਮਹੀਨੇ ਗੁਜ਼ਰ ਜਾਣ ਪਿੱਛੋਂ ਕੀ ਇਹ ਦੁੱਖ ਦੁੱਖ ਨਹੀਂ ਰਹਿ ਗਿਆ ਹੋਵੇਗਾ? ਉਹ ਆਪਣੀ ਬੈਂਕ ਦੀ ਨੌਕਰੀ ਦੀ ਮਜਬੂਰੀ ਵੀ ਦੱਸੇਗਾ। ਉਹ ਨੇ ਆਪਣੇ ਦੁੱਖ ਵੀ ਤਾਂ ਹਰਦੇਵ ਸਿੰਘ ਨਾਲ ਸਾਂਝੇ ਕਰਨੇ ਹਨ। ਉਹ ਦੀ ਪਤਨੀ ਨਿੱਤ ਬਿਮਾਰ ਰਹਿੰਦੀ ਹੈ, ਜਿਵੇਂ ਧੁਰ ਦਰਗਾਹੋਂ ਬਿਮਾਰੀ ਲਿਖਵਾ ਕੇ ਲਿਆਈ ਹੋਵੇ। ਰਾਮ ਨਰਾਇਣ ਦੀ ਬੁੱਢੀ ਮਾਂ ਤਕੜੀ ਨਾ ਹੁੰਦੀ ਤਾਂ ਘਰ ਵਿਚ ਰੋਟੀ ਪੱਕਣੀ ਮੁਸ਼ਕਲ ਸੀ। ਬਿਮਾਰੀ ਕਰਕੇ ਹੀ ਉਹ ਦੇ ਕੋਈ ਬੱਚਾ ਨਹੀਂ ਹੋਇਆ ਸੀ। ਬੱਚਾ ਨਾ ਹੋਣ ਕਰਕੇ ਹੀ ਬਿਮਾਰ ਰਹਿੰਦੀ ਹੋਵੇਗੀ।

ਰਾਮ ਨਰਾਇਣ ਹੁਣ ਗੋਬਿੰਦਪੁਰੇ ਨੂੰ ਤੁਰਿਆ ਜਾ ਰਿਹਾ ਮਨ ਵਿਚ ਇੱਕੋ ਗੱਲ ਫੜੀ ਬੈਠਾ ਸੀ ਕਿ ਉਹ ਹਰਦੇਵ ਸਿੰਘ ਨੂੰ ਇਹ ਕਹਿ ਕੇ ਦਿਲ ਧਰਾਵੇਗਾ–“ਯਾਰ, ਮੇਰੇ

ਕੰਨੀਂ ਦੇਖ, ਮੇਰੇ ਕੁੱਛ ਵੀ ਨਹੀਂ। ਤੇਰੇ ਮੁੰਡਾ ਹੋਇਆ ਤਾਂ ਸਹੀ। ਰੱਬ ਉਹਨੂੰ ਲੈ ਗਿਆ। ਫੇਰ ਤੇਰੇ ਚਾਰ ਕੁੜੀਆਂ ਤਾਂ ਹਨ। ਕੁੜੀਆਂ ਵਿਆਹੇਂਗਾ ਤਾਂ ਤੇਰੇ ਚਾਰੇ ਜਮਾਈ ਤੇਰੇ ਚਾਰ ਪੁੱਤ ਹੋਣਗੇ।"

ਰਾਮ ਨਰਾਇਣ ਨੂੰ ਗੋਬਿੰਦਪੁਰੇ ਆਇਆਂ ਦੋ ਸਾਲ ਹੋ ਗਏ ਸਨ। ਪਿਛਲੀ ਵਾਰੀ ਉਹ ਓਦੋਂ ਆਇਆ ਸੀ, ਜਦ ਉਨ੍ਹਾਂ ਦੇ ਘਰਾਂ ਵਿਚੋਂ ਉਹ ਦੇ ਦਾਦੇ ਦੇ ਭਰਾ ਦੇ ਪੋਤੇ ਦੀ ਕੁੜੀ ਦਾ ਵਿਆਹ ਸੀ। ਓਦੋਂ ਵੀ ਇਸ ਕਰਕੇ ਕਿ ਉਹ ਇਸ ਕੁੜੀ ਦਾ ਵਿਚੋਲਾ ਸੀ। ਉਹ ਦਾ ਸਾਕ ਪਟਿਆਲੇ ਹੀ ਆਪਣੇ ਇੱਕ ਕੁਲੀਗ ਦੇ ਸਕੂਲ ਅਧਿਆਪਕ ਮੁੰਡੇ ਨੂੰ ਲੈ ਗਿਆ ਸੀ। ਨਹੀਂ ਤਾਂ ਹੁਣ ਉਹਦੇ ਲਈ ਆਪਣੇ ਪਿੰਡ ਗੇੜਾ ਮਾਰਨਾ ਮੁਸ਼ਕਲ ਸੀ। ਨਾਲੇ ਉਨ੍ਹਾਂ ਦਾ ਹੁਣ ਇਸ ਪਿੰਡ ਵਿਚ ਕੀ ਰਹਿ ਗਿਆ ਸੀ? ਜ਼ਮੀਨ ਉਨ੍ਹਾਂ ਕੋਲ ਨਹੀਂ ਸੀ। ਇੱਕ ਘਰ ਸੀ, ਜਿਹੜਾ ਉਸ ਦੇ ਬਾਪ ਨੇ ਪਟਿਆਲੇ ਜਾ ਕੇ ਵਸਣ ਬਾਅਦ ਸ਼ਰੀਕਾਂ ਨੂੰ ਵੇਚ ਦਿੱਤਾ ਸੀ। ਫੇਰ ਵੀ ਪਿੰਡ ਦੀ ਮਿੱਟੀ ਦਾ ਇੱਕ ਮੋਹ ਸੀ, ਜਿਹੜਾ ਉਸ ਨੂੰ ਕਦੇ ਕਦੇ ਇੱਥੇ ਖਿੱਚ ਲਿਆਉਂਦਾ। ਤੇ ਫੇਰ ਹਰਦੇਵ ਸਿੰਘ ਇੱਥੇ ਜੁ ਸੀ। ਭਾਵੇਂ ਉਹ ਕਿੰਨੇ ਹੀ ਸਾਲਾਂ ਬਾਅਦ ਮਿਲਦੇ ਹੋਣ, ਹਰਦੇਵ ਸਿੰਘ ਨਾਲ ਗੱਲਾਂ ਕਰਕੇ ਉਹ ਦਾ ਮਨ ਹੌਲਾ ਹੋ ਜਾਂਦਾ। ਜਦੋਂ ਵੀ ਉਹ ਮਿਲਦੇ, ਇਕੱਠੇ ਰਾਤ ਕੱਟਦੇ। ਗੱਲਾਂ ਵਿਚ ਹੀ ਰਾਤ ਲੰਘ ਜਾਂਦੀ। ਹਰਦੇਵ ਸਿੰਘ ਵੀ ਕਦੇ ਕਦੇ ਉਹ ਦੇ ਕੋਲ ਪਟਿਆਲੇ ਰਹਿ ਆਉਂਦਾ।

ਪਿੰਡ ਦੇ ਫਲ੍ਹੇ ਵਾਰਗੇ ਉਹ ਪਹੁੰਚਿਆ ਤਾਂ ਪਹਿਲਾਂ ਉਹ ਨੂੰ ਹਰਦੇਵ ਸਿੰਘ ਦਾ ਬਾਹਰਲਾ ਘਰ ਦਿੱਸਿਆ। ਬਾਹਰਲੇ ਘਰ ਦੀ ਬੈਠਕ 'ਤੇ ਲੱਗਿਆ ਐਂਟੀਨਾ। ਇਹ ਬੈਠਕ ਉਹ ਨੇ ਆਏ ਗਏ ਬੰਦੇ ਵਾਸਤੇ ਰੱਖੀ ਹੋਈ ਸੀ। ਓਥੇ ਅਗਲੇ ਨੂੰ ਬਿਠਾਉਂਦਾ, ਓਥੇ ਹੀ ਉਹ ਦੀ ਸੇਵਾ ਕਰਦਾ। ਰਾਤ ਕਿਸੇ ਨੇ ਠਹਿਰਨਾ ਹੁੰਦਾ ਤਾਂ ਓਸੇ ਬੈਠਕ ਵਿਚ। ਰਾਮ ਨਰਾਇਣ ਥੋੜ੍ਹਾ ਅੱਗੇ ਹੋਇਆ ਤਾਂ ਹਰਦੇਵ ਸਿੰਘ ਦਾ ਅੰਦਰਲਾ ਘਰ ਵੀ ਦਿਸ ਪਿਆ। ਬਾਹਰਲੇ ਘਰ ਦੇ ਅੱਗੋਂ ਦੀ ਲੰਘ ਕੇ ਹੀ ਅੰਦਰਲਾ ਘਰ ਸੀ। ਉਹ ਅੰਦਰਲੇ ਘਰ ਹੀ ਜਾਣਾ ਚਾਹੁੰਦਾ ਸੀ। ਉਹ ਬਾਹਰਲੇ ਘਰ ਕਿਉਂ ਜਾਵੇ? ਉਹ ਕੋਈ ਓਪਰਾ ਥੋੜ੍ਹਾ ਸੀ। ਹਰਦੇਵ ਸਿੰਘ ਦੇ ਅੰਦਰਲੇ ਘਰ ਅੱਗੇ ਖੜ੍ਹ ਕੇ ਉਹ ਖੰਘਿਆ। ਨਾਲ ਦੀ ਨਾਲ ਉਹ ਦੀ ਨਿਗਾਹ ਉਨ੍ਹਾਂ ਦੇ ਆਪਣੇ ਘਰ ਵੱਲ ਚਲੀ ਗਈ। ਜੋ ਹੁਣ ਉਨ੍ਹਾਂ ਦਾ ਨਹੀਂ ਰਹਿ ਗਿਆ ਸੀ। ਸ਼ਰੀਕਾਂ ਦਾ ਕਬਜ਼ਾ ਸੀ। ਉਨ੍ਹਾਂ ਦਾ ਇਹ ਘਰ ਖਰੀਦ ਕੇ ਸ਼ਰੀਕ ਜਿਵੇਂ ਉੱਚਾ ਬਣ ਬੈਠਾ ਹੋਵੇ। ਉਹ ਜਿਵੇਂ ਨੀਵੇਂ ਰਹਿ ਗਏ ਹੋਣ। ਸ਼ਰੀਕ ਭਾਵੇਂ ਸਾਰੀ ਉਮਰ ਤੋਂ ਬਾਣੀਆਂ ਦਾ ਕਰਜ਼ਾਈ ਸੀ, ਪਰ ਸ਼ਰੀਕਾਂ ਦੀ ਜਾਇਦਾਦ ਖਰੀਦ ਕੇ ਉਹ ਫੇਰ ਵੀ ਉੱਚਾ ਸੀ। ਬੈਂਕ ਵਿਚ ਪੈਸਾ ਜਮ੍ਹਾਂ ਰੱਖਣ ਵਾਲੇ ਪਟਿਆਲੀਏ ਉਹ ਦੇ ਕੋਲੋਂ ਫੇਰ ਵੀ ਨੀਵੇਂ ਸਨ।

ਇੱਕ ਖੰਘੂਰ ਉਹ ਨੇ ਹੋਰ ਮਾਰੀ। ਨਾਲ ਦੀ ਨਾਲ ਉਹ ਦੀ ਨਿਗਾਹ ਹਰਦੇਵ ਸਿੰਘ ਦੇ ਮਹਿਰਾਬੀ ਬਾਰ 'ਤੇ ਚਲੀ ਗਈ। ਅਸਮਾਨ ਵਿਚ ਚੰਦ ਪੂਰਾ ਚਮਕ ਰਿਹਾ ਸੀ। ਮਹਿਰਾਬੀ ਬਾਰ ਦੇ ਉਤਾਂਹ ਜਿਹੇ ਸਿੱਧੇ ਲਾਈਨ ਵਿਚ ਉੱਕਰੇ ਉਹ ਨੂੰ ਕਾਲੇ ਅੱਖਰ ਦਿੱਸੇ। ਅਰਬੀ ਵਿਚ ਲਿਖੇ ਇਹ ਵਰ੍ਹਿਆਂ ਪੁਰਾਣੇ ਅੱਖਰ ਸਨ।

ਰਾਮ ਨਰਾਇਣ ਨੂੰ ਇੱਕ ਪੁਰਾਣੀ ਗੱਲ ਯਾਦ ਆਈ। ਜਦੋਂ ਉਹ ਅੱਠਵੀਂ ਜਮਾਤ ਵਿਚ ਪੜ੍ਹਦੇ ਸਨ ਤਾਂ ਹਰਦੇਵ ਸਿੰਘ ਇੱਕ ਦਿਨ ਇਨ੍ਹਾਂ ਅੱਖਰਾਂ ਨੂੰ ਹੂਬਹੂ ਆਪਣੀ

ਕਾਪੀ 'ਤੇ ਉਤਾਰ ਕੇ ਸਕੂਲ ਲੈ ਆਇਆ। ਤੇ ਫੇਰ ਸਕੂਲ ਦੇ ਗਿਆਨੀ ਮਾਸਟਰ ਨੂੰ ਉਨ੍ਹਾਂ ਨੇ ਇਹ ਅੱਖਰ ਦਿਖਾਏ ਸਨ। ਗਿਆਨੀ ਪੁਰਾਣੇ ਵਕ਼ਤਾਂ ਦਾ ਉਰਦੂ ਫ਼ਾਰਸੀ ਪੜ੍ਹਿਆ ਹੋਇਆ ਸੀ, ਅਰਬੀ ਵੀ ਜਾਣਦਾ ਹੋਵੇਗਾ। ਉਹ ਨੇ ਅੱਖਰ ਉਠਾ ਕੇ ਫੇਰ ਉਨ੍ਹਾਂ ਨੂੰ ਉਸ ਦਾ ਮਤਲਬ ਸਮਝਾਇਆ ਸੀ। ਉਨ੍ਹਾਂ ਨੇ ਉਨ੍ਹਾਂ ਅੱਖਰਾਂ ਨੂੰ ਆਪਣੀਆਂ ਕਾਪੀਆਂ 'ਤੇ ਪੰਜਾਬੀ ਵਿਚ ਲਿਖ ਲਿਆ ਸੀ ਤੇ ਫੇਰ ਮੂੰਹ ਜ਼ਬਾਨੀ ਯਾਦ ਵੀ ਕੀਤਾ। ਉਹ ਅੱਖਰ ਸਨ–"ਸੁਬਹਾਨ ਅੱਲਾਹ ਵਲ ਹਮਦੁਲ ਇੱਲਾਹ ਵਲਾ ਇੱਲਾਹ ਇਲ ਲੱਲਾਹ ਵੱਲਾ ਹੂ ਅਕਬਰ।" ਇਨ੍ਹਾਂ ਅੱਖਰਾਂ ਦੇ ਅਰਥ ਵੀ ਉਨ੍ਹਾਂ ਨੇ ਲਿਖੇ ਤੇ ਯਾਦ ਕੀਤਾ–"ਰੱਬ ਪਾਕ ਹੈ। ਤਮਾਮ ਤਰੀਫ਼ਾਂ ਓਸੇ ਲਈ ਹਨ। ਰੱਬ ਤੋਂ ਬਗੈਰ ਹੋਰ ਕੋਈ ਇਬਾਦਤ ਦੇ ਲਾਇਕ ਨਹੀਂ। ਰੱਬ ਹੀ ਸਭ ਤੋਂ ਵੱਡਾ ਹੈ।"

ਤੇ ਫੇਰ ਜਦੋਂ ਉਹ ਵਿਆਹੇ–ਵਰੇ ਹੋ ਗਏ ਸਨ, ਹਰਦੇਵ ਸਿੰਘ ਨੇ ਆਪਣਾ ਸਾਰਾ ਮਕਾਨ ਢਾਹ ਕੇ ਨਵਾਂ ਬਣਾਇਆ ਸੀ ਤਾਂ ਉਹ ਨੇ ਇਹ ਮਹਿਰਾਬੀ ਬਾਰ ਵਾਲਾ ਦਰਵਾਜ਼ਾ ਨਹੀਂ ਢਾਹਿਆ ਸੀ। ਉਹ ਕਹਿੰਦਾ ਹੁੰਦਾ–"ਇਹ ਨਹੀਂ ਢਾਹੁਣਾ। ਇਸ 'ਤੇ ਕੁਰਾਨ ਦੇ ਅੱਖਰ ਲਿਖੇ ਹੋਏ ਨੇ।" ਉਹ ਇਹ ਵੀ ਕਹਿੰਦਾ–"ਇਹੀ ਕੁਛ ਗੁਰਬਾਣੀ ਕਹਿੰਦੀ ਐ, ਇਹੀ ਗੱਲਾਂ ਹਿੰਦੂਆਂ ਦੇ ਗ੍ਰੰਥ ਕਹਿੰਦੇ ਐ।' ਆਪਣੀ ਮਖ਼ਸੂਸ ਹਾਸੀ ਹੱਸਦਾ–"ਹੂੰ... ਫੇਰ ਇਹ ਫ਼ਰਕ ਕੀ ਹੋਇਆ? ਵੱਟਾਂ ਤਾਂ ਬੰਦਿਆਂ ਨੇ ਬਣਾ ਲੀਆਂ। ਰੱਬ ਤਾਂ ਸਭ ਦਾ ਇੱਕੋ ਐ।'

ਦੂਜੀ ਖੰਘੂਰ ਸੁਣ ਕੇ ਅੰਦਰੋਂ ਕੁੜੀ ਆਈ ਇਹ ਹਰਦੇਵ ਸਿੰਘ ਦੀ ਸਭ ਤੋਂ ਛੋਟੀ ਕੁੜੀ ਸੀ। ਬਹੁਤ ਨੇੜੇ ਹੋ ਕੇ ਉਹ ਨੇ ਰਾਮ ਨਰਾਇਣ ਨੂੰ ਸਿਆਣ ਲਿਆ। ਚਾਚਾ ਕਹਿ ਕੇ ਸਤਿ ਸ੍ਰੀ ਅਕਾਲ ਬੁਲਾਈ। ਰਾਮ ਨਰਾਇਣ ਨੇ ਉਹ ਦਾ ਸਿਰ ਪਲੋਸਿਆ ਤੇ ਉਹ ਨੂੰ ਬੁੱਕਲ ਵਿਚ ਲੈ ਲਿਆ। ਪੁੱਛਿਆ–"ਕਿੱਥੇ ਐ ਬਾਪੂ ਤੇਰਾ?" ਉਹ ਕਹਿੰਦੀ–"ਬਾਪੂ ਤੇ ਬੇਬੇ ਤਾਂ ਬਾਹਰਲੇ ਘਰ ਮੈਸ ਦੀ ਧਾਰ ਕੱਢਦੇ ਐ। ਤੁਸੀਂ ਅੰਦਰ ਆ ਜੋ।"

ਉਹ ਅੰਦਰ ਦਰਵਾਜ਼ੇ ਵਿਚ ਜਾ ਬੈਠਾ। ਬਿਜਲੀ ਜਗ ਰਹੀ ਸੀ। ਛੋਟੀ ਕੁੜੀ ਨਾਲ ਉਹ ਦੀਆਂ ਦੋ ਚਾਰ ਗੱਲਾਂ ਹੁੰਦੀਆਂ ਸੁਣ ਕੇ ਤੇ ਉਹ ਦਾ ਬੋਲ ਸਿਆਣ ਕੇ ਦੂਜੀਆਂ ਕੁੜੀਆਂ ਵੀ ਦਰਵਾਜ਼ੇ ਵਿਚ ਆ ਖੜ੍ਹੀਆਂ। ਸਭ ਨੇ ਵਾਰੀ ਵਾਰੀ ਸਤਿ ਸ੍ਰੀ ਅਕਾਲ ਆਖੀ। ਮੰਜੇ ਤੋਂ ਉੱਠ ਕੇ ਉਹ ਨੇ ਸਭ ਦਾ ਸਿਰ ਪਲੋਸਿਆ।

ਹਰਦੇਵ ਸਿੰਘ ਤੇ ਉਹ ਦੀ ਘਰ ਵਾਲੀ ਬਾਹਰਲੇ ਘਰੋਂ ਆਏ ਤਾਂ ਉਹ ਮੰਜੀ 'ਤੋਂ ਖੜ੍ਹਾ ਹੋ ਗਿਆ। ਚਾਰੇ ਕੁੜੀਆਂ ਅੰਦਰ ਚਲੀਆਂ ਗਈਆਂ ਸਨ। ਹਰਦੇਵ ਨੂੰ ਦੇਖਦੇ ਹੀ ਰਾਮ ਨਰਾਇਣ ਦੀ ਭੁੱਬ ਨਿਕਲ ਗਈ। ਉਹ ਜੱਫੀ ਪਾ ਕੇ ਮਿਲੇ। ਹਰਦੇਵ ਸਿੰਘ ਦੀ ਘਰ ਵਾਲੀ ਦੁੱਧ ਦੀ ਬਾਲਟੀ ਰਸੋਈ ਵਿਚ ਰੱਖ ਕੇ ਦਰਵਾਜ਼ੇ ਵਿਚ ਆਈ ਤੇ ਖੂੰਜੇ ਵਿਚ ਪਈ ਇੱਕ ਬੋਰੀ ਭੁੰਜੇ ਵਿਛਾ ਦਿੱਤੀ। ਰਾਮ ਨਰਾਇਣ ਬੋਰੀ 'ਤੇ ਬੈਠ ਗਿਆ ਕੋਲ ਹੀ ਹਰਦੇਵ ਸਿੰਘ ਥਮਲੇ ਦੀ ਢੋਹ ਲਾ ਕੇ ਪੈਰਾਂ ਭਾਰ ਬੈਠਾ ਸੀ। ਰਾਮ ਨਰਾਇਣ ਨਵਾਂ ਸਵਾਲ ਕਰਦਾ ਤਾਂ ਹਰਦੇਵ ਸਿੰਘ ਸਾਰੀ ਗੱਲ ਖੋਲ੍ਹ ਕੇ ਦੱਸਦਾ। ਓਥੇ ਬੈਠਿਆਂ ਨੂੰ ਹੀ ਛੋਟੀ ਕੁੜੀ ਚਾਹ ਦੇ ਗਲਾਸ ਫੜਾ ਗਈ। ਉਹ ਘੁੱਟ ਘੁੱਟ ਕਰਕੇ ਚਾਹ ਪੀਣ ਲੱਗੇ। ਹਰਦੇਵ ਸਿੰਘ ਕਹਿ ਰਿਹਾ ਸੀ–"ਚੰਗਾ ਕੀਤਾ ਰਾਮੂ, ਤੂੰ ਆ ਗਿਆ। ਮੈਨੂੰ ਪਤਾ ਸੀ, ਕਿਸੇ ਦਿਨ ਤੂੰ ਆਏਂਗਾ।"

ਰਾਮ ਨਰਾਇਣ ਦੇ ਮੂੰਹ ’ਤੇ ਬਹਾਨੇ ਭਰੀਆਂ ਗੱਲਾਂ ਆਉਂਦੀਆਂ ਤੇ ਵਾਪਸ ਹੋ ਜਾਂਦੀਆਂ। ਗੱਲ ਮੂੰਹੋਂ ਕੱਢਣ ਲੱਗਿਆਂ ਉਹ ਆਪਣੇ ਆਪ ਨੂੰ ਗੁਨਾਹਗਾਰ ਸਮਝਦਾ। ਅਖ਼ੀਰ ਉਹ ਨੇ ਸੱਚੀ ਗੱਲ ਆਖੀ–‘‘ਭੋਗ ਵਾਲੇ ਦਿਨ ਤੇਰੀ ਭਰਜਾਈ ਬਹੁਤ ਢਿੱਲੀ ਹੋ ’ਗੀ ਸੀ। ਹਸਪਤਾਲ ਲਿਜਾਣਾ ਪਿਆ। ਤਿੰਨ ਰਾਤਾਂ ਓਥੇ ਹੀ ਰਹੇ। ਬੱਸ ਫੇਰ ਘੌਲ ਈ ਪੈਂਦੀ ਗਈ। ਅੱਜ ਜਾਨਾ, ਕੱਲ੍ਹ ਜਾਨਾ। ਆਹ ਦਿਨ ਆ ਗਿਆ।’’

ਤੇ ਫੇਰ ਹਰਦੇਵ ਸਿੰਘ ਉਹ ਨੂੰ ਕਹਿੰਦਾ–‘‘ਚੱਲ ਹੁਣ ਮੰਜੇ ’ਤੇ ਹੀ ਆ ਜਾ। ਕੀਹ ਐ ਇਨ੍ਹਾਂ ਗੱਲਾਂ ’ਚ। ਬੰਦਾ ਮੁੜ ਕੇ ਤਾਂ ਔਂਦਾ ਨ੍ਹੀ।’’

ਮੰਜੇ ’ਤੇ ਬੈਠ ਕੇ ਉਹ ਏਧਰ ਓਧਰ ਦੀਆਂ ਹੋਰ ਗੱਲਾਂ ਮਾਰਨ ਲੱਗੇ।

ਹਰਦੇਵ ਸਿੰਘ ਦੇ ਘਰ ਵਾਲੀ ਆਈ ਤੇ ਕਹਿੰਦੀ–‘‘ਰਾਮ, ਹੱਥ ਮੂੰਹ ਧੋ ਲੈ। ਤੱਤਾ ਪਾਣੀ ਰੱਖਿਆ ਪਿਐ ਗੁਸਲਖਾਨੇ ’ਚ। ਫੇਰ ਰੋਟੀ ਖਾ ਲਿਓ।’’

ਰਾਮ ਨਰਾਇਣ ਉੱਠਿਆ ਤੇ ਗੁਸਲਖਾਨੇ ਵਿਚ ਜਾ ਕੇ ਮੂੰਹ ਹੱਥ ਧੋਣ ਲੱਗਿਆ। ਗਰਮ ਪਾਣੀ ਨਾਲ ਗੋਡਿਆਂ ਤੱਕ ਲੱਤਾਂ ਤੇ ਕੂਹਣੀਆਂ ਤੱਕ ਬਾਹਾਂ ਤੇ ਫੇਰ ਸਾਰਾ ਚਿਹਰਾ ਧੋ ਕੇ ਉਹ ਨੂੰ ਜਿਵੇਂ ਸੁਰਤ ਜਿਹੀ ਆ ਗਈ ਹੋਵੇ। ਉਹ ਦੁਪਹਿਰ ਦਾ ਪਟਿਆਲਿਓਂ ਚੱਲਿਆ ਹੋਇਆ ਸੀ। ਅੱਖਾਂ ਮੱਚੂੰ ਮੱਚੂੰ ਕਰ ਰਹੀਆਂ ਸਨ। ਮੰਜੇ ’ਤੇ ਆ ਕੇ ਬੈਠਣ ਵੇਲੇ ਹਰਦੇਵ ਸਿੰਘ ਦੀ ਪਤਨੀ ਉਹ ਨੂੰ ਇੱਕ ਭਾਰਾ ਜਿਹਾ ਕੰਬਲ ਦੇਣ ਆਈ ਤੇ ਉਹ ਦੇ ਕੋਲ ਹੀ ਪੈਂਦ ਵੱਲ ਬੈਠ ਗਈ। ਹਰਦੇਵ ਸਿੰਘ ਗੁਸਲਖਾਨੇ ਵੱਲ ਚਲਿਆ ਗਿਆ ਸੀ। ਉਹ ਉਹ ਦੀ ਪਤਨੀ ਦਾ ਹਾਲ ਚਾਲ ਪੁੱਛਣ ਲੱਗੀ। ਰਾਮ ਨਰਾਇਣ ਨੇ ਉਹ ਦੇ ਨਾਲ ਵੀ ਮੁੰਡੇ ਦਾ ਦੁੱਖ ਵੰਡਾਇਆ। ਬਿਜਲੀ ਬੱਤੀ ਦੇ ਚਾਨਣ ਵਿਚ ਉਹ ਨੇ ਦੇਖਿਆ, ਉਹ ਖਾਸੀ ਬੁੜ੍ਹੀ ਹੋ ਗਈ ਲਗਦੀ ਸੀ। ਸਿਰ ਦੇ ਵਾਲ ਅੱਧੇ ਚਿੱਟੇ ਹੋਏ ਪਏ ਸਨ। ਪਹਿਲਾਂ ਤਾਂ ਉਹ ਪੰਜ ਜਵਾਕ ਜੰਮ ਕੇ ਵੀ ਮੁਟਿਆਰ ਜਿਹੀ ਲੱਗਿਆ ਕਰਦੀ ਸੀ। ਹਰਦੇਵ ਸਿੰਘ ਵੀ ਅੱਜ ਉਹ ਨੂੰ ਉਮਰ ਉਤਾਰ ਜਿਹਾ ਦਿੱਸਿਆ ਸੀ। ਦਾੜ੍ਹੀ ਖੁੱਲ੍ਹੀ ਛੱਡੀ ਹੋਈ। ਚਿਹਰੇ ਦੀਆਂ ਝੁਰੜੀਆਂ ਸਾਫ਼ ਨਜ਼ਰ ਆਉਂਦੀਆਂ ਗੱਲਾਂ ਵਿਚ ਉਹ ਤੰਤ ਨਹੀਂ ਰਹਿ ਗਿਆ ਸੀ। ਰਾਮ ਨਰਾਇਣ ਨੇ ਮਨ ਵਿਚ ਸੋਚਿਆ, ਉਹ ਆਪ ਤਾਂ ਅਜੇ ਹਰਦੇਵ ਸਿੰਘ ਨਾਲੋਂ ਤਕੜਾ ਪਿਆ ਹੈ। ਫੇਰ ਉਹ ਨੇ ਤਰਕ ਲੱਭਿਆ–‘ਪੁੱਤ ਦੀ ਮੌਤ ਦਾ ਬੜਾ ਦੁੱਖ ਹੁੰਦੈ। ਰੱਬ ਜੀਹਨੂੰ ਨਹੀਂ ਦਿੰਦਾ, ਸਬਰ ਕਰਕੇ ਬੈਠਾ ਰਹਿੰਦੈ। ਪਰ ਜੀਹਨੂੰ ਦੇ ਕੇ ਫੇਰ ਲੈ ਵੀ ਜਾਂਦੈ, ਉਹ ਸਬਰ ਨਾਲੋਂ ਵੀ ਭੈੜੀ ਗੱਲ ਐ।’’

ਰੋਟੀ ਖਾ ਕੇ ਉਹ ਬਾਹਰਲੇ ਘਰ ਦੀ ਬੈਠਕ ਵਿਚ ਆ ਗਏ। ਬਿਜਲੀ ਬੱਤੀ ਜਗਾਈ। ਬੈਠਕ ਵਿਚ ਸੋਫ਼ਾ ਸੈੱਟ ਰੱਖਿਆ ਹੋਇਆ ਸੀ। ਦੋ ਪਲੰਘ ਵਿਛੇ ਹੋਏ ਸਨ। ਇੱਕ ਪਾਸੇ ਟੈਲੀਵਿਜ਼ਨ ਪਿਆ ਸੀ। ਸਾਹਮਣੇ ਵਾਲੀ ਕੰਧ ’ਤੇ ਸੋਭਾ ਸਿੰਘ ਦੀ ਬਣਾਈ ਬਾਬੇ ਨਾਨਕ ਦੀ ਵੱਡੀ ਤੇ ਆਕਰਸ਼ਕ ਤਸਵੀਰ। ਕਾਰਨਿਸ ’ਤੇ ਕਿੰਨੀਆਂ ਸਾਰੀਆਂ ਧਾਰਮਿਕ ਪੁਸਤਕਾਂ। ਖੱਬੇ ਪਾਸੇ ਦੀ ਕੰਧ ’ਤੇ ਆਟੋਮੈਟਿਕ ਕਲਾਕ ਤੇ ਸੱਜੇ ਪਾਸੇ ਦੀ ਕੰਧ ’ਤੇ ਚਿੱਟੀ ਲੱਕੜ ਦੇ ਫਰੇਮ ਵਾਲੀ ਇੱਕ ਫੋਟੋ। ਇਹ ਫੋਟੋ ਪਿਛਲੀ ਵਾਰ ਰਾਮ ਨਰਾਇਣ ਨੇ ਨਹੀਂ ਦੇਖੀ ਸੀ। ਕਰੜ ਬਰੜੀ ਖੁੱਲ੍ਹੀ ਦਾੜ੍ਹੀ, ਮੁੱਛਾਂ ਬਿਲਕੁੱਲ ਸਾਫ਼, ਸਿਰ ’ਤੇ ਚਿੱਟੀ ਪੱਗ ਲੜ ਛੱਡਵੀਂ।’

–"ਦੇਵ, ਇਹ ਕੌਣ ਹੋਇਆ ਬਈ?" ਰਾਮ ਨਰਾਇਣ ਨੇ ਪਲੰਘ 'ਤੇ ਬੈਠਣ ਤੋਂ ਪਹਿਲਾਂ ਹੀ ਪੁੱਛ ਲਿਆ।

–"ਅਬਦੁੱਲਾ ਖਾਂ, ਕੌਣ ਅਬਦੁੱਲਾ ਖਾਂ?"

–"ਸੂਬੇਦਾਰ ਅਬਦੁੱਲਾ ਖਾਂ। ਤੂੰ ਬੈਠ ਪਹਿਲਾਂ ਰਜ਼ਾਈਆਂ ਖੋਲ੍ਹ ਲਈਏ। ਫੇਰ ਤੈਨੂੰ ਦੱਸਦਾਂ ਸਾਰੀ ਕਹਾਣੀ।"

ਆਪਣੀਆਂ ਆਪਣੀਆਂ ਰਜ਼ਾਈਆਂ ਹਿੱਕ ਤੱਕ ਖਿੱਚ ਕੇ ਉਨ੍ਹਾਂ ਨੇ ਇੱਕ ਦੂਜੇ ਵੱਲ ਮੂੰਹ ਕੀਤਾ ਤੇ ਸਿਰਹਾਣਿਆਂ 'ਤੇ ਕੂਹਣੀਆਂ ਟਿਕਾ ਕੇ ਲੇਟ ਗਏ। ਹਰਦੇਵ ਸਿੰਘ ਨੇ ਗੱਲ ਸ਼ੁਰੂ ਕੀਤੀ।–"ਇਹ ਉਹ ਸੂਬੇਦਾਰ ਅਬਦੁੱਲਾ ਖਾਂ ਐ, ਜੀਹਨੇ ਅੰਗਰੇਜ਼ਾਂ ਦੇ ਰਾਜ ਵੇਲੇ ਆਪਣੇ ਪਿੰਡ ਪ੍ਰਾਇਮਰੀ ਸਕੂਲ ਖੁਲ੍ਹਵਾਇਆ ਸੀ। ਏਸੇ ਪਿੰਡ ਦਾ ਈ ਐ ਇਹ ਅਬਦੁੱਲਾ ਖਾਂ।"

–"ਵਾਹ ਬਈ ਵਾਹ ਕਮਾਲ ਹੋ 'ਗੀ ਫੇਰ ਤਾਂ। ਇਹ ਫ਼ੋਟੋ ਕਿੱਥੋਂ ਮਿਲੀ ਤੈਨੂੰ?"

–'ਇਹ ਜਿਹੜਾ ਆਪਣਾ ਘਰ ਐ ਨਾ ਅੰਦਰਲਾ, ਇਹ ਏਸ ਅਬਦੁੱਲਾ ਖਾਂ ਦਾ ਸੀ। ਆਪਣੇ ਵਾਲੀ ਜ਼ਮੀਨ ਵੀ ਏਸੇ ਦੀ ਐ। ਜਦੋਂ ਅਸੀਂ ਪਾਕਿਸਤਾਨ ਛੱਡ ਕੇ ਆਏ, ਬਾਪੂ ਜੀ ਨੂੰ ਇਹ ਜ਼ਮੀਨ ਤੇ ਇਹ ਘਰ ਅਲਾਟ ਹੋ ਗਿਆ ਸੀ।'

–'ਤੇ ਇਹ ਫ਼ੋਟੋ?'

–'ਅਬਦੁੱਲਾ ਖਾਂ ਆਪ ਤਾਂ ਮਰ ਗਿਆ, ਹੁਣ ਇਹ ਦਾ ਮੁੰਡਾ ਹਦਾਇਤ ਉੱਲਾ ਖਾਂ ਪਿਛਲੇ ਸਾਲ ਇੱਥੇ ਗੋਬਿੰਦਪੁਰੇ ਆਇਆ ਸੀ, ਓਧਰੋਂ ਪਾਕਿਸਤਾਨ 'ਚੋਂ। ਪਹਿਲਾਂ ਤਾਂ ਉਹ ਲੁਧਿਆਣੇ ਪਹੁੰਚਿਆ। ਫੇਰ ਲੁਧਿਆਣੇ ਤੋਂ ਬੱਸ ਲੈ ਕੇ ਆਪਣੇ ਸ਼ਹਿਰ। ਸ਼ਹਿਰੋਂ ਉਹ ਨੇ ਟੈਕਸੀ ਕਰਵਾਈ ਤੇ ਏਥੇ ਆ ਗਿਆ। ਏਥੇ ਜੈਮਲ ਸਿਓਂ ਨੰਬਰਦਾਰ ਦਾ ਘਰ ਪੁੱਛਦਾ ਫਿਰੇ। ਜੈਮਲ ਸਿੰਘ ਨੰਬਰਦਾਰ ਉਹ ਦੇ ਬਾਪ ਅਬਦੁੱਲਾ ਖਾਂ ਦਾ ਹਾਣੀ ਐ। ਅਬਦੁੱਲਾ ਖਾਂ ਦੀਆਂ ਚਿੱਠੀਆਂ ਵੀ ਔਂਦੀਆਂ ਰਹੀਐਂ, ਜੈਮਲ ਨੰਬਰਦਾਰ ਦੇ ਨਾਉਂ। ਓਧਰੋਂ ਉਹ ਪਿੰਡ ਦਾ ਸਾਰਾ ਹਾਲ ਚਾਲ ਪੁੱਛਦਾ ਹੁੰਦਾ। ਇਹ ਐਧਰੋਂ ਲਿਖਵਾ ਕੇ ਭੇਜਦਾ ਚਿੱਠੀ। ਜੈਮਲ ਨੰਬਰਦਾਰ ਨੂੰ ਨਾਲ ਲੈ ਕੇ ਫੇਰ ਉਹ ਹਦਾਇਤੁੱਲਾ ਆਪਣੇ ਘਰ ਆਇਆ। ਆਪਣੀ ਉਮਰ ਦਾ ਈ ਸੀ, ਉਹ ਵੀ। ਖੜ੍ਹਾ ਬਾਰ ਕੰਨੀ ਝਾਕੀ ਗਿਆ, ਖਾਸਾ ਚਿਰ। ਸਿਆਣਦਾ ਹੋਊਗਾ, ਉਹ ਵੀ ਫੌਜੀ ਐ। ਸੂਬੇਦਾਰੀ ਪੈਨਸ਼ਨ ਆਇਆ ਵਿਐ। ਉਹ ਅੱਖਰ ਵੀ ਪੜ੍ਹੇ, ਚੂਨੇ ਵਿਚ ਖੋਦ ਕੇ ਵਿਚ ਕਾਲਾ ਰੰਗ ਭਰਿਆ ਹੋਇਆ– "ਸੁਬਹਾਨ ਅੱਲਾਹ ਵਲ ਹਮਦੁੱਲ ਇਲਾਹ ਵਲਾ ਇੱਲਾਹ ਇਲ ਲੱਲਾਹ ਵੱਲਾ ਹੂ ਅਕਬਰ।" ਫੇਰ ਅੰਦਰ ਆ ਕੇ ਮੰਜੇ 'ਤੇ ਬੈਠ ਗਿਆ। ਛੱਤਾਂ ਤੇ ਕੰਧਾਂ ਦੀ ਸਿਆਣ ਜੀ ਕੱਢੀ ਜਾਵੇ। ਚਿਹਰਾ ਉਦਾਸ ਹੋ ਗਿਆ ਉਹਦਾ। ਮੈਂ ਘਰ ਈ ਸੀ। ਮੈਨੂੰ ਕੋਈ ਸਮਝ ਨਾ ਆਵੇ। ਫੇਰ ਜੈਮਲ ਸਿਓਂ ਨੇ ਦੱਸਿਆ ਮੈਨੂੰ ਕਿ ਇਹ ਸੂਬੇਦਾਰ ਅਬਦੁੱਲਾ ਖਾਂ ਦਾ ਲੜਕਾ ਐ ਹਦਾਇਤੁੱਲਾ ਖਾਂ। ਜਦੋਂ ਇਹ ਪਾਕਿਸਤਾਨ ਗਏ ਐ, ਇਹ ਤੀਜੀ ਜਮਾਤ 'ਚ ਪੜ੍ਹਦਾ ਹੁੰਦਾ ਸੀ। ਇਹ ਘਰ ਇਨ੍ਹਾਂ ਦਾ ਸੀ, ਜੀਹਦੇ 'ਚ ਹੁਣ ਤੁਸੀਂ ਬੈਠੇ ਓਂ। ਅਸੀਂ ਉਹ ਨੂੰ ਚਾਹ ਪਿਆਈ। ਰੋਟੀ ਨੂੰ ਪੁੱਛਿਆ, ਉਹ ਕਹਿੰਦਾ–ਰੋਟੀ ਤਾਂ ਮੈਂ ਨੰਬਰਦਾਰ ਦੇ ਘਰ ਖਾਊਂਗਾ। ਇਹ ਫ਼ੋਟੋ ਫਰੇਮ ਕਰਵਾ ਕੇ ਉਹ ਨਾਂਲ ਲਿਆਇਆ ਸੀ। ਮੈਨੂੰ ਪਹਿਲਾਂ

ਤਾਂ ਉਹ ਹੱਸਣ ਲੱਗਿਆ, ਅਖੇ-ਜੇ ਅਸੀਂ ਮੁੜ ਗੋਬਿੰਦਪੁਰੇ ਆ ਜਾਈਏ ਤਾਂ ਤੁਸੀਂ ਸਾਨੂੰ ਇਹ ਸਾਡਾ ਘਰ ਵਾਪਸ ਮੋੜ ਦਿਓਂਗੇ? ਮੈਂ ਕਿਹਾ-ਹਾਂ, ਆ ਜਾਓ। ਫੇਰ ਕਹਿੰਦਾ-ਮੇਰੀ ਇੱਕ ਅਰਜ਼ ਮੰਨ ਲਓ। ਇਹ ਮੇਰੇ ਅੱਬਾ ਦੀ ਫ਼ੋਟੋ ਐ। ਇਹ ਨੂੰ ਤੁਸੀਂ ਆਪਣੇ ਘਰ ਲਾ ਕੇ ਰੱਖੋ। ਹਮੇਸ਼ਾ ਇਹ ਏਸ ਘਰੇ ਰਹੇ ਬੱਸ। ਫ਼ੋਟੋ ਮੈਂ ਲੈ ਲਈ ਤੇ ਏਥੇ ਬੈਠਕ ਵਿਚ ਇਸ ਨੂੰ ਸਜਾ ਦਿੱਤਾ। ਇਹ ਬਾਹਰਲੇ ਘਰ ਵਾਲੀ ਥਾਂ ਵੀ ਉਨ੍ਹਾਂ ਦੀ ਹੀ ਸੀ।"

– "ਅਜੀਬ ਮੋਹ ਐ ਬਈ ਆਪਣੀ ਧਰਤੀ ਦਾ।" ਰਾਮ ਨਰਾਇਣ ਆਖ ਰਿਹਾ ਸੀ।-'ਅਸਲੀ ਵਿਚ ਜਿਸ ਮਿੱਟੀ ਵਿਚੋਂ ਬੰਦਾ ਪੈਦਾ ਹੋਇਆ ਹੋਵੇ, ਉਹ ਮਿੱਟੀ ਉਹ ਨੂੰ ਬੁਲਾਉਂਦੀ ਰਹਿੰਦੀਐ। ਉਹ ਨੂੰ ਆਪਣੇ ਵੱਲ ਖਿੱਚਦੀ ਐ। ਬੰਦਾ ਆਪਣੀ ਮਿੱਟੀ ਨੂੰ ਲੋਚਦਾ ਰਹਿੰਦੈ। ਮਿੱਟੀ ਦਾ ਮਿੱਟੀ ਨਾਲ ਰਿਸ਼ਤਾ ਈ ਅਹਿਓ ਜ੍ਹਾ ਐ। ਇਹ ਜ਼ਾਤ ਐ ਮਿੱਟੀ ਦੀ।"

– "ਗੱਲ ਤਾਂ ਅਸਲ ਇਹ ਐ ਯਾਰ, ਏਸ ਗੰਦੀ ਸਿਆਸਤ ਨੇ ਮਨੁੱਖ ਨੂੰ ਵੰਡ ਦਿੱਤਾ। ਮਿੱਟੀ ਤਾਂ ਮਨੁੱਖ ਦੀ ਇੱਕੋ ਐ।"

– "ਹਾਂ, ਦੇਖ ਲੈ। ਪਾਕਿਸਤਾਨੋਂ ਚੱਲ ਕੇ ਆਇਆ ਬੰਦਾ।" ਰਾਮ ਨਰਾਇਣ ਆਖ ਰਿਹਾ ਸੀ।

– "ਹੋਰ ਸੁਣ, ਹਦਾਇਤੁੱਲਾ ਜਾਂਦਾ ਹੋਇਆ ਦੋ ਸੌ ਰੁਪਈਆ ਵੀ ਫੜਾ ਗਿਆ ਨੰਬਰਦਾਰ ਨੂੰ। ਅਖੇ-ਇਨ੍ਹਾਂ ਦੇ ਲੱਡੂ ਲਿਆ ਕੇ ਸਕੂਲ ਦੇ ਸਾਰੇ ਮੁੰਡੇ ਕੁੜੀਆਂ ਤੇ ਮਾਸਟਰਾਂ ਨੂੰ ਵੰਡ ਦਿਓ। ਆਖਿਓ-ਬਈ ਸੂਬੇਦਾਰ ਅਬਦੁੱਲਾ ਖਾਂ ਦਾ ਲੜਕਾ ਇਹ ਲੱਡੂ ਦੇ ਕੇ ਗਿਐ।"

– "ਹੋਰ ਵੀ ਕਹਿ ਗਿਆ। ਪਹਿਲੀ ਤੋਂ ਲੈ ਕੇ ਅੱਠਵੀਂ ਜਮਾਤ ਤੱਕ ਹਰ ਜਮਾਤ ਵਿਚੋਂ ਜਿਹੜਾ ਮੁੰਡਾ ਜਾਂ ਕੁੜੀ ਫਸਟ ਆਵੇ, ਉਹ ਉਹ ਨੂੰ ਹਰ ਸਾਲ ਇਨਾਮ ਭੇਜਿਆ ਕਰੇਗਾ। ਪਹਿਲੀ ਵਾਲੇ ਨੂੰ ਦਸ ਰੁਪਈਏ, ਦੂਜੀ ਵਾਲੇ ਨੂੰ ਵੀਹ, ਤੀਜੀ ਵਾਲੇ ਨੂੰ ਤੀਹ, ਚੌਥੀ ਵਾਲੇ ਨੂੰ ਚਾਲੀ, ਪੰਜਵੀਂ ਵਾਲੇ ਨੂੰ ਪੰਜਾਹ ਤੇ ਏਵੇਂ ਜਿਵੇਂ ਛੀਵੀਂ, ਸੱਤਵੀਂ ਤੇ ਅੱਠਵੀਂ ਵਾਲਿਆਂ ਨੂੰ, ਸੱਠ, ਸੱਤਰ ਤੇ ਅੱਸੀ। ਐਸ ਸਾਲ ਆਏ ਐ ਤਿੰਨ ਸੌ ਸੱਠ ਰੁਪਈਏ।"

ਛੋਟੀ ਕੁੜੀ ਦੁੱਧ ਦਾ ਗੜਵਾ, ਜੋ ਰੱਖ ਗਈ ਸੀ, ਉਹ ਕਦੋਂ ਦਾ ਠੰਡਾ ਹੋ ਚੁੱਕਿਆ ਸੀ। ਠੰਡਾ ਦੁੱਧ ਉਨ੍ਹਾਂ ਨੂੰ ਹੋਰ ਵੀ ਸੁਆਦ ਲੱਗਿਆ। ਸਰ੍ਹੋਂ ਦੇ ਸਾਗ ਵਿਚ ਖਾਸਾ ਸਾਰਾ ਘਿਓ ਪਾ ਕੇ ਮੱਕੀ ਦੀ ਰੋਟੀ ਖਾਣ ਨਾਲ ਉਨ੍ਹਾਂ ਦੇ ਕਾਲਜਿਆਂ ਵਿਚ ਪਿਆਸ ਦੀ ਇੱਕ ਜਲਣ ਜਿਹੀ ਵੀ ਜਾਗੀ ਹੋਈ ਸੀ। ਦੁੱਧ ਪੀਣ ਬਾਅਦ ਵੀ ਉਹ ਗੱਲਾਂ ਕਰਦੇ ਰਹੇ। ਅੱਧੀ ਰਾਤ ਟੱਪ ਚੁੱਕੀ ਹੋਵੇਗੀ, ਜਦੋਂ ਉਨ੍ਹਾਂ ਦੇ ਘੁਰਾੜੇ ਵੱਜਣ ਲੱਗੇ।

ਦੂਜੇ ਦਿਨ ਰਾਮ ਨਰਾਇਣ ਸਦੇਹਾਂ ਹੀ ਜਾਗ ਪਿਆ। ਉਹ ਛੇਤੀ ਛੇਤੀ ਤਿਆਰ ਹੋ ਰਿਹਾ ਸੀ। ਹਰਦੇਵ ਸਿੰਘ ਤਾਂ ਕਦੋਂ ਦਾ ਉੱਠ ਕੇ ਗੁਰਦੁਆਰੇ ਵੀ ਜਾ ਆਇਆ ਸੀ। ਉਹ ਨੇ ਰਾਮ ਨਰਾਇਣ ਵਾਸਤੇ ਗਰਮ ਪਾਣੀ ਦੀ ਬਾਲਟੀ ਲਿਆਂਦੀ। ਉਹ ਓਥੇ ਬੈਠਕ ਵਿਚ ਹੀ ਨਹਾ ਲਿਆ। ਫੇਰ ਉਨ੍ਹਾਂ ਨੇ ਪਰੌਂਠਿਆਂ ਨਾਲ ਚਾਹ ਪੀਤੀ। ਰਾਮ ਨਰਾਇਣ ਚਾਹੁੰਦਾ ਸੀ ਕਿ ਛੇਤੀ ਇੱਥੋਂ ਨਿਕਲ ਤੁਰੇ। ਗੋਬਿੰਦਪੁਰੇ ਦੇ ਬੱਸ ਅੱਡੇ ਤੋਂ ਪਹਿਲੀ ਬੱਸ ਲੈ ਕੇ ਦਸ ਵੱਜਦੇ ਨੂੰ ਪਟਿਆਲੇ ਪਹੁੰਚ ਜਾਵੇ। ਇੰਝ ਉਹ ਦੀ ਛੁੱਟੀ ਬਚ ਰਹੇਗੀ।

ਹਰਦੇਵ ਸਿੰਘ ਬੱਸ ਅੱਡੇ ਤੱਕ ਉਹ ਦੇ ਨਾਲ ਆਇਆ। ਸਗੋਂ ਉਹ ਨੂੰ ਸਾਈਕਲ ਮਗਰ ਬਿਠਾ ਕੇ ਮਿੰਟਾਂ ਵਿਚ ਹੀ ਅੱਡੇ 'ਤੇ ਪਹੁੰਚਾ ਦਿੱਤਾ। ਬਹੁਤਾ ਖੜ੍ਹਨਾ ਨਹੀਂ ਪਿਆ, ਪੰਜਾਂ-ਦਸਾਂ ਮਿੰਟਾਂ ਪਿੱਛੋਂ ਹੀ ਬੱਸ ਆ ਗਈ। ਹੁਣ ਬੱਸ ਵਿਚ ਬੈਠਾ ਰਾਮ ਨਰਾਇਣ ਸੋਚ ਰਿਹਾ ਸੀ ਕਿ ਉਹ ਸ਼ਰੀਕਾਂ ਨੂੰ ਵੇਚੇ ਆਪਣੇ ਘਰ ਅੰਦਰ ਜਾ ਕੇ ਕਿਉਂ ਨਾ ਛੱਤਾਂ ਤੇ ਕੰਧਾਂ ਵੱਲ ਝਾਤ ਮਾਰ ਆਇਆ? ਫੇਰ ਕੀ ਪਤਾ ਕਦੋਂ ਆਇਆ ਜਾਵੇਗਾ ਏਥੇ, ਗੋਬਿੰਦਪੁਰੇ। ♦

# ਸਾਂਝੀ ਖਿੜਕੀ

ਉਨ੍ਹਾਂ ਦੇ ਘਰਾਂ ਦੀ ਇੱਕ ਕੰਧ ਸਾਂਝੀ ਹੈ। ਇੱਕ ਪਾਸੇ ਹਜ਼ਾਰੀ ਲਾਲ ਹਿੰਦੂ ਖੱਤਰੀ ਦਾ ਘਰ ਤੇ ਇੱਕ ਪਾਸੇ ਲੱਖਾ ਸਿੰਘ ਜੱਟ ਸਿੱਖ। ਹਜ਼ਾਰੀ ਲਾਲ ਤੇ ਲੱਖਾ ਸਿੰਘ ਹਾਣੋ ਹਾਣੀ ਹਨ। ਉਨ੍ਹਾਂ ਦੇ ਘਰ ਭਾਵੇਂ ਅੱਡ ਅੱਡ ਪੱਤੀਆਂ ਵਿਚ ਹਨ, ਪਰ ਉਹ ਬਚਪਨ ਵਿਚ ਘਰਾਂ ਦੀਆਂ ਛੱਤਾਂ ’ਤੇ ਇਕੱਠੇ ਖੇਡਦੇ ਹੁੰਦੇ। ਬੰਦੇ ਜਦੋਂ ਘਰ ਨਾ ਹੁੰਦੇ ਤਾਂ ਬੁੜ੍ਹੀਆਂ ਬਨੇਰਿਆਂ ’ਤੇ ਬੈਠ ਕੇ ਗੱਲਾਂ ਕਰਦੀਆਂ। ਲੱਖਾ ਸਿੰਘ ਮਾਂ ਦਾ ਇਕੱਲਾ ਪੁੱਤ ਸੀ ਤੇ ਹਜ਼ਾਰੀ ਲਾਲ ਵੀ ਇਕੱਲਾ। ਫੇਰ ਜਦ ਉਹ ਜਵਾਨ ਹੋ ਗਏ ਦਾਂ ਹਜ਼ਾਰੀ ਲਾਲ ਨੂੰ ਸਾਕ ਹੋ ਗਿਆ। ਉਹ ਦਾ ਪਿਓ ਹਲਵਾਈ ਦੀ ਦੁਕਾਨ ਕਰਦਾ ਹੁੰਦਾ। ਆਪਣੇ ਪਿੰਡ ਤੋਂ ਛੁੱਟ ਉਹ ਪਟੜੀਫੇਰ ਦੇ ਹੋਰ ਪਿੰਡਾਂ ਵਿਚ ਵੀ ਸਾਹੇ ਪਕਾ ਕੇ ਆਉਂਦਾ। ਖਾਂਦਾ ਪੀਂਦਾ ਘਰ ਸੀ। ਪਰ ਲੱਖਾ ਸਿੰਘ ਦੇ ਪਿਓ ਕੋਲ ਥੋੜ੍ਹੀ ਜ਼ਮੀਨ ਸੀ, ਮਸਾਂ ਚਾਰ ਵਿੱਘੇ। ਉਹ ਹਿੱਸੇ ਠੇਕੇ ’ਤੇ ਪੈਲੀ ਲੈ ਕੇ ਵਾਹੀ ਕਰਦਾ। ਵਾਹਵਾ ਖਾਂਦਾ ਪੀਂਦਾ ਘਰ ਤਾਂ ਉਹ ਵੀ ਸੀ। ਘਰ ਦੀ ਜ਼ਮੀਨ ਤਕੜੀ ਨਾ ਹੋਣ ਕਰਕੇ ਲੱਖੇ ਨੂੰ ਸਾਕ ਨਹੀਂ ਹੁੰਦਾ ਸੀ। ਫੇਰ ਲੱਖੇ ਦੇ ਪਿਓ ਨੇ ਗਹਿਣੇ ਦੀ ਘੁਮਾਂ ਜ਼ਮੀਨ ਲੈ ਲਈ। ਦੋ ਕੁ ਸਾਲਾਂ ਬਾਅਦ ਫੇਰ ਇੱਕ ਘੁਮਾਂ ਹੋਰ ਤੇ ਫੇਰ ਉਨ੍ਹਾਂ ਦੇ ਘਰ ਦੀ ਹਵਾ ਬੱਝਣ ਲੱਗੀ।

ਹਜ਼ਾਰੀ ਲਾਲ ਦੀ ਬਹੂ ਬੰਸੋ ਇੱਕ ਵਾਰੀ ਪੇਕੇ ਗਈ ਤਾਂ ਗਵਾਂਢੀਆਂ ਦੀ ਕੁੜੀ ਲਈ ਮੁੰਡੇ ਦੀ ਦੱਸ ਪਾ ਆਈ। ਕੁੜੀ ਵਾਲਿਆਂ ਨੂੰ ਹੋਰ ਕੀ ਚਾਹੀਦਾ ਸੀ, ਲੱਖਾ ਕਮਾਊ ਮੁੰਡਾ ਸੀ। ਅੱਜ ਗਹਿਣੇ ਦੀ ਜ਼ਮੀਨ ਕੋਲ ਹੈ ਤਾਂ ਕੱਲ੍ਹ ਨੂੰ ਬੈਅ ਵੀ ਲੈ ਲੈਣਗੇ। ਪਿੰਡਾਂ ਵਿਚ ਗਹਿਣੇ ਬੈਅ ਜ਼ਮੀਨ ਦਾ ਲੈਣ ਦੇਣ ਤਾਂ ਚੱਲਦਾ ਰਹਿੰਦਾ ਹੈ। ਫੇਰ ਮੁੰਡੇ ਨੂੰ ਐਬ ਕੋਈ ਨਹੀਂ। ਲੱਖੇ ਨੂੰ ਸਾਕ ਹੋ ਗਿਆ। ਕੁੜੀ ਲੱਖੇ ਨਾਲੋਂ ਉਮਰ ਵਿਚ ਕੁਝ ਛੋਟੀ ਸੀ। ਬੰਸੋ ਤੋਂ ਵੀ ਛੋਟੀ। ਬੰਸੋ ਨੂੰ ਉਹ ਭੂਆ ਆਖਦੀ ਸੀ।

ਸੱਸਾਂ ਵਾਂਗ ਹੀ ਭੂਆ ਭਤੀਜੀ ਵਰਤਣ ਲੱਗੀਆਂ। ਸਗੋਂ ਬੁੜ੍ਹੀਆਂ ਨਾਲੋਂ ਉਹ ਬਹੁਤਾ ਸੁਰ ਰੱਖਦੀਆਂ। ਇੱਕ ਪਿੰਡ ਦੀਆਂ ਜੋ ਸਨ, ਫੇਰ ਗਵਾਂਢਣਾਂ। ਇੱਥੇ ਵੀ ਗਵਾਂਢ ਮੱਥਾ।

ਹਜ਼ਾਰੀ ਦੇ ਘਰ ਦੀਆਂ ਤਾਂ ਪੱਕੀਆਂ ਪੌੜੀਆਂ ਸਨ। ਅਸਾਨੀ ਨਾਲ ਹੀ ਛੱਤ ’ਤੇ ਜਾ ਸਕੀਦਾ। ਪਰ ਲੱਖੇ ਦੇ ਘਰ ਬਾਂਸ ਦੀ ਪੌੜੀ ਸੀ। ਬਾਂਸ ਦੀ ਪੌੜੀ ਚੜ੍ਹ ਕੇ ਕੋਠੇ ’ਤੇ ਆਉਣਾ ਜਾਣਾ ਐਨਾ ਸੁਖਾਲਾ ਤੇ ਛੇਤੀ ਦਾ ਕੰਮ ਨਹੀਂ ਸੀ। ਇੱਕ ਇੱਕ ਟੰਬਾ ਕਰਕੇ ਉਤਰਨਾ ਪੈਂਦਾ ਸੀ। ਬਾਂਸ ਦੀ ਪੌੜੀ ਲਚਕਦੀ। ਧਿਆਨ ਜਿਹਾ ਰੱਖਣਾ ਪੈਂਦਾ। ਪੌੜੀ ਹੁਣ ਸਰਕੀ, ਹੁਣ ਸਰਕੀ।

ਥੱਲੇ ਦੀ ਇੱਕ ਦੂਜੇ ਦੇ ਘਰ ਆਉਣਾ ਹੁੰਦਾ ਤਾਂ ਦਸ ਘਰਾਂ ਨੂੰ ਵਗਲ ਕੇ ਆਉਣਾ ਪੈਂਦਾ। ਗੱਲ ਕਰੇ ਬਗ਼ੈਰ ਇੱਕ ਦੂਜੇ ਨੂੰ ਸਰਦਾ ਨਹੀਂ ਸੀ। ਲੱਖੇ ਦੀ ਬਹੂ ਮਲਕੀਤੋ ਤਿੱਖੇ ਦਿਮਾਗ਼ ਦੀ ਮਾਲਕ ਸੀ: ਉਹ ਨੇ ਸਾਂਝੀ ਕੰਧ ਦੀ ਖਿੜਕੀ ਕਢਵਾ ਲਈ। ਦੋਵੇਂ ਘਰਾਂ ਮਗਰਲੀਆਂ ਸਬਾਤਾਂ ਵਿਚ ਇਹ ਖਿੜਕੀ ਖੁੱਲ੍ਹਦੀ। ਇਹ ਲੰਬਾਈ ਚੌੜਾਈ ਵਿਚ ਬਹੁਤ ਛੋਟੀ ਸੀ। ਬੱਸ ਗੱਲਬਾਤ ਹੀ ਕੀਤੀ ਜ ਸਕਦੀ। ਜਾਂ ਫੇਰ ਦਾਲ ਪਾਣੀ ਦਾ ਲੈਣ ਦੇਣ ਰਹਿੰਦਾ। ਖਿੜਕੀ ਵਿਚ ਦੀ ਬੰਦਾ ਨਹੀਂ ਲੰਘ ਸਕਦਾ ਸੀ। ਹਜ਼ਾਰੀ ਲਾਲ ਦਾ ਘਰ ਉੱਚੇ ਥਾਂ ਸੀ। ਲੱਖੇ ਦਾ ਘਰ ਖਾਸਾ ਨੀਵਾਂ। ਬੱਸੋ ਨੂੰ ਝੁਕ ਕੇ ਖਿੜਕੀ ਵਿਚ ਦੀ ਦੇਖਣਾ ਪੈਂਦਾ, ਜਦੋਂ ਕਿ ਮਲਕੀਤੋ ਬਾਂਹ ਖੜ੍ਹੀ ਕਰਕੇ ਕੋਈ ਚੀਜ਼ ਲੈਂਦੀ ਦਿੰਦੀ। ਨਿੱਕੀ ਜਿਹੀ ਚੁਗਾਠ ਲਾ ਕੇ ਖਿੜਕੀ ਨੂੰ ਫੱਟੀ ਵੀ ਲੱਗਦੀ ਸੀ। ਹਜ਼ਾਰੀ ਦੀ ਸਬਾਤ ਵਿਚ ਇਹਨੂੰ ਕੁੰਡਾ ਲੱਗਦਾ।

ਹਜ਼ਾਰੀ ਲਾਲ ਦੇ ਕਬੂਤਰ ਰੱਖੇ ਹੁੰਦੇ। ਉਹ ਹਲਵਾਈ ਦਾ ਕੰਮ ਕਰਦਾ। ਕਿੰਨੀ ਵੀ ਉਹ ਨੂੰ ਥਕਾਵਟ ਹੁਦੀ ਆਪਣੇ ਘਰ ਆ ਕੇ ਉਹ ਕਬੂਤਰਾਂ ਵਾਲੇ ਖੁੱਡੇ ਮੂਹਰੇ ਜ਼ਰੂਰ ਬੈਠਦਾ। ਉਨ੍ਹਾਂ ਅੱਗੇ ਚੋਗਾ ਖਿਲਾਰਦਾ। ਕੂੰਡੇ ਵਿਚ ਹੋਰ ਪਾਣੀ ਭਰ ਦਿੰਦਾ। ਛੱਤਰੀ 'ਤੇ ਆ ਕੇ ਬੈਠੇ ਕਬੂਤਰਾਂ ਨੂੰ ਖੁੱਡੇ ਵਿਚ ਵਾੜਦਾ। ਦਾਣੇ ਚੁਗਦੇ ਤੇ ਗੁਟਰਗੂੰ ਗੁਟਰਗੂੰ ਕਰਦੇ। ਨਰ ਪੰਛੀ ਮਦੀਨ ਦੀ ਧੌਣ 'ਤੇ ਚੁੰਝਾਂ ਮਾਰਦਾ। ਮਦੀਨ ਪਰਛਾਂਟਾ ਮਾਰ ਕੇ ਪਰ੍ਹਾਂ ਉੱਡ ਜਾਂਦੀ। ਹਜ਼ਾਰੀ ਲਾਲ ਹੁੱਕਾ ਪੀਂਦਾ ਤੇ ਕਬੂਤਰਾਂ ਦੇ ਖੁੱਡੇ ਦਾ ਸੰਸਾਰ ਆਪਣੇ ਅੰਦਰ ਰਚਾ ਲੈਂਦਾ। ਉਹ ਇੰਝ ਮੰਤਰ ਮੁਗਧ ਬੈਠਾ ਹੁੰਦਾ ਤਾਂ ਪੌੜੀਆਂ ਉਤਰ ਕੇ ਲੱਖਾ ਸਿੰਘ ਵੀ ਉਹ ਦੇ ਕੋਲ ਆ ਬੈਠਦਾ। ਫੇਰ ਉਹ ਏਧਰ ਓਧਰ ਦੀਆਂ ਗੱਲਾਂ ਮਾਰਨ ਲੱਗਦੇ।

***

ਬਹੁਤ ਸਮਾਂ ਲੰਘ ਗਿਆ ਸੀ। ਮਾੜੇ ਦਿਨ ਵੀ ਆਏ, ਚੰਗੇ ਵੀ। ਚੰਗੇ ਵੀ ਤੇ ਮਾੜੇ ਵੀ। ਲੱਖਾ ਸਿੰਘ ਦੇ ਮਾਂ ਪਿਓ ਕਦੋਂ ਦੇ ਗੁਜ਼ਰ ਗਏ, ਹੁਣ ਉਹ ਆਪ ਧੀਆਂ ਪੁੱਤਾਂ ਵਾਲਾ ਹੈ।

ਲੱਖਾ ਤੇ ਹਜ਼ਾਰੀ ਪੰਜਾਹ ਪੰਜਾਹ ਨੂੰ ਢੁੱਕਣ ਵਾਲੇ ਹਨ। ਕੰਧ ਵਾਲੀ ਸਾਂਝੀ ਖਿੜਕੀ ਦਾ ਲੈਣ ਦੇਣ ਓਵੇਂ ਜਿਵੇਂ ਜਾਰੀ ਹੈ।

ਇੱਕ ਦਿਨ ਆਥਣੇ ਨਰਮਾ ਗੁੱਡ ਕੇ ਲੱਖਾ, ਉਹ ਦੇ ਮੁੰਡੇ ਤੇ ਸੀਰੀ ਪਿੰਡ ਪਹੁੰਚੇ। ਸੱਥ ਵਿਚ ਪਿੰਡ ਦੇ ਲੋਕ ਅਣਹੋਣੀਆਂ ਗੱਲਾਂ ਕਰਦੇ ਉਨ੍ਹਾਂ ਨੂੰ ਸੁਣੇ। ਛੋਟਾ ਮੁੰਡਾ, ਜੋ ਅੱਠਵੀਂ ਜਮਾਤ ਵਿਚੋਂ ਫੇਲ੍ਹ ਹੋ ਕੇ ਸਕੂਲੋਂ ਹਟ ਗਿਆ ਸੀ, ਸੱਥ ਵਿਚ ਹੀ ਖੜ੍ਹ ਗਿਆ ਹੈ। ਫੇਰ ਉਹ ਘਰ ਆ ਕੇ ਗੱਲ ਕਰਦਾ ਹੈ–"ਪਤਾ ਨ੍ਹੀਂ ਕਿੱਥੇ, ਅਖੇ–ਸੱਤ ਬੰਦੇ ਬੱਸ ਵਿਚੋਂ ਉਤਾਰ ਕੇ ਮਾਰ 'ਤੇ। ਕਹਿੰਦੇ–ਸੱਤੇ ਨੰਗੇ ਸਿਰਾਂ ਵਾਲੇ ਸੀ।"

ਲੱਖਾ ਪੁੱਛਦਾ ਹੈ–"ਕਿੱਥੋਂ ਉੱਡੀ ਗੱਲ ਏਹੇ?"

–"ਬੱਗੇ ਕਾ ਹਰਦਿਆਲ 'ਖ਼ਬਾਰ ਲਈ ਬੈਠਾ ਸੀ। ਉਹ ਦੇ 'ਚ ਲਿਖੀ ਵਈ ਐ ਸਾਰੀ ਕਹਾਣੀ। ਪੜ੍ਹ ਪੜ੍ਹ ਸੁਣਾਇਐ ਉਹ ਨੇ ਸਾਰਿਆਂ ਨੂੰ।" ਮੁੰਡਾ ਜਵਾਬ ਦਿੰਦਾ ਹੈ।

ਤੱਤੇ ਪਾਣੀ ਨਾਲ ਨਹਾ ਧੋ ਕੇ ਲੱਖਾ ਸਿੰਘ ਆਪਣੇ ਘਰ ਦੀ ਬਾਂਸ ਦੀ ਪੌੜੀ ਚੜ੍ਹਦਾ ਹੈ ਤੇ ਹਜ਼ਾਰੀ ਲਾਲ ਦੀਆਂ ਪੱਕੀਆਂ ਪੌੜੀਆਂ ਉਤਰ ਕੇ ਕਬੂਤਰਾਂ ਦੇ ਖੁੱਡੇ ਮੂਹਰੇ ਆ ਬੈਠਦਾ ਹੈ। ਨਿੱਤ ਦੀ ਤਰ੍ਹਾਂ ਹਜ਼ਾਰੀ ਲਾਲ ਹੁੱਕਾ ਪੀ ਰਿਹਾ ਹੈ। ਧਿਆਨ ਮਗਨ ਜਿਹਾ ਬੈਠਾ ਹੋਇਆ।

ਲੱਖਾ ਸਿੰਘ ਹੀ ਗੱਲ ਤੋਰਦਾ ਹੈ।–"ਹਜ਼ਾਰੀ ਜਾਰ, ਸੁਣੀ ਗੱਲ ਤੂੰ?"

–"ਕਿਹੜੀ?" ਉਹ ਨੇ ਬੇਧਿਆਨੇ ਆਖ ਦਿੱਤਾ ਹੈ। ਸੋਚਿਆ ਹੋਵੇਗਾ, ਖਬਰੈ, ਕਿਹੜੀ ਗੱਲ ਕਰੇਗਾ?

–ਛੋਟਾ ਕਹਿੰਦਾ, "ਅਖੇ 'ਖ਼ਬਾਰ 'ਚ ਤਾਂ ਤੜਕੇ ਈ ਹੋਈ ਜਾਂਦੀਆਂ ਸੀ ਗੱਲਾਂ। ਰੇੜੀਏ 'ਤੇ ਵੀ ਆ ਗਿਆ। ਸੱਤ ਨੀ, ਸਤਾਰਾਂ ਬੰਦਿਆਂ ਦੀ ਗੱਲ ਐ।"

–"ਚਾਹੇ, ਇੱਕ ਹੋਵੇ ਭਾਈ। ਬੰਦਾ ਬਣਦੈ ਜਾਰ ਕਿਤੇ।"

ਹਜ਼ਾਰੀ ਲਾਲ ਬੋਲਿਆ, ਹੈ–"ਓਏ ਕੀ ਪਤੈ ਅਜੇ, ਦੇਖਦਾ ਜਾਹ।

ਅਖੇ–ਦੇਖ ਭਾਈ ਬਾਲਿਆ, ਤੂੰ ਰੰਗ ਕਰਤਾਰ ਦੇ।"

ਦੋਵੇਂ ਜਣੇ ਉਦਾਸ ਹਾਸਾ ਹੱਸੇ ਹਨ।

–"ਸੁਣੀਆਂ ਸੀ ਕਦੇ ਇਹ ਗੱਲਾਂ?" ਲੱਖੇ ਨੇ ਫੇਰ ਝੋਰਾ ਕੀਤਾ ਹੈ।

–"ਕੌਣ ਹੋਏ ਬਈ ਓਹੋ।"

–"ਕਹਿੰਦੇ, ਪਾਕਿਸਤਾਨੀ ਨੇ। ਭੇਸ ਬਦਲ ਕੇ ਆਏ ਵਏ ਐ ਏਧਰ।"

–'ਪਾਕਿਸਤਾਨੀ ਨੇ?'

–ਕੋਈ ਕਹਿੰਦਾ, 'ਮਰੀਕਾ ਕਰੌਂਦੈ ਸਭ ਕੁਸ਼।"

–" 'ਮਰੀਕਾ?"

–"ਆਪਣੇ ਵਿਚੋਂ ਈ ਹੋ ਸਕਦੇ ਐ।"

–"ਕੀ ਕਹਿ ਸਕਦੇ ਆਂ ਬਈ?"

–"ਸਰੋਵਰਾਂ 'ਚ ਸਿਗਰਟਾਂ ਸਿੱਟਣ ਵਾਲੇ ਕੌਣ ਸੀ?"

–"ਕੀ ਕਹਿ ਸਕਦੇ ਆਂ ਬਈ?"

–"ਤੇ ਉਹ ਮੰਦਰਾਂ 'ਚ ਗਊਆਂ ਦੀਆਂ ਪੂਛਾਂ ਸਿੱਟਣ ਵਾਲੇ?"

–"ਕੀ ਕਹਿ ਸਕਦੇ ਆਂ।"

–"ਓਹੀ ਤੇਰੇ ਵਾਲੀ ਗੱਲ, ਅਖੇ–ਦੇਖ ਭਾਈ ਬਾਲਿਆ, ਰੰਗ ਕਰਤਾਰ ਦੇ।"

***

ਹਜ਼ਾਰੀ ਲਾਲ ਦੇ ਵੀ ਦੋ ਮੁੰਡੇ ਹਨ। ਵੱਡਾ ਮੁੰਡਾ ਬਜ਼ਾਰ ਵਿਚ ਪਿਓ ਵਾਲੀ ਦੁਕਾਨ 'ਤੇ ਹਲਵਾਈ ਦਾ ਕੰਮ ਕਰਦਾ।

ਪਿੰਡ ਦੇ ਐਨ ਵਿਚਕਾਰ ਹਨੂੰਮਾਨ ਦਾ ਮੰਦਰ ਹੈ। ਮੰਦਰ ਵਾਲੀ ਥਾਂ ਵਰ੍ਹਿਆਂ ਪੁਰਾਣਾ ਇੱਕ ਜੰਡ। ਮੰਦਰ ਪਿੰਡ ਦੇ ਐਨ ਵਿਚਕਾਰ ਕਿਉਂ ਹੈ? ਹੋ ਸਕਦਾ ਹੈ, ਜੰਡ ਤੇ ਮੰਦਰ ਪਹਿਲਾਂ ਹੋਣ ਤੇ ਪਿੰਡ ਮਗਰੋਂ ਬੱਝਿਆ ਹੋਵੇ। ਮੰਦਰ ਛੋਟਾ ਹੀ ਹੈ। ਆਦਮੀ ਦੇ ਸਿਰ ਜਿੰਨਾ ਉੱਚਾ। ਚੂਨੇ ਦੀ ਪਿਲਾਈ ਕੀਤੀ ਹੋਈ। ਮੰਦਰ ਦਾ ਪੁਜਾਰੀ ਹਰ ਸਾਲ ਇਸ 'ਤੇ ਸਫ਼ੈਦੀ ਕਰਵਾ ਦਿੰਦਾ ਹੈ। ਹਰ ਮੰਗਲਵਾਰ ਆਥਣ ਨੂੰ ਚੜ੍ਹਾਵਾ ਚੁੱਕ ਕੇ ਲੈ ਜਾਂਦਾ ਹੈ। ਮੰਦਰ ਵਿਚ ਜੋ ਪੱਥਰ ਦੀ ਮੂਰਤੀ ਹੈ, ਉਸ 'ਤੇ ਸਰ੍ਹੋਂ ਦਾ ਤੇਲ ਤੇ ਸੰਧੂਰ ਚੜ੍ਹਦਾ ਹੈ।

ਮੰਦਰ ਦੁਆਲੇ ਚਾਰੇ ਪਾਸੇ ਦਸ ਬਾਰਾਂ ਦੁਕਾਨਾਂ ਹਨ। ਇਨ੍ਹਾਂ ਦੁਕਾਨਾਂ ਤੋਂ ਪਿੰਡ ਵਿਚ ਲੋੜੀਂਦੀ ਹਰ ਚੀਜ਼ ਮਿਲ ਜਾਂਦੀ ਹੈ। ਗੁੜ–ਚਾਹ ਦੀ ਦੁਕਾਨ, ਬਜਾਜੀ ਦੀ ਦੁਕਾਨ, ਲੋਹੇ ਦੀ ਦੁਕਾਨ, ਬਸਾਤੀ ਦੀ ਸਭ ਦੁਕਾਨਾਂ ਹਨ। ਬੱਸ ਇਨ੍ਹਾਂ ਦੁਕਾਨਾਂ ਨੂੰ ਹੀ

ਬਜ਼ਾਰ ਆਖਿਆ ਜਾਂਦਾ ਹੈ। ਇਸ ਬਜ਼ਾਰ ਵਿਚ ਇੱਕ ਦੁਕਾਨ ਹਜ਼ਾਰੀ ਹਲਵਾਈ ਦੀ ਹੈ। ਜਿਸ ’ਤੇ ਹੁਣ ਉਸ ਦਾ ਵੱਡਾ ਮੁੰਡਾ ਨੰਜੋ ਬੈਠਦਾ ਹੈ।

ਨੰਜੋ ਤੋਂ ਛੋਟਾ ਰਾਜਦੇਵ ਹੈ। ਇਹ ਨੇੜੇ ਦੇ ਸ਼ਹਿਰ ਕਾਲਜ ਜਾਂਦਾ ਹੁੰਦਾ, ਬੀ. ਏ. ਕਰ ਗਿਆ ਸੀ। ਫੇਰ ਓਸੇ ਸ਼ਹਿਰ ਵਿਚ ਬੈਂਕ ਦੀ ਨੌਕਰੀ ਮਿਲ ਗਈ। ਹਰ ਰੋਜ਼ ਪਿੰਡ ਆ ਜਾਂਦਾ ਹੈ। ਸਕੂਟਰ ਹੈ ਕੋਲ। ਹਜ਼ਾਰੀ ਲਾਲ ਨੇ ਉਹ ਦਾ ਨਾਂ ਸਿਰਫ਼ ਰਾਜਦੇਵ ਰੱਖਿਆ ਸੀ। ਪਰ ਉਹ ਰਾਜਦੇਵ ਸਿੰਘ ਲਿਖਣ ਲੱਗ ਪਿਆ। ਕੇਸ ਦਾੜ੍ਹੀ ਰੱਖ ਕੇ ਪੱਗ ਬੰਨ੍ਹਣ ਲੱਗਿਆ। ਹੁਣ ਦਾੜ੍ਹੀ ਖੁੱਲ੍ਹੀ ਛੱਡ ਕੇ ਰੱਖਦਾ ਹੈ। ਸੁਹਣਾ ਹੀ ਬੜਾ ਲੱਗਦਾ ਹੈ। ਕਦੇ ਕਦੇ ਉਹ ਵੱਡੇ ਭਰਾ ਨੰਜੋ ਨਾਲ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਮਿੱਠੀ ਮਿੱਠੀ ਬਹਿਸ ਕਰਦਾ ਹੈ। ਬਹਿਸ ਵਿਚ ਹਜ਼ਾਰੀ ਲਾਲ ਸ਼ਾਮਲ ਹੋ ਜਾਂਦਾ ਹੈ। ਹਜ਼ਾਰੀ ਨੰਜੋ ਦਾ ਪੱਖ ਲੈਂਦਾ ਹੈ। ਪਰ ਰਾਜਦੇਵ ਦੋਵਾਂ ਦੇ ਉੱਤੋਂ ਦੀ ਰਹਿੰਦਾ ਹੈ। ਬੰਸੋ ਨੂੰ ਵੀ ਉਹ ਚੁੱਪ ਕਰਵਾ ਕੇ ਸਾਹ ਲੈਂਦਾ ਹੈ।

ਰਾਜਦੇਵ ਸਿੰਘ ਸ਼ਹਿਰੋਂ ਅਖ਼ਬਾਰ ਲੈ ਕੇ ਆਉਂਦਾ ਹੈ। ਉਹ ਅਖ਼ਬਾਰ ਦਾ ਪੱਕਾ ਸਰੋਤਾ ਲੱਖਾ ਸਿੰਘ ਹੈ। ਲੱਖੇ ਦਾ ਛੋਟਾ ਮੁੰਡਾ ਕਦੇ ਕਦੇ ਰਾਜਦੇਵ ਤੋਂ ਅਖ਼ਬਾਰ ਮੰਗ ਕੇ ਆਪਣੇ ਘਰ ਨੂੰ ਲੈ ਜਾਂਦਾ ਹੈ।

***

ਅੰਬਰ ਚੜ੍ਹਿਆ ਨੀਲਾ ਤਾਰਾ।

ਸ਼ਹਿਰ ਵਿਚ ਕਰਫ਼ਿਊ ਹੈ।

ਰਾਜਦੇਵ ਕਿੰਨੇ ਹੀ ਦਿਨ ਬੈਂਕ ਨਹੀਂ ਗਿਆ। ਅਖ਼ਬਾਰ ਵੀ ਬੰਦ ਹਨ। ਰੇਡੀਓ ਰਹਿ ਗਿਆ ਬੱਸ: ਰਾਜਦੇਵ ਖ਼ਬਰਾਂ ਦੇ ਮਤਲਬ ਸਮਝਾਉਂਦਾ ਹੈ, ਪਰ ਕੀ ਸੱਚ ਹੈ, ਕੀ ਝੂਠ? ਲਾਹੌਰ ਕੁਝ ਹੋਰ ਬੋਲਦਾ ਹੈ, ਬੀ. ਬੀ. ਸੀ., ਕੁਝ ਹੋਰ ਤੇ ਅਕਾਸ਼ਵਾਣੀ ਹੋਰ। ਪਿੰਡਾਂ ਤੇ ਸ਼ਹਿਰਾਂ ਵਿਚੋਂ ਅਫ਼ਵਾਹਾਂ ਉੱਡ ਕੇ ਇਸ ਪਿੰਡ ਦੇ ਬਜ਼ਾਰ ਵਿਚ ਜੰਡ ਹੇਠ ਪਹੁੰਚਦੀਆਂ ਹਨ, ਉਹ ਹੋਰ।

ਤੇ ਫੇਰ ਅਸਮਾਨ ਕੁਝ ਸਾਫ਼ ਹੋਇਆ ਹੈ। ਪਰ ਧਰਤੀ ਦੇ ਲੋਕ ਇੱਕ ਦੂਜੇ ਤੋਂ ਅੱਖ ਬਚਾ ਕੇ ਗੱਲਾਂ ਕਰਨ ਲੱਗੇ ਹਨ।

ਹੁਣ ਰਾਜਦੇਵ ਘਰ ਵਿਚ ਬਹੁਤੀ ਬਹਿਸ ਨਹੀਂ ਕਰਦਾ। ਚਾਚਾ ਲੱਖਾ ਸਿੰਘ ਜਦੋਂ ਉਹ ਨੂੰ ਮਿਲਦਾ ਹੈ ਤਾਂ ਖ਼ਬਰਾਂ ਦੇ ਅਰਥ ਉਹ ਨਹੀਂ ਰਹਿੰਦੇ। ਜੇ ਉਹ ਦੋ ਚਾਰ ਬੰਦਿਆਂ ਨਾਲ ਗੱਲਾਂ ਕਰ ਰਿਹਾ ਹੋਵੇ ਤਾਂ ਰਾਜਦੇਵ ਨੂੰ ਕੋਲ ਆਇਆ ਦੇਖ ਕੇ ਪਤਾ ਨਹੀਂ ਉਹ ਆਪਣੀ ਗੱਲ ਦਾ ਰੁੱਖ ਕਿਉਂ ਬਦਲ ਲੈਂਦੇ ਹਨ? ਰਾਜਦੇਵ ਸਭ ਸਮਝਦਾ ਹੈ ਤੇ ਹੈਰਾਨ ਹੈ।

ਲੱਖਾ ਸਿੰਘ ਹੁਣ ਕਦੇ ਆਥਣੇ ਹਜ਼ਾਰੀ ਲਾਲ ਦੇ ਖੁੱਡੇ ਮੂਹਰੇ ਆ ਕੇ ਨਹੀਂ ਬੈਠਦਾ।

ਬੰਸੋ ਤੇ ਮਲਕੀਤੋ ਸਾਂਝੀ ਖਿੜਕੀ ਕੋਲ ਖੜ੍ਹ ਕੇ ਗੱਲਾਂ ਤਾਂ ਸਾਂਝੀਆਂ ਕਰਦੀਆਂ ਹਨ, ਪਰ ਗੱਲਾਂ ਵਿਚ ਉਹ ਰਸ ਨਹੀਂ ਹੁੰਦਾ। ਭੂਆ-ਭਤੀਜੀ ਵਾਲਾ ਰਿਸ਼ਤਾ ਜਿਵੇਂ ਬਦਰੰਗ ਹੁੰਦਾ ਜਾਪਦਾ ਹੋਵੇ। ਚੀਜ਼ਾਂ ਦਾ ਲੈਣ ਦੇਣ ਉਵੇਂ ਹੈ।

***

ਮਹਾਰਾਣੀ ਦਾ ਕਤਲ।

ਰਾਜਧਾਨੀ ਵਿਚ ਫ਼ਿਰਕੂ ਦੰਗੇ।

ਹਾਹਾਕਾਰ..ਮਹਾਂ ਭੈਅ...ਦਹਿਸਤ ਦੀ ਜ਼ਹਿਰੀ ਹਵਾ...ਬੇਭਰੋਸਗੀ ਦਾ ਮਾਰੂ ਆਲਮ...

ਸਾਂਝੀ ਖਿੜਕੀ ਦੀ ਫੱਟੀ ਡਿੱਗੂੰ ਡਿੱਗੂੰ ਕਰਦੀ ਰਹਿੰਦੀ ਹੈ। ਪਿਛਲੇ ਦਿਨਾਂ ਵਿਚ ਇਹ ਦੇ ਥੱਲੇ ਵਾਲਾ ਕਬਜ਼ਾ ਉੱਖੜ ਕੇ ਡਿੱਗ ਪਿਆ ਸੀ। ਉਤਲਾ ਕਬਜ਼ਾ ਵੀ ਢਿਲਕਿਆ ਪਿਆ ਹੈ। ਖਿੜਕੀ ਬੰਦ ਕਰਨ ਤੇ ਖੋਲ੍ਹਣ ਨਾਲ ਬਰੰਜੀਆਂ ਦੇ ਸਿਰੇ ਬਾਹਰ ਨਿਕਲ ਆਉਂਦੇ ਹਨ। ਬੰਸੋ ਨੇ ਉਨ੍ਹਾਂ ਨੂੰ ਕਈ ਵਾਰ ਪਾਈਆ ਵੱਟੇ ਨਾਲ ਠੋਕਿਆ ਹੈ। ਨਿੱਤ ਦੀ ਠੋਕਾ-ਠਾਕੀ ਨਾਲੋਂ ਇੱਕ ਦਿਨ ਫੱਟੀ ਖਿੱਚਕੇ ਉਹ ਨੇ ਦੱਬ ਕੇ 'ਤੇ ਵਗਾਹ ਮਾਰੀ। ਖਿੜਕੀ ਖੁਲ੍ਹਵਾਰੀ ਹੋ ਗਈ ਹੈ।

ਤੇ ਫੇਰ ਕੀ ਹੋਇਆ ਹੈ।

ਬੰਸੋ ਨੇ ਘਰ ਹੀ ਗਾਰਾ ਬਣਾ ਕੇ ਖਿੜਕੀ ਵਿਚ ਚਾਰ ਡਬਲ ਇੱਟਾਂ ਠੋਕ ਦਿੱਤੀਆਂ ਹਨ। ਉੱਤੋਂ ਦੀ ਓਹੀ ਗਾਰਾ ਲਿੱਪ ਦਿੱਤਾ ਹੈ। ਮਲਕੀਤੋ ਨੂੰ ਪਤਾ ਲੱਗਿਆ ਤਾਂ ਕੋਠੇ 'ਤੋਂ ਦੀ ਆ ਕੇ ਬਨੇਰੇ ਨਾਲ ਬੈਠ ਗਈ। ਕਹਿੰਦੀ ਹੈ-''ਕੁੜੇ ਭੂਆ, ਲੋਹੜਾ ਮਾਰਿਆ, ਇਹ ਕੀ ਕੀਤਾ ਤੂੰ? ਖਿੜਕੀ ਬੰਦ ਕਰ 'ਤੀ।'

-'ਮੈਂ ਤਾਂ ਭਾਈ ਸੰਭਰਦੀ ਥੱਕ 'ਗੀ। ਚਿੜੀਆਂ ਆਲ੍ਹਣੇ ਪੌਣੋਂ ਨ੍ਹੀ ਹਟਦੀਆਂ। ਡੱਕੇ ਡੱਕੇ ਈ ਡੱਕੇ। ਚਿਰ ਚਿਰ ਸਾਰਾ ਦਿਨ ਨ੍ਹੀਂ ਸੀ ਮੁੱਕਦੀ ਇਨ੍ਹਾਂ ਦੀ। ਮਖਿਆ, ਜੱਭ ਈ ਮਕੌਨੀ ਆਂ।' ਬੰਸੋ ਨੇ ਜਿਵੇਂ ਚਲਾਕ ਹਾਸੇ ਵਿਚ ਜਵਾਬ ਦਿੱਤਾ ਹੋਵੇ।

-'ਚੰਗਾ, ਮਰਜ਼ੀ ਐ ਭੂਆ ਤੇਰੀ। ਚਿੜੀਆਂ ਨੂੰ ਤਾਂ ਆਲ੍ਹਣੇ ਹੋਰ ਬਥੇਰੇ।' ਤੇ ਫੇਰ ਉਹ ਵੀ ਹੱਸੀ ਹੈ-'ਮਖਿਆ, ਇਹ ਕੀ ਭਾਣਾ ਵਰਤਾਅ 'ਤਾ ਭੂਆ ਨੇ, ਪੁੱਛਾਂ ਜਾ ਕੇ।'

***

ਪੰਜਾਬ ਸਮਝੌਤਾ...।

ਸਭ ਪੰਜਾਬੀਆਂ ਦੇ ਫੇਫੜਿਆਂ ਵਿਚ ਜਿਵੇਂ ਪੂਰਾ ਸਾਹ ਭਰਨ ਲੱਗਿਆ ਹੋਵੇ। ਜਿਨ੍ਹਾਂ 'ਤੇ ਚੜ੍ਹੇ ਫਿਰਕੂ ਜ਼ਹਿਰ ਨੂੰ ਜਿਵੇਂ ਕੋਈ ਰੰਗ ਕਾਟ ਮਿਲ ਗਿਆ ਹੋਵੇ।

ਪਿੰਡ ਦੀ ਸੱਥ ਵਿਚ ਸਿਆਣਪ ਉਤਰਣ ਲੱਗੀ ਹੈ।

ਪਰ ਗਜ਼ਬ ਸਾਈਂ ਦਾ, ਸ਼ਾਂਤੀ ਦੂਤ ਹੀ ਖ਼ਤਮ ਕਰ ਦਿੱਤਾ ਗਿਆ: ਜਿਵੇਂ ਸਿਖ਼ਰ ਦੁਪਹਿਰੇ ਹਨੇਰ ਪੈ ਗਿਆ ਹੋਵੇ।

ਮਹੀਨਿਆਂ ਪਿੱਛੋਂ ਲੱਖਾ ਸਿੰਘ ਕਬੂਤਰਾਂ ਦੇ ਖੁੱਡੇ ਅੱਗੇ ਆ ਬੈਠਾ ਹੈ ਤੇ ਹਜ਼ਾਰੀ ਲਾਲ ਗੱਲਾਂ ਕਰਨ ਲੱਗਿਆ ਹੈ-

-''ਦੇਖ ਲੈ ਬਈ, ਬੰਦਿਆਂ ਨੇ ਆਵਦਾ ਬੰਦਾ ਈ ਮਾਰ 'ਤਾ।' ਲੱਖਾ ਕਹਿ ਰਿਹਾ ਹੈ।

-'ਪਹਿਲਾਂ ਕੀ ਕੁੱਤੇ ਬਿੱਲੀਆਂ ਨੂੰ ਮਾਰਦੇ ਸੀ?' ਹਜ਼ਾਰੀ ਆਖਦਾ ਹੈ।

-''ਨਾ ਮੇਰਾ ਮਤਲਬ, ਇਹ ਉਹ ਗੱਲ ਤਾਂ ਰਹੀ ਨਾ।' ਲੱਖੇ ਦੀ ਡੂੰਘੀ ਚਿੰਤਾ।

-'ਇਹ ਤਾਂ ਹੋਰ ਪਾਸੇ ਈ ਤੁਰ 'ਪੀ ਕਹਾਣੀ।' ਦੋਵਾਂ ਦੀ ਸਮਝੋਂ ਬਾਹਰ।

***

ਤੇ ਫੇਰ ਪੱਗਾਂ ਵਾਲਿਆਂ ਦੇ ਕਤਲਾਂ ਦਾ ਸਿਲਸਿਲਾ।

ਸਿਲਸਿਲਾ ਜਾਰੀ ਹੈ। ਪੱਗਾਂ ਵਾਲੇ ਵੀ ਕਤਲ ਕੀਤੇ ਜਾ ਰਹੇ ਹਨ, ਨੰਗੇ ਸਿਰਾਂ ਵਾਲੇ ਵੀ। ਜੋ ਵੀ ਸਾਹਮਣੇ ਆ ਜਾਵੇ। ਦਹਿਸ਼ਤ ਦਾ ਗਰਦੋ ਗਵਾਰ। ਸਾਜਿਸ਼ ਸਾਫ਼ ਹੈ ਕਿ ਦਹਿਸ਼ਤਜ਼ਦਾ ਹੋ ਕੇ ਇੱਕ ਫ਼ਿਰਕਾ ਪੰਜਾਬ ਛੱਡ ਜਾਵੇ।

ਸਕੂਟਰ ਦੀ ਸਵਾਰੀ ਮੌਤ ਦੀ ਸੂਚਕ। ਸਕੂਟਰ ਕਬਜ਼ੇ ਵਿਚ ਆ ਜਾਵੇ, ਬੰਦਾ ਖ਼ਤਮ। ਸਕੂਟਰ ਸਵਾਰ ਪੱਗ ਵਾਲਾ ਹੋਵੇ ਜਾਂ ਨੰਗੇ ਸਿਰ ਵਾਲਾ, ਜੇਬ੍ਹ ਵਿਚ ਨੋਟਾਂ ਦਾ ਭਾਰ ਹੋਵੇ ਤਾਂ ਹੋਰ ਵੀ ਗਨੀਮਤ।

ਆਮ ਪੰਜਾਬੀਆਂ ਦੀ ਸਮਝ ਵਿਚ ਗੱਲ ਆਉਂਦੀ ਹੈ, ਆਉਂਦੀ ਵੀ ਨਹੀਂ।

***

ਆਲੂ ਵੜੀਆਂ ਕਿਉਂ ਧਰੀਆਂ?
ਭੂਆ-ਭਤੀਜੀ ਕਿਉਂ ਲੜੀਆਂ?

ਇੱਕੋ ਜੜ੍ਹ ਵਿਚੋਂ ਉੱਗੇ ਦੋ ਰੁੱਖ।
ਜਿਵੇਂ ਦੋ ਜੌੜੇ ਬੱਚੇ।
ਪੱਗਾਂ ਤੇ ਨੰਗੇ ਸਿਰਾਂ ਦੀ ਲੜਾਈ ਨਹੀਂ ਰਹੀ।
ਲੜਾਈ ਕਿਸ ਗੱਲ ਦੀ?
ਸਾਜਿਸ਼ ਦਾ ਦੌਰ ਜੋਬਨ 'ਤੇ ਹੈ।
ਜੜ੍ਹ ਬੜੀ ਮਜ਼ਬੂਤ ਹੈ।
ਹੜ੍ਹਾਂ ਦਾ ਪਾਣੀ ਜ਼ੋਰ ਸ਼ੋਰ ਨਾਲ ਵਗ ਰਿਹਾ ਹੈ।
ਪਰ ਜੜ੍ਹ ਮਜ਼ਬੂਤ ਹੈ।
ਪੰਜਾਬ ਜੀਂਦਾ ਗੁਰਾਂ ਦੇ ਨਾ 'ਤੇ...

***

ਇੱਕ ਦਿਨ ਬੰਸੋ ਨੇ ਸਾਂਝੀ ਖਿੜਕੀ ਵਿਚੋਂ ਡਬਲ ਇੱਟਾਂ ਪੁੱਟ ਦਿੱਤੀਆਂ ਹਨ। ਫੇਰ ਦਬਕੇ ਵਿਚੋਂ ਲੱਭ ਕੇ ਫੱਟੀ ਬਾਹਰ ਕੱਢੀ ਹੈ। ਬਜ਼ਾਰੋਂ ਨਵੀਆਂ ਬਰੰਜੀਆਂ ਮੰਗਵਾ ਲਈਆਂ ਹਨ। ਮਿਸਤਰੀ ਨੂੰ ਸੱਦ ਕੇ ਖਿੜਕੀ ਦੀ ਚੁਗਾਠ ਵਿਚ ਫੱਟੀ ਚੰਗੀ ਤਰ੍ਹਾਂ ਫਿੱਟ ਕਰਵਾ ਦਿੱਤੀ।

ਭੂਆ-ਭਤੀਜੀ ਦਾ ਲੈਣ ਦੇਣ ਫੇਰ ਚੱਲ ਪਿਆ ਹੈ। ਭੂਆ ਥੋੜ੍ਹਾ ਝੁਕ ਕੇ ਖਿੜਕੀ ਵਿਚ ਦੀ ਗੱਲ ਕਰਦੀ ਹੈ। ਭਤੀਜੀ ਮੂੰਹ ਉਤਾਂਹ ਚੁੱਕ ਕੇ ਗੱਲ ਸੁਣਦੀ ਹੈ। ਕਿੰਨਾ ਕਿੰਨਾ ਚਿਰ ਖੜ੍ਹੀਆਂ ਉਹ ਗੱਲਾਂ ਕਰਦੀਆਂ ਰਹਿੰਦੀਆਂ ਹਨ, ਜਿਵੇਂ ਪਿਛਲਾ ਕੋਟਾ ਪੂਰਾ ਕਰ ਰਹੀਆਂ ਹੋਣ। ♦

# ਕਸਰ

ਰਾਜਿੰਦਰ ਸਿੰਘ ਦੇ ਸਕੂਟਰ ਦੀ ਇੱਕ ਟਰੱਕ ਨਾਲ ਟੱਕਰ ਹੋ ਗਈ ਸੀ। ਸਕੂਟਰ ਤਾਂ ਜਮ੍ਹਾਂ ਚਿੱਥਿਆ ਗਿਆ, ਪਰ ਰਾਜਿੰਦਰ ਬਚ ਗਿਆ। ਉਹ ਦੇ ਖੱਬੇ ਪੱਟ ਦੀ ਹੱਡੀ ਟੁੱਟ ਗਈ ਤੇ ਖੱਬੀ ਹੀ ਬਾਂਹ ਕੂਹਣੀਓਂ ਥੱਲੇ ਤਿੰਨ ਥਾਂ ਤੋਂ ਕਰੈਕ ਸੀ। ਮੱਥੇ ਤੇ ਨੱਕ ’ਤੇ ਡੂੰਘੀਆਂ ਝਰੀਟਾਂ ਸਨ। ਹੁਣ ਉਹ ਦੀ ਲੱਤ ਤੇ ਬਾਂਹ ’ਤੇ ਪਲੱਸਤਰ ਚੜ੍ਹੇ ਹੋਏ ਸਨ। ਮੂੰਹ ਮੱਥੇ ਦੇ ਜ਼ਖ਼ਮ ਠੀਕ ਹੋ ਚੁੱਕੇ ਸਨ। ਉਹ ਘਰੇ ਹੀ ਲੱਕੜ ਦੇ ਤਖ਼ਤਪੋਸ਼ ’ਤੇ ਪਿਆ ਰਹਿੰਦਾ। ਟੱਟੀ ਪਿਸ਼ਾਬ ਬਿਸਤਰੇ ’ਤੇ ਕਰਦਾ। ਉਹ ਦਾ ਸੱਜਾ ਹੱਥ ਕਾਇਮ ਸੀ। ਇਹੀ ਇੱਕ ਹੱਥ ਉਹ ਦੇ ਸਾਰੇ ਸਰੀਰ ਨੂੰ ਸੰਭਾਲਦਾ।

ਮੀਆਂ ਬੀਵੀ ਦੋਵੇਂ ਮੁਲਾਜ਼ਮ ਸਨ। ਉਹ ਸਥਾਨਕ ਬਿਜਲੀ ਬੋਰਡ ਦੇ ਦਫ਼ਤਰ ਵਿਚ ਯੂ. ਡੀ. ਸੀ. ਲੱਗਿਆ ਹੋਇਆ ਸੀ ਤੇ ਕਮਲੇਸ਼ ਕੌਰ ਸਕੂਲ ਅਧਿਆਪਕਾ। ਪਿੰਡ ਦੇ ਹਾਈ ਸਕੂਲ ਵਿਚ। ਇਹ ਪਿੰਡ ਉੱਥੋਂ ਦਸ ਬਾਰਾਂ ਕਿਲੋਮੀਟਰ ਸੀ। ਉਹ ਬੱਸ ’ਤੇ ਜਾਂਦੀ। ਉਨ੍ਹਾਂ ਦੇ ਦੋ ਬੱਚੇ ਸਨ, ਦੋਵੇਂ ਸਕੂਲ ਜਾਂਦੇ। ਮੁੰਡਾ ਅੱਠਵੀਂ ਜਮਾਤ ਵਿਚ ਪੜ੍ਹਦਾ ਸੀ ਤੇ ਕੁੜੀ ਛੇਵੀਂ ਵਿਚ। ਉਹ ਇੱਥੋਂ ਦੇ ਸਕੂਲਾਂ ਵਿਚ ਹੀ ਸਨ। ਅੱਡ ਅੱਡ ਸਕੂਲਾਂ ਵਿਚ। ਉਨ੍ਹਾਂ ਦੇ ਘਰ ਤੋਂ ਦੋਵੇਂ ਸਕੂਲ ਦੂਰ ਪੈਂਦੇ ਸਨ। ਇਸ ਕਰਕੇ ਦੋਵੇਂ ਬੱਚੇ ਸਾਈਕਲਾਂ ’ਤੇ ਸਕੂਲ ਜਾਂਦੇ। ਦੁਪਹਿਰ ਦੀ ਰੋਟੀ ਟਿਫ਼ਨਾਂ ਵਿਚ ਪਾ ਕੇ ਨਾਲ ਲੈ ਜਾਂਦੇ। ਸਾਢੇ ਅੱਠ ਪੌਣੇ ਨੌਂ ਸਵੇਰੇ ਘਰੋਂ ਨਿਕਲਦੇ ਤੇ ਸ਼ਾਮ ਦੇ ਸਾਢੇ ਚਾਰ ਤੱਕ ਵਾਪਸ ਆ ਜਾਂਦੇ।

ਇੱਕ ਹਫ਼ਤਾ ਤਾਂ ਕਮਲੇਸ਼ ਛੁੱਟੀ ਲੈ ਕੇ ਘਰ ਬੈਠੀ ਰਹੀ, ਪਰ ਉਹ ਕਿੰਨੇ ਕੁ ਦਿਨ ਸਕੂਲੋਂ ਗ਼ੈਰ ਹਾਜ਼ਰ ਰਹਿ ਸਕਦੀ ਸੀ। ਪਲੱਸਤਰਾਂ ਨੇ ਤਾਂ ਕਦੋਂ ਜਾ ਕੇ ਖੁੱਲ੍ਹਣਾ ਸੀ। ਇੱਕ ਹਫ਼ਤਾ ਹਸਪਤਾਲ ਵਿਚ ਵੀ ਲੱਗ ਗਿਆ ਸੀ। ਉਹ ਦੀਆਂ ਇਤਫ਼ਾਕੀਆ ਛੁੱਟੀਆਂ ਸਾਰੀਆਂ ਖ਼ਤਮ ਹੋ ਚੁੱਕੀਆਂ ਸਨ। ਐਨੇ ਦਿਨ ਮੁੰਡਾ ਕੁੜੀ ਵੀ ਬਾਪ ਕੋਲ ਨਹੀਂ ਬੈਠ ਸਕਦੇ ਸਨ। ਦੋ ਹਫ਼ਤੇ ਉਨ੍ਹਾਂ ਦੇ ਵੀ ਖ਼ਰਾਬ ਹੋ ਗਏ ਸਨ। ਸਾਲਾਨਾ ਪ੍ਰੀਖਿਆ ਨੇੜੇ ਸੀ। ਉਨ੍ਹਾਂ ਦੀ ਪੜ੍ਹਾਈ ਪਿੱਛੇ ਪੈ ਰਹੀ ਸੀ।

ਕਮਲੇਸ਼ ਸਵੇਰੇ ਸਦੇਹਾਂ ਹੀ ਉੱਠਦੀ। ਸਾਰਿਆਂ ਨੂੰ ਚਾਹ ਪਿਆ ਕੇ ਫੇਰ ਰੋਟੀ ਤਿਆਰ ਕਰਦੀ। ਮੁੰਡੇ ਕੁੜੀ ਦੇ ਟਿਫ਼ਨ ਤਿਆਰ ਕਰਦੀ। ਆਪਣਾ ਟਿਫ਼ਨ ਬਣਾ ਲੈਂਦੀ। ਰਾਜਿੰਦਰ ਲਈ ਚਾਰ ਫੁਲਕੇ ਤੇ ਸਬਜ਼ੀ ਦੀ ਕੌਲੀ ਥਰਮੋਵੇਅਰ ਵਿਚ ਬੰਦ ਕਰਕੇ ਰੱਖ ਦਿੰਦੀ। ਅੰਬ ਦਾ ਅਚਾਰ ਤੇ ਦਹੀਂ ਨਾਲ ਪਰੌਂਠਿਆਂ ਦਾ ਨਾਸ਼ਤਾ ਉਹ ਸਾਰੇ ਕਰ ਲੈਂਦੇ।

ਤਿੰਨੇ ਜੀਅ ਘਰੋਂ ਚਲੇ ਜਾਂਦੇ ਤਾਂ ਰਾਜਿੰਦਰ ਇਕੱਲਾ ਰਹਿ ਜਾਂਦਾ। ਅਖ਼ਬਾਰ ਵੱਧ ਤੋਂ ਵੱਧ ਇਕ ਘੰਟਾ ਪੜ੍ਹਿਆ ਜਾ ਸਕਦਾ। ਖ਼ਬਰਾਂ ਤੋਂ ਬਾਅਦ ਰੇਡੀਓ ਪ੍ਰੋਗਰਾਮ ਕਿੰਨਾ ਕੁ ਚਿਰ ਸੁਣੇ ਜਾ ਸਕਦੇ ਹਨ। ਆਖ਼ਰ ਰੇਡੀਓ ਦੀ ਟੂ. ਟੀ. ਉਹ ਨੂੰ ਬੋਰ ਕਰਨ ਲੱਗਦੀ। ਉਹ ਉਹ ਦੀ ਗਰਦਨ ਮਰੋੜ ਕੇ ਪਰ੍ਹਾਂ ਰੱਖ ਦਿੰਦਾ। ਫੇਰ ਕੰਧਾਂ ਦੀ ਚੁੱਪ ਉਹ ਨੂੰ ਪ੍ਰੇਸ਼ਾਨ ਕਰਨ ਲੱਗਦੀ।

ਸ਼ਹਿਰ ਤੋਂ ਬਾਹਰ ਰੇਲਵੇ ਲਾਈਨ ਟੱਪ ਕੇ ਇਹ ਇੱਕ ਨਵੀਂ ਬਸਤੀ ਸੀ। ਰੇਲਵੇ ਸਟੇਸ਼ਨ ਵੱਲ ਤਾਂ ਚਾਲੀ ਪੰਜਾਹ ਮਕਾਨ ਪੈ ਚੁੱਕੇ ਸਨ, ਪਰ ਏਧਰ ਦੂਰ ਪੰਜ ਸੱਤ ਮਕਾਨ ਹੀ ਹਾਲੇ ਬਣੇ ਸਨ। ਇਨ੍ਹਾਂ ਮਕਾਨਾਂ ਤੋਂ ਪਰ੍ਹੇ ਤਾਂ ਫੇਰ ਖੇਤ ਸ਼ੁਰੂ ਹੋ ਜਾਂਦੇ। ਇਹ ਪੰਜ ਸੱਤ ਮਕਾਨ ਇੱਕ ਦੂਜੇ ਤੋਂ ਕਈ ਕਈ ਖ਼ਾਲੀ ਪਲਾਟ ਛੱਡ ਕੇ ਸਨ। ਉਜਾੜ ਜਿਹੀ ਹੋਣ ਕਰਕੇ ਇਹ ਘਰ ਆਪਸ ਵਿਚ ਖ਼ਾਸ ਮੇਲ ਮਿਲਾਪ ਰੱਖਦੇ। ਇੱਕ ਦੂਜੇ ਨਾਲ ਦੁੱਖ ਸੁੱਖ ਸਾਂਝਾ ਕਰਦੇ। ਅਲੱਗ ਅਲੱਗ ਪਿੰਡਾਂ ਦੇ ਲੋਕ ਸਨ, ਅਲੱਗ ਅਲੱਗ ਜ਼ਾਤ ਬਰਾਦਰੀ ਦੇ।

ਜਦੋਂ ਰਾਜਿੰਦਰ ਘਰ ਵਿਚ ਇਕੱਲਾ ਰਹਿ ਜਾਂਦਾ ਤਾਂ ਗੁਆਂਢੀ ਘਰਾਂ ਵਿਚੋਂ ਕੋਈ ਔਰਤ ਉਹ ਦੇ ਕੋਲ ਆਉਂਦੀ ਤੇ ਉਹ ਨੂੰ ਪਾਣੀ ਧਾਣੀ ਪੁੱਛ ਜਾਂਦੀ। ਕੋਈ ਉਹ ਨੂੰ ਚਾਹ ਕਰਕੇ ਦੇ ਜਾਂਦੀ। ਕੋਈ ਬੁੜ੍ਹੀ ਗੇੜਾ ਮਾਰਦੀ ਤੇ ਖਾਸਾ ਖਾਸਾ ਚਿਰ ਏਧਰ ਓਧਰ ਦੀਆਂ ਗੱਲਾਂ ਕਰਦੀ ਬੈਠੀ ਰਹਿੰਦੀ। ਲਖਵਿੰਦਰ ਦੁਪਹਿਰ ਦੀ ਰੋਟੀ ਖਵਾ ਕੇ ਜਾਂਦੀ। ਉਹ ਦਾ ਇਕ ਅੱਧ ਲੀੜਾ ਕੱਪੜਾ ਵੀ ਧੋ ਦਿੰਦੀ।

ਲਖਵਿੰਦਰ ਦਾ ਪਤੀ ਸ਼ਹਿਰ ਵਿਚ ਬਿਜਲੀ ਦੇ ਸਮਾਨ ਦੀ ਦੁਕਾਨ ਕਰਦਾ ਸੀ। ਉਨ੍ਹਾਂ ਦਾ ਚਾਰ ਕੁ ਸਾਲ ਦਾ ਇੱਕ ਮੁੰਡਾ ਸੀ। ਹਾਲੇ ਉਹ ਨੂੰ ਸਕੂਲ ਨਹੀਂ ਭੇਜਣ ਲੱਗੇ ਸਨ।

ਇੱਕ ਹੋਰ ਔਰਤ ਸੀ ਬਿਮਲਾ। ਉਹ ਦੇ ਪਤੀ ਦੀ ਕੱਪੜੇ ਦੀ ਦੁਕਾਨ ਸੀ। ਉਨ੍ਹਾਂ ਦੇ ਚਾਰ ਬੱਚੇ ਸਨ–ਤਿੰਨ ਕੁੜੀਆਂ, ਇੱਕ ਮੁੰਡਾ। ਵੱਡੀ ਕੁੜੀ ਵਿਆਹੀ ਹੋਈ ਸੀ। ਇੱਕ ਕੁੜੀ ਕਾਲਜ ਜਾਂਦੀ ਤੇ ਛੋਟੇ ਮੁੰਡਾ ਕੁੜੀ ਸਕੂਲ ਪੜ੍ਹਦੇ ਸਨ।

ਇੱਕ ਸੀ–ਨਿਰਮਲ ਕੌਰ। ਰੇਲਵੇ ਸਟੇਸ਼ਨ ਦੇ ਨਾਲ ਹੀ ਉਨ੍ਹਾਂ ਦੀ ਲੱਕੜਾਂ ਦੀ ਟਾਲ ਸੀ। ਬਾਬੂ ਸਿੰਘ ਨੂੰ ਬਹੁਤ ਆਮਦਨ ਸੀ। ਉਹ ਪਿੰਡ ਵਿਚ ਜਾ ਕੇ ਸਸਤੇ ਭਾਅ ਦਰੱਖ਼ਤ ਪੁਟਵਾ ਲਿਆਉਂਦਾ, ਆਰੇ ਤੋਂ ਚਿਰਵਾ ਕੇ ਫੱਟ ਬਾਲੇ ਅੱਡ ਕੱਢ ਲੈਂਦਾ ਤੇ ਫਾਲਤੂ ਲੱਕੜ ਨੂੰ ਬਾਲਣ ਬਣਾ ਬਣਾ ਕੇ ਵੇਚਦਾ–ਕੰਡੇ ’ਤੇ ਐਨ ਪੂਰਾ ਤੋਲ ਦਿੰਦਾ, ਸੋਨੇ ਵਾਂਗੂੰ। ਮਜ਼ਾਲ ਐ, ਕਿਸੇ ਨੂੰ ਪਾਓ ਭਰ ਲੱਕੜ ਦਾ ਟੁਕੜਾ ਵੱਧ ਚਲਿਆ ਜਾਵੇ। ਫਾਕੜ ਫਾਕੜ ਦਾ ਹਿਸਾਬ ਲੈਂਦਾ। ਨਿਰਮਲ ਕੌਰ ਹਰ ਤੀਜੇ ਸਾਲ ਜੁਆਕ ਜੰਮਦੀ। ਮੁੰਡੇ ਤੋਂ ਬਾਅਦ ਚਾਰ ਕੁੜੀਆਂ ਹੋ ਚੁੱਕੀਆਂ ਸਨ। ਉਹ ਚਾਹੁੰਦੀ ਸੀ, ਮੁੰਡਿਆਂ ਦੀ ਜੋੜੀ ਹੋਵੇ। “ਕੱਲੀ ਹੋਵੇ ਨਾ ਵਣਾਂ ਵਿਚ ਲੱਕੜੀ...।” ਬਾਬੂ ਸਿੰਘ ਦੀ ਸ਼ਾਹੀ ਠਾਠ ਸੀ। ਇੱਕ ਪਊਆ ਆਥਣੇ ਨਿੱਤ ਪੀਂਦਾ, ਰੋਟੀ ਖਾਣ ਤੋਂ ਅੱਧਾ ਪੌਣਾ ਘੰਟਾ ਪਹਿਲਾਂ।

ਗੁਰਦਿਆਲ ਕੁਰ ਮੱਚੀ ਬੁਝੀਔਰਤ ਘਰੇ ਹੁੰਦੀ ਤਾਂ ਆਪਣੀਆਂ ਦੋਵੇਂ ਨੂੰਹਾਂ ਨੂੰ ਬੁੜ ਬੁੜ ਕਰਦੀ ਰਹਿੰਦੀ। ਘਰੋਂ ਬਾਹਰ ਗੁਆਂਢੀਆਂ ਦੇ ਜਾ ਕੇ ਉਨ੍ਹਾਂ ਦੀਆਂ ਚੁਗਲੀਆਂ ਕਰਦੀ। ਕਦੇ ਖੁਸਰਿਆਂ ਵਾਂਗ ਹੱਥ ’ਤੇ ਹੱਥ ਮਾਰ ਕੇ ਤਾੜੀ ਪਾਉਂਦੀ ਤੇ ਉੱਚਾ ਉੱਚਾ

ਬੋਲ ਕੇ ਨੂੰਹਾਂ ਦੀ ਅਕਲ ਦਾ ਮਜ਼ਾਕ ਉਡਾਉਂਦੀ। ਉਨ੍ਹਾਂ ਦੀਆਂ ਸਾਂਗਾਂ ਲਾਹੁੰਦੀ। ਬੜੀ ਕਮਜ਼ਾਤ ਤੀਵੀਂ ਸੀ। ਪਰ ਰਾਜਿੰਦਰ ਸਿੰਘ ਦੇ ਘਰ ਆ ਕੇ ਉਹ ਵੀ ਉਹ ਦੀ ਸੁੱਖ ਸਾਂਦ ਦਾ ਪਤਾ ਲੈਂਦੀ। ਗੁਰਦਿਆਲ ਕੁਰ ਦਾ ਘਰ ਵਾਲਾ ਚੰਦਾ ਸਿੰਘ ਨਹਿਰੀ ਪਟਵਾਰੀ ਸੀ। ਨੇੜੇ ਤੇੜੇ ਹੀ ਕਿਸੇ ਪਿੰਡ ਉਹ ਲੱਗਿਆ ਹੁੰਦਾ। ਸ਼ਾਮ ਨੂੰ ਘਰ ਆ ਜਾਂਦਾ। ਉਹ ਦੇ ਮੁੰਡੇ ਮ੍ਹੈਸਾਂ ਦੇ ਵਪਾਰੀ ਸਨ। ਗੁਰਦਿਆਲੋ ਆਪਣੀਆਂ ਨੂੰਹਾਂ ਨੂੰ ਕਦੇ ਕਿਸੇ ਗੁਆਂਢੀ ਦੇ ਘਰ ਨਹੀਂ ਜਾਣ ਦਿੰਦੀ ਸੀ।

ਕਮਲੇਸ਼ ਦਾ ਸੁਭਾਓ ਬਣਾ ਰਲੌਂਟਾ ਸੀ। ਉਹ ਸਾਰਿਆਂ ਗੁਆਂਢੀ ਘਰਾਂ ਵਿਚ ਆਉਂਦੀ ਜਾਂਦੀ। ਹਰ ਘਰ ਨਾਲ ਵਰਤ ਵਿਹਾਰ ਰੱਖਦੀ। ਚੀਜ਼ਾਂ ਲੈਂਦੀ ਦਿੰਦੀ ਰਹਿੰਦੀ। ਪਰ ਲਖਵਿੰਦਰ, ਬਿਮਲਾ, ਨਿਰਮਲ ਕੌਰ ਤੇ ਗੁਰਦਿਆਲ ਕੁਰ ਤਾਂ ਉਹ ਦੇ ਬਹੁਤਾ ਹੀ ਨੇੜੇ ਸਨ। ਜਿਵੇਂ ਇੱਕੋ ਘਰ ਦੀਆਂ ਹੋਣ। ਗੁਰਦਿਆਲ ਕੁਰ ਦੀਆਂ ਨੂੰਹਾਂ ਵੀ ਚੰਗੀਆਂ ਸਨ, ਮਿਲਵਰਤਣ ਰੱਖਣ ਵਾਲੀਆਂ। ਕਮਲੇਸ਼ ਜਦੋਂ ਪਟਵਾਰੀ ਦੇ ਘਰ ਜਾਂਦੀ, ਨੂੰਹਾਂ ਨਾਲ ਗੱਲਾਂ ਕਰਦੀ। ਗੁਰਦਿਆਲ ਕੁਰ ਨੂੰ ਉਹ ਦੇ 'ਤੇ ਸ਼ੱਕ ਨਹੀਂ ਸੀ, ਨਹੀਂ ਤਾਂ ਉਹ ਹੋਰ ਕਿਸੇ ਤੀਵੀਂ ਨੂੰ ਆਪਣੀਆਂ ਨੂੰਹਾਂ ਕੋਲ ਬੈਠਣ ਨਹੀਂ ਦਿੰਦੀ ਸੀ। ਆਖਦੀ– "ਬਿਗਾਨੀ ਤਾਂ ਬੱਤੀਆਂ ਪੜ੍ਹਾਊਗੀ।"

ਰਾਜਿੰਦਰ ਸਿੰਘ ਜਦੋਂ ਕਿ ਹੁਣ ਮੰਜੇ 'ਤੇ ਪਿਆ ਹੋਇਆ ਸੀ, ਉੱਠਣ ਬੈਠਣ ਜੋਗਾ ਨਹੀਂ ਸੀ, ਕਮਲੇਸ਼ ਤੇ ਦੋਵੇਂ ਬੱਚੇ ਘਰੋਂ ਤੁਰ ਜਾਂਦੇ ਤਾਂ ਉਹਦਾ ਸੰਸਾਰ ਖਾਲੀ ਹੋ ਜਾਂਦਾ। ਖੁੱਲ੍ਹੇ ਬਾਰ ਕਮਰੇ ਰੋਹੀ ਬੀਆਬਾਨ ਦੀ ਸਰਾਂ ਜਾਪਦੇ। ਉਹ ਨੂੰ ਆਪਣੇ ਕਮਰੇ ਦੀਆ ਕੰਧਾਂ ਤੇ ਛੱਤ ਬਹੁਤ ਨੇੜੇ ਨੇੜੇ ਲੱਗਦੀਆਂ, ਜਿਵੇਂ ਉਹ ਦੇ 'ਤੇ ਡਿੱਗਣ ਨੂੰ ਆ ਰਹੀਆਂ ਹੋਣ।

ਲਖਵਿੰਦਰ ਉਹ ਦਾ ਐਨਾ ਕਰਕੇ ਜਾਂਦੀ, ਉਹ ਨੂੰ ਬੜੀ ਚੰਗੀ ਲੱਗਦੀ। ਉਹ ਦੁਪਹਿਰ ਦੀ ਰੋਟੀ ਖਾ ਰਿਹਾ ਹੁੰਦਾ, ਓਨਾ ਚਿਰ ਉਹ ਉਹ ਦੇ ਕੋਲ ਬੈਠੀ ਰਹਿੰਦੀ। ਰੋਟੀ ਤੋਂ ਬਾਅਦ ਚਾਹ ਦਾ ਕੱਪ ਬਣਾ ਦਿੰਦੀ। ਉਹ ਦਾ ਬਿਸਤਰਾ ਠੀਕ ਕਰਦੀ, ਚਾਦਰ ਸਰ੍ਹਾਣਾ ਬਦਲ ਦਿੰਦੀ। ਉਹ ਦੇ ਉੱਤੇ ਰਜ਼ਾਈ ਠੀਕ ਕਰਕੇ ਦੇ ਦਿੰਦੀ। ਉਹ ਦੇ ਸਿਰ ਦਾ ਜੂੜਾ ਖੁੱਲ੍ਹ ਗਿਆ ਹੁੰਦਾ ਤਾਂ ਕੰਘਾ ਲੈ ਕੇ ਪਹਿਲਾਂ ਵਾਲ ਵਾਹੁੰਦੀ, ਫੇਰ ਗੁੱਤ ਜਿਹੀ ਕਰਕੇ ਜੂੜਾ ਬੰਨ੍ਹ ਦਿੰਦੀ। ਐਨਾ ਤਾਂ ਕਮਲੇਸ਼ ਉਹਦੀ ਆਪਣੀ ਔਰਤ ਵੀ ਨਹੀਂ ਕਰਦੀ ਸੀ।

ਲਖਵਿੰਦਰ ਨਾਲ ਕਮਲੇਸ਼ ਦਾ ਸਾਰੀਆਂ ਨਾਲੋਂ ਵੱਧ ਸਹੇਲਪੁਣਾ ਸੀ। ਐਨਾ ਤਾਂ ਸਕੀਆਂ ਭੈਣਾਂ ਵੀ ਇੱਕ ਦੂਜੀ ਦਾ ਨਹੀਂ ਕਰਦੀਆਂ ਹੁੰਦੀਆਂ।

ਇੱਕ ਦਿਨ...ਬੜਾ ਮਨਹੂਸ ਦਿਨ ਸੀ ਉਹ। ਲਖਵਿੰਦਰ ਦੁਪਹਿਰ ਦੀ ਰੋਟੀ ਖਵਾਉਣ ਆਈ। ਉੱਥੇ ਹੀ ਕਮਰੇ ਵਿਚ ਰਾਜਿੰਦਰ ਦੇ ਸਾਹਮਣੇ ਕੁਰਸੀ 'ਤੇ ਬੈਠੀ ਸੀ। ਉਹ ਨੇ ਪਾਣੀ ਦਾ ਗਲਾਸ ਚੁੱਕ ਕੇ ਫੜਾਇਆ ਤਾਂ ਰਾਜਿੰਦਰ ਤੋਂ ਉਹਦੀਆਂ ਉਂਗਲਾਂ ਘੁੱਟੀਆਂ ਗਈਆਂ, ਜਿਵੇਂ ਜਾਣ ਬੁੱਝ ਕੇ ਉਹ ਨੇ ਗਲਾਸ ਫੜਨ ਦੀ ਥਾਂ ਉਹ ਦੀਆਂ ਉਂਗਲਾਂ ਨੂੰ ਫੜਿਆ ਹੋਵੇ।

ਲਖਵਿੰਦਰ ਨੇ ਝੱਟ ਮੂੰਹ ਪਰ੍ਹਾਂ ਭੰਵਾ ਲਿਆ, ਬੋਲੀ ਨਹੀਂ, ਕਮਰੇ ਵਿਚੋਂ ਬਾਹਰ ਹੋ ਗਈ ਤੇ ਉਨ੍ਹਾਂ ਦੇ ਘਰੋਂ ਉਸੇ ਵੇਲੇ ਚਲੀ ਗਈ।

ਅਗਲੇ ਦਿਨ ਕਮਲੇਸ਼ ਨੇ ਰੋਟੀ ਤਿਆਰ ਕੀਤੀ। ਚਾਰਾਂ ਨੇ ਨਾਸ਼ਤਾ ਕੀਤਾ ਤੇ ਫੇਰ ਉਹ ਤਿੰਨੇ ਘਰੋਂ ਚਲੇ ਗਏ। ਘਰ ਵਿਚ ਚੁੱਪ ਦਾ ਸੰਸਾਰ ਪਸਰਣ ਲੱਗਿਆ। ਦੁਪਹਿਰ ਤੱਕ ਕੋਈ ਨਹੀਂਆਇਆ। ਦੁਪਹਿਰ ਦੀ ਰੋਟੀ ਦਾ ਵੇਲਾ ਵੀ ਲੰਘ ਗਿਆ। ਘੰਟਾ ਭਰ ਉਹ ਲਖਵਿੰਦਰ ਨੂੰ ਉਡੀਕਦਾ ਰਿਹਾ। ਫੇਰ ਉਹ ਨੂੰ ਲੱਗਿਆ, ਜਿਵੇਂ ਕੋਈ ਗੱਲ ਹੈ। ਆਂਢ ਗੁਆਂਢ ਨੂੰ ਜਿਵੇਂ ਕੋਈ ਕਸਰ ਹੋ ਗਈ ਹੋਵੇ।

ਆਥਣ ਨੂੰ ਕਮਲੇਸ਼ ਆਈ, ਥਰਮੋਵੇਅਰ ਵਿਚ ਫੁਲਕੇ ਤੇ ਸਬਜ਼ੀ ਉਵੇਂ ਦੇ ਉਵੇਂ ਦੇਖ ਕੇ ਪੁੱਛਣ ਲੱਗੀ–"ਅੱਜ ਕੀ ਗੱਲ ਜੀ, ਭੁੱਖ ਨ੍ਹੀ ਲੱਗੀ?" ਫੇਰ ਉਹ ਨੇ ਰਸੋਈ ਵਾਲੀ ਜਾਲੀ ਵਿਚ ਪਿਆ ਦੁੱਧ ਦੇਖਿਆ, ਕਹਿੰਦੀ–"ਦੁੱਧ ਵੀ ਛੇੜਿਆ ਨ੍ਹੀ ਲੱਗਦਾ। ਕੀ ਚਾਹ ਵੀ ਨ੍ਹੀ ਪੀਤੀ?"

ਰਾਜਿੰਦਰ ਸਭ ਸੁਣਦਾ ਜਾ ਰਿਹਾ ਸੀ। ਪਰ ਉਹ ਕੋਈ ਜਵਾਬ ਨਹੀਂ ਦਿੰਦਾ ਸੀ। ਉਹ ਦਾ ਚਿਹਰਾ ਉਤਰਿਆ ਹੋਇਆ ਸੀ। ਅੱਖਾਂ ਵਿਚ ਉਦਾਸੀ ਤੇ ਪਛਤਾਵੇ ਦਾ ਰਲਿਆ ਮਿਲਿਆ ਰੰਗ ਸੀ। ਕਮਲੇਸ਼ ਕੌਰ ਨੂੰ ਲੱਗਿਆ ਜਿਵੇਂ ਰਾਜਿੰਦਰ ਨੂੰ ਕੋਈ ਕਸਰ ਹੋ ਗਈ ਹੋਵੇ। ਜਿਵੇਂ ਨਾ ਉਹ ਕੁਝ ਸੁਣਦਾ ਹੋਵੇ ਤੇ ਨਾ ਉਹ ਆਪਣੀ ਜ਼ੁਬਾਨ ਹਿਲਾ ਸਕਦਾ ਹੋਵੇ। ਬੱਚੇ ਵੀ ਸਕੂਲਾਂ ਤੋਂ ਆ ਚੁੱਕੇ ਸਨ। ਪਾਪਾ ਦਾ ਕੁਮਲਾਇਆ ਮੂੰਹ ਦੇਖ ਕੇ ਉਹ ਵੀ ਬਿੱਡਰੀਆਂ ਬਿੱਡਰੀਆਂ ਅੱਖਾਂ ਨਾਲ ਉਹ ਦੇ ਵੱਲ ਝਾਕ ਰਹੇ ਸਨ। ਕਮਲੇਸ਼ ਨੇ ਚਾਹ ਬਣਾਈ, ਸਭ ਨੇ ਪੀਤੀ, ਰਾਜਿੰਦਰ ਨੇ ਵੀ ਪੀ ਲਈ। ਫੇਰ ਉਹ ਗੁਆਂਢੀ ਘਰਾਂ ਵਿਚ ਗਈ। ਕੋਈ ਵੀ ਉਹ ਦੇ ਨਾਲ ਸਿੱਧੇ ਮੂੰਹ ਨਹੀਂ ਬੋਲੀ। ਲਖਵਿੰਦਰ ਨੇ ਅੱਖਾਂ ਭਰ ਲਈਆਂ ਸਨ, ਪਰ ਸ਼ਿਕਾਇਤ ਕੋਈ ਨਹੀਂ। ਕਮਲੇਸ਼ ਨੂੰ ਕੋਈ ਔਰਤ ਕੁਝ ਨਹੀਂ ਦੱਸ ਰਹੀ ਸੀ, ਕੋਈ ਕੁਝ ਨਹੀਂ ਕਹਿ ਰਹੀ ਸੀ। ਗੁਰਦਿਆਲ ਕੁਰ ਵੀ ਨਹੀਂ। ♦

# ਖੰਘੂਰ

ਕਿਸੇ ਨੇ ਕਿੰਨਾ ਠੀਕ ਆਖਿਆ ਹੈ-ਸਭ ਤੋਂ ਭੈੜੀ ਔਰਤ ਉਹ ਹੁੰਦੀ ਹੈ, ਬੰਦੇ ਨੇ ਸਵੇਰੇ ਸਵੇਰੇ ਕਾਹਲ ਨਾਲ ਬਾਹਰ ਰੋਜ਼ਾਨਾ ਕੰਮ 'ਤੇ ਜਾਣਾ ਹੋਵੇ ਤੇ ਉਹ ਦੇ ਨਾਸ਼ਤਾ ਕਰਨ ਵੇਲੇ ਉਹ ਦੀ ਔਰਤ ਕਿਸੇ ਘਰੇਲੂ ਮਸਲੇ ਨੂੰ ਲੈ ਕੇ ਉਹ ਦੇ ਨਾਲ ਕਲੇਸ਼ ਪਾ ਬੈਠੇ।

ਬੱਸ ਇੰਝ ਹੀ ਕਰਿਆ ਕਰਦੀ ਸੀ, ਮਲਕੀਤ ਕੌਰ। ਭਰਪੂਰ ਸਿੰਘ ਨਾਸ਼ਤਾ ਅੱਧ ਵਿਚਕਾਰ ਛੱਡ ਕੇ ਪਾਣੀ ਦੀ ਘੁੱਟ ਭਰਦਾ ਤੇ ਉੱਠ ਤੁਰਦਾ। ਉਹ ਉਹਦਾ ਨਾਸ਼ਤਾ ਹਰਾਮ ਕਰ ਦਿੰਦੀ। ਕਦੇ ਕਦੇ ਉਹ ਨੂੰ ਬਹੁਤ ਗੁੱਸਾ ਆਉਂਦਾ ਤਾਂ ਉਹ ਪਲੇਟ ਗਲਾਸ ਚੁੱਕ ਕੇ ਕੰਧ ਨਾਲ ਮਾਰਦਾ ਜਾ ਫੇਰ ਕਦੇ ਮਲਕੀਤ ਨੂੰ ਹੀ ਧੇ ਧੇ ਕੁੱਟ ਸੁੱਟਦਾ। ਅਜਿਹੇ ਸਮੇਂ ਉਹ ਨੂੰ ਘਰ ਵਿਚ ਹੀ ਵੀਹ ਮਿੰਟ, ਅੱਧਾ ਘੰਟਾ ਬੀਤ ਜਾਂਦਾ ਤੇ ਉਹ ਆਪਣੇ ਕੰਮ ਤੋਂ ਲੇਟ ਹੋ ਜਾਂਦਾ। ਹੱਥਾਂ ਪੈਰਾਂ ਦੀ ਪਈ ਹੁੰਦੀ, ਪਤਾ ਨਾ ਲੱਗਦਾ, ਕਿਹੜੀ ਚੀਜ਼ ਨਾਲ ਲਈ ਤੇ ਕਿਹੜੀ ਰਹਿ ਗਈ। ਉਹ ਨੂੰ ਆਪਣਾ ਸਾਈਕਲ ਗੱਡਾ ਲੱਗਦਾ ਬਹੁਤ ਭਾਰੀ। ਘਰੋਂ ਬਾਹਰ ਨਿਕਲਣ ਸਮੇਂ ਜੇ ਪਹੀਏ ਦੀ ਫ਼ੂਕ ਨਿਕਲੀ ਹੁੰਦੀ ਤਾਂ ਉਹ ਕੋਲਾ ਹੋ ਕੇ ਰਹਿ ਜਾਂਦਾ। ਉਹ ਨੂੰ ਸਾਰਾ ਗੁੱਸਾ ਆਪਣੀ ਔਰਤ 'ਤੇ ਆਉਂਦਾ।

ਉਸ ਦਿਨ ਸਵੇਰੇ ਉਹ ਪੈਂਤੀ ਮਿੰਟ ਲੇਟ ਸੀ। ਸ਼ੁਕਰ ਸੀ ਕਿ ਸਾਈਕਲ ਦੇ ਪਹੀਆਂ ਵਿਚ ਹਵਾ ਪੂਰੀ ਸੀ। ਉਹ ਨੇ ਆਪਣਾ ਟਿਫ਼ਨ ਵੀ ਕੈਰੀਅਰ ਵਿਚ ਅੜੁੰਗ ਲਿਆ ਸੀ। ਟੋਕਰੀ ਵਿਚ ਥੈਲਾ ਰੱਖ ਲਿਆ ਸੀ।

ਉਸ ਦਿਨ ਤਾਂ ਉਹ ਨੇ ਨਾ ਆਪਣਾ ਨਾਸ਼ਤਾ ਅੱਧ ਵਿਚਕਾਰ ਛੱਡਿਆ, ਨਾ ਪਲੇਟ ਗਲਾਸ ਕੰਧ ਨਾਲ ਮਾਰੇ ਤੇ ਨਾ ਆਪਣੀ ਲੱਕੜ ਸਰੀਰ ਔਰਤ ਨੂੰ ਧੌਲ ਧੱਫਾ ਕਰਕੇ ਆਪਣੇ ਹੱਥਾਂ ਦੀਆਂ ਹੱਡੀਆਂ ਦੁਖਣ ਲਾਈਆਂ। ਮੁੰਡਾ ਤੇ ਕੁੜੀ ਕਦੋਂ ਦੇ ਸਕੂਲ ਜਾ ਚੁੱਕੇ ਸਨ।

ਭਰਪੂਰ ਸਿੰਘ ਹੋਰੀਂ ਚਾਰ ਭਰਾ ਸਨ। ਦੂਜੇ ਤੇ ਤੀਜੇ ਨੰਬਰ ਵਾਲੇ ਦੋਵੇਂ ਭਰਾ ਕਲਕੱਤੇ ਰਹਿੰਦੇ, ਉੱਥੇ ਉਨ੍ਹਾਂ ਦੀਆਂ ਟੈਕਸੀਆਂ ਪਾਈਆਂ ਹੋਈਆਂ ਸਨ। ਭਰਪੂਰ ਸਿੰਘ ਸਭ ਤੋਂ ਛੋਟਾ ਸੀ। ਉਹ ਦਾ ਵਿਆਹ ਵੱਡੀ ਉਮਰ ਵਿਚ ਹੋਇਆ। ਬਹੁਤੀ ਵੱਡੀ ਉਮਰ ਵਿਚ ਨਹੀਂ, ਬੱਸ ਇਹੀ ਬੱਤੀ-ਤੇਤੀ ਸਾਲ ਦੀ ਉਮਰ ਵਿਚ। ਵਿਆਹ ਕਰਵਾਉਣ ਦੀ ਉਮਰ ਚੌਵੀ-ਪੱਚੀ ਸਾਲ ਦੀ ਹੁੰਦੀ ਹੈ, ਨਹੀਂ ਤਾਂ ਫੇਰ ਉਸ ਤੋਂ ਬਾਅਦ ਬੰਦਾ ਪੱਕਦਾ ਤੁਰਿਆ ਜਾਂਦਾ ਹੈ। ਕੰਵਾਰਾ ਰਹਿਣ ਤੱਕ ਉਹ ਵੱਡੇ ਭਾਈ ਦੇ ਚੁੱਲ੍ਹੇ 'ਤੇ ਰਿਹਾ

ਸੀ। ਵੱਡਾ ਭਾਈ ਦੇਵਤਾ ਪੁਰਸ਼ ਸੀ। ਉਹ ਨੂੰ ਪੁੱਤਾਂ ਵਾਂਗ ਰੱਖਦਾ। ਭਰਪੂਰ ਦਾ ਜਦੋਂ ਵਿਆਹ ਧਰਿਆ ਹੋਇਆ ਸੀ, ਉਹ ਦੀ ਭਰਜਾਈ ਅਚਾਨਕ ਬਿਮਾਰ ਹੋਈ ਤੇ ਮਰ ਗਈ। ਵਿਆਹ ਦੋ ਮਹੀਨੇ ਪਿੱਛੇ ਪਾ ਦਿੱਤਾ ਗਿਆ ਸੀ। ਵੱਡੇ ਭਾਈ ਨੇ ਉਹ ਦਾ ਵਿਆਹ ਤਾਂ ਜਿਵੇਂ ਕਿਵੇਂ ਕੀਤਾ, ਪਰ ਬਾਅਦ ਵਿਚ ਉਹ ਘਰ ਨਹੀਂ ਟਿਕਿਆ। ਚੁਤਾਲੀ ਪੰਤਾਲੀ ਸਾਲ ਦੀ ਉਮਰ ਸੀ, ਸਭ ਛੱਡ ਛੁਡਾ ਕੇ ਤੁਰ ਗਿਆ, ਸਾਧਾਂ ਦੇ ਸੰਗ। ਧਾਰਮਿਕ ਪ੍ਰਵਿਰਤੀ ਦਾ ਬੰਦਾ ਸੀ। ਕਹਿੰਦਾ–"ਲੈ ਬਈ ਭੂਰਿਆ, ਘਰ ਵੀ ਤੇਰਾ ਤੇ ਇਹ ਦੋਵੇਂ ਜੁਆਕ ਵੀ ਤੇਰੇ। ਹੁਣ ਤੂੰ ਹੀ ਇਨ੍ਹਾਂ ਨੂੰ ਪਾਲ।"

ਕੁੜੀ ਵੱਡੀ ਸੀ, ਉਦੋਂ ਤੇਰਾਂ ਚੌਦਾਂ ਸਾਲ ਦੀ ਤੇ ਮੁੰਡਾ ਨੌਂ ਦਸ ਵਰ੍ਹਿਆਂ ਦਾ। ਸਕੂਲ ਜਾਂਦੇ ਸਨ।

ਦੋ ਕੁ ਸਾਲ ਤਾਂ ਮਲਕੀਤ ਚੁੱਪ ਰਹੀ, ਫੇਰ ਮੁੰਡੇ ਕੁੜੀ ਦੀ ਗੱਲ ਨੂੰ ਲੈ ਕੇ ਖਿਝਣ ਲੱਗੀ। ਅਸਲ ਵਿਚ ਮਾਨਸਿਕ ਕਾਰਨ ਇਹ ਹੋਵੇਗਾ ਕਿ ਉਹ ਦੇ ਆਪ ਕੋਈ ਜੁਆਕ ਜੱਲਾ ਨਹੀਂ ਹੋ ਰਿਹਾ ਸੀ। ਉਹ ਆਖਦੀ–"ਕਿਸੇ ਦੇ ਪਾਲ ਕੇ ਮੈਂ ਕੀ ਕਰਨੇ ਨੇ?"

ਭਰਪੂਰ ਤਿੜਕ ਪੈਂਦਾ–'ਕਿਸੇ ਦੇ ਕੀਹਦੇ ਹੋਏ? ਹੁਣ ਤਾਂ ਇਹ ਮੇਰੇ ਨੇ। ਮੈਂ ਈ ਇਨ੍ਹਾਂ ਦਾ ਪਿਓ, ਮੈਂ ਈ ਇਨ੍ਹਾਂ ਦੀ ਮਾਂ।"

"ਤੁਸੀਂ ਮਾਂ ਬਣੋ ਫੇਰ, ਮੈਂ ਇਨ੍ਹਾਂ ਦੀ ਮਾਂ ਕਿਵੇਂ ਹੋਈ?"

ਭਰਪੂਰ ਸਿੰਘ ਨੂੰ ਕਦੇ ਲੱਗਦਾ, ਜਿਵੇਂ ਉਹ ਦੇ ਭਤੀਜਾ ਭਤੀਜੀ ਉਹ ਦੇ ਆਪਣੇ ਹੀ ਸਕੇ ਭੈਣ ਭਰਾ ਹੋਣ। ਧੀ ਪੁੱਤ ਤਾਂ ਹੁਣ ਉਹ ਉਹਦੇ ਸਨ ਹੀ।

ਮਲਕੀਤ ਕਦੇ ਕਦੇ ਬਹੁਤ ਬਦਹਵਾਸ ਹੋ ਉੱਠਦੀ ਤੇ ਕਹਿੰਦੀ–"ਇਨ੍ਹਾਂ ਨੂੰ ਇਨ੍ਹਾਂ ਦੇ ਨਾਨਾ ਨਾਨੀ ਸਾਂਭਣ ਜਾਂ ਕੋਈ ਮਾਮਾ ਮਾਮੀ, ਮੇਰੇ ਇਹ ਕੀ ਲੱਗਦੇ ਨੇ।"

ਝਗੜਾ ਬਹੁਤ ਵਧ ਜਾਂਦਾ ਤਾਂ ਉਹ ਆਖਦੀ–"ਏਸ ਘਰ 'ਚ ਜਾਂ ਤਾਂ ਇਹ ਰਹਿਣਗੇ ਜਾਂ ਮੈਂ ਰਹੂੰਗੀ।"

ਉਹ ਜਵਾਬ ਦਿੰਦਾ–"ਇਹ ਤਾਂ ਇੱਥੇ ਈ ਰਹਿਣਗੇ, ਤੂੰ ਨਹੀਂ ਰਹਿਣਾ, ਨਾ ਰਹਿ। ਜਾਹ, ਜਿੱਧਰ ਨੂੰ ਜੀਅ ਕਰਦੈ ਤੇਰਾ।" ਫੇਰ ਉਹ ਦਾ ਦਿਮਾਗ਼ ਵੀ ਉੱਖੜ ਜਾਂਦਾ ਤੇ ਉਹ ਵੀ ਬੋਲ ਕੁਬੋਲ ਕਰਦਾ–"ਭੈਣ 'ਚੋ... ਕੁੱਤੀ ਤੀਮੀਂ, ਗੱਲਾਂ ਕੀ ਕਰਦੀ ਹੈ। ਫੰਡਰ ਕਿਤੋਂ ਦੀ। ਆਵਦੇ ਕੁਝ ਹੁੰਦਾ ਨ੍ਹੀ, ਤੈਨੂੰ ਦੂਜਿਆਂ ਦੇ ਜੁਆਕ ਕਿਉਂ ਚੰਗੇ ਲੱਗਣ।"

ਐਨੀ ਸੁਣ ਕੇ ਮਲਕੀਤ ਢੈਲੀ ਹੋ ਜਾਂਦੀ ਤੇ ਫੇਰ ਰੋਣ ਲੱਗਦੀ। ਚੁੰਨੀ ਦੇ ਪੱਲੇ ਨਾਲ ਹੰਝੂ ਪੂੰਝ ਪੂੰਝ ਅੱਖਾਂ ਸੁਜਾ ਲੈਂਦੀ।

ਉਨ੍ਹਾਂ ਦਾ ਇਹ ਨਿੱਤ ਦਾ ਕਲੇਸ਼ ਸੀ।

ਮੁੰਡਾ ਹੁਣ ਦਸਵੀਂ ਵਿਚ ਪੜ੍ਹਦਾ ਸੀ, ਕੁੜੀ ਬਾਰ੍ਹਵੀਂ ਵਿਚ। ਦੋਵੇਂ ਹੀ ਚਾਚੀ ਮੂਹਰੇ ਨੀਵੇਂ ਹੋ ਕੇ ਰਹਿੰਦੇ। ਚਾਚੇ ਗਲ ਲੱਗ ਕੇ ਦਿਨ ਕੱਟ ਰਹੇ ਸਨ। ਪੜ੍ਹਨ ਵਿਚ ਦੋਵੇਂ ਹੁਸ਼ਿਆਰ। ਚਾਚੀ ਦੀਆਂ ਕੌੜੀਆਂ ਮੈਲੀਆਂ ਉਹ ਚੁੱਪ ਚਾਪ ਸਹੀ ਜਾਂਦੇ। ਮਲਕੀਤ ਜਾਣ ਬੁੱਝ ਕੇ ਕੁੜੀ 'ਤੇ ਘਰ ਦੇ ਕੰਮਾਂ ਦਾ ਬੋਝ ਪਾਈ ਰੱਖਦੀ, ਪਰ ਕੁੜੀ ਹੁੰਦੜਹੇਲ ਸੀ। ਅੰਗਾਂ ਪੈਰਾਂ ਦੀ ਖੁੱਲ੍ਹੀ ਤੇ ਤਕੜੀ। ਜਿਹੜਾ ਵੀ ਕੰਮ ਕਹਿੰਦੀ, ਕਰਕੇ ਔਹ ਮਾਰਦੀ ਤੇ

ਫੇਰ ਆਪਣੀਆਂ ਕਿਤਾਬਾਂ ਲੈ ਕੇ ਬੈਠ ਜਾਂਦੀ। ਧਰਤੀ ’ਤੇ ਨਿਗਾਹ ਗੱਡ ਕੇ ਉਹ ਚਾਚੀ ਦੇ ਚੱਜ ਦੇਖਦੀ ਰਹਿੰਦੀ। ਗੱਲਾਂ ਸੁਣਦੀ ਜ਼ਰੂਰ, ਪਰ ਗੁੱਸਾ ਨਾ ਕਰਦੀ। ਮਲਕੀਤ ਕੁੜੀ ਦੀ ਚੁੱਪ ’ਤੇ ਵੀ ਖਿਝੀ ਜਾਂਦੀ–“ਢਾਂਡਾ ਨਾ ਹੋਵੇ, ਮੱਟਰ ਬਣ ਕੇ ਬੈਠੀ ਰਹਿੰਦੀ ਐ। ਇੱਕ ਨ੍ਹੀ ਖਾਨੇ ਪੈਂਦੀ, ਬੁੱਧੂ ਦੇ।” ਮੁੰਡਾ ਖਿਲੰਦੜਾ ਸੀ। ਚਾਚੀ ਦੀਆਂ ਗੱਲਾਂ ’ਤੇ ਹੱਸਦਾ ਰਹਿੰਦਾ। ਕਦੇ ਕਦੇ ਉਹ ਉਹ ਨੂੰ ਫੜਕੇ ਕੁੱਟ ਵੀ ਦਿੰਦੀ। ਉਹ ਇੱਕ ਨਾ ਜਾਣਦਾ। ਬੱਸ ਹੱਸਦਾ। ਚਾਚੀ ਉਹ ਦੇ ਹਾਸੇ ’ਤੇ ਪਾਗਲ ਹੋ ਉੱਠਦੀ ਤੇ ਬੇਬੱਸ ਹੋ ਕੇ ਹਾਏ ਹਾਏ ਕਰਦੀ ਮੰਜੇ ’ਤੇ ਪੈ ਜਾਂਦੀ। ਮੁੰਡੇ ਕੋਲ ਉਹ ਵਧੀਕੀਆਂ ਦਾ ਜਵਾਬ ਬੱਸ ਹਾਸਾ ਸੀ। ਹਾਸਾ ਵੀ ਤਾਂ ਇੱਕ ਹਥਿਆਰ ਹੁੰਦਾ ਹੈ, ਜੋ ਅਗਲੇ ’ਤੇ ਤਲਵਾਰ ਦੇ ਫੱਟ ਦਾ ਕੰਮ ਕਰਦਾ ਹੈ।

ਉਸ ਦਿਨ ਸਵੇਰ ਤੋਂ ਹੀ ਉਹ ਉਹ ਨੂੰ ਸਮਝਾਉਣ ਲੱਗਿਆ ਹੋਇਆ ਸੀ ਕਿ ਦੇਖ–“ਕੁੜੀ ਨੇ ਆਵਦੇ ਘਰ ਵਗ ਜਾਣੈ। ਵਿਆਹ ਤੋਂ ਬਾਅਦ ਫੇਰ ਕਦੇ ਕਦੇ ਆਇਆ ਕਰੂ ਵਿਚਾਰੀ। ਮੁੰਡਾ ਕਿਸੇ ਕੰਮ ਵਿਚ ਪੈਜੂ। ਕੀ ਪਤਾ, ਇਹਨੂੰ ਕਿੱਥੇ ਨੌਕਰੀ ਮਿਲੂਗੀ। ਇਹ ਜ਼ਰੂਰੀ ਨਹੀਂ, ਬਈ ਇਹ ਘਰੇ ਈ ਬੈਠਾ ਰਹੂ।”

ਉਹ ਕਹਿ ਰਹੀ ਸੀ–“ਮੈਨੂੰ ਕੀ ਹੇਜ ਇਨ੍ਹਾਂ ਦੀ ਪੜ੍ਹਾਈ ਦਾ। ਇਨ੍ਹਾਂ ਦੀ ਪਾਲਣਾ ਦਾ ਇਨ੍ਹਾਂ ਦੇ ਵਿਆਹ ਕਰਨ ਦਾ? ਮੇਰੇ ਇਹ ਕੀ ਲੱਗਦੇ ਨੇ?”

“ਤੇਰਾ ਇਲਾਜ ਕਰਵਾਉਣ ਦੀ ਮੈਂ ਕੋਈ ਕਸਰ ਛੱਡੀ ਐ? ਕਿਹੜਾ ਡਾਕਟਰ–ਡਾਕਟਰਨੀ ਐ, ਜਿੱਥੇ ਮੈਂ ਤੈਨੂੰ ਲੈ ਕੇ ਨ੍ਹੀ ਗਿਆ? ਪਟਿਆਲੇ, ਲੁਧਿਆਣੇ, ਚੰਡੀਗੜ੍ਹ ਤੇ ਔਹ ਦਿੱਲੀ ਤੱਕ ਆਪਾਂ ਜਾ ਆਏ ਆਂ। ਫੇਰ ਦੇਸੀ ਦੁਆਈਆਂ ਬੂਟੀਆਂ ਤੂੰ ਕਰਕੇ ਦੇਖ ਲੀਆਂ। ਕਿੰਨੀਆਂ ਸਿਆਣੀਆਂ ਬੁੜ੍ਹੀਆਂ ਨੂੰ ਘਰ ਲੁਟਾਇਐ ਤੈਂ। ਗੱਲ ਕਰ, ਰੱਬ ਦੇ ਘਰ ਮਿਹਰ ਨ੍ਹੀ, ਉਹ ਜਾਣੇ।”

ਉਹ ਦੀ ਦੋ ਪੁੜਾਂ ਵਿਚਾਲੇ ਜਾਨ ਸੀ। ਨਾ ਤਾਂ ਉਹ ਭਤੀਜੇ ਭਤੀਜੀ ਨੂੰ ਕਿਧਰੇ ਕੱਢ ਸਕਦਾ ਸੀ, ਉਹ ਦੇ ਬਗ਼ੈਰ ਹੋਰ ਕੌਣ ਸੀ, ਉਨ੍ਹਾਂ ਦਾ ਤੇ ਨਾ ਉਹ ਮਲਕੀਤ ਨੂੰ ਧੱਕਾ ਦੇ ਸਕਦਾ ਸੀ, ਆਖ਼ਰ ਔਰਤ ਸੀ ਉਹ ਉਹਦੀ। ਔਰਤ ਬਗ਼ੈਰ ਬੰਦਾ ਅੱਧਾ ਵੀ ਨਹੀਂ ਰਹਿੰਦਾ। ਔਰਤ ਨਾਲ ਹੀ ਘਰ ਹੁੰਦਾ ਹੈ। ਔਰਤ ਨਾਲ ਹੀ ਸੰਸਾਰ ਹੁੰਦਾ ਹੈ, ਬੰਦੇ ਦਾ। ਉਹ ਲੰਮੀ ਸੋਚਦਾ, ਕੁੜੀ ਵਿਆਹੀ ਜਾਵੇਗੀ ਤੇ ਮੁੰਡਾ ਕਿਸੇ ਕੰਮ ਵਿਚ ਪੈ ਕੇ ਘਰ ਨਹੀਂ ਰਹੇਗਾ। ਉਹ ਦੀ ਭਵਿੱਖ ਸੋਚਣੀ ਉਹ ਨੂੰ ਧਰਵਾਸ ਦਿੰਦੀ– ਮਲਕੀਤ ਜਦੋਂ ਇਕੱਲੀ ਰਹਿ ਗਈਤਾਂ ਇਹ ਦੀ ਇਕਾਂਤ ਇਹ ਨੂੰ ਵੱਢ ਵੱਢ ਖਾਇਆ ਕਰੇਗੀ, ਕੰਧਾਂ ਭੂਤਾਂ ਬਣ ਉੱਠਣਗੀਆਂ। ਉਦੋਂ ਇਹ ਮੁੰਡੇ ਬਹੂ ਨੂੰ ਆਪਣੇ ਕੋਲ ਰੱਖਣਾ ਲੋਚੇਗੀ। ਕੁੜੀ ਵੀ ਘਰ ਬਾਰ ਵਾਲੀ ਹੋ ਕੇ ਆਉਂਦੀ ਜਾਂਦੀ ਰਹੇਗੀ–ਕਦੇ ਕਦੇ ਆਇਆ ਕਰੇਗੀ, ਇੱਕ ਅੱਧ ਦਿਨ ਰਹੇਗੀ, ਉਦੋਂ ਫੇਰ ਕੀ ਵਿਰੋਧ ਰਹਿ ਜਾਵੇਗਾ ਇਹ ਕੁੜੀ ਦਾ ਕੁੜੀ ਨਾਲ। ਉਹ ਸੋਚਦਾ ਸਮਾਂ ਹੀ ਸਭ ਤੋਂ ਚੰਗੀ ਦਾਰੂ ਐ ਬੰਦੇ ਦੇ ਦੁੱਖਾਂ ਦੀ। ਸਮਾਂ ਸਭ ਸਿਖਾ ਦਿੰਦਾ ਹੈ।

ਹੁਣ ਜਦੋਂ ਉਹ ਨੇ ਸਾਈਕਲ ’ਤੇ ਲੱਤ ਦਿੱਤੀ, ਦੋ ਪੈਡਲ ਹੀ ਮਾਰੇ ਸਨ, ਉਹ ਨੂੰ ਘਰ ਦਾ ਕਲੇਸ਼ ਸਾਰਾ ਭੁੱਲ ਗਿਆ ਤੇ ਇੱਕ ਨਵਾਂ ਕਲੇਸ ਉਹ ਦੇ ਦਿਮਾਗ਼ ਵਿਚ ਘੁੰਮਣ ਲੱਗਿਆ। ਖਤਰਾਣੀ ਸਾਹਮਣੇ ਖੜ੍ਹੀ ਸੀ। ਢਾਕਾਂ ’ਤੇ ਹੱਥ ਰੱਖੇ ਹੋਏ ਤੇ ਜਿਵੇਂ

ਉਸੇ ਨੂੰ ਉਡੀਕ ਰਹੀ ਹੋਵੇ। ਉਹ ਜਦੋਂ ਵੀ ਹਰ ਰੋਜ਼ ਘਰੋਂ ਨਿਕਲਦਾ, ਉਹ ਸਾਹਮਣੇ ਆਪਣੇ ਬਾਰ ਦੀ ਉੱਚੀ ਚੌਕੜੀ ’ਤੇ ਖੜ੍ਹੀ ਦੀ ਖੜ੍ਹੀ। ਪਤਾ ਨਹੀਂ ਕਿਉਂ, ਉਹ ਐਨ ਉਸੇ ਵੇਲੇ ਬਾਰ ਵਿਚ ਆ ਖੜ੍ਹਦੀ ਸੀ, ਜਦੋਂ ਭਰਪੂਰ ਸਿੰਘ ਨੇ ਆਪਣੇ ਕੰਮ ’ਤੇ ਜਾਣਾ ਹੁੰਦਾ। ਜਾਂ ਕੀ ਪਤਾ ਦਰਵਾਜ਼ੇ ’ਤੇ ਹਮੇਸ਼ਾ ਹੀ ਇੰਝ ਖੜ੍ਹੇ ਰਹਿਣਾ ਉਹਦੀ ਆਦਤ ਹੋਵੇ। ਆਉਂਦੇ ਜਾਂਦੇ ਬੰਦਿਆਂ ਦਾ ਝਾਕਾ ਲੈਂਦੀ ਹੋਵੇਗੀ।

ਖੱਤਰੀ ਦੀ ਬੱਸ ਅੱਡੇ ’ਤੇ ਚਾਹ ਦੀ ਦੁਕਾਨ ਸੀ। ਸਵੇਰ ਵੇਲੇ ਡਰਾਈਵਰਾਂ-ਕੰਡਕਟਰਾਂ ਲਈ ਆਲੂਆਂ ਵਾਲੇ ਪਰੌਂਠੇ ਵੀ ਬਣਾਉਂਦਾ। ਉਹ ਨੂੰ ਅੰਨ੍ਹੀ ਆਮਦਨ ਸੀ। ਉਨ੍ਹਾਂ ਦੇ ਛੋਟੇ ਛੋਟੇ ਚਾਰ ਜੁਆਕ ਸਨ। ਇੱਕ ਮੁੰਡਾ, ਤਿੰਨ ਕੁੜੀਆਂ। ਖੱਤਰੀ ਥੰਦਾ ਥੰਦਾਰ, ਹਮੇਸ਼ਾ ਮੈਲਾ ਕੁਚੈਲਾ ਰਹਿੰਦਾ। ਉਮਰ ਵਿਚ ਤੀਵੀਂ ਨਾਲੋਂ ਸੀ ਵੀ ਵੱਡਾ। ਤੜਕੇ ਦਿਨ ਚੜ੍ਹਨ ਤੋਂ ਪਹਿਲਾਂ ਘਰੋਂ ਨਿਕਲ ਜਾਂਦਾ ਤੇ ਰਾਤ ਨੂੰ ਡੂੰਘੇ ਹਨੇਰੇ ਵਾਪਸ ਆਉਂਦਾ। ਚਾਰ ਜਵਾਕ ਜੰਮ ਕੇ ਵੀ ਖਤਰਾਣੀ ਦਾ ਨਰੜਾ ਅਜੇ ਵੀ ਕਾਇਮ ਸੀ। ਜਿਵੇਂ ਨਿਰੀ ਸੰਢ ਦੀ ਸੰਢ ਹੋਵੇ। ਢਾਕਾਂ ’ਤੇ ਹੱਥ ਧਰ ਕੇ ਇਉਂ ਖੜ੍ਹਦੀ ਜਿਵੇਂ ਪਟਿਆਲੇ ਵਾਲਾ ਕੇਸਰ ਪਹਿਲਵਾਨ ਖੜ੍ਹਾ ਹੋਵੇ। ਪਾੜ ਖਾਣ ਵਾਲੀਆਂ ਅੱਖਾਂ। ਭਰਪੁਰ ਨੂੰ ਉਹ ਦੇ ਕੋਲੋਂ ਭੈਅ ਆਉਂਦਾ।

ਜਦੋਂ ਉਹ ਉਨ੍ਹਾਂ ਦੇ ਘਰ ਬਾਰ ਦੇ ਮੂਹਰੇ ਦੀ ਲੰਘਣ ਲੱਗਦਾ। ਉਹ ਖੰਘੂਰ ਮਾਰਦੀ। ਇਹ ਖੰਘੂਰ ਭਰਪੂਰ ਦਾ ਕਾਲਜਾ ਤੱਛਕੇ ਲੈ ਜਾਂਦੀ। ਜਿਵੇਂ ਗੋਲੀ ਵੱਜੀ ਹੋਵੇ। ਉਹ ਘੁੱਟ ਵੱਟ ਕੇ ਲੰਘ ਜਾਂਦਾ। ਕੁਝ ਵੀ ਨਾ ਕਰ ਸਕਦਾ। ਕਦੇ ਕਦੇ ਉਹ ਦਾ ਜੀਅ ਕਰਦਾ ਕਿ ਉਹ ਵੀ ਮੋੜਵੀਂ ਖੰਘੂਰ ਮਾਰ ਦੇਵੇ। ਪਰ ਅਜਿਹਾ ਕਰਨ ਨਾਲ ਤਾਂ ਕੋਈ ਸਿਆਪਾ ਖੜ੍ਹਾ ਹੋ ਜਾਣ ਦਾ ਡਰ ਸੀ। ਕੀ ਦੀ ਕੀ ਗੱਲ ਬਣ ਜਾਣੀ ਸੀ। ਉਹ ਤਾਂ ਆਪਣੇ ਘਰ ਦੇ ਕਲੇਸ਼ ਕਰਕੇ ਪਹਿਲਾਂ ਹੀ ਦੁਖੀ ਸੀ।

ਖੱਤਰੀ ਕਿਸੇ ਪਿੰਡੋਂ ਏਥੇ ਆ ਕੇ ਵਸਿਆ ਸੀ। ਪਹਿਲਾਂ ਸ਼ਾਇਦ ਕਿਸੇ ਹੋਰ ਸ਼ਹਿਰ ਇਹੀ ਚਾਹ ਦੁੱਧ ਦੀ ਦੁਕਾਨ ਕਰਦਾ ਹੁੰਦਾ। ਉੱਥੇ ਉਹ ਦਾ ਧੰਦਾ ਸੰਵਾਰ ਕੇ ਚੱਲਿਆ ਨਹੀਂ ਹੋਵੇਗਾ। ਏਥੇ ਉਹ ਦੀ ਗੁੱਲੀ ਦਣ ਪੈ ਗਈ ਤਾਂ ਰਪੌੜ ਇਕੱਠੀ ਕਰ ਲਈ। ਏਥੇ ਪਲਾਟ ਲੈ ਕੇ ਨਵਾਂ ਮਕਾਨ ਵੀ ਪਾ ਲਿਆ। ਇਸ ਮਕਾਨ ਵਿਚ ਉਹ ਪਿਛਲੇ ਚਾਰ ਸਾਲਾਂ ਤੋਂ ਹੀ ਰਹਿਣ ਲੱਗਿਆ ਸੀ। ਭਰਪੂਰ ਦਾ ਮਕਾਨ ਤਾਂ ਏਥੇ ਪਿਛਲੇ ਵੀਹ ਸਾਲਾਂ ਤੋਂ ਸੀ। ਗਲੀ ਵਿਚ ਸ਼ਾਇਦ ਸਭ ਤੋਂ ਪੁਰਾਣਾ ਮਕਾਨ। ਹੁਣ ਤਾਂ ਸਾਰੀ ਗਲੀ ਵਸ ਗਈ ਹੈ। ਪਹਿਲਾਂ ਤਾਂ ਕੋਈ ਕੋਈ ਮਕਾਨ ਹੁੰਦਾ ਸੀ ਏਥੇ। ਵਣ ਵਣ ਦੀ ਲੱਕੜੀ ਇਕੱਠੀ ਹੋ ਕੇ ਬੈਠੀ ਹੋਈ ਹੈ, ਕੋਈ ਕਿਸੇ ਪਿੰਡ ਦਾ, ਕੋਈ ਕਿਸੇ ਪਿੰਡ ਦਾ। ਇੱਕ ਦੂਜੇ ਦੇ ਖਾਨਦਾਨ ਬਾਰੇ ਕੀ ਜਾਣਦਾ ਹੈ ਕੋਈ। ਬੱਸ ਏਥੇ ਆ ਕੇ ਕਿਸੇ ਘਰ ਨੇ ਦੂਜੇ ਘਰ ਬਾਰੇ ਜਾਣ ਲਿਆ ਸੋ ਜਾਣ ਲਿਆ ਤੇ ਹੁਣ ਇਸ ਖਤਰਾਣੀ ਦਾ ਕੀ ਪਤਾ ਕਿਸ ਤਰ੍ਹਾਂ ਦੀ ਹੈ ਇਹ?

ਉਹ ਕਿਉਂ ਮਾਰਦੀ ਹੈ ਇਸ ਤਰ੍ਹਾਂ ਖੰਘੂਰ? ਉਹ ਚਿੱਤ ਵਿਚ ਹੱਸਦਾ ਵੀ ਬੰਦੇ ਤਾਂ ਖੰਘੂਰਾ ਮਾਰਦੇ ਦੇਖੇ ਸੀ। ਇਹ ਕਦੇ ਨਹੀਂ ਸੁਣਿਆ ਸੀ ਕਿ ਤੀਵੀਂ ਖੰਘੂਰ ਮਾਰਦੀ ਹੋਵੇ-ਉਹ ਵੀ ਸ਼ਰ੍ਹੇਆਮ। ਉਹ ਅਨੁਮਾਨ ਲਾਉਂਦਾ, ਕਿਤੇ ਉਹਦਾ ਸੰਘ ਨਾ ਖਰਾਬ

ਹੋਵੇ। ਪਰ ਬਿਮਾਰ ਗਲ ਦੀ ਖੰਘੂਰ ਤੇ ਸ਼ਰਾਰਤੀ ਗਲ ਦੀ ਖੰਘੂਰ ਵਿਚ ਤਾਂ ਬਹੁਤ ਫ਼ਰਕ ਹੁੰਦਾ ਹੈ। ਉਹ ਨੂੰ ਪੱਕਾ ਯਕੀਨ ਸੀ ਕਿ ਉਹ ਜਾਣ ਬੁੱਝ ਕੇ ਖੰਘੂਰ ਮਾਰਦੀ ਹੈ।

ਦੋ ਕਾਰਨ ਹੋ ਸਕਦੇ ਨੇ, ਉਹ ਨਿਰਣਾ ਕਰਨ ਲੱਗਦਾ–ਜਾਂ ਤਾਂ ਉਹ ਉਹ ਦੇ ਘਰ ਦਾ ਕਲੇਸ਼ ਸੁਣ ਕੇ ਖੰਘੂਰ ਮਾਰਦੀ ਹੈ, ਇੱਕ ਤਰ੍ਹਾਂ ਨਾਲ ਉਹ ਦਾ ਮਜ਼ਾਕ ਉਡਾਉਂਦੀ ਹੋਵੇਗੀ ਜਾਂ ਫਿਰ ਖੰਘੂਰ ਮਾਰ ਕੇ ਉਹ ਨੂੰ ਆਕਰਸ਼ਿਤ ਕਰਦੀ ਹੈ, ਉਹਦੇ 'ਤੇ ਡੋਰੇ ਸੁੱਟਦੀ ਹੈ। ਉਹ ਨੂੰ ਫਸਾਉਣਾ ਚਾਹੁੰਦੀ ਹੈ। ਚਾਹੁੰਦੀ ਹੋਵੇਗੀ, ਇਹ ਦੀ ਆਪਣੀ ਤੀਵੀਂ ਨਾਲ ਤਾਂ ਬਣਦੀ ਨਹੀਂ, ਮੈਂ ਕਿਉਂ ਨਾ ਗੱਠ ਲਵਾਂ ਇਹਨੂੰ। ਖੱਤਰੀ ਤਾਂ ਸਾਰਾ ਦਿਨ ਪੈਸਾ ਕਮਾਉਣ ਵਿਚ ਖਚਿਤ ਰਹਿੰਦਾ ਹੈ। ਘਰ ਆਉਂਦਾ ਹੈ ਤਾਂ ਥੱਕਿਆ ਟੁੱਟਿਆ। ਭਿੱਜ ਕੇ ਕਦੇ ਗੱਲ ਹੀ ਨਹੀਂ ਕਰਦਾ।

ਭਰਪੂਰ ਸਿੰਘ ਘਰੋਂ ਦਸ ਕਦਮ ਵੀ ਨਹੀਂ ਗਿਆ ਹੋਵੇਗਾ ਕਿ ਮੁੜ ਆਇਆ। ਉਹ ਦੀ ਔਰਤ ਉਹ ਨੂੰ ਵਾਪਸ ਘਰ ਵੜਦਾ ਦੇਖ ਕੇ ਹੈਰਾਨ ਹੋਈ। ਉਹ ਦੀਆਂ ਅੱਖਾਂ ਨੇ ਪੁੱਛਿਆ–"ਕਿਉਂ, ਕੀ ਹੋ ਗਿਆ?"

ਭਰਪੂਰ ਸਿੰਘ ਕਹਿੰਦਾ–"ਤੂੰ ਭਲਾਂ ਘਰੋਂ ਨਿਕਲ ਕੇ ਗਲੀ ਵਿਚ ਜਾਹ। ਦੇਖੀਂ...।"

"ਕੀ ਦੇਖਾਂ?" ਉਹ ਹੋਰ ਵੀ ਹੈਰਾਨ।

"ਦੇਖੀਏ, ਤੈਨੂੰ ਵੀ ਮਾਰਦੈ ਕੋਈ...।"

"ਕੀ ਮਾਰਦੈ?"

"ਚੱਲ, ਰਹਿਣ ਦੇ।" ਉਹ ਨੇ ਮਨ ਦੀ ਗੱਲ ਮਨ ਵਿਚ ਰੱਖੀ ਤੇ ਫੇਰ ਪਾਣੀ ਦਾ ਗਲਾਸ ਮੰਗਿਆ। ਕਹਿੰਦਾ–"ਲੇਟ ਤਾਂ ਹੁਣ ਹੋਈ ਗਏ ਆਂ, ਚੱਲ ਹੋਰ ਲੇਟ ਸਹੀ।"

ਉਹ ਬੈਠਾ ਬੈਠਾ ਘਰ ਵਿਚ ਮੁੱਕੀਆਂ ਚੀਜ਼ਾਂ ਦੀ ਜਾਣਕਾਰੀ ਲੈਣ ਲੱਗਿਆ। ਫੇਰ ਕੁੱਝ ਚਿਰ ਬਾਅਦ ਉੱਠ ਕੇ ਆਪਣੇ ਦਰਵਾਜ਼ੇ ਤੋਂ ਬਾਹਰ ਗਰਦਨ ਕੱਢੀ ਤੇ ਦੇਖਿਆ, ਖਤਰਾਣੀ ਆਪਣੇ ਬਾਰ ਵਿਚ ਨਹੀਂ ਖੜ੍ਹੀ ਸੀ। ਉਹ ਦਬਾ ਸੱਟ ਆਪਣੇ ਸਾਈਕਲ ਨੂੰ ਹੱਥ ਪਾਇਆ ਤੇ ਪੈਡਲਾਂ ਨੂੰ ਅੱਡੀ ਦੇ ਕੇ ਔਹ ਗਿਆ।

ਮਲਕੀਤ ਕੌਰ ਬਹੁਤ ਹੈਰਾਨ ਕਿ ਅੱਜ ਉਹ ਦਾ ਘਰ ਵਾਲਾ ਇਹ ਪਾਗਲਪਨ ਜਿਹਾ ਕੀ ਘੋਟ ਰਿਹਾ ਹੈ। ♦

# ਨਾ ਦੱਸਣ ਵਾਲਾ ਸੁੱਖ

ਸਲੋਚਨਾ ਦੀ ਫਗਵਾੜੇ ਤੋਂ ਚਿੱਠੀ ਸੀ ਕਿ ਉਹ ਦੋ ਮਹੀਨੇ ਲਈ ਪੰਜਾਬ ਆਈ ਹੋਈ ਹੈ। ਬਾਕੀ ਤਾਂ ਸਭ ਰਿਸ਼ਤੇਦਾਰੀਆਂ ਵਿਚ ਹੋ ਆਈ, ਬੱਸ ਇੱਕ ਉਹ ਰਹਿ ਗਿਆ। ਅਗਲੇ ਬੁੱਧਵਾਰ ਉਹ ਰਾਮ ਨਗਰ ਹੋਵੇਗੀ। ਉਸੇ ਦਿਨ ਉਹਨੇ ਰਾਤ ਦੀ ਟਰੇਨ ਦਿੱਲੀ ਜਾਣਾ ਹੈ। ਅਗਲੇ ਦਿਨ ਦਿੱਲੀਓਂ ਹੀ ਫੇਰ ਉਹ ਦੀ ਫਲਾਈਟ ਹੈ। ਰਾਮ ਨਗਰ ਤੋਂ ਦਿੱਲੀ ਤੱਕ ਟਰੇਨ ਵਿਚ ਉਹ ਇਕੱਲੀ ਹੋਵੇਗੀ। ਲਿਖਿਆ ਸੀ ਕਿ ਉਹ ਬੁੱਧਵਾਰ ਦੀ ਸ਼ਾਮ ਅੱਠ ਵਜੇ ਤੱਕ ਜ਼ਰੂਰ ਹੀ ਰਾਮ ਨਗਰ ਦੇ ਰੇਲਵੇ ਸਟਸ਼ਨ ’ਤੇ ਪਹੁੰਚ ਜਾਵੇ ਦਿੱਲੀ ਤੱਕ ਉਹ ਇਕੱਠੇ ਸਫ਼ਰ ਕਰਨਗੇ।

ਸਲੋਚਨਾ, ਕਿੰਨਾ ਪਿਆਰਾ ਨਾਉਂ ਹੈ। ਇਹ ਖ਼ੁਦ ਵੀ ਕਿੰਨੀ ਪਿਆਰੀ ਸੀ। ਉਹ ਉਹ ਨੂੰ ਦਿਲੋਂ ਚਾਹੁੰਦਾ ਸੀ। ਪਟਿਆਲੇ ਬੀ. ਐੱਡ. ਵਿਚ ਇਕੱਠੇ ਪੜ੍ਹੇ ਸਨ। ਥੋੜ੍ਹੇ ਦਿਨਾਂ ਵਿਚ ਹੀ ਉਹ ਕਿੰਨੇ ਘੁਲ ਮਿਲ ਗਏ ਸਨ। ਉਹ ਚਾਹੁੰਦਾ ਸੀ, ਸਲੋਚਨਾ ਨਾਲ ਵਿਆਹ ਕਰਵਾ ਲਵੇ। ਉਨ੍ਹਾਂ ਦੀ ਜ਼ਿੰਦਗੀ ਕਿੰਨੀ ਖੁਸ਼ਗਵਾਰ ਬਣ ਜਾਵੇਗੀ।

ਪਰ ਕਹਿਰ ਰੱਬ ਦਾ, ਕਨੇਡਾ ਤੋਂ ਇੱਕ ਮੁੰਡਾ ਏਧਰ ਆਇਆ ਸਲੋਚਨਾ ਨੂੰ ਪਸੰਦ ਕਰਕੇ ਲੈ ਗਿਆ। ਉਹ ਦੀ ਵੱਡੀ ਭੈਣ ਦੇ ਸਹੁਰਿਆਂ ਵਿਚੋਂ ਸੀ, ਉਹ ਮੁੰਡਾ। ਉਸ ਨੇ ਬੀ. ਐੱਡ. ਫੇਰ ਕਰਨੀ ਸੀ, ਵਿਚੇ ਗਈ। ਜਗਦੇਵ ਦੀ ਹਸਰਤ ਦਿਲ ਵਿਚ ਰਹਿ ਗਈ। ਮੌਕੇ ਦੇ ਮੌਕੇ ਵਿਆਹ ਦੀ ਗੱਲ ਕੀ ਤੋਰਦਾ ਤੇ ਫੇਰ ਉਹ ਦੇ ਲਈ ਕਨੇਡਾ ਦੀ ਖਿੱਚ ਵੱਖਰੀ ਗੱਲ ਸੀ। ਪਰ ਆਖ਼ਰੀ ਦਿਨ ਜਾਣ ਵੇਲੇ ਉਹ ਕਹਿ ਕੇ ਗਈ ਸੀ–“ਮੈਂ ਤੈਨੂੰ ਚਿੱਠੀਆਂ ਲਿਖਿਆ ਕਰੂੰਗੀ। ਮੌਕਾ ਲੱਗੇ ਤੋਂ ਫੇਰ ਵੀ ਮਿਲਦੇ ਰਹਾਂਗੇ।”

ਫਗਵਾੜੇ ਉਹ ਦੇ ਸੱਸ ਸਹੁਰਾ ਰਹਿੰਦੇ ਸਨ। ਹੁਣ ਦੋ ਮਹੀਨੇ ਉਹ ਦਾ ਪੱਕਾ ਅੱਡਾ ਉੱਥੇ ਹੀ ਸੀ। ਦਸ ਬਾਰਾਂ ਸਾਲਾਂ ਬਾਅਦ ਆਈ ਸੀ। ਉਹ ਦੇ ਦੋ ਬੱਚੇ ਵੀ ਸਨ, ਜਿਨ੍ਹਾਂ ਨੂੰ ਇਸ ਵਾਰ ਉਹ ਨਾਲ ਨਹੀਂ ਸੀ ਲਿਆਈ। ਕਾਫ਼ੀ ਉਡਾਰ ਹੋਣਗੇ, ਏਸੇ ਕਰਕੇ ਉਹ ਓਧਰ ਮਾਂ ਬਗੈਰ ਆਪਣੇ ਬਾਪ ਕੋਲ ਰਹਿ ਪਏ ਸਨ।

ਵਿਆਹ ਤੋਂ ਬਾਅਦ ਉਹ ਪਹਿਲਾਂ ਵੀ ਪੰਜ ਪੰਜ ਸਾਲਾਂ ਪਿੱਛੋਂ ਦੋ ਵਾਰ ਪੰਜਾਬ ਆ ਚੁੱਕੀ ਸੀ, ਪਰ ਪਤਾ ਨਹੀਂ ਉਹ ਨੇ ਉਦੋਂ ਕਿਉਂ ਨਾ ਜਗਦੇਵ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਉਹ ਨੂੰ ਆਪ ਵੀ ਉਹ ਦੇ ਏਧਰ ਆਉਣ ਦਾ ਕੋਈ ਪਤਾ ਨਹੀਂ ਲੱਗਿਆ ਸੀ, ਨਹੀਂ ਤਾਂ ਉਹ ਖ਼ੁਦ ਜਾ ਕੇ ਉਹ ਨੂੰ ਮਿਲਣ ਆਉਂਦਾ–ਭਾਵੇਂ ਉਹ ਕਿਤੇ ਵੀ ਹੁੰਦੀ।

ਪਟਿਆਲੇ ਉਹ ਨੇ ਕਿਹਾ ਸੀ ਕਿ ਉਹ ਚਿੱਠੀਆਂ ਲਿਖਿਆ ਕਰੇਗੀ। ਪਰ ਕਨੇਡਾ ਜਾ ਕੇ ਉਹ ਨੇ ਇੱਕ ਚਿੱਠੀ ਲਿਖੀ। ਫੇਰ ਦੋ ਚਿੱਠੀਆਂ ਹੋਰ। ਜਦੋਂ ਉਹ ਪੰਜਾਬ ਆ ਕੇ ਮੁੜਦੀ ਤਾਂ ਉੱਧਰੋਂ ਚਿੱਠੀ ਲਿਖਦੀ। ਮਾਫ਼ੀ ਮੰਗਦੀ ਕਿ ਇਸ ਵਾਰ ਮਿਲਿਆ ਨਹੀਂ ਗਿਆ। ਅਗਲੀ ਵਾਰ ਅਜਿਹਾ ਨਹੀਂ ਹੋਵੇਗਾ ਤੇ ਹੁਣ ਉਹ ਦੀ ਇਹ ਚੌਥੀ ਚਿੱਠੀ ਸੀ–ਫਗਵਾੜੇ ਤੋਂ ਲਿਖੀ ਹੋਈ।

ਸਲੋਚਨਾ ਦੀ ਚਿੱਠੀ ਨੇ ਜਗਦੇਵ ਦੇ ਅੰਗ ਅੰਗ ਵਿਚ ਜਿਵੇਂ ਕੋਈ ਬਿਜਲੀ ਤਰੰਗਾ ਛੇੜ ਦਿੱਤੀਆਂ ਹੋਣ। ਉਸ ਪ੍ਰਤੀ ਸਭ ਸ਼ਿਕਵੇ ਸ਼ਿਕਾਇਤਾਂ ਕਾਫ਼ੂਰ ਹੋ ਗਏ। ਉਹ ਉਹ ਨੂੰ ਮਿਲਣ ਲਈ ਕਾਹਲਾ ਪੈ ਗਿਆ। ਉਸੇ ਵਕਤ ਸਫ਼ਰ ਦੀਆਂ ਤਿਆਰੀਆਂ ਕਰ ਦਿੱਤੀਆਂ। ਰਾਮ ਨਗਰ ਤੋਂ ਦਿੱਲੀ ਤੱਕ ਰੇਲ ਗੱਡੀ ਦਾ ਸਫ਼ਰ ਘੱਟੋ ਘੱਟ ਛੇ ਘੰਟੇ ਦਾ ਹੋਵੇਗਾ। ਛੇ ਘੰਟਿਆਂ ਵਿਚ ਉਹ ਜਹਾਨ ਭਰ ਦੀਆਂ ਗੱਲਾਂ ਕਰ ਲੈਣਗੇ। ਜਨਮਾਂ ਜਨਮਾਂ ਦੀ ਭੁੱਖ ਲਹਿ ਜਾਵੇਗੀ। ਸਲੋਚਨਾ ਅਦਬੀ ਮਿਜਾਜ਼ ਦੀ ਕੁੜੀ ਹੈ। ਉਹ ਦੇ ਨਾਲ ਇੱਕ ਥਾਂ ਨਿਸ਼ਚਤ ਬੈਠ ਕੇ ਗੱਲਾਂ ਕਰੀਏ ਤਾਂ ਲੱਗਦਾ, ਜਿਵੇਂ ਕੋਈ ਬਹੁਤ ਵੱਡੀ ਕਿਤਾਬ ਪੜ੍ਹ ਲਈ ਹੋਵੇ।

ਜਦੋਂ ਉਹ ਪਟਿਆਲੇ ਸਨ, ਉਹ ਦੀ ਉਮਰ ਸਿਰਫ਼ ਚੌਵੀ ਸਾਲ ਦੀ ਸੀ ਤੇ ਜਗਦੇਵ ਆਪ ਬੱਤੀ ਵਰ੍ਹਿਆਂ ਦਾ, ਪਰ ਉਨ੍ਹਾਂ ਨੇ ਕਦੇ ਇੱਕ ਦੂਜੇ ਨੂੰ ਉਮਰ ਨਹੀਂ ਸੀ ਪੁੱਛੀ। ਦੇਖਣ ਵਿਚ ਇੱਕੋ ਜਿਹੇ ਲੱਗਦੇ। ਮੁੰਡੇ ਕੁੜੀ ਦਾ ਅੱਠ ਸਾਲ ਦਾ ਫ਼ਰਕ ਕੋਈ ਖ਼ਾਸ ਫ਼ਰਕ ਨਹੀਂ ਹੁੰਦਾ।

ਉਨ੍ਹਾਂ ਗੱਲਾਂ ਨੂੰ ਵੀਹ ਬਾਈ ਸਾਲ ਗੁਜ਼ਰ ਗਏ। ਹੁਣ ਤਾਂ ਉਹ ਦੀ ਦਾੜ੍ਹੀ ਅੱਧੀ ਚਿੱਟੀ ਹੋਈ ਪਈ ਸੀ। ਦਾੜ੍ਹੀ ਨੂੰ ਉਹ ਕਲਰ ਕਰਕੇ ਰੱਖਦਾ। ਉਹ ਦੇ ਚਿਹਰੇ ’ਤੇ ਐਨੀਆਂ ਝੁਰੜੀਆਂ ਨਹੀਂ ਸਨ ਕਿ ਉਹ ਬੁੱਢਾ ਲੱਗਦਾ। ਉਹ ਦੀ ਆਪਣੀ ਔਰਤ ਉਸ ਤੋਂ ਤਿੰਨ ਕੁ ਵਰ੍ਹੇ ਛੋਟੀ ਸੀ, ਪਰ ਉਹ ਤਾਂ ਜਮ੍ਹਾਂ ਬੁੜ੍ਹੀ ਲੱਗਦੀ। ਜਗਦੇਵ ਸਿੰਘ ਦੇ ਚਾਰ ਬੱਚੇ ਸਨ, ਫੇਰ ਵੀ ਉਹ ਦੇ ਅੰਦਰ ਸਦਾ ਜਵਾਨ ਰਹਿਣ ਦੀ ਇੱਕ ਲਿੱਲ੍ਹ ਲੱਗੀ ਰਹਿੰਦੀ। ਇਸ ਅਹਿਸਾਸ ਵਿਚ ਆਪਣਾ ਹੀ ਇੱਕ ਸੁਆਦ ਸੀ, ਆਪਣੀ ਕਿਸਮ ਦਾ ਨਿਰਾਲਾ ਸੁੱਖ। ਜੇ ਕਦੇ ਉਹ ਨੂੰ ਕੋਈ ਬਾਬਾ ਕਹਿ ਦਿੰਦਾ ਤਾਂ ਉਹ ਨੂੰ ਗੋਲੀ ਲੱਗਦੀ। ਉਹ ਮੱਚ ਕੇ ਰਹਿ ਜਾਂਦਾ। ਉਹ ਦਾ ਜੀਅ ਕਰਦਾ, ਉਹ ਅਗਲੇ ਦਾ ਮੂੰਹ ਨੋਚ ਲਵੇ।

ਜਗਦੇਵ ਸਿੰਘ ਨੇ ਸਕੂਲੋਂ ਦੋ ਦਿਨਾਂ ਦੀ ਛੁੱਟੀ ਲੈ ਲਈ। ਇੱਕ ਦਿਨ ਪੂਰਾ ਤਾਂ ਦਿੱਲੀ ਨਿਕਲ ਜਾਣਾ ਸੀ। ਦੂਜੇ ਦਿਨ ਸ਼ਾਮ ਤੱਕ ਕਿਤੇ ਜਾ ਕੇ ਉਹਨੇ ਵਾਪਸ ਆਪਣੇ ਸ਼ਹਿਰ ਪਰਤਾਪਗੜ੍ਹ ਮੁੜਨਾ ਸੀ। ਦਾੜ੍ਹੀ ਨੂੰ ਐਤਵਾਰ ਦਾ ਕਲਰ ਕੀਤਾ ਹੋਇਆ ਸੀ। ਸੋਮਵਾਰ ਉਹਨੇ ਕਈ ਵਾਰ ਸ਼ੀਸ਼ਾ ਦੇਖਿਆ, ਇੱਕ ਵੀ ਚਿੱਟਾ ਵਾਲ ਨਜ਼ਰ ਨਹੀਂ ਸੀ ਆਉਂਦਾ। ਮੰਗਲਵਾਰ ਵੀ ਦਾੜ੍ਹੀ ਦੀ ਕਲੱਤਣ ਉਵੇਂ ਦੀ ਉਵੇਂ ਕਾਇਮ ਸੀ। ਬੁੱਧਵਾਰ ਜਦੋਂ ਉਹਨੇ ਰਾਮਨਗਰ ਜਾਣ ਲਈ ਘਰੋਂ ਤੁਰਨਾ ਸੀ ਤਾਂ ਸ਼ੀਸ਼ਾ ਦੇਖ ਕੇ ਮਹਿਸੂਸ ਹੋਇਆ, ਜਿਵੇਂ ਵਾਲਾਂ ਦੀਆਂ ਜੜ੍ਹਾਂ ਕਿਤੋਂ ਕਿਤੋਂ ਚਿੱਟੀਆਂ ਨਿਕਲ ਆਈਆਂ ਹੋਣ। ਉਹ ਪਛਤਾਇਆ, ਕਿਉਂ ਨਾ ਕੱਲ੍ਹ ਸ਼ਾਮ ਉਹ ਨੇ ਦਾੜ੍ਹੀ ਦੁਬਾਰਾ ਕਲਰ ਕਰ ਲਈ। ਅੱਜ ਚੌਥੇ ਦਿਨ ਦੀ ਦਾੜ੍ਹੀ ਤਾਂ ਬੁੱਢਾ ਹੋਣ ਦੀ ਚੁਗਲੀ ਖਾਂਦੀ ਲੱਗਦੀ ਹੈ। ਸਲੋਚਨਾ

ਉਹ ਦੇ ਚਿਹਰੇ ਵੱਲ ਝਾਕੇਗੀ ਤਾਂ ਕੀ ਪਤਾ ਕੀ ਪ੍ਰਭਾਵ ਪਵੇਗਾ ਉਹ ਦੇ ’ਤੇ। ਕਹੇਗੀ– “ਤੂੰ ਤਾਂ ਦਿਨਾਂ ਵਿਚ ਹੀ ਬੁੜ੍ਹਾ ਹੋ ਗਿਐਂ। ਕੀ ਹੋਇਆ ਤੈਨੂੰ? ਖ਼ੈਰ...ਉਹ ਨੇ ਆਪਣਾ ਬਰੀਫ਼ ਕੇਸ ਚੁੱਕਿਆ ਤੇ ਬੱਸ ਅੱਡੇ ਨੂੰ ਚੱਲ ਪਿਆ। ਘਰ ਵਾਲੀ ਕੋਲ ਕੋਈ ਬਹਾਨਾ ਲਾਇਆ ਸੀ ਕਿ ਰਾਮਨਗਰ ਉਹ ਦੇ ਦੋਸਤ ਦੀ ਲੜਕੀ ਦਾ ਵਿਆਹ ਹੈ। ਉਹ ਪਰਸੋਂ ਸ਼ਾਮ ਤੱਕ ਵਾਪਸ ਆ ਜਾਵੇਗਾ॥

ਗਰਮੀਆਂ ਦੇ ਦਿਨ ਸਨ। ਦੁਪਹਿਰ ਢਲ ਚੁੱਕੀ ਸੀ। ਪਰਤਾਪਗੜ੍ਹ ਦੇ ਬੱਸ ਅੱਡੇ ’ਤੇ ਬਹੁਤੀ ਭੀੜ ਨਹੀਂ ਸੀ। ਉਹ ਰਾਮ ਨਗਰ ਵਾਲੀ ਬੱਸ ਵਿਚ ਜਾ ਬੈਠਾ। ਉਹ ਦੀਆਂ ਅੱਖਾਂ ਵਿਚ ਕੋਈ ਹਲਕਾ ਹਲਕਾ ਨਸ਼ਾ ਉਤਰਿਆ ਹੋਇਆ ਸੀ।

ਪਰਤਾਪਗੜ੍ਹ ਤੋਂ ਅਗਲਾ ਅੱਡਾ ਦਾਨਪੁਰ ਕੈਂਚੀਆਂ ਦਾ ਸੀ। ਏਧਰ ਉੱਧਰ ਬੱਸਾਂ ਬਦਲਣ ਵਾਲੀਆਂ ਸਵਾਰੀਆਂ ਖੜ੍ਹੀਆਂ ਹੀ ਰਹਿੰਦੀਆਂ। ਏਥੇ ਉਨ੍ਹਾਂ ਬੱਸ ਵਿਚੋਂ ਦੋ ਚਾਰ ਸਵਾਰੀਆਂ ਹੀ ਉਤਰੀਆਂ, ਜਦੋਂ ਕਿ ਚੜ੍ਹਨ ਵਾਲੇ ਦਸ ਬਾਰਾਂ ਸਨ। ਉਹ ਦੋ ਬੰਦਿਆਂ ਵਾਲੀ ਸੀਟ ’ਤੇ ਬੈਠਾ ਹੋਇਆ ਸੀ। ਉਹ ਦੇ ਨਾਲ ਦੂਜੀ ਸੀਟ ਖ਼ਾਲੀ ਪਈ ਸੀ। ਇਸ ਕਰਕੇ ਉਹ ਖੁੱਲ੍ਹਾ ਜਿਹਾ ਹੋ ਕੇ ਬੈਠਾ ਸੀ। ਇੱਕ ਔਰਤ ਚੜ੍ਹੀ, ਹੱਥ ਵਿਚ ਥੈਲਾ, ਘੁੱਟ ਕੱਢਿਆ ਹੋਇਆ, ਕਹਿੰਦੀ–“ਦੇਖੀਂ ਬਾਬਾ, ਹੋਈਂ ਪਰ੍ਹੇ।”

ਉਹਦਾ ਬੋਲ ਸੁਣ ਕੇ ਜਗਦੇਵ ਇਕਦਮ ਝੂਠਾ ਪੈ ਗਿਆ। ਜਿਵੇਂ ਉਹ ਦੀ ਦੇਹ ਵਿਚ ਉੱਕਾ ਹੀ ਜਾਨ ਨਾ ਰਹੀ ਹੋਵੇ, ਪਰ ਅਗਲੇ ਬਿੰਦ ਉਹ ਨੇ ਹੁਸ਼ਿਆਰੀ ਫੜ ਲਈ, ਉਹ ਦਾ ਜੀਅ ਕੀਤਾ ਕਿ ਉਹ ਉਸ ਤੀਵੀਂ ਦੇ ਗਲ ਵਿਚ ਹੱਥ ਪਾ ਕੇ ਉਹ ਨੂੰ ਸੀਟ ਤੋਂ ਥੱਲੇ ਪਟਕਾ ਮਾਰੇ। ਉਹ ਕੈੜੀਆਂ ਅੱਖਾਂ ਨਾਲ ਉਸ ਔਰਤ ਵੱਲ ਝਾਕਣ ਲੱਗਿਆ। ਪੁੱਛਣਾ ਚਾਹੁੰਦਾ ਸੀ–“ਕਿਉਂ ਭਾਈ, ਕੀ ਦੇਖਿਆ ਤੂੰ ਮੇਰੇ ’ਚ ਬਾਬੇ ਆਲਾ?” ਪਰ ਉਹ ਘੁੱਟ ਹੀ ਵੱਟ ਗਿਆ। ਔਰਤ ਨੇ ਮੂੰਹ ਉੱਤੋਂ ਪੱਲਾ ਢਿੱਲਾ ਕਰ ਦਿੱਤਾ ਸੀ। ਅਗਲੀ ਸੀਟ ਦੇ ਡੰਡੇ ’ਤੇ ਰੱਖੇ ਉਹ ਦੇ ਇੱਕ ਹੱਥ ਤੇ ਉਹ ਦੇ ਅੱਧ ਨੰਗੇ ਚਿਹਰੇ ਤੋਂ ਪਤਾ ਲੱਗਦਾ ਸੀ, ਜਿਵੇਂ ਉਹ ਅੱਧਖੜ ਉਮਰ ਦੀ ਹੋਵੇ। ਉਹ ਦੇ ਸਿਰ ਦੇ ਵਾਲ ਖਿਚੜੀ ਸੀ। ਉਹ ਨੇ ਬਾਬਾ ਕਹਿ ਕੇ ਜਗਦੇਵ ਸਿੰਘ ਦੀ ਜਮ੍ਹਾਂ ਹੀ ਪੱਟੀ ਮੇਸ ਕਰ ਦਿੱਤੀ ਸੀ। ਹਾਲੇ ਤੱਕ ਉਹ ਉਸ ਔਰਤ ਵੱਲ ਹੀ ਦੇਖੀ ਜਾ ਰਿਹਾ ਸੀ। ਜਿਵੇਂ ਬੱਸ ਵਿਚ ਉਹੀ ਇੱਕ ਹੋਵੇ। ਬਾਕੀ ਸਵਾਰੀਆਂ ਜਗਦੇਵ ਸਿੰਘ ਲਈ ਗ਼ੈਰ ਹਾਜ਼ਰ ਸਨ।

ਦਾਨਪੁਰ ਕੈਂਚੀਆਂ ਤੋਂ ਤੀਜਾ ਅੱਡਾ ਘੁੰਮਣ ਸੀ। ਘੁੰਮਣ ਉਹ ਦਾ ਆਪਣਾ ਪਿੰਡ ਸੀ। ਉਹ ਨੂੰ ਪਿੰਡ ਛੱਡੇ ਨੂੰ ਪੰਦਰਾਂ ਸੋਲਾਂ ਸਾਲ ਹੋ ਚੁੱਕੇ ਸਨ। ਉੱਥੇ ਉਨ੍ਹਾਂ ਦੀ ਜ਼ਮੀਨ ਸੀ। ਡੇਰਾ ਸੀ। ਉਹ ਸਾਧ ਸਨ। ਡੇਰੇ ਵਿਚ ਠਾਕਰਾਂ ਦੀ ਪੂਜਾ ਕਰਦੇ। ਜਨਮ ਅਸ਼ਟਮੀ ਵਾਲੇ ਦਿਨ ਮਾਲ੍ਹ ਪੂੜੇ ਪਕਾਉਂਦੇ। ਉਸ ਦਿਨ ਜਿਹੜਾ ਠਾਕਰਾਂ ਨੂੰ ਮੱਥਾ ਟੇਕਣ ਜਾਂਦਾ ਤੇ ਚੜ੍ਹਾਵਾ ਚੜ੍ਹਾਉਂਦਾ, ਉਹ ਨੂੰ ਮਾਲ੍ਹ ਪੂੜਿਆਂ ਦਾ ਪ੍ਰਸ਼ਾਦ ਦਿੰਦੇ। ਪਿੰਡ ਉਨ੍ਹਾਂ ਨੂੰ ਪੂਜਦਾ ਸੀ। ਉਨ੍ਹਾਂ ਦੇ ਡੇਰੇ ਦਾ ਬੱਚਾ ਜੰਮਦੇ ਹੀ ਬਾਬਾ ਕਹਾਉਣ ਲੱਗਦਾ। ਚਾਲੀ ਚਾਲੀ, ਪੰਜਾਹ ਪੰਜਾਹ ਵਰ੍ਹਿਆਂ ਦੇ ਮਰਦ ਔਰਤਾਂ ਉਹ ਨੂੰ ਦਸ ਵਰ੍ਹਿਆਂ ਦੇ ਮੁੰਡੇ ਨੂੰ ਵੀ ਬਾਬਾ ਆਖਦੇ। ਬੱਸ ਉਹ ਆਪਣੀ ਮਾਂ ਦਾ ਹੀ ਜਗਦੇਵ ਸੀ ਜਾਂ ਹਾਣੀ ਮੁੰਡਿਆਂ ਵਿਚ ਦੇਬਾ, ਬਾਕੀ ਸਾਰੇ ‘ਬਾਬਾ।’ ਸਕੂਲ ਪੜ੍ਹਨ ਭੇਜਿਆ, ਉਹ ਪਤਾ ਨਹੀਂ ਕਿਵੇਂ ਜਗਦੇਵ

ਦਾਸ ਤੋਂ ਜਗਦੇਵ ਸਿੰਘ ਬਣ ਗਿਆ। ਅਜਿਹਾ ਮਾਸਟਰ ਨੇ ਕਰ ਦਿੱਤਾ ਹੋਵੇਗਾ। ਬਚਪਨ ਵਿਚ ਉਹ ਦੇ ਸਿਰ ਦੇ ਵਾਲਾਂ ਦਾ ਜੂੜਾ ਕੀਤਾ ਹੁੰਦਾ ਤੇ ਉਹ ਪੋਚਵੀਂ ਚੁੰਝਦਾਰ ਪੱਗ ਬੰਨ੍ਹਦਾ ਬਾਦਾਮੀ ਰੰਗ ਦੀ ਚਿੱਟਾ ਕੁੜਤਾ ਪਜਾਮਾ ਪਾ ਕੇ ਸਕੂਲ ਜਾਂਦਾ। ਉਹ ਤਾਂ ਬਸਤਾ ਫੱਟੀ ਢਾਕ ਲਾ ਕੇ ਤੁਰਿਆ ਜਾਂਦਾ ਸੋਹਣਾ ਹੀ ਬੜਾ ਲੱਗਦਾ, ਗੋਲ ਮਟੋਲ ਜਿਹਾ।

ਦਾਨਪੁਰ ਕੈਂਚੀਆਂ ਤੋਂ ਅਗਲਾ ਅੱਡਾ ਆ ਚੁੱਕਿਆ ਸੀ ਤੇ ਉਹ ਔਰਤ ਏਥੇ ਉਤਰੀ ਨਹੀ ਸੀ। ਜਗਦੇਵ ਸਿੰਘ ਨੇ ਉਹ ਨੂੰ ਕੁਝ ਨਹੀਂ ਪੁੱਛਿਆ। ਪਤਾ ਨਹੀਂ, ਉਹ ਨੇ ਕਿੱਥੇ ਉਤਰਨਾ ਸੀ ਤੇ ਉਹ ਕਿਹੜੇ ਪਿੰਡ ਦੀ ਸੀ। ਬੜੀ ਜ਼ਾਲਮ ਔਰਤ ਸੀ। ਬਾਬਾ ਕਹਿ ਕੇ ਉਹ ਨੇ ਉਹਦਾ ਸਲੋਚਨਾ ਨੂੰ ਮਿਲਣ ਦਾ ਸਾਰਾ ਚਾਅ ਮੱਠਾ ਪਾ ਦਿੱਤਾ ਸੀ।

ਜਗਦੇਵ ਸਿੰਘ ਨੇ ਦਿਮਾਗ 'ਤੇ ਜ਼ੋਰ ਪਾਇਆ, ਉਹਦੇ ਬਾਬਾ ਕਹਿਣ ਦੇ ਦੋ ਕਾਰਨ ਹੋ ਸਕਦੇ ਹਨ। ਇੱਕ ਤਾਂ ਇਹ ਕਿ ਉਹ ਵਾਕਿਆ ਹੀ ਬਾਬਾ ਹੋ ਗਿਆ ਹੈ। ਉਹ ਦੀ ਦਾੜ੍ਹੀ ਦੇ ਚਿੱਟੇ ਕਰਚੇ ਤੇ ਅੱਖਾਂ ਥੱਲੇ ਬੜੇ ਗੂਹੜੇ ਤਾਂਬਈ ਗੋਲ ਘੇਰੇ ਉਹ ਨੂੰ ਦਿੱਸ ਗਏ ਹੋਣਗੇ। ਜਾਂ ਫੇਰ ਉਹ ਘੁੰਮਣ ਦੀ ਹੀ ਹੈ ਤੇ ਉਹਨੂੰ ਜਾਣਦੀ ਹੈ। ਉਹ ਨਹੀਂ ਜਾਣਦਾ ਉਹ ਨੂੰ। ਘੁੰਮਣ ਵਿਚ ਤਾਂ ਉਹ ਹਰ ਮਰਦ ਔਰਤ ਦਾ ਬਾਬਾ ਹੈ। ਉਹ ਦੇ ਮਾਂ ਬਾਪ ਜੀਉਂਦੇ ਹਨ। ਉਹ ਦੇ ਦੋ ਭਰਾਂ ਉੱਥੇ ਹੀ ਹਨ ਤੇ ਖੇਤੀ ਦਾ ਕੰਮ ਕਰਦੇ ਹਨ। ਅਗਾਂਹ ਭਤੀਜੇ ਭਤੀਜੀਆਂ ਹਨ। ਸਾਰਾ ਪਰਿਵਾਰ ਹੈ। ਉਹ ਇਕੱਲਾ ਹੀ ਸ਼ਹਿਰ ਜਾ ਵਸਿਆ ਹੈ। ਹੁਣ ਜਦੋਂ ਕਦੇ ਉਹ ਪਿੰਡ ਜਾਂਦਾ ਹੈ, ਸਾਲ ਬਾਅਦ ਜਾਵੇ ਜਾਂ ਛੇ ਮਹੀਨਿਆਂ ਪਿੱਛੋਂ ਸਭ ਉਹਨੂੰ ਬਾਬਾ ਕਹਿੰਦੇ ਹਨ ਤੇ ਮਹਾਰਾਜ ਬੁਲਾਉਂਦੇ ਹਨ। ਆਪਣੇ ਪਿੰਡ ਬਾਬਾ ਅਖਵਾਉਣ ਨਾਲ ਉਹਨੂੰ ਕੋਈ ਖਿੱਝ ਨਹੀਂ ਚੜ੍ਹਦੀ।

ਉਹਦਾ ਜੀਅ ਕੀਤਾ ਕਿ ਉਹ ਉਸ ਔਰਤ ਨੂੰ ਪੁੱਛ ਲਵੇ-ਉਹ ਕਿੱਥੋਂ ਦੀ ਹੈ। ਉਹ ਨੇ ਸੋਚਿਆ ਕਿ ਉਹ ਜੇ ਘੁੰਮਣ ਦੀ ਹੋਈ ਤਾਂ ਬੁਰਾ ਮਨਾਏਗੀ। ਆਖੇਗੀ-"ਲੈ ਸ਼ਹਿਰ ਜਾ ਕੇ ਹੁਣ ਪਿੰਡ ਨੂੰ ਈ ਭੁੱਲ ਗਿਆ।" ਉਹ ਨੇ ਕੁਝ ਨਹੀਂ ਪੁੱਛਿਆ। ਹੁਣ ਉਹ ਸਹਿਜ ਮਤੇ ਨਾਲ ਉਸ ਔਰਤ ਵੱਲ ਝਾਕ ਰਿਹਾ ਸੀ। ਉਸ ਔਰਤ ਵਿਚੋਂ ਉਹ ਨੂੰ ਦੋ ਔਰਤਾਂ ਦਿੱਸਣ ਲੱਗੀਆਂ। ਇੱਕ ਔਰਤ-ਘੁੰਮਣ ਦੀ, ਬੜੀ ਸਾਊ। ਇੱਕ ਔਰਤ-ਕਿਤੋਂ ਦੀ ਵੀ, ਬੜੀ ਜ਼ਾਲਮ, ਬਾਬਾ ਕਹਿਕੇ ਉਹ ਦਾ ਛੱਡਿਆ ਹੀ ਕੱਖ ਨਹੀਂ।

ਅਗਲਾ ਅੱਡਾ ਹੁਣ ਘੁੰਮਣ ਦਾ ਆਉਣਾ ਸੀ। ਉਹ ਦੜ ਵੱਟ ਕੇ ਬੈਠਾ ਰਿਹਾ। ਉਹ ਦੀ ਹੈਸੀਅਤ ਦਾ ਹੁਣ ਫ਼ੈਸਲਾ ਹੋਣ ਵਾਲਾ ਸੀ। ਜੇ ਤਾਂ ਇਹ ਔਰਤ ਘੁੰਮਣ ਉਤਰ ਗਈ, ਫੇਰ ਤਾਂ ਕੋਈ ਗੱਲ ਨਹੀਂ, ਜੇ ਬੈਠੀ ਰਹੀ ਤਾਂ ਉਹ ਮਾਰਿਆ ਜਾਵੇਗਾ।

ਘੁੰਮਣ ਨੇੜੇ ਆਇਆ ਤਾਂ ਉਸ ਔਰਤ ਨੇ ਆਪਣਾ ਘੁੰਡ ਸੰਵਾਰ ਕੇ ਕੱਢ ਲਿਆ। ਖੜ੍ਹੀ ਹੋਈ ਤੇ ਆਪਣੀ ਕੁੜਤੀ ਸਲਵਾਰ ਦੇ ਵਲ ਕੱਢੇ। ਬੱਸ ਰੁਕੀ ਤੇ ਉਹ ਥੱਲੇ ਉੱਤਰ ਗਈ।

ਜਗਦੇਵ ਸਿੰਘ ਦੇ ਕੱਖ ਰਹਿ ਗਏ। ਹੁਣ ਉਹ ਇੱਕ ਨਾ ਦੱਸਣ ਵਾਲੇ ਸੁੱਖ ਦਾ ਅਹਿਸਾਸ ਮਾਣ ਰਿਹਾ ਸੀ। ਉਹ ਨੂੰ ਰਾਮਨਗਰ ਜਾਣਾ ਸਾਰਥਕ ਲੱਗਿਆ। ♦

# ਜਾਇਦਾਦ

ਉਸ ਦਿਨ ਤੀਜਾ ਸ਼ਰਾਧ ਸੀ, ਗੱਜਣ ਸਿੰਘ ਦੇ ਬਾਪ ਦਾ ਸ਼ਰਾਧ। ਤੜਕੇ ਸਦੇਹਾਂ ਹੀ ਬੁੱਧ ਰਾਮ ਨੇ ਚਾਹ ਪੀਤੀ ਤੇ ਡਾਂਗ ਫੜ ਕੇ ਸੱਥ ਵਿਚ ਹਥਾਈ ਦੇ ਖੁੰਢ 'ਤੇ ਜਾ ਬੈਠਾ। ਉਹ ਖੰਘੂਰਾ ਮਾਰਦਾ, ਥੁੱਕਦਾ ਤੇ ਮੁੱਛਾਂ ਨੂੰ ਤਾਓ ਦਿੰਦਾ, ਇਸ ਤਰ੍ਹਾਂ ਦੀ ਉਡੀਕ ਵਿਚ ਬੈਠਾ ਸੀ, ਜਿਵੇਂ ਹੁਣੇ ਕੋਈ ਬਿੱਲੀ ਜਾਂ ਕੁੱਤਾ ਏਥੋਂ ਦੀ ਲੰਘੇਗਾ ਤੇ ਉਹ ਉਹ ਦਾ ਸਿਰ ਚਿੱਪ ਦੇਵੇਗਾ।

ਮੋਘੇਦਾਰ ਕਾਹਲੇ ਕਦਮੀਂ ਉਹਦੇ ਵੱਲ ਆ ਰਿਹਾ ਸੀ, ਦੂਰੋਂ ਹੀ ਬੋਲਦਾ, ਹਾਕਾਂ ਮਾਰਦਾ– "ਓਏ ਬੁੱਧ ਰਾਮਾਂ, ਵੀਹ ਮਿੰਟ ਰਹਿ 'ਗੇ, ਥੋਡੇ ਕੋਈ ਆਇਆ ਈ ਨਾ। ਫੇਰ ਕਹੇਂਗਾ, ਖੁੰਝ ਗਿਆ ਪਾਣੀ! ਆ ਜਾ ਕਹੀ ਲੈ ਕੇ, ਝੱਟ ਦੇਣੇ। ਪੰਜ ਮਿੰਟ ਪਹਿਲਾਂ ਡੱਕਊਂ ਤੈਨੂੰ। ਵੱਢ ਲੀਂ ਆਵਦਾ ਜਾ ਕੇ, ਸੁਣ ਲਿਆ ਮਖਾਂ?" ਕੁੜਤੇ ਦੇ ਕਾਜ ਵਿਚ ਕਾਲੀ ਡੋਰੀ ਪਾ ਕੇ ਬੰਨ੍ਹੀ ਜੇਬ੍ਹੀ–ਘੜੀ ਦੀ ਡੱਬੀ ਉਹ ਨੇ ਬੰਦ ਕੀਤੀ ਤੇ ਉਹਨੀ ਪੈਰੀਂ ਮੁੜ ਗਿਆ।

ਉਹ ਨੇ ਮੋਘੇਦਾਰ ਦੀ ਗੱਲ ਸੁਣੀ ਤਾਂ ਬਹੁਤ ਧਿਆਨ ਨਾਲ, ਉਹ ਨੂੰ ਪਤਾ ਵੀ ਸੀ ਕਿ ਅੱਜ ਨਿਆਈਂ ਵਿਚ ਪਾਣੀ ਮਿਲਣਾ ਹੈ, ਮੱਕੀ ਮੁਰਝਾਈ ਹੋਈ ਉਦਾਸ ਖੜ੍ਹੀ ਹੈ, ਆਖ਼ਰੀ ਪਾਣੀ ਹੈ, ਛੱਲੀਆਂ ਮੋਟੀਆਂ ਹੋ ਜਾਣਗੀਆਂ, ਪਰ ਉਹ ਦੀ ਨਿਗਾਹ ਤਾਂ ਗੱਜਣ ਸਿੰਘ ਦੇ ਬਾਰ 'ਤੇ ਟਿਕੀ ਹੋਈ ਸੀ। ਦੂਜੇ ਅਗਵਾੜੋਂ ਕੋਈ ਥਾਲੀ ਲੈ ਕੇ ਆਵੇਗਾ ਤੇ ਉਹ ਉਹ ਦਾ ਸਿਰ ਚਿੱਪ ਦੇਵੇਗਾ।

ਮੋਘੇਦਾਰ ਪਿਛਾਂਹ ਮੂੰਹ ਮੋੜ ਕੇ ਤੁਰਿਆ ਜਾਂਦਾ ਵੀ ਬੋਲਦਾ ਰਿਹਾ ਸੀ–"ਲੈ ਹੁਣ ਆਵਦਾ ਪੜ੍ਹਿਆ ਵਿਚਾਰੀਂ। ਬੈਠੈਂ ਘੁੱਗੂ ਜ੍ਹਾ ਬਣਿਆ।"

'ਘੁੱਗੂ ਜ੍ਹਾ ਬਣਿਆ' ਸੁਣ ਕੇ ਮੋਘੇਦਾਰ ਦੀ ਗੱਲ 'ਤੇ ਮੁਸਕਰਾਇਆ। ਜਿਵੇਂ ਉਹ ਉਹ ਨੂੰ ਮਿੱਠੀ ਚਹੇਡ ਕਰ ਗਿਆ ਹੋਵੇ।

ਗੱਜਣ ਸਿੰਘ ਦੇ ਘਰੋਂ ਉਨ੍ਹਾਂ ਦੀ ਛੋਟੀ ਕੁੜੀ ਬਾਹਰ ਆਈ ਤੇ ਹਥਾਈ ਵੱਲ ਝਾਕ ਅੰਦਰ ਹੀ ਮੁੜ ਗਈ। ਤੇ ਫੇਰ ਕੁੜੀ ਦੀ ਮਾਂ ਨੇ ਦੇਲ੍ਹੀਆਂ ਵਿਚ ਖੜ੍ਹ ਕੇ ਬੁੱਧ ਰਾਮ ਨੂੰ ਦੇਖਿਆ।

"ਤੂੰ ਹੁਣ ਐਥੇ ਬੈਠਾ ਕੀ ਕਰੇਂਗਾ? ਮੋਘੇਦਾਰ ਆਇਆ ਸੀ, ਜਾਣਾ ਨ੍ਹੀਂ?" ਬੁੱਧ ਰਾਮ ਦੀ ਘਰ ਵਾਲੀ ਲੱਛਮੀ ਆਖ ਰਹੀ ਸੀ।

"ਨਿਆਈਂ ਦਾ ਪਾਣੀ ਤਾਂ ਠੀਕ ਹੈ, ਉਹ ਵੀ ਕਰਦੇ ਆਂ ਕੋਈ ਬੰਦੋਬਸਤ। ਪਰ ਐਧਰ ਨਾ ਨੱਕਾ ਵੱਢਿਆ ਜਾਵੇ ਕਿਤੇ। ਅੱਜ ਦੋ ਹੱਥ ਕਰ ਈ ਲੈਣ ਦੇ ਮੈਨੂੰ। ਉਹ ਸਾਲਾ ਸਮਝਦਾ ਕੀਹ ਐ। ਉਹ ਦਾ ਮਤਲਬ ਕੀ, ਮੇਰੇ 'ਗਵਾੜ ਆਉਣ ਦਾ?"

"ਤੂੰ ਹੋਰ ਕਿਉਂ ਨ੍ਹੀਂ ਕਰਦਾ?"

"ਹੋਰ ਕੀ?"

"ਕੱਠ ਕਰ ਲੈ ਉਹਦੇ 'ਤੇ। ਦੋ ਵਾਰੀ ਪਹਿਲਾਂ ਹੋ 'ਗੀ। ਐਂ ਤਾਂ ਮੂੰਹ ਪੈ ਗਿਆ ਸਰੀਕ ਨੂੰ। ਆਹ ਤੂੰ ਡਾਂਗ ਫੜ ਕੇ ਬੈਠਣ ਆਲੀ ਗੱਲ ਛੱਡ। ਐਂ ਤੂੰ ਕੀਹਦਾ ਕੀਹਦਾ ਰਾਹ ਰੋਕੇਂਗਾ? ਕੱਲ੍ਹ ਨੂੰ ਉਹ ਨ੍ਹੀ ਤਾਂ ਕੋਈ ਹੋਰ ਆਊ। ਕੀਹਦੇ ਕੀਹਦੇ ਨਾਲ ਵੈਰ ਵਿਹਾਜਦਾ ਫਿਰੇਂਗਾ?"

"ਕੱਠਾਂ ਆਲੇ ਕੀ ਕਰਨਗੇ, ਆਵ ਦੀਆਂ ਰੜਕਾਂ ਕੱਢ ਕੇ ਤੁਰ ਜਾਣਗੇ। ਪਰਨਾਲਾ ਉੱਥੇ ਤਾ ਉੱਥੇ। ਇਨ੍ਹਾਂ ਕੋਲੋਂ ਕੋਈ ਨਿਉਂ ਨਸਾਫ਼ ਨ੍ਹੀ ਹੁੰਦਾ।" ਤੇ ਫੇਰ ਬੁੱਧ ਰਾਮ ਨੇ ਲੱਛਮੀ ਨੂੰ ਚਮਿਆਰਾਂ-ਵਿਹੜੇ ਜਾਣ ਲਈ ਆਖਿਆ ਤਾਂ ਕਿ ਉਨ੍ਹਾਂ ਦਾ ਸੀਰੀ ਛੇਤੀ ਘਰੋਂ ਆ ਜਾਵੇ।

ਬੁੱਧ ਰਾਮ ਕੋਲ ਦਸ ਕਿੱਲੇ ਜ਼ਮੀਨ ਸੀ। ਉਹ ਦੀਆਂ ਤਿੰਨ ਕੁੜੀਆਂ ਤੇ ਇੱਕ ਮੁੰਡਾ ਸੀ। ਮੁੰਡਾ ਸਭ ਤੋਂ ਛੋਟਾ ਸੀ ਤੇ ਸਕੂਲ ਪੜ੍ਹਨ ਜਾਂਦਾ। ਇੱਕ ਸੀਰੀ ਰਲਾ ਕੇ ਬੁੱਧ ਰਾਮ ਵਾਹੀ ਖੇਤੀ ਦਾ ਕੰਮ ਕਰਦਾ। ਪੰਜ ਸੱਤ ਕਿੱਲੇ ਹਿੱਸੇ ਠੇਕੇ 'ਤੇ ਦੇ ਰੱਖਦਾ। ਖੇਤੀ ਦਾ ਕੰਮ ਵਾਹਵਾ ਤੁਰੀ ਜਾਂਦਾ।

ਇਹ ਜੱਟ ਕਿਸਾਨਾਂ ਦਾ ਅਗਵਾੜ ਸੀ। ਤੀਹ ਚਾਲੀ ਘਰ ਹੋਣਗੇ। ਇਹ ਸਾਰੇ ਘਰ ਉਹਦੇ ਜਜਮਾਨ ਸਨ। ਵਿਆਹ ਸ਼ਾਦੀ ਤੇ ਮਰਨੇ ਪਰਨੇ ਵੇਲੇ ਪ੍ਰੋਹਤਾਂ ਨੂੰ ਮੰਨਿਆ ਜਾਂਦਾ। ਉਨ੍ਹਾਂ ਨੂੰ ਦਾਨ ਪੁੰਨ ਦਾ ਚੰਗਾ ਸੀਧਾ ਪੱਤਾ ਆਉਂਦਾ ਰਹਿੰਦਾ। ਕੱਪੜਾ ਲੱਤਾ ਤੇ ਰੁਪਏ ਵੀ ਮਿਲਦੇ। ਸ਼ਾਦੀ ਗ਼ਮੀ ਤੋਂ ਇਲਾਵਾ ਜਜਮਾਨਾਂ ਦੇ ਘਰੋਂ ਤਿੱਥ ਤਿਹਾਰ ਨੂੰ ਵੀ ਆਉਂਦਾ।

ਬੁੱਧ ਰਾਮ ਦਾ ਚਾਹੇ ਆਪਣੇ ਜਜਮਾਨਾਂ ਜਿਹਾ ਹੀ ਕਿਸਾਨ ਪਰਿਵਾਰ ਸੀ, ਉਹ ਇੱਕ ਜ਼ਿਮੀਂਦਾਰ ਬ੍ਰਾਹਮਣ ਸੀ, ਦਸਾਂ ਨਹੁੰਆਂ ਦੀ ਕਮਾਈ ਖਾਣ ਵਾਲਾ, ਪਰ ਆਪਣੀ ਜ਼ਮੀਨ ਨਾਲੋਂ ਵੱਧ ਉਹ ਨੂੰ ਆਪਣੇ ਜਜਮਾਨਾਂ 'ਤੇ ਘੁਮੰਡ ਸੀ। ਪਿੰਡ ਵਿਚ ਐਨੇ ਜਜਮਾਨ ਹੋਰ ਕਿਸੇ ਬ੍ਰਾਹਮਣ ਕੋਲ ਨਹੀਂ ਸਨ। ਉਹ ਦੇ ਲਈ ਇਹ ਜਜਮਾਨ ਹੀ ਉਹ ਦੀ ਵੱਡੀ ਜਾਇਦਾਦ ਸਨ। ਖੇਤਾਂ ਦੀ ਫ਼ਸਲ ਨੂੰ ਤਾਂ ਗੜੇਮਾਰ ਹੋ ਜਾਂਦੀ, ਸੋਕਾ ਪੈ ਜਾਂਦਾ ਜਾਂ ਕੋਈ ਕੀੜਾ ਲੱਗ ਸਕਦਾ ਸੀ, ਪਰ ਜਜਮਾਨ ਪੱਕੀ ਫ਼ਸਲ ਸਨ। ਇਹ ਪੁਖਤਾ ਜਾਇਦਾਦ, ਬਾਰਾਂ ਮਹੀਨੇ ਤੀਹ ਦਿਨ ਆਮਦਨ ਦੇਣ ਵਾਲੀ।

ਕਿਸੇ ਗੱਲੋਂ ਬੁੱਧ ਰਾਮ ਜਾਂ ਉਹ ਦੀ ਘਰਵਾਲੀ ਲੱਛਮੀ ਦਾ ਅਗਵਾੜ ਦੇ ਕਿਸੇ ਘਰ ਨਾਲ ਕੋਈ ਬਟਿੱਟ ਪੈ ਜਾਂਦਾ ਤਾਂ ਉਹ ਘਰ ਅਗਲੀ ਵਾਰ ਕਿਸੇ ਤੱਥ ਤਿਹਾਰ ਨੂੰ ਨਿਉਂਦਾ ਖਾਣ ਲਈ ਉਨ੍ਹਾਂ ਨੂੰ ਬੁਲਾਉਂਦਾ ਹੀ ਨਾ। ਬੁੱਧ ਰਾਮ ਦੀ ਇਹ ਬਹੁਤ ਵੱਡੀ ਹੱਤਕ ਸੀ ਤੇ ਫੇਰ ਬਹੁਤੀ ਵਾਰ ਸਮਝੌਤਾ ਹੋ ਜਾਂਦਾ। ਅਗਲਾ ਆਖਦਾ-'ਪੰਡਤਾ, ਇਹ ਜਜਮਾਨੀ ਪ੍ਰੋਹਤੀ ਤੇਰੇ ਗੁੱਸੇ ਹੋਣ ਨਾਲ ਨ੍ਹੀ ਟੁੱਟਦੀ। ਇਹ ਤਾਂ ਪੁਸ਼ਤਾਂ ਦੇ ਸੌਦੇ ਨੇ, ਭਲਿਆ ਮਾਣਸਾ। ਲਿਆ ਥਾਲੀ ਤੇ ਆ ਜਾ। ਨਿਉਂਦਾ ਖੁਆ ਕੇ ਤੇ ਏਸ ਵਾਰੀ ਦੋ ਵਾਰੀ ਪੈਰੀਂ ਹੱਥ ਲਾ ਦੂੰ ਤੇਰੇ, ਹੋਰ ਦੱਸ ਕੀ ਕੀ ਚਾਹੁਨਾ ਐਂ ਤੂੰ?"

ਬੁੱਧ ਰਾਮ ਦਾ ਸਾਰਾ ਅਕੜੇਵਾਂ ਉਤਰ ਜਾਂਦਾ।

ਮਾਮਲਾ ਤਾਂ ਉਦੋਂ ਉਲਝਦਾ, ਜਦੋਂ ਕੋਈ ਜੱਟ ਬੁੱਧ ਰਾਮ ਦੀ ਥਾਂ ਦੂਜੇ ਅਗਵਾੜ ਦੇ ਕਿਸੇ ਬਾਮ੍ਹਣ ਨੂੰ ਘਰ ਲਿਆ ਬਿਠਾਉਂਦਾ। ਫੇਰ ਗੁੱਸਾ ਜਜਮਾਨ 'ਤੇ ਘੱਟ ਤੇ ਧਾੜਵੀ ਸ਼ਰੀਕ 'ਤੇ ਬਹੁਤਾ ਉੱਠ ਖੜ੍ਹਾ ਹੁੰਦਾ। ਜਜਮਾਨ ਤਾਂ ਉਹ ਦੀ ਜਾਇਦਾਦ ਸਨ। ਉਹ ਜਾਇਦਾਦ 'ਤੇ ਡਾਕਾ ਕਿਵੇਂ ਸਹਾਰ ਲੈਂਦਾ। ਉਹ ਨੂੰ ਹੈਂਕੜ ਇਹ ਵੀ ਸੀ ਕਿ ਉਹ ਦੇ ਕੋਲ ਪਿੰਡ ਦੇ ਸਾਰੇ ਬਾਮ੍ਹਣਾਂ ਨਾਲੋਂ ਵੱਧ ਜ਼ਮੀਨ ਸੀ। ਉਹ ਜੱਟ ਬਾਮ੍ਹਣ ਸੀ, ਡਾਂਗ 'ਤੇ ਡੇਰਾ ਰੱਖਦਾ। ਦੂਜੇ ਅਗਵਾੜਾਂ ਦੇ ਉਹ ਨੇ ਦੋ ਤਿੰਨ ਬਾਮ੍ਹਣ ਕੁੱਟੇ ਸਨ, ਇਸ ਨਿਉਂਦਾ ਖਾਣ ਦੀ ਗੱਲ ਨੂੰ ਲੈ ਕੇ ਹੀ।

ਗੱਜਣ ਸਿੰਘ ਦੀ ਧੀ ਦਾ ਵਿਆਹ ਸੀ। ਤੈਅ ਇਹ ਸੀ ਬਾਰਾਤ ਦੇ ਇੱਕ ਦਿਨ ਪਹਿਲਾਂ ਰੋਟੀ ਤੋਂ ਲੈ ਕੇ ਬਾਰਾਤ ਦੇ ਇੱਕ ਦਿਨ ਬਾਅਦ ਮੇਲ਼ ਗੇਲ਼ ਤੁਰ ਜਾਣ ਤੱਕ ਦੋਵੇਂ ਵੇਲੇ ਥਾਲੀ ਪ੍ਰੋਹਤਾਂ ਨੂੰ ਦਿੱਤੀ ਜਾਂਦੀ। ਕੁੜੀ ਦੀ ਖੱਟ 'ਤੇ ਛੇ ਰੁਪਏ। ਹੋਇਆ ਇਹ ਕਿ ਰੋਟੀ ਵਾਲੇ ਦਿਨ ਲੱਛਮੀ ਥਾਲੀ ਲੈ ਕੇ ਉਨ੍ਹਾਂ ਦੇ ਵਿਹੜੇ ਵਿਚ ਸਦੇਹਾਂ ਹੀ ਜਾ ਖੜ੍ਹੀ। ਅਖੇ–"ਗੱਜਣ ਸਿਆਂ ਭਾਈ, ਮੈਨੂੰ ਤੋਰ ਪਹਿਲਾਂ। ਮੈਂ ਤਾਂ ਰੋਟੀ ਲੈ ਕੇ ਜਾਣੈ ਖੇਤ। ਹਲ ਜੋੜਿਆ ਵਿਐ ਤੇਰੇ ਬਾਬੇ ਦਾ।"

"ਅੰਮਾ, ਇਹ ਝੂਠ। ਤੈਨੂੰ ਰੋਟੀ ਉਦੋਂ ਮਿਲੂ, ਜਦੋਂ ਸਾਰਾ ਨਿੱਬੜ ਗਿਆ।" ਗੱਜਣ ਸਿੰਘ ਨੇ ਉਂਗਲ ਖੜ੍ਹੀ ਕਰਕੇ ਲਕੀਰ ਖਿੱਚ ਦਿੱਤੀ।

"ਤਾਂ ਭਾਈ ਮੈਥੋਂ ਤਾਂ ਹੁਣ ਪਿਛਲੇ ਪਹਿਰ ਆਇਆ ਜਾਊ।"

"ਤੈਂ ਆਵਦੀ ਗਰਜ਼ ਨੂੰ ਆਉਣੈ, ਜਦੋਂ ਮਰਜ਼ੀ ਆ ਜੀਂ। ਤੈਨੂੰ ਇੱਕੋ ਸੁਣਾ 'ਤੀ ਦੱਸ।" ਉਹ ਰੁੱਖਾ ਬੋਲਿਆ ਸੀ।

ਉਹ ਦਿਨ ਸੋ ਉਹ ਦਿਨ ਬੁੱਧ ਰਾਮ ਦੇ ਘਰ ਦਾ ਕੋਈ ਜੀਅ ਗੱਜਣ ਸਿੰਘ ਦੀ ਧੀ ਦੇ ਵਿਆਹ ਵਿਚ ਜਾ ਕੇ ਖੜ੍ਹਾ ਨਹੀਂ। ਪ੍ਰੋਹਤਾਂ ਦਾ ਐਲਾਨ–"ਗਾਹਾਂ ਨੂੰ ਬੱਸ ਟੁੱਟ। ਗੱਜਣ ਦੀ ਦੇਲ੍ਹੀ ਨ੍ਹੀ ਚੜ੍ਹਨਾ, ਸਾਰੀ ਉਮਰ।"

ਹਥਾਈ ਦੇ ਖੁੰਢ 'ਤੇ ਜਿੱਥੇ ਹੁਣ ਬੁੱਧ ਰਾਮ ਡਾਂਗ ਲੈ ਕੇ ਬੈਠਾ ਸੀ, ਅਗਵਾੜ ਦੀਆਂ ਦੋਵੇਂ ਗਲੀਆਂ ਦੇ ਘਰ ਦੂਰ ਤੱਕ ਦਿੱਸਦੇ ਸਨ–ਸਾਹਮਣੇ ਵਾਲੀ ਗਲੀ ਤੇ ਖੱਬੇ ਹੱਥ ਦੀ ਗਲੀ। ਗੱਜਣ ਸਿੰਘ ਦਾ ਘਰ ਸਾਹਮਣੇ ਵਾਲੀ ਗਲੀ ਵਿਚ ਸੀ। ਖੱਬੇ ਹੱਥ ਦੀ ਗਲੀ ਦੇ ਮੋੜ 'ਤੇ ਉਹ ਨੂੰ ਮੁਰਾਰੀ ਆਉਂਦਾ ਦਿੱਸਿਆ। ਮੋਢੇ ਵਾਲੇ ਸਮੋਸੇ ਵਿਚ ਥਾਲੀ ਵਲ੍ਹੇਟੀ ਹੋਈ। ਬੁੱਧ ਰਾਮ ਨੇ ਥੁੱਕ ਕੇ ਮੁੱਛਾਂ 'ਤੇ ਹੱਥ ਫੇਰਿਆ। ਤੇ ਫੇਰ ਡਾਂਗ ਨੂੰ ਧਰਤੀ 'ਤੇ ਖੜਕਾ ਕੇ ਦੇਖਣ ਲੱਗਿਆ। ਦੂਜੀ ਵਾਰ ਉਹ ਨੇ ਅੱਖਾਂ ਪੁੱਟੀਆਂ ਤੇ ਖੱਬੇ ਪਾਸੇ ਨਿਗਾਹ ਕੀਤੀ, ਗਲੀ ਵਿਚ ਕੋਈ ਨਹੀਂ ਸੀ। ਉਹ ਨੇ ਅੰਦਾਜ਼ਾ ਲਾਇਆ ਕਿ ਉਹ ਅਗਵਾੜ 'ਤੋਂ ਦੀ ਗੇੜਾ ਕੱਢ ਕੇ ਸਾਹਮਣੇ ਵਾਲੀ ਗਲੀ ਵਿਚ ਆਏਗਾ। ਉਹ ਖੁੰਢ ਤੋਂ ਉੱਠ ਕੇ ਗੱਜਣ ਦੇ ਘਰ ਵੱਲ ਤੁਰ ਪਿਆ। ਥੋੜ੍ਹਾ ਉਰੇ ਜਿਹੇ ਠੋਡੀ ਹੇਠ ਡਾਂਗ ਦੀ ਹੁੱਝ ਲਾ ਕੇ ਉਹ ਖ਼ਾਸਾ ਚਿਰ ਉੱਥੇ ਹੀ ਖੜ੍ਹਾ ਰਿਹਾ। ਮੁਰਾਰੀ ਨਹੀਂ ਆਇਆ। ਉਹ ਹਥਾਈ ਦੇ ਖੁੰਢ 'ਤੇ ਫੇਰ ਆ ਬੈਠਾ।

ਲੱਛਮੀ ਨੇ ਆ ਕੇ ਦੱਸਿਆ–"ਸੀਰੀ ਤਾਂ ਮੂਧੇ ਮੂੰਹ ਪਿਐ, ਤਾਪ ਨਾਲ। ਕਹਿੰਦਾ, ਲੱਤਾਂ ਭਾਰ ਨ੍ਹੀ ਝੱਲਦੀਆਂ।"

ਪੰਡਤ-ਪੰਡਤਾਣੀ ਗੱਲਬਾਤ ਕਰ ਰਹੇ ਸਨ ਕਿ ਗੱਜਣ ਸਿੰਘ ਦੀ ਘਰਵਾਲੀ ਥਾਲੀ 'ਤੇ ਪੋਣਾ ਦੇ ਕੇ ਸੱਥ ਵਿਚ ਦੜ ਦੜਾਂਦੀ ਲੰਘ ਗਈ। ਉਹ ਦੇਖਦੇ ਰਹੇ, ਬੋਲੇ ਕੁਝ ਨਹੀਂ ਫੇਰ ਬੁੱਧ ਰਾਮ ਕਹਿਣ ਲੱਗਿਆ-"ਇਉਂ ਚਾਹੇ, ਘਰ ਜਾ ਕੇ, ਸਾਡੇ ਕੰਨੀਓਂ ਸਾਲੇ ਕਿਸੇ ਕਸਾਈ ਨੂੰ ਦੇ ਆਉਣ ਰੋਟੀ। ਸੁਆਦ ਤਾਂ ਫੇਰ ਐ, ਜੇ ਕੋਈ ਸ਼ਰੀਕ ਗਵਾੜ 'ਚ ਵੜ ਕੇ ਦਿਖਾਵੇ।"

ਬੁੱਧ ਰਾਮ ਨੇ ਮੋਢੇ 'ਤੋਂ ਦੀ ਪਿਛਾਂਹ ਨੂੰ ਥੁੱਕਿਆ ਤੇ ਲੱਛਮੀ ਦੇ ਮਗਰ ਮਗਰ ਘਰ ਨੂੰ ਤੁਰਨ ਲੱਗਿਆ।

ਕਹੀ ਲੈ ਕੇ ਜਦੋਂ ਉਹ ਖੇਤ ਪਹੁੰਚਿਆ, ਉਹ ਦੀ ਵਾਰੀ ਦਾ ਅੱਧਾ ਪਾਣੀ ਗੁਆਂਢੀ ਖੇਤ ਵਿਚ ਪੈ ਚੁੱਕਿਆ ਸੀ। ਬੁੱਧ ਰਾਮ ਨੂੰ ਜਿਵੇਂ ਨੁਕਸਾਨ ਦਾ ਕੋਈ ਅਫ਼ਸੋਸ ਨਾ ਹੋਵੇ। ਉਹ ਨੇ ਪੂਰੀ ਹਿੰਮਤ ਨਾਲ ਪਾਣੀ ਦਾ ਨੱਕਾ ਆਪਣੇ ਖੇਤ ਵਿਚ ਵੱਢ ਲਿਆ। ♦

# ਮਾਂਘੂ

"ਬੀਬੀ, ਇੱਕ ਰੋਟੀ ਦੇ ਦੇ।" ਗਲੀ ਵਿਚੋਂ ਆਵਾਜ਼ ਆਈ।

ਗੇਟ ਦਾ ਅੰਦਰਲਾ ਕੁੰਡਾ ਬੰਦ ਸੀ।

"ਬੀਬੀ ਜੀ, ਇੱਕ ਰੋਟੀ।" ਦੂਜੀ ਵਾਰ ਫੇਰ ਓਹੀ ਆਵਾਜ਼।

ਨਾਨੀ ਨੇ ਬੇਮਲੂਮਾ ਜਿਹਾ ਖਿੱਝ ਕੇ ਆਖਿਆ–"ਇਹਨੇ ਰੋਟੀ ਲਏ ਬਿਨਾਂ ਵਾਰ 'ਚੋਂ ਨ੍ਹੀ ਹਿੱਲਣਾ। ਦੇ ਆ ਕੁੜੇ ਪੰਮੀ, ਇੱਕ ਰੋਟੀ।"

ਪਰਮਜੀਤ ਰੋਟੀ ਲੈ ਕੇ ਗਈ। ਇਹ ਤਾਂ ਜਿਵੇਂ ਓਹੀ ਸੀ–ਮਾਂਘੂ। ਪਰ ਮੰਗਤੇ ਨੇ ਜਿਵੇਂ ਕੁੜੀ ਨੂੰ ਸਿਆਣਿਆ ਨਾ ਹੋਵੇ। ਉਹ ਖ਼ਾਸੇ ਗਹੁ ਨਾਲ ਉਹ ਦੇ ਚਿਹਰੇ ਵੱਲ ਦੇਖਣ ਲੱਗਿਆ, ਜਿਵੇਂ ਉਹ ਕੁੜੀ ਦੀ ਪਹਿਚਾਣ ਕੱਢ ਰਿਹਾ ਹੋਵੇ। ਉਹ ਦੀ ਨਿਗਾਹ ਰੋਟੀ ਵੱਲ ਨਹੀਂ, ਕੁੜੀ ਦੇ ਚਿਹਰੇ ਵੱਲ ਸੀ। ਫੇਰ ਉਹ ਮਿੰਨ੍ਹਾਂ ਮਿੰਨ੍ਹਾਂ ਮੁਸ਼ਕਰਾਇਆ। ਕੁੜੀ ਨੇ ਉਹ ਦੀ ਬਗਲੀ ਵਿਚ ਰੋਟੀ ਸੁੱਟ ਕੇ ਪੁੱਛਿਆ–"ਮਾਂਘੂ ਵੇ, ਤੂੰ ਤਾਂ ਹਾਲੇ ਵੀ ਆਉਨੈਂ ਗਲੀ 'ਚ।"

"ਹੋਰ ਬੀਬੀ, ਸਾਡਾ ਕੰਮ ਕੀਹ ਐ, ਮੰਗਣਾ ਤੇ ਖਾਣਾ।"

"ਤੂੰ ਤਾਂ ਹੁਣ ਵੱਡਾ ਹੋ ਗਿਆ। ਕੋਈ ਕੰਮ ਕਿਉਂ ਨ੍ਹੀ ਕਰਦਾ?" ਕੁੜੀ ਉਹ ਦੇ ਨਾਲ ਗੱਲੀਂ ਪੈ ਗਈ।

ਨਾਨੀ ਨੇ ਹਾਕ ਮਾਰੀ–"ਪੰਮੀਏ, ਕੁੜੇ ਕਿੱਥੇ ਜਾ ਖੜ੍ਹੀ ਤੂੰ? ਐਧਰ ਆ, ਰੋਟੀ ਪਾ ਤੇਰੇ ਮਾਮੇ ਨੂੰ, ਦਫ਼ਤਰ ਜਾਣ ਦਾ ਟੈਮ ਹੋ ਗਿਆ।"

"ਆਈ ਨਾਨੀ।" ਕੁੜੀ ਨੇ ਗੇਟ ਤੋਂ ਹੀ ਉੱਚਾ ਬੋਲ ਕੱਢਿਆ।

ਮੁੰਡਾ ਆਪਣੀ ਬਗਲੀ ਸੰਭਾਲ ਰਿਹਾ ਸੀ। ਲੱਗਦਾ ਸੀ, ਜਿਵੇਂ ਅਗਲੇ ਬਾਰ ਵੱਲ ਜਾਣ ਦਾ ਨਾਟਕ ਕਰ ਰਿਹਾ ਹੋਵੇ। ਚਾਹੁੰਦਾ ਹੋਵੇਗਾ, ਕੁੜੀ ਦੀਆਂ ਗੁੱਲਾਂ ਸੁਣਦਾ ਰਹੇ। ਆਖ ਰਿਹਾ ਸੀ–"ਕੰਮ ਤਾਂ ਬੀਬੀ ਇਹੀ ਐ, ਤੜਕੇ ਆਥਣੇ ਮੰਗ ਪਿੰਨ ਕੇ ਲੈ ਜਾਈਦਾ, ਦਿਨੇ ਸੂਰ ਸੰਭਾਲਦਾਂ ਜਾਂ ਗਲੀਆਂ 'ਚ ਫਿਰ ਤੁਰ ਕੇ ਬੁਲਬੁਲੇ ਭੰਵੀਰੀਆਂ ਵੇਚ ਲੈਨਾ।"

"ਤੂੰ ਕੋਈ ਨੌਕਰੀ ਕਰ ਲੈ। ਸਬਜ਼ੀ ਦੀ ਰੇੜ੍ਹੀ ਲਾਇਆ ਕਰ। ਮੰਗਿਆ ਨਾ ਕਰ।"

"ਚੰਗਾ ਬੀਬੀ ਜੀ।" ਉਹ ਕੁੜੀ ਵੱਲ ਝਾਕ ਕੇ ਅੱਗੇ ਹੋ ਗਿਆ।

"ਨ੍ਹੀ ਤੂੰ ਕੀਹਦੇ ਨਾਲ ਗੱਲਾਂ ਕਰੀ ਜਾਨੀ ਐਂ?" ਬੁੜ੍ਹੀ ਫੇਰ ਬੋਲੀ।

"ਇਹ ਤਾਂ ਮਾਂਘੂ ਸੀ, ਨਾਨੀ।"

"ਹਾਂ, ਇਹ ਤਾਂ ਨਿੱਤ ਆਉਂਦੈ। ਤੂੰ ਸਿਆਣ ਲਿਆ ਇਹਨੂੰ।"

"ਹਾਂ ਨਾਨੀ ਉਹ ਨੇ ਵੀ ਮੈਨੂੰ ਪਛਾਣ ਲਿਆ। ਤਾਂ ਹੀ ਤਾਂ ਉਹ ਗੱਲਾਂ ਕਰਦਾ ਸੀ।"

"ਕੀ ਗੱਲਾਂ ਕਰਦਾ ਸੀ?"

"ਮੈਂ ਈ ਉਹ ਨੂੰ ਆਖਦੀ ਸੀ, ਬਈ ਤੂੰ ਮੰਗਦਾ ਕਾਹਨੂੰ ਫਿਰਦੈਂ, ਕੋਈ ਕੰਮ ਕਰਿਆ ਕਰ। ਕੋਈ ਨੌਕਰੀ ਕਰ। ਹੁਣ ਤਾਂ ਜੁਆਨ ਹੋਇਆ ਫਿਰਦੈ।"

"ਨੌਕਰੀ ਇਨ੍ਹਾਂ ਲੋਕਾਂ ਨੂੰ ਕੌਣ ਦੇਵੇ, ਧੀਏ। ਕੰਮ ਆਵਦਾ ਇਹ ਕਰੀ ਜਾਂਦੇ ਨੇ। ਮੰਗਣਾ ਤੇ ਖਾਣਾ। ਇਨ੍ਹਾਂ ਨੇ ਤਾਂ ਪੁੱਤ, ਏਥੇ ਈ ਰਹਿਣੈ, ਗਰੀਬਾਂ ਨੇ।"

ਸਰਦੀਆਂ ਦੇ ਦਿਨ ਸਨ। ਸਵੇਰ ਦਾ ਵੇਲਾ। ਪਰਮਜੀਤ ਨੇ ਪਲੇਟ ਵਿਚ ਦੋ ਰੋਟੀਆਂ ਰੱਖੀਆਂ ਤੇ ਕੌਲੀ ਵਿਚ ਆਲੂ ਗੋਭੀ ਦੀ ਸਬਜ਼ੀ ਪਾ ਕੇ ਮਾਮੇ ਦੇ ਮੂਹਰੇ ਮੇਜ਼ 'ਤੇ ਰੱਖ ਆਈ। ਕੱਪੜੇ ਪਹਿਨ ਕੇ ਸ਼ੀਸ਼ੇ ਅੱਗੇ ਖੜ੍ਹਾ ਉਹ ਆਪਣੀ ਟਾਈ ਠੀਕ ਕਰ ਰਿਹਾ ਸੀ। ਫੇਰ ਉਹ ਨੇ ਕੋਟ ਦੀ ਉਤਲੀ ਜੇਬ੍ਹ ਵਿਚੋਂ ਨਿੱਕਾ ਜਿਹਾ ਕੰਘਾ ਕੱਢ ਕੇ ਸਿਰ ਦੇ ਵਾਲ ਸੰਵਾਰੇ। ਮਨ ਵਿਚ ਦਫ਼ਤਰ ਜਾਣ ਦੀ ਕਾਹਲ ਸੀ।

ਕੁੜੀ ਪੁੱਛਣ ਲੱਗੀ–"ਮਾਮਾ ਜੀ, ਜਿਵੇਂ ਮੇਰਾ ਅਸਲੀ ਨਾਉਂ ਤਾਂ ਪਰਮਜੀਤ ਐ, ਪਰ ਮੈਨੂੰ ਪੰਮੀ ਕਹਿੰਦੇ ਨੇ, ਮਾਂਘੂ ਦਾ ਅਸਲੀ ਨਾਉਂ ਕੀ ਹੋਵੇਗਾ ਭਲਾ?"

"ਕਮਾਲ ਐ, ਤੂੰ ਹਾਲੇ ਤੱਕ ਓਸ ਮੰਗਤੇ ਬਾਰੇ ਈ ਸੋਚੀ ਜਾਨੀ ਐਂ?" ਉਹ ਹੱਥਲੀ ਬੁਰਕੀ ਮੂੰਹ ਕੋਲ ਰੋਕ ਕੇ ਕੁੜੀ ਵੱਲ ਹੈਰਾਨੀ ਨਾਲ ਝਾਕਿਆ।

ਉਹ ਸ਼ਰਮਾ ਗਈ। ਪਰ ਫੇਰ ਮੁਸ਼ਕਰਾ ਕੇ ਆਪ ਹੀ ਦੱਸਣ ਲੱਗੀ–ਮਾਂਘੂ ਮਾਂਗੂ ਤੋਂ ਵਿਗੜ ਕੇ ਬਣਿਆ ਹੋਵੇਗਾ। ਮਾਂਗੂ ਜਾਣੀ ਮੰਗੂ, ਮੰਗਤ ਤੋਂ ਮੰਗੂ। ਅਸਲ ਨਾਉਂ ਮੰਗਤ ਹੋਵੇ, ਪਰ ਮਾਮਾ ਜੀ ਇਹ ਨੂੰ ਮੰਗਤ ਰਾਏ ਤਾਂ ਕਦੇ ਕਿਸੇ ਨੇ ਨਹੀਂ ਆਖਿਆ ਹੋਣਾ।"

"ਮੰਗਤਿਆਂ ਦੇ ਕੋਈ ਅਸਲੀ ਨਾਉਂ ਨ੍ਹੀ ਹੁੰਦੇ। ਇਹ ਤਾਂ ਬੱਸ ਮਾਂਘੂ–ਸ਼ਾਂਘੂ ਜੇ ਈ ਹੁੰਦੇ ਐ।" ਉਹ ਨੇ ਫੇਰ ਕੁੜੀ ਵੱਲ ਨਜ਼ਰ ਗਹਿਰਾ ਕੇ ਦੇਖਿਆ–"ਪਰ ਤੂੰ ਓਹ ਮੰਗਤੇ ਬਾਰੇ ਸੋਚਦੀ ਹੀ ਕਿਉਂ ਐ? ਕੀ ਲੈਣੈ ਤੂੰ ਉਹਤੋਂ? ਸਾਡਾ ਇਨ੍ਹਾਂ ਲੋਕਾਂ ਨਾਲ ਕੀ ਸਰੋਕਾਰ ਐ? ਆਪਾਂ ਤਾਂ ਐਨਾ ਈ ਕਹਿ ਸਕਦੇ ਆਂ, ਬਈ ਇਹ ਗ਼ਰੀਬ ਲੋਕ ਨੇ ਵਿਚਾਰੇ। ਹੋਰ ਆਪਾਂ ਕੁਝ ਨ੍ਹੀ ਕਰ ਸਕਦੇ ਇਨ੍ਹਾਂ ਦਾ। ਤੂੰ ਤਾਂ...।"

"ਮੈਂ ਕੀ, ਮਾਮਾ ਜੀ?"

"ਤੂੰ ਓਸ ਮੰਗਤੇ ਦਾ ਭਾਸ਼ਾ ਵਿਗਿਆਨ ਲਿਖਣ ਲੱਗ ਪਈ ਐਂ। ਵੱਡੀ ਆ 'ਗੀ ਤੂੰ ਪੀ. ਐੱਚ. ਡੀ. ਕਰਨ ਵਾਲੀ।" ਉਹ ਛਣਕਦੀ ਹਾਸੀ ਹੱਸਿਆ।

ਉਹ ਮੁਸ਼ਕਰਾਈ ਹੀ। ਫੇਰ ਚੁੱਪ ਚਾਪ ਮਾਂਘੂ ਬਾਰੇ ਸੋਚਣ ਲੱਗੀ। ਉਹ ਏਥੇ ਰਹਿ ਕੇ ਜਦੋਂ ਸਕੂਲ ਵਿਚ ਪੜ੍ਹਦੀ ਹੁੰਦੀ, ਮਾਂਘੂ ਛੋਟੀ ਉਮਰ ਦਾ ਸੀ। ਪਹਿਲੇ ਦਿਨ ਜਦੋਂ ਉਹ ਨੇ ਉਹ ਨੂੰ ਗਲੀ ਵਿਚ ਦੇਖਿਆ, ਉਹ ਨੇ ਤੇੜ ਚਾਦਰਾ ਬੰਨ੍ਹਿਆ ਹੋਇਆ, ਗਲ ਕਲੀਆਂ ਵਾਲਾ ਕੁੜਤਾ ਤੇ ਉੱਤੋਂ ਦੀ ਗੋਟੇ ਲੱਗੀ ਕਾਲੀ ਬਾਸਕਟ ਸਿਰ 'ਤੇ ਤੁਰਲੇ ਵਾਲੀ ਪੱਗ ਸੀ। ਪੈਰਾ ਵਿਚ ਖੱਲ ਧੌੜੀ ਜੁੱਤੀ। ਇਹ ਸਾਰੀ ਪੌਸ਼ਾਕ ਚਾਹੇ ਮੈਲੀ ਕੁਚੈਲੀ ਸੀ, ਪਰ ਉਹ ਦੇ ਗਿੱਠੂ ਜਿਹੇ ਕੱਦ 'ਤੇ ਫਬਦੀ ਬੜੀ ਸੀ। ਭੰਗੜਾ ਡਰੈੱਸ ਵਿਚ ਉਹ

ਬਹੁਤ ਪਿਆਰਾ ਲੱਗ ਰਿਹਾ ਸੀ। ਉਹ ਨੂੰ ਮਾਰਦੀ ਸੀ ਤਾਂ ਬੱਸ ਹੱਥ ਵਿਚ ਫੜੀ ਰੋਟੀਆਂ ਮੰਗਣ ਵਾਲੀ ਬਗਲੀ। ਜਿਵੇਂ ਪੰਜਾਬੀ ਸੱਭਿਆਚਾਰ ਮੰਗਤਾ ਬਣ ਕੇ ਗਲੀਆਂ ਮੁਹੱਲਿਆਂ ਵਿਚ ਤੁਰ ਆਇਆ ਹੋਵੇ। ਕੋਈ ਉਹਨੂੰ ਖ਼ੈਰ ਪਾਉਂਦਾ, ਉਹ ਫ਼ੁਰਤੀ ਨਾਲ ਘਰੋਂ ਘਰੀਂ ਜਾ ਰਿਹਾ ਸੀ। ਉਨ੍ਹਾਂ ਦੇ ਬਾਰ ਮੂਹਰੇ ਆ ਕੇ ਉਹ ਖੜ੍ਹਾ ਸੀ ਤਾਂ ਪਰਮਜੀਤ ਨੇ ਉਹ ਦੀ ਚੁਸਤ ਤੇ ਪਿਆਰੀ ਸ਼ਕਲ ਦੇਖ ਕੇ ਉਹ ਨੂੰ ਰੋਟੀ ਦੇ ਦਿੱਤੀ ਸੀ। ਉਸ ਦਿਨ ਉਹ ਉਹਨੂੰ ਸ਼ਰਾਰਤੀ ਜਿਹਾ ਵੀ ਲੱਗਿਆ ਸੀ। ਜਿਵੇਂ ਉਹ ਮੰਗਤਾ ਹੋਣ ਦਾ ਨਾਟਕ ਕਰਦਾ ਫਿਰ ਰਿਹਾ ਹੋਵੇ। ਜਿਵੇਂ ਫੈਂਸੀ ਡਰੈੱਸ ਸਮੇਤ ਕੋਈ ਸੱਚ ਮੁੱਚ ਦਾ ਪਾੜ੍ਹੂ ਮੁੰਡਾ ਉਨ੍ਹਾਂ ਦੀ ਗਲੀ ਵਿਚ ਆ ਵੜਿਆ ਹੋਵੇ।

ਤੇ ਫੇਰ ਵੀ ਜਦ ਉਹ ਆਉਂਦਾ, ਓਸੇ ਭੰਗੜਾ ਡਰੈੱਸ ਵਿਚ ਆਉਂਦਾ। ਨਿੱਕੇ ਨਿੱਕੇ ਪੈਰਾਂ ਨਾਲ ਤੇਜ਼ ਤੇਜ਼ ਕਦਮ ਚੱਲਦਾ ਹੋਇਆ। ਜਿੱਥੇ ਕੋਈ ਖੜ੍ਹਾਉਂਦਾ ਖੜ੍ਹ ਜਾਂਦਾ। ਖੜ੍ਹ ਕੇ ਗੱਲ ਵੀ ਕਰਦਾ। ਰੋਟੀ ਮੰਗਦਾ ਤਾਂ ਮੰਗਤਿਆਂ ਵਾਲੀ ਮਖ਼ਸੂਸ ਆਵਾਜ਼ ਵਿਚ ਬੀਬੀ, ਇੱਕ ਰੋਟੀ ਦੇ ਦੇ।" ਆਮ ਗੱਲ ਕਰਦਾ ਤਾਂ ਗਲੀ ਦੇ ਮੁੰਡਿਆਂ ਵਾਂਗ। ਮੁੰਡਿਆਂ ਨਾਲ ਖਹਿਬੜ ਵੀ ਪੈਂਦਾ। ਇੱਕ ਦਿਨ ਇੱਕ ਕੁੜੀ ਉਹ ਨੂੰ ਆਖ ਰਹੀ ਸੀ।–"ਏਧਰ ਨਾ ਆਇਆ ਕਰ ਸਾਡੀ ਗਲੀ 'ਚ।

"ਕਿਉਂ ਨਾ ਆਵਾਂ, ਤੇਰੀ ਗਲੀ ਐ?" ਉਹਨੇ ਜਵਾਬ ਦਿੱਤਾ ਜਿਵੇਂ ਗਲੀ ਵਿਚ ਉਹਦਾ ਵੀ ਕੋਈ ਹਿੱਸਾ ਹੋਵੇ।

"ਬੂਥਾ ਭੰਨ ਦੂੰ ਗੀ, ਬਹੁਤਾ ਬੋਲਦੈਂ?"

"ਭੰਨ ਕੇ ਦਿਖਾਅ।" ਉਹ ਆਕੜਿਆ ਖੜ੍ਹਾ ਸੀ।

ਕਦੇ ਉਹ ਰੋਟੀਆਂ ਵਾਲੀ ਬਗਲੀ ਮੋਢੇ ਲਟਕਾ ਕੇ ਮੁੰਡਿਆਂ ਨਾਲ ਗੋਲੀਆਂ ਖੇਡਣ ਲੱਗ ਪੈਂਦਾ। ਉਹ ਨੂੰ ਕੋਈ ਫ਼ਿਕਰ ਹੀ ਨਹੀਂ ਹੁੰਦਾ ਕਿ ਉਹ ਨੂੰ ਘਰ ਕੋਈ ਉਡੀਕ ਰਿਹਾ ਹੋਵੇਗਾ। ਉਹ ਨੂੰ ਕੋਈ ਅਹਿਸਾਸ ਹੀ ਨਹੀਂ ਸੀ ਕਿ ਉਹ ਕੋਈ ਮੰਗਤਾ ਹੈ ਤੇ ਗਲੀ ਦੇ ਮੁੰਡਿਆਂ ਨਾਲ ਖੇਡ ਰਿਹਾ ਹੈ। ਗਲੀ ਦੇ ਮੁੰਡੇ ਉਹ ਨੂੰ ਭਜਾਉਣ ਦੀ ਕੋਸ਼ਿਸ਼ ਕਰਦੇ, ਪਰ ਉਹ ਮੱਲੋ ਮੱਲੀ ਜਿਵੇਂ ਧੁੱਸ ਦੇ ਕੇ ਉਨ੍ਹਾਂ ਵਿਚ ਆ ਵੜਦਾ ਸੀ। ਉਨ੍ਹਾਂ ਨਾਲ ਬਰਾਬਰ ਮੜ੍ਹਿੱਕਦਾ। ਇੱਕ ਵਾਰ ਖੇਡ ਦੇ ਨਸ਼ੇ ਵਿਚ ਉਹ ਨੇ ਆਪਣੀ ਬਗਲੀ ਮੋਢਿਓਂ ਲਾਹ ਕੇ ਇੱਕ ਥਾਂ ਰੱਖ ਦਿੱਤੀ। ਇੱਕ ਕੁੱਤਾ ਆਇਆ ਤੇ ਉਹ ਦੀਆਂ ਰੋਟੀਆਂ ਸਮੇਤ ਬਗਲੀ ਸਮੇਤ ਹੀ ਲੈ ਭੱਜਿਆ। ਗਲੀ ਦੇ ਮੁੰਡੇ ਬੇਤਹਾਸ਼ਾ ਹੱਸ ਰਹੇ ਸਨ। ਉਹ ਕੁਝ ਬੁਰਾ ਸੋਚ ਕੇ ਰੋਣ ਲੱਗਿਆ। ਪਰ ਅੱਖਾਂ ਪੂੰਝੀਆਂ ਤੇ ਫੇਰ ਖੇਡਣ ਲੱਗ ਪਿਆ। ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ। ਤੇ ਫੇਰ ਇਸ ਦੌਰਾਨ ਇੱਕ ਮੁੰਡਾ ਕੁੱਤੇ ਮਗਰ ਭੱਜ ਕੇ ਗਿਆ ਸੀ ਤੇ ਕੁੱਤੇ ਤੋਂ ਖ਼ਾਲੀ ਬਗਲੀ ਖੋਹ ਕੇ ਮਾਂਘੂ ਨੂੰ ਲਿਆ ਫੜਾਈ ਸੀ। ਗਲੀ ਦਾ ਉਹ ਮੁੰਡਾ ਬਗਲੀ ਨੂੰ ਇੱਕ ਛਟੀ ਦੇ ਡੱਕੇ 'ਤੇ ਟੰਗ ਕੇ ਲਿਆਇਆ ਸੀ। ਮਾਂਘੂ ਨੂੰ ਜਿਵੇਂ ਉਹ ਸੰਸਾਰ ਵਾਪਸ ਮਿਲ ਗਿਆ ਹੋਵੇ। ਮਹੱਤਵ ਵਾਲੀ ਗੱਲ ਇਹ ਹੈ ਕਿ ਉਹ ਨੂੰ ਉਹਦੀ ਬਗਲੀ ਵਾਪਸ ਮਿਲ ਗਈ ਸੀ, ਰੋਟੀਆਂ ਤਾਂ ਹੋਰ ਵੀ ਮੰਗੀਆਂ ਜਾ ਸਕਦੀਆਂ ਹਨ।

ਪਰਮਜੀਤ ਨਾਲ ਵੀ ਉਹ ਇੱਕ ਦਿਨ ਝਗੜਿਆ ਸੀ। ਸਵੇਰ ਦੀ ਰੋਟੀ ਚਾਹੇ ਪੱਕ ਰਹੀ ਸੀ, ਪਰ ਉਹ ਨੇ ਉਹ ਦੀ ਬਗਲੀ ਵਿਚ ਦੋ ਦਿਨ ਦੀ ਬੇਹੀ ਰੋਟੀ ਪਾਉਣੀ

ਚਾਹੀ। ਮਾਂਘੂ ਨੇ ਰੋਟੀ ਲੈਣ ਤੋਂ ਇਨਕਾਰ ਕਰ ਦਿੱਤਾ। ਕਹਿੰਦਾ–"ਇਹਨੂੰ ਤਾਂ ਕੁੱਤਾ ਵੀ ਨਹੀਂ ਖਾਂਦਾ, ਬੀਬੀ ਸੱਜਰੀ ਰੋਟੀ ਦੇਹ।"

"ਚੱਲ, ਕੁੱਤਾ ਹਰਾਮਜ਼ਾਦਾ ਨਾ ਹੋਵੇ ਤਾਂ।" ਕੁੜੀ ਨੇ ਰੋਟੀ ਕੁੱਤੇ ਵੱਲ ਵਗਾਹ ਮਾਰੀ। ਕੁੱਤੇ ਨੇ ਰੋਟੀ ਨੂੰ ਮੂੰਹ ਤਾਂ ਲਾਇਆ, ਪਰ ਖਾਧੀ ਨਹੀਂ।

"ਗਾਲਾਂ ਕਾਹਨੂੰ ਦਿੰਨੀ ਐ, ਬੀਬੀ ਜੇ ਮੈਂ ਮੋੜ ਕੇ ਕੱਢਾਂ ਤੈਨੂੰ ਗਾਲ, ਫੇਰ ਦੱਸ।"

ਕੁੜੀ ਨੇ ਮੂੰਹ ਚਿੜਾ ਕੇ ਉਹਦੀ ਨਕਲ ਲਾਹੀ।

ਉਹ ਕੁੜੀ ਵੱਲ ਬੁੱਲ੍ਹ ਕੱਢ ਕੇ ਤੁਰ ਗਿਆ।

ਗੁੱਸੇ ਵਿਚ ਕੁੜੀ ਨੇ ਗੇਟ ਬੰਦ ਕਰ ਲਿਆ।

ਫੇਰ ਉਹ ਉਨ੍ਹਾਂ ਦੇ ਬਾਰ ਅੱਗੇ ਆ ਕੇ ਨਹੀਂ ਖੜ੍ਹਦਾ ਸੀ। ਇੱਕ ਦਿਨ ਪਰਮਜੀਤ ਦੀ ਨਾਨੀ ਨੇ ਉਹ ਨੂੰ ਪੁੱਛਿਆ–ਤੂੰ ਹੁਣ ਸਾਡਿਓਂ ਕਿਉਂ ਨ੍ਹੀ ਲੈ ਕੇ ਜਾਂਦਾ ਰੋਟੀ, ਵੇ ਮੁੰਡਿਆ?"

"ਥੋਡੀ ਕੁੜੀ ਤਾਂ ਮੈਨੂੰ ਕੁੱਤਾ ਹਰਾਮਜ਼ਾਦਾ ਆਖਦੀ ਐ। ਬੇਇਜ਼ਤੀ ਕਰਦੀ ਐ ਮੇਰੀ।"

"ਕਿਉਂ ਨੀ ਪੰਮੀਏ, ਕਿਉਂ ਕਿਹਾ ਤੂੰ ਮੁੰਡੇ ਨੂੰ ਕੁੱਤਾ ਹਰਾਮਜ਼ਾਦਾ?" ਬੁੜ੍ਹੀ ਨੇ ਫੋਕਾ ਗੁੱਸਾ ਦਿਖਾਇਆ।

ਕੁੜੀ ਹੱਸਣ ਲੱਗੀ ਤੇ ਫੇਰ ਉਹ ਨੇ ਕਿਹਾ–"ਚੰਗਾ, ਹੁਣ ਪਾਵਾਂ ਤੈਨੂੰ ਸੱਜਰੀ ਰੋਟੀ?"

"ਸੱਜਰੀ ਹੈ ਤਾਂ ਦੇਹ।" ਉਹਨੇ ਮੰਗਤਿਆਂ ਵਾਲੀ ਆਵਾਜ਼ ਵਿਚ ਕਿਹਾ।

"ਅੱਛਾ, ਪਹਿਲਾਂ ਬਾਘੀ ਪਾ ਕੇ ਸੁਣਾਅ ਸਾਨੂੰ।" ਕੁੜੀ ਨੇ ਸ਼ਰਤ ਰੱਖ ਦਿੱਤੀ।

ਮਾਂਘੂ ਦੀ ਸ਼ਰਤ–"ਬਾਘੀ ਸੁਣਨੀ ਐਂ ਤਾਂ ਇੱਕ ਆਟੇ ਦੀ ਬਾਟੀ ਦੇਹ।"

"ਕਿਉਂ ਵੇ?" ਬੁੜ੍ਹੀ ਦੀ ਤਿਊੜੀ।

"ਸੁੱਕਾ ਈ ਕੌਣ ਮੂੰਹ ਦੁਖਣ ਲਾਵੇ, ਬੀਬੀ,।" ਉਹ ਜਿਵੇਂ ਲੋਭੀ ਕਲਾਕਾਰ ਬਣ ਬੈਠਾ ਹੋਵੇ।

"ਚੰਗਾ ਵੇ, ਆਟਾ ਵੀ ਲੈ ਜਾ ਤੇ ਰੋਟੀ ਵੀ। ਸੁਣਾਅ ਬਾਘੀ।" ਬੁੜ੍ਹੀ ਨੇ ਉਹ ਨੂੰ ਪੁਚਕਾਰਿਆ।

ਬਾਘੀ ਦੇ ਬੋਲ ਕੱਢਦਾ ਕੱਢਦਾ ਉਹ ਵਿਚ ਦੀ ਦੋ ਬਿੱਲੀਆਂ ਜਿਹੀਆਂ ਬੁਲਾਉਂਦਾ ਸੀ, ਬੜਾ ਸੋਹਣਾ ਲੱਗਦਾ ਤੇ ਫੇਰ ਅਖ਼ੀਰ ਵਿਚ ਉਹ ਨੇ ਮੂੰਹ ਵਿਚ ਹਵਾ ਭਰ ਕੇ ਗੱਲ੍ਹਾਂ ਫੁਲਾਈਆਂ ਤੇ ਇੱਕ ਗੱਲ੍ਹ 'ਤੇ ਮੁੱਕੀ ਮਾਰ ਕੇ ਇਸ ਤਰ੍ਹਾਂ ਦੀ ਆਵਾਜ਼ ਕੱਢੀ ਜਿਵੇਂ ਰਬੜ ਦਾ ਬੁਲਬੁਲਾ ਭੰਨ ਦਿੱਤਾ ਹੋਵੇ।

ਮਾਂਘੂ ਝਗੜਾ ਕਰਦਾ ਤੇ ਮੰਗ ਕੇ ਵੀ ਲੈ ਜਾਂਦਾ। ਗਲੀ ਦੇ ਮੁੰਡੇ ਕੁੜੀਆਂ ਨਾਲ ਉਹ ਬਰਾਬਰ ਦਾ ਬਣ ਕੇ ਰਹਿੰਦਾ।

ਪਰਮਜੀਤ ਦਾ ਮਾਮਾ ਦਫ਼ਤਰ ਤੁਰ ਗਿਆ। ਮਾਮੀ ਪੇਕੀਂ ਗਈ ਹੋਈ ਸੀ। ਨੂੰਹ ਨਹੀਂ ਸੀ, ਏਸੇ ਕਰਕੇ ਬੁੜ੍ਹੀ ਦੋਹਤੀ ਨੂੰ ਹਫ਼ਤੇ ਦਸ ਦਿਨਾਂ ਲਈ ਏਥੇ ਲੈ ਆਈ ਸੀ। ਪਰਮਜੀਤ ਬਚਪਨ ਵਿਚ ਏਥੇ ਹੁੰਦੀ ਸੀ। ਫੇਰ ਦਸਵੀਂ ਪਾਸ ਕਰਨ ਉਪਰੰਤ ਉਹ

ਆਪਣੇ ਬਾਪ ਕੋਲ ਚਲੀ ਗਈ। ਉਹ ਦਾ ਵਿਆਹ ਹੋ ਚੁੱਕਿਆ ਸੀ। ਸਹੁਰਿਆਂ ਤੋਂ ਮਹੀਨੇ ਵੀਹ ਦਿਨਾਂ ਲਈ ਆਈ ਸੀ। ਤੇ ਫੇਰ ਏਥੇ ਉਹ ਦੀ ਨਾਨੀ ਉਹ ਨੂੰ ਲੈ ਆਈ ਸੀ।

ਪਰਮਜੀਤ ਬੜੀ ਭਾਵਨਾਸ਼ੀਲ ਕੁੜੀ ਸੀ। ਏਸੇ ਕਰਕੇ ਤਾਂ ਉਹ ਉਸ ਭਿਖਾਰੀ ਮੁੰਡੇ ਬਾਰੇ ਐਨਾ ਸੋਚ ਰਹੀ ਸੀ। ਪਰ ਉਹ ਨੂੰ ਸਮਝ ਨਹੀਂ ਆ ਰਹੀ ਸੀ ਕਿ ਮਾਂਘੂ ਜਵਾਨ ਹੋ ਜਾਣ ਕਰਕੇ ਹੁਣ ਐਨਾ ਸ਼ਰਮਾਕਲ ਤੇ ਗੰਭੀਰ ਜਿਹਾ ਬਣ ਗਿਆ ਹੈ ਜਾਂ ਵੱਡਾ ਹੋ ਕੇ ਐਨਾ ਸਮਝਦਾਰ ਕਿ ਉਹ ਨੂੰ ਆਪਣੀ ਗਰੀਬੀ ਦਾ ਅਹਿਸਾਸ ਹੋ ਗਿਆ। ਸ਼ਾਇਦ ਉਹ ਨੂੰ ਪਤਾ ਲੱਗ ਗਿਆ ਹੈ ਕਿ ਗਲੀ ਦੇ ਮੁੰਡੇ ਕੁੜੀਆਂ ਹੋਰ ਸਮਾਜ 'ਚੋਂ ਨੇ ਤੇ ਉਹ ਆਪ ਹੋਰ ਸਮਾਜ ਵਿਚੋਂ। ♦

# ਆਪਣਾ ਆਦਮੀ

ਇੱਕ ਬਸਤਾ ਮੋਢੇ ਲਟਕਦਾ ਇੱਕ ਬਸਤਾ ਹੱਥ ਵਿਚ। ਦੂਜੇ ਹੱਥ ਦੀ ਉਂਗਲ ਲਾਇਆ ਛੋਟਾ ਬੱਚਾ। ਵੱਡਾ ਬੱਚਾ ਮਗਰ ਮਗਰ ਤੁਰਦਾ। ਠੁੰਮਕ ਠੁੰਮਕ, ਨਿੱਕੇ ਨਿੱਕੇ ਪੈਰ ਪੁੱਟਦਾ ਹੋਇਆ। ਬੁੱਢੇ ਦੀ ਉਮਰ ਸੱਤਰ ਸਾਲ ਦੇ ਨੇੜੇ ਤੇੜੇ ਹੋਵੇਗੀ। ਉਹ ਦੇ ਮੂੰਹ ਵਿਚ ਚਾਹੇ ਇੱਕ ਵੀ ਦੰਦ ਬਾਕੀ ਰਹਿ ਗਿਆ ਸੀ, ਪਰ ਉਹ ਦਾ ਚਿਹਰਾ ਮਾਸੂਮ ਸੀ, ਬਾਲਕ ਜਿਹਾ। ਮੱਥੇ ਅਤੇ ਗੱਲਾਂ ਦੀਆਂ ਝੁਰੜੀਆਂ ਬਹੁਤ ਘੱਟ ਦਿਸਦੀਆਂ। ਅੱਖਾਂ ਦੀ ਚਮਕ ਕਾਇਮ ਸੀ। ਬੱਚਿਆਂ ਨੂੰ ਲੈ ਕੇ ਉਹ ਸਵੇਰੇ ਤੇ ਸ਼ਾਮ ਨੂੰ ਗਲੀ ਵਿਚ ਦੀ ਲੰਘਦਾ ਤਾਂ ਅਸੀਂ ਉਹਦੇ ਬਾਰੇ ਤਰ੍ਹਾਂ ਤਰ੍ਹਾਂ ਦੇ ਅਨੁਮਾਨ ਲਾਉਂਦੇ। ਆਂਢੀ ਗੁਆਂਢੀ ਹੋਰ ਲੋਕ ਵੀ ਉਹਦੇ ਬਾਰੇ ਇੰਝ ਹੀ ਤਰ੍ਹਾਂ ਤਰ੍ਹਾਂ ਦਾ ਸੋਚਦੇ ਹੋਣਗੇ। ਕਦੇ ਲੱਗਦਾ, ਉਹ ਨੌਕਰ ਹੈ ਤੇ ਬੱਚਿਆਂ ਨੂੰ ਸਕੂਲ ਛੱਡਣ-ਲਿਆਉਣ ਦੀ ਡਿਊਟੀ ਨਿਭਾਉਂਦਾ ਹੈ। ਕਦੇ ਸੋਚਦੇ, ਇਹ ਬੱਚਾ ਬੱਚੀ ਉਹਦੇ ਪੋਤਰੇ ਹੋਣਗੇ। ਮੇਰੇ ਘਰਵਾਲੀ ਆਖਦੀ-'ਦੋਹਤੇ ਵੀ ਹੋ ਸਕਦੇ ਨੇ, ਬੁੜ੍ਹਾ ਧੀ ਕੋਲ ਰਹਿੰਦਾ ਹੋਊਗਾ।'

ਮੁੰਡਾ-ਕੁੜੀ ਲਈਂ ਜਾਂਦਾ ਉਹ ਗਲੀ ਦੇ ਹਰ ਘਰ ਵੱਲ ਝਾਕਦਾ-ਸੱਜੇ-ਖੱਬੇ। ਘਰਾਂ ਦੇ ਬਾਰਾਂ ਅੱਗੇ ਬੈਠੀਆਂ ਗੱਪਾਂ ਮਾਰਦੀਆਂ ਜਾਂ ਉਂਝ ਹੀ ਡੌਰੂ ਵਾਂਗ ਮੂੰਹ ਉਤਾਂਹ ਚੁੱਕ ਕੇ ਝਾਕਦੀਆਂ ਵਿਹਲੀਆਂ ਔਰਤਾਂ ਉਹਦੇ ਵੱਲ ਬੇਮਤਲਬ ਅੱਖਾਂ ਟਿਕਾਉਂਦੀਆਂ। ਬੁੱਢਾ ਪੈਰ ਮਲਦਾ ਜਿਵੇਂ ਚਾਹੁੰਦਾ ਹੋਵੇ, ਕੋਈ ਉਹ ਨੂੰ ਬੁਲਾਵੇ, ਕੋਈ ਉਹਦੇ ਨਾਲ ਗੱਲ ਕਰੇ-ਕੋਈ ਵੀ ਗੱਲ। ਪਰ ਵਿਹਲੀਆਂ ਤੀਵੀਆਂ ਦਾ ਕੀ ਸੀ ਉਹ ਤਾਂ ਸਿਰਫ਼ ਝਾਕਦੀਆ ਸਨ ਤੇ ਝਾਕਦੀਆਂ ਹੀ ਰਹਿੰਦੀਆਂ। ਗਲੀ ਦੇ ਮੋੜ 'ਤੇ ਉਨ੍ਹਾਂ ਦੀ ਨਜ਼ਰ ਪਿਆ ਬੰਦਾ ਗਲੀ ਦੇ ਦੂਜੇ ਮੋੜ ਤੱਕ ਮਜਾਲ ਹੈ, ਉਹ ਉਸ ਬੰਦੇ ਤੋਂ ਨਜ਼ਰ ਪਰ੍ਹੇ ਹਟਾ ਲੈਣ। ਗਲੀ ਦੇ ਅੱਧ ਵਿਚਕਾਰ ਹੀ ਕਿਸੇ ਦੇ ਘਰ ਜਾ ਵੜਿਆ ਆਦਮੀ ਉਨ੍ਹਾਂ ਦੀ ਨਜ਼ਰ ਤੋਂ ਅਚਾਨਕ ਗੁੰਮ ਜਾਂਦਾ ਤਾਂ ਉਨ੍ਹਾਂ ਦੀਆਂ ਤਿੱਖੀਆਂ ਲਾਟ ਵਾਂਗ ਬਲਦੀਆਂ ਅੱਖਾਂ ਦੀਵੇ ਵਾਂਗ ਬੁਝ ਜਾਂਦੀਆਂ। ਮੁੰਡਾ ਕੁੜੀ ਲਈ ਜਾਂਦੇ ਬੁੱਢੇ ਵੱਲ ਕਿਸ ਦਾ ਧਿਆਨ ਸੀ, ਗਲੀ ਵਿਚ ਦੀ ਸੈਂਕੜੇ ਲੋਕ ਲੰਘਦੇ ਸਨ। ਗਲੀ ਤਾਂ ਵਗਦੀ ਹੀ ਰਹਿੰਦੀ, ਬਾਰਾਂ ਮਾਸੀਆ ਨਦੀ ਵਾਂਗ।

ਘਰਵਾਲੀ ਆਖਦੀ 'ਬੁੜ੍ਹਾ ਵਾਧੂ ਮੋਢੇ ਤੁੜਾਉਂਦੈ, ਹਿਬੜ ਹਿਬੜ ਜੁੱਤੀਆਂ ਘਸਾਉਂਦਾ ਜਾਂਦੈ, ਹਿਬੜ ਹਿਬੜ ਜੁੱਤੀਆਂ ਘਸਾਉਂਦਾ ਆਉਂਦੈ ਦੋ ਚੱਕਰ ਜਾਣ ਦੇ, ਦੋ ਚੱਕਰ ਆਉਣ ਦੇ, ਪਹਿਲਾਂ ਛੱਡਣ ਜਾਂਦੈ, ਫੇਰ ਲੈਣ ਜਾਂਦੈ, ਕਿਉਂ ਨ੍ਹੀ ਰਿਕਸ਼ੇ

ਵਾਲੇ ਨਾਲ ਗੱਲ ਕਰ ਲੈਂਦੇ? ਸਾਰੇ ਦੂਰ ਦੇ ਜੁਆਕ ਰਿਕਸ਼ਿਆਂ ’ਤੇ ਜਾਂਦੇ ਨੇ, ਆਪਣੇ ਆਪਣੇ ਮਾਡਲ ਸਕੂਲਾਂ ਨੂੰ।’

‘ਚੱਲ, ਏਸ ਬਹਾਨੇ ਬੁੜ੍ਹੇ ਦੀ ਸੈਰ ਹੋ ਜਾਂਦੀ ਐ। ਹੱਡ ਪੈਰ ਮੋਕਲੇ ਰਹਿੰਦੇ ਨੇ। ਘਰ ਬੈਠਾ ਬੁੜ੍ਹਾ ਮੱਖੀਆਂ ਹੀ ਮਾਰਦਾ ਹੋਊ।’ ਮੈਂ ਜਵਾਬ ਦਿੰਦਾ।

ਇੱਕ ਦਿਨ ਮੈਂ ਪੁੱਛਣ ਲੱਗਿਆ ‘ਬਾਬਾ ਜੀ, ਐਧਰੋਂ ਕਿੱਥੋਂ ਜਿਉਂ ਆਉਂਦੇ ਹੁੰਨੇ ਓਂ?’ ਮੈਂ ਚਾਹੁੰਦਾ ਸੀ, ਗੱਲ ਛੇੜ ਕੇ ਉਹਦੇ ਬਾਰੇ ਹੋਰ ਵੀ ਅਤਾ ਪਤਾ ਕਰ ਲਵਾਂ। ਪਰ ਘਰਵਾਲੀ ਨੇ ਮੇਰਾ ਗੋਡਾ ਦੱਬ ਦਿੱਤਾ। ਕਹਿੰਦੀ ਛੱਡੋ ਜੀ, ਤੁਸੀਂ ਕੀ ਲੈਣਾ ਐ ਇਨ੍ਹਾਂ ਗੱਲਾਂ ਤੋਂ? ਕਿੱਧਰੋਂ ਆਉਂਦਾ ਹੋਵੇ, ਕਿੱਧਰੋਂ ਨਾ ਆਉਂਦਾ ਹੋਵੇ।’

ਕਈ ਮਹੀਨੇ ਲੰਘ ਗਏ। ਤੇ ਫੇਰ ਇੱਕ ਦਿਨ ਮੈਂ ਉਹ ਨੂੰ ਐਸ. ਡੀ. ਐੱਮ. ਪਾਰਕ ਵਿਚ ਚਿੱਟੇ ਫੁੱਲਾਂ ਦੇ ਰੁੱਖ ਥੱਲੇ ਬੈਠਾ ਦੇਖਿਆ। ਉਹ ਮੂੰਹ ਉਤਾਂਹ ਚੁੱਕ ਕੇ ਰੁੱਖ ਵੱਲ ਝਾਕ ਰਿਹਾ ਸੀ। ਓਹੀ ਦੋਵੇਂ ਬੱਚੇ ਉਹਦੇ ਆਸ ਪਾਸ ਕੋਈ ਖੇਡ ਖੇਡ ਰਹੇ ਸਨ। ਫੇਰ ਕਿਸੇ ਦਿਨ ਮੈਂ ਉਹ ਨੂੰ ਦੇਖਿਆ, ਉਹ ਇੱਕ ਦੁਕਾਨ ਅੱਗੇ ਲੋਹੇ ਦੀ ਟੁੱਟੀ ਕੁਰਸੀ ’ਤੇ ਚੁੱਪ ਚਾਪ ਬੈਠਾ ਸੀ। ਦੁਕਾਨ ਦਾ ਮਾਲਕ ਉਹਦੇ ਨਾਲ ਕੋਈ ਗੱਲ ਨਹੀਂ ਕਰਦਾ ਸੀ। ਇਹ ਦੁਕਾਨ ਕਿਸੇ ਇੱਕ ਹੋਰ ਗਲੀ ਵਿਚ ਸੀ, ਜਿੱਥੇ ਮਸਾਂ ਹੀ ਕੋਈ ਗਾਹਕ ਆਉਂਦਾ ਹੋਵੇਗਾ। ਤੇ ਫੇਰ ਇੱਕ ਦਿਨ ਉਹ ਮਿਉਂਸੀਪਲ ਕਮੇਟੀ ਦੇ ਦਫ਼ਤਰ ਅੱਗੇ ਚੱਕਰ ਕੱਟ ਰਿਹਾ ਸੀ। ਦੋਵੇਂ ਹੱਥ ਪਿਛਾਂਹ ਕੀਤੇ ਹੋਏ ਤੇ ਬੁੱਲ੍ਹ ਹਿਲਦੇ–ਜਿਵੇਂ ਕੋਈ ਗਿਣਤੀ ਮਿਣਤੀ ਜਿਹੀ ਕਰ ਰਿਹਾ ਹੋਵੇ। ਏਧਰੋਂ ਓਧਰ ਤੇ ਓਧਰੋਂ ਏਧਰ ਬੇਮਤਲਬ ਹੀ ਤੁਰਦਾ ਫਿਰਦਾ, ਮੇਰੇ ਵੱਲ ਉਹਦੀ ਨਿਗਾਹ ਹੋਈ ਸੀ, ਪਰ ਉਹ ਬੋਲਿਆ ਕੁਝ ਨਹੀਂ। ਕਿਸੇ ਚਿੰਤਾ ਜਾਂ ਕਿਸੇ ਉਡੀਕ ਵਿਚ ਹੋਵੇਗਾ।

ਉਸ ਬੁੱਢੇ ਬਾਰੇ ਮੇਰੇ ਮਨ ਵਿਚ ਨਿੱਕਾ ਨਿੱਕਾ ਅਹਿਸਾਸ ਰਹਿੰਦਾ। ਇਹ ਸੋਚ ਵੀ ਕਦੇ ਇਹ ਦਿਨ ਆਪਣੇ ’ਤੇ ਵੀ ਆਉਣਗੇ, ਜਦੋਂ ਜ਼ਿੰਦਗੀ ਦਾ ਕੋਈ ਮਕਸਦ ਹੀ ਨਾ ਰਹਿ ਜਾਂਦਾ ਹੋਵੇ।

ਉਨ੍ਹਾਂ ਦਿਨਾਂ ਵਿਚਹੀ ਮੈਂ ਆਪਣੇ ਪਿੰਡ ਜਾਣਾ ਸ਼ੁਰੂ ਕਰ ਦਿੱਤਾ। ਓਥੇ ਮੈਂ ਆਪਣਾ ਖਸਤਾ ਹਾਲ ਮਕਾਨ ਢਾਹ ਕੇ ਨਵਾਂ ਮਕਾਨ ਬਣਾ ਰਿਹਾ ਸੀ। ਚਾਹਿਆ ਸੀ, ਪਿਓ ਦਾਦੇ ਦੀ ਜਗ੍ਹਾ ਹੈ, ਫੇਰ ਆਪਣੀ ਜਨਮ ਭੂਮੀ, ਕਦੇ ਕਦੇ ਓਥੇ ਜਾ ਕੇ ਰਿਹਾ ਕਰਾਂਗਾ– ਸ਼ਹਿਰ ਦੇ ਭੀੜ ਭੜੱਕੇ ਤੇ ਫ਼ਜ਼ੂਲ ਕਿਸਮ ਦੇ ਘਰੇਲੂ ਝਮੇਲਿਆਂ ਤੋਂ ਦੂਰ। ਪਿੰਡ ਜਾ ਕੇ ਮਨ ਨੂੰ ਸ਼ਾਂਤੀ ਮਿਲੇਗੀ। ਇਹ ਪਿੰਡ ਬਹੁਤੀ ਦੂਰ ਨਹੀਂ ਸੀ। ਮੈਂ ਸਵੇਰੇ ਸਵੇਰੇ ਪਹਿਲੀ ਦੂਜੀ ਬੱਸ ਨਿਕਲ ਜਾਂਦਾ ਤੇ ਸ਼ਾਮ ਨੂੰ ਆਖ਼ਰੀ ਬੱਸ ਮੁੜ ਆਉਂਦਾ। ਇਸ ਦੌਰਾਨ ਮੈਂ ਓਸ ਬੁੱਢੇ ਬਾਬੇ ਨੂੰ ਕਦੇ ਨਾ ਦੇਖ ਸਕਿਆ। ਨਾ ਹੀ ਘਰਵਾਲੀ ਨਾਲ ਉਹ ਦੇ ਬਾਰੇ ਕਦੇ ਕੋਈ ਗੱਲ ਚੱਲੀ। ਉਹ ਦੀ ਗੱਲ ਅਸੀਂ ਕੀ ਕਰਦੇ, ਆਪਣੇ ਝਗੜੇ ਝੇੜੇ ਹੀ ਨਹੀਂ ਮੁੱਕਦੇ ਸਨ। ਨਵਾਂ ਮਕਾਨ ਪਾਉਣਾ ਕੋਈ ਸੌਖੀ ਗੱਲ ਨਹੀਂ ਹੁੰਦੀ। ਇਨ੍ਹਾਂ ਚੱਕਰਾਂ ਵਿਚ ਹੀ ਦਿਨ ਗੁਜ਼ਰ ਜਾਂਦਾ ਤੇ ਰਾਤ ਮੌਤ ਜਿਹਾ ਪੰਧ ਨਿਬੇੜਦੀ।

ਪਿੰਡ ਦੇ ਮਕਾਨ ਵਾਲੇ ਚੱਕਰ ਵਿਚੋਂ ਮੈਂ ਸਾਲ ਬਾਅਦ ਮਸਾਂ ਨਿਕਲਿਆ। ਤੇ ਫੇਰ ਇੱਕ ਦਿਨ ਮੈਂ ਤੇ ਘਰਵਾਲੀ ਸ਼ਾਮ ਵੇਲੇ ਘਰ ਦੇ ਬਾਰ ਅੱਗੇ ਬੈਠੇ ਆਪਣੇ ਜੁਆਕਾਂ ਨੂੰ

ਉਡੀਕ ਰਹੇ ਸੀ। ਹੋਰ ਬੱਚੇ ਕਦੋਂ ਦੇ ਸਕੂਲ ਤੋਂ ਆ ਚੁੱਕੇ ਸਨ, ਉਹ ਨਹੀਂ ਆਏ। ਬੁੱਢਾ ਬਾਬਾ ਖ਼ਾਲੀ ਹੱਥ ਗਲ਼ੀ ਵਿਚ ਦੀ ਲੰਘਿਆ ਜਾ ਰਿਹਾ ਸੀ। ਨਾ ਬਸਤਾ, ਨਾ ਬੱਚੇ, ਮੈਂ ਘਰਵਾਲੀ ਵੱਲ ਝਾਕਿਆ। ਉਹ ਮੇਰੇ ਪ੍ਰਸ਼ਨ ਨੂੰ ਸਮਝ ਗਈ ਤੇ ਬੋਲੀ–'ਬੱਚੇ ਹੁਣ ਉਡਾਰ ਹੋ 'ਗੇ। ਖ਼ੁਦ ਈ ਚਲੇ ਜਾਂਦੇ ਨੇ ਸਕੂਲ। ਬਾਬਾ ਵਿਹਲਾ।'

'ਪਹਿਲਾਂ ਵੀ ਤਾਂ ਵਿਹਲਾ ਸੀ। ਪਹਿਲਾਂ ਕਿਹੜਾ ਮੂੰਗਲੀਆਂ ਫੇਰਦਾ ਸੀ ਏਹੇ।' ਮੈਂ ਹੱਸਿਆ।

'ਵਿਚਾਰਾ ਬੁੱਢਾ!' ਉਹ ਦੇ ਮੂੰਹੋਂ ਨਿਕਲਿਆ। ਤੇ ਫੇਰ ਦੱਸਿਆ–'ਹੁਣ ਇਹ ਗਲੀ ਦੀਆਂ ਔਰਤਾਂ ਨਾਲ ਗੱਲਾਂ ਵੀ ਮਾਰ ਜਾਦੈ। ਨੇਕ ਬੰਦਾ ਐ। ਵਕਤ ਕੱਢਦਾ ਫਿਰਦੈ।'

ਇੱਕ ਦਿਨ ਦੁਪਹਿਰੇ ਜਿਹੇ ਮੈਂ ਅੰਦਰ ਕਮਰੇ ਵਿਚ ਬੈਠਾ ਕੋਈ ਕਿਤਾਬ ਪੜ੍ਹ ਰਿਹਾ ਸੀ, ਘਰਵਾਲੀ ਸਿਲਾਈ ਮਸ਼ੀਨ ਲੈ ਕੇ ਵਰਾਂਡੇ ਵਿਚ ਬੈਠੀ ਬੱਚਿਆਂ ਦੇ ਉੱਧੜੇ ਹੋਏ ਕੱਪੜਿਆਂ ਨੂੰ ਸਿਉਂ ਰਹੀ ਸੀ, ਕਿਸੇ ਨੇ ਬੈੱਲ ਵਜਾਈ। ਉਹ ਸਿਲਾਈ ਮਸ਼ੀਨ ਥਾਂ ਦੀ ਥਾਂ ਖੜ੍ਹੀ ਕਰਕੇ ਗੇਟ 'ਤੇ ਗਈ ਤੇ ਥੋੜ੍ਹੀ ਦੇਰ ਬਾਅਦ ਮੈਨੂੰ ਉਹ ਦੀ ਸਿਲਾਈ ਮਸ਼ੀਨ ਦੀ ਟੱਕ ਟੱਕ ਫੇਰ ਸੁਣਨ ਲੱਗੀ। ਮੈਂ ਉਡੀਕ ਰਿਹਾ ਸੀ–ਕੌਣ ਹੋਇਆ। ਇਹ ਦੁਪਹਿਰੇ ਦੁਪਹਿਰੇ? ਉੱਚਾ ਬੋਲ ਕੇ ਪੁੱਛਿਆ–'ਸ਼ੰਨੋ, ਕੀ ਗੱਲ ਸੀ?'

ਉਹ ਹੱਸਣ ਲੱਗੀ। ਬੋਲੀ–'ਬਾਬਾ।'

'ਕਿਹੜਾ ਬਾਬਾ?' ਮੈਂ ਫੇਰ ਪੁੱਛਿਆ।

'ਓਹੀ ਬਾਬਾ, ਬਸਤਿਆਂ ਵਾਲਾ।'

'ਕਿਉਂ, ਕੀ ਆਖਦਾ ਸੀ?'

'ਤੇਲ ਆ ਗਿਆ।' ਉਹ ਫੇਰ ਖਿੜ ਖਿੜ ਕਰਕੇ ਹੱਸਣ ਲੱਗੀ।'

'ਤੇਲ ਆ ਗਿਆ, ਕੀ ਮਤਲਬ?' ਮੈਂ ਹੈਰਾਨ ਸੀ, ਬਾਬੇ ਨਾਲ ਤੇਲ ਦਾ ਕੀ ਮਤਲਬ?

'ਕਿਹੜਾ ਤੇਲ?'

'ਮਿੱਟੀ ਦਾ ਤੇਲ।' ਉਹ ਨੇ ਦੱਸਿਆ।

'ਕਿਉਂ, ਏਸ ਬਾਬੇ ਦਾ ਹਿੱਸਾ ਐ ਕੋਈ ਤੇਲ ਦੇ ਡੀਪੂ 'ਚ?' ਮੈਂ ਕਿਤਾਬ ਪਰ੍ਹਾਂ ਰੱਖ ਦਿੱਤੀ।

ਉਹ ਸਿਲਾਈ ਮਸ਼ੀਨ ਛੱਡ ਕੇ ਖਿਝੀ ਖਿਝੀ ਮੇਰੇ ਕੋਲ ਅੰਦਰ ਆਈ ਤੇ ਕਹਿਣ ਲੱਗੀ–'ਤੁਸੀਂ ਸਵਾਲ ਬਹੁਤ ਕਰਦੇ ਓਂ। ਦਿਮਾਗ਼ ਖਾ ਲਿਆ ਮੇਰਾ। ਹਾਂ, ਦੱਸੋ, ਕੀ ਆਖਦੇ ਹੋਂ?'

'ਇਹ ਬਾਬਾ... ਮਿੱਟੀ ਦਾ ਤੇਲ...'

ਉਹਦੀ ਖਿਝ ਫੇਰ ਹਾਸੀ ਵਿਚ ਬਦਲ ਗਈ। ਦੱਸਣ ਲੱਗੀ 'ਜਦੋਂ ਡੀਪੂ 'ਤੇ ਮਿੱਟੀ ਦਾ ਤੇਲ ਆਉਂਦੈ, ਇਹ ਬਾਬਾ ਗਲੀ ਦੀਆਂ ਸਾਰੀਆਂ ਜ਼ਨਾਨੀਆਂ ਨੂੰ ਦੱਸ ਦਿੰਦੈ। ਨਹੀਂ ਤਾਂ ਪਤਾ ਈ ਨ੍ਹੀ ਲੱਗਦਾ, ਕਦੋ ਤੇਲ ਆਉਂਦੈ ਤੇ ਕਦੋਂ ਵੰਡ ਵੀ ਦਿੱਤਾ ਜਾਂਦੈ। ਡੀਪੂ ਵਾਲਿਆਂ ਦਾ ਪਤਾ ਈ ਨ੍ਹੀ ਕਦੋਂ ਦੁਕਾਨ ਖੋਲ੍ਹਦੇ ਨੇ ਤੇ ਕਦੋਂ ਅਚਾਨਕ ਈ ਬੰਦ ਕਰ ਜਾਂਦੇ ਨੇ।'

'ਬਲੈਕ ਵਿਚ ਤੇਲ ਵੇਚਣ ਦਾ ਇਹ ਵੀ ਇੱਕ ਤਰੀਕਾ ਹੁੰਦੈ ਇਨ੍ਹਾਂ ਦਾ। ਜੋ ਲੈ ਆਏ ਸੋ ਲੈ ਆਏ, ਬਾਕੀ ਉਹ ਬਲੈਕ 'ਚ ਵੇਚ ਦਿੰਦੇ ਹੋਣਗੇ।' ਮੈਂ ਅੰਦਾਜ਼ਾ ਲਾਇਆ। 'ਫੇਰ ਤਾਂ ਬੁੜ੍ਹਾ ਚੰਗਾ ਕੰਮ ਕਰਦੈ ਏਹੇ। ਦੱਸ ਦਿੰਦੈ।'

'ਹਾਂ ਜੀ, ਜਦੋਂ ਚੀਨੀ ਆਉਂਦੀ ਐ, ਉਹ ਵੀ ਦੱਸ ਜਾਂਦੈ।'

'ਬੜਾ ਲੋਕ ਸੇਵਕ ਐ ਬੁੜ੍ਹਾ ਫੇਰ ਤਾਂ।' ਮੈਂ ਕਿਹਾ ਤੇ ਪੁੱਛਿਆ, 'ਇਹ ਕੌਣ ਐ? ਕੀਹਦਾ ਬੁੜ੍ਹਾ ਐ ਏਹੇ?'

'ਇਹ ਕੋਈ ਨ੍ਹੀ ਜਾਣਦਾ ਜੀ। ਕਿਸੇ ਦਾ ਬੁੜ੍ਹਾ ਹੋਵੇ, ਇਹ ਦਾ ਨਾਉਂ ਵੀ ਕੋਈ ਨ੍ਹੀਂ ਜਾਣਦਾ। ਕਿਸੇ ਜ਼ਨਾਨੀ ਨੇ ਕੀ ਲੈਣਾ ਐ ਇਹ ਗੱਲਾਂ ਪੁੱਛ ਕੇ। ਲੋਕਾਂ ਨੂੰ ਤਾਂ ਮਿੱਟੀ ਦਾ ਤੇਲ ਚਾਹੀਦੈ, ਚੀਨੀ ਚਾਹੀਦੀ ਐ। ਅਸੀਂ ਤਾਂ ਐਨਾ ਜਾਣਦੀਆਂ ਕਿ ਬਾਬਾ ਆਪਣਾ ਆਦਮੀ ਐ ਜਿਹੜਾ ਤੇਲ ਆਇਆ ਦੱਸ ਜਾਂਦੈ, ਚੀਨੀ ਆਈ ਦੱਸ ਜਾਂਦੈ।' ♦

# ਵਸਾਖੀ ਵਾਲਾ ਪਿੰਡ

ਵਸਾਖੀ ਦਾ ਦਿਨ ਪੰਜਾਬ ਵਿਚ ਬਹੁਤ ਪਿਆਰਾ ਦਿਨ ਹੈ। ਜੱਟ ਦੀ ਫ਼ਸਲ ਪੱਕ ਜਾਂਦੀ ਹੈ ਤੇ ਉਹ ਆਪਣੇ ਲਹੂ ਮੁੜ੍ਹਕੇ ਦੀ ਕਮਾਈ ਨੂੰ ਦਾਤੀ ਪਾਉਂਦਾ ਹੈ। ਪਿੰਡ ਪਿੰਡ ਸ਼ਹਿਰ ਸ਼ਹਿਰ ਇਹ ਤਿਉਹਾਰ ਮਨਾਇਆ ਜਾਂਦਾ ਹੈ। ਮੇਲੇ ਲੱਗਦੇ ਹਨ। ਲੋਕ ਚਿਰ ਬਾਅਦ ਮਿਲਦੇ ਹਨ।

ਏਸ ਪਿੰਡ ਵਿਚ ਵੀ ਵਸਾਖੀ ਦਾ ਮੇਲਾ ਲੱਗਦਾ ਹੈ। ਮੇਲੇ ਨੂੰ ਦੇਖਣ ਦੂਰ ਦੂਰ ਤੋਂ ਗੱਭਰੂ ਤੇ ਅਧਖੜ ਬੰਦੇ ਆਉਂਦੇ ਹਨ। ਮੇਲੇ ਨੂੰ ਦੇਖਣ ਦੂਰ ਦੂਰ ਤੋਂ ਮੁਟਿਆਰਾਂ ਤੇ ਅਧਖੜ ਤੀਵੀਂਆਂ ਆਉਂਦੀਆਂ ਹਨ। ਪੂਰੇ ਇੱਕ ਸਾਲ ਬਾਅਦ ਆਪਣੇ ਪਿਆਰਿਆਂ ਨੂੰ ਮਿਲਣ ਦਾ ਇਹ ਇੱਕ ਵਧੀਆ ਬਹਾਨਾ ਹੈ। ਹਰ ਕੁੜੀ ਆਪਣੇ ਸੋਹਣੇ ਨੂੰ ਮਿਲਦੀ ਹੈ। ਹਰ ਨੌਜਵਾਨ ਆਪਣੀ ਸੋਹਣੀ ਨੂੰ ਮਿਲਦਾ ਹੈ।

ਇਹ ਪਿੰਡ ਨਹੀਂ, ਇੱਕ ਛੋਟਾ ਜਿਹਾ ਸ਼ਹਿਰ ਹੈ। ਬਿਜਲੀ ਹੈ, ਸੜਕਾਂ ਚਾਰ ਚੁਫੇਰਿਓਂ ਪੈਂਦੀਆਂ ਹਨ, ਜਿਹੜੀ ਚੀਜ਼ ਨਾਲ ਦੇ ਵੱਡੇ ਸ਼ਹਿਰੋਂ ਮਿਲਦੀ ਹੈ, ਉਹ ਇੱਥੋਂ ਵੀ ਮਿਲ ਜਾਂਦੀ ਹੈ ਤੇ ਹੋਰ ਸ਼ਹਿਰ ਕੀ ਹੁੰਦਾ ਹੈ? ਪੁਲਿਸ ਥਾਣਾ, ਵੱਡਾ ਹਸਪਤਾਲ, ਡੰਗਰ ਹਸਪਤਾਲ, ਗਰਲਜ਼ ਮਾਡਲ ਸਕੂਲ ਤੇ ਬੇਸਿਕ ਟ੍ਰੇਨਿੰਗ ਕਾਲਜ ਦੀਆਂ ਬਿਲਡਿੰਗਾਂ ਕੋਲੋ ਕੋਲ ਹਨ। ਗੌਰਮਿੰਟ ਸਕੂਲ ਏਥੇ ਕੋਈ ਨਹੀਂ, ਕਿਉਂਕਿ ਖਾਲਸਾ ਹਾਈ ਸਕੂਲ ਚੱਲਦਾ ਹੈ, ਜੋ ਪਿੰਡ ਦੀ ਆਬਾਦੀ ਤੇ ਨੇੜੇ ਦੇ ਤਿੰਨ ਚਾਰ ਪਿੰਡਾਂ ਲਈ ਕਾਫ਼ੀ ਹੈ।

ਏਥੋਂ ਦੇ ਬੇਸਿਕ ਟ੍ਰੇਨਿੰਗ ਕਾਲਜ ਦੀ ਬਿਲਡਿੰਗ ਸਭ ਤੋਂ ਚੰਗੀ ਇਮਾਰਤ ਹੈ। ਖੁੱਲ੍ਹੇ ਖੁੱਲ੍ਹੇ ਕਮਰੇ, ਖੁੱਲ੍ਹੇ ਖੁੱਲ੍ਹੇ ਮੈਦਾਨ ਤੇ ਖੁੱਲ੍ਹੇ ਖੁੱਲ੍ਹੇ ਪ੍ਰੋਫੈਸਰਾਂ ਦੇ ਸੁਭਾਅ। ਸਾਂਝੀ ਵਿੱਦਿਆ ਹੈ। ਨੌਜਵਾਨ ਮੁੰਡੇ ਕੁੜੀਆਂ ਵਿਚ ਖੁੱਲ੍ਹ ਦਾ ਮਾਹੌਲ ਠਾਠਾਂ ਮਾਰਦਾ ਹੈ।

ਇਸ ਕਾਲਜ ਵਿਚ ਪ੍ਰੋ: ਨਿਰਮਲ ਸਿੰਘ ਸਾਈਕਾਲੌਜੀ ਪੜ੍ਹਾਉਂਦਾ ਸੀ। ਸੁਭਾਉ ਉਸ ਦਾ ਬੜਾ ਖੁੱਲ੍ਹਾ, ਪਰ ਉਸ ਨੂੰ ਚੁੱਪ ਰਹਿਣ ਦੀ ਆਦਤ ਸੀ। ਕਿਸੇ ਨੇ ਬੁਲਾਇਆ ਤਾਂ ਬੋਲ ਪਿਆ, ਨਹੀਂ ਤਾਂ ਆਪਣੀਆਂ ਹੀ ਸੋਚਾਂ ਵਿਚ ਮਸਤ। ਉਹ ਪੰਜਾਬੀ ਵਿਚ ਕਵਿਤਾ ਵੀ ਲਿਖਦਾ ਸੀ। ਜਦ ਕਦੀ ਕਵਿਤਾ ਪੜ੍ਹਦਾ ਤਾਂ ਪ੍ਰੋਫੈਸਰ ਰੱਜ ਕੇ ਦਾਦ ਦਿੰਦੇ, ਇੱਕ ਦੋ ਲੇਡੀਜ਼ ਪ੍ਰੋਫੈਸਰ ਦੰਦਾਂ ਵਿਚ ਚੁੰਨੀਆਂ ਦੇ ਲੜ ਦੱਬਦੀਆਂ ਤੇ ਅੱਖਾਂ ਵਿਚ ਮੁਸਕਰਾਹਟ ਖੇਡਦੀ ਤੇ ਵਿਦਿਆਰਥੀ ਆਪਣੇ ਕਾਲਜਿਆਂ 'ਤੇ ਹੱਥ ਰੱਖ ਲੈਂਦੇ। ਪ੍ਰੋ: ਨਿਰਮਲ ਸਿੰਘ ਦੀ ਬੜੀ ਇੱਜ਼ਤ ਸੀ, ਬੜਾ ਮਾਣ ਸੀ–ਕਾਲਜ ਵਿਚ ਵੀ ਤੇ ਪਿੰਡ ਵਿਚ ਵੀ। ਦੋ ਸਾਲ ਲਾ ਕੇ ਉਹ ਉੱਥੋਂ ਬਦਲ ਗਿਆ।

ਪ੍ਰੋ: ਮਦਨ ਮੋਹਨ ਸਿੰਘ ਬੇਸਿਕ ਸਿੱਖਿਆ ਦਾ ਪ੍ਰੋਫੈਸਰ ਅਜੇ ਓਸੇ ਕਾਲਜ ਵਿਚ ਸੀ। ਪ੍ਰੋ: ਨਿਰਮਲ ਸਿੰਘ ਦਾ ਬੜਾ ਜਿਗਰੀ ਯਾਰ ਸੀ। ਮਦਨ ਮੋਹਨ ਬੁਲਾਰਾ ਬਹੁਤ ਚੰਗਾ ਸੀ। ਬੜਾ ਮਿਲਣਸਾਰ, ਬੜਾ ਖੁੱਲ੍ਹਾ ਤੇ ਵਿਦਿਆਰਥੀਆਂ ਵਿਚ ਮੁੰਡਿਆਂ ਨਾਲ ਮੁੰਡਾ ਤੇ ਕੁੜੀਆਂ ਨਾਲ ਕੁੜੀ ਬਣ ਕੇ ਰਹਿੰਦਾ।

ਜਦ ਕਦੀ ਮਦਨ ਮੋਹਨ ਦਾ ਚਿੱਤ ਉਦਾਸ ਹੁੰਦਾ, ਉਹ ਨਿਰਮਲ ਸਿੰਘ ਨੂੰ ਮਿਲਣ ਉਸ ਦੇ ਕੋਲ ਚਲਿਆ ਜਾਂਦਾ। ਨਿਰਮਲ ਸਿੰਘ ਦਾ ਕਾਲਜ ਉੱਥੋਂ ਤੀਹ ਪੈਂਤੀ ਮੀਲ ਹੀ ਸੀ।

ਇੱਕ ਵਾਰੀ ਮਦਨ ਮੋਹਨ ਏਸੇ ਤਰ੍ਹਾਂ ਨਿਰਮਲ ਸਿੰਘ ਕੋਲ ਆਇਆ ਹੋਇਆ ਸੀ। ਜਦੋਂ ਕਦੇ ਉਹ ਮਿਲਦੇ ਸ਼ਰਾਬ ਜ਼ਰੂਰ ਪੀਂਦੇ। ਇਸ ਵਾਰੀ ਉਹ ਸ਼ਰਾਬ ਪੀ ਕੇ ਤੇ ਰੋਟੀ ਖਾ ਕੇ ਬਾਹਰ ਨਹਿਰ ਦੀ ਪਟੜੀ ’ਤੇ ਟਹਿਲਣ ਚਲੇ ਗਏ। ਮਦਨ ਮੋਹਨ ਮੱਲੋ ਮੱਲੀ ਉਸ ਨੂੰ ਬਾਹਰ ਲੈ ਗਿਆ।

ਮਦਨ ਮੋਹਨ ਸਧਾਰਨ ਗੱਲਾਂ ਕਰਦਾ ਵੀ ਹੌਂਕੇ ਲੈ ਰਿਹਾ ਸੀ। ਨਿਰਮਲ ਸਿੰਘ ਨੇ ਪੁੱਛਿਆ–‘ਹੌਂਕਾ ਜਾ ਵਿਚ ਆ ਕੀ ਭਰ ਜਾਨੈ?’ ‘ਅੱਜ ਬੱਸ ਤੈਨੂੰ ਹੌਂਕੇ ਦੀ ਗੱਲ ਦੱਸਣ ਈ ਆਇਆਂ।’ ਮਦਨ ਮੋਹਨ ਨੇ ਉੱਤਰ ਦਿੱਤਾ ਤੇ ਦੱਸਿਆ ਕਿ ਉਸ ਦੇ ਕਾਲਜ ਵਿਚ ਇੱਕ ਕੁੜੀ ਹੈ।

‘ਕਿਹੜੀ?’ ਨਿਰਮਲ ਸਿੰਘ ਨੈ ਚੌਂਕ ਕੇ ਪੁੱਛਿਆ, ਕਿਉਂਕਿ ਉਹ ਇਸ ਸੈਸ਼ਨ ਨੂੰ ਛੱਡ ਕੇ ਆਇਆ ਸੀ ਤੇ ਲਗਭਗ ਸਾਰੇ ਮੁੰਡੇ ਕੁੜੀਆਂ ਨੂੰ ਜਾਣਦਾ ਸੀ।

‘ਇਕਬਾਲ ਸੋਢੀ’ ਮਦਨ ਮੋਹਨ ਨੇ ਉਸ ਕੁੜੀ ਦਾ ਨਾਉਂ ਲੈ ਕੇ ਫੇਰ ਹੌਂਕਾ ਭਰ ਲਿਆ ਤੇ ਕੁਝ ਪਲ ਠਹਿਰ ਕੇ ਫਿਰ ਦੱਸਿਆ–‘ਯਾਰ ਉਸ ਕੁੜੀ ਕੰਨੀ ਮੈਂ ਕਦੇ ਬੁਰੀ ਨਿਗਾਹ ਨਾਲ ਨਹੀਂ ਸੀ ਝਾਕਿਆ। ਚੰਗੀ ਉਹ ਮੈਨੂੰ ਜ਼ਰੂਰ ਲੱਗਦੀ ਸੀ। ਗੋਰਾ ਰੰਗ, ਕੱਦ ਸੂਤ ਸਿਰ, ਪਤਲੀ ਜਿਹੀ, ਮਟਕ ਮਟਕ ਤੁਰਦੀ, ਅੱਖਾਂ ਨਾਲ ਹੀ ਗੱਲ ਕਰਦ ਤੇ ਹਸਦੀ ਤਾਂ ਲੋਟ ਪੋਟ ਹੋ ਜਾਂਦੀ। ਉਸ ਦੀ ਇੱਕ ਹੋਰ ਸਹੇਲੀ ਵੀ ਐ–‘ਕ੍ਰਿਸ਼ਨਾ।’

‘ਕ੍ਰਿਸ਼ਨਾ ਕਿਹੜੀ?’ ਨਿਰਮਲ ਸਿੰਘ ਨੇ ਪੁੱਛਿਆ।

‘ਉਹੀ, ਪੱਕੇ ਜੇ ਰੰਗ ਵਾਲੀ, ਮੋਟੀਆਂ ਮੋਟੀਆਂ ਅੱਖਾਂ, ਬੋਲ ਥੋੜ੍ਹਾ ਜਾ ਭਾਰੈ।’ ਮਦਨ ਮੋਹਨ ਨੇ ਦੱਸਿਆ।

‘ਕਿਹੜੀ ਯਾਰ? ਸਮਝ ਨੀ ਆਈ’, ਨਿਰਮਲ ਸਿੰਘ ਦੇ ਦਿਮਾਗ਼ ਵਿਚ ਨਹੀਂ ਸੀ।

‘ਉਹੀ ਯਾਰ, ਜਿਹੜੀਆਂ ਦੋ ਕੁੜੀਆਂ ਨੇ ਨਹਿਰੂ ਡੇ ’ਤੇ ਗਾਇਆ ਸੀ ਉਨ੍ਹਾਂ ’ਚੋਂ ਇੱਕ ਕੁੜੀ ਜਿਹੜੀ ਕੁੜੀ ਬਣੀ ਸੀ, ਉਹ ਇਕਬਾਲ ਸੀ ਤੇ ਦੂਜੀ ਜਿਹੜੀ ਮੁੰਡਾ ਬਣੀ ਸੀ, ਉਹ ਕ੍ਰਿਸ਼ਨਾ ਸੀ।’

‘ਠੀਕ ਠੀਕ’, ਨਿਰਮਲ ਸਿੰਘ ਦੇ ਯਾਦ ਆ ਗਿਆ ਸੀ ਮਦਨ ਮੋਹਨ ਨੇ ਅੱਗੇ ਦੱਸਣਾ ਸ਼ੁਰੂ ਕੀਤਾ–‘ਇਕਬਾਲ ਨੇ ਇੱਕ ਦਿਨ ਯਾਰ ਚਿੱਠੀ ਲਿਖ ਕੇ ਕ੍ਰਿਸ਼ਨਾ ਨੂੰ ਫੜਾ ਦਿੱਤੀ ਤੇ ਉਹ ਚਿੱਠੀ ਕ੍ਰਿਸ਼ਨਾ ਮੈਨੂੰ ਫੜਾ ਗਈ। ਲਿਖਿਆ ਸੀ–‘ਪਿਆਰੇ ਪ੍ਰੋਫੈਸਰ ਸਾਹਿਬ, ਮੈਨੂੰ ਤੁਸੀਂ ਬਹੁਤ ਪਿਆਰੇ ਲਗਦੇ ਹੋ। ਜੇ ਮੈਂ ਤੁਹਾਨੂੰ ਪਿਆਰੀ ਹਾਂ ਤਾਂ ਗੱਲ

ਕਰੋ। ਜੇ ਤੁਸੀਂ ਇਸ ਗੱਲ ਦਾ ਬੁਰਾ ਮਨਾਉਂ ਤਾਂ ਏਥੇ ਈ ਮਿੱਟੀ ਪਾ ਦਿਓ। ਮੈਨੂੰ ਬਦਨਾਮ ਨਾ ਕਰਿਓ।'

ਮੈਂ ਓਸੇ ਵੇਲੇ ਇਕਬਾਲ ਇਕੱਲੀ ਨੂੰ ਸੱਦ ਕੇ ਪਹਿਲਾਂ ਤਾਂ ਬਹੁਤ ਝਿੜਕਿਆ ਕਿ ਤੂੰ ਮੈਨੂੰ ਇਹੋ ਜਿਹਾ ਕਮੀਨਾ ਸਮਝਦੀ ਐਂ, ਪਰ ਤੀਜੇ ਦਿਨ ਯਾਰ ਮੈਂ ਆਪੇ ਈ ਪਿਘਲ ਗਿਆ ਤੇ ਇਕਬਾਲ ਵਿਚ ਵੀ ਜਿਵੇਂ ਜਾਨ ਪੈ ਗਈ। ਹੁਣ ਉਹ ਦੋਵੇਂ ਮੇਰੇ ਕੋਲ ਆਉਂਦੀਆਂ ਨੇ। ਕਾਪੀ ਵਿਚ ਚਿੱਠੀ ਪਾ ਕੇ ਇਕਬਾਲ ਦੇ ਜਾਂਦੀ ਐ ਤੇ ਦੂਜੇ ਦਿਨ ਆਪਣੀ ਚਿੱਠੀ ਉਸੇ ਕਾਪੀ ਵਿਚ ਪਾ ਕੇ ਮੈਂ ਉਨ੍ਹਾਂ ਨੂੰ ਮੋੜ ਦਿੰਦਾ ਹਾਂ। ਬੜਾ ਕੁਸ ਉਹ ਲਿਖਦੀ ਐ। ਬੜਾ ਕੁਸ ਮੈਂ ਲਿਖਿਐ। ਹੁਣ ਤਾਂ ਪੂਰੀ ਤਰ੍ਹਾਂ ਖੁੱਲ੍ਹ ਗਏ ਆਂ। ਯਾਰ ਲਿਖਦੀ ਬੜਾ ਸੋਹਣੈ–ਜ਼ਰੂਰ ਨਾਵਲ ਪੜ੍ਹਦੀ ਹੋਏਗੀ।'

'ਅੱਛਾ! ਅੱਛਾ! ਯਹ ਬਾਤ ਹੈ!' ਨਿਰਮਲ ਸਿੰਘ ਨੂੰ ਸੁਣ ਕੇ ਵੀ ਜਿਵੇਂ ਸੁਆਦ ਜਿਹਾ ਆ ਗਿਆ।

ਵੀਹ ਕੁ ਦਿਨਾ ਬਾਅਦ ਮਦਨ ਮੋਹਨ ਫੇਰ ਨਿਰਮਲ ਸਿੰਘ ਕੋਲ ਆਇਆ। ਇਕਬਾਲ ਸੋਢੀ ਦੀਆਂ ਗੱਲਾਂ ਬਹੁਤ ਉਹ ਕਰਦੇ ਰਹੇ। ਨਾਲ ਦੀ ਕ੍ਰਿਸ਼ਨਾ ਦੀ ਗੱਲ ਵੀ ਚੱਲ ਪੈਂਦੀ। ਗੱਲਾਂ ਗੱਲਾਂ ਵਿਚ ਮਦਨ ਮੋਹਨ ਨੇ ਨਿਰਮਲ ਸਿੰਘ ਨੂੰ ਦੱਸਿਆ–'ਯਾਰ, ਕ੍ਰਿਸ਼ਨਾ ਜਦ ਇਕਬਾਲ ਨਾਲ ਮੇਰੇ ਕੋਲ ਆਉਂਦੀ ਐ ਤਾਂ ਤੇਰਾ ਨਾਉਂ ਬੜਾ ਲੈਂਦੀ ਐ। ਕਦੇ ਪੁੱਛਦੀ ਐ–ਪ੍ਰੋ: ਨਿਰਮਲ ਸਿੰਘ ਜੀ ਹੁਣ ਕਿਹੜੇ ਕਾਲਜ ਵਿਚ ਨੇ? ਕਦੇ ਪੁੱਛਦੀ ਐ ਉਨ੍ਹਾਂ ਦੀ ਕਵਿਤਾ ਨੀ ਹੁਣ ਕਦੇ ਕਿਸੇ ਰਸਾਲੇ 'ਚ ਪੜ੍ਹੀ। ਇਕਬਾਲ ਨੇ ਅੱਡ ਹੋ ਕੇ ਵੀ ਮੈਨੂੰ ਇੱਕ ਦਿਨ ਕਿਹਾ ਸੀ ਕਿ ਪਤਾ ਨੀ ਕ੍ਰਿਸ਼ਨਾ ਕਿਉਂ ਪ੍ਰੋ: ਨਿਰਮਲ ਸਿੰਘ ਜੀ ਨੂੰ ਯਾਦ ਕਰਦੀ ਰਹਿੰਦੀ ਐ।'

ਮਦਨ ਮੋਹਨ ਦੀਆਂ ਇਹ ਗੱਲਾਂ ਸੁਣ ਕੇ ਨਿਰਮਲ ਸਿੰਘ ਵੀ ਭਾਵੁਕ ਜਿਹਾ ਹੋ ਗਿਆ। ਦੂਜੇ ਦਿਨ ਜਦ ਉਹ ਅੱਡੇ 'ਤੇ ਉਸ ਨੂੰ ਬੱਸ ਚੜ੍ਹਾਉਣ ਗਿਆ ਤਾਂ ਇੱਕ ਪਰਚੀ ਜਿਹੀ ਕ੍ਰਿਸ਼ਨਾ ਦੇ ਨਾਉਂ 'ਤੇ ਲਿਖ ਕੇ ਉਸ ਨੂੰ ਫੜਾ ਦਿੱਤੀ, ਜਿਸ ਵਿਚ ਲਿਖਿਆ ਸੀ–'ਮਦਨ ਮੋਹਨ ਤੋਂ ਤੇਰੀਆਂ ਗੱਲਾਂ ਸੁਣ ਕੇ ਮੈਨੂੰ ਤੇਰੇ ਨਾਲ ਕੁਝ ਮੋਹ ਜਿਹਾ ਹੋ ਗਿਆ ਹੈ। ਜੇ ਤੇਰੇ ਦਿਲ ਵਿਚ ਵੀ ਕੋਈ ਅੱਗ ਹੈ ਤਾਂ ਲਿਖ।'

ਕੁੜੀਆਂ ਉਹ ਦੋਵੇਂ ਵਸਾਖੀ ਵਾਲੇ ਪਿੰਡ ਦੇ ਰਹਿਣ ਵਾਲੀਆਂ ਸਨ।

ਇੱਕ ਵਾਰੀ ਫੇਰ ਜਦ ਮਦਨ ਮੋਹਨ ਨਿਰਮਲ ਸਿੰਘ ਕੋਲ ਆਇਆ ਤਾਂ ਉਹਦਾ ਚਿਹਰਾ ਉਤਰਿਆ ਹੋਇਆ ਸੀ। 'ਯਾਰ, ਤੇਰੀ ਪਰਚੀ ਜੀ ਨੇ ਤਾਂ ਵਕਾਰ ਦਾ ਸਵਾਲ ਬਣਾ 'ਤਾ। ਕ੍ਰਿਸ਼ਨਾ ਪਰਚੀ ਪੜ੍ਹਨ ਸਾਰ ਇਕਬਾਲ 'ਤੇ ਭੜਕ ਪਈ। ਕਹਿੰਦੀ–'ਮੈਂ ਹੁਣ ਤੀਕ ਉਨ੍ਹਾਂ ਨੂੰ ਟੀਚਰ ਸਮਝਦੀ ਆ ਰਹੀ ਆਂ, ਇਹ ਉਨ੍ਹਾਂ ਨੇ ਕੀ ਕੀਤਾ?' ਮੇਰੇ ਲਈ ਹੁਣ ਇਹ ਯਾਰ ਵਕਾਰ ਦਾ ਸਵਾਲ ਐ। ਖ਼ੈਰ ਇਹਦੇ ਵਿਚ ਮੈਂ ਈ ਦੋਸ਼ੀ ਆਂ, ਤੂੰ ਨਹੀਂ।'

ਮਦਨ ਮੋਹਨ ਦੀ ਇਹ ਸਾਰੀ ਗੱਲ ਸੁਣ ਕੇ ਨਿਰਮਲ ਸਿੰਘ ਦੀ ਹੋਸ਼ ਠਿਕਾਣੇ ਆ ਗਈ। ਮਦਨ ਮੋਹਨ ਤਾਂ ਚਲਿਆ ਗਿਆ, ਪਰ ਨਿਰਮਲ ਸਿੰਘ ਦੇ ਕਾਲਜੇ ਨੂੰ ਅੱਗ ਲੱਗੀ ਰਹੀ। ਕਾਲਜ ਉਹ ਜਾਂਦਾ ਤੇ ਵਿਦਿਆਰਥੀਆਂ ਨੂੰ ਉੱਖੜੇ ਉੱਖੜੇ ਲੈਕਚਰ

ਦਿੰਦਾ। ਪ੍ਰੋਫੈਸਰਾਂ ਨਾਲ ਬੇਥਵੀਆਂ ਗੱਲਾਂ ਮਾਰਦਾ। ਆਖ਼ਰ ਉਸ ਨੇ ਇੱਕ ਦਿਨ ਕਾਪੀ ਬਜ਼ਾਰੋਂ ਖਰੀਦੀ ਤੇ 'ਮੇਰੇ ਚੰਗੇ ਜੀ' ਸੰਬੋਧ ਕਰਕੇ ਤਿੰਨ ਦਿਨ ਲਿਖਦਾ ਰਿਹਾ। ਪੂਰੇ ਉਣੱਤੀ ਸਫ਼ੇ ਦੀ ਉਹ ਚਿੱਠੀ ਲਿਖ ਕੇ ਨਿਰਮਲ ਸਿੰਘ ਇੱਕ ਰਾਤ ਮਦਨ ਮੋਹਨ ਕੋਲ ਗਿਆ ਤੇ ਕ੍ਰਿਸ਼ਨਾ ਲਈ ਉਹ ਚਿੱਠੀ ਉਸ ਨੂੰ ਦੇ ਆਇਆ।

ਚਿੱਠੀ ਵਿਚ ਭਾਵੁਕ ਹੋ ਕੇ ਪਤਾ ਨਹੀਂ ਕੀ ਕੀ ਲਿਖ ਗਿਆ ਸੀ। ਆਪਣੇ 'ਤੇ ਲਾਹਣਤਾਂ ਪਾਈਆਂ ਸਨ। ਆਪਣੇ ਖ਼ਾਲੀ ਖ਼ਾਲੀ ਦਿਲ ਦੀ ਤਰਜਮਾਨੀ ਕੀਤੀ ਸੀ। ਪਛਤਾਵਾ ਸੀ ਤੇ ਕ੍ਰਿਸ਼ਨਾ ਪ੍ਰਤੀ ਪੋਲਾ ਪੋਲਾ ਤੇ ਗੁੱਝਾ ਗੁੱਝਾ ਗੁੱਸਾ ਸੀ।

ਉਣੱਤੀ ਸਫ਼ੇ ਦੀ ਉਹ ਚਿੱਠੀ ਪੜ੍ਹ ਕੇ ਕ੍ਰਿਸ਼ਨਾ ਦੇ ਪੈਰਾਂ ਥੱਲਿਓਂ ਜਿਵੇਂ ਮਿੱਟੀ ਨਿਕਲ ਗਈ। ਐਡੇ ਵੱਡੇ ਆਦਮੀ ਨੇ ਉਸ ਤੋਂ ਮਾਫ਼ੀਆਂ ਮੰਗੀਅ ਸਨ। ਕ੍ਰਿਸ਼ਨਾ ਦਾ ਮਨ ਵਹਿ ਤੁਰਿਆ। ਅਗਲੇ ਐਤਵਾਰ ਹੀ ਮਦਨ ਮੋਹਨ ਦੇ ਪਿੰਡ ਇੱਕ ਮੀਟਿੰਗ ਰੱਖੀ ਗਈ। ਇਹ ਪਿੰਡ ਵਸਾਖੀ ਵਾਲੇ ਪਿੰਡ ਤੋਂ ਕੇਵਲ ਦਸ ਮੀਲ ਦੂਰ ਸੀ। ਇਸ ਮੀਟਿੰਗ 'ਤੇ ਮਦਨ ਮੋਹਨ ਤੇ ਇਕਬਾਲ ਸੋਢੀ ਨੇ ਵੀ ਰੱਜ ਕੇ ਗੱਲਾਂ ਕਰਨੀਆਂ ਸਨ ਤੇ ਕ੍ਰਿਸ਼ਨਾ ਨੇ ਵੀ ਨਿਰਮਲ ਸਿੰਘ ਨਾਲ ਕੋਈ ਗੱਲ ਕਰਨੀ ਸੀ।

ਮਦਨ ਮੋਹਨ ਦੇ ਘਰ ਹੀ ਇੱਕ ਵੱਖਰੀ ਬੈਠਕ ਵਿਚ ਇਹ ਮੀਟਿੰਗ ਹੋਈ। ਕੁਦਰਤੀ ਤੌਰ 'ਤੇ ਇਸ ਸਮੇਂ ਪਟਿਆਲੇ ਤੋਂ ਮਦਨ ਮੋਹਨ ਦਾ ਇੱਕ ਦੋਸਤ ਵੀ ਆ ਗਿਆ। ਉਹ ਪਟਿਆਲੇ ਕਿਸੇ ਵੱਡੀ ਵਰਕਸ਼ਾਪ ਦਾ ਹੈੱਡ ਮਕੈਨਿਕ ਸੀ। ਉਹ ਬੰਦਾ ਵੀ ਇਸ਼ਕ ਵਿਚ ਮੱਚਿਆ ਹੋਇਆ ਸੀ। ਹੁਣ ਉਹ ਵਿਆਹਿਆ ਹੋਇਆ ਸੀ, ਪਰ ਵਿਆਹ ਤੋਂ ਪਹਿਲਾਂ ਉਸ ਨੇ ਇੱਕ ਲੜਕੀ ਨੂੰ ਕਈ ਸਾਲ ਰੱਜ ਕੇ ਪਿਆਰ ਕੀਤਾ ਸੀ। ਉਸ ਦੇ ਉਸ ਪਿਆਰ ਵਿਚ ਲਿੰਗ ਵਾਸ਼ਨਾ ਦਾ ਭੋਰਾ ਵੀ ਅੰਸ਼ ਨਹੀਂ ਸੀ। ਚਾਰ ਪੰਜ ਸਾਲ ਉਹ ਲਗਾਤਾਰ ਰਾਤ ਨੂੰ ਮਿਲਦੇ ਰਹੇ ਸਨ। ਰਾਤ ਨੂੰ ਉਹ ਸੌਣ ਵੇਲੇ ਦੋਵੇਂ ਆਪਣੇ ਆਪਣੇ ਘਰ ਸਾਰੇ ਟੱਬਰ ਨੂੰ ਦੁੱਧ ਵਿਚ ਇੱਕ ਐਸੀ ਦਵਾਈ ਪਿਆ ਦਿੰਦੇ, ਜਿਸ ਨਾਲ ਸਾਰੀ ਰਾਤ ਜਾਗ ਨਹੀਂ ਸੀ ਆਉਂਦੀ। ਉਹ ਇਕ ਦੂਜੇ ਲਈ ਜਾਨ ਦਿੰਦੇ ਸਨ ਤੇ ਇੱਕ ਜਾਨ ਹੋ ਗਏ। ਪਰ ਜ਼ਾਤ ਬਰਾਦਰੀ ਮਸਲਿਆਂ ਕਰਕੇ ਉਨ੍ਹਾਂ ਦਾ ਵਿਆਹ ਨਾ ਹੋ ਸਕਿਆ। ਉਹ ਅਜੇ ਵੀ ਮਹੀਨੇ ਦੋ ਮਹੀਨਿਆਂ ਬਾਅਦ ਮਿਲ ਲੈਂਦੇ ਸਨ। ਮਿਲ ਕੇ ਰੋਂਦੇ ਸਨ ਤੇ ਮਿਲ ਕੇ ਪਲ ਦੋ ਪਲ ਹੱਸਦੇ ਸਨ। ਉਸ ਦੀ ਪ੍ਰੇਮਿਕਾ ਹੁਣ ਇੱਕ ਪਟਵਾਰੀ ਨੂੰ ਵਿਆਹੀ ਹੋਈ ਸੀ ਤੇ ਉਹ ਉਸ ਨੂੰ ਮਿਲਣ ਆਇਆ ਮਦਨ ਮੋਹਨ ਨੂੰ ਮਿਲਣ ਆ ਜਾਂਦਾ ਸੀ। ਉਸ ਦੀ ਪ੍ਰੇਮਿਕਾ ਦੇ ਸਹੁਰੇ ਮਦਨ ਮੋਹਨ ਦੇ ਪਿੰਡ ਵਾਲੀ ਸੜਕ 'ਤੇ ਹੀ ਸਨ। ਸੋ, ਅੱਜ ਵੀ ਏਸੇ ਤਰ੍ਹਾਂ ਮਦਨ ਮੋਹਨ ਦਾ ਉਹ ਮਕੈਨਿਕ ਦੋਸਤ ਆ ਗਿਆ ਸੀ।

ਇਸ ਮੀਟਿੰਗ ਵਿਚ ਨਿਰਮਲ ਸਿੰਘ, ਮਦਨ ਮੋਹਨ, ਇਕਬਾਲ, ਕ੍ਰਿਸ਼ਨਾ ਤੇ ਮਕੈਨਿਕ ਦੋਸਤ ਕਈ ਘੰਟੇ ਗੱਲਾਂ ਕਰਦੇ ਰਹੇ। ਮਕੈਨਿਕ ਦੋਸਤ ਸਾਰਾ ਸਮਾਂ ਪਿਆਰ ਦੇ ਨਿਯਮ ਦੱਸਦਾ ਰਿਹਾ। ਕ੍ਰਿਸ਼ਨਾ ਕਦੇ ਰੋ ਪੈਂਦੀ ਤੇ ਕਦੇ ਚੁੱਪ ਕਰ ਜਾਂਦੀ। ਇਕਬਾਲ ਖਿੜ ਖਿੜ ਹੱਸਦੀ। ਮਦਨ ਮੋਹਨ ਚੌੜਾ ਹੋਇਆ ਬੈਠਾ ਸੀ। ਨਿਰਮਲ ਸਿੰਘ ਇਉਂ ਬੈਠਾ ਸੀ ਜਿਵੇਂ ਮੱਲੋ-ਮੱਲੀ ਫੜ ਕੇ ਬਿਠਾਇਆ ਹੋਵੇ। ਅਖ਼ੀਰ ਦੋਵੇਂ ਪ੍ਰੋਫੈਸਰਾਂ ਤੇ ਦੋਵੇਂ ਕੁੜੀਆਂ ਨੇ ਫ਼ੈਸਲਾ ਕੀਤਾ ਕਿ ਕਿ ਸ਼ਾਮੀ ਸੱਤ ਵਜੇ ਨਹਿਰ ਦੇ ਕੋਲ ਸਿਵਿਆਂ ਵਿਚ ਉੱਗੇ ਵੱਡੇ ਵੱਡੇ ਕਰੀਰਾਂ ਦੀ ਓਟ ਵਿਚ ਮਿਲਿਆ ਜਾਵੇ।

ਮਕੈਨਿਕ ਦੋਸਤ ਨੇ ਪੰਜ ਛੀ ਵਜੇ ਵਾਪਸ ਆਪਣੇ ਸ਼ਹਿਰ ਨੂੰ ਚਲਿਆ ਜਾਣਾ ਸੀ। ਕ੍ਰਿਸ਼ਨਾ ਤੇ ਇਕਬਾਲ ਬੀ. ਡੀ. ਓ. ਦੇ ਆਉਣ ਤੋਂ ਪਹਿਲਾਂ ਪਹਿਲਾਂ ਆਪਣੇ ਘਰ ਨੂੰ ਜਾ ਚੁੱਕੀਆਂ ਸਨ। ਕ੍ਰਿਸ਼ਨਾਂ ਦਾ ਮਾਮਾ ਉਸ ਪਿੰਡ ਵਿਚ ਹੈੱਡਮਾਸਟਰ ਲੱਗਿਆ ਹੋਇਆ ਸੀ। ਸੁਖਦੇਵ ਸਿੰਘ ਉਸੇ ਪਿੰਡ ਵਿਚ ਬੀ. ਡੀ. ਓ. ਤੇ ਰਹਿਣ ਵਾਲਾ ਉਹ ਵਸਾਖੀ ਵਾਲੇ ਪਿੰਡ ਦਾ ਸੀ। ਮਦਨ ਮੋਹਨ ਦਾ ਉਹ ਕਾਲਜ ਦਾ ਸਾਥੀ ਸੀ ਤੇ ਉਸ ਕੋਲ ਹੁਣ ਆਮ ਆਉਂਦਾ ਜਾਂਦਾ ਸੀ। ਮਧਰਾ ਜਿਹਾ ਕੱਦ, ਛੀਂਟਕਾ ਜਿਹਾ ਸਰੀਰ, ਦਾੜ੍ਹੀ ਮੁੱਛਾਂ ਛਾਂਟਵੀਆਂ ਤੇ ਲੁੱਚੀਆਂ ਲੁੱਚੀਆਂ ਅੱਖਾਂ। ਵਸਾਖੀ ਵਾਲੇ ਪਿੰਡ ਉਹ ਨਿੱਤ ਹੀ ਮੁੜ ਜਾਂਦਾ ਸੀ। ਦਸ ਮੀਲ ਦੀ ਤਾਂ ਸਾਰੀ ਗੱਲ ਸੀ। ਵਸਾਖੀ ਵਾਲੇ ਪਿੰਡ ਉਹ ਇੱਕ ਐਸੀ ਲੜਕੀਨੂੰ ਪਿਆਰ ਕਰਦਾ ਸੀ, ਜਿਹੜੀ ਪੜ੍ਹੀ ਹੋਈ ਤਾਂ ਅੱਠ ਨੌਂ ਜਮਾਤਾਂ ਸੀ, ਪਰ ਇਸ਼ਕ ਕਰਨ ਵਿਚ ਨਿਰੀ ਅੱਗ ਸੀ। ਦੋ ਮਹੀਨੇ ਉਨ੍ਹਾਂ ਦਾ ਚਿੱਠੀਆਂ ਰਾਹੀਂ ਸਿਲਸਲਾ ਚੱਲਦਾ ਰਿਹਾ, ਪਰ ਹੁਣ ਉਹ ਉਸ ਕੁੜੀ ਨੂੰ ਪੰਜਵੇਂ  ਸੱਤਵੇਂ ਦਿਨ ਅੱਧੀ ਰਾਤ ਪਹਿਰ ਦੇ ਤੜਕੇ ਉਸ ਦੇ ਘਰ ਹੀ ਜਾ ਮਿਲਦਾ ਸੀ। ਨਿੱਕੇ ਜਿਹੇ ਕੱਦ ਵਾਲੀ ਉਹ ਕੁੜੀ ਦਲੇਰ ਬੜੀ ਸੀ। 'ਨਾ ਬਾਬਾ ਗੁਰੂ' 'ਨਾ ਬਾਬਾ ਗੁਰੂ' ਕਰਦੀ ਕਰਦੀ ਵੀ ਉਹ ਸਭ ਕੁਝ ਕਰ ਲੈਂਦੀ ਸੀ। ਉਸ ਕੁੜੀ ਦੀ ਇੱਕ ਹੋਰ ਕੁੜੀ ਦੋਸਤ ਸੀ। ਉਸ ਕੁੜੀ ਦਾ ਨਾਉਂ ਮੰਜਰੀ ਸੀ। ਮੰਜਰੀ ਛੋਟੇ ਜਿਹੇ ਸਰੀਰ ਦੀ ਗਿੱਠਲ ਜਿਹੀ, ਰੰਗ ਗੋਰਾ ਤੇ ਅੱਖਾਂ ਮਸ਼ਾਲਾਂ ਵਾਂਗ ਮਚਦੀਆਂ ਸਨ। ਉਹ ਹਰ ਵੇਲੇ ਟਪੂੰ ਟਪੂੰ ਕਰਦੀ ਰਹਿੰਦੀ। ਮੰਜਰੀ ਤੇ ਉਹ ਕੁੜੀ ਚੋਰੀਓ ਜਦ ਕਿਤੇ ਮਿਲਦੀਆਂ ਤਾਂ ਆਪਣੇ ਆਪਣੇ ਇਸ਼ਕ ਦੀਆਂ ਗੱਲਾਂ ਕਰਦੀਆਂ ਤੇ ਸਿਗਰਟਾਂ ਪੀਂਦੀਆਂ। ਮੰਜਰੀ ਉਥੋਂ ਦੇ ਇੱਕ ਐੱਲ. ਐੱਸ. ਨਾਲ ਫਸੀ ਹੋਈ ਸੀ। ਐੱਲ. ਐੱਸ ਦੀ ਘਰ ਵਾਲੀ ਅਗਾਂਹ ਮੰਜਰੀ ਦੇ ਬੁੱਢੇ ਪਿਓ ਨਾਲ ਇਸ਼ਕ ਕਰਦੀ ਸੀ। ਮੰਜਰੀ ਹੁਣ ਕਿਸੇ ਵੱਡੇ ਸ਼ਹਿਰ ਵਿਚ ਮੈਡੀਕਲ ਕਾਲਜ ਵਿੱਚ ਪੜ੍ਹਦੀ ਸੀ। ਓਥੋਂ ਉਸ ਨੇ ਬੀ. ਡੀ. ਓ. ਵਾਲੀ ਉਸ ਕੁੜੀ ਨੂੰ ਚਿੱਠੀ ਲਿਖੀ ਸੀ ਕਿ ਉਹ ਪ੍ਰੋ: ਮਦਨ ਮੋਹਨ ਸਿੰਘ ਨਾਲ ਉਸ ਦਾ ਪਿਆਰ, ਸੁਖਦੇਵ ਸਿੰਘ ਨੂੰ ਕਹਿ ਕੇ ਸ਼ੁਰੂ ਕਰਵਾ ਦੇਵੇ।

ਸੁਖਦੇਵ ਸਿੰਘ ਅੱਜ ਮੰਜਰੀ ਦਾ ਇਹ ਸੰਦੇਸ਼ ਲੈ ਕੇ ਮਦਨ ਮੋਹਨ ਕੋਲ ਆਇਆ ਸੀ। ਸੁਖਦੇਵ ਸਿੰਘ, ਨਿਰਮਲ ਸਿੰਘ ਤੇ ਮਦਨ ਮੋਹਨ ਚਾਹ ਪੀਂਦੇ ਰਹੇ ਤੇ ਸਧਾਰਨ ਗੱਲਾਂ ਕਰਦੇ ਰਹੇ। ਓਧਰ ਸੱਤ ਵਜੇ ਸ਼ਾਮ ਦਾ ਟਾਈਮ ਹੁੰਦਾ ਜਾਂਦਾ ਸੀ। ਮਦਨ ਮੋਹਨ ਨੇ ਬਹਾਨਾ ਘੜ ਕੇ ਸੁਖਦੇਵ ਸਿੰਘ ਨੂੰ ਪਿਛਲੀ ਬੱਸ ਵਸਾਖੀ ਵਾਲੇ ਪਿੰਡ ਤੋਰ ਦਿੱਤਾ। ਬਹਾਨੇ ਘੜਨ ਤੇ ਨਵੀਆਂ ਨਵੀਆਂ ਸਕੀਮਾਂ ਤਿਆਰ ਕਰਨ ਵਿਚ ਮਦਨ ਮੋਹਨ ਬੜਾ ਤਿੱਖਾ ਸੀ। ਨਿਰਮਲ ਸਿੰਘ ਤਾਂ ਨਿਰਾ ਸੱਚ ਪੁੱਤਰ ਸੀ।

ਸੱਤ ਵਜੇ ਸ਼ਾਮ ਸਿਵਿਆਂ ਵਿਚ ਵੱਡੇ ਵੱਡੇ ਕਰੀਰਾਂ ਦੀ ਓਟ ਵਿਚ ਮਦਨ ਮੋਹਨ ਤੇ ਇਕਬਾਲ ਇੱਕ ਬਹੁਤ ਵੱਡੇ ਕਰੀਰ ਦੀਆਂ ਪਲੂਹਮਣਾ ਹੇਠ ਪਤਾ ਨਹੀਂ ਕੀ ਕਰਦੇ ਰਹੇ ਤੇ ਨਿਰਮਲ ਸਿੰਘ ਤੇ ਕ੍ਰਿਸ਼ਨਾ ਸਿਵਿਆਂ ਦੀ ਧਰਤੀ 'ਤੇ ਅੱਘੜ ਦੁੱਘੜ ਉੱਘੇ ਘਾਹ ਦੀ ਗੋਦੀ ਵਿਚ ਗੁੰਮ ਸੁੰਮ ਬੈਠੇ ਰਹੇ। ਕਦੇ ਕਦੇ ਨਿਰਮਲ ਸਿੰਘ ਟੁੱਟੀ ਜਿਹੀ ਗੱਲ ਕਰਦਾ ਤੇ ਕ੍ਰਿਸ਼ਨਾ ਅੱਖਾਂ ਪੂੰਝ ਕੇ ਉਸ ਦਾ ਅੱਧਾ ਪਚੱਧਾ ਜਵਾਬ ਦੇ ਦਿੰਦੀ। ਆਖ਼ਰ ਅਧੂਰੀਆਂ ਜਿਹੀਆਂ ਗੱਲਾਂ ਪਿੱਛੋਂ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਚਿੱਠੀ ਪੱਤਰ

ਕਰਦੇ ਰਿਹਾ ਕਰਨਗੇ ਤੇ ਆਪਣੇ ਪਿਆਰ ਨੂੰ ਇੱਕ ਪਵਿੱਤਰ ਰਿਸ਼ਤਾ ਬਣਾਈ ਰੱਖਣਗੇ। ਕ੍ਰਿਸ਼ਨਾ ਨੇ ਨਿਸ਼ਾਨੀ ਵਜੋਂ ਨਿਰਮਲ ਸਿੰਘ ਨੂੰ ਇੱਕ ਰੁਮਾਲ ਦਿੱਤਾ। ਰੁਮਾਲ ਉਹ ਕਾਫ਼ੀ ਚੌੜਾ ਸੀ, ਜਿਸ ਨੂੰ ਮਖ਼ੌਲ ਵਜੋਂ ਨਿਰਮਲ ਸਿੰਘ ਤੌਲੀਏ ਵਰਗਾ ਰੁਮਾਲ ਕਹਿੰਦਾ ਹੁੰਦਾ। ਨਿਰਮਲ ਸਿੰਘ ਨੇ ਜਵਾਬ ਵਿਚ ਕ੍ਰਿਸ਼ਨਾ ਨੂੰ ਨਵਾਂ ਖਰੀਦਿਆ ਇੱਕ ਪੈੱਨ ਆਪਣੇ ਕੋਟ ਨਾਲੋਂ ਲਾਹ ਕੇ ਦੇ ਦਿੱਤਾ। ਐਨੇ ਨੂੰ ਮਦਨ ਮੋਹਨ ਵੱਡੇ ਵੱਡੇ ਕਰੀਰਾਂ ਦੀਆਂ ਜੜ੍ਹਾਂ ਵਿਚੋਂ ਇਕਬਾਲ ਨੂੰ ਕੱਢ ਲਿਆਇਆ। ਸਿਵਿਆਂ ਦੀ ਉਸ ਉਜਾੜ ਧਰਤੀ ਤੋਂ ਰਾਤ ਦੇ ਪੂਰੇ ਹਨੇਰੇ ਵਿਚ ਚਾਰ ਬੁੱਤ ਦੋ ਦੋ ਕਰਕੇ ਆਪੋ ਆਪਣੇ ਘਰੀਂ ਆ ਵੜੇ।

ਨਿਰਮਲ ਸਿੰਘ ਤੇ ਮਦਨ ਮੋਹਨ ਜਦ ਘਰ ਪਹੁੰਚੇ ਤਾਂ ਉਨ੍ਹਾਂ ਦੇ ਆਉਂਦਿਆਂ ਨੂੰ ਲੁਧਿਆਣੇ ਤੋਂ ਕਰਨੈਲ ਸਿੰਘ ਆਇਆ ਬੈਠਾ ਸੀ। ਉਹ ਵਸਾਖੀ ਵਾਲੇ ਪਿੰਡ ਦੇ ਕਾਲਜ ਵਿਚ ਡੀ. ਪੀ. ਈ. ਲੱਗਿਆ ਹੋਇਆ ਤੇ ਹੁਣ ਲੁਧਿਆਣੇ ਬੀ. ਐੱਡ. ਕਰਦਾ ਸੀ। ਉਹ ਕਹਿੰਦਾ ਹੁੰਦਾ ਡੀ. ਪੀ. ਈ. ਤਾਂ ਕਾਲਜ ਵਿਚ ਹੈੱਡ ਪੀਅਨ ਹੁੰਦਾ ਹੈ। ਏਸੇ ਕਰਕੇ ਉਹ ਬੀ. ਐੱਡ. ਦਾ ਕੋਰਸ ਕਰਨ ਚਲਿਆ ਗਿਆ ਸੀ। ਭਾਵੇਂ ਬੀ. ਐੱਡ. ਵਿਚ ਵਸਾਖੀ ਵਾਲੇ ਪਿੰਡ ਹੀ ਦਾਖਲ ਹੋ ਜਾਂਦਾ ਪਰ ਉਹ ਸੰਗਦਾ ਲੁਧਿਆਣੇ ਜਾ ਦਾਖ਼ਲ ਹੋਇਆ ਸੀ। ਆਪਣੇ ਸਾਥੀ ਪ੍ਰੋਫੈਸਰਾਂ ਦਾ ਉੱਥੇ ਰਹਿ ਕੇ ਉਹ ਕਿੰਨਾ ਕੁ ਆਗਿਆਕਾਰੀ ਹੁੰਦਾ? ਕਰਨੈਲ ਨੇ ਆਪਣੀ ਚੜ੍ਹਦੀ ਜਵਾਨੀ ਵਿਚ ਫ਼ਰੀਦਕੋਟ ਇੱਕ ਜੱਟਾਂ ਦੀ ਕੁੜੀ ਨੂੰ ਪਿਆਰ ਕੀਤਾ ਸੀ। ਦੋਵਾਂ ਦਾ ਪਿਆਰ ਬੇਅੰਤ ਸੀ। ਕਰਨੈਲ ਖੱਤਰੀਆਂ ਦਾ ਮੁੰਡਾ ਸੀ। ਜਿੱਦਣ ਉਸ ਕੁੜੀ ਨੂੰ ਪਤਾ ਲੱਗਿਆ, ਉਹ ਉਸੇ ਦਿਨ ਕਰਨੈਲ ਨੂੰ ਸਦਾ ਲਈ ਛੱਡ ਗਈ।

ਹੁਣ ਕਰਨੈਲ ਸਿੰਘ ਲੁਧਿਆਣੇ ਇੱਕ ਹੋਰ ਕੁੜੀ ਨੂੰ ਪਿਆਰ ਕਰਦਾ ਸੀ, ਜਿਹੜੀ ਉਸ ਨਾਲ ਬੀ. ਐੱਡ. ਵਿਚ ਹੀ ਪੜ੍ਹਦੀ ਸੀ। ਕੁੜੀ ਉਹ ਦਿੱਲੀ ਦੇ ਰਹਿਣ ਵਾਲੀ ਸੀ। ਸ਼ਸ਼ੀ ਕਾਂਤਾ ਨਾਉਂ ਤੇ ਕਰਨੈਲ ਸਿੰਘ ਦਾ ਸਭ ਕੁਝ ਉਸ ਕੁੜੀ ਨੈ ਮੋਹ ਲਿਆ ਸੀ। ਉਹ ਖ਼ਰਚ ਕਰਦਾ ਸੀ ਉਸ ਕੁੜੀ ’ਤੇ ਬੇਥਾਹ। ਨੰਗ ਹੋ ਗਿਆ ਸੀ ਤੇ ਅੱਜ ਮਦਨ ਮੋਹਨ ਤੋਂ ਦੋ ਸੌ ਰੁਪਿਆ ਹੱਥ ਉਧਾਰ ਫੜਨ ਆਇਆ ਸੀ।

ਰਾਤ ਨੂੰ ਤਿੰਨਾਂ ਨੇ ਸ਼ਰਾਬ ਪੀਤੀ ਤੇ ਉਲਟ ਸੁਲਟ ਗੱਲਾਂ ਕਰਕੇ ਸੌਂ ਗਏ। ਕਰਨੈਲ ਸਿੰਘ ਓਦਣ ਉਨ੍ਹਾਂ ਵਿਚ ਮੱਲੋ ਮੱਲੀ ਆ ਫਸਿਆ ਸੀ। ਨਾ ਉਹ ਨੂੰ ਇਕਬਾਲ ਦਾ ਪਤਾ ਸੀ, ਨਾ ਕ੍ਰਿਸ਼ਨਾ ਦਾ।

ਨਿਰਮਲ ਸਿੰਘ ਨੂੰ ਬੱਸ ਚੜ੍ਹਾਉਣ ਜਦ ਮਦਨ ਮੋਹਨ ਆਇਆ ਤਾਂ ਨਿਰਮਲ ਸਿੰਘ ਨੇ ਪੂਰਾ ਗੰਭੀਰ ਹੋ ਕੇ ਉਸ ਦਾ ਮੋਢਾ ਝੰਜੋੜਿਆ–‘ਮਦਨ। ਤੇਰਾ ਤੇ ਮੇਰਾ ਲੋਕਾਂ ਵਿਚ ਸਤਿਕਾਰ ਬਹੁਤ ਐ। ਇਨ੍ਹਾਂ ਛੋਕਰੀਆਂ ਦੇ ਮਗਰ ਲੱਗ ਕੇ ਕਿਤੇ ਆਪਣੀ ਪੱਟੀ ਮੇਸ ਨਾ ਹੋ ਜੇ। ਕੁੜੀ ਦੇ ਪਿਆਰ ਨਾਲੋਂ ਇੱਜ਼ਤ ਦੀ ਗੱਲ ਸਾਹਮਣੇ ਰੱਖੀਂ। ਦੇਖੀਂ ਕਿਤੇ ਬਦਨਾਮ ਨਾ ਹੋ ਜੀ। ਮੈਂ ਤਾਂ ਇਨ੍ਹਾਂ ਕੁੜੀਆਂ ਦੇ ਛਿਨ ਭੰਗਰ ਇਸ਼ਕ ’ਤੇ ਧਾਰ ਵੀ ਨੀ ਮਾਰਦਾ, ਜੇ ਵਕਾਰ ਖ਼ਤਰੇ ’ਚ ਪੈਂਦਾ ਹੋਵੇ।’

ਕਈ ਦਿਨਾਂ ਬਾਅਦ ਮਦਨ ਮੋਹਨ ਦੀ ਇੱਕ ਚਿੱਠੀ ਨਿਰਮਲ ਸਿੰਘ ਨੂੰ ਆਈ, ਜਿਸ ਵਿਚ ਲਿਖਿਆ ਸੀ ਕਿ ‘ਮੇਰੀਆਂ ਪਿਆਰ ਪੀਂਘਾਂ ਇਕਬਾਲ ਨਾਲ ਬਹੁਤ ਚੜ੍ਹ

ਚੁੱਕੀਆਂ ਸਨ। ਕ੍ਰਿਸ਼ਨਾ ਉਸ ਦੇ ਨਾਲ ਹੀ ਆ ਕੇ ਮਿਲਦੀ ਹੈ। ਕ੍ਰਿਸ਼ਨਾ ਦੀਆਂ ਚਾਰ ਵੱਡੀਆਂ ਚਿੱਠੀਆਂ ਤੇਰੇ ਨਾਂ ਆਈਆਂ ਪਈਆਂ ਹਨ। ਕ੍ਰਿਸ਼ਨਾ ਨੇ ਤੇਰੇ ਲਈ ਇੱਕ ਟੈਰਾਲਿਨ ਦਾ ਬੁਸ਼ਰਟ ਦਿੱਤਾ ਹੈ। ਮੈਂ ਇਕਬਾਲ ਨੂੰ ਇੱਕ ਸੋਨੇ ਦੀ ਛਾਪ ਵੀ ਦਿੱਤੀ ਹੈ।' ਮਦਨ ਮੋਹਨ ਨੇ ਇਹ ਵੀ ਲਿਖਿਆ ਸੀ ਕਿ 'ਮਿਲਿਆ ਤਾਂ ਭਾਵੇਂ ਖੁੱਲ੍ਹ ਕੇ ਨਹੀਂ ਜਾਂਦਾ, ਪਰ ਚਿੱਠੀ ਦਾ ਸਿਲਸਿਲਾ ਨਿੱਤ ਸਰਕਾਰੀ ਡਾਕ ਵਾਂਗ ਚੱਲਦਾ ਹੈ।' ਅਖ਼ੀਰ ਵਿਚ ਉਸ ਨੇ ਲਿਖਿਆ ਸੀ ਕਿ 'ਨਿਰਮਲ ਸਿੰਘ ਵਸਾਖੀ ਵਾਲੇ ਪਿੰਡ ਇੱਕ ਰਾਤ ਕੱਟ ਕੇ ਲੋਕਾਂ ਨੂੰ ਸੁੰਘੇ ਕਿ ਕਿਤੇ ਕੋਈ ਉਨ੍ਹਾਂ ਦੀ ਗੱਲ ਤਾਂ ਨਹੀਂ ਕਰਦਾ?'

ਇਸ ਚਿੱਠੀ ਦੇ ਮਿਲਣ ਤੋਂ ਤੀਜੇ ਦਿਨ ਹੀ ਨਿਰਮਲ ਸਿੰਘ ਵਸਾਖੀ ਵਾਲੇ ਪਿੰਡ ਆ ਗਿਆ। ਪੁਰਾਣੇ ਯਾਰ ਦੋਸਤਾਂ ਨਾਂਲ ਪੀਤੀ ਤੇ ਸੁੰਘਿਆ-ਕੋਈ ਵੀ ਗੱਲ ਮਦਨ ਮੋਹਨ ਦੀ ਨਹੀਂ ਸੀ ਹੋਈ। ਉੱਥੇ ਦੂਜੇ ਦਿਨ ਇਕਬਾਲ ਸਾਈਕਲੌਜੀ ਦੇ ਕਈ ਕਈ ਔਖੇ ਸਵਾਲ ਸਮਝਣ ਲਈ ਪ੍ਰੋ: ਨਿਰਮਲ ਸਿੰਘ ਨੂੰ ਪ੍ਰੋ: ਮਦਨ ਸਿੰਘ ਦੇ ਸਮੇਤ ਘਰ ਸੱਦ ਲਿਆ। ਕ੍ਰਿਸ਼ਨਾ ਵੀ ਓਥੇ ਹੀ ਆ ਗਈ ਝਾਕ ਝਕਈਏ ਤੋਂ ਵੱਧ ਹੋਰ ਕੋਈ ਗੱਲ ਨਾ ਹੋ ਸਕੀ।

'ਇਕਬਾਲ ਨਾਲ ਜਿਹੜਾ ਤੇਰਾ ਚਿੱਠੀ ਪੱਤਰ ਚੱਲਦੈ, ਏਸ ਨੂੰ ਕਦੇ ਥੋਡੇ ਪ੍ਰਿੰਸੀਪਲ 'ਖੁਰਾਣਾ' ਨੇ ਚੈੱਕ ਨੀ ਕੀਤਾ?' ਨਿਰਮਲ ਸਿੰਘ ਨੇ ਮਦਨ ਮੋਹਨ ਤੋਂ ਸਧਾਰਨ ਪੁੱਛਿਆ।

'ਪ੍ਰਿੰਸੀਪਲ 'ਖੁਰਾਣਾ' ਨੂੰ ਤਾਂ ਆਪ ਈ ਵਿਹਲ ਨੀ ਮਿਲਦੀ। ਸਾਰਾ ਸਾਰਾ ਦਿਨ ਦਫ਼ਤਰ 'ਚ ਬੈਠਾ ਮਾਡਲ ਸਕੂਲ ਦੀ ਮੈਡਮ ਨੂੰ ਬੁਲਾ ਕੇ ਗੱਲਾਂ ਮਾਰਦਾ ਰਹਿੰਦੈ।' ਮਦਨ ਮੋਹਨ ਨੇ ਜਵਾਬ ਦਿੱਤਾ।

''ਖੁਰਾਣਾ? ਖੁਰਾਣਾ ਤਾਂ ਯਾਰ ਇਹਾ ਜਾ ਲੱਗਦਾ ਨੀ।' ਨਿਰਮਲ ਸਿੰਘ ਨੇ ਪੱਕੀ ਗੱਲ ਪੁੱਛਣੀ ਚਾਹੀ।

'ਲੈ.. ਫੱਕੀ ਉੱਡੀ ਪਈ ਐ।' ਮਦਨ ਮੋਹਨ ਬੋਲਿਆ ਤੇ ਦੱਸਿਆ ਕਿ ਇੱਕ ਦਿਨ ਦੀ ਕਿਸੇ ਬੰਦੇ ਦੀ ਅੱਖੀਂ ਦੇਖੀ ਗੱਲ ਐ-ਖੁਰਾਣਾ ਤੇ ਮੈਡਮ ਉਨ੍ਹਾਂ ਦੇ ਮਾਡਲ ਸਕੂਲ ਦੇ ਦਫ਼ਤਰ ਵਿਚ ਬੈਠੇ ਸੰਗਤਰਿਆਂ ਦੀਆਂ ਫਾੜੀਆਂ ਇੱਕ ਦੂਜੇ ਦੇ ਹੱਥੋਂ ਖੋਹ ਖੋਹ ਕੇ ਖਾ ਰਹੇ ਸਨ। ਦਫ਼ਤਰ ਦਾ ਇੱਕ ਦਰਵਾਜ਼ਾ ਬੰਦ ਸੀ। ਬਾਹਰੋਂ ਕਿਸੇ ਨੇ ਦਰਵਾਜ਼ਾ ਖੜਕਾਇਆ। ਖੁਰਾਣਾ ਚਿਟਕਣੀ ਖੋਲ੍ਹੇ, ਚਿਟਕਣੀ ਖੁੱਲ੍ਹੇ ਨਾ। ਉਸ ਦੀ ਵੱਖੀ ਵਿਚ ਚੂੰਢੀ ਵੱਢ ਕੇ ਤਿੱਖੇ ਨੱਕ ਵਾਲੀ ਮੈਡਮ ਕਹਿੰਦੀ-'ਬੰਦੇ ਦਾ ਪੁੱਤ ਹੋ ਕੇ ਨਿੱਕੀ ਜਿਹੀ ਚਿਟਕਣੀ ਨੀ ਖੁੱਲ੍ਹਦੀ, ਹੋਰ ਕੀ ਤੂੰ ਲੱਲ੍ਹਰ ਲਾਏਂਗਾ।' ਤੇ ਮੈਡਮ ਨੇ ਚਿਟਕਣੀ ਖੋਲ੍ਹ ਦਿੱਤੀ ਤੇ ਦੱਸ ਫੇਰ, 'ਖੁਰਾਣਾ' ਜਿਹੜਾ ਮੈਡਮ ਤੋਂ ਵੱਖੀਆਂ 'ਚ ਚੂੰਢੀਆਂ ਵਢਾਉਂਦੈ ਹੋਰ ਕੀ ਉਹ ਮਹਾਤਮਾ ਗਾਂਧੀ ਐ?'

ਦਸ ਕੁ ਦਿਨਾਂ ਬਾਅਦ ਮਦਨ ਮੋਹਨ ਨੇ ਇੱਕ ਮੀਟਿੰਗ ਆਪਣੇ ਪਿੰਡ ਹੋਰ ਰੱਖ ਲਈ। ਇਸ ਮੀਟਿੰਗ ਵਿਚ ਇਕਬਾਲ ਤਾਂ ਨਾ ਆ ਸਕੀ, ਕ੍ਰਿਸ਼ਨਾ ਇਕੱਲੀ ਆਈ। ਸਬੱਬ ਨਾਲ ਉਹੀ ਮਕੈਨਿਕ ਦੋਸਤ ਫੇਰ ਆ ਧਮਕਿਆ। ਮਦਨ ਮੋਹਨ ਦੇ ਘਰ ਤੋਂ ਚੌਥੇ ਅਗਵਾੜ ਇੱਕ ਤੂੜੀ ਵਾਲੇ ਕੋਠੇ ਵਿਚ ਇਹ ਮੀਟਿੰਗ ਹੋਈ। ਮਕੈਨਿਕ ਦੋਸਤ ਤੇ ਮਦਨ ਮੋਹਨ ਤਾਂ ਹੋਰ ਥਾਂ ਬੈਠੇ ਰਹੇ ਅਤੇ ਨਿਰਮਲ ਸਿੰਘ ਤੇ ਕ੍ਰਿਸ਼ਨਾ ਪਿਆਰ ਦੀਆਂ

ਦਾਰਸ਼ਨਿਕ ਗੱਲਾਂ ਅਲਜਬਰੇ ਦਾ ਸਵਾਲ ਸਮਝਣ ਵਾਂਗ ਕਰਦੇ ਰਹੇ। ਕ੍ਰਿਸ਼ਨਾ ਗੱਲ ਗੱਲ ਵਿਚ ਅੱਖਾਂ ਭਰ ਲੈਂਦੀ ਸੀ। ਨਿਰਮਲ ਸਿੰਘ ਨੂੰ ਖੁੱਲ੍ਹ ਕੇ ਗੱਲ ਕਰਨ ਦੀ ਚੱਸ ਸੀ। ਉਸ ਦਿਨ ਉਸ ਨੇ ਕ੍ਰਿਸ਼ਨਾ ਨੂੰ ਹੱਥ ਲਾ ਕੇ ਵੀ ਨਾ ਦੇਖਿਆ। ਤਿੰਨ ਘੰਟੇ ਦੀ ਇਸ ਖੁਸਰੀ ਜਿਹੀ ਮੀਟਿੰਗ ਤੋਂ ਬਾਅਦ ਕ੍ਰਿਸ਼ਨਾ ਆਪਣੇ ਮਾਮੇ ਦੇ ਘਰ ਨੂੰ ਚਲੀ ਗਈ ਤੇ ਉਹ ਤਿੰਨੇ ਮਦਨ ਮੋਹਨ ਦੇ ਘਰ ਨੂੰ। ਜਦ ਉਹ ਤਿੰਨੇ ਘਰ ਪਹੁੰਚੇ ਤਾਂ ਮਦਨ ਮੋਹਨ ਦੀ ਅਤਿ ਸਿਆਣੀ ਮਾਂ ਕੁਦਾੜ ਕੇ ਮਦਨ ਮੋਹਨ 'ਤੇ ਚੜ੍ਹ ਗਈ। ਜਦ ਉਹ ਬਾਹਰਲੇ ਘਰਾਂ ਵੱਲ ਤੂੜੀ ਵਾਲੇ ਕੋਠੇ ਵਿਚ ਮੀਟਿੰਗ ਵਿਚ ਰੁੱਝੇ ਹੋਏ ਸਨ ਤਾਂ ਓਧਰ ਕ੍ਰਿਸ਼ਨਾ ਦਾ ਮਾਮਾ ਤਿੰਨ ਵਾਰੀ ਮਦਨ ਮੋਹਨ ਦੇ ਘਰ ਦਾ ਪਤਾ ਲੈ ਗਿਆ ਸੀ, ਪੁੱਛਦਾ ਸੀ– 'ਕ੍ਰਿਸ਼ਨਾ ਐਥੋਂ ਦਾ ਨਾਂ ਲੈ ਕੇ ਆਈ ਐ ਪੜ੍ਹਨ। ਪ੍ਰੋਫੈਸਰ ਸਾਹਿਬ ਆਪ ਸੱਦ ਕੇ ਲਿਆਏ ਐ।' ਘਰ ਵਿਚ ਸੋਗ ਪਿਆ ਦੇਖ ਕੇ ਮਕੈਨਿਕ ਦੋਸਤ ਤੇ ਪ੍ਰੋ: ਨਿਰਮਲ ਸਿੰਘ ਜੀ ਤਾਂ ਉਸ ਵੇਲੇ ਉਥੋਂ ਖਿਸਕ ਗਏ। ਮਾਮੇ ਦੇ ਘਰ ਕ੍ਰਿਸ਼ਨਾ ਨਾਲ ਪਤਾ ਨਹੀਂ ਕਿਹੋ ਜਿਹਾ ਵਰਤਾਓ ਹੋਇਆ।

ਨਿਰਮਲ ਸਿੰਘ ਨੇ ਆਉਣ ਸਾਰ ਕ੍ਰਿਸ਼ਨਾ ਦੀਆਂ ਸਾਰੀਆਂ ਚਿੱਠੀਆਂ ਟੁਕੜੇ ਟੁਕੜੇ ਕਰ ਕੇ ਚੁੱਲ੍ਹੇ ਦੀ ਭੇਟ ਕਰ ਦਿੱਤੀਆਂ।

ਉੱਧਰੋਂ ਮਦਨ ਮੋਹਨ ਦੀ ਚਿੱਠੀ ਆਈ–'ਮੈਂ ਤੇਰੇ ਕਹਿਣ 'ਤੇ ਇਕਬਾਲ ਦੀਆਂ ਪਚਵੰਜਾ ਚਿੱਠੀਆਂ ਛਾਤੀ 'ਤੇ ਪੱਥਰ ਰੱਖ ਕੇ ਪਾੜ ਦਿੱਤੀਆਂ ਹਨ ਤੇ ਨਹਿਰ ਦੀ ਭੇਟਾ ਕਰ ਦਿੱਤੀਆਂ ਹਨ। ਹੁਣ ਅੱਗੇ ਤੋਂ ਜਿਹੜੀ ਚਿੱਠੀ ਉਸ ਦੀ ਆਵੇਗੀ, ਉਸ ਨੂੰ ਪਾੜ ਕੇ ਘਰ ਵਾਲੀ ਖੂਹੀ ਵਿਚ ਹੀ ਸਿੱਟ ਲਿਆ ਕਰਾਂਗਾ। ਇਸ ਖੂਹੀ ਦਾ ਪਾਣੀ ਮੈਂ ਪੀਂਦਾ ਹਾਂ। ਇਕਬਾਲ ਦੀਆਂ ਚਿੱਠੀਆਂ ਦੇ ਤਵੀਤ ਪੀ ਕੇ ਮੈਨੂੰ ਵਿਸ਼ਵਾਸ ਹੈ ਕਿ ਮੇਰੇ ਇਸ਼ਕ ਨੂੰ ਸੋਕੇ ਦੀ ਬਿਮਾਰੀ ਨਹੀਂ ਲੱਗੇਗੀ। ਚਿੱਠੀ ਦੇ ਅੰਤ ਵਿਚ ਉਸ ਨੇ ਭਾਵੁਕ ਹੋ ਕੇ ਲਿਖਿਆ ਸੀ ਕਿ ਜਿਸ ਰਾਤ ਉਸ ਨੇ ਚਿੱਠੀਆਂ ਪਾਣੀ ਦੀ ਭੇਟ ਕੀਤੀਆਂ, ਉਸ ਰਾਤ ਗੁਰਦੁਆਰੇ ਲਾਊਡ ਸਪੀਕਰ 'ਤੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਗੂੰਜ ਰਿਹਾ ਸੀ ਤੇ ਉਸ ਨੂੰ ਚਿੱਠੀਆਂ ਦੇ ਟੁਕੜੇ ਪਾਣੀ ਦੀ ਹਿੱਕ 'ਤੇ ਤੁਰੇ ਜਾਂਦੇ ਇਉਂ ਲੱਗਦੇ ਸਨ, ਜਿਵੇਂ ਕਿਸ਼ਤੀਆਂ ਵਿਚ ਕਿਸੇ ਉੱਜੜੇ ਜਾਂਦੇ ਕਾਫ਼ਲੇ ਦਾ ਸਮਾਨ ਲੱਦਿਆ ਜਾ ਰਿਹਾ ਹੋਵੇ।

ਓਧਰ ਇਕਬਾਲ ਦੇ ਘਰ ਵੀ ਕਜੀਆ ਛਿੜ ਗਿਆ ਸੀ। ਉਸ ਦਾ ਪਿਤਾ ਕਹਿੰਦਾ ਸੀ–'ਪ੍ਰੋ: ਮਦਨ ਮੋਹਨ ਦਾ ਚੌਥੇ ਪੰਜਵੇਂ ਦਿਨ ਘਰ ਆਉਣ ਦਾ ਕੀ ਮਤਲਬ? ਪੜ੍ਹਨੈ ਤਾਂ ਕਾਲਜ ਵਿਚ ਪੜ੍ਹੋ, ਪੜ੍ਹਾਓ।'

ਕ੍ਰਿਸ਼ਨਾ ਦੇ ਗਵਾਂਢ ਵਿਚ ਇੱਕ ਵਿਆਹ ਸੀ। ਮਦਨ ਮੋਹਨ ਵੀ ਉਸ ਵਿਆਹ ਵਿਚ ਸ਼ਾਮਲ ਸੀ। ਕ੍ਰਿਸ਼ਨਾ ਤੇ ਇਕਬਾਲ ਨੇ ਇੱਕ ਸਾਂਝੀ ਚਿੱਟ ਇੱਕ ਛੋਕਰੇ ਦੇ ਹੱਥ ਮਦਨ ਮੋਹਨ ਨੂੰ ਫੜਾਉਣੀ ਚਾਹੀ। ਚਿੱਟ ਫੜਾਉਂਦੇ ਉਸ ਛੋਕਰੇ ਨੂੰ ਕ੍ਰਿਸ਼ਨਾ ਦੇ ਇੱਕ ਗਵਾਂਢੀ ਮੁੰਡੇ ਨੇ ਦੇਖ ਲਿਆ ਤੇ ਚਿੱਟ ਖੋਹ ਲਈ। ਫੇਰ ਤਾਂ ਪਤਾ ਲੱਗਣ 'ਤੇ ਕ੍ਰਿਸ਼ਨਾ ਦੇ ਪਿਤਾ ਨੇ ਕ੍ਰਿਸ਼ਨਾ 'ਤੇ ਉਹ ਗਜ਼ਬ ਲਿਆਂਦਾ ਕਿ ਰਹੇ ਰੱਬ ਦਾ ਨਾਉਂ। ਡਰ ਕੇ ਕ੍ਰਿਸ਼ਨਾ ਨੇ ਪ੍ਰੋ: ਨਿਰਮਲ ਸਿੰਘ ਦੀਆਂ ਸਾਰੀਆਂ ਚਿੱਠੀਆਂ ਪੁਰਜ਼ਾ ਪੁਰਜ਼ਾ ਕਰ ਦਿੱਤੀਆਂ।

ਹੁਣ ਪੂਰਾ ਬਲੈਕ ਆਊਟ ਸੀ।

ਪ੍ਰੋ: ਨਿਰਮਲ ਸਿੰਘ ਸੋਚਦਾ ਸੀ–''ਕਿੱਥੋਂ ਸਿਆਪਾ ਖੜ੍ਹਾ ਕਰ ਲਿਆ।' ਪ੍ਰੋ: ਮਦਨ ਮੋਹਨ ਵਿਚਾਰ ਕਰਦਾ ਸੀ–'ਇਕਬਾਲ ਨਾਲ ਇਸ਼ਕ ਨਿਭਾਉਣਾ ਤਾਂ ਪੂਰੈ, ਪਰ ਬਦਨਾਮੀ ਜੇ ਹੋਗੀ ਤਾਂ ਮਰ ਜਾਵਾਂਗੇ।' ਇਕਬਾਲ ਦ੍ਰਿੜ੍ਹ ਸੀ। ਚਾਹੁੰਦੀ ਸੀ ਕਿ ਗੱਲ ਨਿਭਦੀ ਰਹੇ, ਪਰ ਪੂਰੀ ਡਰੀ ਹੋਈ ਸੀ। ਕ੍ਰਿਸ਼ਨਾ ਚੁੱਪ ਕਰਕੇ ਅੰਦਰ ਬੈਠ ਗਈ ਸੀ ਤੇ ਪੂਰੀ ਦਬਕੀ ਹੋਈ ਸੀ।

ਇਸ ਘੁੱਟੇ ਘੁੱਟੇ ਵਾਤਾਵਰਣ ਦੇ ਦਿਨਾਂ ਵਿਚ ਹੀ ਮਕੈਨਿਕ ਦੋਸਤ ਦੀ ਭੈਣ ਦਾ ਵਿਆਹ ਆ ਗਿਆ ਨਿਰਮਲ ਸਿੰਘ ਤੇ ਮਦਨ ਮੋਹਨ ਦੋਵੇਂ ਉੱਥੇ ਗਏ। ਸਾਰੀ ਗੱਲ ਉਨ੍ਹਾਂ ਨੇ ਉੱਥੋਂ ਦੇ ਘੱਗੇ ਜਿਹੇ ਬੋਲ ਵਾਲੇ ਇੱਕ ਡਰਾਈਵਰ ਕੋਲ ਕੀਤੀ। ਡਰਾਈਵਰ ਉਹ ਇਸ਼ਕ ਦੇ ਮਾਮਲੇ ਵਿਚ ਆਪਣੇ ਆਪ ਨੂੰ ਨਿਪੁੰਨ ਸਮਝਦਾ ਸੀ। ਕਿੰਨੀਆਂ ਹੀ ਤੀਵੀਆਂ ਉਸ ਨੇ ਲੱਤ ਥੱਲਿਓਂ ਦੀ ਲੰਘਾਈਆਂ ਸਨ। ਕਿੰਨੀ ਸਾਰੀ ਬਹਿਸ ਪਿੱਛੋਂ ਉਸ ਨੇ ਇੱਕੋ ਗੱਲ ਆਖੀ–'ਦੋਸਤੋ, ਪਿਆਰ ਕਰੋ, ਪਰ ਪਿਆਰ ਨੂੰ ਬਦਨਾਮ ਨਾ ਹੋਣ ਦਿਓ।'

ਕਾਲਜਾਂ ਵਿਚ ਛੁੱਟੀਆਂ ਹੋ ਗਈਆਂ। ਮਦਨ ਮੋਹਨ ਆਪਣੇ ਪਿੰਡ ਤੇ ਨਿਰਮਲ ਸਿੰਘ ਆਪਣੇ ਪਿੰਡ ਚਲਿਆ ਗਿਆ। ਨਿਰਮਲ ਸਿੰਘ ਦਾ ਪਿੰਡ ਰਾਮਪੁਰਾ ਫੂਲ ਕੋਲ ਸੀ। ਕ੍ਰਿਸ਼ਨਾ ਬਠਿੰਡੇ ਆਪਣੇ ਨਾਨਕੀਂ ਚਲੀ ਗਈ। ਇਕਬਾਲ ਵਸਾਖੀ ਵਾਲੇ ਪਿੰਡ ਹੀ ਰਹੀ।

ਮਿਲਣ ਵਾਸਤੇ ਮਦਨ ਮੋਹਨ, ਨਿਰਮਲ ਸਿੰਘ ਕੋਲ ਉਸ ਦੇ ਪਿੰਡ ਆਇਆ। ਸਾਰੀ ਰਾਤ ਉਹ ਗੱਲਾਂ ਕਰਦੇ ਰਹੇ ਕਿ ਏਸ ਇਸ਼ਕ ਨੂੰ ਕਿਸੇ ਥਾਂ ਸਿਰ ਲਾਇਆ ਜਾਵੇ। ਨਿਰਮਲ ਸਿੰਘ ਬਹੁਤ ਚਿੰਤਾਤੁਰ ਸੀ। ਮਦਨ ਮੋਹਨ ਇੰਨਾ ਨਹੀਂ ਸੀ। ਉਸ ਨੂੰ ਤਾਂ ਪੂਰਾ ਵਿਸ਼ਵਾਸ ਸੀ ਕਿ ਇਕਬਾਲ ਉਸ ਨਾਂਲ ਪੂਰਾ ਨਿਭੇਗੀ। ਦੂਜੇ ਦਿਨ ਕੁਦਰਤੀ ਹੀ ਕ੍ਰਿਸ਼ਨਾ ਦੀ ਚਿੱਠੀ ਡਾਕ ਵਿਚ ਆ ਗਈ, ਜਿਹੜੀ ਉਸ ਨੇ ਮੁੰਡਾ ਬਣ ਕੇ ਲਿਖੀ ਹੋਈ ਸੀ। ਉਸ ਚਿੱਠੀ ਵਿਚ ਕ੍ਰਿਸ਼ਨਾ ਨੇ ਨਿਰਮਲ ਸਿੰਘ ਨੂੰ ਬਠਿੰਡੇ ਬੁਲਾਇਆ ਸੀ ਤੇ ਕਿਹਾ ਸੀ ਕਿ ਉਹ ਉਸ ਨੂੰ ਉੱਥੇ ਆ ਕੇ ਕਿਵੇਂ ਨਾ ਕਿਵੇਂ ਚੋਰੀਓਂ ਮਿਲੇ।

ਉਹ ਵੀ ਕੁਦਰਤੀ ਦੋਵੇਂ ਇਕੱਠੇ ਹੋ ਗਏ ਸਨ। ਉਸੇ ਵੇਲੇ ਉਹ ਬਠਿੰਡੇ ਨੂੰ ਚੱਲ ਪਏ। ਦੋ ਤਿੰਨ ਘੰਟੇ ਛਿੱਤਰ ਤੁੜਾਉਣ ਤੋਂ ਬਾਅਦ ਅਖ਼ੀਰ ਇੱਕ ਗਿਆਨੀ ਜੀ ਘਰ ਮੁਲਾਕਾਤ ਦਾ ਪ੍ਰਬੰਧ ਬਣ ਗਿਆ। ਕ੍ਰਿਸ਼ਨਾ ਨਾਲ ਇੱਕ ਛੋਟਾ ਜਿਹਾ ਮੁੰਡਾ ਵੀ ਸੀ। ਮਦਨ ਮੋਹਨ ਤਾਂ ਉਸ ਮੁੰਡੇ ਨੂੰ ਪਰ੍ਹੇ ਬਹਿ ਕੇ ਅੰਗਰੇਜ਼ੀ ਪੜ੍ਹਾਉਂਦਾ ਰਿਹਾ ਤੇ ਨਿਰਮਲ ਸਿੰਘ ਕ੍ਰਿਸ਼ਨਾ ਨੂੰ ਅੰਦਰ ਕਮਰੇ ਵਿਚ ਬਿਠਾ ਕੇ ਘੁਸਰ ਮੁਸਰ ਕਰਦਾ ਰਿਹਾ।

ਨਿਰਮਲ ਸਿੰਘ ਗੱਲ ਨੂੰ ਕਿਸੇ ਰਾਹ ਪਾਉਣਾ ਚਾਹੁੰਦਾ ਸੀ, ਪਰ ਕ੍ਰਿਸ਼ਨਾ ਨੂੰ ਜਿਵੇਂ ਗੱਲਾਂ ਕਰਨ ਦਾ ਹੀ ਠਰਕ ਸੀ। ਆਪਣੀ ਗੱਲ ਨਾਲੋਂ ਉਹ ਇਕਬਾਲ ਦੀ ਗੱਲ ਬਹੁਤੀ ਕਰਦੀ ਸੀ। ਨਿਰਮਲ ਸਿੰਘ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਹ ਕਿਸ ਕਿਸਮ ਦੀ ਕੁੜੀ ਹੈ। ਅਖ਼ੀਰ ਨਿਰਮਲ ਸਿੰਘ ਨੇ ਕ੍ਰਿਸ਼ਨਾ ਨੂੰ ਕਿਹਾ ਕਿ ਪਿਆਰ ਵਿਚ ਲਿੰਗ ਸਬੰਧ ਦਾ ਭੇਤ ਐਵੇਂ ਹਊਆ ਹੈ ਤੇ ਮੈਂ ਚਾਹੁੰਦਾ ਹਾਂ ਕਿ ਤੇਰੇ ਸਰੀਰ ਦੇ ਚੰਦਨ ਨੂੰ ਸਪਰਸ਼ ਕਰਕੇ ਦੇਖਾਂ। ਕ੍ਰਿਸ਼ਨਾ ਚੁੱਪ ਬੈਠੀ ਰਹੀ। ਨਿਰਮਲ ਸਿੰਘ ਨੇ ਕ੍ਰਿਸ਼ਨਾ ਦੀ ਬਾਂਹ

ਫੜ ਕੇ ਉਸ ਦੇ ਹੱਥ ਦੀ ਪਿੱਠ ਨੂੰ ਚੁੰਮ ਲਿਆ। ਕ੍ਰਿਸ਼ਨਾ ਨੇ ਇਕਦਮ ਹੱਥ ਛੁਡਾ ਕੇ ਆਪਣੇ ਹੱਥ ਦੀ ਗਿੱਲੀ ਪਿੱਠ ਨਿਰਮਲ ਸਿੰਘ ਦੇ ਮੋਢੇ ਨਾਲ ਪੂੰਝ ਦਿੱਤੀ ਤੇ ਕਿਹਾ–'ਮੈਨੂੰ ਕੀ ਪਤਾ ਸੀ ਕਿ ਤੁਸੀਂ ਐਹੋ ਜੇ ਓਂ? ਇਹ ਸਰੀਰ ਤਾਂ ਕਿਸੇ ਹੋਰ ਦੀ ਇਮਾਨਤ ਐ।' ਨਿਰਮਲ ਸਿੰਘ ਨੂੰ ਲੱਗਿਆ ਜਿਵੇਂ ਉਸ ਦੇ ਚਪੇੜ ਵੱਜੀ ਹੋਵੇ।

ਕ੍ਰਿਸ਼ਨਾ ਆਪਣੇ ਮਾਮੇ ਦੇ ਪੁੱਤ ਨੂੰ ਉਂਗਲੀ ਲਾ ਕੇ ਦਬਾ ਸੱਟ ਉੱਥੋਂ ਨਿਕਲ ਗਈ। ਮਦਨ ਮੋਹਨ ਤੇ ਨਿਰਮਲ ਸਿੰਘ ਦੋਵੇਂ ਚੁੱਪ ਬੈਠੇ ਰਹੇ। ਨਿਰਮਲ ਸਿੰਘ ਦੇ ਬੁੱਲ੍ਹਾਂ 'ਤੇ ਜਲੂਣ ਹੋ ਰਹੀ ਸੀ। ਮਦਨ ਮੋਹਨ ਨਮੋਸ਼ਿਆ ਪਿਆ ਸੀ। ਵਾਪਸ ਜਾਣ ਲਈ ਉਹ ਬੱਸ ਅੱਡੇ 'ਤੇ ਆਏ। ਉੱਥੇ ਉਨ੍ਹਾਂ ਨੂੰ ਕਮਲੇਸ਼ ਨਿਰਮਲ ਦਾ ਇੱਕ ਦੋਸਤ ਮਿਲ ਗਿਆ। ਬੜਾ ਗ਼ਮਗੀਨ। ਉਹ ਵੀ ਵਸਾਖੀ ਵਾਲੇ ਪਿੰਡ ਦਾ ਰਹਿਣ ਵਾਲਾ ਸੀ ਤੇ ਅੱਜ ਬਠਿੰਡੇ ਕਿਸੇ ਕੰਮ ਆਇਆ ਸੀ। ਉਸ ਦੇ ਹੱਥ ਵਿਚ ਕਾਗਜ਼ ਸਨ ਲਿਖੇ ਹੋਏ–ਸੱਤ ਅੱਠ। ਉਹ ਸਾਰੇ ਕਾਗਜ਼ ਉਸ ਨੇ ਨਿਰਮਲ ਸਿੰਘ ਨੂੰ ਦੇ ਕੇ ਕਿਹਾ–'ਪ੍ਰੋਫੈਸਰ ਸਾਹਿਬ, ਇਹ ਸਭ ਕੁਝ ਪੜ੍ਹ ਕੇ ਇਸ 'ਤੇ ਇੱਕ ਕਵਿਤਾ ਲਿਖ ਦਿਓ–ਮੈਨੂੰ ਸ਼ਾਂਤੀ ਮਿਲ ਜਾਵੇਗੀ।'

ਉਹ ਤਾਂ ਚਲਿਆ ਗਿਆ। ਬੱਸ ਵਿਚ ਬੈਠੇ ਰਾਹ ਵਿਚ ਨਿਰਮਲ ਸਿੰਘ ਨੇ ਉਹ ਕਾਗਜ਼ ਫਰੋਲੇ। ਸਾਰੀ ਗੱਲ ਦਾ ਨਿਚੋੜ ਇਹ ਸੀ ਕਿ ਵਸਾਖੀ ਵਾਲੇ ਪਿੰਡ ਦੀ ਹੀ ਇੱਕ ਕੁੜੀ 'ਸੰਧਿਆ' ਉਸ ਨੂੰ ਪਿਆਰ ਕਰਦੀ ਸੀ। ਕਈ ਸਾਲ ਕਰਦੀ ਰਹੀ। ਉਸ ਦੀ ਬੈਠਕ ਵਿਚ ਉਹ ਨਿਸੰਗ ਆ ਜਾਂਦੀ। ਕਈ ਵਾਰ ਮਹੱਲੇ ਦੀਆਂ ਕਾਂ–ਅੱਖ ਬੁੜ੍ਹੀਆਂ ਹੱਥੋਂ ਉਹ ਫੜੇ ਵੀ ਗਏ। ਰੌਲਾ ਪੈਂਦਾ, ਫੇਰ ਮਿਟ ਜਾਂਦਾ।

ਅਖ਼ੀਰ ਉਸ ਕੁੜੀ ਦੇ ਮਾਪਿਆਂ ਨੇ ਉਸ ਦਾ ਵਿਆਹ ਕਰ ਦਿੱਤਾ। ਇਹ ਸੱਤ ਅੱਠ ਕਾਗਜ਼ ਉਸ ਕੁੜੀ ਵੱਲੋਂ ਆਖ਼ਰੀ ਚਿੱਠੀ ਸੀ, ਜਿਸ ਵਿਚ ਉਸ ਨੇ ਸਾਰੀ ਪੁਰਾਣੀ ਤਥਾ ਦੁਹਰਾਈ ਸੀ ਤੇ ਅਖ਼ੀਰ ਵਿਚ ਲਿਖਿਆ ਸੀ ਕਿ ਜੋ ਸੁਆਦ ਉਸ ਨੂੰ ਉਸ ਦੇ ਪਤੀ ਨਾਲ ਰਹਿ ਕੇ ਆਉਂਦਾ ਹੈ, ਉਹ ਉਸ ਦੇ ਨਾਲ ਕਦੇ ਵੀ ਨਹੀਂ ਆਇਆ।

ਪੰਜ ਛੀ ਮਹੀਨੇ ਲੰਘ ਗਏ। ਨਿਰਮਲ ਸਿੰਘ ਹੁਣ ਨਾ ਕਦੇ ਵਸਾਖੀ ਵਾਲੇ ਪਿੰਡ ਜਾਂਦਾ ਸੀ ਤੇ ਨਾ ਹੀ ਮਦਨ ਮੋਹਨ ਕੋਲ ਉਸ ਦੇ ਪਿੰਡ। ਮਦਨ ਮੋਹਨ ਦੀ ਚਿੱਠੀ ਉਸ ਨੂੰ ਜ਼ਰੂਰ ਆ ਜਾਂਦੀ।

ਇੱਕ ਚਿੱਠੀ ਵਿਚ ਲਿਖਿਆ ਸੀ ਕਿ ਕਰਨੈਲ ਸਿੰਘ ਡੀ. ਪੀ. ਈ. ਉਸ ਦਾ ਪੂਰਾ ਭੇਤੀ ਹੋ ਗਿਆ ਹੈ ਤੇ ਇੱਕ ਸਭ ਤੋਂ ਵੱਡਾ ਹਮਦਰਦ। ਇੱਕ ਦਿਨ ਇਕਬਾਲ ਦੇ ਘਰ ਰਾਤ ਨੂੰ ਉਸ ਨੇ ਜਾਣ ਦੀ ਸਲਾਹ ਬਣਾਈ ਤੇ ਡੀ. ਪੀ. ਈ. ਕਹਿੰਦਾ ਹੈ ਕਿ 'ਮੈਂ ਦਰਵਾਜ਼ੇ 'ਤੇ ਖੜ੍ਹਾਂਗਾ। ਜਿਹੜਾ ਸਾਲਾ ਅੰਦਰ ਵੜੂ, ਮੇਰੀ ਜਾਨ ਲੈ ਕੇ ਈ ਅੰਦਰ ਵੜੂ।'

ਦੋ ਤਿੰਨ ਮਹੀਨਿਆਂ ਬਾਅਦ ਇੱਕ ਹੋਰ ਚਿੱਠੀ ਵਿਚ ਜ਼ਿਕਰ ਸੀ ਕਿ ਬੀ. ਡੀ. ਓ. ਸੁਖਦੇਵ ਸਿੰਘ ਤੇ ਕਮਲੇਸ਼ ਵੀ ਹੁਣ ਉਸ ਦੇ ਪੂਰੇ ਸੇਵਾਦਾਰ ਬਣ ਗਏ ਸਨ। ਸੁਖਦੇਵ ਸਿੰਘ ਉਸ ਨੂੰ ਸਕੀਮਾਂ ਬਣਾ ਬਣਾ ਦਿੰਦਾ ਹੈ। ਕਮਲੇਸ਼ ਦਾ ਘਰ ਇਕਬਾਲ ਦੇ ਘਰ ਦੇ ਬਿਲਕੁਲ ਨਾਲ ਹੈ। ਕਮਲੇਸ਼ ਉਸ ਦਾ ਇੱਕ ਵਧੀਆ ਕਾਸਦ ਹੈ। ਉਸੇ ਚਿੱਠੀ ਵਿਚ ਲਿਖਿਆ ਸੀ ਕਿ ਅੱਧੀ ਰਾਤ ਉਹ ਇਕਬਾਲ ਦੇ ਘਰ ਕਮਲੇਸ਼ ਦੇ ਘਰੋਂ ਪੌੜੀ ਲਾ

ਕੇ ਉਤਰ ਜਾਂਦਾ ਹੈ। ਰਾਤ ਦੇ ਸ਼ਾਹ ਹਨੇਰੇ ਵਿਚ ਇਕਬਾਲ ਨੂੰ ਉਹ ਆਪਣੀ ਜੇਬ੍ਹ ਵਿਚ ਪਾ ਪਾ ਦੇਖਦਾ ਹੈ।

ਦੋਸਤੀ ਤੋਂ ਅੱਗੇ ਲੰਘ ਕੇ ਮਦਨ ਮੋਹਨ ਨਿਰਮਲ ਦੀ ਦਿਲੋਂ ਇੱਜ਼ਤ ਵੀ ਕਰਦਾ ਸੀ। ਉਸ ਨੂੰ ਆਪਣਾ ਵੱਡਾ ਭਰਾ ਤੇ ਮੁੱਖ ਉਪਦੇਸ਼ਕ ਸਮਝਦਾ ਸੀ। ਨਿਰਮਲ ਸਿੰਘ ਉਸ ਨੂੰ ਕਦੇ ਕਦੇ ਚਿੱਠੀ ਲਿਖਦਾ ਤੇ ਕਹਿੰਦਾ–'ਦੋਸਤ, ਮੈਂ ਖੁਸ਼ ਹਾਂ ਕਿ ਤੂੰ ਆਪਣੀ ਮੰਜ਼ਲ ਨੂੰ ਹੱਥ ਲਾ ਲਿਆ। ਪਰ ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਤੇਰੀ ਸ਼ਖ਼ਸ਼ੀਅਤ ਹੁਣ ਫੁੱਟੇ ਭਾਂਡੇ ਵਾਂਗ ਖੜਕਣ ਲੱਗ ਪਈ ਹੈ। ਜਿਸ ਦਿਨ ਇਸ ਭਾਂਡੇ ਦਾ ਪਾਜ ਉੱਖੜ ਗਿਆ, ਤੇਰੀ ਜ਼ਿੰਦਗੀ ਦਾ ਸਾਰਾ ਰਸ ਚਿਉਂ ਜਾਏਗਾ ਤੇ ਤੈਨੂੰ ਵਸਾਖੀ ਵਾਲੇ ਪਿੰਡ ਦੀ ਸਾਰੀ ਦੁਨੀਆਂ ਜਵਾਕ ਦੇ ਚਿੱਤੜ ਪੂੰਝੀ ਲੀਰ ਵਾਂਗ ਰੂੜੀਆਂ 'ਤੇ ਵਗ੍ਹਾ ਮਾਰੇਗੀ।' ਮਦਨ ਮੋਹਨ ਨੂੰ ਉਸ ਦੇ ਉਪਦੇਸ਼ਾਂ ਦਾ ਸਤਿਕਾਰ ਭਾਵੇਂ ਪੂਰਾ ਸੀ, ਪਰ ਇਸਰਤੀ ਸਰੀਰ ਦੀ ਸੁਗੰਧ ਵਿਚ ਉਸ ਦੇ ਦਿਮਾਗ਼ 'ਤੇ ਕੋਈ ਅਸਰ ਨਹੀਂ ਸੀ ਹੁੰਦਾ। ਉਸ ਨੇ ਇੱਕ ਚਿੱਠੀ ਵਿਚ ਲਿਖਿਆ ਸੀ ਕਿ ਸੁਖਦੇਵ ਸਿੰਘ ਕਹਿੰਦਾ ਹੈ–'ਨਿਰਮਲ ਵਰਗੇ ਲਿਖਾਰੀ ਦੇ ਕਾਗਜ਼ੀ ਫੁੱਲਾਂ ਵਿਚ ਈ ਸਾਲਿਆ ਹੁਣ ਤਾਈਂ ਉਲਝਿਆ ਰਿਹਾ, ਸਾਡਾ ਤਾਅ ਵੀ ਦੇਖ–ਅੱਧੀ ਰਾਤ ਇਕਬਾਲ ਦੇ ਸੁਰਗ 'ਚ ਭੇਜ ਦੇਈਂਦੈ ਤੇ ਕੁੱਤੀ ਵੀ ਨੀ ਭੌਂਕਦੀ।

ਵਸਾਖੀ ਵਿਚ ਦੋ ਮਹੀਨੇ ਰਹਿੰਦੇ ਹਨ। ਨਿਰਮਲ ਸਿੰਘ ਹੁਣ ਸੋਚਦਾ ਹੈ ਕਿ ਵਸਾਖੀ ਵਾਲੇ ਦਿਨ ਹੀ ਹੁਣ ਤਾਂ ਉਹ ਉੱਥੇ ਜਾਵੇਗਾ।

ਕ੍ਰਿਸ਼ਨਾ ਦੀ ਨਾ ਕੋਈ ਚਿੱਠੀ ਆਉਂਦੀ ਐ ਤੇ ਨਾ ਉਹ ਕਦੇ ਮਿਲੀ ਹੈ। ਫੇਰ ਵੀ ਉਸ ਦਾ ਨਿੱਘਾ ਨਿੱਘਾ, ਮਿੱਠਾ ਮਿੱਠਾ ਜਿਹਾ ਅਨੁਭਵ ਨਿਰਮਲ ਦੇ ਜ਼ਿਹਨ ਵਿਚ ਅਟਕਿਆ ਹੋਇਆ ਹੈ ਅਤੇ ਉਹ ਸੋਚਦਾ ਹੈ ਕਿ ਵਸਾਖੀ ਦੇ ਮੇਲੇ 'ਤੇ ਜੇ ਕ੍ਰਿਸ਼ਨਾ ਮਿਲੀ ਤਾਂ ਉਸ ਦੀਆਂ ਮੋਟੀਆਂ ਮੋਟੀਆਂ ਅੱਖਾਂ ਦੀ ਝੀਲ ਵਿਚ ਵੜ ਕੇ ਉਹ ਉਸ ਨੂੰ ਪੁੱਛੇਗਾ–'ਤੇਰਾ ਸਰੀਰ ਤਾਂ ਸਾਬਤ ਐ?' ♦

# ਤੇ ਫੇਰ ਇੱਕ ਦਿਨ

ਆਤਮਾ ਦੇਵੀ ਬਹੁਤ ਦੁਖੀ ਹੈ। ਉਹਦਾ ਜੁਆਈ ਹਮੇਸ਼ਾਂ ਵਾਂਗ ਹੀ ਕੱਲ੍ਹ ਰਾਤ ਫੇਰ ਆਇਆ ਸੀ ਤੇ ਘਰ ਦੇ ਭਾਂਡੇ ਭੰਨ ਕੇ ਤੁਰ ਗਿਆ ਹੈ। ਕਾਫ਼ੀ ਹਨੇਰਾ ਹੋ ਚੁੱਕਿਆ ਸੀ। ਮਾਵਾਂ ਧੀਆਂ ਪਕਾ ਖਾ ਕੇ ਤੇ ਰੋਟੀ ਟੁੱਕ ਦਾ ਸਾਰਾ ਕੰਮ ਨਿਬੇੜ ਕੇ ਟੈਲੀਵਿਜ਼ਨ ਸਾਹਮਣੇ ਬੈਠੀਆਂ ਸੀਰੀਅਲ ਦੇਖ ਰਹੀਆਂ ਸਨ। ਸੀਰੀਅਲ ਤੋਂ ਬਾਅਦ ਬਿਮਲਾ ਨੇ ਆਪਣੇ ਕਮਰੇ ਵਿਚ ਜਾ ਕੇ ਪੜ੍ਹਨ ਬੈਠ ਜਾਣਾ ਸੀ। ਉਹ ਦੀ ਬੀ. ਐੱਸ. ਸੀ. ਦਾ ਇਹ ਆਖ਼ਰੀ ਸਾਲ ਹੈ। ਸਾਲਾਨਾ ਪ੍ਰੀਖਿਆ ਨੇੜੇ ਹੈ। ਉਹ ਬਾਰਾਂ ਵਜੇ ਤੱਕ ਜਾਗਦੀ ਹੈ। ਸਵੇਰੇ ਪੰਜ ਵਜੇ ਹੀ ਫੇਰ ਉੱਠ ਖੜ੍ਹਦੀ ਹੈ। ਬਹੁਤ ਪੜ੍ਹਦੀ ਹੈ। ਉਹਦੀ ਸ਼ਰਤ ਲੱਗੀ ਹੋਈ ਹੈ ਕਿ ਉਹ ਰੇਸ਼ਮ ਨਾਲੋਂ ਵੱਧ ਨੰਬਰ ਲਵੇਗੀ।

ਰੇਸ਼ਮ ਸਿੰਘ ਬਿਮਲਾ ਦਾ ਜਮਾਤੀ ਹੈ। ਉਨ੍ਹਾਂ ਦੇ ਘਰੇ ਹੀ ਰਹਿੰਦਾ ਹੈ। ਆਤਮਾ ਦੇਵੀ ਨੇ ਉਹ ਨੂੰ ਅਲੱਗ ਕਮਰਾ ਦਿੱਤਾ ਹੋਇਆ ਹੈ। ਬਹੁਤ ਸ਼ਰੀਫ਼ ਮੁੰਡਾ ਹੈ। ਉਹ ਦੀਆਂ ਧੀਆਂ ਵਾਂਗ ਹੀ, ਜਿਵੇਂ ਉਹ ਉਹ ਦੀ ਤੀਜੀ ਧੀ ਹੋਵੇ।

ਰੇਸ਼ਮ ਦੀ ਆਦਤ ਹੈ, ਉਹ ਆਥਣ ਦੀ ਰੋਟੀ ਖਾ ਕੇ ਘਰੋਂ ਨਿਕਲ ਜਾਵੇਗਾ। ਉਹ ਨੂੰ ਟੈਲੀਵਿਜ਼ਨ ਦੇਖਣ ਦਾ ਕੋਈ ਖ਼ਾਸ ਸ਼ੌਕ ਨਹੀਂ। ਦਸ ਵਜੇ ਤੱਕ ਆਪਣੇ ਦੋਸਤਾਂ ਕੋਲ ਗੱਪਾਂ ਮਾਰੇਗਾ ਜਾਂ ਕਿਧਰੇ ਘੁੰਮੇ ਫਿਰੇਗਾ। ਫੇਰ ਪਤਾ ਨਹੀਂ ਕਦੋਂ ਘਰ ਆਵੇਗਾ। ਆਤਮਾ ਦੇਵੀ ਤਾਂ ਕਦੋਂ ਦੀ ਸੌਂ ਚੁੱਕੀ ਹੁੰਦੀ ਹੈ। ਬਿਮਲਾ ਆਪਣੇ ਕਮਰੇ ਵਿਚ ਪੜ੍ਹ ਰਹੀ ਹੁੰਦੀ ਹੈ। ਉਹ ਮਲਕੜੇ ਜਿਹੇ ਘਰ ਵੜੇਗਾ। ਦਰਵਾਜ਼ੇ ਦਾ ਅੰਦਰਲਾ ਕੁੰਡਾ ਲਾ ਕੇ ਜਿੰਦਰਾ ਲਾ ਦਿੰਦਾ ਹੈ। ਕੋਈ ਆਵਾਜ਼ ਨਹੀਂ, ਕੋਈ ਖੜਕਾ ਨਹੀਂ। ਫੇਰ ਰਸੋਈ ਵਿਚ ਜਾ ਕੇ ਗੈਸ 'ਤੇ ਚਾਹ ਦੇ ਦੋ ਕੱਪ ਬਣਾਏਗਾ। ਬਿਮਲਾ ਦੇ ਕਮਰੇ ਵਿਚ ਚੁੱਪ ਚਾਪ ਆ ਬੈਠੇਗਾ। ਇਸ਼ਾਰੇ ਨਾਲ ਉਹ ਨੂੰ ਚਾਹ ਪੀਣ ਲਈ ਕਹੇਗਾ। ਆਪਣਾ ਕੱਪ ਖ਼ਤਮ ਕਰਕੇ ਆਪਣੇ ਕਮਰੇ ਵਿਚ ਚਲਿਆ ਜਾਵੇਗਾ। ਪੜ੍ਹਨ ਬੈਠ ਜਾਵੇਗਾ। ਹਮੇਸ਼ਾ ਉਹ ਬਿਮਲਾ ਨਾਲੋਂ ਬਾਅਦ ਵਿਚ ਹੀ ਸੌਂਦਾ ਹੈ। ਸਵੇਰੇ ਨਹੀਂ ਉੱਠਦਾ ਉਦੋਂ ਹੀ ਉੱਠਦਾ ਹੈ, ਜਦੋਂ ਰਸੋਈ ਦੇ ਭਾਂਡੇ ਖੜਕ ਰਹੇ ਹੁੰਦੇ ਹਨ ਅਤੇ ਆਤਮਾ ਦੇਵੀ ਸਵੇਰ ਦਾ ਨਾਸ਼ਤਾ ਤਿਆਰ ਕਰ ਰਹੀ ਹੁੰਦੀ ਹੈ।

ਰੇਸ਼ਮ ਸਿੰਘ ਦਾ ਬਾਪ ਆਤਮਾ ਦੇਵੀ ਦੇ ਪਤੀ ਦਾ ਦੋਸਤ ਸੀ। ਦੋਵੇਂ ਏਥੋਂ ਦੇ ਰੇਲਵੇ ਸਟੇਸ਼ਨ 'ਤੇ ਤੇਰਾਂ ਚੌਦਾਂ ਸਾਲ ਇਕੱਠੇ ਰਹੇ। ਉਨ੍ਹਾਂ ਦਾ ਆਪਸ ਵਿਚ ਸਕੇ ਭਰਾਵਾਂ ਵਰਗਾ ਵਰਤ ਵਿਹਾਰ ਸੀ। ਉਹ ਹਰਿਆਣੇ ਦੇ ਸਨ ਤੇ ਰੇਸ਼ਮ ਦਾ ਪਿਤਾ ਏਧਰ

ਪੰਜਾਬ ਦਾ ਹੀ। ਰੇਲਵੇ ਕੁਆਟਰਾਂ ਵਿਚ ਉਹ ਨਾਲ ਨਾਲ ਰਹਿੰਦੇ ਸਨ। ਰੇਸ਼ਮ ਚਾਰ ਸਾਲ ਦਾ ਸੀ, ਜਦੋਂ ਉਹ ਦੀ ਮਾਂ ਮਰ ਗਈ। ਰੇਸ਼ਮ ਦੇ ਪਿਤਾ ਨੇ ਹੋਰ ਵਿਆਹ ਕਰਵਾ ਲਿਆ। ਫੇਰ ਉਹ ਦੀ ਏਥੋਂ ਬਦਲੀ ਹੋ ਗਈ ਸੀ, ਪਰ ਰੇਸ਼ਮ ਆਤਮਾ ਦੇਵੀ ਕੋਲ ਰਹਿ ਗਿਆ। ਆਪਣੇ ਪਿਤਾ ਤੇ ਮਤਰੇਈ ਮਾਂ ਨਾਲ ਗਿਆ ਹੀ ਨਹੀਂ। ਉਹ ਉਹ ਨੂੰ ਬਾਹੋਂ ਫੜ ਕੇ ਘੜੀਸ ਰਹੇ ਸਨ। ਪਰ ਉਹ ਜ਼ਮੀਨ 'ਤੇ ਲਿਟ ਗਿਆ, ਉੱਚੀ ਉੱਚੀ ਬੋਲਣ ਲੱਗਿਆ, ਅੱਖਾਂ ਵਿਚ ਲਹੂ ਦੇ ਹੰਝੂ ਵਗ ਰਹੇ ਸਨ। ਬੱਸ ਉਦੋਂ ਤੋਂ ਉਹ ਆਤਮਾ ਦੇਵੀ ਕੋਲ ਹੈ।

ਆਤਮਾ ਦੇਵੀ ਦਾ ਪਤੀ ਰਿਟਾਇਰ ਹੋਣ ਬਾਅਦ ਦੋ ਸਾਲ ਜਿਉਂਦਾ ਰਿਹਾ। ਰਿਟਾਇਰ ਹੋਣ ਤੋਂ ਚਾਰ ਸਾਲ ਪਹਿਲਾਂ ਉਹ ਨੇ ਏਥੇ ਨਵਾਂ ਪਲਾਟ ਲੈ ਕੇ ਮਕਾਨ ਬਣਾ ਲਿਆ ਸੀ। ਉਹ ਕਹਿੰਦਾ ਹੁੰਦਾ-ਜਦੋਂ ਸਾਰੀ ਉਮਰ ਤਾਂ ਇਸ ਸ਼ਹਿਰ ਵਿਚ ਕੱਢ ਦਿੱਤੀ, ਹੁਣ ਹਰਿਆਣੇ ਜਾ ਕੇ ਕੀ ਕਰਨਾ ਹੈ। ਇਸ ਸ਼ਹਿਰ ਦੇ ਲੋਕ ਹੀ ਹੁਣ ਉਹ ਦੇ ਸੰਗੀ ਸਾਥੀ ਹਨ। ਰਿਸ਼ਤੇਦਾਰਾਂ ਵਰਗੇ ਦੋਸਤ ਹਨ ਏਥੋਂ ਦੇ ਲੋਕ ਤਾਂ।

ਵਧੀਆ ਖੁੱਲ੍ਹਾ ਚੌੜਾ ਮਕਾਨ ਹੈ। ਤਿੰਨ ਵੱਡੇ ਕਮਰੇ, ਵਿਹੜੇ ਵਿਚ ਰਸੋਈ, ਸਟੋਰ, ਲੈਟਰਿਨ ਤੇ ਗੁਸਲਖ਼ਾਨਾ। ਤਿੰਨ ਕਮਰਿਆਂ ਦੇ ਅੱਗੇ ਇੱਕ ਲੰਮਾ ਵਰਾਂਡਾ। ਰਿਟਾਇਰ ਹੋਣ ਤੋਂ ਦੋ ਸਾਲ ਪਹਿਲਾਂ ਏਸ ਮਕਾਨ ਵਿਚ ਵੱਡੀ ਕੁੜੀ ਸ਼ਿਮਲਾ ਦਾ ਵਿਆਹ ਕੀਤਾ। ਪਰ ਉਹ ਨੂੰ ਪਤਾ ਨਹੀਂ ਕਾਹਦਾ ਗ਼ਮ ਖਾ ਗਿਆ। ਰਿਟਾਇਰ ਹੋ ਜਾਣ ਦਾ ਜਾਂ ਸ਼ਾਇਦ ਸ਼ਿਮਲਾ ਦਾ।

ਸ਼ਿਮਲਾ ਦੇ ਸਹੁਰੇ ਦਾ ਹੋਟਲ ਸੀ। ਬਹੁਤ ਆਮਦਨ ਸੀ। ਉਹ ਦੇ ਦੋ ਮੁੰਡੇ ਸਨ। ਵੱਡਾ ਤਾਂ ਹੋਟਲ 'ਤੇ ਹੀ ਬੈਠਦਾ। ਛੋਟਾ ਬੀ. ਏ. ਵਿਚ ਪੜ੍ਹਦਾ ਸੀ। ਏਧਰ ਸ਼ਿਮਲਾ ਬੀ. ਏ ਕਰ ਚੁੱਕੀ ਸੀ। ਬੱਸ ਸੰਜੋਗ ਭਿੜ ਗਏ। ਸ਼ਿਮਲਾ ਦਾ ਸਹੁਰਾ ਉਦੋਂ ਤਾਂ ਕਹਿੰਦਾ ਸੀ, ਉਹ ਆਪਣੇ ਮੁੰਡੇ ਨੂੰ ਪੜ੍ਹਾ ਕੇ ਕੋਈ ਅਫ਼ਸਰ ਬਣਾਏਗਾ। ਪਰ ਉਹ ਨੂੰ ਖ਼ੁਦ ਪਤਾ ਸੀ ਕਿ ਮੁੰਡਾ ਕਾਲਜ ਘੱਟ ਜਾਂਦਾ ਹੈ ਤੇ ਆਵਾਰਾਗਰਦੀ ਬਹੁਤੀ ਕਰਦਾ ਹੈ। ਅਫ਼ਸਰ ਤਾਂ ਕੀ, ਉਹ ਘਰ ਦੇ ਕੰਮ ਵਿਚ ਵੀ ਸ਼ਾਇਦ ਹੀ ਟਿਕ ਸਕੇ। ਮਾਂ ਨੇ ਉਹ ਨੂੰ ਵਿਆਹ ਲਿਆ। ਸੋਚਦੀ ਹੋਵੇਗੀ, ਬਹੂ ਘਰੇ ਆ ਗਈ ਤਾਂ ਉਹ ਸੁਧਰ ਜਾਏਗਾ। ਸ਼ਾਇਦ ਬਿਗਾਨੀ ਧੀ ਹੀ ਆਖੇ ਲਾ ਲਵੇ। ਹੋਰ ਨਹੀਂ ਤਾਂ ਹੋਟਲ ਦਾ ਕੰਮ ਹੀ ਸੰਭਾਲੇਗਾ। ਵੱਡਾ ਮੁੰਡਾ ਵੀ ਤਾਂ ਕਰਦਾ ਹੈ ਤੇ ਬਾਪ ਵਾਂਗ ਕਮਾਈ ਵੱਲ ਹੀ ਧਿਆਨ ਹੈ।

ਸ਼ਿਮਲਾ ਦੇ ਬਾਪ ਨੇ ਪਹਿਲੇ ਦਿਨਾਂ ਵਿਚ ਹੀ ਉਹਦਾ ਤੱਤ ਕੱਢ ਲਿਆ ਸੀ ਕਿ ਉਹ ਵਿਗੜਿਆ ਹੋਇਆ ਮੁੰਡਾ ਹੈ। ਆਪਣੇ ਬਾਪ ਦਾ ਘਰ ਤਾਂ ਖਰਾਬ ਕਰ ਹੀ ਰਿਹਾ ਹੈ, ਕਿਸੇ ਦਿਨ ਉਹਦਾ ਘਰ ਵੀ ਵੇਚ ਕੇ ਖਾ ਜਾਏਗਾ। ਹਰਾਮਜ਼ਾਦੇ ਦੀ ਟੌਰ ਤਾਂ ਦੇਖੇ ਕੋਈ, ਜਿਵੇਂ ਕੋਈ ਨਵਾਬ ਦਾ ਪੁੱਤ ਹੋਵੇ। ਪੈਂਟ ਦੀਆਂ ਜੇਬ੍ਹਾਂ ਵਿਚ ਰੁਮਾਲ, ਇੱਕ ਮੂੰਹ ਪੂੰਝਣ ਲਈ ਇੱਕ ਬੂਟ ਪੂੰਝਣ ਲਈ। ਘਰ ਵਿਚ ਮੇਜ਼ ਕੁਰਸੀ ਲਾ ਕੇ ਸ਼ਰਾਬ ਪੀਂਦਾ ਹੈ। ਨਿੱਕੀ ਜਿਹੀ ਗੱਲ 'ਤੇ ਵਿਗੜ ਉੱਠੇਗਾ ਪਲੇਟਾਂ ਕੌਲੀਆਂ ਵਿਹੜੇ ਵਿਚ ਵਗਾਹ ਮਾਰਦਾ ਹੈ। ਜੁਆਈ ਹੈ ਮਾਂ'ਚੋ...ਨਹੀਂ ਤਾਂ ਅਜਿਹੇ ਸੂਰ 'ਤੇ ਗੋਲੀ ਠੰਡੀ ਕਰ ਦੇਵੇ ਅਗਲਾ। ਉੱਥੇ ਕੁੜੀ ਨੂੰ ਦੁਖੀ ਰੱਖਦਾ ਹੈ, ਏਥੇ ਕੁੜੀ ਦੀ ਮਾਂ ਨੂੰ। ਕਿਵੇਂ ਹੱਥ ਬੰਨ੍ਹੀ ਖੜ੍ਹੀ

ਰਹਿੰਦੀ ਹੈ, ਕੁੱਤੇ ਮੂਹਰੇ। ਅਖੇ-ਰੋਟੀ ਲੈ ਸਾਊ, ਠੰਡੀ ਹੋਜੂਗੀ। ਤੂੰ ਇਹਦੇ ਮੂੰਹ ਵਿਚ...। ਬਾਮ੍ਹਣ ਦਾ ਪੁੱਤ ਹੋ ਕੇ ਆਹ ਚੱਜ? ਸ਼ਿਮਲਾ ਦਾ ਬਾਪ ਸਨਾਤਨੀ ਬੰਦਾ ਸੀ। ਉਹ ਨੂੰ ਤਾਂ ਧੀ ਦਾ ਗ਼ਮ ਹੀ ਲੈ ਗਿਆ।

ਤੇ ਹੁਣ ਤੱਕ ਜੁਆਈ ਦਾ ਉਹੀ ਹਾਲ ਹੈ। ਉਹ ਚੌਥੇ ਪੰਜਵੇਂ ਮਹੀਨੇ ਏਥੇ ਗੇੜਾ ਮਾਰਦਾ ਹੈ। ਕਦੇ ਸ਼ਿਮਲਾ ਨਾਲ ਹੁੰਦੀ ਹੈ ਤੇ ਕਦੇ ਉਹ ਇਕੱਲਾ ਹੀ ਆ ਧਮਕਦਾ ਹੈ। ਸ਼ਿਮਲਾ ਕੋਲ ਦੋ ਜੁਆਕ ਹੋ ਚੁੱਕੇ ਹਨ। ਉਹ ਆਪਣੀ ਬੀ. ਏ. ਪੂਰੀ ਨਹੀਂ ਕਰ ਸਕਿਆ ਸੀ। ਹੁਣ ਬੱਸ ਹੋਟਲ 'ਤੇ ਕਦੇ ਕਦੇ ਜਾਂਦਾ ਹੈ। ਜਾਂਦਾ ਹੈ ਤਾਂ ਵੱਡੇ ਭਾਈ ਵੱਲ ਅੱਖਾਂ ਹੀ ਕੱਢਦਾ ਰਹੇਗਾ। ਉਹ ਦੇ ਦੁੱਖ ਨੇ ਬਾਪ ਦਾ ਬੁਰਾ ਹਾਲ ਕੀਤਾ ਹੋਇਆ ਹੈ, ਉਹ ਮੁੰਡੇ ਨੂੰ ਤਾਂ ਕੁਝ ਨਹੀਂ ਆਖਦਾ, ਮੁੰਡੇ ਦੀ ਮਾਂ ਨੂੰ ਸੂਲੀ 'ਤੇ ਟੰਗੀ ਰੱਖਦਾ ਹੈ। ਕਹਿੰਦਾ ਹੈ-"ਤੂੰ ਇਹਨੂੰ ਜੰਮਿਆ ਕਾਹਨੂੰ ਸੀ, ਹਰਾਮੀ ਨੂੰ? ਫੇਰ ਏਸ ਲੰਡਰ ਨੂੰ ਵਿਆਹਿਆ ਕਿਉਂ ਬਗਾਨੀ ਧੀ ਦਾ ਪਾਪ ਖੱਟਿਆ।"

ਹਲਵਾਈ ਤਾਂ ਉਹ ਨੂੰ ਬੁਲਾਉਂਦਾ ਤੱਕ ਨਹੀਂ। ਪਰ ਸ਼ਿਮਲਾ ਨੂੰ ਧੀ ਬਣਾ ਕੇ ਰੱਖਦਾ ਹੈ। ਉਹ ਦੋ ਜੁਆਕਾਂ ਨੂੰ ਗੋਦੀ ਵਿਚ ਲੈ ਕੇ ਬੈਠਾ ਰਹੇਗਾ।

ਮਾਂ ਹਾਕ ਮਾਰਦੀ ਹੈ-"ਸ਼ਿਵਚਰਨ, ਉੱਠ ਭਾਈ, ਧੁੱਪਾਂ ਨਿਕਲ ਆਈਆਂ, ਚਾਹ ਪੀ ਲੈ।"

ਹਲਵਾਈ ਖਿੱਝਦਾ ਹੈ-"ਕੁੱਤਾ ਚਰਨ ਕਹਿ ਕਪੂਤ ਨੂੰ ਕੁੱਤਾ ਚਰਨ। ਹੂੰ...ਸ਼ਿਵਚਰਨ! ਬੈੱਡ ਟੀ ਦਿੰਦੀ ਐ, ਸਾਅਬਜ਼ਾਦੇ ਨੂੰ। ਮਾਰ ਘੋੜਿਆਂ ਦਾ ਵਪਾਰ ਕਰਕੇ ਆਇਐ ਜਿਵੇਂ।"

ਸ਼ਿਵਚਰਨ ਜਦੋਂ ਵੀ ਏਥੇ ਆਉਂਦਾ ਹੈ, ਰੇਸ਼ਮ ਉਹਦੀ ਪੂਰੀ ਸੇਵਾ ਕਰਦਾ ਹੈ, ਜਿਵੇਂ ਕੋਈ ਨੌਕਰ ਕਰਦਾ ਹੋਵੇ। ਉਸ ਦਿਨ ਕਾਲਜ ਨਹੀਂ ਜਾਂਦਾ। ਪਰ ਬਿਮਲਾ ਨੇ ਸ਼ਿਵਚਰਨ ਨੂੰ ਕਦੇ ਸਿੱਧੇ ਮੂੰਹ ਨਹੀਂ ਬੁਲਾਇਆ। ਬੱਸ ਇੱਕ ਵਾਰ ਕਹੇਗੀ 'ਨਮਸਤੇ ਜੀਜਾ ਜੀ', ਫੇਰ ਚੁੱਪ। ਉਹ ਉਹ ਦੇ ਸਾਹਮਣੇ ਆਉਣ ਤੋਂ ਵੀ ਗੁਰੇਜ਼ ਕਰਦੀ ਹੈ।

ਸ਼ਿਵਚਰਨ ਆਇਆ ਹੋਵੇ ਤਾਂ ਆਤਮਾ ਦੇਵੀ ਰੇਸ਼ਮ ਨੂੰ ਏਧਰ ਉੱਧਰ ਭਜਾਈ ਰੱਖਦੀ ਹੈ। ਇਹ ਲੈ ਕੇ ਆ, ਉਹ ਲੈ ਕੇ ਆ। ਬਿਸਤਰੇ ਦੀ ਚਾਦਰ ਬਦਲ ਦੇ। ਨ੍ਹਾਉਣੈ ਪ੍ਰਾਹੁਣੇ ਨੇ, ਗੀਜ਼ਰ ਚਲਾ ਦੇ। ਉਹ ਦੇ ਬੂਟ ਪਾਲਿਸ਼ ਕਰ ਦੇ। ਉਹ ਦਾ ਸ਼ਰਟ ਪ੍ਰੈੱਸ ਕਰ ਲਿਆ। ਹਾਅ... ਦਹੀਂ ਜਮਾਉਣੀ ਤਾਂ ਭੁੱਲ ਈ ਗਿਆ ਤੂੰ, ਸ਼ਿਵਚਰਨ ਤਾਂ ਸਵੇਰੇ ਈ ਮੰਗੂਗਾ ਦਹੀਂ।"

ਰੇਸ਼ਮ ਆਤਮਾ ਦੇਵੀ ਲਈ ਐਨਾ ਕਰਦਾ ਹੈ, ਜਿਵੇਂ ਉਹ ਉਹ ਦਾ ਢਿੱਡੋਂ ਕੱਢਿਆ ਪੁੱਤ ਹੋਵੇ।

ਉਸ ਦਿਨ ਆਤਮਾ ਦੇਵੀ ਸਾਰਾ ਸਮਾਂ ਚੁੱਪ ਚੁੱਪ ਉੱਠਦੀ ਬੈਠਦੀ ਰਹੀ। ਜਿਵੇਂ ਉਹ ਨੂੰ ਕਿਸੇ ਘੋਰ ਉਦਾਸੀ ਨੇ ਘੇਰ ਰੱਖਿਆ ਹੋਵੇ। ਜਿਵੇਂ ਉਹ ਕਿਸੇ ਡੂੰਘੀ ਸੋਚ ਵਿਚ ਧਸ ਚੁੱਕੀ ਹੋਵੇ। ਜਿਵੇਂ ਉਹ ਕੋਈ ਅਲੋਕਾਰ ਫ਼ੈਸਲਾ ਕਰ ਬੈਠੀ ਹੋਵੇ।

ਦਿਨ ਢਲਿਆ, ਉਹ ਨੇ ਰੋਟੀ ਟੁੱਕ ਦਾ ਆਹਰ ਨਹੀਂ ਕੀਤਾ। ਸ਼ਿਮਲਾ ਦੋ ਵਾਰ ਚੀਕਾਂ ਮਾਰ ਚੁੱਕੀ ਹੈ-"ਮੰਮੀ...ਹਾਏ ਮੇਰਾ ਕਾਲਜਾ! ਮੰਮੀ ਰੋਟੀ...।"

ਆਤਮਾ ਦੇਵੀ ਗੁੰਮ ਸੁੰਮ ਬੈਠੀ ਹੋਈ ਹੈ। ਉਹਨੂੰ ਸ਼ਿਮਲਾ ਦੀ ਕੋਈ ਆਵਾਜ਼ ਨਹੀਂ ਸੁਣਦੀ।

ਖ਼ਾਸੀ ਦੇਰ ਬਾਅਦ ਰੇਸ਼ਮ ਬਾਹਰੋਂ ਕਿਧਰੋਂ ਆਇਆ ਹੈ। ਸਾਈਕਲ ਨੂੰ ਟਿਕਾਣੇ 'ਤੇ ਖੜ੍ਹਾ ਕਰਕੇ ਆਤਮਾ ਦੇਵੀ ਦੇ ਗੋਡੇ ਮੁੱਢ ਆ ਬੈਠਾ ਹੈ। ਕਹਿੰਦਾ ਹੈ–"ਰੋਟੀ ਖਾ ਚੁੱਕੇ ਮੰਮੀ, ਤੁਸੀਂ?"

ਆਤਮਾ ਦੇਵੀ ਦਾ ਜਵਾਬ ਉਡੀਕੇ ਬਗ਼ੈਰ ਉਹ ਨੇ ਰਸੋਈ ਖੋਲ੍ਹੀ ਹੈ। ਉਹ ਇਸ ਤਰ੍ਹਾਂ ਹੀ ਕਰਿਆ ਕਰਦਾ ਹੈ। ਭੁੱਖ ਲੱਗੀ ਹੋਵੇ ਤਾਂ ਕਿਸੇ ਨੂੰ ਉਡੀਕਦਾ ਨਹੀਂ। ਖ਼ੁਦ ਹੀ ਕੌਲੀ ਵਿਚ ਸਬਜ਼ੀ ਦੀਆਂ ਦੋ ਕੜਛੀਆਂ ਪਾਵੇਗਾ ਤੇ ਹੱਥ ਵਿਚ ਰੋਟੀਆਂ ਫੜ ਕੇ ਬੈਠ ਜਾਵੇਗਾ। ਫੇਰ ਵਿਚ ਦੀ ਬਿਮਲਾ ਨੂੰ ਹਾਕ ਮਾਰੇਗਾ–"ਬਿਮਲ...!" ਬਿਮਲਾ ਨੂੰ ਪਤਾ ਹੁੰਦਾ ਹੈ ਕਿ ਉਹ ਕਿਉਂ ਉਹਨੂੰ ਬੁਲਾ ਰਿਹਾ ਹੈ। ਉਹ ਅੱਗੋਂ ਹੋਰ ਉੱਚਾ ਬੋਲੇਗੀ– "ਮੰਮੀ... ਪਾਣੀ ਦੇ ਦੇ ਇਹਨੂੰ।"

ਆਤਮਾ ਦੇਵੀ ਖਿਝੇਗੀ–"ਰੋਟੀ ਲੈ ਕੇ ਬੈਠੈਂ, ਤਾਂ ਪਾਣੀ ਲੈਂਦੇ ਨੂੰ ਕੀ ਭਾਰ ਲੱਗਦਾ ਸੀ ਕੋਈ?"

"ਮੰਮੀ ਪਲੀਜ਼।" ਉਹ ਫ਼ਿਲਮੀ ਨਖ਼ਰਾ ਕਰੇਗਾ।

ਆਤਮਾ ਦੇਵੀ ਪਾਣੀ ਦੇ ਗਲਾਸ ਨਾਲ ਇੱਕ ਰੋਟੀ ਵੀ ਹੋਰ ਲਿਆ ਦਿੰਦੀ ਹੈ। ਉਹ ਨੂੰ ਪਤਾ ਹੈ, ਉਹ ਦੀ ਭੁੱਖ ਦੋ ਰੋਟੀਆਂ ਨਾਲੋਂ ਵੱਧ ਹੈ। ਸਟੋਵ ਕੋਲ ਬੈਠ ਕੇ ਤੱਤੀ ਤੱਤੀ ਰੋਟੀ ਖਾ ਜਾਵੇਗਾ।

ਸੱਖਣੀ ਰਸੋਈ ਦੇਖ ਕੇ ਰੇਸ਼ਮ ਵਾਪਸ ਆਤਮਾ ਦੇਵੀ ਕੋਲ ਆ ਜਾਂਦਾ ਹੈ। ਉਹ ਪਹਿਲਾਂ ਰੋਂਦੀ ਹੈ, ਫੇਰ ਅੱਖਾਂ ਪੂੰਝ ਕੇ ਰੇਸ਼ਮ ਦੇ ਹੱਥ ਆਪਣੇ ਹੱਥਾਂ ਵਿਚ ਲੈ ਲੈਂਦੀ ਹੈ। ਉਹ ਹੈਰਾਨੀ ਭਰਿਆ ਹਾਸਾ ਹੱਸਦਾ ਹੈ। ਫੇਰ ਉਹ ਬਿਮਲਾ ਨੂੰ ਹਾਕ ਮਾਰਦੀ ਹੈ। ਮਾਂ ਦੀ ਫਟੀ ਫਟੀ ਆਵਾਜ਼ ਸੁਣ ਕੇ ਉਹ ਭੱਜ ਕੇ ਉਹਦੇ ਕੋਲ ਆਉਂਦੀ ਹੈ। ਮਾਂ ਦੇ ਹੱਥ ਵਿਚ ਰੇਸ਼ਮ ਦਾ ਹੱਥ ਦੇਖ ਕੇ ਹੈਰਾਨ ਹੁੰਦੀ ਹੈ। ਦੂਜੇ ਹੱਥ ਨਾਲ ਬਿਮਲਾ ਦਾ ਹੱਥ ਫੜ ਕੇ ਮਾਂ ਨੇ ਉਹਨੂੰ ਆਪਣੇ ਕੋਲ ਬਿਠਾ ਲਿਆ ਹੈ। ਬਿਮਲਾ ਤੇ ਰੇਸ਼ਮ ਮੁਸਕਰਾ ਰਹੇ ਹਨ। ਪਰ ਬੜੇ ਹੈਰਾਨ ਹਨ, ਜਿਵੇਂ ਮਾਂ ਨੂੰ ਕੋਈ ਪਾਗਲਪਨ ਚੜ੍ਹ ਰਿਹਾ ਹੋਵੇ।

"ਬਾਮ੍ਹਣ ਦਾ ਪੁੱਤ ਕੀ ਕੋਈ ਫੂਕਣੈ ਮੈਂ?' ਪਹਿਲੇ ਨੇ ਕਿਹੜੇ ਪੰਘੂੜੇ ਝੂਟਾ ਤੇ ਮੈਨੂੰ। ਸੂਲੀ 'ਤੇ ਟੰਗ ਰੱਖਿਐ ਮੇਰੀ ਧੀ ਨੂੰ। ਤਪਾ ਛੱਡੀ ਆਂ ਮੈਂ ਤਾਂ। ਮੈਨੂੰ ਤਾਂ ਪੁੱਤ ਤੂੰ ਚੰਗਾ।" ਆਤਮਾ ਦੇਵੀ ਨੇ ਬਿਮਲਾ ਦਾ ਹੱਥ ਰੇਸ਼ਮ ਦੇ ਹੱਥ ਵਿਚ ਦੇ ਦਿੱਤਾ ਹੈ।

ਹੁਣ ਬਿਮਲਾ ਤੇ ਰੇਸ਼ਮ ਦੀਆਂ ਅੱਖਾਂ ਵਿਚ ਪਾਣੀ ਹੈ, ਪਰ ਇਨ੍ਹਾਂ ਹੰਝੂਆਂ ਦਾ ਹੋਰ ਰੰਗ ਹੈ।

ਤੇ ਫੇਰ ਅੱਧੀ ਰਾਤ ਤੱਕ ਬੈਠੇ ਤਿੰਨੇ ਗੱਲਾਂ ਕਰਦੇ ਰਹਿੰਦੇ ਹਨ। ਭਵਿੱਖ ਦੀਆਂ ਯੋਜਨਾਵਾਂ ਦਾ ਕੋਈ ਅੰਤ ਸ਼ੁਮਾਰ ਨਹੀਂ। ਰੋਟੀ ਪੱਕੀ ਤਾਂ ਹੈ, ਪਰ ਖੁਸ਼ੀ ਐਨੀ ਕਿ ਉਹ ਤਿੰਨੇ ਹੀ ਥੋੜ੍ਹੀ ਥੋੜ੍ਹੀ ਖਾ ਸਕੇ ਹਨ।

ਰੇਸ਼ਮ ਨਾਈਆਂ ਦਾ ਮੁੰਡਾ ਹੈ। ♦

# ਗਜ਼ਬ ਸਾਈਂ ਦਾ

ਮੇਰੀ ਉਮਰ ਦੇ ਬੰਦੇ ਪਿੰਡ 'ਚ ਹੁਣ ਥੋੜ੍ਹੇ ਈ ਰਹਿ 'ਗੇ। ਅੱਧੇ ਤਾਂ ਇਨ੍ਹਾਂ 'ਚੋਂ ਮੰਜੇ ਨਾਲ ਮੰਜਾ ਹੋ ਕੇ ਪਏ ਨੇ। ਕੋਈ ਕੋਈ ਐ, ਜੋ ਸੋਟੀ ਫੜ ਕੇ ਬਾਹਰ-ਅੰਦਰ ਜਾ ਸਕਦੇ ਹਨ। ਇੱਕ ਅੱਧਾ ਈ ਕੋਈ ਖੇਤ ਗੇੜਾ ਮਾਰਦਾ ਹੋਊਗਾ। ਸਵੇਰੇ ਸਵੇਰੇ ਖੇਤ ਵਿਚ ਜਾ ਕੇ ਆਉਣਾ ਮੇਰਾ ਨਿੱਤ ਨੇਮ ਐ। ਜੇ ਕਿਸੇ ਦਿਨ ਜਾ ਕੇ ਫ਼ਸਲ ਨਾ ਦੇਖਾਂ ਤਾਂ ਸੰਵਾਰ ਕੇ ਭੁੱਖ ਨ੍ਹੀਂ ਲੱਗਦੀ, ਰਾਤ ਨੂੰ ਚੰਗੀ ਨੀਂਦ ਨ੍ਹੀਂ ਆਉਂਦੀ।

ਘਰੇ ਸਭ ਰੰਗ ਭਾਗ ਲੱਗੇ ਹੋਏ ਨੇ। ਚਾਰੇ ਪੁੱਤਾਂ ਦੇ ਗਹਾਂ ਦੋ ਦੋ, ਤਿੰਨ ਤਿੰਨ ਜੁਆਕ ਨੇ। ਹੁਣ ਤਾਂ ਪੋਤੇ ਪੋਤੀਆਂ ਵੀ ਵਿਆਹੇ ਗਏ। ਉਨ੍ਹਾਂ ਦੇ ਵੀ ਨਿਆਣੇ-ਨਿੱਕੇ ਹੋਈ ਜਾਂਦੇ ਨੇ, ਮੈਂ ਛੋਟੇ ਮੁੰਡੇ ਦੇ ਚੁੱਲ੍ਹੇ 'ਤੇ ਆਂ। ਖਾਣ ਪੀਣ ਨੂੰ ਖੁੱਲ੍ਹਾ, ਪਰ ਮੈਂ ਸੰਜਮ ਨਾਲ ਈ ਖਾਂਦਾ ਪੀਨਾਂ। ਘਿਓ ਘੰਦੂ ਤਾਂ ਹੁਣ ਹਜਮ ਨ੍ਹੀਂ ਹੁੰਦਾ। ਬੱਸ ਦੁੱਧ ਪੀਨਾਂ, ਉਹ ਵੀ ਇੱਕ ਵੇਲੇ, ਰਾਤ ਨੂੰ, ਅੱਧੀ ਬਾਟੀ। ਦੁੱਧ ਪੀਣ ਨਾਲ, ਹੋਰ ਤਾਂ ਕੁਸ਼ ਨ੍ਹੀ। ਤੜਕੇ ਜੰਗਲ ਪਾਣੀ ਖੁੱਲ੍ਹ ਕੇ ਆ ਜਾਂਦੈ।

ਪਿੰਡ 'ਚ ਜਾ ਕੇ ਕਦੇ ਕਦੇ ਮੈਂ ਆਪਣੇ ਹਾਣੀ ਬੁੜ੍ਹਿਆਂ ਨੂੰ ਵੀ ਮਿਲ ਆਉਨਾਂ। ਮੈਂ ਗਲ ਆਖੂਗਾ-"ਓਏ ਰਾਮ ਕ੍ਰਿਸ਼ਨਾ, ਕੰਜਰਾ, ਓਹਿਆ ਜ੍ਹਾ ਈ ਪਿਐਂ, ਕੀ ਖਾਨੈਂ?"

ਪਟਵਾਰੀ ਬਹੁਤ ਤਾਰੀਫ਼ ਕਰਦਾ ਰਹਿੰਦੈ, ਜਦੋਂ ਵੀ ਨਿਗ੍ਹਾ ਪੈ ਜਾਂ, ਬੋਲ ਮਾਰ ਕੇ ਖੜ੍ਹਾ ਲੂਗਾ। ਕਹਿੰਦਾ ਐ-"ਬਾਬਾ ਰਾਮ ਕ੍ਰਿਸ਼ਨ ਸਿਆਂ, ਤੂੰ ਈ ਰਹਿ ਗਿਆ ਇੱਕ ਬੱਸ ਪਿੰਡ 'ਚ ਬਾਕੀ ਤੇਰੇ ਹਾਣੀ ਤਾਂ ਸਭ ਹਥਿਆਰ ਸਿੱਟੀ ਬੈਠੇ ਐ।"

ਆਪਣੀ ਉਮਰ 'ਚ ਮੈਂ ਬੜੇ ਦੁੱਖ ਦੇਖੇ। ਮੇਰਾ ਬਾਪ ਪਹਿਲੀ ਵੱਡੀ ਲੜਾਈ 'ਚ ਮਾਰਿਆ ਗਿਆ ਸੀ। ਉਦੋਂ ਮੇਰੀ ਉਮਰ ਚੌਦਾਂ ਪੰਦਰਾਂ ਸਾਲ ਮਸ੍ਹਾਂ ਹੋਊਗੀ। 'ਕੱਲਾ ਈ ਸੀ। ਨਾ ਕੋਈ ਭੈਣ, ਨਾ ਭਰਾ। ਤਾਏ ਚਾਚੇ ਬਥੇਰਾ ਪਿਆਰ ਕਰਦੇ ਸੀ। ਮਾਂ ਨੇ ਪੂਰਾ ਖੁਆਇਆ ਪਿਆਇਆ। ਜੁਆਨ ਹੋ ਗਿਆ। ਫੇਰ ਉਹ ਨੇ ਮੈਨੂੰ ਵਿਆਹ ਲਿਆ। ਵਸਾਖੀ ਦੇ ਨ੍ਹਾਉਣ ਅੰਬਰਸਰ ਅਸੀਂ ਤਿੰਨੇ ਗਏ। ਜਲ੍ਹਿਆਂ ਵਾਲੇ ਬਾਗ ਬੜਾ 'ਕੱਠ ਸੀ। ਅੰਗਰੇਜ਼ ਨੇ ਗੋਲੀ ਚਲਾ 'ਤੀ। ਬੇਬੇ ਤੇ ਬਹੂ ਉੱਥੇ ਮਾਰੀਆਂ ਗਈਆਂ। ਮੈਂ ਬਚ ਗਿਆ, ਨਕੜਮਾ। ਤਾਏ ਚਾਚਿਆਂ ਨੇ ਈ ਗਲ ਲਾਇਆ ਮੈਨੂੰ। ਬਥੇਰਾ ਸਾਂਭਿਆ ਭਾਈ। ਮੇਰਾ ਦੂਜਾ ਵਿਆਹ ਕੀਤਾ। ਵਾਹੀ ਖੇਤੀ 'ਕੱਠੀ ਸੀ। ਸਾਰੀ ਉਮਰ ਈ 'ਕੱਠੇ ਰਹੇ। ਪਰ ਮੁਰੱਬਾਬੰਦੀ ਵੇਲੇ ਟੱਕ ਅੱਡ ਅੱਡ ਕੱਟ 'ਤੇ। ਊਂ ਤਾਂ ਮੇਰੇ ਮੁੰਡੇ ਜੁਆਨ ਹੋ 'ਗੇ ਸੀ, ਪਰ ਪਹਿਲਾ ਧੱਕਾ ਮੈਨੂੰ ਉਦੋਂ ਲੱਗਿਆ, ਜਦੋਂ ਪਹਿਲੇ ਸਾਲ ਮੈਨੂੰ ਤਾਏ ਚਾਚੇ ਦੀ ਢੇਰੀ ਤੋਂ ਅੱਡ ਹੋ ਕੇ ਵਾਹੀ ਕਰਨੀ ਪਈ।

ਦੂਜਾ ਧੱਕਾ ਉਦੋਂ ਲੱਗਿਆ ਜਦੋਂ ਮੇਰੇ ਆਵਦੇ ਚਾਰੇ ਮੁੰਡੇ ਅੱਡ ਹੋਗੇ। ਕੀ ਹੋਇਆ ਜੇ ਉਹ ਵਿਆਹੇ ਵਰੇ ਗਏ ਸੀ, ਖੇਤੀ ਤਾਂ 'ਕੱਠੀ ਰੱਖਦੇ। ਮੇਰੇ ਤਾਏ-ਚਾਚੇ 'ਕੱਠੇ ਰਹੇ, ਇਹ ਵੀ ਰਹਿ ਲੈਂਦੇ। ਕੀ ਫ਼ਰਕ ਪੈਂਦਾ ਸੀ? 'ਕੱਠਾ ਟੱਬਰ ਤਾਂ ਇੱਕ ਗੰਢ ਹੁੰਦੀ ਐ। ਵਿਚੇ ਹਾਰ-ਨਿਵਾਰ ਹੋਈ ਜਾਂਦੈ ਸਭ ਦਾ। ਗੰਢ ਬੱਝੀ ਰਹਿੰਦੀਐ। ਹਵਾ ਬਾਹਰ ਨ੍ਹੀ ਨਿਕਲਦੀ। ਪਰ ਖ਼ੈਰ...।

ਤੀਜਾ ਧੱਕਾ ਮੈਨੂੰ ਹੁਣ ਲੱਗਿਐ। ਇਹ ਧੱਕਾ ਸਭ ਤੋਂ ਵੱਡਾ ਐ। ਸਰਪੰਚ ਦੇਵਤਾ ਆਦਮੀ ਸੀ। ਨਾ ਕਿਸੇ ਦੀ ਚੰਗੀ ਨਾ ਮਾੜੀ। ਸੱਚੋ ਸੱਚ ਨਿਤਾਰਿਆ ਸ਼ੇਰ ਨੇ ਸਾਰੀ ਉਮਰ। ਪਿੰਡ ਦਾ ਕਿੰਨਾ ਕੀਤਾ ਲਖਵਿੰਦਰ ਸੂੰ ਨੇ। ਸਕੂਲ, ਡੰਗਰ ਹਸਪਤਾਲ, ਫੇਰ ਭਾਈ ਡਾਕਖਾਨਾ, ਸ਼ਫ਼ਾਖ਼ਾਨਾ, ਟੈਂਕੀ-ਸਾਰੇ ਪਿੰਡ 'ਚ ਘਰ ਘਰ ਟੂਟੀਆਂ ਲਖਾ 'ਤੀਆਂ, ਭਰੀ ਜਾਓ ਬਈ ਤੌੜੇ ਬਾਲਟੀਆਂ, ਅੱਗੇ ਬੁੜ੍ਹੀਆਂ ਦੀਆਂ ਪੰਪ ਗੇੜਦੀਆਂ ਦੀਆਂ ਵੱਖੀਆਂ ਚੜ੍ਹ ਜਾਂਦੀਆਂ। ਕੋਈ ਅੰਤ ਛੱਡਿਆ ਲਖਵਿੰਦਰ ਨੇ। ਕਿੱਧਰੋਂ ਈ ਬਿੱਜ ਪੈ 'ਗੀ ਭਾਈ। ਟੂਮ ਟੱਲਾ ਤੇ ਨੋਟਾਂ ਦੇ ਥੱਬੇ ਸਭ ਲੈ 'ਗੇ। ਇਕ ਦਿਨ ਪਹਿਲਾਂ ਨਰਮਾ ਵੇਚਿਆ ਸੀ, ਸਰਪੰਚ ਨੇ। ਪਿੰਡ ਨੇ ਜਮ੍ਹਾਂ ਈ ਕਾਲਖ਼ ਮਲ 'ਲੀ ਮੂੰਹ ਮੱਥੇ। ਇਕ ਵੀ ਬੰਦਾ ਨ੍ਹੀ ਕੁਸਕਿਆ। ਬਾਰ ਅੜਾ ਲੇ ਸਗੋਂ। ਕਿਹੜਾ ਰਾਤ ਸੀ, ਚਿੱਟਾ ਦਿਨ ਸੀ। ਗਾਈਆਂ ਦਾ ਵੱਗ ਅਜੇ ਮੁੜਿਆ ਨ੍ਹੀ ਸੀ।

ਉਹ ਪੰਜ ਜਣੇ ਸੀ, ਪੰਜਾ ਕੋਲ ਬੰਦੂਖਾਂ। ਮੋਟਰਸੈਕਲਾਂ 'ਤੇ ਆਏ ਸੀ, ਆਉਣ ਸਾਰ ਦਾੜ ਦਾੜ ਕਰ 'ਤੀ। ਘਰ ਬਾਰ ਸਾਰਾ ਲੁੱਟ ਲਿਆ। ਗੋਲੀਆਂ ਵਰ੍ਹਾਉਂਦੇ ਆਏ ਸੀ, ਗੋਲੀਆਂ ਵਰ੍ਹਾਉਂਦੇ ਔਹ ਗਏ, ਔਹ ਗਏ। ਗਜ਼ਬ ਸਾਈਂ ਦਾ, ਓਹੀ ਪਿੰਡ ਐ।

ਚਾਲੀ ਵਰ੍ਹੇ ਹੋ 'ਗੇ, ਨਾ ਭਾਈ ਉੱਤੇ ਹੋ 'ਗੇ ਹੋਣਗੇ। ਦੂਜੀ ਲੜਾਈ ਲੱਗੀ ਹੋਈ ਸੀ। ਮੈਨੂੰ ਇਉਂ ਜਾਦ ਐ ਨਾ, ਮੁਨਸ਼ੀ ਤਖ਼ਾਣ ਫ਼ੌਜ 'ਚੋਂ ਭਗੌੜਾ ਹੋ ਕੇ ਆ ਗਿਆ ਸੀ। ਪੱਕੀ ਰਫ਼ਲ ਵੀ ਨਾਲ ਈ ਲੈ ਆਇਆ। ਲੁਕਦਾ ਫਿਰਦਾ ਹੁੰਦਾ। ਪਿੰਡ ਆਲੇ ਉਹ ਨੂੰ ਕੁਸ਼ ਨ੍ਹੀਂ ਸੀ ਆਖਦੇ। ਅਸੀਂ ਉਹਨੂੰ ਗਾਲ੍ਹਾਂ ਜ਼ਰੂਰ ਕੱਢਦੇ-"ਸਾਲਿਆ, ਜੇ ਭੱਜਣਾ ਸੀ ਤਾਂ ਪਹਿਲਾਂ ਭਰਤੀ ਕਾਹਨੂੰ ਹੋਇਆ ਸੀ?"

ਖ਼ੈਰ ਜੀ, ਸ਼ਮਸ਼ੇਰ ਸੂ ਦੀ ਹਵੇਲੀ ਡਾਕਾ ਪਿਆ। ਚਾਰ ਡਾਕੂ ਸੀ। ਦੋਂਹ ਕੋਲ ਬੰਦੂਖ਼ਾਂ, ਇੱਕ ਕੋਲ ਪਸਤੌਲ ਤੇ ਚੌਥੇ ਕੋਲ ਗੰਡਾਸਾ ਸੀ ਬੱਸ। ਸ਼ਮਸ਼ੇਰ ਸਿਉਂ ਦੇ ਦੋ ਵਿਆਹ ਸੀ। ਵੱਡੀ ਬਹੂ ਦੇ ਕੋਈ ਨਿਆਣਾ ਨਿੱਕਾ ਹੈ ਨ੍ਹੀ ਸੀ। ਪਰ ਕੁੰਜੀ ਮੁਖਤਿਆਰ ਉਹ ਸੀ। ਛੋਟੀ ਦੇ ਉਦੋਂ ਪਹਿਲਾ ਜੁਆਕ ਹੋਣਾ ਸੀ। ਫੇਰ ਤਾਂ ਦੇਖ ਲੋ ਚਾਰ ਮੁੰਡੇ ਜੰਮੇ ਉਹਨੇ, ਤਿੰਨ ਕੁੜੀਆਂ।

ਇੱਕ ਡਾਕੂ ਕੋਠੇ 'ਤੇ ਚੜ੍ਹ ਗਿਆ। ਸਿਖ਼ਰ, ਚੁਬਾਰੇ ਦੀ ਛੱਤ 'ਤੇ। ਥੋੜ੍ਹੇ ਜ੍ਹੇ ਚਿਰ ਪਿੱਛੋਂ ਫੈਰ ਕਰ ਦਿਆ ਕਰੇ, ਲਲਕਾਰੇ ਵੀ ਮਾਰੇ-"ਪਿੰਡ ਦਿਆਂ ਨੂੰ ਅਸੀਂ ਕੁਸ਼ ਨ੍ਹੀ ਕਹਿੰਦੇ। ਸਾਡੇ ਨੇੜੇ ਨਾ ਆਇਓ ਕੋਈ। ਭੁੰਨ ਦਿਆਂਗੇ।" ਉਹਦੇ ਮੋਢੇ ਖੱਦਰ ਦਾ ਸਮੋਸਾ ਸੀ। ਉਹ ਸਮੋਸੇ ਦਾ ਇਸ਼ਾਰਾ ਵੀ ਕਰਦਾ। ਜਿਵੇਂ ਕੋਈ ਮਖਿਆਲ ਦੀਆਂ ਮੱਖੀਆਂ ਤੋਂ ਡਰਦਾ ਕਰਦਾ ਹੋਵੇ।

ਸਿਖ਼ਰ ਦੁਪਹਿਰਾ, ਕੋਠਿਆਂ ਦੀਆਂ ਛੱਤਾਂ 'ਤੇ ਖੜ੍ਹੇ ਲੋਕ ਬੱਸ ਝਾਕੀ ਜਾਣ। ਬੁੜ੍ਹੀਆਂ, ਜੁਆਕ ਤੇ ਬੰਦੇ। ਉਹ 'ਸਮਾਨ ਕੰਨੀ ਫੈਰ ਕਰਦਾ ਸੀ। ਮੈਂ ਅੱਖੀਂ ਦੇਖਿਆ, ਇਹ ਨਜ਼ਾਰਾ।

ਉਨ੍ਹਾਂ ਨੇ ਸ਼ਮਸ਼ੇਰ ਸਿਉਂ ਨੂੰ ਇੱਕ ਥਮਲੇ ਨਾਲ ਨੂੜ 'ਤਾ। ਮੂੰਹ 'ਚ ਕੱਪੜਾ ਥੁੰਨ 'ਤਾ। ਛੋਟੀ ਬਹੂ ਨੂੰ ਰੋਟੀ ਟੁੱਕ ਆਲੇ ਕੋਠੜੇ 'ਚ ਬੰਦ ਕਰ 'ਤਾ ਬਾਹਰੋ ਕੁੰਡਾ ਠੋਕ 'ਤਾ। ਪਤਾ ਹੋਊਗਾ, ਬਈ ਕੁੰਜੀਆਂ ਵੱਡੀ ਬਹੂ ਕੋਲ ਨੇ। ਪਹਿਲਾਂ ਤਾਂ ਉਨ੍ਹਾਂ ਨੇ ਉਹ ਦਾ ਮੂੰਹ ਕੁੱਟਿਆ ਰਖੜਿਆਂ ਨਾਲ, ਫੇਰ ਘਸੁੰਨ ਮੁੱਕੀ ਕੀਤੀ, ਵੱਡੀ ਬਹੁ ਮੰਨੇ ਈ ਨਾ। ਉਨ੍ਹਾਂ ਨੇ ਉਹ ਦੇ ਕੱਪੜੇ ਪਾੜ 'ਤੇ। ਅਲਫ਼ ਨੰਗੀ ਕਰ ਲਿਆ। ਬੰਦੂਖ਼ ਦਾ ਗਜ ਕੱਢ ਕੇ ਡਾਕੂ ਕਹਿੰਦਾ–"ਦੇ ਦੇ ਕੁੰਜੀਆਂ, ਨਹੀਂ ਤਾਂ ਬੁਰੀ ਹਾਲਤ ਕਰੂੰ ਤੇਰੀ।" ਉਹ ਨੇ ਕੁੰਜੀਆਂ ਦੇ 'ਤੀਆਂ। ਬੰਦੂਖ਼ ਆਲਾ ਵੱਡੀ ਬਹੂ ਕੰਨੀ ਨਾਲ਼ ਸਿੰਨ੍ਹੀ ਖੜ੍ਹਾ ਰਿਹਾ, ਦੂਜੇ ਦੋ ਬੰਦਿਆਂ ਨੇ ਵੱਡੀ ਬਹੁ ਦੇ ਦੱਸਣ ਮੁਜਬ ਅਲਮਾਰੀਆਂ ਦੇ ਸੰਦੂਕ ਟਰੰਕ ਖੋਲ੍ਹ ਕੇ ਟੂਮ ਟੱਲਾ ਸਭ ਕੱਢ ਲਿਆ। ਫੇਰ ਗੰਡਾਸੇ ਆਲੇ ਨੇ ਗੰਡਾਸਾ 'ਤਾਹ ਉਲਾਰਿਆ। ਉਹ ਵੱਡੀ ਬਹੂ ਸਾਹਮਣੇ ਕੋਈ ਜਮਦੂਤ ਬਣਿਆ ਖੜ੍ਹਾ ਸੀ। ਜਿਵੇਂ ਗੰਡਾਸਾ ਸਿਰ 'ਚ ਮਾਰ ਕੇ ਸਿਰ ਦੀਆਂ ਦੋ ਫਾੜਾਂ ਕਰ ਦੇਣੀਆਂ ਹੋਣ। ਉਹ ਕੜਕਿਆ–"ਗਾਗਰਾਂ ਦੱਸ ਕਿੱਥੇ ਦੱਬੀਆਂ ਨੇ?"

ਵੱਡੀ ਬਹੂ ਪਹਿਲਾਂ ਈ ਸਹਿਮੀ ਖੜ੍ਹੀ ਸੀ, ਜਿਵੇਂ ਸ਼ਿਕਾਰੀਆਂ ਨੇ ਹਿਰਨੀ ਘੇਰ 'ਲੀ ਹੋਵੇ। ਉਹਨੇ ਉੱਖਲੀ ਕੰਨੀ ਉਂਗਲ ਕਰ 'ਤੀ। ਡਾਕੂਆਂ ਨੇ ਕਹੀ ਲੈ ਕੇ ਉੱਖਲੀ ਉਖੇੜ 'ਲੀ। ਥੱਲਿਓਂ ਦੋ ਗਾਗਰਾਂ ਨਿਕਲੀਆਂ, ਚਾਂਦੀ ਦੇ ਰੁਪਈਏ। ਗੰਡਾਸੇ ਆਲੇ ਨੇ ਦੋੜਾ ਲੈ ਕੇ ਸਾਰੇ ਰੁਪਈਆਂ ਦੀ ਪੰਡ ਬੰਨ੍ਹ 'ਲੀ ਤੇ ਸਿਰ 'ਤੇ ਧਰ 'ਲੀ।

ਇਹ ਸਾਰਾ ਕਾਰਾ ਘੰਟਾ ਹੁੰਦਾ ਰਿਹਾ ਹੋਊ। ਉਹ ਹਵੇਲਿਓਂ ਬਾਹਰ ਹੋਏ ਤਾਂ ਲੋਕ ਮਗਰ ਲੱਗ ਲੈ। ਗੰਡਾਸੇ ਆਲਾ ਸਿਰ ਉਤਲੀ ਪੰਡ 'ਚੋਂ ਰੁਪਈਆਂ ਦੀ ਮੁੱਠੀ ਭਰ ਕੇ ਲੋਕਾਂ ਕੰਨੀ ਸਿੱਟ ਦਿਆ ਕਰੇ। ਲੋਕਾਂ ਨੇ ਉਹ ਰੁਪਈਆਂ ਨੂੰ ਨ੍ਹੀ ਦੇਖਿਆ। ਉਹ ਤਾਂ ਡਾਕੂਆਂ ਨੂੰ ਘੇਰਨਾ ਚਾਹੁੰਦੇ ਸੀ। ਡਾਕੂਆਂ ਨੇ ਪੰਜ ਸੱਤ ਹਵਾਈ ਫੈਰ ਕੀਤੇ। ਆਖ਼ਰ ਐਵੇਂ ਜਿਵੇਂ ਉਹ ਪਿੰਡੋਂ ਨਿਕਲ ਗਏ। ਭੱਜਣ ਲੱਗੇ।

ਮੋਦਨ ਸੂੰ ਨੰਬਰਦਾਰ ਬੜਾ ਦਲੇਰ ਬੰਦਾ ਸੀ। ਪਿੰਡ 'ਚ ਡਾਕੂ ਵੜੇ ਸੁਣ ਕੇ ਉਹ ਨੇ ਸਾਰੇ ਲਸੰਸੀਏ 'ਕੱਠੇ ਕਰ 'ਲੇ।ਹੋਣਗੀਆਂ ਦਸ ਬਾਰਾਂ ਬੰਦੂਖਾਂ ਪਿੰਡ 'ਚ।ਮੁਨਸ਼ੀ ਤਖ਼ਾਣ ਨੇ ਉਸ ਦਿਨ ਬੜਾ ਕੰਮ ਕੀਤਾ। ਤਿੰਨ ਡਾਕੂ ਥਾਂ ਦੀ ਥਾਂ ਸਿੱਟ 'ਲੇ। ਮਾਰ ਤੇ। ਗੰਡਾਸੇ ਆਲੇ ਦੀ ਖੁੱਚ 'ਚ ਮਾਰੀ ਗੋਲੀ। ਜਾਨੋਂ ਨ੍ਹੀ ਮਾਰਿਆ ਉਹੋ। ਮੋਦਨ ਕਹਿੰਦਾ–ਇਹ ਨੂੰ ਰੱਖ ਲੋ। ਇਹ ਤੋਂ ਅਖੇ ਬਿਆਨ ਲਵਾਂਗੇ। ਕੁੱਲ ਟੂੰਮਾਂ ਤੇ ਰੁਪਈਆਂ ਦੀ ਪੰਡ ਸ਼ਮਸ਼ੇਰ ਸੂੰ ਦੀ ਹਵੇਲੀ ਪਹੁੰਚ 'ਗੀ। ਵੀਹੀਆਂ 'ਚ ਡਿੱਗੇ ਰੁਪਈਏ ਲੋਕਾਂ ਨੇ ਚੁਗੇ ਤੇ ਹਵੇਲੀ ਲਿਆ ਫੜਾਏ।

ਸਮਝ ਨ੍ਹੀ ਆਉਂਦੀ, ਉਹ ਪਿੰਡ ਐ, ਹੁਣ ਕੀ ਮੌਤ ਪੈ 'ਗੀ ਪਿੰਡ ਨੂੰ। ਜਮ੍ਹਾਂ ਈ ਮੋੜ੍ਹੀ ਪੱਟੀ ਗਈ ਪਿੰਡ ਦੀ। ਐਨਾ ਕਿਉਂ ਡਰ ਗਿਆ ਪਿੰਡ?

ਪਿੰਡ ਤਾਂ ਕੁਸ਼ ਕਰ ਨਾ ਸਕਿਆ, ਸੁਣਿਐ ਉਨ੍ਹਾਂ ਪੰਜਾਂ 'ਚੋਂ ਤਿੰਨ ਜਣੇ ਗਾਹਾਂ ਜਾ ਕੇ ਕਿਸੇ ਪਿੰਡ ਮਾਰ 'ਤੇ। ਕਿਸੇ ਦੇ ਖੇਤ, ਅਖੇ ਮੋਟਰ ਆਲੇ ਕਮਰੇ 'ਚ ਸੁੱਤੇ ਹੋਏ ਸੀ ਉਹੋ। ਪੁਲਸ ਜਾਂ ਸੀ. ਆਰ. ਪੀ. ਦੇ ਹੱਥ ਨ੍ਹੀ ਲੱਗੇ ਉਹੋ, ਹੋਰ ਕਿਸੇ ਨੇ ਈ ਮਾਰ 'ਤੇ।

ਕੀ ਜਾਣੀਏ ਭਾਈ, ਏਸ ਪਿੰਡ ਜਿੰਨ੍ਹਾਂ ਨੇ ਲੁੱਟ ਮਾਰ ਕੀਤੀ, ਉਹ ਕੌਣ ਸੀ ਤੇ ਜਿਨ੍ਹਾਂ ਨੇ ਗਾਹਾਂ ਉਨ੍ਹਾਂ ਨੂੰ ਮਾਰ 'ਤਾ, ਉਹ ਕੌਣ ਸੀ? ਖ਼ੈਰ ਉਨ੍ਹਾਂ ਦੀ ਛੱਡੋ... ਮੈਨੂੰ ਤਾਂ ਪਿੰਡ ਦੀ ਠੀਕਰੀ 'ਤੇ ਹਰਖ਼ ਆਉਂਦੈ, ਬਈ...। ♦

# ਉਹ ਤਿੰਨ

ਉਸ ਦਿਨ ਸ਼ਹਿਰ ਦੇ ਬੱਸ ਸਟੈਂਡ ’ਤੇ ਮੈਂ ਤੇ ਜਗਦੇਵ ਚਾਣਚੱਕ ਹੀ ਇਕੱਠੇ ਹੋ ਗਏ। ਕਈ ਮਹੀਨਿਆਂ ਬਾਅਦ ਮਿਲੇ ਸਾਂ। ਉਹ ਦੀ ਦਾੜ੍ਹੀ ਵਿਚ ਚਿੱਟੇ ਵਾਲ ਦਿੱਸਣ ਲੱਗੇ ਸਨ। ਮੈਂ ਚਾਹੇ ਉਹਦੇ ਹਾਣ ਦਾ ਹੀ ਸੀ, ਪਰ ਮੇਰੀ ਦਾੜ੍ਹੀ ਅੱਧੋਂ ਵੱਧ ਬੱਗੀ ਹੋਈ ਪਈ ਸੀ। ਉਹ ਮੈਨੂੰ ਹੱਸਣ ਲੱਗਿਆ–‘ਬੁੜ੍ਹਾ ਜ੍ਹਾ ਹੋਈ ਜਾਨੈਂ, ਕੁਛ ਕਰ ਲਿਆ ਕਰ।’

ਮੈਂ ਜਵਾਬ ਦਿੱਤਾ–‘ਇਹ ਧੌਲੇ ਤਾਂ ਇੱਕ ਦਿਨ ਆਉਣੇ ਈ ਸੀ, ਬੰਦੇ ਦਾ ਦਿਲ ਜੁਆਨ ਚਾਹੀਦੈ।’

‘ਓਏ, ਇਹ ਤਾਂ ਠੀਕ ਐ, ਪਰ ਦੇਖਣ ’ਚ ਵੀ ਜੁਆਨ ਜ੍ਹਾ ਰਹਿਣਾ ਚਾਹੀਦੈ।’

‘ਦੇਖਣ ਨੂੰ ਆਪਾਂ ਵੀ ਕਿਹੜਾ ਹੁਣ…’

‘ਉਹ ਤਾਂ ਪਹਿਲਾਂ ਵੀ ਕਿੱਥੇ ਸੀ।’

‘ਇਹ ਕੰਮ ਤਾਂ ਆਪਾਂ ਤੈਨੂੰ ਈ ਦਿੱਤਾ ਹੋਇਐ, ਕੀ ਹਾਲ ਐ ਉਹਦਾ? ਹੁਣ ਵੀ ਮਿਲਦੀ ਰਹਿੰਦੀ ਐ?’ ਮੈਂ ਪੁੱਛਿਆ।

ਉਹਦੀਆਂ ਅੱਖਾਂ ਪਾਸਾ ਵੱਟ ਗਈਆਂ। ਚਿਹਰਾ ਬੇਹੇ ਪੱਤੇ ਜਿਹਾ ਬਣ ਗਿਆ। ਮੈਂ ਫੇਰ ਬੋਲ ਪਿਆ–‘ਬੱਸ ਖ਼ਤਮ?’

ਉਹਨੇ ਧੀਮੀ ਆਵਾਜ਼ ਵਿਚ ਦੱਸਿਆ–‘ ਨਹੀਂ, ਖ਼ਤਮ ਤਾਂ ਨ੍ਹੀ। ਪਰ ਗੱਲ ਉਹ ਨ੍ਹੀ ਰਹੀ। ਉਹ ਦਾ ਵਿਆਹ ਹੋ ਗਿਆ ਸੀ।’

‘ਫੇਰ ਤਾਂ ਬਈ ਤੈਨੂੰ ਵੀ ਸੋਚਣਾ ਚਾਹੀਦੈ। ਹੁਣ ਉਹ ਦੀ ਵੀ ਇੱਕ ਜ਼ਿੰਦਗੀ ਐ। ਉਹ ਨੂੰ ਆਪਣੇ ਰਾਹ ’ਤੇ ਤੁਰਨ ਦੇਹ। ਜਿੰਨਾ ਚਿਰ ਕੁਆਰੀ ਸੀ, ਹੋਰ ਗੱਲ ਸੀ।’ ਮੈਂ ਉਹ ਨੂੰ ਮੱਤਾਂ ਦੇਣ ਲੱਗ ਪਿਆ।

‘ਨਹੀਂ, ਮੈਂ ਤਾਂ ਕੋਈ ਖਹਿੜਾ ਨ੍ਹੀ ਕਰਦਾ ਉਹਦਾ। ਕਦੇ ਕਦੇ ਮਿਲਦੇ ਆਂ। ਪਰ ਉਹ ਗੱਲ ਨ੍ਹੀ। ਉਹ ਜਦੋਂ ਮਜਬੂਰੀਆਂ ਦੀ ਗਿਣਤੀ ਜ੍ਹੀ ਕਰਨ ਲੱਗ ਪੈਂਦੀ ਐ, ਮੈਨੂੰ ਆਪਣੇ ਆਪ ’ਤੇ ਖਿਝ ਚੜ੍ਹਦੀ ਐ।’

‘‘ਤੂੰ ਮਿਲਣਾ ਛੱਡ ਦੇਹ ਉਹ ਨੂੰ।’ ਮੈਂ ਫਿਰ ਮੱਤ ਦਿੱਤੀ।

‘ਸਾਲਾ ਇਹ ਛੱਡਿਆ ਵੀ ਨ੍ਹੀ ਜਾਂਦਾ। ਕੀ ਕਰੀਏ ਯਾਰ?’ ਉਹ ਦੀ ਦੁਚਿੱਤੀ ਨੂੰ ਵੱਟ ਚੜ੍ਹ ਰਿਹਾ ਸੀ।

ਸ਼ੰਕੁਤਲਾ ਦੀ ਮਾਂ ਇੱਕ ਪ੍ਰਾਈਵੇਟ ਕਲੀਨਿਕ ਵਿਚ ਨਰਸ ਸੀ ਤੇ ਜਗਦੇਵ ਤੇ ਗੁਆਂਢ ਕਿਰਾਏ ਦੇ ਮਕਾਨ ਵਿਚ ਰਹਿੰਦੀ ਹੁੰਦੀ। ਸ਼ੰਕੁਤਲਾ ਦਾ ਬਾਪ ਫ਼ੌਜ ਵਿਚ ਸੀ।

ਸਾਲ ਛੇ ਮਹੀਨੇ ਬਾਅਦ ਕਦੇ ਛੁੱਟੀ ਆਉਂਦਾ। ਉਹਦਾ ਇੱਕ ਛੋਟਾ ਭਰਾ ਵੀ ਸੀ, ਉਹ ਸਕੂਲ ਜਾਂਦਾ। ਉਹ ਆਪ ਬੀ. ਏ. ਦਾ ਸਟੂਡੈਂਟ ਸੀ। ਜਗਦੇਵ ਉੱਥੋਂ ਦੇ ਹੀ ਕਾਲਜ ਵਿਚ ਅੰਗਰੇਜ਼ੀ ਦਾ ਲੈਕਚਰਾਰ ਸੀ। ਗੁਆਂਢ ਮੱਥਾ ਹੋਣ ਕਰਕੇ ਉਹ ਉਹਦੇ ਕੋਲ ਕਦੇ ਕਦੇ ਅੰਗਰੇਜ਼ੀ ਪੜ੍ਹਨ ਚਲੀ ਜਾਂਦੀ। ਬੱਸ ਉੱਥੋਂ ਹੀ ਵਿਗੜੀ ਕਹਾਣੀ।

ਜਗਦੇਵ ਮੇਰਾ ਕਾਲਜ ਵੇਲੇ ਤੱਕ ਦਾ ਮਿੱਤਰ ਸੀ। ਅਸੀਂ ਸਕੂਲ ਤੋਂ ਲੈ ਕੇ ਬੀ. ਏ. ਤੱਕ ਇਕੱਠੇ ਪੜ੍ਹੇ ਸਾਂ। ਹੋਸਟਲ ਵਿਚ ਰਹਿੰਦੇ ਹੁੰਦੇ। ਮੈਂ ਬੀ. ਏ. ਕਰਕੇ ਘਰ ਆ ਗਿਆ ਸੀ। ਕੋਈ ਟ੍ਰੇਨਿੰਗ ਆਦਿ ਨਹੀਂ ਕੀਤੀ ਸੀ। ਉਂਞ ਕੋਈ ਨੌਕਰੀ ਮਿਲੀ ਨਾ। ਘਰ ਦੀ ਜ਼ਮੀਨ ਸੀ। ਬਾਪੂ ਖੇਤੀ ਦਾ ਕੰਮ ਕਰਦਾ। ਮੈਂ ਬਾਪੂ ਨਾਲ ਹੀ ਹੋ ਲਿਆ। ਉਹ ਖੇਤੀ ਛੱਡਣ ਨੂੰ ਫਿਰਦਾ ਸੀ। ਚਾਹੁੰਦਾ ਸੀ, ਮੈਂ ਕੋਈ ਅਫ਼ਸਰ ਬਣ ਜਾਵਾਂ। ਇਕੱਲਾ ਪੁੱਤ ਸੀ। ਦੋ ਤਿੰਨ ਡੰਡਿਆਂ ਵਰਗੇ ਜੁਆਕ ਹੋਣ, ਅਣਘੜ ਜਿਹੇ। ਬਾਕੀ ਜੱਗ ਦੀ ਕੋਈ ਸੁਰਤ ਨਾ ਹੋਵੇ ਉਨ੍ਹਾਂ ਨੂੰ। ਬਾਪੂ ਦਾ ਯਕੀਨ ਸੀ, ਖੇਤੀ ਦਾ ਕੰਮ ਇਕੱਲੇ ਅਕਹਿਰੇ ਬੰਦੇ ਦੇ ਕਰਨ ਦਾ ਨਹੀਂ, ਪਰ ਮੈਂ ਟਰੈਕਟਰ ਲੈ ਲਿਆ। ਫੇਰ ਬੋਰ ਕਰਕੇ ਖੇਤ ਵਿਚ ਇੰਜਣ ਲਾ ਲਿਆ। ਜ਼ਮੀਨ ਇੱਕ ਥਾਂ ਇਕੱਠੀ ਸੀ। ਇੱਕ ਸੀਰੀ ਰੱਖਦਾ, ਇੱਕ ਨੌਕਰ। ਖੇਤੀ ਦੀ ਬੰਬ ਬੁਲਾ ਦਿੱਤੀ। ਬਾਪੂ ਨੇ ਐਨੇ ਦਾਣੇ ਕਦੇ ਦੇਖੇ ਵੀ ਨਹੀਂ ਸੀ। ਫੇਰ ਉਹ ਆਖਦਾ ਹੁੰਦਾ ’ਕੱਲਾ ਮੁੰਡਾ ਸੀ, ਭਾਈ। ਇਹ ਨੌਕਰੀ ’ਤੇ ਜਾਂਦਾ ਤਾਂ ਜਿਮੀਂ ਕੌਣ ਸਾਂਭਦਾ। ਖੇਤੀ ਖ਼ਸਮਾਂ ਸੇਤੀ।’

ਚਾਹੇ ਮੈਂ ਖੇਤੀ ਦੇ ਕੰਮ ਵਿਚ ਬਹੁਤ ਰੁੱਝਿਆ ਰਹਿੰਦਾ, ਸਿਰ ਖੁਰਕਣ ਦੀ ਵਿਹਲ ਨਹੀਂ ਸੀ, ਪਰ ਜਦੋਂ ਕਦੇ ਕੋਈ ਪੁਰਾਣਾ ਯਾਰ ਮਿੱਤਰ ਘਰ ਆ ਜਾਂਦਾ ਤਾਂ ਹਥਲਾ ਕੰਮ ਛੱਡ ਕੇ ਉਹਦੇ ਕੋਲ ਬੈਠਦਾ, ਉਹ ਦੀ ਪੂਰੀ ਟਹਿਲ ਸੇਵਾ ਕਰਦਾ। ਪਿਛਲੇ ਸਮੇਂ ਦੀਆਂ ਊਟ ਪਟਾਂਗ ਗੱਲਾਂ ਮਾਰਦਾ। ਸ਼ਹਿਰ ਕਿਸੇ ਨੇ ਮਿਲ ਜਾਣਾ ਤੇ ਉਹਦੇ ਨਾਲ ਓਧਰ ਕਿਧਰੇ ਹੀ ਤੁਰ ਪੈਂਦਾ। ਯਾਰਾਂ ਮਿੱਤਰਾਂ ਨਾਲ ਰਲ ਕੇ ਆਵਾਰਗਰਦੀ ਕਰਨ ਦਾ ਇੱਕ ਵੱਖਰਾ ਹੀ ਨਸ਼ਾ ਹੁੰਦਾ ਹੈ, ਇੱਕ ਅਕਹਿ ਸੁਆਦ। ਜਗਦੇਵ ਉਨ੍ਹਾਂ ਯਾਰਾਂ ਵਿਚੋਂ ਇੱਕ ਸੀ, ਜੀਹਦੇ ਨਾਲ ਉੱਠ ਕੇ ਕਿਧਰੇ ਵੀ ਮੈਂ ਤੁਰ ਸਕਦਾ ਸੀ। ਇੱਕ ਮਿੱਤਰ ਸਾਡਾ ਹੋਰ ਸੀ, ਦੀਸਾ। ਜਗਦੀਸ ਬਾਣੀਆਂ ਦਾ ਮੁੰਡਾ ਸੀ। ਉਹ ਨੇ ਸਾਡੇ ਨਾਲ ਦਸਵੀਂ ਪਾਸ ਕੀਤੀ ਸੀ। ਉਹ ਕਾਲਜ ਨਹੀਂ ਗਿਆ ਸੀ। ਦਸਵੀਂ ਤੋਂ ਬਾਅਦ ਪਟਵਾਰ ਦਾ ਕੋਰਸ ਕੀਤਾ ਤੇ ਮਾਲ ਪਟਵਾਰੀ ਬਣ ਗਿਆ। ਜੱਟਾਂ ਤੋਂ ਅੰਨ੍ਹਾਂ ਪੈਸਾ ਵੱਢਦਾ। ਜ਼ਮੀਨ ਖਰੀਦ ਲਈ ਤੇ ਫੇਰ ਸ਼ਹਿਰ ਵਿਚ ਵਧੀਆ ਕੋਠੀ ਪਾਈ। ਉਹ ਯਾਰਾਂ ਦਾ ਯਾਰ ਸੀ। ਖ਼ਰਚ ਨੂੰ ਖੁੱਲ੍ਹਾ। ਆਵਾਰਾਗਰਦੀ ਦੇ ਮਾਮਲੇ ਵਿਚ ਸਭ ਦਾ ਉਤਲਾ ਪੱਟ।

ਸ਼ੰਕੁਤਲਾ ਦੀਆਂ ਗੱਲਾਂ ਤੁਰੀਆਂ ਹੀ ਸਨ ਕਿ ਪਿੱਛੋਂ ਦੀ ਮੇਰੇ ਮੌਰਾਂ ’ਤੇ ਜ਼ੋਰ ਦਾ ਧੱਫਾ ਪਿਆ। ਮੈਂ ਤਾਂ ਡਿੱਗ ਹੀ ਪੈਣਾ ਸੀ। ਮੁੜ ਕੇ ਦੇਖਿਆ, ਜਗਦੀਸ਼ ਸੀ। ਮੈਂ ਉਹਨੂੰ ਇੱਕ ਕਰਾਰੀ ਗਾਲ੍ਹ ਕੱਢੀ ਤੇ ਕਿਹਾ, ‘ਕੰਜਰ ਦਿਆ ਕਰਿਆੜ੍ਹਾ, ਮਾਰ ’ਤਾ ਸੀ ਓਏ। ਮੈਂ ਸਮਝਿਆ, ਬੱਸ ਸਟੈਂਡ ਦੇ ਸ਼ੈੱਡਾਂ ਦਾ ਕੋਈ ਗਾਡਰ ਡਿੱਗ ਪਿਆ, ਮੇਰੇ ’ਤੇ। ਹੇਖਾਂ, ਹੱਥ ਦੇਖ ਸਾਲੇ ਦੇ, ਗਿਰਝਾਂ ਜਿੱਡੇ ਜਿੱਡੇ।’ ਉਹ ਨੇ ਜਗਦੇਵ ਨੂੰ ਜੱਫ਼ੀ ਪਾਈ ਤੇ ਫੇਰ ਮੇਰੇ ਨਾਲ ਹੱਥ ਮਿਲਾ ਕੇ ਕਹਿੰਦਾ ‘ਕੀ ਹਾਲ ਐ, ਜਗੀਰਦਾਰਾ?’

'ਹਾਹੋ, ਸਾਲਿਆ, ਵੱਢੀ ਜਾਨੈਂ ਲੋਕਾਂ ਨੂੰ। ਐਤਕੀਂ ਕਣਕ ਸਾਰੀ ਗੜਿਆਂ ਨੇ ਮਾਰ 'ਤੀ, ਪਿੱਛੇ ਨਰਮੇ ਨੂੰ ਅਮਰੀਕਨ ਸੁੰਡੀ ਚੱਟ 'ਗੀ ਸੀ। ਅਖੇ ਹੱਥ ਨਾ ਪੱਲੇ, ਬਜ਼ਾਰ ਖੜ੍ਹੀ ਹੱਲੇ। ਅਜੇ ਤੈਨੂੰ ਜਗੀਰਦਾਰ ਦੀਹਨੇ ਆਂ।' ਮੈਂ ਬੋਲ ਰਿਹਾ ਸੀ।

'ਓਏ ਕੋਈ ਨ੍ਹੀ ਬਾਈ, ਰੱਬ ਭਲੀ ਕਰੂ। ਅਗਲੀ ਫ਼ਸਲ ਚੰਗੀ ਹੋਜੂ। ਦਿਲ ਨਾ ਛੱਡ। ਦੁੱਖ ਤਕਲੀਫ਼ ਸਰੀਰਾਂ ਦੇ ਨਾਲ ਈ ਹੁੰਦੀ ਐ।' ਜਗਦੀਸ਼ ਇੱਕ ਤਰ੍ਹਾਂ ਨਾਲ ਮੈਨੂੰ ਧਰਵਾਸ ਦੇ ਗਿਆ। ਅਗਲੇ ਬਿੰਦ ਉਹ ਨੇ ਜਗਦੇਵ ਵੱਲ ਰੁੱਖ ਕੀਤਾ ਤੇ ਬੋਲਿਆ, 'ਕਿਉਂ ਪੁੱਤ ਦੇਬੂ, ਕੀ ਹਾਲ ਐ ਤੇਰੀ ਕੁੰਤੀ ਦਾ? ਦਿੰਦੀ ਐ ਨਜ਼ਾਰੇ?'

ਸੰਕੁਤਲਾ ਬਾਰੇ ਹੋ ਰਹੀ ਗੱਲ ਦੀ ਗੰਭੀਰਤਾ 'ਤੇ ਜਗਦੀਸ ਨੇ ਜਿਵੇਂ ਪੋਚਾ ਫੇਰ ਦਿੱਤਾ ਹੋਵੇ।

ਉਹ ਦੇ ਮਿਜਾਜ਼ ਵਿਚ ਸ਼ੋਖ਼ੀ ਸੀ। ਜਗਦੀਸ ਦਾ ਇਹ ਸੁਭਾਓ ਸੀ, ਉਹ ਹਰ ਗੱਲ ਨੂੰ ਪੇਤਲੀ ਨਜ਼ਰ ਨਾਲ ਦੇਖਦਾ। ਗਹਿਰਾਈ ਤੱਕ ਨਹੀਂ ਜਾਂਦਾ ਸੀ। ਇੰਝ ਉਹ ਦੀ ਕੋਈ ਗੰਭੀਰ ਗੱਲ ਵੀ ਮੁਲੰਮਾ ਹੀ ਲੱਗਦੀ।

'ਤੂੰ ਸੁਣਾਅ?' ਜਗਦੇਵ ਐਨਾ ਹੀ ਬੋਲਿਆ।

'ਅੱਜ ਫੇਰ ਚੱਲੀਏ ਕਿਧਰੇ?' ਜਗਦੀਸ ਚਾਂਭਲਿਆ ਲੱਗਦਾ ਸੀ।

'ਲੈ ਚੱਲ, ਜਿੱਥੇ ਲਿਜਾਣੈ।' ਜਗਦੇਵ ਆਪ ਚਾਹੁੰਦਾ ਹੋਵੇਗਾ।

'ਕਿਉਂ ਗੁਰੂ?' ਜਗਦੀਸ ਮੈਨੂੰ ਮੁਖਾਤਿਬ ਹੋਇਆ।

'ਯਾਰ, ਪਿੰਡ ਜਾਣ ਦੀ ਕਾਹਲ ਐ।' ਮੈ ਕਿਹਾ। ਅਸਲ ਵਿਚ ਮੈਂ ਉਨ੍ਹਾਂ ਦਿਨਾਂ ਵਿਚ ਬੁਝਿਆ ਬੁਝਿਆ ਸੀ। ਕਣਕ ਦਾ ਪੂਰਾ ਖੇਤ ਗੜਿਆਂ ਦੀ ਮਾਰ ਹੇਠ ਆ ਗਿਆ ਸੀ। ਕਿਧਰੇ ਵੀ ਜੀਅ ਨਹੀਂ ਲੱਗ ਰਿਹਾ ਸੀ।

'ਕਿਉਂ' ਪਿੰਡ ਕੀਹ ਐ, ਪਿੰਡ ਤਾਂ ਨਿੱਤ ਰਹਿਨੈ?' ਜਗਦੀਸ਼ ਖਹਿੜਾ ਕਰਨ ਲੱਗਿਆ।

ਇੱਕ ਗੱਲੋਂ ਮੈਂ ਮਨ ਬਣਾਇਆ, ਇਹ ਸਾਲੇ ਘਰ ਦੇ ਆਰਥਕ ਰੋਣੇ ਧੋਣੇ ਤਾਂ ਮੁੱਕਣੇ ਹੀ ਨਹੀਂ ਕਿਉਂ ਨਾ ਮਿੱਤਰਾਂ ਨਾਲ ਇੱਕ ਰਾਤ ਪਾਸੇ ਕਿਧਰੇ ਕੱਟ ਕੇ ਸਭ ਕੁਝ ਭੁਲਾ ਲਿਆ ਜਾਵੇ? ਮੈਂ ਪੋਲਾ ਜਿਹਾ ਬੋਲ ਕੱਢਿਆ–'ਚਲੋ ਫੇਰ, ਥੋਡੀ ਸਲਾਹ ਐ, ਦੱਸੋ?'

ਕਈ ਵਰ੍ਹੇ ਪਹਿਲਾਂ ਜਦੋਂ ਇਹ ਇੰਝ ਹੀ ਤਿੰਨੇ ਕਿਧਰੇ ਬਾਹਰ ਜਾ ਕੇ ਰਾਤ ਕੱਟਦੇ ਹੁੰਦੇ ਤਾਂ ਉਹ ਜਗ੍ਹਾ ਸਾਡੀ ਆਪਣੀ ਨਹੀਂ ਹੁੰਦੀ ਸੀ। ਮਤਲਬ ਨਾ ਸਾਡਾ ਪਿੰਡ, ਨਾ ਜਗਦੇਵ ਦਾ ਘਰ ਤੇ ਨਾ ਜਗਦੀਸ਼ ਦਾ। ਜਗਦੀਸ਼ ਦੇ ਘਰ ਤਾਂ ਮਾਹੌਲ ਵੀ ਅਜਿਹਾ ਨਹੀਂ ਸੀ। ਉਹਦੀ ਲਾਲੀ ਸ਼ਰਾਬ ਦਾ ਨਾਉਂ ਸੁਣੇ ਤੋਂ ਬੇਹੋਸ਼ ਹੋ ਜਾਂਦੀ। ਉਹਦੇ 'ਤੇ ਜਗਦੀਸ਼ ਦੇ ਯਾਰਾਂ ਮਿੱਤਰਾਂ ਦਾ ਭੈੜਾ ਪ੍ਰਭਾਵ ਪੈ ਚੁੱਕਿਆ ਸੀ। ਉਹ ਸਾਡੇ ਵਿਚ ਬੈਠ ਕੇ ਉਹ ਨੂੰ ਗਾਲ੍ਹਾਂ ਕੱਢਦਾ। ਘਰ ਜਾ ਕੇ ਉਹਤੋਂ ਡਰਦਾ। ਜਗਦੀਸ਼ ਦੇ ਸਾਲੇ ਤਕੜੇ ਵਪਾਰੀ ਸਨ। ਏਸੇ ਕਰਕੇ ਲਾਲੀ ਜਗਦੀਸ਼ 'ਤੇ ਰੋਅਬ ਰੱਖਦੀ।

ਸ਼ਹਿਰ ਤੋਂ ਵੀਹ ਮੀਲ ਦੂਰ ਮੇਰੀ ਮਾਸੀ ਦਾ ਪਿੰਡ ਸੀ। ਆਖ਼ਰੀ ਬੱਸ, ਬਹੁਤ ਘੱਟ ਸਵਾਰੀਆਂ ਸਨ। ਕਦੇ ਵੇਲਾ ਸੀ, ਆਖ਼ਰੀ ਬੱਸ ਦੇ ਉੱਤੇ ਵੀ ਬੰਦੇ ਬੈਠੇ ਹੁੰਦੇ। ਅੰਦਰ ਤਿਲ ਸੁੱਟਣ ਨੂੰ ਥਾਂ ਨਾ ਰਹਿੰਦੀ। ਹੁਣ ਇਹ ਆਖ਼ਰੀ ਬੱਸ ਤਾਂ ਲੱਗਦੀ ਹੀ ਨਹੀਂ ਸੀ।

ਹਰ ਬੱਸ ਨੇ ਛੇ ਵਜੇ ਸ਼ਾਮ ਤੱਮ ਆਪਣੇ ਅੱਡੇ ’ਤੇ ਪਹੁੰਚ ਜਾਣਾ ਹੁੰਦਾ ਸੀ। ਕਿੰਨਾ ਸਹਿਮ ਸਵਾਰ ਹੋ ਗਿਆ ਸੀ, ਜ਼ਿੰਦਗੀ ਦੀ ਰਫ਼ਤਾਰ ’ਤੇ। ਸਹਿਮ ਦੀ ਸੀਮਾ ਕਿੱਥੇ ਤੱਕ ਪਹੁੰਚ ਚੁੱਕੀ ਸੀ ਕਿ ਬੱਸ ਦੀਆਂ ਸਵਾਰੀਆਂ ਮੌਜੂਦਾ ਹਾਲਾਤ ’ਤੇ ਕੋਈ ਟਿੱਪਣੀ ਨਾ ਕਰਦੀਆਂ। ਹੋਰ ਗੱਲਾਂ ਕਰਕੇ ਲੋਕ ਜਿਵੇਂ ਇਸ ਸਹਿਮ ਨੂੰ ਭੁੱਲਣਾ ਚਾਹੁੰਦੇ ਹੋਣ।

ਘਰ ਪਹੁੰਚੇ ਤਾਂ ਮਾਸੀ ਦੀ ਨੂੰਹ ਦਾਲ ਧਰਨ ਲਈ ਸਾਬਤ ਮੂੰਗੀ ਵਿਚੋਂ ਰੋੜ ਚੁਗ ਰਹੀ ਸੀ। ਮਾਸੀ ਘਰ ਨਹੀਂ ਸੀ। ਮਾਸੜ ਮੇਰਾ ਮਰ ਚੁੱਕਿਆ ਸੀ। ਮਾਸੀ ਦਾ ਇੱਕੋ ਮੁੰਡਾ ਸੀ। ਮੁੰਡੇ ਦੇ ਅਗਾਂਹ ਜੁਆਕ ਸਨ। ਮਾਸੀ ਦੀ ਦੇਹ ਤਕੜੀ ਸੀ। ਭਾਬੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਉਹ ਮੈਨੂੰ ਸਾਡੇ ਜੁਆਕਾਂ ਦੀ ਸੁੱਖ ਸਾਂਦ ਪੁੱਛਣ ਲੱਗੀ। ਉਹ ਨੇ ਮਾਸੀ ਬਾਰੇ ਦੱਸਿਆ ਕਿ ਉਹ ਅਗਵਾੜ ਵਿਚ ਹੀ ਕਿਸੇ ਦੇ ਘਰ ਗਈ ਹੋਈ ਸੀ।

ਜਗਦੇਵ ਨੇ ਜਗਦੀਸ਼ ਨੂੰ ਤੇ ਮੈਨੂੰ ਬੈਠਕ ਵੱਲ ਇਸ਼ਾਰਾ ਕਰ ਦਿੱਤਾ ਸੀ। ਉਹਨਾਂ ਨੇ ਬਾਰ ਖੋਲ੍ਹਿਆ ਤੇ ਅੰਦਰ ਮੰਜੇ ’ਤੇ ਜਾ ਬੈਠੇ। ਉਨ੍ਹਾਂ ਨੂੰ ਪਾਣੀ ਪਿਆ ਕੇ ਜੱਗ ਗਲਾਸ ਮੈਂ ਰਸੋਈ ਵਿਚ ਵਾਪਸ ਰੱਖਣ ਗਿਆ ਤਾਂ ਭਾਬੀ ਚੁੱਲ੍ਹੇ ’ਚ ਅੱਗ ਬਾਲ ਰਹੀ ਸੀ। ਉਹ ਨੇ ਪਤੀਲੇ ਵਿਚ ਪਾਣੀ ਪਾਇਆ ਤਾਂ ਮੈਂ ਸਮਝ ਗਿਆ ਕਿ ਉਹ ਚਾਹ ਬਣਾ ਰਹੀ ਹੈ। ਪਰ ਉਹਦੇ ਮਨ ਵਿਚ ਪਤਾ ਨਹੀਂ ਕੀ ਆਇਆ, ਪੁੱਛਣ ਲੱਗੀ, ‘ਪੰਮੀ, ਦੁੱਧ ਈ ਨਾ ਲਾਹ ਦਿਆਂ, ਤੌੜੀ ਦਾ ਕਿ ਚਾਹ ਧਰਾਂ?’

‘ਚੱਲ ਭਾਬੀ, ਦੁੱਧ ਠੀਕ ਐ। ਕਿੱਥੇ ਚਾਹ ਬਣਾਉਂਦੀ ਫਿਰੇਂਗੀ।’ ਤੇ ਫੇਰ ਮੈਂ ਕਿਹਾ–‘ਦਾਲ ਕਰਾਰੀ ਜ੍ਹੀ ਬਣਾਈਂ।’

ਉਹ ਕਹਿੰਦੀ–‘ ਦਾਲ ਨ੍ਹੀ ਖਾਣੀ ਤਾਂ ਆਲੂ ਬਣਾ ਦਿਆਂ?’

‘ਨਾਂਹ, ਦਾਲ ਵਧੀਆ ਰਹੂ। ਤੜਕਾ ਤੁੜਕਾ ਚੰਗੂ ਲਾਈਂ।’ ਮੈਂ ਕਿਹਾ ਤੇ ਫੇਰ ਪੁੱਛਿਆ, ‘ਬਾਈ  ਖੇਤੋਂ ਆਇਆ ਨ੍ਹੀ ਹਾਲੇ?’

‘ਉਹ ਅੱਜ ਲੌਣੇ ਗਿਆ ਹੋਇਐ। ਜੇ ਈ ਮੁੜੇ।’ ਉਹਨੇ ਦੱਸਿਆ।

ਦੁੱਧ ਪੀ ਕੇ ਅਸੀਂ ਤਿੰਨਾਂ ਨੇ ਤੱਤੇ ਪਾਣੀ ਨਾਲ ਹੱਥ ਮੂੰਹ ਧੋ ਲਿਆ। ਦਿਨ ਛਿਪ ਗਿਆ ਸੀ। ਮਾਈ ਸੋਟੀ ਖੜਕਾਉਂਦੀ ਘਰ ਆ ਗਈ ਸੀ। ਮੇਰੇ ਬਾਰੇ ਭਾਬੀ ਤੋਂ ਸੁਣਿਆ ਤਾਂ ਸਿੱਧੀ ਬੈਠਕ ਵਿਚ ਆਈ। ਮੈਂ ਉਹਨੂੰ ਮੱਥਾ ਟੇਕਿਆ। ਉਹਨੇ ਮੇਰਾ ਸਿਰ ਆਪਣੇ ਕਾਲਜੇ ਨਾਲ ਲਾ ਲਿਆ।

‘ਹੁਣ ਤਾਂ ਹਾਰ ’ਗੀ ਪਰਾਨੀ ਪੁੱਤ ਵੇ। ਹਾਏ… ਕੋਈ ਦਿਨ ਦਾ ਚਿੰਤਕਾਰੈ, ਪਰਮਜੀਤ ਭਾਈ।’ ਉਹ ਦਾ ਬੋਲ ਹੰਝੂਆਂ ਵਿਚ ਭਿੱਜਿਆ ਹੋਇਆ ਸੀ। ਫੇਰ ਉਹ ਨੇ ਪੁੱਛਿਆ, ‘ਇਹ ਤੇਰੇ ਨਾਲ ਕੌਣ ਨੇ ਮੁੰਡੇ?’

ਮੈਂ ਦੱਸਿਆ, ਦੁੱਧ ਪੀ ਲਿਆ, ਮਾਸੀ, ਹੁਣ ਦਾਰੂ ਪੀਵਾਂਗੇ।’

‘ਕਰਨੈਲ ਤਾਂ ਜਾਣੋ ਅੱਜ ਪਾਸੇ ਗਿਆ ਹੋਇਐ। ਉਹ ਹੁੰਦਾ ਤਾਂ…’ ਮਾਸੀ ਦਾਰੂ ਦਾ ਫ਼ਿਕਰ ਕਰਨ ਲੱਗੀ। ਪੁੱਛਿਆ, ‘ਕਿਵੇਂ ਕਰੋਂਗੇ ਫੇਰ?’

‘ਨਹੀਂ ਮਾਸੀ, ਅਸੀਂ ਸ਼ਹਿਰੋਂ ਈ ਲੈ ਕੇ ਆਏ ਆਂ।’

ਉਹ ਕਹਿੰਦੀ, ‘ਚੰਗਾ ਭਾਈ ਫੇਰ ਤਾਂ। ਏਸ ਪਿੰਡ ਤਾਂ ਠੇਕਾ ਵੀ ਹੈ ਨ੍ਹੀ ਹੁਣ ਕਰਨੈਲ ਹੁੰਦਾ ਤਾਂ ਝੱਟ ਦੇ ਕੇ…’

'ਨਹੀਂ ਮਾਸੀ, ਠੀਕ ਐ ਬੱਸ।' ਮੈਂ ਕਿਹਾ।

ਦੋ ਮੰਜਿਆਂ ਵਿਚਕਾਰ ਲੰਮਾ ਮੇਜ਼ ਰੱਖ ਕੇ ਅਸੀਂ ਪੀਣ ਲੱਗੇ। ਜਗਦੇਵ ਦੀ ਗੰਭੀਰਤਾ ਖੁੱਲ੍ਹਣ ਲੱਗੀ ਸੀ। ਜਗਦੀਸ਼ ਨੇ ਬੋਲਣਾ ਘੱਟ ਕਰ ਦਿੱਤਾ। ਜਿਵੇਂ ਉਹ ਸਹਿਜ ਹੋ ਗਿਆ ਹੋਵੇ।

ਪਹਿਲਾਂ ਅਸੀਂ ਰੇਡੀਓ ਦੇ ਪ੍ਰਦੇਸ਼ਕ ਸਮਾਚਾਰ ਸੁਣੇ ਤੇ ਫੇਰ ਟੈਲੀਵਿਜ਼ਨ ਤੋਂ ਪੰਜਾਬੀ ਖ਼ਬਰਾਂ ਵੀ। ਲਗਭਗ ਓਹੀ ਖ਼ਬਰਾਂ ਸਨ। ਸੱਤ ਖਾੜਕੂ ਮਾਰ ਦਿੱਤੇ ਗਏ ਸਨ। ਖਾੜਕੂਆਂ ਨੇ ਇੱਕੋ ਪਰਿਵਾਰ ਦੇ ਪੰਜ ਜੀਅ ਮਾਰੇ ਸਨ। ਇੱਕ ਥਾਂ ਇੱਕੋ ਫਿਰਕੇ ਦੇ ਨੌਂ ਆਦਮੀ ਮਰੇ ਸਨ। ਹੋਰ ਵਾਰਦਾਤਾਂ ਵੀ ਸਨ। ਦੋ ਪੁਲਸੀਏ ਮਾਰੇ ਗਏ। ਓਸ ਦਿਨ ਪਿਛਲੇ ਚੌਵੀ ਘੰਟਿਆਂ ਦੌਰਾਨ ਸਤਾਈ ਕਤਲ ਹੋਏ।

'ਕਮਾਲ ਐ, ਯਾਰ, ਸਤਾਈ ਬੰਦੇ ਖ਼ਤਮ ਹੋਗੇ।' ਮੇਰੀ ਉਂਗਲ ਮੱਥੇ 'ਤੇ ਚਲੀ ਗਈ।

'ਐਨਾ ਕੁ ਤਾਂ ਨਿੱਤ ਈ ਹੁੰਦੈ, ਇਹ ਤਾਂ ਨਿੱਤ ਨੇਮ ਹੋ ਗਿਆ ਪੰਜਾਬ ਦਾ।' ਜਗਦੀਸ਼ ਲਈ ਇਹ ਆਮ ਖ਼ਬਰ ਸੀ।

'ਇਹ ਸਿਲਸਿਲਾ ਖ਼ਤਮ ਕਦੋਂ ਹੋਊ ਯਾਰ?' ਮੈਂ ਝੋਰਾ ਕੀਤਾ।

'ਰੱਬ ਜਾਣਦੈ, ਭਾਈ ਕੀ ਪਤੈ?' ਜਗਦੇਵ ਵੀ ਚਿੰਤਾ ਵਿਚ ਉਤਰ ਗਿਆ। ਫੇਰ ਕਹਿੰਦਾ-'ਦਿੱਲੀ ਦੀ ਬਾਣੀਆਂ ਸਰਕਾਰ ਚਾਹੁੰਦੀ ਐ, ਇਹ ਚੱਕਰ ਏਵੇਂ ਈ ਚੱਲਦਾ ਰਹੇ ਤੇ ਇੱਕ ਦਿਨ ਸਾਰਾ ਪੰਜਾਬ ਖ਼ਤਮ ਹੋ ਜਾਵੇ।'

'ਬਾਣੀਏ ਤੋਂ ਤੇਰਾ ਮਤਲਬ?' ਜਗਦੀਸ਼ ਤਿੱਖਾ ਬੋਲ ਕੱਢ ਕੇ ਜਗਦੇਵ ਵੱਲ ਝਾਕਿਆ।

'ਓਏ, ਬਾਣੀਏ ਦਾ ਮਤਲਬ ਬਾਣੀਏ ਦੀ ਜਾਤ ਤੋਂ ਨ੍ਹੀ, ਸਰਮਾਏਦਾਰ ਜਮਾਤ ਤੋਂ ਐਂ ਇਹਦਾ ਮਤਲਬ।' ਮੈਂ ਉਹਨੂੰ ਸਮਝਾਇਆ।

ਪਰ ਉਹ ਜਗਦੇਵ ਵੱਲ ਕੌੜਾ ਕੌੜਾ ਝਾਕ ਰਿਹਾ ਸੀ। ਫੇਰ ਆਪ ਹੀ ਬੋਲਿਆ- 'ਇਹ ਸਾਲੀਆਂ ਜਾਤਾਂ ਜੂਤਾਂ ਜੀਆਂ ਖ਼ਤਮ ਹੋਣੀਆਂ ਚਾਹੀਦੀਆਂ ਨੇ।'

ਦੇਖੋ, ਕਦੋਂ ਖ਼ਤਮ ਹੋਣੀਆਂ ਚਾਹੀਦੀਆਂ ਨੇ।'

'ਦੇਖੋ, ਕਦੋਂ ਖ਼ਤਮ ਹੋਣਗੀਆਂ।' ਜਗਦੇਵ ਨੇ ਕਿਹਾ।

ਬੋਤਲ ਅਸੀਂ ਖ਼ਤਮ ਕਰ ਲਈ ਖ਼ਾਸਾ ਹਨੇਰਾ ਹੋ ਗਿਆ ਸੀ। ਮਾਸੀ ਦੋ ਵਾਰ ਪੁੱਛ ਗਈ ਸੀ-'ਭਾਈ, ਰੋਟੀ ਖਾ ਲੈ ਹੁਣ, ਪਰਮਜੀਤ?'

'ਬੱਸ ਮਾਸੀ ਖਾਨੇ ਆਂ। ਤੂੰ ਪੈ ਜਾ। ਭਾਬੀ ਨੂੰ ਆਖ, ਪਕਾ ਕੇ ਰੱਖ ਦੇਹ ਸਾਡੀਆਂ। ਮੈਂ ਆਪੇ ਚੁੱਕ ਲਿਆਊਂ ਰਸੋਈ 'ਚੋਂ।' ਮੈਂ ਆਖਦਾ।

ਰੋਟੀ ਖਾ ਲਈ।

ਬੈਠਕ ਵਿਚ ਚਾਰੇ ਮੰਜੇ ਸਨ। ਤਿੰਨ ਅਸੀਂ ਵਿਛਾ ਲਏ। ਗੱਲਾਂ ਕਰਦੇ ਅਸੀਂ ਸੌਣ ਲੱਗੇ। ਮੈਂ ਕੱਲ੍ਹ ਦਾ ਥੱਕਿਆ ਹੋਇਆ ਸੀ। ਉਹ ਦੋਵੇਂ ਗੱਲਾਂ ਕਰ ਰਹੇ ਸਨ। ਕਦੇ ਕਦੇ ਤਲਖ਼ ਹੋ ਪੈਂਦੇ ਤੇ ਉੱਚਾ ਬੋਲਣ ਲੱਗਦੇ। ਕੋਈ ਜਣਾ ਮੈਨੂੰ ਸੁਣਾ ਕੇ ਗੱਲ ਕਰਦਾ ਤਾਂ ਮੈਂ ਹੁੰਗਾਰਾ ਭਰ ਦਿੰਦਾ। ਕਦੇ ਚੁੱਪ ਰਹਿੰਦਾ। ਮੇਰੀਆਂ ਪਲਕਾਂ ਬੋਝਲ ਹੋ ਰਹੀਆਂ ਸਨ।

ਪਹਿਲਾਂ ਅਸੀਂ ਜਦੋਂ ਇੰਝ ਕਿਧਰੇ ਬਾਹਰ ਜਾਂਦੇ ਹੁੰਦੇ ਤਾਂ ਦਾਰੂ ਦੀਆਂ ਗੱਲਾਂ ਕਰਦੇ ਆਂ ਔਰਤਾਂ ਦੀਆਂ। ਅੱਜ ਇਹ ਨਹੀਂ ਸੀ। ਉਹ ਦੋਵੇਂ ਪੰਜਾਬ ਮਸਲੇ 'ਤੇ ਹੀ ਬਹਿਸ ਰਹੇ ਸਨ।

ਉਹ ਦਾਰੂ ਪੀ ਕੇ ਲੜਦੇ ਜ਼ਰੂਰ। ਗੁੱਥਮ ਗੁੱਥਾ ਹੋ ਜਾਂਦੇ। ਪਹਿਲਵਾਨਾਂ ਵਾਂਗ ਘੁਲਣ ਲੱਗਦੇ। ਕਦੇ ਉਹ ਉੱਤੇ, ਕਦੇ ਇਹ ਉੱਤੇ। ਜਗਦੇਵ ਦੀ ਇੱਕ ਬਾਂਹ ਬਚਪਨ ਤੋਂ ਕੁਝ ਕਮਜ਼ੋਰ ਸੀ, ਪਰ ਉਹ ਜਗਦੀਸ਼ ਤੋਂ ਤਕੜਾ ਸੀ। ਕੱਦ ਵਿਚ ਵੀ ਲੰਮਾ। ਜਗਦੀਸ਼ ਵੀ ਘੱਟ ਨਹੀਂ ਸੀ। ਝੋਟੇ ਵਰਗਾ ਸਰੀਰ ਸੀ ਉਹਦਾ। ਖਿੱਦੋ ਵਾਂਗ ਮੜ੍ਹਿਆ ਹੋਇਆ। ਉਨ੍ਹਾਂ ਦੀ ਝੂਠ ਮੂਠ ਦੀ ਲੜਾਈ ਸ਼ੁਰੂ ਹੁੰਦੀ ਤਾਂ ਬੱਸ ਏਸੇ ਗੱਲ ਤੋਂ, ਅਖੇ– 'ਸਾਲਿਆ, ਤੂੰ ਮਹਾਜਨਾ ਦੀ ਕੰਨਿਆਂ ਖਰਾਬ ਕਰ 'ਤੀ।' ਜਗਦੀਸ਼ ਆਖਦਾ ਤੇ ਜਗਦੇਵ ਨੂੰ ਚਿੰਬੜ ਜਾਂਦਾ। ਉਹ ਢੱਟੇ ਝੋਟਿਆਂ ਵਾਲੀ ਲੜਾਈ ਲੜਦੇ ਤੇ ਹੌਂਕਣ ਲੱਗਦੇ। ਇੱਕ ਵਾਰ ਮੈਂ ਉਨ੍ਹਾਂ ਨੂੰ ਹਟਾਉਣ ਲੱਗਿਆ ਤਾਂ ਦੋਵੇਂ ਆਪ ਲੜਨਾ ਛੱਡ ਕੇ ਮੈਨੂੰ ਹੀ ਕੁੱਟਣ ਪੈ ਗਏ। ਕਹਿੰਦੇ–'ਤੂੰ ਕੌਣ ਹੁਨੈ ਓਏ, ਸਾਡੀ ਲੜਾਈ 'ਚ ਟੰਗ ਅੜਾਉਣ ਆਲਾ?'

ਮੈਂ ਸੌਂ ਗਿਆ। ਬੈਠਕ ਦੇ ਅੰਦਰਲੇ ਬਾਰ ਦਾ ਅਸੀਂ ਕੁੰਡਾ ਲਾ ਲਿਆ ਸੀ। ਬਾਹਰੋਂ ਜ਼ੋਰ ਜ਼ੋਰ ਦੀ ਕੋਈ ਤਖ਼ਤੇ ਖੜਕਾ ਰਿਹਾ ਸੀ। ਮੈਂ ਉੱਠ ਕੇ ਦੇਖਿਆ, ਬਲ੍ਹਬ ਜਗ ਰਿਹਾ ਸੀ ਤੇ ਜਗਦੇਵ ਜਗਦੀਸ਼ ਦੀ ਹਿੱਕ 'ਤੇ ਬੈਠਾ ਉਹ ਆਖ ਰਿਹਾ ਸੀ–ਹੁਣ ਹਿੱਲ ਕੇ ਦਿਖਾਅ, ਕਰਿਆੜਾ, ਮੇਰਿਆ ਸਾਲਿਆ।' ਫੇਰ ਉਹਦੀ ਹਿੱਕ 'ਤੇ ਬੈਠਾ ਹੀ ਜਗਦੇਵ ਆਪਣੇ ਖੁੱਲ੍ਹੇ ਕੇਸਾਂ ਦਾ ਜੂੜਾ ਬੰਨ੍ਹਣ ਲੱਗਿਆ। ਤਖ਼ਤੇ ਅਜੇ ਵੀ ਖੜਕ ਰਹੇ ਸਨ। ਮੈਂ ਕੁੰਡਾ ਖੋਲ੍ਹ ਦਿੱਤਾ। ਬਾਹਰ ਮਾਸੀ ਖੜ੍ਹੀ ਸੀ। ਬੋਲੀ–'ਭਾਈ, ਆਹ ਬੈਠਕ 'ਚ ਖੜਕਾ ਜ੍ਹਾ ਕਦੋਂ ਦਾ ਹੋਈ ਜਾਂਦੈ। ਕੀ ਗੱਲ ਐ?'

'ਇਹ ਤਾਂ ਕੁਛ ਨੀ ਮਾਸੀ, ਤੂੰ ਪੈ ਜਾ, ਜਾ ਕੇ।' ਮੈਂ ਸ਼ਰਮ ਮੰਨੀ ਤੇ ਉਨ੍ਹਾਂ ਵੱਲ ਖਿਝ ਕੇ ਝਾਕਿਆ। ਉਹ ਮਾਸੀ ਦਾ ਬੋਲ ਸੁਣ ਕੇ ਉੱਠ ਬੈਠੇ ਸਨ। ਅਤੇ ਹੁਣ ਥੱਲੇ ਡਿੱਗੀਆਂ ਪਈਆਂ ਆਪਣੀਆਂ ਰਜਾਈਆਂ ਚੁੱਕ ਰਹੇ ਸਨ। ਮੈਂ ਦੋਵਾਂ ਨੂੰ ਗਾਲ਼ ਕੱਢੀ। ਆਖਿਆ–'ਸਾਲਿਓ, ਕਰ ਲਿਆ ਸ਼ੁਰੂ ਫੇਰ ਓਹੀ ਕੰਮ? ਪੈ 'ਜੋ ਹੁਣ। ਮਾਸੀ ਅੱਧੀ ਰਾਤ ਉੱਠ ਕੇ ਆਈ, ਸ਼ਰਮ ਨ੍ਹੀ ਆਉਂਦੀ ਥੋਨੂੰ?'

ਜਗਦੀਸ਼ ਕਹਿੰਦਾ, ਹੱਛਿਆ, ਦੱਸੀਏ ਤੈਨੂੰ?'

'ਤੂੰ ਪੈ ਜਾ ਓਏ। ਜਗਦੇਵ ਨੇ ਮੈਨੂੰ ਕਿਹਾ ਤੇ ਆਪਣੀ ਰਜ਼ਾਈ ਪਰ੍ਹਾਂ ਹਟਾ ਕੇ ਜਗਦੀਸ਼ ਦਾ ਗੁੱਟ ਫੜ ਲਿਆ। ਉਹ ਚੀਖ਼ ਰਿਹਾ ਸੀ–'ਓਏ, ਬਾਂਹ ਨਾ ਮਰੋੜ ਓਏ। ਕੰਜਰ ਦਿਆ, ਟੁੱਟ ਜੂ, ਓਏ ਮੇਰੀ ਬਾਂਹ। ਓਏ, ਆਵਦੇ ਅਰਗਾ ਨਾ ਕਰ ਮੈਨੂੰ।'

ਉਹਦੇ ਤਰਲੇ ਸੁਣ ਕੇ ਜਗਦੇਵ ਨੇ ਗੁੱਟ ਛੱਡ ਦਿੱਤਾ ਤੇ ਆਰਾਮ ਨਾਲ ਆਪਣੇ ਮੰਜੇ 'ਤੇ ਜਾ ਪਿਆ। ਮੈਨੂੰ ਫੇਰ ਨੀਂਦ ਦੀ ਘੂਕੀ ਚੜ੍ਹਨ ਲੱਗੀ। ਮੈਂ ਖ਼ਾਸਾ ਸੌਂ ਲਿਆ ਸਾਂ। ਪਾਸਾ ਪਰਤਣ ਲੱਗਿਆ ਤਾਂ ਮੰਜਾ ਜਰਕਣ ਦੀ ਆਵਾਜ਼ ਸੁਣੀ। ਮੂੰਹ ਤੋਂ ਰਜ਼ਾਈ ਪਰ੍ਹਾਂ ਹਟਾ ਕੇ ਦੇਖਿਆ, ਉਹ ਫੇਰ ਗੁੱਥਮ ਗੁੱਥਾ ਸਨ। ਮੈਂ ਬੋਲਿਆ–'ਓਏ ਸਾਲਿਓ, ਮੈਂ ਤਾਂ ਨੀਂਦ ਵੀ ਸਾਰੀ ਲੈ 'ਲੀ, ਤੁਸੀਂ ਸੁੱਤੇ ਨ੍ਹੀ ਹਾਲੇ ਤਾਈਂ। ਛੱਡੋ ਯਾਰ ਹੁਣ।'

ਉਹ ਦੋਵੇਂ ਉੱਠੇ ਤੇ ਮੇਰੇ ਵੱਲ ਹੋ ਗਏ। ਇੱਕ ਨੇ ਮੇਰੀ ਸੱਜੀ ਬਾਂਹ ਫੜ ਲਈ ਤੇ ਦੂਜੇ ਨੇ ਖੱਬੀ। ਮਰੋੜ ਦੇਣ ਲੱਗੇ ਜਗਦੀਸ਼ ਕਹਿ ਰਿਹਾ ਸੀ–'ਹਾਂ, ਤੂੰ ਦੱਸ, ਤੂੰ ਕਿਉਂ ਸੁੱਤਾ ਬਈ?'

ਜਗਦੇਵ ਵੀ ਉਹਦੇ ਮਗਰ ਸੀ। ਕਹਿੰਦਾ–'ਇੱਕ ਸ਼ਰਤ 'ਤੇ ਤੇਰੀ ਰਿਹਾਈ ਕਰ ਸਕਦੇ ਆਂ।'

'ਜੋ ਕਹੋਂਗੇ, ਕਰੂੰਗਾ।' ਮੈਂ ਮਿੰਨਤਾ ਕਰਨ ਲੱਗਿਆ।

'ਉੱਠ, ਚਾਹ ਬਣਾ ਕੇ ਲਿਆ।' ਜਗਦੇਵ ਨੇ ਸ਼ਰਤ ਦੱਸੀ।

'ਛੱਡੋ ਫੇਰ, ਜਾਨਾ ਹੁਣੇ।' ਮੈਨੂੰ ਉਹ ਦੋਵੇਂ ਦਿਓ ਲੱਗ ਰਹੇ ਸਨ। ਰਸੋਈ ਵਿਚ ਜਾ ਕੇ ਮੈਂ ਸਭ ਕੁਝ ਭਾਲ ਲਿਆ। ਭਾਬੀ ਨੂੰ ਏਸ ਵੇਲੇ ਜਗਾਉਣਾ ਠੀਕ ਨਹੀਂ ਸੀ। ਚਾਹ ਦੇ ਤਿੰਨ ਗਲਾਸ ਬਣਾ ਲਿਆਇਆ। ਉਨ੍ਹਾਂ ਨੇ ਪਾਣੀ ਵੀ ਮੰਗਿਆ। ਤ੍ਰੇਹ ਮੈਨੂੰ ਵੀ ਲੱਗੀ ਹੋਈ ਸੀ। ਚਾਹ ਪੀ ਕੇ ਅਸੀਂ ਸੁੱਤੇ ਨਹੀਂ। ਗੱਲਾਂ ਕਰਨ ਲੱਗੇ। ਨੀਂਦ ਟਲ ਚੁੱਕੀ ਸੀ। ਬੇਚੈਨੀ ਸਹਿਜ ਹੋ ਗਈ। ਤਿੰਨੇ ਜਣੇ ਚੁੱਪ ਹੋ ਜਾਂਦੇ। ਲੱਗਦਾ ਜਿਵੇਂ ਹੁਣ ਸੌਂ ਜਾਵਾਂਗੇ, ਪਰ ਵਿਚਦੀ ਇੱਕ ਜਣਾ ਫੇਰ ਬੋਲ ਪੈਂਦਾ। ਇੰਝ ਹੀ ਸਾਰੀ ਰਾਤ ਨਿਕਲ ਗਈ। ਘੜੀਆਂ ਦੇਖੀਆਂ, ਰਾਤ ਮੁੱਕਣ ਵਾਲੀ ਸੀ।

ਤੜਕਾ ਹੋਇਆ ਤਾਂ ਚਾਹ ਪੀ ਕੇ ਬਾਹਰ ਖੇਤਾਂ ਵੱਲ ਨਿਕਲ ਗਏ। ਆ ਕੇ ਨ੍ਹਾ ਲਏ। ਮਖਣੀ ਤੇ ਨੇਂਬੂ ਦੇ ਆਚਾਰ ਨਾਲ ਪਰੌਂਠੇ ਖਾਧੇ। ਰੱਜ ਕੇ ਖੱਟੀ ਲੱਸੀ ਪੀ ਲਈ।

ਹੁਣ ਬੱਸ ਵਿਚ ਮੁੜੇ ਆਉਂਦੇ ਅਸੀਂ ਤਿੰਨੇ ਬਿਲਕੁੱਲ ਚੁੱਪ ਸਾਂ। ਜਿਵੇਂ ਆਪਣੇ ਆਪਣੇ ਅੰਦਰ ਉਤਰ ਗਏ ਹੋਈਏ। ਤਿੰਨਾਂ ਨੂੰ ਆਪਣੇ ਆਪਣੇ ਫ਼ਿਕਰ ਸਨ, ਆਪਣੇ ਆਪਣੇ ਰੁਝੇਵੇਂ। ਕਬੀਲਦਾਰੀ ਦੇ ਝੰਜਟਾਂ ਵਿਚੋਂ ਇਹ ਇੱਕ ਰਾਤ ਜੋ ਅਸੀਂ ਹਾਸਲ ਕੱਢ ਲਈ ਸੀ, ਬੱਸ ਇਹ ਜਿਵੇਂ ਛਪਾਰ ਦਾ ਮੇਲਾ ਸੀ ਸਾਡਾ।

ਸ਼ਹਿਰ ਆ ਕੇ ਬੱਸ ਸਟੈਂਡ 'ਤੇ ਵਿਛੜਣ ਵੇਲੇ ਜਗਦੀਸ਼ ਆਖ ਰਿਹਾ ਸੀ–'ਓਏ ਜਗਦੇਵ, ਕੰਜਰ ਦਿਓ, ਛੇਤੀ ਛੇਤੀ ਮਿਲਿਆ ਕਰੋ ਓਏ। ਮੌਤ ਦਾ ਕੋਈ ਵਸਾਹ ਨ੍ਹੀ, ਚੋਰ ਝਾਤੀਆਂ ਮਾਰਦੀ ਫਿਰਦੀ ਐ।'

'ਮੌਤ ਦਾ ਕੋਈ ਡਰ ਨ੍ਹੀ, ਭਰਾਵਾ। ਜਦੋਂ ਮਰਜ਼ੀ, ਜੀਅ ਸਦਕੇ ਆਵੇ। ਮੌਤ ਤੋਂ ਪਹਿਲਾਂ ਮਰਨ ਦਾ ਅਹਿਸਾਸ ਮੌਤ ਨਾਲੋਂ ਵੀ ਭੈੜਾ ਹੁੰਦੈ।' ਜਗਦੇਵ ਨੇ ਦਾਰਸ਼ਨਿਕ ਉੱਤਰ ਦਿੱਤਾ।

'ਓਏ, ਮੈਨੂੰ ਇਉਂ ਲਗਦੈ...' ਜੋ ਮੈਂ ਕਹਿਣਾ ਚਾਹੁੰਦਾ ਸੀ। ਬੁੱਲ੍ਹਾਂ ਤੱਕ ਨਹੀਂ ਆ ਰਿਹਾ ਸੀ।

'ਕੀ ਲੱਗਦੈ ਤੈਨੂੰ?' ਉਹ ਦੋਵੇਂ ਇਕੱਠੇ ਬੋਲੇ। 'ਮੈਨੂੰ ਤਾਂ ਯਾਰ ਕੁੱਛ ਵੀ ਨ੍ਹੀ ਲੱਗਦਾ।' ਜਿਵੇਂ ਮੈਂ ਕੁਝ ਕਹਿਣ ਤੋਂ ਖਹਿੜਾ ਛੁਡਾਇਆ ਹੋਵੇ।

ਘਰ ਆ ਕੇ ਮੈਨੂੰ ਅਹਿਸਾਸ ਹੋ ਰਿਹਾ ਸੀ, ਜਿਵੇਂ ਪਿੰਡ ਦੀਆਂ ਸੁੰਨੀਆਂ ਸਹਿਮੀਆਂ ਸੱਥਾਂ ਸਾਡੇ ਸਭ ਦੇ ਅੰਦਰ ਕਿਧਰੇ ਟਿਕਾਣਾ ਬਣਾ ਕੇ ਬੈਠ ਗਈਆਂ ਹੋਣ। ਹਰ ਘਰ ਅੰਦਰ ਜਿਵੇਂ ਮੌਤ ਦਾ ਸੱਥਰ ਵਿਛਿਆ ਹੋਇਆ ਹੋਵੇ। ਹਰ ਰੋਜ਼ ਇੱਕ ਸੋਗੀ ਆਥਣ ਪਿੰਡ ਵਿਚ ਉਤਰਦੀ ਤੇ ਕੰਧਾਂ ਦੇ ਲਿਉੜਾਂ ਨਾਲ ਛਾਪਲ ਕੇ ਬੈਠ ਜਾਂਦੀ। ਸੂਹੀ ਸਵੇਰ ਦਾ ਚਾਨਣ ਵੀ ਕਾਲਾ ਕਾਲਾ। ਘਰੋਂ ਬਾਹਰ ਕੱਟੀਆਂ ਰਾਤਾਂ ਹੀ ਜਿਵੇਂ ਆਪਣੀਆਂ ਰਹਿ ਗਈਆਂ ਹੋਣ। ਆਪੋ ਆਪਣੀਆਂ ਬੁੱਕਲਾਂ ਵਿਚ ਬਹਿ ਕੇ ਕੀਤੀਆਂ ਗੱਲਾਂ ਵਾਲੀਆਂ ਰਾਤਾਂ। ♦

# ਇੱਕ ਕੁੜੀ ਤੇ ਕਵੀ

ਉਸ ਕੁੜੀ ਦਾ ਚਿਹਰਾ ਭਰਵਾਂ ਸੀ। ਮੋਟੀਆਂ ਮੋਟੀਆਂ ਅੱਖਾਂ ਤੇ ਦੰਦ ਚਿੱਟੇ ਚਿੱਟੇ। ਕਾਲੀ ਕਸ਼ਮੀਰੀ ਕਮੀਜ਼ ਤੇ ਖੱਟੀ ਘੁੱਟਵੀਂ ਪਜਾਮੀ ਵਿਚ ਉਹਦਾ ਗੋਰਾ ਗਜਰੈਲਾ ਰੰਗ ਬਣ ਬਣ ਉੱਠਦਾ ਸੀ। ਉਹ ਆਪਣੀ ਮਾਂ ਨੂੰ ਨਾਲ ਲੈ ਕੇ ਆਈ ਸੀ ਤੇ ਆਉਣ ਸਾਰ ਬਿਨਾਂ ਝਿਜਕ ਲਾਇਬ੍ਰੇਰੀਅਨ ਨਾਲ ਗੱਲਾਂ ਮਾਰਨ ਲੱਗ ਪਈ ਸੀ। ਚਾਰ ਕਿਤਾਬਾਂ ਉਸ ਨੇ ਮੋੜੀਆਂ ਤੇ ਛੀ ਹੋਰ ਕਿਤਾਬਾਂ ਦੀ ਲਿਸਟ ਉਸ ਨੂੰ ਦੇ ਦਿੱਤੀ। ਚਾਰ ਕਿਤਾਬਾਂ ਜਿਹੜੀਆਂ ਉਸ ਨੇ ਮੋੜੀਆਂ ਸਨ, ਫਟਾ ਫੱਟ ਉਨ੍ਹਾਂ 'ਤੇ ਵਿਚਾਰ ਉਗਲੱਛ ਦਿੱਤੇ।

'ਆਹ ਨਾਵਲ ਤਾਂ ਨਿਰਾ ਬਕਵਾਸ ਐ। ਚੰਗੇ ਭਲੇ ਆਦਮੀ ਦਾ ਸਿਰ ਦੁਖਣ ਲੱਗ ਜਾਂਦੈ, ਏਸ ਨੂੰ ਪੜ੍ਹਨ ਲੱਗੇ ਦਾ। ਨਾ ਕੋਈ ਫ਼ਿਕਰਾ ਸਹੀ ਤੇ ਨਾ ਕਹਾਣੀ ਦੀ ਲੜੀ ਜੁੜਦੀ ਐ।'

'ਤੇ ਐਸ ਨਾਵਲ ਦੀ ਮੁੱਖ ਪਾਤਰ ਬਹੁਤ ਬੇਵਕੂਫ਼ ਕੁੜੀ ਐ।

'ਤੇ ਆਹ ਕਹਾਣੀਆਂ ਦੀ ਕਿਤਾਬ ਜਿਹੜੀ ਤੁਸੀਂ ਦਿੱਤੀ ਸੀ, ਇਹ ਦੀਆਂ ਚਾਰ ਪੰਜ ਕਹਾਣੀਆਂ ਤਾਂ 'ਬਹੁਤ ਹੀ' ਪਿਆਰੀਆਂ ਨੇ।'

'ਕਵਿਤਾ ਦੀ ਕਿਤਾਬ, ਆਹ ਤਾਂ ਐਵੇਂ ਕਿਸੇ ਨੇ ਸ਼ੁਗਲ ਕੀਤੈ। ਇਨ੍ਹਾਂ ਬੇਤੁਕੀਆਂ ਨੂੰ ਵੀ, ਦੇਖੋ, ਲੋਕ ਕਵਿਤਾ ਕਹਿੰਦੇ ਨੇ। ਸੁਪਰਫਲਿਉ।'

ਲਾਇਬ੍ਰੇਰੀਅਨ ਉਸ ਕੁੜੀ ਦੀ ਲਿਸਟ ਵਾਲੀਆਂ ਕਿਤਾਬਾਂ ਦੇ ਨੰਬਰ ਨੋਟ ਕਰਕੇ ਸ਼ੈਲਫਾਂ ਵੱਲ ਚਲਿਆ ਗਿਆ। ਕੁੜੀ ਵੱਡੇ ਮੇਜ਼ 'ਤੇ ਜਾ ਕੇ ਅਖ਼ਬਾਰ ਪੜ੍ਹਨ ਲੱਗ ਪਈ। ਉਸ ਦੀ ਮਾਂ ਉੱਥੇ ਹੀ ਕੁਰਸੀ 'ਤੇ ਬੈਠੀ ਚਿੱਟੇ ਰੁਮਾਲ ਨਾਲ ਆਪਣੀ ਐਨਕ ਸਾਫ਼ ਕਰਦੀ ਰਹੀ। ਕਮਲਿੰਦਰ ਨੂੰ ਥੋੜ੍ਹੀ ਜਿਹੀ ਖਿਝ ਆਈ। ਸੁੰਨੀਆਂ ਜਾਭਾਂ, ਕਾਲੀ ਪੱਗ, ਖੁੱਲ੍ਹੀ ਦਾੜ੍ਹੀ, ਲੰਮੇ ਕੋਟ ਤੇ ਚਿੱਟੇ ਕੁੜਤੇ ਪਜਾਮੇ ਵਾਲਾ ਲਾਇਬ੍ਰੇਰੀਅਨ ਕਮਲਿੰਦਰ ਦੀ ਗੱਲ ਸੁਣਦਾ ਵਿਚੇ ਛੱਡ ਗਿਆ ਸੀ ਤੇ ਉਸ ਕੁੜੀ ਦੇ ਕੰਮ ਵਿਚ ਰੁੱਝ ਗਿਆ ਸੀ। ਉਹ ਕੁੜੀ ਜੁ ਸੀ। ਕਮਲਿੰਦਰ ਨੂੰ ਮਹਿਸੂਸ ਹੋ ਰਿਹਾ ਸੀ, ਜਿਵੇਂ ਉਹ ਓਥੇ ਬੈਠਾ ਹੀ ਨਹੀਂ ਹੁੰਦਾ। ਜਦ ਉਹ ਕੁੜੀ ਆਪਣੀ ਮਾਂ ਨਾਲ ਆ ਗਈ ਸੀ ਤਾਂ ਲਾਇਬ੍ਰੇਰੀਅਨ ਚੰਗਾ ਭਲਾ ਕਮਲਿੰਦਰ ਨਾਲ ਗੱਲਾਂ ਕਰਦਾ ਚੁੱਪ ਹੋ ਗਿਆ ਸੀ ਤੇ ਉਸ ਕੁੜੀ ਵੱਲ ਆਪਣਾ ਸਾਰੇ ਦਾ ਸਾਰਾ ਧਿਆਨ ਲੈ ਗਿਆ ਸੀ। ਕਮਲਿੰਦਰ ਦਾ ਜੀਅ ਕਰਦਾ ਸੀ ਕਿ ਉਹ ਉੱਥੋਂ ਉੱਠ ਕੇ ਚਲਿਆ ਜਾਵੇ।

ਕਮਲਿੰਦਰ ਇੱਕ ਕਵੀ ਸੀ। ਰਸਾਲਿਆਂ ਵਿਚ ਤਾਂ ਉਹ ਦੀਆਂ ਕਵਿਤਾਵਾਂ ਬਹੁਤ ਛਪਦੀਆਂ ਸਨ, ਪਰ ਕੋਈ ਪ੍ਰਕਾਸ਼ਕ ਉਹ ਦੀ ਕਿਤਾਬ ਨਹੀਂ ਸੀ ਛਾਪਦਾ। ਉਹ ਪੰਜਾਬੀ ਦੇ ਵੱਡੇ ਵੱਡੇ ਤੇ ਛੋਟੇ ਛੋਟੇ ਸਾਰੇ ਪ੍ਰਕਾਸ਼ਕਾਂ ਕੋਲ ਆਪਣੀ ਕਿਤਾਬ ਦਾ ਖਰੜਾ ਲੈ ਕੇ ਗਿਆ ਸੀ। ਹਰ ਪ੍ਰਕਾਸ਼ਕ ਇਹੀ ਰੋਣਾ ਰੋਂਦਾ ਸੀ ਕਿ ਕਿਤਾਬਾਂ ਛਾਪ ਤਾਂ ਲਈਦੀਆਂ ਹਨ, ਪਰ ਵਿਕਦੀਆਂ ਨਹੀਂ। ਪੰਜਾਬੀ ਵਿਚ ਲਿਖਾਰੀ ਬਹੁਤੇ ਨੇ ਤੇ ਪਾਠਕ ਘੱਟ। ਇੱਕ ਪ੍ਰਕਾਸ਼ਕ ਨੇ ਤਾਂ ਉਸ ਨੂੰ ਇੱਕ ਬਹੁਤ ਵਧੀਆ ਟੋਟਕਾ ਸੁਣਾਇਆ ਸੀ ਕਿ ਪੰਜਾਬੀ ਵਿਚ ਤਾਂ ਮੁੰਡਾ ਜਿਹੜਾ ਗਿਆਨੀ ਪਾਸ ਕਰ ਲਵੇ, ਲਿਖਾਰੀ ਬਣ ਜਾਂਦੈ ਤੇ ਹਰ ਮੁੰਡਾ ਜਿਹੜਾ ਐੱਮ. ਏ. ਕਰ ਲਵੇ, ਆਲੋਚਕ ਬਣ ਜਾਂਦੈ। ਇਸ ਕਿਸਮ ਦੇ ਲਿਖਾਰੀ ਤੇ ਆਲੋਚਕ ਪੰਜ ਪੰਜ ਦਸਤੇ ਕਾਗਜ਼ਾਂ ਦੇ ਖ਼ਰਾਬ ਕਰਕੇ ਕਿਤਾਬਾਂ ਛਾਪਣ ਦੇ ਸੁਪਨੇ ਲੈਂਦੇ ਰਹਿੰਦੇ ਐ। ਇਹ ਲੋਕ ਵੱਡੇ ਲੇਖਕਾਂ ਦੀਆਂ ਕਿਤਾਬਾਂ ਨੂੰ ਅਵਲੀ ਤਾਂ ਪੜ੍ਹਦੇ ਹੀ ਨਹੀਂ, ਜੇ ਪੜ੍ਹਦੇ ਨੇ ਤਾਂ ਲਾਇਬ੍ਰੇਰੀ ਵਿਚੋਂ ਲੈ ਕੇ, ਆਪ ਖ਼ਰੀਦ ਕੇ ਕਿਤਾਬ ਕਦੇ ਨਹੀਂ ਪੜ੍ਹਦੇ। ਪੰਜਾਬ ਦੇ ਬਹੁਤ ਘੱਟ ਲੇਖਕ ਹਨ, ਜਿਹੜੇ ਵੱਡੇ ਲੇਖਕਾਂ ਦੀਆਂ ਕਿਤਾਬਾਂ ਆਪ ਖਰੀਦ ਕੇ ਪੜ੍ਹਦੇ ਹੋਣ। ਜਦੋਂ ਲੇਖਕ ਆਪ ਹੀ ਪਾਠਕ ਨਹੀਂ ਤਾਂ ਸਧਾਰਨ ਬੰਦੇ ਕਿਵੇਂ ਪਾਠਕ ਬਣਨੇ ਹੋਏ।

ਕਈ ਪ੍ਰਕਾਸ਼ਕ ਉਸ ਦੀ ਕਿਤਾਬ ਛਾਪਣ ਲਈ ਤਿਆਰ ਤਾਂ ਸਨ, ਪਰ ਉਸ ਤੋਂ ਕਾਗਜ਼ ਤੇ ਜਿਲਦ ਦਾ ਖ਼ਰਚ ਮੰਗਦੇ ਸਨ। ਕਹਿੰਦੇ ਸਨ ਕਿ ਕਿਤਾਬ ਵਿਕਣ ਉਪਰੰਤ ਓਨੇ ਰੁਪਈਏ ਉਸ ਨੂੰ ਮੋੜ ਦੇਣਗੇ। ਕਮਲਿੰਦਰ ਨੂੰ ਇਹ ਗੱਲ ਜਚਦੀ ਨਹੀਂ ਸੀ। ਕਾਗਜ਼ ਤੇ ਜਿਲਦ ਦਾ ਖ਼ਰਚ ਜੇ ਪੱਲੇ ਤੋਂ ਦੇਣਾ ਹੈ ਤਾਂ ਬਾਕੀ ਰਹਿ ਕੀ ਗਿਆ। ਉਸ ਨੇ ਆਪਣੇ ਪੰਜ ਸੱਤ ਦੋਸਤਾਂ ਤੋਂ, ਜਿਹੜੇ ਉਸ ਦੇ ਬਹੁਤੇ ਸ਼ਰਧਾਲੂ ਸੀ, ਸੌ ਸੌ ਰੁਪਈਏ ਹੱਥ ਉਧਾਰ ਫੜਿਆ ਤੇ ਆਪਣੀ ਕਿਤਾਬ ਆਪ ਹੀ ਛਪਵਾ ਲਈ।

ਅੱਧੀਆਂ ਕਿਤਾਬਾਂ ਤਾਂ ਉਸ ਨੇ ਆਪਣੇ ਦਾਇਰੇ ਦੇ ਚਾਲੀ ਪੰਜਾਹ ਦੋਸਤਾਂ ਨੂੰ ਦਸ ਦਸ ਕਰਕੇ ਵੇਚਣ ਲਈ ਦੇ ਦਿੱਤੀਆਂ। ਕੁਝ ਕਿਤਾਬਾਂ ਲਈ ਪ੍ਰਕਾਸ਼ਕਾਂ ਨੂੰ ਅੱਧੀ ਕੀਮਤ 'ਤੇ ਦੇ ਦਿੱਤੀਆਂ। ਕਿਤਾਬ ਉਸ ਦੀ ਲਾਇਬ੍ਰੇਰੀਆਂ ਲਈ ਵੀ ਮਨਜ਼ੂਰ ਹੋ ਗਈ ਸੀ। ਰਹਿੰਦੀਆਂ ਕਿਤਾਬਾਂ ਨੂੰ ਹੁਣ ਉਹ ਆਪ ਹੀ ਸਕੂਲਾਂ, ਕਾਲਜਾਂ ਤੇ ਮਿਉਂਸਪਲ ਕਮੇਟੀਆਂ ਦੀਆਂ ਲਾਇਬ੍ਰੇਰੀਆਂ ਵਿਚ ਫਿਰ ਤੁਰ ਕੇ ਲਾ ਰਿਹਾ ਸੀ। ਓਦਣ ਉਹ ਉਥੋਂ ਦੀ ਮਿਉਂਸਪਲ ਕਮੇਟੀ ਦੀ ਲਾਇਬਰੇਰੀ ਵਿਚ ਕੁਝ ਕਿਤਾਬਾਂ ਦੇਣ ਆਇਆ ਸੀ।

ਅਜੀਬ ਚੱਕਰ ਹੈ, ਪਹਿਲਾਂ ਤਾਂ ਆਦਮੀ ਜਿਗਰ ਦਾ ਖ਼ੂਨ ਰਿੜਕ ਕੇ ਕਵਿਤਾ ਲਿਖੇ। ਫਿਰ ਆਪ ਹੀ ਕਿਤਾਬ ਛਾਪੇ ਤੇ ਲੋਹੜੇ ਦੀ ਗੱਲ ਕਿ ਛੱਜ ਘਾੜਿਆਂ ਦੇ ਛੱਜ ਵੇਚਣ ਵਾਂਗ ਫਿਰ ਆਪ ਹੀ ਉਸਨੂੰ ਵੇਚਦਾ ਫਿਰੇ।

ਕਮਲਿੰਦਰ ਦਸ ਬਾਰਾਂ ਸਾਲਾਂ ਤੋਂ ਕਵਿਤਾ ਲਿਖਦਾ ਸੀ। ਪੰਜਾਬੀ ਦੇ ਕਵਿਤਾ ਸਾਹਿਤ ਵਿਚ ਉਸ ਦੀ ਥਾਂ ਵੀ ਚੰਗੀ ਬਣ ਗਈ ਸੀ। ਰਸਾਲਿਆਂ ਵਿਚ ਉਹ ਆਮ ਛਪਦਾ ਸੀ। ਉਸ ਦੀ ਕਵਿਤਾ ਨੂੰ ਲੋਕ ਪੜ੍ਹਦੇ ਵੀ ਸ਼ੌਕ ਨਾਲ ਸਨ। ਉਹ ਗ਼ਜ਼ਲ ਲਿਖਦਾ ਸੀ। ਉਹ ਗੀਤ ਲਿਖਦਾ ਸੀ ਤੇ ਉਹ ਲੰਮੀਆਂ ਕਵਿਤਾਵਾਂ ਲਿਖਦਾ ਸੀ। ਕਿਤਾਬ ਛਪਣੀ ਤਾਂ ਇੱਕ ਪਾਸੇ, ਇੱਕ ਹੋਰ ਗੱਲ ਦਾ ਉਸ 'ਤੇ ਬੜਾ ਕਹਿਰ ਟੁੱਟਿਆ

ਸੀ। ਇਹ ਕਹਿਰ ਸੀ ਕਿ ਪੰਜਾਬੀ ਕਵੀਆਂ ਵਿਚ ਬੇਸਿਰ ਪੈਰ ਦੇ ਊਟ ਪਟਾਂਗ ਕਵਿਤਾ ਲਿਖਣ ਦੀ ਐਸੀ ਭੇਡ ਚਾਲ ਪੈ ਗਈ ਸੀ ਕਿ ਰਸਾਲਿਆਂ ਵਿਚ ਵੀ ਗੀਤ ਜਾਂ ਗ਼ਜ਼ਲ ਕਦੇ ਕਦੇ ਛਪਦੀ। ਇਹ ਊਟ ਪਟਾਂਗ ਭਾਵੇਂ ਕੋਈ ਸਮਝਦਾ ਸੀ ਜਾਂ ਨਾ, ਪਰ ਪ੍ਰਚੱਲਤ ਬੜਾ ਹੋ ਗਿਆ ਸੀ। ਉਹ ਨਿਰਾਸ਼ ਸੀ ਕਿ ਪਾਠਕਾਂ ਤੇ ਸਰੋਤਿਆਂ ਨੂੰ ਝੁਮਾਅ ਦੇਣ ਵਾਲੀਆਂ ਗ਼ਜ਼ਲਾਂ ਤੇ ਗੀਤਾਂ ਨੂੰ ਛੱਡ ਕੇ ਉਹ ਇਸ ਊਟ ਪਟਾਂਗ ਨੂੰ ਕਿਵੇਂ ਲਿਖੇ। ਖ਼ੈਰ, ਉਹ ਆਪਣੇ ਅੰਦਾਜ਼ ਵਿਚ ਹੀ ਗ਼ਜ਼ਲਾਂ ਤੇ ਗੀਤ ਲਿਖਦਾ ਰਹਿੰਦਾ ਸੀ। ਉਸ ਨੂੰ ਪਸੰਦ ਕਰਨ ਵਾਲੇ ਅਜੇ ਵੀ ਪਸੰਦ ਕਰਦੇ ਸਨ।

ਹਾਂ, ਉਸ ਨੂੰ ਪੂਰੀ ਉਮੀਦ ਸੀ ਕਿ ਮਿਉਂਸਪਲ ਕਮੇਟੀ ਦੇ ਪ੍ਰਧਾਨ ਨੂੰ ਕਹਿ ਕਹਾ ਕੇ ਉਹ ਦਸ ਕਾਪੀਆਂ ਤਾਂ ਜ਼ਰੂਰ ਹੀ ਉਸ ਲਾਇਬ੍ਰੇਰੀ ਨੂੰ ਦੇ ਦੇਵੇਗਾ। ਪ੍ਰਧਾਨ ਨਾਲ ਕੋਈ ਸੰਗਲੀ ਮੇਲਕੇ ਤੇ ਉਸ ਦੀ ਚਿੱਠੀਲੈ ਕੇ ਉਹ ਉਸ ਲਾਇਬ੍ਰੇਰੀਅਨ ਕੋਲ ਪਹੁੰਚ ਗਿਆ ਸੀ। ਉਸ ਨੂੰ ਆਪਣੀ ਕਿਤਾਬ ਅਜੇ ਦਿਖਾਈ ਹੀ ਸੀ ਤੇ ਦਸ ਕਾਪੀਆਂ ਦੇਣ ਦੀ ਗੱਲ ਅਜੇ ਤੋਰੀ ਹੀ ਸੀ ਕਿ ਉਹ ਕੁੜੀ ਆਪਣੀ ਮਾਂ ਨੂੰ ਨਾਲ ਲੈ ਕੇ ਆ ਧਮਕੀ ਸੀ।

ਕਮਲਿੰਦਰ ਅੱਕਿਆ ਬੈਠਾ ਰਿਹਾ ਅਤੇ ਲਾਇਬ੍ਰੇਰੀ ਦੇ ਵੱਡੇ  ਹਾਲ ਵਿਚ ਕੰਧਾਂ ’ਤੇ ਲੱਗੀਆਂ ਵੱਡੀਆਂ ਵੱਡੀਆਂ ਤਸਵੀਰਾਂ ਨੂੰ ਬੇਧਿਆਨਾ ਜਿਹਾ ਦੇਖਦਾ ਰਿਹਾ। ਐਨੇ ਨੂੰ ਉਹ ਕੁੜੀ ਅਖ਼ਬਾਰਾਂ ਨੂੰ ਪੜ੍ਹ ਕੇ ਥੋੜ੍ਹਾ ਤੇ ਮੇਜ਼ ’ਤੇ ਖੰਡਿਆਕੇ, ਬਹੁਤਾ, ਲਾਇਬ੍ਰੇਰੀਅਨ ਦੇ ਉੱਚੇ ਲੰਮੇ ਮੇਜ਼ ਉੱਤੇ ਆ ਝੁਕੀ। ਕਮਲਿੰਦਰ ਵੱਲ ਨਿਗਾਹ ਗੱਡ ਕੇ ਉਹ ਝਾਕੀ ਤੇ ਪੁੱਛਿਆ, ‘ਵੀਰ ਜੀ, ਤੁਸੀਂ ਕਿਤਾਬਾਂ ਲੈ ਲਈਆਂ?’ ਸ਼ਾਇਦ ਉਹ ਸਮਝਦੀ ਸੀ ਕਿ ਉਸ ਵਾਂਗ ਹੀ ਉਹ ਲਾਇਬ੍ਰੇਰੀ ਵਿਚੋਂ ਕਿਤਾਬਾਂ ਲੈਣ ਆਇਆ ਹੈ। ਉਹ ਅਜੇ ਜਵਾਬ ਦੇਣ ਹੀ ਲੱਗਿਆ ਸੀ ਕਿ ਲਾਇਬ੍ਰੇਰੀਅਨ ਉਸ ਦੀ ਲਿਸਟ ਵਾਲੀਆਂ ਛੀ ਕਿਤਾਬਾਂ ਲੈ ਆਇਆ ਤੇ ਆਉਣ ਸਾਰ ਉਸ ਨੇ ਕਮਲਿੰਦਰ ਬਾਰੇ ਦੱਸਣਾ ਸ਼ੁਰੂ ਕਰ ਦਿੱਤਾ, ‘ਸ਼ਸ਼ੀ ਜੀ, ਇਹ ਕਮਲਿੰਦਰ ਜੀ ਨੇ, ਪੰਜਾਬੀ ਦੇ ਕਵੀ। ਇਨ੍ਹਾਂ ਦੀ ਕਿਤਾਬ ‘ਚਾਨਣ ਦਾ ਪਹਿਰਾ’ ਹੁਣੇ ਛਪੀ ਐ ਤੇ ਕਮਲਿੰਦਰ ਦੇ ਹੱਥੋਂ ਕਿਤਾਬ ਲੈ ਕੇ ਉਸ ਕੁੜੀ ਨੂੰ ਫੜਾ ਦਿੱਤੀ। ਕੁੜੀ ਦਾ ਮੱਥਾ ਖਿੜ ਉੱਠਿਆ। ਇੱਕ ਬਿੰਦ ਉਸ ਨੇ ਕਿਤਾਬ ਦਾ ਟਾਈਟਲ ਦੇਖਿਆ ਤੇ ਫਿਰ ਕਮਲਿੰਦਰ ਵੱਲ ਗਹੁ ਨਾਲ ਤੱਕਣ ਲੱਗੀ। ਕਮਲਿੰਦਰ ਨੇ ਦੇਖਿਆ, ਐਤਕੀਂ ਊਸ ਦੀਆਂ ਅੱਖਾਂ ਵਿਚ ਉਦਾਸੀ ਉਤਰੀ ਹੋਈ ਸੀ। ‘ਕਿਤਾਬ ਬਹੁਤ ਸੋਹਣੀ ਛਪੀ ਐ।’ ਸ਼ਸ਼ੀ ਨੇ ਤਾਰੀਫ਼ ਕੀਤੀ ਤੇ ਉਸ ਤੋਂ ਪੁੱਛਿਆ–‘ਇਹ ਤੁਹਾਡੀ ਪਹਿਲੀ ਕਿਤਾਬ ਐ?’ ਕਮਲਿੰਦਰ ਨੇ ਜਵਾਬ ਦਿੱਤਾ–‘ਹਾਂ, ਪਹਿਲੀ ਐ।’’ ਸ਼ਸ਼ੀ ਬੋਲਦੀ ਰਹੀ– ‘ਰਸਾਲਿਆਂ ਵਿਚ ਤਾਂ ਤੁਹਾਨੂੰ ਬਹੁਤ ਵਾਰੀ ਪੜ੍ਹਿਐ। ਤੁਹਾਡੀ ਉਹ ਗ਼ਜ਼ਲ ਜਿਹੜੀ ‘ਰਚਨਾ’ ਵਿਚ ਛਪੀ ਸੀ–‘ਮੇਰੇ ਦਿਲ ਵਿਚ ਬਹਿਕ ਕੇ ਦੇਖ ਜ਼ਰਾ’, ਉਹ ਤਾਂ ਕਾਲਜ ਦੀ ਸਟੇਜ ’ਤੇ ਮੈਂ ਸੌ ਵਾਰੀ ਪੇਸ਼ ਕੀਤੀ ਹੋਣੀ ਐ।’

ਕਮਲਿੰਦਰ ਨੂੰ ਬਹੁਤ ਖੁਸ਼ੀ ਮਿਲ ਰਹੀ ਸੀ। ਕਿਸੇ ਦੀ ਕਵਿਤਾ ਦੀ ਕੋਈ ਤਾਰੀਫ਼ ਕਰ ਦੇਵੇ, ਏਦੂੰ ਵੱਡੀ ਖੁਸ਼ੀ ਉਸ ਲਈ ਕੋਈ ਨਹੀਂ ਹੁੰਦੀ। ਉਂਝ ਤਾਂ ਹਰ ਲੇਖਕ ਪ੍ਰਸ਼ੰਸਾ ਚਾਹੁੰਦਾ ਹੈ, ਪਰ ਕਵੀ ਨੂੰ ਤਾਂ ਦਾਦ ਦੀ ਸਦਾ ਹੀ ਭੁੱਖ ਰਹਿੰਦੀ ਹੈ। ਉਂਝ ਤਾਂ ਸੰਸਾਰ ਦੀ

ਹਰ ਸਿਰਜਣਾ ਹੀ ਪ੍ਰਸੰਸਾ ਮੰਗਦੀ ਹੈ, ਪਰ ਸਾਹਿਤ ਲਈ ਤਾਂ ਪ੍ਰਸੰਸਾ ਇਸ ਤਰ੍ਹਾਂ ਹੈ, ਜਿਵੇਂ ਕਿਸੇ ਬੂਟੇ ਲਈ ਧੁੱਪ ਤੇ ਪਾਣੀ। ਕਮਲਿੰਦਰ ਨੂੰ ਐਨੀ ਖ਼ੁਸ਼ੀ ਆਪਣੀ ਕਿਤਾਬ ਛਾਪ ਕੇ ਵੀ ਨਹੀਂ ਸੀ ਹੋਈ, ਜਿੰਨੀ ਖ਼ੁਸ਼ੀ ਅੱਜ ਉਸ ਨੂੰ ਉਸ ਕੁੜੀ ਦੇ ਮੂੰਹੋਂ ਉਸ ਦੀ ਗ਼ਜ਼ਲ ਨੂੰ ਐਨੀ ਵਾਰ ਪੇਸ਼ ਕੀਤੇ ਜਾਣਾ, ਸੁਣ ਕੇ ਹੋਈ ਸੀ। ਕੁੜੀ ਦੀਆਂ ਗੱਲਾਂ ਵਿਚ ਉਹ ਗਰਕ ਜਿਹਾ ਹੋ ਰਿਹਾ ਸੀ ਕਿ ਕੁੜੀ ਦੀ ਮਾਂ ਨੇ ਕੁਰਸੀ ਤੋਂ ਉੱਠ ਕੇ ਲਾਇਬ੍ਰੇਰੀਅਨ ਦੇ ਕੰਨ ਵਿਚ ਕੁਝ ਕਿਹਾ। ਲਾਇਬ੍ਰੇਰੀਅਨ ਨੇ ਗੱਲ ਦਾ ਰੁੱਖ਼ ਬਦਲਣ ਲਈ ਕਮਲਿੰਦਰ ਨੂੰ ਪੁੱਛਿਆ, 'ਤੁਹਾਡੀ ਕਿਤਾਬ ਦਾ ਮੁੱਲ ਕਿੰਨੈ, ਕਮਲਿੰਦਰ ਜੀ?' ਉਸ ਨੇ ਜਵਾਬ ਦਿੱਤਾ–'ਚਾਰ ਰੁਪਈਏ!' ਲਾਇਬ੍ਰੇਰੀਅਨ ਦੀ ਪੁੱਛ ਦਾ ਜਵਾਬ ਦੇ ਕੇ ਕਮਲਿੰਦਰ ਨੇ ਨਾਲ ਦੀ ਨਾਲ ਸ਼ਸ਼ੀ ਤੋਂ ਪੁੱਛਿਆ, 'ਇਹਦਾ ਮਤਲਬ ਤੁਸੀਂ ਕਵਿਤਾ ਵਿਚ ਕਾਫ਼ੀ ਸ਼ੌਕ ਰੱਖਦੇ ਓ?'

'ਹਾਂ, ਸਭ ਕੁਝ ਈ ਪੜ੍ਹ ਲਈਦੈ, ਕਹਾਣੀਆਂ ਤੇ ਨਾਵਲ ਵੀ। ਤੁਹਾਡੀ ਉਸ ਗ਼ਜ਼ਲ ਨਾਲ ਤਾਂ ਮੇਰੀ ਜ਼ਿੰਦਗੀ ਦਾ ਇੱਕ ਕਾਂਡ ਬੱਝਿਆ ਹੋਇਐ।' ਕੁੜੀ ਆਪਣੀ ਮਾਂ ਵਾਲੀ ਕੁਰਸੀ 'ਤੋਂ ਆ ਕੇ ਕਮਲਿੰਦਰ ਕੋਲ ਬੈਠ ਗਈ। ਮਾਂ ਦੇ ਮੂੰਹ ਨੂੰ ਤੌਣੀ ਆਈ ਹੋਈ ਸੀ। ਉਸ ਦੇ ਬੁੱਲ੍ਹ ਫ਼ਰਕ ਰਹੇ ਸਨ। ਸ਼ਾਇਦ ਉਹ ਕਮਲਿੰਦਰ ਨੂੰ ਕੁਝ ਕਹਿਣਾ ਚਾਹੁੰਦੀ ਸੀ।

ਚਾਹ ਵਾਲਾ ਚਾਹ ਦੀ ਟਰੇਅ ਲੈ ਕੇ ਆਇਆ। ਕਮਲਿੰਦਰ ਜਦ ਆ ਕੇ ਬੈਠਾ ਸੀ ਤੇ ਗੱਲ ਸ਼ੁਰੂ ਹੀ ਕੀਤੀ ਸੀ ਤੇ ਓਦੋਂ ਹੀ ਕੁੜੀ ਤੇ ਕੁੜੀ ਦੀ ਮਾਂ ਆ ਗਈਆਂ ਸਨ ਤਾਂ ਚਾਹ ਦੇ ਚਾਰ ਕੱਪਾਂ ਲਈ ਲਾਇਬ੍ਰੇਰੀਅਨ ਨੇ ਪਤਾ ਨਹੀਂ ਕਦੋਂ ਆਪਣੇ ਅਸਿਸਟੈਂਟ ਨੂੰ ਭੇਜ ਦਿੱਤਾ। ਕਮਲਿੰਦਰ ਦਾ ਨਾਉਂ ਸੁਣਨ ਸਾਰ ਹੀ ਸ਼ਾਇਦ ਉਸ ਦੇ ਮਨ ਵਿਚ ਉਸ ਲਈ ਸਨਮਾਨ ਜਾਗ ਪਿਆ ਸੀ। ਏਸੇ ਲਈ ਸ਼ਾਇਦ ਉਸ ਨੇ ਚਾਹ ਮੰਗਵਾਈ ਸੀ। ਸ਼ਸ਼ੀ ਤੇ ਸ਼ਸ਼ੀ ਦੀ ਮਾਂ ਤਾਂ ਅਕਸਰ ਆਉਂਦੀਆਂ ਹੀ ਰਹਿੰਦੀਆਂ ਸਨ। ਉਨ੍ਹਾਂ ਦੀ ਨਿੱਤ ਦੀ ਜਾਣਕਾਰੀ ਦਾ ਮੁੱਲ ਪਾ ਕੇ ਚਾਹ ਜਦ ਮੰਗਵਾ ਹੀ ਲਈ ਸੀ, ਉਨ੍ਹਾਂ ਨੂੰ ਚਾਹ ਪਿਆਉਣੀ ਵੀ ਜ਼ਰੂਰੀ ਸੀ। ਕਮਲਿੰਦਰ ਸ਼ਾਇਦ ਸੋਚ ਰਿਹਾ ਸੀ ਕਿ ਚਾਹ ਉਨ੍ਹਾਂ ਦੋਵੇਂ ਮਾਵਾਂ ਧੀਆਂ ਲਈ ਮੰਗਵਾਈ ਗਈ ਹੈ, ਪਰ ਚਾਹ ਲਾਇਬ੍ਰੇਰੀਅਨ ਨੇ ਕਮਲਿੰਦਰ ਲਈ ਅਸਲ ਵਿਚ ਮੰਗਵਾਈ ਸੀ।

ਉਨ੍ਹਾਂ ਚਾਰਾਂ ਨੇ ਚਾਹ ਪੀਤੀ। ਲਾਇਬ੍ਰੇਰੀਅਨ ਨੇ ਵੀ ਛੀ ਕਿਤਾਬਾਂ ਸ਼ਸ਼ੀ ਦੇ ਨਾਉਂ ਚਾੜ੍ਹ ਦਿੱਤੀਆਂ। ਮਾਂ ਨੇ ਸ਼ਸ਼ੀ ਨੂੰ ਘਰ ਜਾਣ ਲਈ ਕਿਹਾ। ਸ਼ਸ਼ੀ ਨੇ ਕੁਝ ਦੇਰ ਹੋਰ ਉੱਥੇ ਠਹਿਰਨ ਲਈ ਆਖ ਦਿੱਤਾ। ਮਾਂ ਉਸ ਦੀ ਜ਼ਿੱਦ ਨੂੰ ਜਾਣਦੀ ਸੀ। ਉਹ ਬਹਾਨਾ ਜਿਹਾ ਬਣਾ ਕੇ ਕਿਤਾਬਾਂ ਦੀਆਂ ਸ਼ੈਲਫ਼ਾਂ ਵੱਲ ਸ਼ਸ਼ੀ ਨੂੰ ਲੈ ਗਈ। ਸਭ ਤੋਂ ਅਖ਼ੀਰਲੀ ਸ਼ੈਲਫ਼ ਵਿਚ ਪਈਆਂ ਕੀੜੇ ਖਾਧੀਆਂ ਕਿਤਾਬਾਂ ਬਾਰੇ ਉਹ ਸ਼ਸ਼ੀ ਤੋਂ ਕਈ ਗੱਲਾਂ ਪੁੱਛਣ ਲੱਗ ਪਈ। ਐਨੇ ਚਿਰ ਵਿਚ ਲਾਇਬ੍ਰੇਰੀਅਨ ਨੇ ਕਮਲਿੰਦਰ ਤੋਂ ਕਿਤਾਬਾਂ ਲਈਆਂ ਤੇ ਉਸ ਨੂੰ ਪੈਸੇ ਦੇ ਦਿੱਤੇ। ਨਾਲ ਦੀ ਨਾਲ ਲਾਇਬ੍ਰੇਰੀਅਨ ਨੇ ਉਸ ਨੂੰ ਦੱਸਿਆ ਕਿ ਇਸ ਕੁੜੀ ਦੇ ਦਿਮਾਗ਼ ਵਿਚ ਕੁਝ ਨੁਕਸ ਹੈ। ਇਹ ਬੀ. ਏ. ਹੈ। ਐੱਮ. ਏ. ਦੀ ਪੜ੍ਹਾਈ ਨੂੰ ਵਿਚੋਂ ਹੀ ਛੱਡ ਆਈ ਹੈ। ਹੁਣ ਇਸ ਦਾ ਇਹ ਹਾਲ ਹੈ ਕਿ ਜਿਸ ਆਦਮੀ ਨਾਲ ਗੱਲੀਂ

ਪੈ ਜਾਵੇ, ਉਸ ਦਾ ਛੇਤੀ ਛੇਤੀ ਖਹਿੜਾ ਨਹੀਂ ਛੱਡਦੀ। ਜਿਸ ਕਿਸੇ ਦੀ ਸਿਆਣੂ ਹੋ ਜਾਵੇ ਤੇ ਉਸ ਦਾ ਅਤਾ ਪਤਾ ਜਾਣ ਲਵੇ ਤਾਂ ਚੋਰੀਓਂ ਘਰੋਂ ਨਿਕਲ ਕੇ ਉਸ ਕੋਲ ਜਾ ਰਹਿੰਦੀ ਹੈ। ਮਾਂ ਇਸ ਦੀ ਜਵਾਕਾਂ ਵਾਂਗ ਸਾਂਭ ਸਾਂਭ ਇਸ ਨੂੰ ਰੱਖਦੀ ਹੈ। ਡਰਦੀ ਹੈ ਕਿ ਪਤਾ ਨਹੀਂ ਇਹ ਕਦੋਂ ਗੱਡੀ ਚੜ੍ਹ ਜਾਵੇ, ਕਦੋਂ ਕਿੱਧਰ ਨੂੰ ਬੱਸ ਜਾ ਚੜ੍ਹੇ। ਕਦੇ ਕਦੇ ਚਲੀ ਜਾਂਦੀ ਹੈ ਤਾਂ ਦੋ ਦੋ ਤਿੰਨ ਤਿੰਨ ਦਿਨ ਨਹੀਂ ਮੁੜਦੀ। ਮੁੜ ਜ਼ਰੂਰ ਆਉਂਦੀ ਹੈ, ਪਤਾ ਨਹੀਂ, ਕਿੱਥੇ ਰਹਿੰਦੀ ਹੈ। ਕਈ ਸਿਆਣੇ ਬੰਦੇ ਏਸੇ ਤੋਂ ਇਸ ਦਾ ਥਹੁ ਪਤਾ ਪੁੱਛ ਕੇ। ਆਪ ਹੀ ਇਹ ਨੂੰ ਏਥੇ ਆ ਕੇ ਛੱਡ ਜਾਂਦੇ ਹਨ। ਇਹ ਦਾ ਪਿਓ ਇੱਕ ਰਿਟਾਇਰਡ ਕੈਪਟਨ ਸੀ। ਚਾਰ ਕੁ ਸਾਲ ਹੋਏ, ਮਰ ਗਿਆ ਹੈ। ਮਾਂ ਇਹਦੀ ਕੋਲ ਨਾਮਾ ਚੰਗਾ ਹੈ। ਧੀ ਪੁੱਤ ਹੋਰ ਕੋਈ ਨਹੀਂ। ਬੱਸ ਇਹੋ ਕੁੜੀ ਹੈ। ਲਾਇਬ੍ਰੇਰੀਅਨ ਨੇ ਕਮਲਿੰਦਰ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਉਸ ਵੱਲ ਬਹੁਤਾ ਧਿਆਨ ਨਾ ਦੇਵੇ, ਨਹੀਂ ਤਾਂ ਖਹਿੜਾ ਛੁਡਾਉਣਾ ਔਖਾ ਹੋ ਜਾਏਗਾ। ਉਸ ਨੇ ਆਪਣੀਆਂ ਕਿਤਾਬਾਂ ਝੋਲੇ ਵਿਚ ਪਾਈਆਂ ਤੇ ਲਾਇਬ੍ਰੇਰੀਅਨ ਨਾਲ ਹੱਥ ਮਿਲਾ ਕੇ ਲਾਇਬ੍ਰੇਰੀ ਤੋਂ ਬਾਹਰ ਹੋ ਗਿਆ।

ਸ਼ਸ਼ੀ ਤੇ ਸ਼ਸ਼ੀ ਦੀ ਮਾਂ ਵੀ ਘਰ ਨੂੰ ਤੁਰ ਪਈਆਂ। ਮਾਂ ਚਾਹੁੰਦੀ ਸੀ ਕਿ ਉਹ ਕਵੀ ਪਿੱਛੇ ਮੁੜ ਕੇ ਝਾਕੇ ਨਾ ਤੇ ਫਟਾਫੱਟ ਚਲਿਆ ਜਾਵੇ ਤਾਂ ਕਿ ਉਹ ਸ਼ਸ਼ੀ ਨੂੰ ਗੱਲਾਂ ਲਾ ਕੇ ਘਰ ਉਪੜਦੀ ਕਰ ਦੇਵੇ। ਉਸ ਨੂੰ ਡਰ ਭਾਸਿਆ ਕਿ ਕਿਤੇ ਸ਼ਸ਼ੀ ਆਪ ਹੀ ਉਸ ਨੂੰ ਪਿੱਛੋਂ ਹਾਕ ਨਾ ਮਾਰ ਲਵੇ। ਉਹੀ ਗੱਲ ਹੋਈ ਉਹ ਲਾਇਬ੍ਰੇਰੀ ਦਾ ਬਾਰ ਟੱਪੀਆਂ ਹੀ ਸਨ ਕਿ ਕਮਲਿੰਦਰ ਨੂੰ ਅੱਗੇ ਅੱਗੇ ਜਾਂਦੇ ਨੂੰ ਦੇਖ ਸ਼ਸ਼ੀ ਨੇ ਭੱਜ ਕੇ ਉਸਦਾ ਮੋਢਾ ਜਾ ਫੜਿਆ। ਉਸ ਦੇ ਹੱਥੋਂ ਕਿਤਾਬਾ ਵਾਲਾ ਝੋਲਾ ਖੋਹ ਲਿਆ। ਮਾਂ ਨੂੰ ਪਿੱਛੇ ਮੁੜਕੇ ਕਿਹਾ–'ਬੇ ਜੀ ਕਮਲਿੰਦਰ ਜੀ ਨੂੰ ਘਰ ਲੈ ਚੱਲੋ। ਇਨ੍ਹਾਂ ਤੋਂ ਇਨ੍ਹਾਂ ਦੀਆਂ ਨਵੀਆਂ ਕਵਿਤਾਵਾਂ ਸੁਣਾਂਗੀਆਂ।' ਬੁੜ੍ਹੀ ਦੇ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ।

ਇੱਕ ਅਲਹਿਦਾ ਬੈਠਕ ਉਹਦੀ ਬੇਮੁਹਾਰੀਆਂ ਚੀਜ਼ਾਂ ਨਾਲ ਬੂਥੀ ਹੋਈ ਸੀ। ਇੱਕ ਵੱਡਾ ਪਲੰਘ, ਜਿਸ 'ਤੇ ਬਿਸਤਰਾ ਸ਼ਾਇਦ ਸਦਾ ਹੀ ਵਿਛਿਆ ਰਹਿੰਦਾ ਸੀ। ਚਾਦਰ ਤੇ ਸਰ੍ਹਾਣਾ ਸਾਫ਼ ਸਨ। ਇੱਕ ਲੰਮਾ ਸਾਰਾ ਸੋਫ਼ਾ ਤੇ ਦੋ ਅੱਧੋਰਾਣੀਆਂ ਕੁਰਸੀਆਂ, ਇੱਕ ਨੀਵਾਂ ਜਿਹਾ ਲੰਮਾ ਮੇਜ਼, ਮੇਜ਼ ਉੱਤੇ ਘਸਮੈਲਾ ਜਿਹਾ ਮੇਜ਼ ਪੋਸ਼। ਇੱਕ ਲੋਹੇ ਦੀ ਕੁਰਸੀ ਤੇ ਇੱਕ ਆਰਾਮ ਕੁਰਸੀ ਵੱਖਰੀਆਂ ਖੂੰਜੇ ਵਿਚ ਅਣਝਾੜੀਆਂ ਪਈਆਂ ਸਨ। ਬੈਠਕ ਦੀ ਲੰਮੀ ਕੰਧ ਵਿਚ ਬਣੀ ਕਾਰਨਿਸ 'ਤੇ ਸੌ ਨਿੱਕ ਸੁੱਕ ਅਘੜਾ ਦੁਘੜਾ ਖਿੱਲਰਿਆ ਹੋਇਆ ਸੀ। ਇੱਕ ਅਲਮਾਰੀ, ਜਿਸ ਦੇ ਤਖ਼ਤੇ ਸ਼ਾਇਦ ਹੀ ਖੁੱਲ੍ਹੇ ਰਹਿੰਦੇ ਸਨ, ਕਿਤਾਬਾਂ ਨਾਲ ਮੂੰਹੋਂ ਮੂੰਹ ਭਰੀ ਹੋਈ ਸੀ। ਇੱਕ ਖੂੰਜੇ ਵਿਚ ਟਿਕਾਏ ਹੋਏ ਇੱਕ ਉੱਚੇ ਸਾਰੇ ਮੇਜ਼ 'ਤੇ ਕਿਤਾਬਾਂ ਦਾ ਢੇਰ ਪਿਆ ਹੋਇਆ ਸੀ–ਬੇਤਰਤੀਬਾ। ਕਮਲਿੰਦਰ ਸੋਫ਼ੇ 'ਤੋਂ ਉੱਠਿਆ ਤੇ ਸਾਰੀਆਂ ਕਿਤਾਬਾਂ ਨੂੰ ਚਾਰ ਢੇਰੀਆਂ ਵਿਚ ਸੰਵਾਰ ਕੇ ਚਿਣ ਦਿੱਤਾ। ਨਾਲ ਦੀ ਨਾਲ ਉਹ ਕਿਤਾਬਾਂ ਦੇ ਟਾਈਟਲ ਵੀ ਪੜ੍ਹਦਾ ਰਿਹਾ, ਜਿਨ੍ਹਾਂ ਵਿਚ ਸ਼ੋਲੋਖੋਵ, ਚੈਖ਼ਵ ਤੇ ਗੋਰਕੀ ਦੀਆਂ ਕਹਾਣੀਆਂ ਤੇ ਨਾਵਲਾਂ ਦੇ ਕੁਝ ਪੰਜਾਬੀ ਅਨੁਵਾਦ ਸਨ। ਅੰਮ੍ਰਿਤਾ ਪ੍ਰੀਤਮ ਦੇ ਸਾਰੇ ਨਾਵਲ ਤੇ ਸਾਰੇ ਕਹਾਣੀ ਸੰਗ੍ਰਹਿ ਸਨ। ਅਜੀਤ ਕੌਰ ਤੇ ਦਲੀਪ ਕੌਰ ਟਿਵਾਣਾ ਦੇ ਕਹਾਣੀ ਸੰਗ੍ਰਹਿ ਸਨ। ਉਰਦੂ ਦੀਆਂ ਚਾਰ ਪੰਜ ਕਿਤਾਬਾਂ ਤੇ ਦੋ ਤਿੰਨ

ਕਿਤਾਬਾਂ ਅੰਗਰੇਜ਼ੀ ਦੀਆਂ ਸਨ। ਪਲੰਘ ਦੇ ਥੱਲੇ ਲੱਕੜ ਦਾ ਇੱਕ ਸੂਟਕੇਸ ਪਿਆ ਸੀ, ਜਿਸ ਨੂੰ ਕਲਿੱਕ ਦਾ ਜ਼ਿੰਦਾ ਲੱਗਿਆ ਹੋਇਆ ਸੀ।

ਠੰਡ ਵੀ ਉਸ ਦਿਨ ਖ਼ਾਸੀ ਸੀ। ਬੁੱਢੀ ਮਾਂ ਨੇ ਇੱਕ ਨਿੱਗਰ ਰਜ਼ਾਈ ਲਿਆ ਕੇ ਪਲੰਘ 'ਤੇ ਰੱਖ ਦਿੱਤੀ। ਕਮਲਿੰਦਰ ਨੂੰ ਸੌਖਾ ਹੋ ਕੇ ਉਸ ਵਿਚ ਨਿੱਘਾ ਹੋ ਕੇ ਸੌਂ ਜਾਣ ਲਈ ਆਖਿਆ। ਕੁਝ ਚਿਰ ਬਾਅਦ ਹੀ ਸ਼ਸ਼ੀ ਟਰੇਅ ਵਿਚ ਕੌਫ਼ੀ ਦੇ ਤਿੰਨ ਕੱਪ ਧਰ ਲਿਆਈ। ਬੁੱਢੀ ਮਾਂ ਤੇ ਸ਼ਸ਼ੀ ਤੋਂ ਬਿਨਾਂ ਉਨ੍ਹਾਂ ਦੇ ਘਰ ਵਿਚ ਹੋਰ ਕੋਈ ਨਹੀਂ ਸੀ।

ਮਾਂ ਤਾਂ ਰੋਟੀ ਦਾ ਆਹਰ ਕਰਨ ਲੱਗ ਪਈ ਤੇ ਸ਼ਸ਼ੀ ਬੈਠਕ ਵਿਚ ਕਮਲਿੰਦਰ ਕੋਲ ਬੈਠ ਗਈ। ਉਹ ਰਜ਼ਾਈ ਵਿਚ ਗੁੱਛਾ ਮੁੱਛਾ ਹੋਇਆ ਬੈਠਾ ਸੀ। ਸ਼ਸ਼ੀ ਨੇ ਇੱਕ ਕੰਬਲ ਦੀ ਬੁੱਕਲ ਮਾਰ ਲਈ ਤੇ ਪੰਥੀ ਮਾਰ ਕੇ ਸੋਫ਼ੇ 'ਤੇ ਬੈਠ ਗਈ। ਸਧਾਰਣ ਗੱਲਾਂ ਹੁੰਦੀਆਂ ਰਹੀਆਂ। ਸ਼ਸੀ ਨੇ ਆਪਣੇ ਕਾਲਜ ਦੀਆਂ ਗੱਲਾਂ ਛੇੜ ਲਈਆਂ। ਕਮਲਿੰਦਰ ਦੀ ਉਸ ਗ਼ਜ਼ਲ ਦਾ ਜ਼ਿਕਰ ਫਿਰ ਆ ਗਿਆ। ਸ਼ਸ਼ੀ ਨੇ ਦੱਸਿਆ ਕਿ 'ਮੇਰੇ ਦਿਲ ਵਿਚ ਬਹਿ ਕੇ ਦੇਖ ਜ਼ਰਾ', ਕਾਲਜ ਵਿਚ ਜਦ ਕਦੇ ਮੈਂ ਗੌਂਦੀ ਹੁੰਦੀ ਸੀ ਤਾਂ ਸਾਰਾ ਕਾਲਜ ਝੂਮ ਉੱਠਦਾ ਸੀ। 'ਪਤਾ ਨੀ ਤੁਹਾਡੀ ਗ਼ਜ਼ਲ ਵਿਚ ਕੋਈ ਫੋਰਸ ਸੀ ਜਾਂ ਮੇਰੀ ਆਵਾਜ਼ ਵਿਚ!' ਪ੍ਰੋ: ਵਿਸ਼ਵਕਾਂਤ ਤਾਂ ਬਹੁਤਾ ਪਾਗਲ ਹੋ ਜਾਂਦਾ ਸੀ। ਪਤਾ ਨੀ ਤੁਹਾਡੀ ਗ਼ਜ਼ਲ 'ਤੇ, ਪਤਾ ਨੀ ਮੇਰੀ ਆਵਾਜ਼ ਉੱਤੇ ਪਤਾ ਨੀ...?' ਕਮਲਿੰਦਰ ਨੇ ਨਾਲ ਦੀ ਨਾਲ ਕਹਿ ਦਿੱਤਾ-'ਤੁਹਾਡੇ ਆਪਣੇ ਉੱਤੇ!' ਸ਼ਸ਼ੀ ਥੋੜ੍ਹਾ ਜਿਹਾ ਸ਼ਰਮਾਅ ਗਈ ਤੇ ਦੱਸਿਆ ਕਿ ਪਿਛਲੀ ਗੱਲ ਸ਼ਾਇਦ ਬਹੁਤੀ ਠੀਕ ਹੈ।

'ਉਹ ਇੰਗਲਿਸ਼ ਦਾ ਪ੍ਰੋਫ਼ੈਸਰ ਸੀ। ਹਰ ਗੱਲ ਵਿਚ ਉਹ ਮੈਨੂੰ ਮੂਹਰੇ ਰੱਖਦਾ। ਡਰਾਮੈਟਿਕ ਕਲੱਬ ਦਾ ਮੈਨੂੰ ਸੈਕਟਰੀ ਬਣਵਾ ਦਿੱਤਾ। ਡੀਬੇਟ ਜਾਂ ਡੈਕਲੇਮੇਸ਼ਨ ਕੰਟੈਸਟ ਵਿਚ ਹਰ ਥਾਂ ਜਾਣ ਲਈ ਉਹ ਮੈਨੂੰ ਹੀ ਸਿਲੈਕਟ ਕਰਵਾ ਕੇ ਭੇਜਦਾ। ਉਹ ਇਕੱਲਾ ਹੀ ਸੀ। ਕਈ ਵਾਰੀ ਉਹ ਮੁੰਡੇ ਕੁੜੀਆਂ ਨੂੰ ਚਾਹ 'ਤੇ ਸੱਦ ਲੈਂਦਾ। ਓਥੇ ਵੀ ਮੈਨੂੰ ਮੂਹਰੇ ਰੱਖਦਾ। ਮੈਂ ਇਕੱਲੀ ਕਦੇ ਕਦੇ ਉਸ ਦੇ ਘਰ ਚਲੀ ਜਾਂਦੀ। ਕਦੇ ਕਦੇ ਡੂੰਘੀ ਸ਼ਾਮ ਓਥੇ ਹੀ ਗੁਜ਼ਰਦੀ...'

ਸ਼ਸ਼ੀ ਨੂੰ ਗੱਲ ਕਰਦੀ ਕਰਦੀ ਨੂੰ ਇੱਕ ਹੱਥੂ ਆਇਆ ਤੇ ਉਹ ਸਣੇ ਕੰਬਲ ਸੋਫ਼ੇ 'ਤੇ ਢੇਰੀ ਹੋ ਗਈ। ਕੁਝ ਨਾ ਬੋਲੀ ਤੇ ਨਾ ਹਿੱਲੀ ਜੁੱਲੀ। ਉਸ ਸਮੇਂ ਮਾਂ ਕਿਸੇ ਕੰਮ ਬੈਠਕ ਵਿਚ ਆਈ ਸੀ ਤੇ ਸ਼ਸ਼ੀ ਨੂੰ ਲੱਤਾਂ ਨਿਸਾਲੀ ਪਈ ਨੂੰ ਦੇਖ ਕੇ ਉਸ ਵੱਲ ਅਹੁਲੀ ਦੇਖਿਆ, ਉਸ ਦੀ ਦੰਦ ਬੀੜ ਜੁੜੀ ਹੋਈ ਸੀ ਤੇ ਉਹ ਬੇਹੋਸ਼ ਸੀ। ਉਸ ਨੇ ਭੱਜ ਕੇ ਰਸੋਈ ਵਿਚੋਂ ਇੱਕ ਖੁਰਚਣੀ ਲਿਆ ਕੇ ਉਸ ਦੇ ਦੰਦਾ ਵਿਚ ਤ੍ਰੀੜ ਕੇ ਦੰਦ ਬੀੜ ਖੋਲ੍ਹ ਦਿੱਤੀ ਤੇ ਪਾਣੀ ਦੀ ਉਂਜਲ ਭਰਕੇ ਉਸ ਦੇ ਮੂੰਹ ਵਿਚ ਪਾਈ। ਉਸ ਨੇ ਅਲਮਾਰੀ ਵਿੱਚੋਂ ਇੱਕ ਸ਼ੀਸ਼ੀ ਝੱਟ ਦੇ ਕੇ ਨੱਕ ਨੂੰ ਲਾ ਦਿੱਤੀ। ਇੱਕ ਹੋਰ ਦਵਾਈ ਉਸ ਦੇ ਮੱਥੇ 'ਤੇ ਮਲ ਦਿੱਤੀ। ਉਸ ਦੀਆਂ ਤਲੀਆਂ 'ਤੇ ਝੱਸਿਆ। ਇੱਕ ਬਿੰਦ ਸ਼ਸ਼ੀ ਨੇ ਅੱਖਾਂ ਖੋਲ੍ਹ ਲਈਆਂ। ਦੂਜੇ ਬਿੰਦ ਹੀ ਉਹ ਪਾਸਾ ਲੈ ਕੇ ਵੱਖੀ ਪਰਨੇ ਪੈ ਗਈ। ਉਹਦੇ ਮੂੰਹੋਂ 'ਹਾਏ' ਨਿਕਲੀ ਤੇ ਉਹ ਚੁੱਪ ਹੋ ਗਈ। ਮਾਂ ਨੇ ਕਮਲਿੰਦਰ ਨੂੰ ਉਂਗਲ ਦੀ ਸੈਨਤ ਨਾਲ ਸਮਝਾਇਆ ਕਿ ਉਹ ਬੋਲੇ ਨਾ। ਉਹ ਚੁੱਪ ਕੀਤਾ ਬੈਠਾ ਰਿਹਾ।

ਮਾਂ ਨੇ ਰੋਟੀ ਜਦ ਤਿਆਰ ਕਰ ਲਈ ਤਾਂ ਉਸ ਨੂੰ ਰਸੋਈ ਵਿਚ ਹੀ ਆਪਣੇ ਕੋਲ ਸੱਦ ਲਿਆ, ਫਿਰ ਅੰਦਰਲੇ ਕਮਰੇ ਵਿਚ ਕੁਰਸੀ ਮੇਜ਼ ਡਾਹ ਕੇ ਉਸ ਨੂੰ ਰੋਟੀ ਪਰੋਸ ਦਿੱਤੀ। ਰੋਟੀ ਖਾਂਦੇ ਕਮਲਿੰਦਰ ਕੋਲ ਉਹ ਅੰਦਰ ਆ ਕੇ ਬੈਠ ਗਈ। ਉਹ ਰੋਟੀ ਖਾਂਦਾ ਰਿਹਾ ਤੇ ਉਹ ਬੋਲਦੀ ਰਹੀ–

'ਬਸ ਏਸ ਗੱਲੋਂ ਮੈਂ ਡਰਦੀ ਸੀ। ਜਦੋਂ ਕਦੇ ਇਹ ਉਹ ਪ੍ਰੋਫ਼ੈਸਰ ਦੀ ਗੱਲ ਕਿਸੇ ਨਾਲ ਛੇੜ ਬੈਠੇ ਤਾਂ ਇਸ ਨੂੰ ਫੱਟ ਦੌਰਾ ਪੈ ਜਾਂਦੈ। ਏਵੇਂ ਜਿਵੇਂ ਬੱਸ ਹੁਣ ਇਹ ਦੋ ਦਿਨ ਬੇਸੁਰਤ ਪਈ ਰਹੂ। ਨਾ ਬੋਲੇ, ਨਾ ਉੱਠੇ, ਨਾ ਖਾਵੇ ਪੀਵੇ।'

'ਪ੍ਰੋਫ਼ੈਸਰ ਉਹ ਹੁਣ ਕਿੱਥੇ ਐ?' ਕਮਲਿੰਦਰ ਨੇ ਉਤਸੁਕ ਹੋ ਕੇ ਪੁੱਛਿਆ।

ਪ੍ਰੋਫ਼ੈਸਰ ਉਹ ਤਾਂ ਪਤਾ ਨੀ ਕਿੱਥੇ ਐ। ਇਹਦੀ ਜ਼ਿੰਦਗੀ ਖ਼ਰਾਬ ਕਰਕੇ ਆਪ ਇੱਕ ਵਜ਼ੀਰ ਦੀ ਕੁੜੀ ਨਾਲ ਵਿਆਹ ਕਰਵਾ ਲਿਆ। ਵਜ਼ੀਰ ਨੇ ਤਾਂ ਕਾਰ ਦਿੱਤੀ ਦਾਜ ਵਿਚ। ਕੁੜੀ ਦਸਵੀਂ ਪਾਸ ਸੀ। ਵਿਆਹ ਕਰਵੌਣ ਲੱਗੇ ਨੇ ਇਹਨੂੰ ਦੱਸਿਆ ਵੀ ਨਾ। ਇਹ ਅਜੇ ਐੱਮ. ਏ. 'ਚ ਦਾਖ਼ਲ ਹੋਈ ਈ ਸੀ। ਉਹ ਦਾ ਵਿਆਹ ਸੁਣ ਕੇ ਘਰ ਆ ਬੈਠੀ। ਹੁਣ ਇਹਦੇ ਨਾਲ ਬੱਸ ਮੈਂ ਈ ਕੱਟਦੀ ਆਂ।' ਐਨੀ ਗੱਲ ਕਹਿ ਕੇ ਮਾਂ ਦਾ ਬੋਲ ਰੁਕ ਗਿਆ ਤੇ ਉਹਦੀਆਂ ਅੱਖਾਂ ਪਾਣੀ ਨਾਲ ਪਿਆਲੀਆਂ ਵਾਂਗ ਭਰ ਗਈਆਂ।

'ਤੁਸੀਂ ਕਿਸੇ ਡਾਕਟਰ ਨੂੰ ਦਿਖਾਓ ਇਹ ਨੂੰ ਬੇ ਜੀ।' ਕਮਲਿੰਦਰ ਨੇ ਰੋਟੀ ਖਾ ਹੱਥ ਕੇ ਧੋਣ ਲੱਗੇ ਨੇ ਸੁਝਾਓ ਦਿੱਤਾ।

'ਡਾਕਟਰਾਂ ਦੀ ਕਸਰ ਕਿਹੜਾ ਛੱਡੀਐ। ਹੁਣ ਤਾਂ ਇਹ ਹਾਲ ਹੈ ਕਿ ਜੇ ਕੋਈ ਮੁੰਡਾ ਇਸ ਨੂੰ ਮਖ਼ੌਲ ਕਰ ਬੈਠੇ ਤਾਂ ਲਫੇੜਿਆਂ ਨਾਲ ਉਸ ਦਾ ਮੂੰਹ ਭੰਨ ਦਿੰਦੀ ਐ। ਕੱਲ੍ਹ ਸਵੇਰੇ ਸਵੇਰੇ ਬਜ਼ਾਰ 'ਚੋਂ ਅਸੀਂ ਸਬਜ਼ੀ ਲਈ ਆਉਂਦੀਆਂ ਸੀ। ਇੱਕ ਮੁੰਡਾ ਸਾਈਕਲ 'ਤੇ ਚੜ੍ਹਿਆ ਕਦੇ ਸਾਡੇ ਮੂਹਰੇ ਹੋ ਜਾਵੇ, ਕਦੇ ਮਗਰ ਮਗਰ ਆਵੇ ਤੇ ਕਦੇ ਤੇਜ਼ ਕਰਕੇ ਸਾਈਕਲ ਕੋਲ ਦੀ ਲੰਘਾਵੇ। ਇੱਕ ਵਾਰੀ ਜਦੋਂ ਉਹ ਕੋਲ ਦੀ ਤੇਜ਼ ਤੇਜ਼ ਲੰਘਣ ਲੱਗਿਆ ਤਾਂ ਏਸ ਨੇ ਗਿੱਚਿਓਂ ਫੜ ਲਿਆ ਉਸ ਨੂੰ ਤੇ ਲੱਫੜ ਮਾਰ ਮਾਰ ਉਹਦਾ ਮੂੰਹ ਲਾਲ ਕਰ 'ਤਾ। ਮੈਂ ਡਰਾਂ ਕਿਤੇ ਕੋਈ ਸਿਆਪਾ ਨਾ ਖੜ੍ਹਾ ਹੋ ਜੇ। ਪਰ ਉਹ ਢੀਠ ਕੱਪੜੇ ਝਾੜ ਕੇ ਔਹ ਗਿਆ।' ♦

# ਪੁਨਰਵਾਸ

ਉਨ੍ਹਾਂ ਦਿਨਾਂ ਵਿਚ ਸੁਰਿੰਦਰ ਇੱਕੋ ਸਮੇਂ ਤਿੰਨ ਕੁੜੀਆਂ ਨਾਲ ਇਸ਼ਕ ਕਰਦਾ ਸੀ। ਤਿੰਨ ਕੁੜੀਆਂ ਨਹੀਂ, ਦੋ ਕੁੜੀਆਂ ਤੇ ਤੀਜੀ ਨੂੰ ਤੀਵੀਂ ਕਹਿਣਾ ਚਾਹੀਦਾ ਹੈ।

ਤੀਵੀਂ ਕਹਿਣਾ ਉਸ ਨੂੰ ਇਸ ਕਰਕੇ ਜਚਦਾ ਹੈ ਕਿ ਉਹ ਵਿਆਹੀ ਹੋਈ ਸੀ।

ਉਸ ਮੁਹੱਲੇ ਵਿਚ ਜਿੱਥੇ ਉਹ ਰਹਿੰਦਾ ਸੀ, ਉਸ ਦੇ ਗਵਾਂਢ ਵਿਚ ਹੀ ਉਸ ਤੀਵੀਂ ਦਾ ਘਰ ਸੀ। ਉਹਦਾ ਢਿੱਡਲ ਪਤੀ ਬੈਂਕ ਵਿਚ ਮੁਲਾਜ਼ਮ ਸੀ। ਤੜਕੇ ਹੀ ਰੋਟੀ ਖਾ ਕੇ ਦਸ ਵਜੇ ਚਲਿਆ ਜਾਂਦਾ ਤੇ ਪੰਜ ਵਜੇ ਥੱਕਿਆ ਟੁੱਟਿਆ ਮੰਜੀ ’ਤੇ ਆ ਡਿੱਗਦਾ। ਰੋਟੀ ਖਾਂਦਾ ਤੇ ਸੌਂ ਜਾਂਦਾ। ਨਾ ਕਦੀ ਉਹ ਸੈਰ ਨੂੰ ਗਿਆ ਸੀ ਤੇ ਨਾ ਕਦੀ ਤੇਲ ਦੀ ਮਾਲਿਸ਼ ਕਰਕੇ ਨ੍ਹਾਤਾ ਸੀ। ਸਿਨਮਾ ਵਰਗਾ ਸ਼ੌਕ ਵੀ ਉਸ ਨੂੰ ਕੋਈ ਨਹੀਂ ਸੀ।

ਉਸ ਤੀਵੀਂ ਨੂੰ ਆਪਣਾ ਪਤੀ ਲੋਗੜ ਦੇ ਇੱਕ ਗਦੈਲੇ ਨਾਲੋਂ ਵੱਧ ਹੋਰ ਕੁਝ ਨਹੀਂ ਸੀ ਲੱਗਦਾ। ਉਨ੍ਹਾਂ ਦੇ ਵਿਆਹ ਹੋਏ ਨੂੰ ਤਿੰਨ ਸਾਲ ਹੋ ਗਏ ਸਨ ਤੇ ਅਜੇ ਉਸ ਤੀਵੀਂ ਕੋਲ ਕੋਈ ਜਵਾਕ ਨਹੀਂ ਸੀ ਹੋਇਆ।

ਉਹ ਸੂਰਜ ਚੜ੍ਹਨ ਤੋਂ ਤਿੰਨ ਘੰਟੇ ਪਹਿਲਾਂ ਉੱਠਦੀ। ਹੱਥ ਵਿਚ ਪਾਣੀ ਦੀ ਚਿਲਕਣੀ ਤੇ ਕੰਗਣੀ ਵਾਲੀ ਗੜਵੀ ਫੜਦੀ ਤੇ ਸੁਰਿੰਦਰ ਦੀ ਬੈਠਕ ਵਿਚ ਆ ਧਮਕਦੀ। ਉਸ ਦਾ ਢਿੱਡਲ ਪਤੀ ਉੱਚੇ ਉੱਚੇ ਘੁਰਾੜਿਆਂ ਨੂੰ ਬੰਦ ਕਰਕੇ ਅੱਖਾਂ ਝਮਕਦਾ ਤਾਂ ਦੇਖਦਾ ਕਿ ਉਹ ਬਾਹਰ ਕੰਨੀਂ ਚਲੀ ਗਈ ਹੈ। ਨਿੱਤ ਹੀ ਜਾਂਦੀ ਹੈ। ਜਾਂਦੀ ਹੈ ਤਾਂ ਸਵੇਰੇ ਸਵੇਰੇ ਜਾਂਦੀ ਹੈ। ਸੁਹੰਨਰੀਆਂ ਤੀਵੀਆਂ ਸਦੇਹਾਂ ਹੀ ਉੱਠਦੀਆਂ ਹੁੰਦੀਆਂ ਨੇ। ਉਹ ਦਾ ਪਤੀ ਸਮਝਦਾ ਹੈ ਕਿ ਉਹ ਕਿੰਨੀ ਚੰਗੀ ਹੈ। ਸਦੇਹਾਂ ਸਦੇਹਾਂ ਵਿਚਾਰੀ ਉੱਠਦੀ ਹੈ। ਨੇੜੇ ਥਾਂ ਨਹੀਂ ਇਸ ਲਈ ਦੂਰ ਸਾਰੇ ਬਾਹਰ ਜਾਂਦੀ ਹੈ। ਚਿਰ ਭਾਵੇਂ ਕਾਫ਼ੀ ਲੱਗ ਜਾਂਦਾ ਹੈ। ਉਹ ਸੋਚਦਾ ਹੈ ਕਿ ਹੋਰ ਤੀਵੀਆਂ ਟੱਕਰ ਜਾਂਦੀਆਂ ਹੋਣਗੀਆਂ ਤੇ ਗੱਲੀਂ ਪੈ ਜਾਂਦੀਆਂ ਹੋਣਗੀਆਂ। ਪਰ ਜਦ ਵਾਪਸ ਆਉਂਦੀ ਹੈ ਤਾਂ ਮਿੰਟਾਂ ਵਿਚ ਦੀ ਚਾਹ ਬਣਾ ਦਿੰਦੀ ਹੈ। ਮਿੰਟਾਂ ਵਿਚ ਦੀ ਨਹਾਉਣ ਲਈ ਪਾਣੀ ਪਾ ਦਿੰਦੀ ਹੈ। ਮਿੰਟਾਂ ਵਿਚ ਦੀ ਰੋਟੀ ਬਣਾ ਦਿੰਦੀ ਹੈ ਤੇ ਵੇਲੇ ਸਿਰ ਉਹ ਨੂੰ ਦਫ਼ਤਰ ਤੋਰ ਦਿੰਦੀ ਹੈ।

ਸੁਰਿੰਦਰ ਨੂੰ ਉਹ ਤੀਵੀਂ ਬੜੀ ਚੰਗੀ ਲੱਗਦੀ ਸੀ। ਦੇਖਣ ਵਿਚ ਭਾਵੇਂ ਕੁਝ ਮਧਰੀ ਜਿਹੀ ਸੀ, ਪਰ ਅੰਗਾ ਪੈਰਾ ਦੀ ਖੁੱਲ੍ਹੀ ਸੀ, ਚੌੜੇ ਚੁਗਾਠੇ ਵਾਲੀ। ਭਰਵੇਂ ਭਰਵੇਂ ਅੰਗਾਂ ਵਾਲੀ। ਚਿੱਟੀ ਸਾੜ੍ਹੀ ਪਹਿਨਦੀ ਸੀ। ਨਜ਼ਰ ਕੁਝ ਕਮਜ਼ੋਰ ਸੀ ਤੇ ਅੱਖਾਂ ਦਾ

ਬਰੀਕ ਕੰਮ ਕਰਨ ਵੇਲੇ ਐਨਕ ਲਾ ਲੈਂਦੀ ਸੀ। ਸੁਰਿੰਦਰ ਨੂੰ ਉਹ ਚਾਹੁੰਦੀ ਸੀ। ਉਸ ਨੂੰ ਅੰਨ੍ਹਾਂ ਪਿਆਰ ਕਰਦੀ। ਉਹ ਦੇ ਅੰਗਾਂ ਨੂੰ ਟੋਹ ਟੋਹ ਦੇਖਦੀ। ਹਰ ਤਰ੍ਹਾਂ ਉਹਦੀ ਸਹਾਇਤਾ ਕਰਦੀ। ਕਦੇ ਕਦੇ ਐਵੇਂ ਹੀ ਉਹਦੀ ਜੇਬ੍ਹ ਵਿਚ ਰੁਪਈਏ ਪਾ ਜਾਂਦੀ– ਕਦੇ ਦਸ ਪਾ ਗਈ, ਕਦੇ ਵੀਹ ਪਾ ਗਈ। ਕਹਿੰਦੀ, 'ਤੂੰ ਥੁੜ ਕੇ ਨਾ ਬੈਠਿਆ ਕਰ। ਖ਼ਰਚ ਦੀ ਪਰਵਾਹ ਨਾ ਕਰ, ਮੈਥੋਂ ਲੈ। ਮਨ ਭੌਂਦਾ ਖਾ, ਮਨ ਭੌਂਦਾ ਹੰਢਾ।' ਸੁਰਿੰਦਰ ਨੂੰ ਮਹਿਸੂਸ ਹੁੰਦਾ ਕਿ ਉਹ ਕਿੰਨੇ ਖੁੱਲ੍ਹੇ ਦਿਲ ਵਾਲੀ ਹੈ। ਢਿੱਡਲ ਜਦ ਬੈਂਕ ਨੂੰ ਉੱਠ ਜਾਂਦਾ ਹੈ ਤਾਂ ਕਦੇ ਕਦੇ ਉਹ ਉਸ ਨੂੰ ਪਰੌਂਠੇ ਪਕਾ ਕੇ ਦੇ ਜਾਂਦੀ ਹੈ। ਢਿੱਡਲ ਤੋਂ ਚੋਰੀਂ ਇੱਕ ਦਰੀ, ਇੱਕ ਸਰ੍ਹਾਣਾ ਤੇ ਇੱਕ ਖੇਸ ਵੀ ਉਸ ਨੇ ਉਸ ਨੂੰ ਦਿੱਤਾ ਹੋਇਆ ਹੈ। ਉਹਦਾ ਪਤੀ ਜੇ ਉਸ ਦੇ ਮਨ ਦੀ ਗੱਲ ਪੂਰੀ ਨਹੀਂ ਕਰਦਾ ਤਾਂ ਉਹ ਵਿਚਾਰੀ ਕਰੇ ਵੀ ਕੀ? ਸੁਰਿੰਦਰ ਬੇਹੱਦ ਖੁਸ਼ ਰਹਿੰਦਾ ਕਿ ਉਹ ਉਸ ਤੀਵੀਂ ਨੂੰ ਖੁਸ਼ੀ ਦਿੰਦਾ ਹੈ।

ਉਸ ਸ਼ਹਿਰ ਵਿਚ ਸੁਰਿੰਦਰ ਬੱਸ ਅੱਡੇ 'ਤੇ ਇੱਕ ਮਸ਼ਹੂਰ ਬੱਸ ਕੰਪਨੀ ਦਾ ਅੱਡਾ ਇੰਚਾਰਜ ਲੱਗਿਆ ਹੋਇਆ ਸੀ। ਉਸ ਨੇ ਦਸ ਜਮਾਤਾਂ ਪਾਸ ਕੀਤੀਆਂ ਹੋਈਆਂ ਸਨ। ਕੋਰਸ ਉਹ ਕੋਈ ਕਰ ਨਹੀਂ ਸੀ ਸਕਿਆ। ਇਕੱਲੀ ਦਸਵੀਂ ਪਾਸ ਹੋਣ ਕਰਕੇ ਸਰਕਾਰੀ ਨੌਕਰੀ ਕੋਈ ਉਹਨੂੰ ਮਿਲੀ ਨਾ। ਉਚ ਚੰਗੇ ਰੱਜੇ ਪੁੱਜੇ ਘਰ ਦਾ ਪੁੱਤ ਤਾਂ ਹੈ ਨਹੀਂ ਸੀ। ਉਹਦਾ ਪਿਓ ਵਾਹੀ ਕਰਦਾ ਸੀ ਤੇ ਬੱਸ ਘਰ ਦੀ ਆਈ ਚਲਾਈ ਕਰੀਂ ਜਾਂਦਾ ਸੀ। ਸੁਰਿੰਦਰ ਕਿਵੇਂ ਨਾ ਕਿਵੇਂ ਦਸਵੀਂ ਪਾਸ ਕਰ ਗਿਆ ਸੀ। ਜਦ ਉਹ ਪੜ੍ਹਦਾ ਹੁੰਦਾ, ਹਾਕੀ ਦਾ ਬਹੁਤ ਵਧੀਆ ਖਿਡਾਰੀ ਰਿਹਾ ਸੀ। ਉਸ ਦੀ ਸਿਹਤ ਪਹਿਲੇ ਦਿਨੋਂ ਹੀ ਵਧੀਆ ਸੀ। ਕੱਦ ਕਾਠ ਵੀ ਚੰਗਾ ਸੀ। ਰੰਗ ਗੰਦਮੀ, ਹੱਡ ਪੈਰ ਖੁੱਲ੍ਹੇ ਖੁੱਲ੍ਹੇ, ਡੌਲੇ, ਪਟ ਤੇ ਛਾਤੀ ਦੇ ਪੱਠੇ ਉੱਭਰਵੇਂ, ਖੁੱਦੋ ਵਾਂਗ ਮੜ੍ਹੇ ਹੋਏ। ਚਿਹਰੇ ਦੀ ਰੌਣਕ ਬਹੁਤ ਖ਼ੂਬ। ਨੈਣ ਨਕਸ਼ ਤਿੱਖੇ। ਬੋਲਣ ਚੱਲਣ ਦਿਲ ਨੂੰ ਮੋਹ ਲੈਣ ਵਾਲਾ।

ਹਰ ਕੁੜੀ ਉਹਦੀ ਨੁਹਾਰ 'ਤੇ ਮਰ ਸਕਦੀ ਸੀ।

ਦੂਜਾ ਇਸ਼ਕ ਉਹਦਾ ਇੱਕ ਨਰਸ ਨਾਲ ਸੀ। ਨਰਸ ਨਿੱਤ ਉਸ ਬੱਸ ਅੱਡੇ ਤੋਂ ਬੱਸ ਫੜਕੇ ਅੱਠ ਮੀਲ ਦੂਰ ਕਿਸੇ ਪਿੰਡ ਜਾਇਆ ਕਰਦੀ ਸੀ। ਇੱਕ ਹੋਰ ਬੰਦੇ ਦੇ ਕਹਿਣੈ 'ਤੇ ਉਸ ਨੇ ਉਸ ਬੱਸ ਦਾ ਪਾਸ ਬਣਵਾ ਦਿੱਤਾ ਸੀ। ਉਸ ਨਾਲ ਜਾਣ ਪਛਾਣ ਦਾ ਬੱਸ ਇਹੀ ਮੁੱਢ ਸੀ। ਨਿੱਤ ਹੀ ਜਦ ਉਹ ਸਵੇਰੇ ਸਵੇਰੇ ਬੱਸ ਚੜ੍ਹਨ ਆਉਂਦੀ ਤਾਂ ਸੁਰਿੰਦਰ ਨਾਲ ਨਿਗਾਹ ਸਾਂਝੀ ਕਰ ਜਾਂਦੀ। ਕਦੇ ਕਦੇ ਉਹ ਕੋਈ ਗੱਲ ਵੀ ਕਰ ਜਾਂਦੀ। ਸੁਰਿੰਦਰ ਜਿਵੇਂ ਉਸ ਨੂੰ ਜਚ ਗਿਆ ਸੀ। ਉਹ ਉਸ ਦੇ ਬਹੁਤੇ ਹੀ ਨੇੜੇ ਹੁੰਦੀ ਗਈ। ਇੱਕ ਦਿਨ ਸ਼ਾਮ ਨੂੰ ਉਹ ਪਿੰਡੋਂ ਬਹੁਤ ਹੀ ਥੱਕੀ ਟੁੱਟੀ ਆਈ ਤੇ ਸੁਰਿੰਦਰ ਉਸ ਨੂੰ ਚਾਹ ਪਿਆਉਣ ਲਈ ਆਪਣੀ ਬੈਠਕ ਵਿਚ ਲੈ ਗਿਆ। ਉਸ ਤੋਂ ਪਿੱਛੋਂ ਅਕਸਰ ਉਹ ਉਸ ਦੀ ਬੈਠਕ ਵਿਚ ਆ ਜਾਇਆ ਕਰਦੀ ਸੀ। ਇੱਕ ਰਾਤ ਤਾਂ ਉਹ ਉਸ ਦੀ ਬੈਠਕ ਵਿਚ ਹੀ ਉਸ ਕੋਲ ਪੈ ਗਈ ਸੀ। ਸੁਰਿੰਦਰ ਨੇ ਬੜੇ ਹਾੜ੍ਹੇ ਕੱਢੇ ਤੇ ਬਹੁਤ ਤਰਲੇ ਕੀਤੇ, ਪਰ ਉਹ ਕਹਿੰਦੀ–'ਹੋਰ ਭਾਵੇਂ ਕੁਸ਼ ਆਖ ਲੈ, ਪਰ ਮੈਨੂੰ ਏਸ ਇਮਤਿਹਾਨ ਵਿਚ ਨਾ ਪਾ।'

ਉਹ ਬੜਾ ਹੈਰਾਨ ਪ੍ਰੇਸ਼ਾਨ ਕਿ ਇਹ ਕਿਸ ਕਿਸਮ ਦੀ ਕੁੜੀ ਹੈ। ਜੇ ਇਸ ਨੇ ਕਿਸੇ ਇਮਤਿਹਾਨ ਵਿਚ ਨਹੀਂ ਸੀ ਪੈਣਾ ਤਾਂ ਕੀ ਇਹ ਮੇਰੇ ਕੋਲ ਗੀਤਾਂ ਦੇ ਸਲੋਕ ਸਿੱਖਣ

ਆਈ ਹੈ? ਕੁੜੀ ਨੇ ਜ਼ਿੱਦ ਕੀਤੀ–'ਸੁਰਿੰਦਰ, ਦੇਖ ਤੇਰੇ ਨਾਲੋਂ ਵੱਧ ਦੁਨੀਆਂ 'ਤੇ ਮੈਨੂੰ ਕੋਈ ਹੋਰ ਚੀਜ਼ ਨੀ। ਮੈਂ ਤੈਨੂੰ ਬੇਅੰਤ ਪਿਆਰ ਕਰਦੀ ਆਂ। ਤੂੰ ਮੇਰੇ ਸਰੀਰ ਦੇ ਵੱਢ ਕੇ ਬੇਸ਼ੱਕ ਡੱਕਰੇ ਕਰ ਦੇ, ਪਰ ਮੈਨੂੰ ਏਸ ਇਮਤਿਹਾਨ ਵਿਚ ਨਾ ਨਾ।' ਸੁਰਿੰਦਰ ਦੀ ਸੋਚ ਉਸ ਕੁੜੀ ਮੂਹਰੇ ਹਾਰ ਗਈ ਸੀ। ਦਿਲੋਂ ਪਰ ਉਹ ਉਸ ਦੀ ਕਦਰ ਕਰਦਾ ਸੀ।

ਸੁਰਿੰਦਰ ਨੂੰ ਚਿਤਵਨੀ ਲੱਗੀ ਰਹਿੰਦੀ ਕਿ ਉਹ ਉਸ ਦਾ ਕਿਹੋ ਜਿਹਾ ਇਸ਼ਕ ਹੈ। ਗੱਲਾਂ ਉਹ ਸਾਰੀਆਂ ਕਰ ਲੈਂਦੀ ਹੈ। ਉਹ ਗੱਲਾਂ ਕਰਦੀ ਹੈ, ਜਿਹੜੀਆਂ ਸ਼ਾਇਦ ਹੋਰ ਕਿਸੇ ਨਾਲ ਨਹੀਂ ਕਰਦੀ ਹੋਣੀ। ਉਸ ਦੀ ਬੈਠਕ ਵਿਚ ਜਦੋਂ ਉਹ ਕਹੇ, ਆ ਜਾਂਦੀ ਹੈ, ਜ਼ਮਾਨੇ ਭਰ ਦੀਆਂ ਗੱਲਾਂ ਮਾਰਦੀ ਹੈ। ਇੱਕੋ ਗੱਲ ਉਹਦੀ ਸਮਝ ਵਿਚ ਨਹੀਂ ਆਉਂਦੀ, ਜਿਹੜੀ ਉਹ ਵਾਰ ਵਾਰ ਕਹਿੰਦੀ ਹੈ–'ਮੇਰੀ ਭਾਵੇਂ ਜਾਨ ਸੂਤ ਲੈ, ਪਰ ਮੈਨੂੰ ਕਦੇ ਇਮਤਿਹਾਨ 'ਚ ਨਾ ਪਾਈਂ। ਇਹ ਕਿਸ ਕਿਸਮ ਦੀ ਕੁੜੀ ਹੈ, ਸੁਰਿੰਦਰ ਸੋਚਦਾ ਰਹਿੰਦਾ।

ਉਹ ਨਰਸ ਕੁੜੀ ਜਦ ਕਦੇ ਉਸ ਦੀ ਬੈਠਕ ਵਿਚ ਆਉਂਦੀ ਤਾਂ ਸੁਰਿੰਦਰ ਚਿੱਟੀ ਸਾੜ੍ਹੀ ਵਾਲੀ ਤੀਵੀਂ ਨੂੰ ਦੱਸਦਾ ਕਿ ਅੱਜ ਉਸ ਦੇ ਮਾਮੇ ਦੀ ਧੀ ਆਈ ਹੋਈ ਹੈ। ਚਿੱਟੀ ਸਾੜ੍ਹੀ ਵਾਲੀ ਤੀਵੀਂ ਨੂੰ ਕੀ? ਭਾਵੇਂ ਉਸ ਦੀ ਮਾਮੇ ਦੀ ਧੀ ਹੋਵੇ, ਭੂਆ ਦੀ ਹੋਵੇ ਭਾਵੇਂ ਚਾਚੇ ਦੀ। ਕੋਈ ਵੀ ਹੋਵੇ ਆਉਂਦੀ ਰਹੇ। ਉਹ ਉਸ ਨਾਲ ਤਾਂ ਪੂਰਾ ਸੀ।

ਇਹ ਦੋਵੇਂ ਇਸ਼ਕ ਸੁਰਿੰਦਰ ਲਈ ਜਿਸਮ ਤੇ ਰੂਹ ਦੇ ਇਸ਼ਕ ਸਨ। ਚਿੱਟੀ ਸਾੜ੍ਹੀ ਵਾਲੀ ਤੀਵੀਂ ਨਾਲ ਜਿਸਮ ਦਾ ਇਸ਼ਕ ਤੇ ਨਰਸ ਕੁੜੀ ਨਾਲ ਰੂਹ ਦਾ ਇਸ਼ਕ। ਚਿੱਟੀ ਸਾੜ੍ਹੀ ਵਾਲੀ ਤੀਵੀਂ ਰੂਹ ਦੇ ਇਸ਼ਕ ਨੂੰ ਕੁਝ ਨਹੀਂ ਸੀ ਸਮਝਦੀ ਤੇ ਜਿਸਮ ਦਾ ਸੇਕ ਠੰਡਾ ਕਰਨ ਨੂੰ ਹੀ ਸਭ ਕੁਝ ਸਮਝਦੀ ਸੀ। ਸੁਰਿੰਦਰ ਸਮਝਦਾ ਸੀ ਕਿ ਉਹ ਉਸਦੇ ਜਿਸਮ ਦੇ ਸੇਕ ਨੂੰ ਠੰਡਾ ਕਰਕੇ ਉਸ 'ਤੇ ਬਹੁਤ ਵੱਡਾ ਉਪਕਾਰ ਕਰ ਰਿਹਾ ਹੈ। ਉਸ ਦਾ ਆਦਰ ਸਤਿਕਾਰ ਵੀ ਬੜਾ ਕਰਦੀ ਸੀ। ਉਸ ਨੂੰ ਖਵਾਉਂਦੀ ਪਿਆਉਂਦੀ ਸੀ। ਉਸ ਨੂੰ ਪੈਸੇ ਦਿੰਦੀ ਸੀ ਤੇ ਕਿਸੇ ਗੱਲੋਂ ਥੁੜਨ ਨਹੀਂ ਸੀ ਦਿੰਦੀ। ਨਰਸ ਕੁੜੀ ਕਿਸੇ ਇਮਤਿਹਾਨ ਵਿਚ ਨਹੀਂ ਸੀ ਪੈਣਾ ਚਾਹੁੰਦੀ। ਉਹ ਤਾਂ ਚਾਹੁੰਦੀ ਸੀ ਕਿ ਉਸ ਨੂੰ ਸੁਰਿੰਦਰ ਦਾ ਰੱਜ ਕੇ ਪਿਆਰ ਮਿਲਦਾ ਰਹੇ, ਪਰ ਉਹ ਆਪਣੀ ਜਾਨ ਨੂੰ ਦੁੱਖਾਂ ਵਿਚ ਨਾ ਪਾਵੇ।

ਸੁਰਿੰਦਰ ਦੋਵੇਂ ਪਾਸੇ ਖੁਸ਼ ਸੀ।

ਤੀਜਾ ਇਸ਼ਕ ਉਹ ਉਸ ਮੁਹੱਲੇ ਦੀ ਕਾਲਜ ਵਿਚ ਪੜ੍ਹਦੀ ਇੱਕ ਕੁੜੀ ਨੂੰ ਕਰਦਾ ਸੀ। ਇਹ ਇਸ਼ਕ ਉਹਦਾ ਬੜਾ ਪਵਿੱਤਰ ਇਸ਼ਕ ਸੀ।

ਕਾਲਜ ਵਿਚ ਪੜ੍ਹਦੀ ਉਸ ਕੁੜੀ, ਕੁੜੀ ਕਾਹਦੀ, ਬੱਸ ਇੱਕ ਸਪੋਲੀਆ ਸੀ। ਮਧਰਾ ਜਿਹਾ ਕੱਦ, ਪਤਲਾ ਸਰੀਰ ਤੇ ਗੋਲ ਅੰਗ। ਰੰਗ ਬਦਾਮੀ। ਹੰਸੂ ਹੰਸੂ ਕਰਦਾ ਮੂੰਹ। ਮਸ਼ਾਲਾ ਵਾਂਗ ਬਲਦੀਆਂ ਦਿਲ ਕੱਢ ਲੈਣ ਵਾਲੀਆਂ ਅੱਖਾਂ।

ਉਸ ਸ਼ਹਿਰ ਵਿਚ ਇੱਕ ਬੰਦਾ ਟੈਂਪੂ ਗੱਡੀ ਰਾਹੀਂ ਦੁੱਧ ਸਪਲਾਈ ਕਰਦਾ ਹੁੰਦਾ ਆਥਣ ਉੱਗਣ ਉਹ ਸ਼ਹਿਰ ਦੇ ਸਾਰੇ ਮੁਹੱਲਿਆਂ ਵਿਚ ਗੱਡੀ 'ਤੇ ਦੁੱਧ ਦੇ ਵੱਡੇ ਢੋਲ ਲੱਦ ਕੇ ਲਿਆਉਂਦਾ। ਢੋਲਾਂ ਦੇ ਟੂਟੀਆਂ ਲੱਗੀਆਂ ਹੁੰਦੀਆਂ। ਹਰ ਮੁਹੱਲੇ ਦੇ ਚੌਕ ਵਿਚ ਉਹ ਆਉਂਦਾ ਤੇ ਜਿਨ੍ਹਾਂ ਘਰਾਂ ਨੇ ਦੁੱਧ ਬੰਨ੍ਹਿਆਂ ਹੁੰਦਾ, ਉਹ ਉਸ ਤੋਂ ਦੁੱਧ ਲੈ ਲੈਂਦੇ। ਸੁਰਿੰਦਰ ਵੀ ਉਸ ਤੋਂ ਦੁੱਧ ਲੈਂਦਾ ਹੁੰਦਾ। ਦੁੱਧ ਵਾਲਾ ਜਦ ਆਉਂਦਾ ਤਾਂ ਚੌਕ ਵਿਚ ਦੁੱਧ

ਲੈਣ ਵਾਲਿਆਂ ਦਾ ਮੇਲਾ ਲੱਗ ਜਾਂਦਾ। ਆਪਣੇ ਘਰ ਦਾ ਦੁੱਧ ਲੈਣ ਲਈ ਹਮੇਸ਼ਾ ਉਹੀ ਕਾਲਜ ਵਾਲੀ ਕੁੜੀ ਆਉਂਦੀ। ਟੱਪਦੀ ਬੁੜ੍ਹਕਦੀ ਡੋਲੂ ਫੜੀਂ ਉਹ ਆਉਂਦੀ ਤੇ ਧੁੱਸ ਦੇ ਕੇ ਦੂਜਿਆਂ ਦੇ ਦੁੱਧ ਵੀ ਪਵਾ ਦਿੰਦੀ। ਏਵੇਂ ਜਿਵੇਂ ਇੱਕ ਦਿਨ ਉਸ ਨੇ ਸੁਰਿੰਦਰ ਦੇ ਹੱਥੋਂ ਗੜਵੀ ਫੜੀ ਤੇ ਮੂਹਰ ਦੀ ਹੋ ਕੇ ਉਸ ਨੂੰ ਦੁੱਧ ਪਵਾ ਦਿੱਤਾ। ਗੜਵੀ ਫੜਾਉਣ ਲੱਗੀ ਤਾਂ ਉਸ ਨੇ ਸੁਰਿੰਦਰ ਦੀਆਂ ਉਂਗਲਾਂ ਘੁੱਟ ਦਿੱਤੀਆਂ ਤੇ ਹੱਸ ਹੱਸ ਦੂਹਰੀ ਹੁੰਦੀ, ਔਹ ਗਈ। ਸੁਰਿੰਦਰ ਸਾਰਾ ਦਿਨ ਇਹੀ ਖੌਝਲਦਾ ਰਿਹਾ–'ਲੋਹੜਾ ਓਏ, ਰਤੀ ਭਰ ਕੁੜੀ ਐ ਤੇ ਕਿੰਨੀ ਚੱਕਵੀਂ ਐਂ।'

ਜਦ ਉਹਦੀ ਬੈਠਕ ਕੋਲ ਦੀ ਲੰਘਣ ਲੱਗਦੀ, ਤਾ ਖੰਘ ਕੇ ਲੰਘਦੀ। ਕਦੇ ਕਦੇ ਕੋਈ ਰੋੜੀ ਵੀ ਮਾਰ ਜਾਂਦੀ। ਇੱਕ ਦਿਨ ਜਦ ਉਹ ਓਥੋਂ ਦੀ ਲੰਘਣ ਲੱਗੀ ਤਾਂ ਚਾਰ ਚੁਫ਼ੇਰਾ ਜਿਹਾ ਦੇਖ ਕੇ ਸੁਰਿੰਦਰ ਨੇ ਉਸ ਦੀ ਬਾਂਹ ਫੜੀ ਤੇ ਬੈਠਕ ਅੰਦਰ ਧੂ ਲਿਆ। 'ਮੈਂ ਰੌਲਾ ਪਾ ਦੂੰਗੀ, ਹਾਂ। 'ਕੁੜੀ ਨੇ ਬਾਂਹ ਛੁਡਾ ਕੇ ਆਖਿਆ। 'ਰੌਲਾ ਤਾਂ ਤੂੰ ਕੀ ਪਾ ਦੇਂਗੀ ਬਚੀਏ ਜੀਏ। ਊਈਂ ਗਠਿੱਲ ਜ੍ਹੀ ਦੇਖਕੇ, ਤੇਰੇ 'ਤੇ ਤਰਸ ਔਂਦੈ।' ਉਸ ਦੀ ਗੱਲ੍ਹ 'ਤੇ ਪੋਲਾ ਜਿਹਾ ਲੱਫੜ ਮਾਰ ਕੇ ਸੁਰਿੰਦਰ ਨੇ ਉਸ ਨੂੰ ਛੱਡ ਦਿੱਤਾ।

ਸੁਰਿੰਦਰ ਦੇ ਮਨ ਵਿਚ ਆਉਂਦੀ ਕਿ ਇਹ ਕੁੜੀ ਕਿੰਨੀ ਔਲੋ ਹੱਥੀ ਹੈ, ਪਰ ਹੈ ਨਿੱਕੀ ਜਿਹੀ। ਐਡੀ ਕੁ ਕੁੜੀ ਨੂੰ ਬੁਰੀ ਨਿਗਾਹ ਨਾਲ ਦੇਖਣਾ ਤਾਂ ਉਂਝ ਹੀ ਪਾਪ ਏ। ਉਸ ਨੂੰ ਉਹ ਛੇੜਦੀ ਰਹਿੰਦੀ, ਪਰ ਉਹ ਹੱਸ ਛੱਡਦਾ ਤੇ ਉਸ ਨੂੰ ਕੁਝ ਨਾਂ ਕਹਿੰਦਾ। ਉਹ ਕਿਸੇ ਤਰ੍ਹਾਂ ਛੇੜਦੀ ਰਹਿੰਦੀ। ਕਦੇ ਉਸ ਦੀ ਬੈਠਕ ਵਿਚ ਪਾਣੀ ਦਾ ਛਿੱਟਾ ਦੇ ਜਾਂਦੀ। ਕਦੇ ਰੋੜੀ ਮਾਰ ਜਾਂਦੀ। ਕਦੇ ਖੰਘ ਜਾਂਦੀ ਤੇ ਕਦੇ ਕੋਈ ਚੁਭਵੀਂ ਗੱਲ ਕਹਿ ਜਾਂਦੀ, ਪਰ ਸੁਰਿੰਦਰ ਉਸ ਨੂੰ ਨਿਆਣੀ ਸਮਝ ਕੇ ਹੱਸ ਛੱਡਦਾ। ਦਿਲੋਂ ਉਸ ਨੂੰ ਪਿਆਰ ਕਰਦਾ ਕਿ ਉਹ ਉਸ ਨੂੰ ਕਿੰਨਾ ਸ਼ਰਾਰਤੀ ਲਾਡ ਕਰਦੀ ਹੈ।

ਇਹ ਤਿੰਨੇ ਇਸ਼ਕ ਉਹਦੇ ਪੰਜ ਛੀ ਮਹੀਨਿਆਂ ਤੋਂ ਬਰਾਬਰ ਵਧੀਆ ਚੱਲ ਰਹੇ ਸਨ। ਉਸ ਦਾ ਪੱਬ ਧਰਤੀ 'ਤੇ ਮਸ੍ਹਾਂ ਟਿਕਦਾ। ਉਸ ਦੀ ਸੋਚ ਵਿਚ ਹਵਾ ਨੂੰ ਗੰਢਾਂ ਆਉਂਦੀਆਂ ਰਹਿੰਦੀਆਂ।

ਪੰਜ ਸੱਤ ਦਿਨ ਤਾਂ ਸੁਰਿੰਦਰ ਚੁੱਪ ਕਰਿਆ ਰਿਹਾ ਤੇ ਮਹਿਸੂਸ ਜਿਹਾ ਕਰਦਾ ਰਿਹਾ, ਪਰ ਦਸ ਕੁ ਦਿਨਾਂ ਬਾਅਦ ਉਹ ਹੈਰਾਨ ਰਹਿਣ ਲੱਗ ਪਿਆ ਕਿ ਕਾਲਜ ਵਾਲੀ ਕੁੜੀ ਹੁਣ ਕਦੇ ਬਾਹਰ ਕਿਉਂ ਨਹੀਂ ਨਿਕਲੀ। 'ਬਿਮਾਰ ਹੋਣੀ ਐ?' ਉਹ ਸਮਝਦਾ। ਬੀਮਾਰ ਹੋਵੇ ਤਾਂ ਕੋਈ ਡਾਕਟਰ ਘਰ ਆਉਂਦਾ ਜਾਂਦਾ ਹੋਵੇ ਜਾਂ ਉਹ ਆਪ ਕਦੇ ਡਾਕਟਰ ਦੇ ਜਾਂਦੀ ਦੇਖੀ ਹੋਵੇ। ਉਸ ਨੂੰ ਕੁਝ ਥਹੁ ਨਾ ਲਗਦਾ। ਪੰਦਰਾਂ ਦਿਨਾਂ ਬਾਅਦ ਸੁਰਿੰਦਰ ਨੇ ਉਸ ਨੂੰ ਦੇਖਿਆ। ਉਹ ਆਪਣੇ ਘਰ ਮੂਹਰੇ ਖੜ੍ਹੀ ਸਿਰ ਦੇ ਵਾਲ ਸੁਕਾਅ ਰਹੀ ਸੀ। ਉਹਦਾ ਚਿਹਰਾ ਉਤਰਿਆ ਹੋਇਆ ਸੀ। ਉਹ ਉਸ ਵੱਲ ਝਾਕੀ ਤਾਂ ਓਵੇਂ ਜਿਵੇਂ ਸ਼ਰਾਰਤ ਭਰੀਆਂ ਅੱਖਾਂ ਨਾਲ ਮੁਸਕਰਾਈ।

ਚਿੱਟੀ ਸਾੜੀ ਵਾਲੀ ਤੀਵੀਂ ਨੇ ਉਸ ਨੂੰ ਇਹ ਗੱਲ ਦੱਸ ਕੇ ਪੈਰਾਂ ਥੱਲਿਓਂ ਮਿੱਟੀ ਕੱਢ ਦਿੱਤੀ ਕਿ ਕਾਲਜ ਵਿਚ ਪੜ੍ਹਦੀ, ਉਸ ਕੁੜੀ ਦੀ ਜਾਨ ਮਸਾਂ ਬਚੀ ਹੈ। 'ਜੂੰ ਜਿੰਨੀ ਕੁੜੀ ਐ। ਪਤਾ ਨੀ ਕਿੱਥੋਂ ਖੱਟ ਲਿਆਈ ਚੰਦਰੀ।'

ਸੁਰਿੰਦਰ ਥਾਂ ਦੀ ਥਾਂ ਸੁੰਨ ਹੋ ਗਿਆ। ਓਹ ਜਿਸ ਕੁੜੀ ਨੂੰ ਐਨੀ ਛੋਟੀ ਸਮਝਦਾ ਸੀ, ਉਸ ਨੇ ਤਾਂ ਬਿਲਕੁਲ ਹੀ ਹੱਦ ਕਰ ਦਿੱਤੀ। ਉਹ ਸੋਚਦਾ ਕਿ ਉਸ ਨੂੰ ਮੰਦ ਭਾਵਨਾ ਨਾਲ ਖਿਆਲ ਕਰਨਾ ਵੀ ਮੈਂ ਤਾਂ ਪਾਪ ਤੇ ਅਨਰਥ ਸਮਝਦਾ ਸੀ ਤੇ ਇਹ ਕੀ ਹੋ ਗਿਆ। ਮੈਂ ਤਾਂ ਐਵੇਂ ਹੀ ਸੁੱਚਾ ਬਣਿਆ ਰਿਹਾ। ਉਸ ਨੂੰ ਉਸ ਕੁੜੀ ਨਾਲ ਨਫ਼ਰਤ ਹੋ ਗਈ।

ਹੁਣ ਨਾ ਉਹ ਉਸ ਕੁੜੀ ਵੱਲ ਕਦੇ ਝਾਕਦਾ ਸੀ ਤੇ ਨਾ ਆਪਣੀ ਬੈਠਕ ਦਾ ਬਾਰ ਖੁੱਲ੍ਹਾ ਰੱਖਦਾ ਸੀ। ਉਸ ਕੁੜੀ ਦੀ ਮੜ੍ਹਕ ਵੀ ਢੈਲੀ ਹੋ ਗਈ ਸੀ। ਨਾ ਕਦੀ ਉਹ ਉਸ ਦੀ ਬੈਠਕ ਮੂਹਰੇ ਦੀ ਖੰਘ ਕੇ ਲੰਘਦੀ, ਨਾ ਕੋਈ ਰੋੜੀ ਮਾਰਦੀ ਤੇ ਨਾ ਹੀ ਕੋਈ ਹੋਰ ਛੇੜ ਛਾੜ ਕਰਦੀ ਸੀ। ਸੁਰਿੰਦਰ ਦੇ ਮਨ ਵਿਚ ਉਸ ਕੁੜੀ ਪ੍ਰਤੀ ਸਾਰੀ ਪਵਿੱਤਰਤਾ ਭੰਗ ਹੋ ਕੇ ਗਈ ਸੀ।

ਚਿੱਟੀ ਸਾੜ੍ਹੀ ਵਾਲੀ ਤੀਵੀਂ ਦਾ ਪ੍ਰੋਗਰਾਮ ਓਵੇਂ ਚੱਲ ਰਿਹਾ ਸੀ। ਨਰਸ ਕੁੜੀ, ਪਰ ਹੁਣ ਕਦੇ ਕਦੇ ਹੀ ਮਿਲਦੀ ਸੀ। ਦਸ ਕੁ ਦਿਨਾਂ ਤੋਂ ਤਾਂ ਉਹ ਬਿਲਕੁਲ ਹੀ ਨਹੀਂ ਮਿਲੀ। ਉਹੀ ਬੰਦਾ ਉਸ ਨੂੰ ਇੱਕ ਦਿਨ ਮਿਲਿਆ, ਜਿਹੜਾ ਉਸ ਦਾ ਪਾਸ ਬਣਵਾ ਕੇ ਲੈ ਗਿਆ ਸੀ। ਉਸ ਬੰਦੇ ਨੇ ਦੱਸਿਆ ਕਿ ਉਹ ਉਸੇ ਪਿੰਡ ਰਹਿਣ ਲੱਗ ਪਈ ਹੈ, ਜਿੱਥੇ ਉਹ ਨਿੱਤ ਜਾਇਆ ਕਰਦੀ ਸੀ। ਬੱਸ ਅੱਡੇ 'ਤੇ ਹੀ ਉਹ ਬੰਦਾ ਨਰਸ ਦੀਆਂ ਗੱਲਾਂ ਕਰਦਾ ਰਿਹਾ। ਉਹ ਬੰਦਾ ਸੁਰਿੰਦਰ ਨਾਲ ਪਲਾਂ ਵਿਚ ਹੀ ਖੁੱਲ੍ਹ ਗਿਆ ਸੀ। ਸੁਰਿੰਦਰ ਨੂੰ ਵੀ ਉਸ ਦੀਆਂ ਗੱਲਾਂ ਵਿਚ ਪੂਰੀ ਦਿਲਚਸਪੀ ਸੀ। ਉਹ ਬੰਦਾ ਆਪਣੇ ਮਨ ਦੀ ਭੜਾਸ ਕੱਢ ਰਿਹਾ ਸੀ ਤੇ ਭੜਾਸ ਕੱਢ ਕੇ ਜਿਵੇਂ ਕੋਈ ਆਰਾਮ ਮਹਿਸੂਸ ਕਰ ਰਿਹਾ ਹੋਵੇ।

ਆਖ਼ਰ ਮਲਵੀਂ ਜਿਹੀ ਜੀਭ ਨਾਲ ਉਸ ਨੇ ਵੀ ਦੱਸਿਆ ਕਿ ਉਹ ਉਸ ਨਰਸ ਨਾਲ ਇੱਕ ਧੱਕਾ ਕਰ ਬੈਠਾ ਤੇ ਉਸ ਤੋਂ ਬਾਅਦ ਵੀ ਉਹ ਉਸ ਦੀ ਨਾਰਾਜ਼ਗੀ ਨੂੰ ਕੁਚਲ ਦਿੰਦਾ ਰਿਹਾ ਸੀ। ਉਸ ਵਿਚਾਰੀ ਨੂੰ ਇੱਕ ਮਹੀਨੇ ਦੀ ਛੁੱਟੀ ਲੈਣੀ ਪਈ ਸੀ ਤਾਂ ਕਿਤੇ ਜਾ ਕੇ ਉਸ ਦੇ ਫੰਧ ਪਰਾਣ ਮੋਕਲੇ ਹੋਏ ਸਨ। ਉਹ ਬੰਦਾ ਹਾਬੜਿਆ ਹੋਇਆ ਗੱਲਾਂ ਕਰ ਰਿਹਾ ਸੀ ਕਿ ਹੁਣ ਕਦੇ ਚਾਰ ਮਹੀਨੇ ਹੋ ਗਏ, ਉਸ ਨਰਸ ਨੇ ਉਹਦੇ ਕੋਲ ਰਾਤ ਨਹੀਂ ਕੱਟੀ। ਜਦੋਂ ਕਦੇ ਹੁਣ ਮਿਲਦੀ ਹੈ, ਮੂੰਹ ਦੀ ਭਕਾਈ ਬਥੇਰਾ ਮਾਰ ਲੈਂਦੀ ਹੈ, ਪਰ ਅਸਲੀ ਗੱਲ 'ਤੇ ਨਹੀਂ ਆਉਂਦੀ।

ਓਦਣ ਆਥਣੇ ਜਦ ਸੁਰਿੰਦਰ ਆਪਣੀ ਬੈਠਕ ਵਿਚ ਆਇਆ ਤਾਂ ਉਹਦਾ ਸਰੀਰ ਸੁੰਨ ਮਿੱਟੀ ਬਣਿਆ ਹੋਇਆ ਸੀ, ਨਾ ਉਹ ਨ੍ਹਾਤਾ ਤੇ ਨਾ ਹੋਟਲ 'ਤੇ ਰੋਟੀ ਖਾਣ ਗਿਆ। ਸਟੋਵ 'ਤੇ ਥੋੜ੍ਹੀ ਜਿਹੀ ਚਾਹ ਬਣਾਈ ਤੇ ਪੀ ਕੇ ਮੰਜੀ 'ਤੇ ਢੇਰੀ ਹੋ ਗਿਆ।

ਨਾ ਉਸ ਨੂੰ ਨੀਂਦ ਆਉਂਦੀ ਸੀ ਤੇ ਨਾ ਹੀ ਉਸ ਦਾ ਜੀਅ ਕਰਦਾ ਸੀ ਕਿ ਉੱਠ ਕੇ ਬੈਠੇ ਤੇ ਕੋਈ ਗੱਲ ਸੋਚੇ, ਕਦੇ ਕਦੇ ਉਹਦੀ ਅੱਖ ਲੱਗ ਜਾਂਦੀ, ਪਰ ਛੇਤੀ ਹੀ ਭੜੱਕ ਦੇ ਕੇ ਖੁੱਲ੍ਹ ਜਾਂਦੀ। ਇਹੋ ਜਿਹੀ ਅਚਵੀ ਉਸ ਨੂੰ ਪਹਿਲਾਂ ਕਦੇ ਨਹੀਂ ਸੀ ਲੱਗੀ। ਉਸ ਨੂੰ ਲੱਗਦਾ ਸੀ ਕਿ ਅੱਜ ਸਾਰੀ ਰਾਤ ਨੀਂਦ ਨਹੀਂ ਆਵੇਗੀ। ਹੌਲੀ ਹੌਲੀ ਉਸ ਦੀ ਸੋਚ ਤੁਰ ਪਈ। ਤੀਵੀਂ ਦੇ ਮਨ ਦੀ ਕੀ ਬੁੱਝੀਏ? ਕਾਲਜ ਵਿਚ ਪੜ੍ਹਦੀ ਕੁੜੀ, ਜਿਸ ਨੂੰ ਉਹ ਅਜੇ

ਨਿਆਣੀ ਸਮਝਦਾ ਸੀ ਤੇ ਉਸ ਨੂੰ ਕੁਝ ਕਹਿਣਾ ਪਾਪ ਸਮਝਦਾ ਸੀ, ਕਿਸ ਤਰ੍ਹਾਂ ਦੀ ਨਿਕਲੀ। ਉਹ ਨਰਸ ਕੁੜੀ ਏਸੇ ਕਰਕੇ ਤਾਂ ਉਹਦੇ ਨਾਲ ਕਿਸੇ ਇਮਤਿਹਾਨ ਵਿਚ ਪੈਣਾ ਨਹੀਂ ਚਾਹੁੰਦੀ ਕਿ ਉਸ ਨੂੰ ਪਹਿਲਾਂ ਹੱਥ ਲੱਗ ਚੁੱਕੇ ਸਨ। ਗੱਲਾਂ ਕਰਕੇ ਤੇ ਅੰਗਾਂ ਦੇ ਦੱਬਣ ਘੁੱਟਣ ਵਿਚੋਂ ਹੀ ਉਹ ਸਾਰੇ ਸੁਆਦ ਪੂਰੇ ਕਰ ਲੈਂਦੀ ਸੀ। ਉਹ ਉਸ ਨੂੰ ਕਿੰਨੀ ਚੰਗੀ ਸਮਝਦਾ ਸੀ। ਕਿਸੇ ਇਮਤਿਹਾਨ ਵਿਚ ਨਾ ਪੈਣ ਵਾਲੀ, ਉਸ ਦੀ ਗੱਲ ਦਾ ਉਹ ਸਿੱਕਾ ਮੰਨਦਾ ਸੀ, ਉਸ ਦੀ ਕਦਰ ਕਰਦਾ ਸੀ। ਸੋਚਦਾ ਸੀ ਕਿ ਉਹ ਕਿੱਡੀ ਪਤੀਵਰਤਾ ਇਸਤਰੀ ਬਣੇਗੀ ਤੇ ਇਸਤਰੀ ਧਰਮ ਵਿਚ ਕਿੰਨੀ ਪੱਕੀ ਸਾਬਤ ਹੋਵੇਗੀ। ਪਰ ਅੱਜ ਅੱਡੇ ’ਤੇ ਮਿਲੇ ਉਸ ਬੰਦੇ ਦੀਆਂ ਗੱਲਾਂ ਸੁਣ ਕੇ ਉਸ ਦੇ ਦਿਮਾਗ਼ ਵਿਚੋਂ ਸਭ ਕੁਝ ਧੋਤਾ ਗਿਆ ਸੀ।

ਉਸ ਨੇ ਇੱਕ ਘੰਟਾ ਅੱਖ ਲਾਈ ਹੋਵੇਗੀ ਕਿ ਉਸ ਦੀ ਬੈਠਕ ਦੇ ਤਖ਼ਤੇ ਖੜਕੇ। ਸਮਝਿਆ ਕਿ ਚਿੱਟੀ ਸਾੜ੍ਹੀ ਵਾਲੀ ਤੀਵੀਂ ਆ ਗਈ ਹੈ। ਉਹ ਢਿੱਲਾ ਢਿੱਲਾ ਉੱਠਿਆ ਤੇ ਬਾਰ ਖੋਲ੍ਹਕੇ ਦੇਖਿਆ, ਕੋਈ ਵੀ ਨਹੀਂ ਸੀ। ਉਸ ਨੇ ਬਾਹਰ ਨਿਕਲ ਕੇ ਦੇਖਿਆ, ਸੁੰਨ ਸਰਾਂ ਪਈ ਸੀ। ਬਾਹਰ ਕੋਈ ਵੀ ਨਹੀਂ ਸੀ। ਬੈਂਕ ਵਾਲੇ ਬਾਬੂ ਦੀ ਬੈਠਕ ਵਿਚ ਬਿਜਲੀ ਜਗ ਰਹੀ ਸੀ। ਉਹ ਦੱਬੇ ਪੈਰੀਂ ਓਧਰ ਨੂੰ ਤੁਰ ਪਿਆ। ਬਾਰੀ ਦੀਆਂ ਸੀਖ਼ਾਂ ਨੂੰ ਹੱਥ ਪਾ ਕੇ ਉਸ ਨੇ ਉਤਾਂਹ ਚੜ੍ਹਕੇ ਸ਼ੀਸ਼ਿਆਂ ਵਿਚ ਦੀ ਦੇਖਿਆ, ਖੋਦੀ ਦਾੜ੍ਹੀ ਤੇ ਚੁੰਨ੍ਹੀਆਂ ਅੱਖਾਂ ਵਾਲਾ ਪਹਿਲਵਾਨ ਡਰਾਈਵਰ ਬੈਠਕ ਵਿਚ ਖੜ੍ਹਾ ਆਪਣੇ ਬੂਟਾਂ ਦੇ ਫ਼ੀਤੇ ਖੋਲ੍ਹ ਰਿਹਾ ਸੀ ਤੇ ਤੀਵੀਂ ਬਾਰ ਦੀ ਚਿਟਕਣੀ ਲਾ ਰਹੀ ਸੀ। ਸੁਰਿੰਦਰ ਦੇ ਸਾਹ ਸੂਤੇ ਗਏ। ਉਹ ਉਨ੍ਹੀਂ ਪੈਰੀਂ ਆਪਣੀ ਬੈਠਕ ਵਿਚ ਮੰਜੀ ’ਤੇ ਆ ਡਿੱਗਿਆ ਤੇ ਉੱਤੋਂ ਖੇਸ ਲੈ ਕੇ ਅੱਖਾਂ ਮੀਚ ਲਈਆਂ। ਨੀਂਦ ਬਿਲਕੁੱਲ ਨਾ ਆਈ ਤੇ ਘੰਟਾ ਭਰ ਅੱਖਾਂ ਮੀਚ ਕੇ ਉਹ ਉੱਠ ਖੜੋਤਾ। ਟੂਟੀ ਦਾ ਪਾਣੀ ਆ ਗਿਆ ਸੀ। ਉਸ ਨੇ ਕੱਪੜੇ ਲਾਹੇ ਤੇ ਖ਼ਾਸਾ ਚਿਰ ਮਲ ਮਲ ਕੇ ਨ੍ਹਾਉਂਦਾ ਰਿਹਾ। ਨਾਲ ਦੀ ਨਾਲ ਉਸ ਦੇ ਦਿਮਾਗ਼ ਵਿਚ ਅਨੇਕਾਂ ਪ੍ਰਕਾਰ ਦੇ ਤੂਫ਼ਾਨ ਦੌੜਦੇ ਰਹੇ। ਉਸ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਨੇ ਆਪਣੇ ਸਾਰੇ ਪਿੰਡੇ ਦੀ ਮੈਲ ਉਤਾਰ ਦਿੱਤੀ ਹੈ। ਅੰਗ ਅੰਗ ਨਿਖ਼ੇਰ ਲਿਆ ਹੈ।

ਸੂਰਜ ਚੜ੍ਹੇ ਤੋਂ ਉਹ ਤਿਆਰ ਹੋ ਕੇ ਅੱਡੇ ਵੱਲ ਨੂੰ ਜਾਣ ਲੱਗਿਆ, ਪਰ ਚਿੱਟੀ ਸਾੜ੍ਹੀ ਵਾਲੀ ਤੀਵੀਂ ਦੇ ਘਰ ਵੱਲ ਉਸ ਦਾ ਮੂੰਹ ਹੋ ਗਿਆ। ਤੀਵੀਂ ਇੱਕ ਤੌਲੀਏ ਨੂੰ ਥਾਪੀ ਨਾਲ ਕੁੱਟ ਕੁੱਟ ਧੋ ਰਹੀ ਸੀ। ਸੁਰਿੰਦਰ ਨੂੰ ਜਦ ਉਸ ਨੇ ਦੇਖਿਆ ਤਾਂ ਮੁਸਕਰਾਈ ਤੇ ਉਸ ਨੂੰ ਕੁਰਸੀ ’ਤੇ ਬੈਠ ਜਾਣ ਲਈ ਆਖਿਆ। ਸੁਰਿੰਦਰ ਦਾ ਮੂੰਹ ਬੁਝਿਆ ਹੋਇਆ ਸੀ। ਉਸ ਨੇ ਪੁੱਛਿਆ, ‘ਬਾਊ ਜੀ, ਕਿੱਥੇ ਨੇ? ਪੁੱਛਣਾ ਸੀ ਬੈਂਕ ’ਚ ਅੱਜ ਛੁੱਟੀ ਤਾਂ ਨੀ? ਹੋਰ ਦਫ਼ਤਰ ਤਾਂ ਬੰਦ ਨੇ।’ ਉਹ ਤੀਵੀਂ ਨੇ ਦੱਸਿਆ ਕਿ ਉਹ ਤਾਂ ਚਾਰ ਦਿਨ ਹੋ ਗਏ–ਪਟਿਆਲੇ ਗਏ ਹੋਏ ਨੇ। ਸੁਰਿੰਦਰ ਸਭ ਕੁਝ ਸਮਝ ਗਿਆ ਤੇ ਬਿਨਾਂ ਹੋਰ ਕੁਝ ਬੋਲੇ ਅੱਡੇ ਨੂੰ ਤੁਰ ਪਿਆ। ਚਿੱਟੀ ਸਾੜ੍ਹੀ ਵਾਲੀ ਤੀਵੀਂ ਨੇ ਉਸ ਨੂੰ ਚਾਹ ਵੀ ਪੁੱਛੀ ਸੀ, ਪਰ ਉਹ ਬੋਲਿਆ ਨਹੀਂ ਸੀ।

ਉਸ ਦਿਨ ਉਹ ਅੱਡੇ ਤੋਂ ਛੁੱਟੀ ਲੈ ਕੇ ਸਿੱਧਾ ਆਪਣੇ ਘਰ ਪਿੰਡ ਨੂੰ ਆ ਗਿਆ ਤੇ ਚਾਰ ਦਿਨ ਪਿੰਡ ਹੀ ਰਿਹਾ। ਚਾਰੇ ਦਿਨ ਉਹ ਸੋਚਦਾ ਰਿਹਾ ਕਿ ਜ਼ਿੰਦਗੀ ਨੂੰ ਦੁਬਾਰਾ

ਹੁਣ ਉਹ ਕਿੱਥੋਂ ਸ਼ੁਰੂ ਕਰੇ? ਚਿੱਟੀ ਸਾੜ੍ਹੀ ਵਾਲੀ ਤੀਵੀਂ, ਨਰਸ ਕੁੜੀ ਤੇ ਕਾਲਜ ਵਿਚ ਪੜ੍ਹਦੀ ਕੁੜੀ; ਜਦ ਉਸਦੇ ਦਿਲ ਅੰਦਰ ਆ ਉਤਰਦੀਆਂ ਤਾਂ ਉਸ ਨੂੰ ਆਪਣੇ ਅਦਰੋਂ ਪਲੇ ਗੰਢੇ ਵਰਗੀ ਹਉਂਕ ਮਾਰਦੀ।

ਪਿੰਡੋਂ ਆ ਕੇ ਓਦਣ ਹੀ ਆਥਣ ਨੂੰ ਉਸ ਨੇ ਉਸ ਬੈਠਕ ਵਿਚੋਂ ਆਪਣਾ ਲਟਾਪਟਾ ਚੁੱਕ ਕੇ ਦੂਰ ਇੱਕ ਨਵੇਂ ਮਕਾਨ ਵਿਚ ਜਾ ਧਰਿਆ। ♦

# ਸਮਝ ਨਹੀਂ

ਅੱਜ ਗਿਆਰਾਂ ਅਕਤੂਬਰ ਹੈ, ਮੈਂ ਛੇ ਵਜੇ ਹੀ ਬਿਸਤਰੇ 'ਚੋਂ ਉੱਠ ਬੈਠਾ ਹਾਂ। ਮੇਰੀ ਬੀਵੀ ਪਤਾ ਨਹੀਂ ਕਦੋਂ ਮੇਰੇ ਕੋਲੋਂ ਉੱਠ ਕੇ ਰਸੋਈ ਵਿਚ ਚਲੀ ਗਈ ਹੈ। ਰਸੋਈ ਵਿਚੋਂ ਬਰਤਨ ਖੜਕਣ ਦੀ ਆਵਾਜ਼ ਆ ਰਹੀ ਹੈ, ਬੀਵੀ ਚਾਹ ਬਣਾ ਰਹੀ ਹੋਵੇਗੀ। ਚਾਹ ਬਣਾਏਗੀ, ਚੁੱਲ੍ਹੇ 'ਤੇ ਪਾਣੀ ਤੱਤਾ ਹੋਣਾ ਰੱਖ ਕੇ ਪਹਿਲਾਂ ਆਪ ਚਾਹ ਪੀਵੇਗੀ ਤੇ ਫਿਰ ਹੋਰ ਨਿੱਕੇ ਮੋਟੇ ਕੰਮ ਮੁਕਾ ਕੇ ਸੱਤ ਵਜੇ ਦੇ ਕਰੀਬ ਮੈਨੂੰ ਜਗਾਵੇਗੀ। ਮੇਰੇ ਮੰਜੇ ਕੋਲ ਪਏ ਛੋਟੇ ਮੇਜ਼ 'ਤੇ ਚਾਹ ਦੀ ਗੜਵੀ ਰੱਖ ਦੇਵੇਗੀ ਤੇ ਇੱਕ ਖ਼ਾਲੀ ਕੱਚ ਦਾ ਗਲਾਸ। ਮੈਂ ਚਾਹ ਪੀਣੀ ਸ਼ੁਰੂ ਕਰਾਂਗਾ ਤੇ ਨਾਲ ਦੀ ਨਾਲ ਬੀਵੀ ਨੂੰ ਹਾਕ ਮਾਰਾਂਗਾ–'ਅਖ਼ਬਾਰ, ਦੇਖੀਂ ਤਾਂ ਸੁੱਟ ਗਿਆ?' ਜਵਾਬ ਵਿਚ ਉਹ ਡਿਉਢੀ 'ਤੇ ਜਾਏਗੀ ਤੇ ਮੁੱਦਤਾਂ ਪੁਰਾਣੇ ਤਖ਼ਤਿਆਂ ਦੇ ਥੱਲੇ ਦੀ ਵਗਾਹ ਮਾਰਿਆ ਅਖ਼ਬਾਰ ਚੁੱਕ ਕੇ ਮੇਰੇ ਮੰਜੇ 'ਤੇ ਸੁੱਟ ਜਾਏਗੀ। ਹੌਲੀ ਹੌਲੀ ਚਾਹ ਦੀਆਂ ਚੁਸਕੀਆਂ ਲਵਾਂਗਾ ਤੇ ਮੋਟੀਆਂ ਮੋਟੀਆਂ ਸੁਰਖ਼ੀਆਂ ਪੜ੍ਹਨ ਲੱਗਾਂਗਾ।

ਪਰ ਅੱਜ ਤਾਂ ਸਭ ਕੁਝ ਇਸ ਦੇ ਉਲਟ ਹੈ। ਮੈਂ ਤਾਂ ਉੱਠ ਵੀ ਬੈਠਾ ਹਾਂ। ਚਾਹ ਤਾਂ ਅਜੇ ਬਣੀ ਵੀ ਨਹੀਂ। ਬੀਵੀ ਚੁੱਲ੍ਹੇ ਵਿਚ ਅੱਗ ਮਚਾਉਣ ਲਈ ਕਾਗ਼ਜ਼ ਦਾ ਕੋਈ ਟੁਕੜਾ ਲੈਣ ਕਮਰੇ ਵਿਚ ਆਈ ਹੈ ਤੇ ਮੈਨੂੰ ਉੱਠਿਆ ਬੈਠਾ ਦੇਖਕੇ ਹੈਰਾਨ ਹੋਈ ਹੈ।

ਚਾਹ ਬਣ 'ਗੀ? ਮੈਂ ਪੁੱਛਿਆ ਹੈ। ਉਹ ਮੁਸਕਰਾਈ ਹੈ ਤੇ ਕਿਹਾ ਹੈ–'ਕਿਉਂ?'

'ਛੇਤੀ ਕਰ।' ਮੈਂ ਉਬਾਸੀ ਲੈ ਕੇ ਅਗਵਾੜੀ ਭੰਨੀ ਹੈ।

ਅਜੇ ਤਾਂ...'

'ਚਾਹ ਬਣਾ ਦੇ ਫਟਾ ਫਟ। ਠੰਡੇ ਪਾਣੀ ਨਾਲ ਈ ਨ੍ਹਾ ਲੈਨਾ ਅੱਜ ਤਾਂ ਮੈਂ। ਪਟਿਆਲੇ ਜਾਣੈ। ਪੌਣਾ ਘੰਟਾ ਈ ਰਹਿ ਗਿਆ ਗੱਡੀ ਆਉਣ 'ਚ।'

'ਪਟਿਆਲੇ?'

'ਹਾਂ ਪਟਿਆਲੇ'

'ਰਾਤ ਤਾਂ ਗੱਲ ਨੀ ਕੀਤੀ ਤੁਸੀਂ?' ਉਹ ਹੈਰਾਨ ਹੋਈ ਮੇਰੇ ਸਾਹਮਣੇ ਖੜ੍ਹੀ ਹੈ।

'ਰਾਤ, ਯਾਦ ਨੀ ਰਿਹਾ ਦੱਸਣਾ। ਜ਼ਰੂਰੀ ਕੰਮ ਜਾਣੈ, ਯੂਨੀਵਰਸਿਟੀ 'ਚ ਕੰਮ ਐ।'

'ਤਾਂ ਫੇਰ ਪੰਜ ਵਜੇ ਅਲਾਰਮ ਲਾ ਲੈਣਾ ਸੀ।'

'ਚੱਲ ਹੁਣ ਕੀ ਹੋਇਐ। ਤੂੰ ਚਾਹ ਬਣਾ ਛੇਤੀ ਦੇ ਕੇ। ਮੈਂ ਪਹਿਲਾਂ ਨ੍ਹਾ ਈ ਲੈਨਾਂ।'

'ਅੱਜ ਜ਼ਰੂਰੀ ਐ? ਕੱਲ੍ਹ ਨੂੰ ਚਲੇ ਜਾਇਓ। ਤਵੇ 'ਤੇ ਅੱਗ ਮਚਾ ਦਿੰਨੇ ਓਂ ਤੁਸੀਂ ਤਾਂ?'

'ਕੀ ਆਖਿਐ ਮੈਂ ਤੈਨੂੰ...' ਮੈਂ ਕੜਕ ਕੇ ਬੋਲਿਆ ਹਾਂ। ਬੀਵੀ ਦੇ ਮੰਜੇ 'ਤੇ ਖੇਸ ਵਿਚ ਲਿਪਟੀ ਪਈ ਬੇਬੀ ਜਾਗ ਪਈ ਹੈ। ਉੱਭੜਵਾਹੇ ਉੱਠ ਬੈਠੀ ਹੈ। ਅੱਖਾਂ ਮਲ ਰਹੀ ਹੈ ਤੇ ਰੋ ਰਹੀ ਹੈ। ਬੀਵੀ ਉਸ ਨੂੰ ਦੁਬਾਰਾ ਮੰਜੇ 'ਤੇ ਪਾਉਂਦੀ ਹੈ ਤੇ ਉਸ ਦੀ ਪਿੱਠ ਥਾਪੜਦੀ ਹੈ। ਬੇਬੀ ਰੋ ਰਹੀ ਹੈ। 'ਆ ਬਾਬਾ, ਲਹੂ ਪੀ ਲਿਆ ਤੈਂ ਵੀ। ਨਾਲ ਈ ਉੱਠ ਖੜ੍ਹਦੀ ਐਂ। ਹੁਣੇ ਜਾਗ ਕੇ ਦੱਸ ਕੀ ਕਰਨਾ ਸੀ ਤੂੰ?' ਬੇਬੀ ਨੂੰ ਗੋਦੀ ਚੁੱਕ ਕੇ ਉਹ ਰਸੋਈ ਵਿਚ ਹੀ ਲੈ ਆਈ ਹੈ।

ਟੂਟੀ ਦਾ ਪਾਣੀ ਛੱਡ ਕੇ ਮੈਂ ਬਾਲਟੀ ਭਰੀ ਹੈ। ਕੱਪੜੇ ਉਤਾਰੇ ਹਨ ਤੇ ਨਹਾਉਣ ਲੱਗ ਪਿਆ ਹਾਂ। ਠੰਡਾ ਠੰਡਾ ਪਾਣੀ ਪਿੰਡੇ ਨੂੰ ਧੁੜਧੁੜੀ ਛੇੜ ਗਿਆ ਹੈ। ਇੱਕ ਤਰ੍ਹਾਂ ਨਾਲ ਸੁਆਦ ਜਿਹਾ ਵੀ ਆ ਰਿਹਾ ਹੈ।

ਮਈ, ਜੂਨ, ਜੁਲਾਈ ਅਤੇ ਅਗਸਤ ਦੇ ਮਹੀਨੇ ਛੱਡ ਕੇ ਹਮੇਸ਼ਾ ਹੀ ਮੈਂ ਗਰਮ ਪਾਣੀ ਨਾਲ ਨਹਾਉਂਦਾ ਹਾਂ। ਬੱਸ ਇੱਕ ਆਦਤ ਜਿਹੀ ਹੈ। ਇਹ ਆਦਤ ਪਰ ਆਪਣੇ ਘਰ ਵਿਚ ਹੀ ਹੈ। ਬਿਗਾਨੇ ਥਾਂ ਜਾ ਕੇ ਤਾਂ ਠੰਡਾ ਹੀ ਵਰਤੀਦਾ ਹੈ। ਭਾਵੇਂ ਦਸੰਬਰ-ਜਨਵਰੀ ਹੋਵੇ, ਬਿਗਾਨੇ ਥਾਂ ਕੌਣ ਦਿੰਦਾ ਹੈ, ਤੱਤਾ ਕਰਕੇ ਜਲੂਆ। ਕੋਈ ਖ਼ਾਸ ਥਾਂ ਹੋਵੇ, ਫਿਰ ਤਾਂ ਕਹਿ ਕੇ ਵੀ ਕਰਵਾ ਲਈਦਾ ਹੈ।

ਸਾਬਣ ਲਾਉਣ ਤੋਂ ਬਾਅਦ ਮੈਂ ਆਪਣੇ ਅੰਗਾਂ ਨੂੰ ਮਲ ਮਲ ਕੇ ਧੋ ਰਿਹਾ ਹਾਂ। ਡੌਲਿਆਂ ਦੀਆਂ ਕੁੱਕੜੀਆਂ ਤੇ ਪੱਟਾਂ ਦੀਆਂ ਘੁੱਗੀਆਂ 'ਤੇ ਰਗੜਵਾਂ ਹੱਥ ਫੇਰ ਕੇ ਮੈਨੂੰ ਕੋਈ ਮਿੱਠਾ ਜਿਹਾ ਅਹਿਸਾਸ ਹੁੰਦਾ ਹੈ। ਆਪਣੇ ਸਰੀਰ ਵਿਚੋਂ ਹੀ ਮੈਨੂੰ ਮਹਿਕ ਆਉਂਦੀ ਹੈ। ਮੈਂ ਆਪਣੇ ਪੱਟਾਂ, ਡੌਲਿਆਂ ਤੇ ਗਰਦਨ ਨਾਲ ਗੱਲਾਂ ਕਰਦਾ ਹਾਂ। ਵਿੰਦੂ ਆਖਿਆ ਕਰਦੀ ਸੀ-'ਕੱਪੜੇ ਪਾਇਆਂ ਤੋਂ ਪਤਾ ਜਾ ਨ੍ਹੀ ਲਗਦਾ, ਅੰਦਰੋਂ ਥੋਡਾ ਸਰੀਰ ਖਿੱਦੋ ਵਾਂਗੂੰ ਮੜ੍ਹਿਆ ਪਿਐ।' ਗਰਦਨ 'ਤੇ ਹੱਥ ਫੇਰਦਿਆਂ ਮੈਨੂੰ ਯਾਦ ਆਉਂਦਾ ਹੈ, ਇੱਕ ਵਾਰੀ ਉਸ ਨੇ ਮੈਨੂੰ ਗਰਦਨ ਤੋਂ ਚੁੰਮਿਆ ਸੀ। ਮੈਨੂੰ ਮਹਿਸੂਸ ਹੁੰਦਾ ਹੈ, ਮੇਰੀ ਗਰਦਨ 'ਤੇ ਬੁੱਲ੍ਹ ਉੱਗ ਆਏ ਹਨ।

ਆਦਮ ਕੱਦ ਸ਼ੀਸ਼ੇ ਅੱਗੇ ਦਾੜ੍ਹੀ ਬੰਨ੍ਹ ਰਿਹਾ ਮੈਂ ਆਪਣੀਆਂ ਅੱਖਾਂ ਵਿਚੋਂ ਕੁੱਝ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਅੱਖਾਂ ਤੋਂ ਕੁਝ ਪੁੱਛਣਾ ਚਾਹੁੰਦਾ ਹਾਂ। ਆਪਣੀਆਂ ਅੱਖਾਂ ਹੀ ਮੈਨੂੰ ਓਪਰੀਆਂ ਓਪਰੀਆਂ ਲੱਗ ਰਹੀਆਂ ਹਨ। ਆਪਣੀਆਂ ਅੱਖਾਂ 'ਤੇ ਜਿਵੇਂ ਮੈਨੂੰ ਵਿਸ਼ਵਾਸ ਨਹੀਂ ਰਿਹਾ ਹੈ। ਮੈਨੂੰ ਆਪਣਾ ਚਿਹਰਾ ਉਦਾਸ ਜਾਪਦਾ ਹੈ। ਸੋਚਦਾ ਹਾਂ, ਖੁਸ਼ੀ ਹੋਣੀ ਚਾਹੀਦੀ ਹੈ, ਉਦਾਸੀ ਕਿਉਂ? ਮੈਂ ਆਪਣੇ ਚਿਹਰੇ 'ਤੇ ਮੁਸ਼ਕਰਾਹਟ ਦਾ ਲੇਪ ਕਰਨਾ ਚਾਹੁੰਦਾ ਹਾਂ। ਠਾਠੀ ਬੰਨ੍ਹ ਰਿਹਾ ਗੁਣ ਗੁਣਾ ਰਿਹਾ ਹਾਂ...'ਯੀਏ ਜੋ ਮੁਹੱਬਤ ਹੈ, ਬੱਸ ਉਨਕਾ ਹੈ ਉਨਕਾ ਹੈ ਕਾਮ...'

ਚਾਹ ਲਿਆ ਕੇ ਬੀਵੀ ਨੇ ਮੇਜ਼ 'ਤੇ ਰੱਖੀ ਹੈ। ਪੈਂਟ ਬੁਸ਼ਰਟ ਪਾ ਲਿਆ ਹੈ। 'ਜਾਲੀ 'ਚੋਂ ਬਰੈੱਡ ਦੇ ਪੀਸ ਰੱਖੀਂ, ਦੋ। ਜਾਮ ਵੀ ਦੇਈਂ।' ਮੈਂ ਬੀਵੀ ਨੂੰ ਕਿਹਾ ਹੈ। ਬਹੁਤ ਕਾਹਲ ਵਿਚ ਹਾਂ। ਪੌਣੇ ਸੱਤ ਹੋ ਗਏ ਹਨ। ਸੱਤ ਵਜੇ ਗੱਡੀ ਆ ਜਾਂਦੀ ਹੈ। ਸਟੇਸ਼ਨ ਦੇ ਕੋਲ ਹੀ

ਘਰ ਹੈ। ਠਾਠੀ ਖੋਲ੍ਹ ਕੇ ਸਿਰ ’ਤੇ ਪੱਗ ਧਰਦਾ ਹਾਂ ਤੇ ਬਹੁਤ ਤੇਜ਼ੀ ਨਾਲ ਚਾਹ ਪੀ ਕੇ ਇੱਕ ਵਾਰ ਫੇਰ ਸ਼ੀਸ਼ੇ ਅੱਗੇ ਖੜ੍ਹ ਜਾਂਦਾ ਹਾਂ। ਸੱਤ ਵੱਜਣ ਵਿਚ ਪੰਜ ਮਿੰਟ ਰਹਿੰਦੇ ਹਨ। ਰੁਪਿਆਂ ਵੱਲ ਨਜ਼ਰ ਸੁੱਟ ਕੇ ਪਰਸ ਨੂੰ ਪੈਂਟ ਦੀ ਹਿੱਪ ਪਾਕਟ ਵਿਚ ਪਾਉਂਦਾ ਹਾਂ, ਬੁਸ਼ਰਟ ਦੀ ਜੇਬ੍ਹ ਵਿਚ ਪੈੱਨ ਟੰਗਦਾ ਹਾਂ ਤੇ ਅੱਧੀ ਪੂਣੀ ਕੀਤੀ ਠਾਠੀ ਨੂੰ ਮੇਜ਼ ’ਤੇ ਸੁੱਟ ਕੇ ਘਰੋਂ ਨਿਕਲ ਤੁਰਦਾ ਹਾਂ।

ਸਟੇਟ ਕਾਲਜ ਵਿਚ ਵਿੰਦੂ ਨੇ ਮੇਰੇ ਨਾਲ ਬੀ. ਐੱਡ. ਕੀਤੀ ਸੀ। ਅਗਲੇ ਸਾਲ ਮੈਂ ਇੱਕ ਪ੍ਰਾਈਵੇਟ ਸਕੂਲ ਵਿਚ ਪਟਿਆਲੇ ਹੀ ਟੀਚਰ ਲੱਗ ਗਿਆ ਸਾਂ। ਪੰਜ ਛੇ ਮਹੀਨਿਆਂ ਬਾਅਦ ਵਿੰਦੂ ਵੀ ਉਸੇ ਸਕੂਲ ਵਿਚ ਆ ਲੱਗੀ ਸੀ। ਕਾਲਜ ਦੀ ਸਾਂਝ ਨੇ ਸਕੂਲ ਦੇ ਭਰੱਪਣ ਵਿਚ ਬਹੁਤ ਮੱਦਦ ਕੀਤੀ। ਅਸੀਂ ਇੱਕ ਦੂਜੇ ਨੂੰ ਹੱਸ ਕੇ ਮਿਲਦੇ। ਮਿਲਦੇ ਤਾਂ ਕੋਈ ਅਪਣੱਤ ਜਿਹੀ ਮਨਾਂ ਅੰਦਰ ਖੇਡਣ ਲੱਗਦੀ। ਵਿੰਦੂ ਦਾ ਸੁਭਾਅ ਮੈਨੂੰ ਬੇਹੱਦ ਪਿਆਰਾ ਲੱਗਦਾ। ਓਦੋਂ ਮੇਰਾ ਵਿਆਹ ਨਹੀਂ ਸੀ ਹੋਇਆ। ਮੈਂ ਅਕਸਰ ਵਿੰਦੂ ਦੇ ਘਰ ਚਲਿਆ ਜਾਂਦਾ ਸਾਂ। ਪਰ ਉਹ ਕਦੇ ਵੀ ਮੇਰੇ ਕਮਰੇ ’ਤੇ ਨਹੀਂ ਸੀ ਆਈ। ਮੈਂ ਉਸ ਨੂੰ ਸੱਦਿਆ ਵੀ ਕਦੇ ਨਹੀਂ ਸੀ। ਵਿੰਦੂ ਉੱਥੇ ਆਪਣੇ ਮਾਮੇ ਦੇ ਘਰ ਰਹਿੰਦੀ ਸੀ। ਉਸ ਦਾ ਮਾਮਾ ਪੀ. ਡਬਲਿਊ. ਡੀ. ਦੇ ਦਫ਼ਤਰ ਵਿਚ ਹੈੱਡ ਕਲਰਕ ਸੀ। ਤੇ ਫਿਰ ਜਦ ਉਸ ਦਾ ਵਿਆਹ ਇੱਕ ਐੱਮ. ਏ. ਬੀ. ਟੀ. ਮੁੰਡੇ ਨਾਲ ਹੋ ਗਿਆ ਸੀ ਤਾਂ ਵੀ ਉਸ ਦੇ ਵਿਵਹਾਰ ਦਾ ਮੇਰੇ ਨਾਲ ਕੋਈ ਫ਼ਰਕ ਨਹੀਂ ਪਿਆ ਸੀ। ਮੁੰਡਾ ਉਹ ਪਟਿਆਲੇ ਦੇ ਨੇੜੇ ਹੀ ਕਿਸੇ ਮਿਡਲ ਸਕੂਲ ਦਾ ਹੈੱਡ ਮਾਸਟਰ ਸੀ। ਪਟਿਆਲੇ ਹੀ ਰਹਿੰਦਾ ਸੀ। ਇਕੱਲਾ। ਆਪਣਾ ਪਿੰਡ ਤਾਂ ਉਸ ਦਾ ਸਮਾਣੇ ਦੇ ਇਰਦ–ਗਿਰਦ ਕੋਈ ਸੀ।

ਵਿੰਦੂ ਤੇ ਉਸ ਦਾ ਹਸਬੈਂਡ ਕਿਰਪਾਲ ਸਿੰਘ ਦੋਵੇਂ ਹੀ ਮੇਰੇ ਕਮਰੇ ’ਤੇ ਆ ਜਾਇਆ ਕਰਦੇ ਸਨ। ਜਦ ਕਦੇ ਉਹ ਮੈਨੂੰ ਬੁਲਾਉਂਦੇ, ਮੈਂ ਵੀ ਉਨ੍ਹਾਂ ਦੇ ਘਰ ਜਾ ਆਉਂਦਾ ਸਾਂ। ਉਨ੍ਹਾਂ ਨੇ ਇੱਕ ਵੱਖਰਾ ਮਕਾਨ ਲਹਿਲ ਕਾਲੋਨੀ ਵਿਚ ਕਿਰਾਏ ’ਤੇ ਲੈ ਲਿਆ ਸੀ। ਵਿੰਦੂ ਦੇ ਘਰ ਵੀ ਮੈਂ ਜਾਂਦਾ ਸੀ ਤੇ ਵਿੰਦੂ ਦੇ ਮਾਮੇ ਦੇ ਘਰ ਵੀ। ਵਿੰਦੂ ਦੇ ਮਾਮੇ ਦੀਆਂ ਨਜ਼ਰਾਂ ਵਿਚ ਮੈਂ ਬਹੁਤ ਸਾਊ ਲੜਕਾ ਸਾਂ ਤੇ ਏਸੇ ਤਰ੍ਹਾਂ ਕਿਰਪਾਲ ਦੀਆਂ ਨਜ਼ਰਾਂ ਵਿਚ ਵੀ।

ਕਿਰਪਾਲ ਲੰਮਾ ਲੰਝਾ, ਸੋਹਣਾ ਤੇ ਤਕੜਾ ਨੌਜਵਾਨ ਸੀ। ਬਾਹਠ ਵਿਚ ਚੀਨ ਦੀ ਲੜਾਈ ਲੱਗੀ ਤੇ ਉਹ ਐਮਰਜੈਂਸੀ ਕਮਿਸ਼ਨ ਪ੍ਰਾਪਤ ਕਰ ਗਿਆ। ਵਿੰਦੂ ਉਸੇ ਤਰ੍ਹਾਂ ਮੇਰੇ ਨਾਲ ਸਕੂਲ ਵਿਚ ਨੌਕਰੀ ਕਰਦੀ ਰਹੀ। ਕਿਰਪਾਲ ਚਾਹੁੰਦਾ ਸੀ ਕਿ ਉਹ ਸਕੂਲ ਦੀ ਨੌਕਰੀ ਛੱਡ ਦੇਵੇ। ਵਿੰਦੂ ਕਹਿੰਦੀ ਸੀ, ਉਹ ਮਾਮੇ ’ਤੇ ਭਾਰ ਕਾਹਨੂੰ ਬਣੇ। ਵਿੰਦੂ ਤੇ ਮੈਂ ਸਗੋਂ ਸਲਾਹਾਂ ਕਰਦੇ ਹੁੰਦੇ ਕਿ ਜੇ ਬੋਰਡ ਪੋਸਟਾਂ ਕੱਢੇ ਤਾਂ ਅਪਲਾਈ ਕਰੀਏ। ਪ੍ਰਾਈਵੇਟ ਸਕੂਲ ਦੇ ਖੱਚਖਾਨੇ ’ਚੋਂ ਨਜਾਤ ਮਿਲੇ। ਤਨਖ਼ਾਹ ਵੀ ਪੂਰੀ ਨਹੀਂ ਦਿੰਦੇ ਬੇਈਮਾਨ।

ਕਿਰਪਾਲ ਸਾਲ ਵਿਚ ਇੱਕ ਦੋ ਵਾਰ ਹੀ ਛੁੱਟੀ ਆਉਂਦਾ ਸੀ। ਤਿੰਨ ਵਾਰੀ ਤਾਂ ਕਿਸੇ ਕਿਸੇ ਸਾਲ ਹੀ। ਵਿੰਦੂ ਬਣ ਠਣ ਕੇ ਪੂਰਾ ਰਹਿੰਦੀ, ਪਰ ਬੋਲਦੀ ਚੱਲਦੀ ਘੱਟ। ਗੁਆਚੀ ਜਿਹੀ ਰਹਿੰਦੀ, ਗੁੰਮ ਸੁੰਮ ਜਿਹੀ। ਸਕੂਲ ਵਿਚ ਉਹ ਮੇਰੇ ਨਾਲ ਗੱਲ ਕਰਦੀ

ਤਾਂ ਮੈਨੂੰ ਇਉਂ ਲੱਗਦਾ, ਜਿਵੇਂ ਉਸ ਦੇ ਸੰਘ ਵਿਚੋਂ ਮਸ੍ਹਾਂ ਹੀ ਆਵਾਜ਼ ਨਿਕਲਦੀ ਹੋਵੇ। ਉਸ ਦੀ ਜ਼ਬਾਨ ਥਿੜਕਦੀ ਜਿਹੀ ਲਗਦੀ।

ਲਹਿਲ ਵਾਲਾ ਮਕਾਨ ਤਾਂ ਉਸ ਨੇ ਕਦੋਂ ਦਾ ਛੱਡ ਦਿੱਤਾ ਸੀ। ਮਾਮੇ ਦੇ ਘਰ ਹੀ ਰਹਿੰਦੀ ਸੀ, ਮਾਡਲ ਟਾਊਨ ਵਿਚ। ਮੈਂ ਉਨ੍ਹਾਂ ਦੇ ਘਰ ਜਾਂਦਾ ਸੀ। ਉਸ ਦੇ ਮਾਮੇ ਨਾਲ, ਉਸ ਦੀ ਮਾਮੀ ਨਾਲ ਗੱਲਾਂ ਮਾਰ ਕੇ ਤੁਰ ਆਉਂਦਾ ਸੀ। ਵਿੰਦੂ ਸਧਾਰਨ ਜਿਹੀਆਂ ਗੱਲਾਂ ਕਰਦੀ। ਕਦੇ ਉਹ ਮੇਰੇ ਕਮਰੇ 'ਤੇ ਆ ਜਾਂਦੀ। ਰਾਘੋ ਮਾਜਰੇ ਵਿਚ ਮੇਰੇ ਕਮਰਾ ਸੀ। ਉਹ ਬਜ਼ਾਰ ਵਿਚ ਕੋਈ ਸ਼ਾਪਿੰਗ ਕਰਨ ਆਉਂਦੀ ਸੀ ਤਾਂ ਅਗਾਂਹ ਰਾਘੋ ਮਾਜਰੇ ਵਿਚ ਮੇਰਾ ਕਮਰੇ 'ਤੇ ਵੀ ਆ ਜਾਂਦੀ। ਮਹੀਨੇ ਵਿਚ ਬੱਸ ਇੱਕ ਅੱਧ ਵਾਰ ਹੀ। ਉਹ ਆਪ ਹੀ ਖਾਣ ਵਾਲੀਆਂ ਚੀਜ਼ਾਂ ਬਜ਼ਾਰੋਂ ਲੈ ਆਉਂਦੀ। ਕਮਰੇ ਵਿਚ ਸਟੋਵ ਜਲਾ ਕੇ ਆਪ ਹੀ ਚਾਹ ਬਣਾ ਲੈਂਦੀ ਤੇ ਫਿਰ ਖਾਣ ਦੀਆਂ ਚੀਜ਼ਾਂ ਲਿਫ਼ਾਫ਼ਿਆਂ ਵਿਚੋਂ ਕੱਢਕੇ ਪਲੇਟ ਵਿਚ ਮੇਜ਼ 'ਤੇ ਧਰ ਲੈਂਦੀ। ਮੈਨੂੰ ਚਾਹ ਪੀਣ ਲਈ ਕਹਿੰਦੀ।

ਮੇਰੇ ਮਨ ਵਿਚ ਉਸ ਦੀ ਬਹੁਤ ਇੱਜ਼ਤ ਸੀ। ਉਸ ਪ੍ਰਤੀ ਹੋਰ ਤਰ੍ਹਾਂ ਦਾ ਕੋਈ ਖਿਆਲ ਮੇਰੇ ਮਨ ਵਿਚ ਕਦੇ ਵੀ ਨਹੀਂ ਆਇਆ ਸੀ। ਉਹ ਵਿਆਹੀ ਹੋਈ ਸੀ। ਉਸ ਸਬੰਧੀ ਮੇਰਾ ਵਤੀਰਾ ਸਪਸ਼ਟ ਸੀ। ਮੇਰੇ ਵਿਆਹ ਦੀਆਂ ਉਹ ਗੱਲਾਂ ਕਰਿਆ ਕਰਦੀ। ਕਹਿੰਦੀ ਹੁੰਦੀ–'ਦਰਸ਼ਨ, ਏ–ਵਨ ਲੜਕੀ ਲੱਭ ਕੋਈ।

'ਇਹ ਕੰਮ ਮੈਂ ਤੇਰੇ 'ਤੇ ਛੱਡਦਾਂ, ਵਿੰਦੂ। ਮੈਨੂੰ ਕੁਛ ਸੁੱਝਦਾ ਨੀ।' ਮੈਂ ਆਖ ਦਿੰਦਾ।

ਐਤਵਾਰ ਦਾ ਦਿਨ ਸੀ। ਗਿਆਰਾਂ ਅਕਤੂਬਰ। ਸਿਰ ਦੇ ਵਾਲ ਧੋ ਕੇ ਮੈਂ ਸਵੇਰੇ ਦਸ ਕੁ ਵਜੇ ਕੋਸੀ ਕੋਸੀ ਧੁੱਪ ਵਿਚ ਬੈਠਾ ਸਾਂ। ਚਾਹ ਪੀ ਰਿਹਾ ਸਾਂ ਤੇ ਅਖ਼ਬਾਰ ਪੜ੍ਹ ਰਿਹਾ ਸਾਂ। ਉਹ ਆਈ ਸੀ ਤੇ ਖਹਿ ਕੇ ਮੇਰੇ ਨਾਲ ਮੰਜੇ 'ਤੇ ਬੈਠ ਗਈ ਸੀ। ਮੇਰਾ ਹੱਥ ਫੜ ਕੇ ਮੇਰੀ ਬਾਂਹ ਆਪਣੇ ਕਮਰ ਦੁਆਲੇ ਵਲਾ ਲਈ ਸੀ। ਮੈਂ ਠੰਡਾ ਠੰਡਾ ਰਿਹਾ ਸਾਂ। ਉਹ ਰੋਣ ਲੱਗ ਪਈ ਸੀ। ਆਖ਼ਰ ਗੱਲ ਤਾਂ ਦੱਸ, ਵਿੰਦੂ। ਕੀ ਹੋ ਗਿਆ ਅੱਜ ਤੈਨੂੰ?' ਮੈਂ ਹੈਰਾਨੀ ਨਾਲ ਪੁੱਛਿਆ ਸੀ। ਉਹ ਤਾਂ ਬੱਸ ਰੋ ਹੀ ਰਹੀ ਸੀ। ਉਸ ਨੇ ਮੈਨੂੰ ਆਪਣੀ ਵੱਖੀ ਨਾਲ ਲਾ ਕੇ ਪੋਲਾ ਜਿਹਾ ਘੁੱਟਿਆ ਸੀ। ਉਸ ਦਾ ਸਾਹ ਤੇਜ਼ ਤੇਜ਼ ਚੱਲ ਰਿਹਾ ਸੀ। ਪਿੰਡਾ ਭਖਿਆ ਹੋਇਆ। ਮੈਂ ਵੀ ਪੰਘਰ ਗਿਆ ਸਾਂ। ਤੇ ਫਿਰ ਮੈਂ ਉਸ ਨੂੰ ਚੁੰਮ ਲਿਆ ਸੀ। ਮੈਂ ਹੋਰ ਚਾਹ ਬਣਾਈ ਸੀ। ਅਸੀਂ ਚਾਹ ਪੀਂਦੇ ਰਹੇ ਸਾਂ ਤੇ ਉੱਖੜੀਆਂ ਉੱਖੜੀਆਂ ਗੱਲਾਂ ਕਰਦੇ ਰਹੇ ਸਾਂ। ਵਿੰਦੂ ਦਾ ਅਸਤਿੱਤਵ ਟੁਕੜੇ ਟੁਕੜੇ ਸੀ। ਗੱਲ ਕਰਦੀ ਕਰਦੀ ਉਹ ਵਿਚੋਂ ਹੀ ਭੁੱਲ ਜਾਂਦੀ ਸੀ 'ਇਹ ਤੈਨੂੰ ਅੱਜ ਕੀ ਸੁੱਝਿਆ?' ਮੈਂ ਦੋ ਵਾਰ ਉਸ ਤੋਂ ਪੁੱਛਿਆ ਸੀ।' ਮੈਨੂੰ ਨਹੀਂ ਪਤਾ।' ਕਹਿਕੇ ਉਹ ਕੋਈ ਹੋਰ ਗੱਲ ਛੇੜ ਲੈਂਦੀ ਸੀ। ਫਿਰ ਤਾਂ ਉਹ ਹਰ ਐਤਵਾਰ ਆਉਣ ਲੱਗੀ ਤੇ ਫਿਰ ਹਫ਼ਤੇ ਵਿਚ ਦੋ ਵਾਰ ਵੀ।

ਰੌਲਾ ਤਾਂ ਹਕਲੇ ਡਾਕਟਰ ਦੀ ਢਿੱਡਲ ਪਤਨੀ ਨੇ ਪਾਇਆ। ਇੱਕ ਦਿਨ ਚਾਰ ਪੰਜ ਬੰਦਿਆਂ ਨੇ ਇਕੱਠੇ ਹੋ ਕੇ ਮੇਰੇ ਕਮਰੇ 'ਤੇ ਧਾਵਾ ਬੋਲਿਆ ਸੀ ਤੇ ਕਿਹਾ ਸੀ– 'ਸਰਦਾਰ ਜੀ, ਮੁਹੱਲੇ ਨੂੰ ਬਦਨਾਮ ਨਾ ਕਰੋ। ਜਾਂ ਤਾਂ ਮਕਾਨ ਛੱਡ ਦਿਓ ਜਾਂ ਉਸ ਔਰਤ ਨੂੰ ਏਥੇ ਆਉਣ ਤੋਂ ਹਟਾਓ।'

ਹੁਣ ਅਸੀਂ ਸਕੂਲ ਵਿਚ ਹੀ ਸਮਾਂ ਤੇ ਸਥਾਨ ਮਿਥ ਕੇ ਦੂਜੇ ਦਿਨ ਮਿਲਦੇ ਸਾਂ ਤੇ ਫਿਰ ਸ਼ਹਿਰ ਤੋਂ ਦੂਰ ਨਿਕਲ ਜਾਂਦੇ ਸਾਂ। ਤ੍ਰਿਪੜੀ, ਥਾਪਰ ਇੰਸਟੀਚਿਊਟ, ਮੋਤੀ ਬਾਗ

ਤੇ ਰਾਜਪੁਰਾ ਰੋਡ ਵੱਲ ਦੇ ਉਜਾੜ ਇਲਾਕੇ ਅਸੀਂ ਛਾਣ ਮਾਰੇ ਸਨ।

ਉਸ ਦੇ ਮਾਮੇ ਦੇ ਘਰ ਹੁਣ ਮੈਂ ਕਦੇ ਕਦੇ ਹੀ ਜਾਂਦਾ। ਜਦ ਜਾਂਦਾ, ਉਸ ਦਾ ਮਾਮਾ ਮੈਨੂੰ ਤਾੜਦਾ–'ਦਰਸ਼ਨ, ਕਿੱਥੇ ਰਹਿਨਾ ਏਂ ਹੁਣ ਤੂੰ? ਬਹੁਤ ਘੱਟ ਦਿਖਾਈ ਦਿੰਦਾ ਏਂ।" ਮੇਰਾ ਚਿਹਰਾ ਲਟਕ ਜਾਂਦਾ। ਹਮੇਸ਼ਾ ਹੀ ਮੈਂ ਕੋਈ ਬਹਾਨਾ ਘੜਦਾ।

ਬੀ. ਐੱਡ ਦੀਆਂ ਪੋਸਟਾਂ ਨਿਕਲੀਆਂ ਸਨ। ਅਸੀਂ ਅਪਲਾਈ ਕੀਤਾ ਸੀ। ਦੋਵੇਂ ਹੀ ਸਿਲੈਕਟ ਹੋ ਗਏ ਸਾਂ। ਮੇਰੀ ਅਪਾਇੰਟਮੈਂਟ ਬਰਨਾਲੇ ਦੀ ਹੋ ਗਈ ਸੀ ਤੇ ਵਿੰਦੂ ਦੀ ਮਾਡਲ ਟਾਊਨ ਪਟਿਆਲਾ ਦੀ ਹੀ। ਇਸੇ ਸਾਲ ਛੱਬੀ ਜਨਵਰੀ ਨੂੰ ਕਿਰਪਾਲ ਸਿੰਘ ਕੈਪਟਨ ਬਣ ਗਿਆ ਸੀ।

ਮਹੀਨੇ ਵਿਚ ਇੱਕ ਵਾਰੀ ਜੇ ਮੈਂ ਪਟਿਆਲੇ ਨਾ ਜਾਂਦਾ ਤਾਂ ਉਹ ਬਹੁਤ ਗੁੱਸੇ ਹੁੰਦੀ। ਤੇ ਫਿਰ ਜਦ ਮੇਰਾ ਵਿਆਹ ਹੋ ਗਿਆ ਸੀ, ਛੇ ਸੱਤ ਮਹੀਨੇ ਮੈਥੋਂ ਪਟਿਆਲੇ ਜਾਇਆ ਨਹੀਂ ਗਿਆ ਸੀ। ਵਿੰਦੂ ਦੀਆਂ ਦੋ ਚਿੱਠੀਆਂ ਵੀ ਆਈਆਂ। ਮੈਂ ਨਾ ਜਾ ਸਕਿਆ।

ਅਕਤੂਬਰ ਦੇ ਹੀ ਦਿਨ ਸਨ। ਗਿਆਰਾ ਤਰੀਕ ਨੇੜੇ ਆ ਰਹੀ ਸੀ। ਇਸ ਦਿਨ ਮੈਂ ਬੜੀ ਸ਼ਿਦਤ ਨਾਲ ਸੋਚ ਰਿਹਾ ਸਾਂ। ਇਹ ਸੱਤਵਾਂ ਗਿਆਰਾਂ ਅਕਤੂਬਰ ਸੀ। ਮੈਂ ਚਾਹੁੰਦਾ ਸਾਂ, ਇਸ ਦਿਨ ਤਾਂ ਜ਼ਰੂਰ ਪਟਿਆਲੇ ਜਾਇਆ ਜਾਵੇ। ਭਾਵੇਂ ਮੇਰਾ ਵਿਆਹ ਹੋ ਗਿਆ ਸੀ। ਬੀਵੀ ਦਸਵੀਂ ਜਮਾਤ ਪਾਸ ਸੀ। ਬਣਦੀ ਤਣਦੀ ਵੀ ਸੀ। ਪਰ ਜੋ ਆਕਾਸ਼ ਉਡਾਰੀਆਂ ਮੈਂ ਵਿੰਦੂ ਨਾਲ ਲਾਈਆਂ ਸਨ, ਉਨ੍ਹਾਂ ਦਾ ਤਾਂ ਰੰਗ ਹੀ ਹੋਰ ਸੀ। ਇਸ ਸਾਲ ਗਿਆਰਾਂ ਅਕਤੂਬਰ ਨੂੰ ਮੈਂ ਸੈਲੀਬਰੇਟ ਕਰਨਾ ਚਾਹੁੰਦਾ ਸਾਂ।

ਗਿਆਰਾਂ ਅਕਤੂਬਰ ਦੇ ਦਿਨ ਹੀ ਮੈਂ ਪਟਿਆਲੇ ਗਿਆ। ਵਿੰਦੂ ਘਰ ਨਹੀਂ ਸੀ। ਸਕੂਲੋਂ ਉਸ ਦਿਨ ਛੁੱਟੀ ਵੀ ਨਹੀਂ ਸੀ। ਮਾਮੀ ਤੋਂ ਪਤਾ ਲੱਗਿਆ ਕਿ ਉਹ ਤਾਂ ਸਰਹੰਦ ਗਈ ਹੋਈ ਹੈ। ਸਰਹੰਦ ਉਸ ਦਾ ਪਿਓ ਰਹਿੰਦਾ ਸੀ। ਸ਼ਰਾਬ ਦਾ ਠੇਕਾ ਲਿਆ ਹੋਇਆ ਸੀ। ਵਿੰਦੂ ਦੀ ਮਾਂ ਬਚਪਨ ਵਿਚ ਹੀ ਮਰ ਗਈ ਸੀ। ਭਰਾ ਵੀ ਕੋਈ ਨਹੀਂ ਸੀ। ਅਸੀਂ ਭਾਰਤ ਪਾਕਿ ਸਬੰਧਾਂ ਦੀਆਂ ਗੱਲਾਂ ਸੁਣਦੇ ਰਹੇ ਸਾਂ। "ਕਿਵੇਂ ਆਇਆ ਸੀ ਅੱਜ?" ਉਸ ਨੇ ਮੈਥੋਂ ਪੁੱਛਿਆ ਸੀ। ਮੈਂ ਬਹਾਨਾ ਬਣਾਇਆ ਸੀ ਕਿ ਮੈਂ ਤਾਂ ਹਰਟੀਕਲਚਰ ਵਾਲਿਆਂਤੋਂ ਸਕੂਲ ਵਾਸਤੇ ਗੁਲਮੋਹਰ ਦੇ ਬੂਟੇ ਲੈਣ ਆਇਆ ਹਾਂ। ਮੈਂ ਉਸ ਨੂੰ ਉਲਾਂਭਾ ਦਿੱਤਾ ਸੀ ਕਿ ਉਹ ਮੇਰੇ ਵਿਆਹ 'ਤੇ ਸਾਡੇ ਪਿੰਡ ਕਾਲੇਕੇ ਕਿਉਂ ਨਾ ਆਏ? ਅਸਲ ਵਿਚ ਤਾਂ ਮੈਂ ਪੁੱਛਿਆ ਸੀ ਕਿ ਉਹ ਵਿੰਦੂ ਨੂੰ ਲੈ ਕੇ ਮੇਰੇ ਵਿਆਹ ਤੇ ਕਿਉਂ ਨਾ ਆਇਆ?

"ਯਾਰ, ਉਨ੍ਹਾਂ ਦਿਨਾਂ ਵਿਚ ਵਿੰਦੂ ਤਾਂ ਕਿਰਪਾਲ ਕੋਲ ਕਸ਼ਮੀਰ ਗਈ ਹੋਈ ਸੀ। ਮੈਨੂੰ ਕੰਮ ਬੜਾ ਹੀ। ਓਵਰ ਟਾਈਮ ਲੱਗਦਾ ਸੀ, ਉਨ੍ਹੀਂ ਦਿਨੀਂ ਤਾਂ। ਐਤਵਾਰ ਨੂੰ ਵੀ। ਤੈਂ ਮੁੜਕੇ ਮੂੰਹ ਨਾ ਦਿਖਾਇਆ, ਚੰਗਾ ਵਿਆਹ ਕਰਵਾਇਆ ਈ।" ਇਸ ਤਰ੍ਹਾਂ ਦਾ ਲੈਕਚਰ ਝਾੜ ਕੇ ਉਸ ਨੇ ਮੇਰੇ 'ਤੇ ਪੂਰੀ ਦਬਸ਼ ਪਾਈ। ਮੈਂ ਨਿਰੁੱਤਰ ਜਿਹਾ ਬੈਠਾ ਰਿਹਾ ਸਾਂ।

ਅਸੀਂ ਹੋਰ ਕਈ ਗੱਲਾਂ ਕੀਤੀਆਂ ਸਨ। ਗੱਲਾਂ ਵਿਚ ਹੀ ਉਸ ਨੇ ਦੱਸਿਆ ਸੀ ਕਿ ਕਿਰਪਾਲ ਰਲੀਜ਼ ਹੋ ਕੇ ਆ ਰਿਹਾ ਹੈ। ਸਕੂਲ ਵਿਚ ਆਪਣੇ ਲੀਅਨ 'ਤੇ ਹੀ।

ਛੇ ਵਜੇ ਵਿੰਦੂ ਆ ਗਈ ਸੀ। ਥੱਕੀ ਟੁੱਟੀ। ਚੜ੍ਹੀਆਂ ਅੱਖਾਂ ਜਿਵੇਂ ਫੀਮ ਖਾਧੀ ਹੋਵੇ। ਆਲਸ ਭਰਿਆ ਬੋਲ। ਆਉਣ ਸਾਰ ਮੈਨੂੰ ਪੁੱਛਿਆ–"ਕਦੋਂ ਆਏ?"

'ਦੁਪਹਿਰ ਦੀ ਗੱਡੀ।' ਮੈਂ ਜਵਾਬ ਦਿੱਤਾ।

'ਅੱਛਿਆ ਕਹਿ ਕੇ ਉਹ ਕਮਰੇ ਵਿਚ ਗਈ ਤੇ ਬਿਸਤਰਾ ਵਿਛਾ ਕੇ ਲੇਟ ਗਈ ਸੀ। ਮੈਂ ਤੇ ਉਸ ਦਾ ਮਾਮਾ ਸਿਹਨ ਵਿਚ ਬੈਠੇ ਸਾਂ। ਮੈਂ ਚਾਹੁੰਦਾ ਸਾਂ ਕਿ ਵਿੰਦੂ ਸਾਡੇ ਕੋਲ ਆ ਕੇ ਬੈਠੇ ਜਾਂ ਮੈਂ ਹੀ ਅੰਦਰ ਕਮਰੇ ਵਿਚ ਉਸ ਕੋਲ ਚਲਿਆ ਜਾਵਾਂ। ਪਰ ਉਹ ਨਾ ਸਾਡੇ ਕੋਲ ਆਈ ਤੇ ਨਾ ਮੈਂ ਉਸ ਕੋਲ ਕਮਰੇ ਵਿਚ ਗਿਆ। ਅਸੀਂ ਰੋਟੀ ਖਾਣ ਲੱਗੇ, ਮਾਮੇ ਨੇ ਪੁੱਛਿਆ, "ਵਿੰਦੂ ਨੂੰ ਰੋਟੀ?'

ਉਹਨੇ ਨਹੀਂ ਖਾਣੀ। ਪੈ ਗਈ ਐ ਬੱਸ। ਕਹਿੰਦੀ ਮੈਨੂੰ ਨਾ ਬੁਲਾਇਓ ਕੋਈ। ਮਾਮੀ ਨੇ ਰਸੋਈ ਵਿਚੋਂ ਹੀ ਜਵਾਬ ਦਿੱਤਾ।

"ਵਿੰਦ...ਵਿੰਦਰ।' ਮਾਮੇ ਨੇ ਹਾਕ ਮਾਰੀ, ਉਹ ਬੋਲੀ ਨਹੀਂ। 'ਸੌਂ ਗਈ ਪਤਾ ਨਹੀਂ।' ਮਾਮੇ ਨੇ ਕਿਹਾ ਤੇ ਹੱਸਿਆ। 'ਇਹ ਕੁੜੀ ਵੀ ਠੀਕ ਏ। ਔਣ ਸਾਰ ਮੰਜਾ।'

ਅਸੀਂ ਰੋਟੀ ਖਾਧੀ। ਮਾਮਾ ਆਪਣੇ ਕਮਰੇ ਵਿਚ ਚਲਿਆ ਗਿਆ। ਮੈਂ ਵਿੰਦੂ ਵਾਲੇ ਕਮਰੇ ਵਿਚ ਚਲਿਆ ਗਿਆ। ਉਸ ਨੂੰ ਹੌਲੀ ਦੇ ਕੇ ਬੁਲਾਇਆ। ਉਹ ਨਹੀਂ ਬੋਲੀ। ਸੱਚੀਂ ਹੀ ਸੌਂ ਚੁੱਕੀ ਸੀ। ਮੇਰਾ ਬਿਸਤਰਾ ਮਾਮੇ ਵਾਲੇ ਕਮਰੇ ਵਿਚ ਹੀ ਸੀ। ਵਿੰਦੂ ਵਾਲੇ ਕਮਰੇ ਵਿਚ ਮਾਮੀ ਨੇ ਪੈਣਾ ਸੀ

ਸਵੇਰੇ ਛੇ ਵਜੇ ਤਿਆਰ ਹੋ ਕੇ ਮੈਂ ਬੱਸ ਸਟੈਂਡ ਨੂੰ ਜਾਣ ਲੱਗਿਆ। ਚਾਹੁੰਦਾ ਸਾਂ, ਸਕੂਲ ਸਮੇਂ ਤੋਂ ਪਹਿਲਾਂ ਬਰਨਾਲੇ ਪਹੁੰਚ ਜਾਵਾਂ। ਆਇਆ ਕਾਹਦੇ ਵਾਸਤੇ ਸੀ? ਵਿੰਦੂ ਨਾਲ ਕੋਈ ਗੱਲ ਨਹੀਂ ਹੋਈ ਸੀ। ਦੇਖਿਆ, ਵਿੰਦੂ ਤਾਂ ਅਜੇ ਵੀ ਆਪਣੇ ਬਿਸਤਰੇ ਵਿਚ ਸੀ। ਮੈਂ ਉਸ ਦੇ ਕਮਰੇ ਵਿਚ ਗਿਆ। ਉਸ ਨੂੰ ਬੁਲਾਇਆ। ਉੱਠ ਕੇ ਬੈਠੀ ਹੋ ਗਈ। ਕਹਿਣ ਲੱਗੀ–'ਚਲੇ?' ਨਾਲ ਦੀ ਨਾਲ ਹੱਥ ਜੋੜੇ। ਉਸ ਦੇ ਵਾਲ ਖੁੱਸੇ ਹੋਏ ਸਨ। ਅੱਖਾਂ ਵਿਚ ਨੀਂਦ ਅਜੇ ਵੀ ਸੀ। ਸਾਰਿਆਂ ਨੂੰ ਸਤਿ ਸ੍ਰੀ ਅਕਾਲ ਕਹਿ ਕੇ ਮੈਂ ਘਰੋਂ ਬਾਹਰ ਆ ਗਿਆ ਸਾਂ।

ਥਰਡ ਕਲਾਸ ਦੇ ਡੱਬੇ ਵਿਚ ਬੈਠਾ ਮੈਂ ਸੋਚ ਰਿਹਾ ਹਾਂ, ਦਿਨ ਕਿਸ ਤਰ੍ਹਾਂ ਬਦਲ ਜਾਂਦੇ ਹਨ। ਉਹੀ ਦਿਨ ਕੱਲ੍ਹ ਕੀ ਸਨ, ਅੱਜ ਕੀ ਹਨ। ਸਭ ਕੁਝ ਹੀ ਬਦਲ ਗਿਆ ਹੈ। ਮੈਨੂੰ ਸ਼ਿੱਦਤ ਨਾਲ ਮਹਿਸੂਸ ਹੋ ਰਿਹਾ ਹੈ, ਜਿਵੇਂ ਮੇਰੇ ਅੰਦਰੋਂ ਕੋਈ ਚੀਜ਼ ਟੁੱਟ ਗਈ ਹੋਵੇ। ਇਸ ਦੁਨੀਆਂ ਵਿਚ 'ਸਬੰਧ' ਨਾਂ ਦਾ ਸ਼ਬਦ ਮੇਰੇ ਲਈ ਕੋਈ ਅਰਥ ਨਹੀਂ ਰੱਖ ਰਿਹਾ। ਬੱਸ ਐਵੇਂ ਛਿਣ–ਭੰਗਰ ਦੀ ਪਹਿਚਾਣ ਹੈ। ਇਸ ਥਾਂ ਬਣੀ, ਦੂਜੇ ਥਾਂ ਜਾ ਕੇ ਖ਼ਤਮ ਹੋ ਗਈ। ਅੱਜ ਬਣੀ, ਕੱਲ੍ਹ ਖ਼ਤਮ ਹੋ ਗਈ। ਬਾਰੀ ਵਿਚ ਦੀ ਮੈਂ ਝਾਕ ਰਿਹਾ ਹਾਂ। ਬਹੁਤ ਦੂਰ ਤੋਂ ਦਰੱਖ਼ਤ ਭੱਜੇ ਮੇਰੀ ਬਾਰੀ ਵੱਲ ਆਉਂਦੇ ਹਨ ਤੇ ਫਿਰ ਬਹੁਤ ਨੇੜੇ ਆ ਕੇ ਪਿੱਛੇ ਨੂੰ ਨੱਸ ਜਾਂਦੇ ਹਨ। ਇੱਕ ਤੋਂ ਬਾਅਦ ਇੱਕ। ਕਿਸੇ ਵੀ ਦਰੱਖਤ 'ਤੇ ਮੇਰੀ ਨਿਗਾਹ ਨਹੀਂ ਟਿਕ ਰਹੀ। ਕਿਸੇ ਵੀ ਦਰੱਖ਼ਤ ਦੀ ਮਨ ਵਿਚ ਪਹਿਚਾਣ ਨਹੀਂ ਰਹਿ ਰਹੀ ਹੈ। ਇੱਕ ਜਾਂਦਾ ਹੈ, ਦੂਜਾ ਝੱਟ ਸਾਹਮਣੇ ਆ ਜਾਂਦਾ ਹੈ। ਬੇਸ਼ੁਮਾਰ ਦਰੱਖ਼ਤ ਘੁੰਮ ਰਹੇ ਹਨ। ਕਿੱਥੋਂ ਆ ਰਹੇ ਹਨ, ਐਨੇ ਦਰੱਖ਼ਤ? ਕਿੱਥੇ ਜਾ ਰਹੇ ਹਨ, ਐਨੇ ਦਰੱਖ਼ਤ?

ਮੇਰੇ ਸੱਜੇ ਹੱਥ ਬੈਠਾ ਖੁੱਲ੍ਹੈ ਦਾੜ੍ਹੇ ਵਾਲਾ ਬਜ਼ੁਰਗ ਪੰਜਾਬੀ ਦਾ ਕੋਈ ਅਖ਼ਬਾਰ ਅੱਖਾਂ ਦੇ ਬੜੇ ਨਜ਼ਦੀਕ ਲਿਜਾ ਕੇ ਪੜ੍ਹ ਰਿਹਾ ਹੈ। ਉਸ ਦੇ ਮੂੰਹ ਵਿਚੋਂ ਹਲਕੀ ਹਲਕੀ ਗੁਣ ਗੁਣ ਦੀ ਆਵਾਜ਼ ਆ ਰਹੀ ਹੈ। ਖੱਬੇ ਹੱਥ ਦੋ ਔਰਤਾਂ ਬੈਠੀਆਂ ਹਨ। ਇੱਕ ਬੁੱਢੀ ਹੈ, ਦੂਜੀ ਅਧਖੜ। ਉਹ ਕਿਸੇ ਘਰੇਲੂ ਬਹਿਸ ਵਿਚ ਉਲਝੀਆਂ ਹੋਈਆਂ ਹਨ। ਸਾਹਮਣੇ ਵਾਲੀ ਸੀਟ ’ਤੇ ਚਾਰ ਬੰਦੇ ਤੇ ਇੱਕ ਔਰਤ ਹੈ। ਬੰਦਿਆਂ ਵਿਚ ਮੋਗੇ ਵਿਖੇ ਗੋਲੀ ਨਾਲ ਮਰੇ ਵਿਦਿਆਰਥੀਆਂ ਦੀ ਗੱਲ ਛਿੜੀ ਹੋਈ ਹੈ। ਔਰਤ ਦਾ ਧਿਆਨ ਮੇਰੇ ਖੱਬੇ ਹੱਥ ਬੈਠੀਆਂ ਔਰਤਾਂ ਦੀਆਂ ਗੱਲਾਂ ਵੱਲ ਹੈ। ਉਹ ਉਨ੍ਹਾਂ ਦੇ ਮੂੰਹਾਂ ਵੱਲ ਮੁਤਰ ਮੁਤਰ ਝਾਕ ਰਹੀ ਹੈ।

ਮੈਂ ਆਪਣੀ ਸੀਟ ਤੋਂ ਉੱਠਦਾ ਹਾਂ ਤੇ ਉੱਪਰਲਾ ਫੱਟਾ ਖ਼ਾਲੀ ਦੇਖ ਕੇ ਦੋਵੇਂ ਹੱਥ ਪਾਸਿਆਂ ਦੇ ਫੱਟਿਆਂ ’ਤੇ ਰੱਖਦਾ ਹਾਂ ਤੇ ਜ਼ੋਰ ਪਾਉਂਦਾ ਹਾਂ। ਲੰਬਾ ਪਿਆ ਹਾਂ। ਹੁਣ ਕੁਝ ਚਿਰ ਆਰਾਮ ਮਹਿਸੂਸ ਕਰਦਾ ਹਾਂ। ਮੇਰੀਆਂ ਅੱਖਾਂ ਤੋਂ ਸਿਰਫ਼ ਦੋ ਫੁੱਟ ਦੇ ਫਾਸਲੇ ’ਤੇ ਪੱਖਾ ਚੱਲ ਰਿਹਾ ਹੈ। ਦਿਲ ਕਰਦਾ ਹੈ, ਇਸ ਨੂੰ ਬੰਦ ਕਰ ਦਿਆਂ। ਪਰ ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਿਆ ਹੈ। ਪੱਖੇ ਦੀ ਠੰਡੀ ਹਵਾ ਮੈਨੂੰ ਚੰਗੀ ਨਹੀਂ ਲੱਗ ਰਹੀ। ਹੱਥ ਨਾਲ ਮੈਂ ਉਸ ਦਾ ਮੂੰਹ ਪਰਲੇ ਪਾਸੇ ਕਰਵਾ ਦਿੱਤਾ ਹੈ।

ਇਸ ਅਕਤੂਬਰ ਤੋਂ ਪਿਛਲੇ ਅਕਤੂਬਰ ਵਿਚਕਾਰ ਤਿੰਨ ਵਾਰ ਮੈਂ ਪਟਿਆਲੇ ਜਾ ਆਇਆ ਹਾਂ। ਪਹਿਲੀ ਵਾਰ ਜਦੋਂ ਗਿਆ ਸਾਂ, ਉਹ ਬਿਮਾਰ ਸੀ। ਸਕੂਲੋਂ ਛੁੱਟੀ ਲੈ ਰੱਖੀ ਸੀ। ਘਰ ਹੀ ਕਮਰੇ ਵਿਚ ਉਸ ਦਾ ਇਲਾਜ ਹੋ ਰਿਹਾ ਸੀ। ਦੋ ਘੰਟੇ ਬੈਠਿਆ ਸਾਂ। ਦੋਵੇਂ ਘੰਟੇ ਮਾਮੀ ਉਸ ਦੇ ਕੋਲੋਂ ਨਹੀਂ ਸੀ ਹਿੱਲੀ। ਮੈਂ ਕਿਵੇਂ ਗੱਲ ਕਰਦਾ? ਸਧਾਰਨ ਜਿਹੀਆਂ ਤੇ ਊਟ ਪਟਾਂਗ ਗੱਲਾਂ ਹੋਈਆਂ ਸਨ। ਮੈਨੂੰ ਉਸ ਦੀ ਬਿਮਾਰੀ ਦਾ ਕੋਈ ਪਤਾ ਨਹੀਂ ਲਗ ਸਕਿਆ ਸੀ। ਮਾਮੀ ਬੱਸ ਇਹੋ ਕਹਿ ਰਹੀ ਸੀ, ਪੇਟ ਵਿਚ ਦਰਦ ਟਿਕਿਆ ਹੋਇਆ ਹੈ।

ਦੂਜੀ ਵਾਰੀ ਜਦ ਮੈਂ ਗਿਆ ਸਾਂ ਤਾਂ ਕਿਰਪਾਲ ਰਲੀਜ਼ ਹੋ ਕੇ ਆ ਗਿਆ ਸੀ ਤੇ ਨਾਭੇ ਦੇ ਨੇੜੇ ਕਿਸੇ ਹਾਈ ਸਕੂਲ ਵਿਚ ਹਾਜ਼ਰ ਹੋ ਚੁੱਕਿਆ ਸੀ। ਸਕੂਲ ਸੜਕ ਦੇ ਉੱਤੇ ਹੀ ਸੀ। ਸੋ ਹਰ ਰੋਜ਼ ਹੀ ਉਹ ਪਟਿਆਲੇ ਆ ਜਾਂਦਾ ਸੀ। ਉਦੋਂ ਵੀ ਮੈਂ ਖਾਲੀ ਮੁੜ ਗਿਆ ਸਾਂ। ਵਿੰਦੂ ਬੋਲਦੀ ਚਲਦੀ ਤਾਂ ਠੀਕ ਰਹੀ ਸੀ। ਉਸ ਦੇ ਵਿਵਹਾਰ ਵਿਚ ਕਿਤੇ ਕੁਝ ਰੁੱਖਾਪਣ ਨਹੀਂ ਸੀ। ਪਰ ਉਸ ਦੀਆਂ ਗੱਲਾਂ ਸਭ ਘਰੇਲੂ ਕਿਸਮ ਦੀਆਂ ਰਹੀਆਂ ਸਨ। ਉਨ੍ਹਾਂ ਗੱਲਾਂ ਵਿਚ ਮੈਨੂੰ ਕੋਈ ਦਿਲਚਸਪੀ ਨਹੀਂ ਸੀ। ਉਸ ਨੇ ਦੱਸਿਆ ਕਿ ਉਹ ਬਿਮਾਰ ਰਹਿੰਦੀ ਹੈ। ਡਾਕਟਰ ਤੋਂ ਲਿਆਂਦੀਆਂ ਗੋਲੀਆਂ ਉਸ ਨੇ ਮੈਨੂੰ ਦਿਖਾਈਆਂ ਸਨ। ਪੀਣ ਵਾਲੀ ਦਵਾਈ ਦੀ ਬੋਤਲ ਅਲਮਾਰੀ ਵਿਚੋਂ ਕੱਢ ਕੇ ਮੇਰੇ ਕੋਲ ਲਿਆਂਦੀ ਸੀ। ਮੈਨੂੰ ਉਸ ਦੀ ਬਿਮਾਰੀ ’ਤੇ ਗੁੱਸਾ ਆਇਆ ਸੀ। ਕੋਈ ਵੀ ‘ਆਪਣੀ’ ਗੱਲ ਉਸ ਨੇ ਨਹੀਂ ਕੀਤੀ ਸੀ। ਇੱਕ ਫ਼ਿਕਰਾ ਵੀ ਜਿਸ ਨੂੰ ਸੁਣ ਕੇ ਮਨ ਨੂੰ ਕੁਝ ਆਰਾਮ ਤਾਂ ਮਿਲਦਾ।

ਤੀਜੀ ਵਾਰ ਅਗਸਤ ਵਿਚ ਗਿਆ ਸਾਂ। ਗਰਮੀ ਦੀਆਂ ਛੁੱਟੀਆਂ ਖ਼ਤਮ ਹੋਣ ਵਾਲੀਆਂ ਸਨ। ਉਹ ਅਜੇ ਮਾਮੇ ਦੇ ਘਰ ਮਾਡਲ ਟਾਊਨ ਵਿਚ ਹੀ ਸਨ। ਸਦਾ ਉੱਥੇ ਰਹਿਣ ਲਈ ਹੀ ਸ਼ਾਇਦ ਉਨ੍ਹਾਂ ਨੇ ਫ਼ੈਸਲਾ ਕਰ ਲਿਆ ਹੋਵੇਗਾ। ਮਾਮੇ ਦੀ ਕੋਈ

ਔਲਾਦ ਨਹੀਂ ਸੀ। ਉਨ੍ਹਾਂ ਦਾ ਸਗੋਂ ਦਿਲ ਲੱਗਿਆ ਹੋਇਆ ਸੀ। 'ਬੜੇ ਚੱਕਰ ਲੱਗ ਰਹੇ ਨੇ ਪਟਿਆਲੇ, ਦਰਸ਼ਨ ਸਿੰਘ?' ਕਿਰਪਾਲ ਨੇ ਮੈਥੋਂ ਪੁੱਛਿਆ ਸੀ। ਪੁੱਛਿਆ ਤਾਂ ਸ਼ਾਇਦ ਸਧਾਰਨ ਹੀ ਸੀ, ਪਰ ਮੈਨੂੰ ਲੱਗਿਆ ਸੀ, ਜਿਵੇਂ ਉਸਨੂੰ ਕੋਈ ਸ਼ੱਕ ਹੋ ਗਿਆ ਹੋਵੇ। ਜਾਂ ਸ਼ਾਇਦ ਉਹ ਮੇਰੇ ਉਨ੍ਹਾਂ ਦੇ ਘਰ ਜਾਣ ਤੋਂ ਉਕਤਾ ਹੋ ਗਿਆ ਹੋਵੇ। ਮੈਂ ਜਵਾਬ ਦਿੱਤਾ ਸੀ-'ਯਾਰ, ਏਥੇ ਬਿਜਲੀ ਬੋਰਡ ਵਿਚ ਇੱਕ ਕਲਰਕ ਐ।' ਆਪਣੀ ਭਤੀਜੀ ਵਾਸਤੇ ਮੇਰੀ ਉਸ ਨਾਲ ਗੱਲਬਾਤ ਚੱਲ ਰਹੀ ਐ।' ਉਸ ਵਾਰ ਵੀ ਅਸੀਂ ਕੋਈ ਗੱਲ ਨਾ ਕਰ ਸਕੇ। ਕਿਰਪਾਲ ਨੇ ਹੀ ਮੇਰਾ ਖਹਿੜਾ ਨਹੀਂ ਸੀ ਛੱਡਿਆ। ਹਰ ਵੇਲੇ ਹੀ ਕੋਲ ਰਿਹਾ ਸੀ। ਹਰ ਵੇਲੇ ਹੀ ਗੱਲਾਂ ਦੀ ਚੱਕੀ ਝੋਈ ਹੋਈ।

ਜਦ ਮੈਂ ਪਟਿਆਲੇ ਹੁੰਦਾ ਸੀ, ਇੱਕ ਦਿਨ ਅਸੀਂ ਰਾਜਪੁਰੇ ਚਲੇ ਗਏ ਸੀ। ਇੱਕ ਫ਼ੋਟੋ ਸਟੂਡੀਓ ਵਿਚ ਜਾ ਕੇ ਅਸੀਂ ਆਪਣੀ ਤਸਵੀਰ ਬਣਵਾਈ ਸੀ। ਬੈਂਚ ਉੱਤੇ ਮੈਂ ਬੈਠਾ। ਖੱਬੇ ਪਾਸੇ ਵਿੰਦੂ ਮੇਰੇ ਨਾਲ ਖਹਿ ਕੇ ਬੈਠੀ ਹੋਈ ਹੈ। ਉਸ ਦਾ ਸਿਰ ਮੇਰੇ ਮੋਢੇ 'ਤੇ ਝੁਕਿਆ ਹੋਇਆ ਹੈ। ਇਸ ਦੀ ਇੱਕ ਕਾਪੀ ਵਿੰਦੂ ਕੋਲ ਹੈ। ਇੱਕ ਕਾਪੀ ਮੇਰੇ ਕੋਲ ਹੈ। ਕਈ ਵਾਰ ਮੈਂ ਇਹ ਤਸਵੀਰ ਨੂੰ ਜਲਾ ਦੇਣਾ ਚਾਹਿਆ ਹੈ। ਪਰ ਪਤਾ ਨਹੀਂ ਕੀ ਸੋਚ ਕੇ ਮੈਂ ਇਸ ਨੂੰ ਸਦਾ ਹੀ ਸੰਭਾਲ ਕੇ ਰੱਖਿਆ ਹੈ। ਇਸ ਵਾਰ ਮੈਂ ਇਸ ਤਸਵੀਰ ਨੂੰ ਆਪਣੇ ਪਰਸ ਵਿਚ ਪਾ ਲਿਆਇਆ ਹਾਂ। ਸੋਚ ਰਿਹਾ ਹਾਂ, ਇਸ ਵਾਰ ਵੀ ਵਿੰਦੂ ਨੇ ਜੇ ਕੋਈ 'ਗੱਲ' ਨਾ ਕੀਤੀ ਤਾਂ ਉਸ ਨੂੰ ਇਹ ਤਸਵੀਰ ਦਿਖਾ ਕੇ ਕਹਾਂਗਾ-'ਕਦੋਂ ਤੱਕ ਰੁਲਾਏਂਗੀ? ਆਹ ਦੇਖ ਸਬੂਤ। ਪ੍ਰੈੱਸ ਨੂੰ ਦਿਆਂਗਾ। ਆਪ ਤਾਂ ਬਦਨਾਮ ਹੋਵਾਂਗਾ ਈ, ਤੇਰੀ ਪੱਟੀਮੇਸ ਨਾ ਕੀਤੀ ਤਾਂ...।' ਇਸ ਖਿਆਲ ਦੇ ਨਾਲ ਹੀ ਪਿਆ ਪਿਆ ਮੈਂ ਆਪਣੀ ਪੈਂਟ ਦੀ ਹਿੱਪ ਪਾਕਟ ਵਿਚੋਂ ਪਰਸ ਕੱਢਦਾ ਹਾਂ ਤੇ ਉਸ ਵਿਚੋਂ ਤਸਵੀਰ ਕੱਢ ਕੇ ਉਸਨੂੰ ਸਰਸਰੀ ਨਜ਼ਰ ਨਾਲ ਦੇਖਦਾ ਹਾਂ। ਵਿੰਦੂ ਦਾ ਚਿਹਰਾ ਮੈਨੂੰ ਬਹੁਤ ਭੋਲਾ ਲੱਗਦਾ ਹੈ। ਬਹੁਤ ਮਾਸੂਮ। ਇਸ ਚਿਹਰੇ ਦੇ ਅੰਦਰ ਜੋ ਇੱਕ ਚਿਹਰਾ ਹੈ, ਮੈਨੂੰ ਬਹੁਤ ਡਰਾਉਣਾ ਜਾਪਦਾ ਹੈ, ਬੜਾ ਮੱਕਾਰ, ਬੜਾ ਬੇਤਰਸ। ਉਸ ਚਿਹਰੇ ਨਾਲ ਮੈਨੂੰ ਨਫ਼ਰਤ ਹੈ।

ਮੇਰੇ ਅੰਦਰਲਾ ਫ਼ਿਲਾਸਫਰ ਮੈਨੂੰ ਸਮਝਾਉਣ ਲੱਗਦਾ ਹੈ-ਇਹ ਜੋ ਵਾਰ ਵਾਰ ਵਿੰਦੂ ਨੂੰ ਮਿਲਣ ਜਾਂਦਾ ਹਾਂ, ਸਰੀਰਕ ਖਿੱਚ ਕਰਕੇ ਹੀ ਤਾਂ ਜਾਂਦਾ ਹਾਂ। ਜਦ ਜਾਂਦਾ ਹਾਂ, ਉਹ ਉਸੇ ਤਰ੍ਹਾਂ ਮਿੱਠਾ ਬੋਲਦੀ ਹੈ। ਚੰਗੀ ਇੱਜ਼ਤ ਕਰਦੀ ਹੈ। ਰਹਿਣਾ ਚਾਹਾਂ ਤਾਂ ਰਾਤ ਵੀ ਰਹਿ ਲੈਂਦਾ ਹਾਂ। ਕਿਰਪਾਲ ਕਿੰਨਾ ਮੋਹ ਕਰਦਾ ਹੈ। ਮਾਮਾ ਮਾਮੀ ਹੱਥਾਂ 'ਤੇ ਚੁੱਕ ਲੈਂਦੇ ਹਨ। ਹੋਰ ਹੁਣ ਵਿੰਦੂ ਤੋਂ ਮੈਂ ਕੀ ਲੈਣਾ ਚਾਹੁੰਦਾ ਹਾਂ। ਇਹੀ ਗੱਲ ਹੈ ਨਾ ਕਿ ਉਹ ਮੈਨੂੰ ਪਹਿਲਾਂ ਵਾਂਗ 'ਇਕੱਲੀ' ਕਿਉਂ ਨਹੀਂ ਮਿਲਦੀ? ਸਰੀਰਕ-ਖਿੱਚ ਪਸ਼ੂਪਣ ਹੀ ਤਾਂ ਹੈ। ਅਕਲ ਤੋਂ ਦੂਰ ਦੀ ਕੋਈ ਚੀਜ਼।

ਇੱਕ ਕੁੜੀ ਹੋਰ ਸੀ, ਰੰਜਨਾ। ਮੇਰੇ ਨਾਲ ਉਹ ਸਾਰੀਆਂ ਗੱਲਾਂ ਕਰ ਲੈਂਦੀ ਸੀ, ਪਰ ਇੱਕ ਨਿਸ਼ਚਿਤ ਸੀਮਾਂ ਤੋਂ ਉਸ ਨੇ ਮੈਨੂੰ ਕਦੇ ਵੀ ਪਾਰ ਨਹੀਂ ਹੋਣ ਦਿੱਤਾ ਸੀ। ਕਹਿੰਦੀ ਹੁੰਦੀ ਸੀ ਏਸ ਕੰਮ ਵਿਚ ਕੁਝ ਨਹੀਂ ਪਿਆ ਦਰਸ਼ੀ। ਇਹ ਕਰੇਂਗਾ, ਮੈਨੂੰ ਛੱਡ ਕੇ ਕਿਸੇ ਹੋਰ ਕੁੜੀ ਨੂੰ ਅਪਣਾਏਂਗਾ ਤਾਂ ਮੈਨੂੰ ਭੁੱਲ ਜਾਏਂਗਾ। ਜੇ ਤੂੰ ਮੇਰੇ ਨਾਲ ਇਹ ਨਾ ਕਰੇ ਤੇ ਮੈਨੂੰ ਛੱਡ ਵੀ ਜਾਵੇਂ ਜਾਂ ਮੈਂ ਤੈਨੂੰ ਛੱਡ ਜਾਵਾਂ ਤਾਂ ਤੈਨੂੰ ਕੋਈ ਅਫ਼ਸੋਸ ਨਹੀਂ

ਹੋਵੇਗਾ ਤੇ ਨਾ ਹੀ ਮੈਨੂੰ "ਹੁਣ ਸੋਚਦਾ ਹਾਂ, ਘੁੱਗੀ ਠੀਕ ਹੀ ਆਖਿਆ ਕਰਦੀ ਸੀ। ਰੰਜਨਾ ਨੂੰ ਪਿਆਰ ਨਾਲ ਮੈਂ ਘੁੱਗੀ ਕਹਿੰਦਾ ਸਾਂ। ਉਸ ਦੀਆਂ ਪਿਆਰੀਆਂ ਪਿਆਰੀਆਂ ਵੱਡੀਆਂ ਵੱਡੀਆਂ ਅੱਖਾਂ, ਹਿਪਸ ਤੱਕ ਡਿੱਗਦੇ ਲੰਮੇ ਵਾਲ, ਧੀਮੇ ਸਫਰ ਵਿਚ ਛੇਤੀ ਛੇਤੀ ਗੱਲ ਕਰ ਰਹੀ ਉਹ ਅਜੇ ਵੀ ਮੇਰੇ ਸਾਹਮਣੇ ਹੈ। ਪਤਾ ਨਹੀਂ? ਵਿਆਹੀ ਗਈ ਹੈ ਜਾਂ ਨਹੀਂ? ਕੀ ਕੰਮ ਕਰਦੀ ਹੈ? ਮੈਨੂੰ ਕੋਈ ਪਤਾ ਨਹੀਂ। ਨਾ ਹੀ ਮੇਰੇ ਮਨ ਵਿਚ ਉਸ ਨੂੰ ਮਿਲਣ ਦੀ ਕੋਈ ਤਾਂਘ ਹੈ। ਪਰ ਕਮਾਲ ਹੈ, ਉਹ ਮੇਰੇ ਸਦਾ ਯਾਦ ਰਹਿੰਦੀ ਹੈ। ਹਿੱਕ 'ਤੇ ਚੜ੍ਹੀ ਰਹਿੰਦੀ ਹੈ।

ਕੋਈ ਸਰੀਰਕ ਖਿੱਚ ਹੀ ਮੈਨੂੰ ਵਿੰਦੂ ਵੱਲ ਧੱਕੀ ਲਈ ਜਾ ਰਹੀ ਹੈ।

ਪਟਿਆਲਾ ਆ ਗਿਆ ਹੈ। ਦਸ ਵੱਜਣ ਵਿਚ ਦਸ ਮਿੰਟ ਬਾਕੀ ਹਨ। ਮੈਂ ਫ਼ੈਸਲਾ ਕੀਤਾ ਹੈ। ਸਿੱਧਾ ਸਕੂਲ ਵਿਚ ਹੀ ਵਿੰਦੂ ਕੋਲ ਜਾਵਾਂ।

ਸਟੇਸ਼ਨ ਦੀ ਭੀੜ ਪਾਰ ਕਰਕੇ ਮੈਂ ਇੱਕ ਰਿਕਸਾ ਲਿਆ ਹੈ। ਮਾਡਲ ਟਾਊਨ ਪਹੁੰਚ ਗਿਆ ਹਾਂ। ਵਿੰਦੂ ਸਕੂਲ ਵਿਚ ਹੀ ਹੈ। ਕੰਟੀਨ ਤੋਂ ਉਸ ਨੇ ਮੇਰੇ ਵਾਸਤੇ ਚਾਹ ਮੰਗਵਾਈ ਹੈ। ਸਟਾਫ਼ ਰੂਮ ਵਿਚ ਮੈਂ ਚਾਹ ਪੀਤੀ ਹੈ, ਵਿੰਦੂ ਨੇ ਵੀ, ਉਸ ਦੀਆਂ ਦੋ ਸਾਥੀ ਅਧਿਆਪਕਾਵਾਂ ਨੇ ਵੀ। ਮੈਂ ਬੈਠਾ ਹਾਂ। ਕਹਿਣਾ ਚਾਹੁੰਦਾ ਹਾਂ, ਕਿ ਵਿੰਦੂ ਹੁਣੇ 'ਸੀ-ਲੀਵ' ਲੈ ਲਵੇ। ਪਰ ਉਸ ਦੀਆਂ ਸਾਥੀ ਅਧਿਆਪਕਾਵਾਂ ਉਸ ਕੋਲੋਂ ਹਿੱਲ ਹੀ ਨਹੀਂ ਰਹੀਆਂ। ਉਨ੍ਹਾਂ ਨੇ ਮੇਰੇ ਬਾਰੇ ਵੀ ਉਸ ਤੋਂ ਕੁਝ ਨਹੀਂ ਪੁੱਛਿਆ। ਬਾਅਦ ਵਿਚ ਪੁੱਛਣਗੀਆਂ। ਸ਼ਾਇਦ ਨਾ ਹੀ ਪੁੱਛਣ। ਅੱਧਾ ਘੰਟਾ ਬੀਤ ਗਿਆ ਹੈ। ਪ੍ਰਿੰਸੀਪਲ ਦੀ ਚਪੜਾਸਨ ਦੋ ਵਾਰ ਮੈਨੂੰ ਪ੍ਰਸ਼ਨ-ਵਾਚਕ ਨਜ਼ਰਾਂ ਨਾਲ ਦੇਖ ਗਈ ਹੈ। ਸਟਾਫ਼ ਰੂਮ ਵਿਚ ਅੱਜ ਦੇ ਅੰਗਰੇਜ਼ੀ ਅਖ਼ਬਾਰ ਦੇ ਉਤਲੇ ਦੋ ਵਰਕੇ ਚਾਰ ਤਹਿਆਂ ਮਾਰ ਕੇ ਫੂਕਣੀ ਵਾਂਗ ਗੋਲ ਕੀਤੇ ਇੱਕ ਪਾਸੇ ਸੁੱਟੇ ਪਏ ਮੈਂ ਚੁੱਕਦਾ ਹਾਂ ਤੇ ਖੋਲ੍ਹ ਕੇ ਪੜ੍ਹਨ ਲੱਗਦਾ ਹਾਂ। ਦੋਵੇਂ ਅਧਿਆਪਕਾਵਾਂ ਦੇ ਕਮਰੇ 'ਚੋਂ ਚਲੇ ਜਾਣ ਦੇ ਇੰਤਜ਼ਾਰ ਵਿਚ ਹਾਂ। ਵਿੰਦੂ ਚੁੱਪ ਬੈਠੀ ਹੈ। ਪਤਾ ਨਹੀਂ ਕੀ ਸੋਚ ਰਹੀ ਹੈ। 'ਤੁਸੀਂ ਚੱਲੋ। ਮਾਮੀ ਜੀ ਘਰ ਹੀ ਨੇ।' ਵਿੰਦੂ ਨੇ ਇਸ ਅੰਦਾਜ਼ ਵਿਚ ਕਿਹਾ ਹੈ, ਜਿਵੇਂ ਮੈਂ ਕੁੜੀਆਂ ਦੇ ਸਕੂਲ ਵਿਚ ਬੈਠਾ ਬਹੁਤ ਬੁਰਾ ਲੱਗ ਰਿਹਾ ਹੋਵਾਂ।

ਮੈਂ ਘਰ ਆ ਜਾਂਦਾ ਹਾਂ। ਮਾਮੀ ਜੀ ਨੂੰ ਸਤਿ ਸ੍ਰੀ ਅਕਾਲ ਕਹੀ ਹੈ ਤੇ ਕਮਰੇ ਵਿਚ ਪਲੰਘ 'ਤੇ ਲੇਟ ਗਿਆ ਹਾਂ। ਮੈਨੂੰ ਪੂਰੀ ਆਸ ਹੈ ਕਿ ਵਿੰਦੂ ਛੁੱਟੀ ਲੈ ਕੇ ਘਰ ਆਵੇਗੀ। ਮਾਮੀ ਨੇ ਚਾਹ ਨੂੰ ਪੁੱਛਿਆ ਹੈ। ਮੈਂ ਨਹੀਂ ਕਹਿ ਦਿੱਤਾ ਹੈ ਤੇ ਕਿਹਾ ਹੈ ਕਿ ਰੋਟੀ ਖਾਵਾਂਗਾ। ਸਵੇਰ ਦੀ ਬਣੀ ਸਬਜ਼ੀ ਬਚੀ ਪਈ ਹੈ। ਚਾਰ ਫੁਲਕੇ ਮਾਮੀ ਨੇ ਪਕਾਏ ਹਨ ਤੇ ਮੈਂ ਰੋਟੀ ਖਾ ਲਈ ਹੈ। ਬਾਰਾਂ ਵੱਜ ਚੁੱਕੇ ਹਨ। ਵਿੰਦੂ ਨਹੀਂ ਆਈ ਤੇ ਫਿਰ ਇੱਕ ਵੱਜ ਗਿਆ ਹੈ। ਉਹ ਨਹੀਂ ਆਈ। ਪਲੰਘ 'ਤੇ ਪਿਆ ਮੈਂ ਉਬਾਸੀਆਂ ਲੈ ਰਿਹਾ ਹਾਂ। ਤੇ ਫਿਰ ਮੈਨੂੰ ਨੀਂਦ ਆ ਜਾਂਦੀ ਹੈ। ਦੋ ਵਜੇ ਅਣੀ ਪਟੱਕੇ ਅੱਖ ਖੁੱਲ੍ਹਦੀ ਹੈ। ਮੇਰਾ ਚਿੱਤ ਖੁੱਸ ਰਿਹਾ ਹੈ। ਮਨ ਵਿਚ ਕਾਹਲ ਹੈ। ਅੰਗਾਂ ਵਿਚ ਬੇ-ਚੈਨੀ ਭਰੀ ਹੋਈ ਹੈ। ਵਿੰਦੂ 'ਤੇ ਗੁੱਸਾ ਆਉਂਦਾ ਹੈ। ਪਲੰਘ ਤੋਂ ਉੱਠ ਕੇ ਕਮਰੇ 'ਚ ਬਾਹਰ ਆਉਂਦਾ ਹਾਂ। ਮਾਮੀ ਪਿੰਡੋਂ ਆਈਆਂ ਗੁਆਰੇ ਦੀਆਂ ਫ਼ਲੀਆਂ ਦਾਤ ਨਾਲ ਚੀਰ ਕੇ ਬੋਰੀ 'ਤੇ ਸੁੱਕਣੀਆਂ ਪਾ ਰਹੀ ਹੈ। ਪੁੱਛਿਆ ਹੈ-'ਚਾਹ ਬਣਾਵਾਂ ਭਾਈ? ਮੈਂ ਨਹੀਂ ਕਹਿ ਦਿੱਤਾ ਹੈ। 'ਮੈਂ ਜ਼ਰਾ ਮਾਰਕੀਟ ਜਾ ਆਵਾਂ,

ਮਾਮੀ ਜੀ।' ਕਹਿ ਕੇ ਮੈਂ ਘਰੋਂ ਬਾਹਰ ਆ ਗਿਆ ਹਾਂ। ਮਾਰਕੀਟ ਵਿਚ ਏਧਰ ਓਧਰ ਬੇਫ਼ਾਇਦਾ ਜਿਹਾ ਫਿਰ ਤੁਰ ਰਿਹਾ ਹਾਂ। ਇੱਕ ਹੋਟਲ 'ਤੇ ਇੱਕ ਚਾਹ ਪੀ ਲਈ ਹੈ। ਤਿੰਨ ਵੱਜਣ ਵਾਲੇ ਹੋ ਗਏ ਹਨ। ਵਿੰਦੂ ਘਰ ਆ ਜਾਂਦੀ ਤਾਂ ਚੰਗਾ ਹੀ ਸੀ। ਚਾਰ ਵਜੇ ਤੋਂ ਬਾਅਦ ਤਾਂ ਕਿਰਪਾਲ ਵੀ ਆਉਣ ਵਾਲਾ ਹੋਵੇਗਾ। ਮੇਰੇ ਅੰਦਰਲਾ ਪਾਗਲ ਕਹਿੰਦਾ ਹੈ–ਸਕੂਲ ਜਾਵਾਂ ਤੇ ਗੇਟ ਦੀ ਦੀਵਾਰ ਨਾਲ ਟੱਕਰ ਮਾਰ ਕੇ ਮਰ ਜਾਵਾਂ। ਵਿੰਦੂ ਨੂੰ ਕੁਝ ਤਾਂ ਅਹਿਸਾਸ ਹੋਵੇ।

ਮੈਂ ਘਰ ਜਾਂਦਾ ਹਾਂ। ਮਾਮੀ ਚਾਹ ਬਣਾਉਂਦੀ ਹੈ। ਮੈਂ ਪੀਂਦਾ ਹਾਂ, ਉਹ ਵੀ। ਐਨੇ ਨੂੰ ਚਾਰ ਵੱਜ ਜਾਂਦੇ ਹਨ। ਵਿੰਦੂ ਆ ਜਾਂਦੀ ਹੈ। ਮਾਮੀ ਪੁੱਛਦੀ ਹੈ–'ਚਾਹ?' ਉਹ ਜਵਾਬ ਦੇ ਦਿੰਦੀ ਹੈ। ਦੱਸਦੀ ਹੈ ਕਿ ਚਾਹ ਤਾਂ ਉਸ ਨੇ ਆਪਣੀ ਇੱਕ ਕੁਲੀਗ ਦੇ ਘਰ ਜਾ ਕੇ ਪੀਣੀ ਹੈ। ਉਸ ਦਾ ਮੁੰਡਾ ਐੱਮ.ਬੀ.ਬੀ.ਐੱਸ. ਵਿਚ ਐਡਮਿਟ ਹੋਇਆ ਹੈ। ਇਸ ਖੁਸ਼ੀ ਵਿਚ ਉਹ ਆਪਣੇ ਘਰ ਸਾਰੇ ਸਟਾਫ਼ ਨੂੰ ਚਾਹ ਪਿਆ ਰਹੀ ਹੈ।

'ਰਹੋਗੇ?' ਵਿੰਦੂ ਨੇ ਮੈਥੋਂ ਪੁੱਛਿਆ ਹੈ। ਮੈਂ ਜਲਿਆ ਫੂਕਿਆ ਜਵਾਬ ਦਿੱਤਾ ਹੈ– 'ਹਾਂ, ਸਲਾਹ ਤਾਂ ਹੈ।'

ਮੇਰਾ ਗੁੱਸਾ ਪਤਾ ਨਹੀਂ ਕਿਉਂ ਤੇ ਕਿਵੇਂ ਕਾਫ਼ੂਰ ਹੋ ਗਿਆ ਹੈ। ਹੁਣ ਮੇਰੇ ਅੰਦਰ ਹੀਣਤਾ ਭਰਨ ਲੱਗੀ ਹੈ। ਵਿੰਦੂ ਦਾ ਮੇਰੇ ਵੱਲ ਕੋਈ ਧਿਆਨ ਨਹੀਂ। ਮੈਂ ਚਾਹੁੰਦਾ ਹਾਂ ਕਿ ਉਹ ਮੇਰੇ ਨਾਲ ਗੱਲਾਂ ਕਰੇ। ਬੈਠੇ, ਅਜਿਹੀਆਂ ਗੱਲਾਂ, ਜਿੰਨ੍ਹਾਂ ਨਾਲ ਕੋਈ ਰਾਹਤ ਮਿਲੇ। ਮਨ ਵਿਚ ਤਸਕੀਨ ਆਵੇ। ਪਰ ਵਿੰਦੂ ਹੈ ਕਿ ਮੈਨੂੰ ਛੱਡ ਕੇ ਕੁਲੀਗ ਦੀ ਚਾਹ 'ਤੇ ਚਲੀ ਗਈ ਹੈ। ਬਹਾਨਾ ਲਾਇਆ ਜਾ ਸਕਦਾ ਸੀ। ਮੈਂ ਕੋਈ ਨਿੱਤ ਨਿੱਤ ਤਾਂ ਨਹੀਂ ਆਉਣਾ? ਚਾਹੁੰਦਾ ਹਾਂ ਕਿ ਏਸੇ ਵੇਲੇ ਇਸ ਘਰੋਂ ਬਾਹਰ ਨਿਕਲ ਜਾਵਾਂ। ਕਿਸੇ ਹੋਰ ਘਰ ਰਾਤ ਕੱਟਾਂ। ਹੋਰ ਨਹੀਂ ਤਾਂ ਸਟੇਸ਼ਨ 'ਤੇ ਹੀ ਸੌਂ ਰਵ੍ਹਾਂ। ਸਵੇਰੇ ਗੱਡੀ ਆਵੇ, ਚੜ੍ਹਕੇ ਛੇਤੀ ਬਰਨਾਲੇ ਪਹੁੰਚਾਂ। ਕੀ ਲੈਣਾ ਹੈ, ਇਸ ਕੁੱਤੇ–ਝਾਕ 'ਚੋਂ? ਮੈਂ ਤਾਂ ਬਹੁਤ ਗਿਰ ਗਿਆ ਹਾਂ। ਜਦ ਇਹ ਮੈਨੂੰ ਹੁਣ 'ਸਿਆਣਦੀ' ਹੀ ਨਹੀਂ, ਕਿਉਂ ਚੜ੍ਹਦਾ ਹਾਂ ਮੈਂ ਇਸ ਦੇ ਮੋਢੀਂ? ਬੇਵਕੂਫ਼ੀ ਦੀ ਵੀ ਕੋਈ ਹੱਦ ਹੁੰਦੀ ਹੈ। ਪਰ ਨਹੀਂ, ਮੈਂ ਇੱਥੇ ਹੀ ਰਹਿਣਾ ਚਾਹੁੰਦਾ ਹਾਂ। ਬਹੁਤ ਢੀਠ ਹਾਂ। ਪਤਾ ਨਹੀਂ ਕਿਉਂ? ਵਿੰਦੂ ਦੇ ਮਿੱਠੇ ਲੁੱਚੇ ਵਤੀਰੇ ਨੂੰ ਸੌ ਫ਼ੀਸਦੀ ਸਮਝੀ ਬੈਠਾ ਹਾਂ। ਨਹੀਂ, ਮੈਂ ਕੁਝ ਵੀ ਨਹੀਂ ਸਮਝਿਆ। ਸਮਝਿਆ ਹੁੰਦਾ ਤਾਂ ਐਨੀ ਵਾਰ ਪਟਿਆਲੇ ਦੀ ਭਕਾਈ ਮਾਰ ਕੇ ਨਾ ਜਾਂਦਾ।

ਪਰਸ ਵਿਚੋਂ ਤਸਵੀਰ ਕੱਢ ਕੇ ਮੈਂ ਗਹੁ ਨਾਲ ਦੇਖ ਰਿਹਾ ਹਾਂ। ਪੱਕਾ ਫ਼ੈਸਲਾ ਕਰ ਲਿਆ ਹੈ ਕਿ ਜੇ ਵਿੰਦੂ ਠੀਕ ਰਸਤੇ 'ਤੇ ਨਾ ਆਈ ਤਾਂ ਕੱਲ੍ਹ ਨੂੰ ਇਹ ਤਸਵੀਰ ਕਿਸੇ ਅਖ਼ਬਾਰ ਨੂੰ ਭੇਜ ਦਿਆਂਗਾ।

ਕਿਰਪਾਲ ਆ ਗਿਆ ਹੈ। ਮਾਮੀ ਨੇ ਚਾਹ ਬਣਾਈ ਹੈ।

ਛੇ ਸੱਤ ਵਜੇ ਵਿੰਦੂ ਆਈ ਹੈ। ਮੈਂ ਤੇ ਕਿਰਪਾਲ ਰੋਟੀ ਖਾ ਚੁੱਕੇ ਹਾਂ। ਵਿੰਦੂ ਨੇ ਰੋਟੀ ਖਾਧੀ ਹੈ। ਮੈਂ ਤੇ ਕਿਰਪਾਲ ਗੱਲਾਂ ਕਰ ਰਹੇ ਹਾਂ। ਵਿੰਦੂ ਰਸੋਈ ਵਿਚ ਹੈ। ਪਤਾ ਨਹੀਂ ਕੀ ਕਰ ਰਹੀ ਹੈ। ਕੁਝ ਦੇਰ ਬਾਅਦ ਉਹ ਆਈ ਹੈ। ਪਲੇਟਾਂ ਵਿਚ ਕੜਾਹ ਹੈ। ਪਲੇਟਾਂ ਵਿਚ ਚਮਚੇ ਰੱਖਦਿਆਂ ਉਸ ਨੇ ਮੈਥੋਂ ਪੁੱਛਿਆ–'ਕੜਾਹ ਬੁੱਝੋ ਕਾਹਦਾ ਐ?'

'ਕੜਾਹ ਕੜਾਹ ਹੁੰਦੈ। ਹੋਰ ਕੀ?' ਮੈਂ ਕਿਹਾ ਹੈ।

'ਨਹੀਂ, ਖਾ ਕੇ ਦੱਸੋ।' ਉਸ ਨੇ ਕਿਹਾ ਹੈ। ਕਿਰਪਾਲ ਨੇ ਕੜਾਹ ਖਾਣਾ ਸ਼ੁਰੂ ਕਰ ਦਿੱਤਾ ਹੈ। ਉਹ ਮੁਸਕਰਾ ਰਿਹਾ ਹੈ। ਮੈਂ ਇੱਕ ਚਮਚਾ ਮੂੰਹ ਵਿਚ ਪਾਇਆ ਹੈ। ਮੈਨੂੰ ਕੋਈ ਪਤਾ ਨਹੀਂ ਲੱਗ ਰਿਹਾ। ਕੁਝ ਚਿਰ ਵਿੰਦੂ ਤੇ ਕਿਰਪਾਲ ਦੋਵੇਂ ਹੀ ਮੈਨੂੰ ਕੜਾਹ ਖਾਂਦੇ ਨੂੰ ਦੇਖ ਕੇ ਹੱਸੀ ਜਾਂਦੇ ਹਨ। ਫਿਰ ਵਿੰਦੂ ਨੇ ਦੱਸਿਆ ਹੈ-'ਆਲੂਆਂ ਦਾ ਕੜਾਹ ਐ।'

ਤੇ ਫਿਰ ਵਿੰਦੂ ਨੇ ਦੁੱਧ ਤੱਤਾ ਕਰਕੇ ਅੱਧਾ ਅੱਧਾ ਗਲਾਸ ਸਾਨੂੰ ਦਿੱਤਾ ਹੈ। ਇੱਕ ਗਲਾਸ ਵਿਚ ਥੋੜ੍ਹਾ ਜਿਹਾ ਦੁੱਧ ਆਪ ਲੈ ਕੇ ਉਹ ਸਾਡੇ ਕਮਰੇ ਵਿਚ ਹੀ ਆਰਾਮ ਕੁਰਸੀ 'ਤੇ ਬੈਠ ਗਈ ਹੈ।

'ਤੁਹਾਡੀ ਕਨਫਰਮੇਸ਼ਨ ਹੋ ਗਈ?' ਕੋਈ ਹੋਰ ਗੱਲ ਛਿੜਦੀ ਨਾ ਦੇਖ ਕੇ ਵਿੰਦੂ ਨੇ ਮੈਥੋਂ ਪੁੱਛਿਆ ਹੈ।

'ਤੀਜੀ ਵਾਰ ਹੁਣ ਕੇਸ ਬਣਾ ਕੇ ਭੇਜਿਐ। ਦੇਖੋ।' ਮੈਂ ਦੱਸਿਆ ਹੈ।

'ਕਿਹੜੀਆਂ ਕਿਹੜੀਆਂ ਚੀਜ਼ਾਂ ਹੁੰਦੀਆਂ ਨੇ ਕੇਸ 'ਚ?' ਵਿੰਦੂ ਨੇ ਮੈਥੋਂ ਪੁੱਛਿਆ ਹੈ। ਮੈਂ ਸੋਚਿਆ ਹੈ। ਇਹ ਗੱਲ ਉਸ ਨੇ ਕਿਰਪਾਲ ਕੋਲੋਂ ਕਦੇ ਕਿਉਂ ਨਹੀਂ ਪੁੱਛੀ? ਮੈਂ ਮਹਿਸੂਸ ਕਰ ਰਿਹਾ ਹਾਂ, ਇਹ ਗੱਲ ਸਿਰਫ਼ ਗੱਲ ਕਰਨ ਲਈ ਹੀ ਉਸ ਨੇ ਕੀਤੀ ਹੈ, ਗੱਲ ਜਾਰੀ ਰੱਖਣ ਲਈ ਹੀ। ਮੈਂ ਕਨਫਰਮੇਸ਼ਨ ਬਾਰੇ ਮੋਟੀਆਂ ਮੋਟੀਆਂ ਗੱਲਾਂ ਵਿੰਦੂ ਨੂੰ ਦੱਸਦਾ ਹਾਂ। ਕਿਰਪਾਲ ਸੁਣਦਾ ਰਹਿੰਦਾ ਹੈ। ਉਸ ਦੀ ਚੁੱਪ ਤੋਂ ਮੈਨੂੰ ਮਹਿਸੂਸ ਹੁੰਦਾ ਹੈ ਕਿ ਉਹ ਸਭ ਕੁਝ ਜਾਣਦਾ ਹੈ। ਉਹ ਵੀ ਅਧਿਆਪਕ ਹੈ ਤੇ ਮੈਥੋਂ ਕਿੰਨਾ ਹੀ ਸੀਨੀਅਰ। ਫਿਰ ਅਸੀਂ ਤਿੰਨੇ ਹੀ ਮਹਿਕਮੇ ਨੂੰ ਨਿੰਦਣ ਲੱਗਦੇ ਹਾਂ। ਗੱਲਾਂ ਗੱਲਾਂ ਵਿਚ ਹੀ ਵਿੰਦੂ ਨੇ ਦੱਸਿਆ ਹੈ ਕਿ ਕਿਰਪਾਲ ਤਾਂ ਸ਼ਾਇਦ ਹੁਣ ਹੈੱਡਮਾਸਟਰ ਬਣ ਹੀ ਜਾਏ। ਕਮਿਸ਼ਨ ਨੇ ਪੰਜਾਹ ਪੋਸਟਾਂ ਕੱਢੀਆਂ ਸਨ, ਉਨ੍ਹਾਂ ਵਿਚ ਦਸ ਤਾਂ 'ਇਨ੍ਹਾਂ' ਵਾਸਤੇ ਰਿਜ਼ਰਵ ਹੀ ਹਨ। ਦਸ ਬੰਦੇ ਤਾਂ ਇਹ ਮਸ੍ਹਾਂ ਹੀ ਹੋਣਗੇ। ਵਿੰਦੂ ਬੇਹੱਦ ਖੁਸ਼ ਹੈ ਕਿਰਪਾਲ ਹੈੱਡਮਾਸਟਰ ਬਣ ਜਾਏਗਾ। ਕਿਰਪਾਲ ਕੋਈ ਖੁਸ਼ੀ ਜ਼ਾਹਰ ਨਹੀਂ ਕਰ ਰਿਹਾ। ਸਗੋਂ ਗਿਲਾ ਕਰਦਾ ਹੈ-'ਕੰਪਨਸੇਸ਼ਨ ਦਾ ਸੁਆਦ ਤਾਂ ਤਦ ਆਉਂਦਾ ਹੈ ਜੇ ਸਾਨੂੰ ਸਿੱਧਾ ਈ 'ਹੈੱਡ' ਲੈਂਦੇ। ਵਾਅਦਾ ਤਾਂ ਏਹੀ ਸੀ। ਜੰਗ ਲੱਗੀ ਹੁੰਦੀ ਐ ਓਦੋਂ ਤਾਂ....।' ਮੈਨੂੰ ਨਾ ਤਾਂ ਵਿੰਦੂ ਦੀ ਕਨਫਰਮੇਸ਼ਨ ਵਿਚ ਦਿਲਚਸਪੀ ਹੈ ਤੇ ਨਾ ਹੀ ਕਿਰਪਾਲ ਦੀ ਹੈੱਡਮਾਸਟਰੀ ਵਿਚ। ਬੁਝੇ ਹੋਏ ਮਨ ਨਾਲ ਮੈਂ ਉਨ੍ਹਾਂ ਦੀਆਂ ਗੱਲਾਂ ਦਾ ਹੁੰਗਾਰਾ ਭਰ ਰਿਹਾ ਹਾਂ।

ਬਰਤਨ ਸਾਫ਼ ਕਰਨ ਤੋਂ ਬਾਅਦ ਮਾਮੀ ਸਾਡੇ ਕਮਰੇ ਵਿਚ ਆਈ ਹੈ। ਮੈਂ ਉਸ ਤੋਂ ਪੁੱਛਿਆ ਹੈ-'ਮਾਮਾ ਜੀ, ਕਿੱਥੇ ਨੇ ਅੱਜ?'

'ਚੰਡੀਗੜ੍ਹ। ਸੁਬ੍ਹਾ ਗਏ ਸੀ। ਕੋਈ ਖ਼ਾਸ ਅੜਿੱਕਾ ਈ ਹੋ ਗਿਆ ਲਗਦੈ। ਸਵੇਰੇ ਬੇਸ਼ੱਕ ਔਣ।' ਵਿੰਦੂ ਨੇ ਜਵਾਬ ਦਿੱਤਾ ਹੈ। ਮੈਂ ਤੇ ਕਿਰਪਾਲ ਪਲੰਘ 'ਤੇ ਬੈਠੇ ਹਾਂ। ਵਿੰਦੂ ਨੇ ਬਾਹਰੋਂ ਇੱਕ ਮੰਜਾ ਲਿਆਂਦਾ ਹੈ ਤੇ ਕਿਰਪਾਲ ਦੇ ਪਲੰਘ ਕੋਲ ਡਾਹ ਦਿੱਤਾ ਹੈ। ਮਾਮੀ ਨੇ ਦਰੀ, ਚਾਦਰ, ਸਿਰਹਾਣਾ ਤੇ ਇੱਕ ਖੇਸ ਪੇਟੀ ਵਿਚੋਂ ਕੱਢ ਕੇ ਮੰਜੇ 'ਤੇ ਰੱਖ ਦਿੱਤੇ ਹਨ। ਵਿੰਦੂ ਨੇ ਮੇਰਾ ਬਿਸਤਰਾ ਵਿਛਾ ਦਿੱਤਾ ਹੈ। ਬਿਸਤਰਾ ਵਿਛਾ ਰਹੀ ਉਹ ਮੈਨੂੰ ਆਪਣੀ ਆਪਣੀ ਲੱਗੀ ਹੈ। 'ਸਰਦੀ ਮਹਿਸੂਸ ਤਾਂ ਨਹੀਂ ਕਰੋਂਗੇ? ਕੰਬਲ ਰੱਖਾਂ?' ਵਿੰਦੂ ਨੇ ਮੈਨੂੰ ਪੁੱਛਿਆ ਹੈ।

'ਹਾਂ, ਰੱਖ ਦਿਓ ਕੰਬਲ। ਅੱਧੀ ਰਾਤ ਤੋਂ ਬਾਅਦ ਸਰਦੀ ਹੋ ਜਾਂਦੀ ਐ।' ਮੈਂ ਕਿਹਾ ਹੈ।

'ਆਪਾਂ ਤਾਂ ਬਈ ਅਜੇ ਖੇਸ ਨਾਲ ਈ ਸਾਰਦੇ ਆਂ।' ਕਿਰਪਾਲ ਨੇ ਕਿਹਾ ਹੈ ਤੇ ਉਬਾਸੀ ਲਈ ਹੈ। ਵਿੰਦੂ ਤੇ ਮਾਮੀ ਆਪਣੇ ਕਮਰੇ ਵੱਲ ਚਲੀਆਂ ਗਈਆਂ ਹਨ। ਮੈਂ ਕਿਰਪਾਲ ਨੂੰ ਦੱਸਿਆ ਕਿ ਮੈਂ ਸਵੇਰੇ ਸਾਢੇ ਤਿੰਨ ਵਾਲੀ ਗੱਡੀ ਚੜ੍ਹ ਜਾਵਾਂਗਾ। 'ਅੱਛਿਆ' ਕਹਿ ਕੇ ਉਹ ਚੁੱਪ ਹੋ ਗਿਆ ਤੇ ਥੋੜ੍ਹੀ ਦੇਰ ਬਾਅਦ ਘੁਰਾੜੇ ਮਾਰਨ ਲੱਗਿਆ ਹੈ। ਮੈਂ ਜਾਗ ਰਿਹਾ ਹਾਂ। ਉੱਠ ਕੇ ਲਾਈਟ ਆਫ਼ ਕਰਦਾ ਹਾਂ। ਸੌਂ ਜਾਣ ਦੀ ਕੋਸ਼ਿਸ਼ ਵਿਚ ਹਾਂ। ਨੀਂਦ ਨਹੀਂ ਆ ਰਹੀ। ਬਹੁਤ ਕੁਝ ਸੋਚ ਰਿਹਾ ਹਾਂ। ਖਿਆਲ ਕਿਤੇ ਦੀ ਕਿਤੇ ਉੱਪੜ ਜਾਂਦੇ ਹਨ। ਆਪਣੇ ਆਪ ਵਿਚ ਆਉਣ ਦੀ ਕੋਸ਼ਿਸ਼ ਕਰਦ ਹਾਂ, ਪਰ ਖਿਆਲਾਂ ਦੀ ਰੇਂਜ ਬਹੁਤ ਲੰਮੀ ਰਹਿੰਦੀ ਹੈ। ਗਿਆਰਾਂ ਕੁ ਵਜੇ ਉੱਠ ਕੇ ਬਾਹਰ ਸਿਹਨ ਵਿਚ ਪਿਸ਼ਾਬ ਕਰਨ ਆਇਆ ਹਾਂ। ਵਿੰਦੂ ਵਾਲੇ ਕਮਰੇ ਵਿਚ ਹਨੇਰਾ ਹੈ। ਇਹ ਹਨੇਰਾ ਮੈਨੂੰ ਡਰਾ ਰਿਹਾ ਹੈ। ਸਿਹਨ ਵਿਚ ਦੁਆਦਸ਼ੀ ਦੀ ਚਾਂਦਨੀ ਚੁੱਪ ਚਾਪ ਬੈਠੀ ਹੈ। ਮੇਰੀਆਂ ਅੱਖਾਂ ਨੂੰ ਇਹ ਚਾਨਣ ਸੁਖਾਂਦਾ ਨਹੀਂ। ਵਾਪਸ ਬਿਸਤਰੇ ਵਿਚ ਆ ਕੇ ਲੇਟਿਆ ਹਾਂ ਤਾਂ ਨੀਂਦ ਦਾ ਕੁਝ ਅਭਿਆਸ ਸ਼ੁਰੂ ਹੋਇਆ ਹੈ। ਸੌਂ ਗਿਆ ਹਾਂ। ਦੋ ਵਜੇ ਹੀ ਅੱਖ ਖੁੱਲ੍ਹ ਗਈ ਹੈ। ਘੜੀ ਦਾ ਰੇਡੀਅਮ ਮੱਧਮ ਹੈ। ਲਾਈਟ ਆਨ ਕੀਤੀ ਹੈ। ਦੋ ਹੀ ਵੱਜੇ ਹਨ। ਅੱਧਾ ਘੰਟਾ ਉਸਲਵੱਟੇ ਲੈਂਦਿਆਂ ਗੁਜ਼ਰ ਰਿਹਾ ਹੈ।

ਚੁੱਪ ਕੀਤਾ ਹੀ ਘਰੋਂ ਬਾਹਰ ਹੋਇਆ ਹਾਂ। ਸਟੇਸ਼ਨ 'ਤੇ ਆ ਗਿਆ ਹਾਂ। ਟਿਕਟ ਲਿਆ ਹੈ। ਗੱਡੀ ਲੇਟ ਨਹੀਂ।

ਉਤਲੇ ਫੱਟੇ 'ਤੇ ਚੜ੍ਹ ਕੇ ਸੌਂ ਗਿਆ ਹਾਂ। ਧੂਰੀ ਆ ਕੇ ਜਾਗਿਆ ਹਾਂ। ਚਾਹ ਦਾ ਗਿਲਾਸ ਪੀਤਾ ਹੈ। ਵਿੰਦੂ ਬਾਰੇ ਸੋਚ ਰਿਹਾ ਹਾਂ। ਮੇਰੇ ਮਨ ਵਿਚ ਉਸ ਦੇ ਖ਼ਿਲਾਫ਼ ਕੋਈ ਸ਼ਿਕਾਇਤ ਨਹੀਂ। ਕੋਈ ਗਿਲਾ ਨਹੀਂ। ਵਿੰਦੂ ਦਾ ਅਹਿਸਾਸ ਸਧਾਰਨ ਹੁੰਦਾ ਜਾ ਰਿਹਾ ਹੈ। ਚਾਹ ਦੇ ਪੈਸੇ ਦੇਣ ਲੱਗਿਆਂ ਪਰਸ ਵਿਚੋਂ ਮੈਂ ਤਸਵੀਰ ਵੀ ਕੱਢ ਲੈਂਦਾ ਹਾਂ ਤੇ ਉਸ ਦੇ ਚਾਰ ਟੁਕੜੇ ਕਰਕੇ ਪਲੇਟ ਫਾਰਮ ਤੋਂ ਥੱਲੇ ਰੇਲ ਦੇ ਪਹੀਏ ਕੋਲ ਸੁੱਟ ਦਿੰਦਾ ਹਾਂ। ♦

# ਮੀਂਹ ਵਾਲੀ ਰਾਤ

1

ਬਹੁਤੇ ਤਾਂ ਆਥਣ ਨੂੰ ਹੀ ਪਿੰਡ ਮੁੜ ਆਏ ਸਨ। ਦੂਜੇ ਦਿਨ ਤਾਂ ਸਾਰੇ ਹੀ ਆ ਗਏ ਸਨ। ਚੰਦੋ ਨਹੀਂ ਸੀ ਆਈ। ਉਸ ਦੀਆਂ ਗਵਾਂਢਣਾਂ ਸੋਚਦੀਆਂ ਸਨ, ਚੰਦੋ ਕਿਉਂ ਨਹੀਂ ਆਈ? ਤੇ ਫਿਰ ਕੋਈ ਕਹਿੰਦੀ ਸੀ–ਕੋਈ ਟੋਕਣ ਵਾਲਾ ਈ ਨਹੀਂ, ਜਿੱਥੇ ਮਰਜ਼ੀ ਬੈਠੀ ਰਹੇ। ਪਰ ਬਹੁਤਾ ਘੋਰ-ਮਸੋਰਾ ਤਾਂ ਗਵਾਂਢਣਾਂ ਇਸ ਕਰਕੇ ਕਰਦੀਆਂ ਸਨ, ਕਿਉਂਕਿ ਗੰਡੇ ਕਾ ਚਰਨ ਵੀ ਨਹੀਂ ਸੀ ਮੁੜਿਆ। ਦੋ ਦਿਨ, ਤਿੰਨ ਦਿਨ ਤੇ ਚੌਥਾ ਦਿਨ ਵੀ ਲੰਘ ਗਿਆ ਸੀ, ਪਰ ਚੰਦੋ ਅਜੇ ਪਿੰਡ ਨਹੀਂ ਸੀ ਆਈ ਤੇ ਨਾ ਚਰਨ।

ਉਹ ਦਮਦਮੇ ਦੀ ਵਿਸਾਖੀ ਦੇਖਣ ਹਰ ਸਾਲ ਜਾਇਆ ਕਰਦੀ ਸੀ। ਸੂਬੇਦਾਰ ਜਦੋਂ ਪੈਨਸ਼ਨ ਆਇਆ ਸੀ, ਉਸ ਨੇ ਕੋਈ ਵਿਸਾਖੀ ਖ਼ਾਲੀ ਨਹੀਂ ਸੀ ਜਾਣ ਦਿੱਤੀ। ਹਰ ਸਾਲ ਜਾਂਦਾ ਸੀ ਤੇ ਚੰਦੋ ਨੂੰ ਨਾਲ ਲੈ ਕੇ ਜਾਂਦਾ ਸੀ ਤੇ ਫਿਰ ਜਦ ਉਹ ਮਰ ਗਿਆ ਸੀ ਤਾਂ ਉਹ ਇਕੱਲੀ ਹੀ ਵਿਸਾਖੀ 'ਤੇ ਜਾਇਆ ਕਰਦੀ। ਉਹ ਕਹਿੰਦੀ ਹੁੰਦੀ, ਵਿਸਾਖੀ ਨ੍ਹਾਉਣ ਕਰਨ ਨਾਲ ਸੂਬੇਦਾਰ ਦੀ ਆਤਮਾ ਨੂੰ ਸੁੱਖ ਮਿਲਦੈ। ਮੈਂ ਤਾਂ ਜਾਂਦੀ ਈ ਏਸੇ ਵਾਸਤੇ ਆ। ਏਈ ਤਾਂ ਉਹ ਦੀ ਇੱਕ ਨਿਸ਼ਾਨੀ ਐ।

ਪੰਜਵੇਂ ਦਿਨ ਹਨੇਰੇ ਹੋਏ ਉਹ ਪਿੰਡ ਪਹੁੰਚੀ। ਉਹ ਦੇ ਚੁਬਾਰੇ ਦੀ ਬੱਤੀ ਜਗੀ ਤਾਂ ਸਾਰੇ ਅਗਵਾੜ ਨੂੰ ਪਤਾ ਲੱਗ ਗਿਆ ਕਿ ਸੂਬੇਦਾਰਨੀ ਆ ਗਈ ਹੈ।

ਖਾ ਪੀ ਕੇ ਲੋਕ ਸੌਂ ਚੁੱਕੇ ਸਨ। ਚੰਦੋ ਦੇ ਦਰਵਾਜ਼ੇ ਦਾ ਬਾਹਰਲਾ ਕੁੰਡਾ ਖੜਕਿਆ, ਹੌਲੀ-ਹੌਲੀ। ਉਸ ਨੂੰ ਜਿਵੇਂ ਸੁਣਿਆ ਨਾ ਹੋਵੇ। ਉਹ ਦਰਵਾਜ਼ੇ 'ਤੇ ਹੀ ਬਨੇਰੇ ਦੇ ਕੋਲ ਪਈ ਸੀ। ਸ਼ਾਇਦ ਸੌਂ ਗਈ ਸੀ। ਜਾਗਦੀ ਵੀ ਹੋ ਸਕਦੀ ਸੀ। ਦੂਜੀ ਵਾਰ ਕੁੰਡਾ ਜ਼ੋਰ ਦੀ ਖੜਕਿਆ। ਉਹ ਮੰਜੇ ਉੱਤੋਂ ਨਹੀਂ ਉੱਠੀ। ਕੁੰਡਾ ਖੜਕਾਉਣ ਵਾਲੇ ਨੇ ਵੀਹੀ ਵਿਚੋਂ ਦੋ-ਤਿੰਨ ਪੱਕੇ ਰੋੜੇ ਚੁੱਕੇ ਤੇ ਇੱਕ-ਇੱਕ ਕਰਕੇ ਉਸ ਦੇ ਕੋਠੇ 'ਤੇ ਵਗਾਹ ਮਾਰੇ।

ਕੌਣ ਐਂ ਵੇ ਤੂੰ, ਮੇਰੇ ਪਿਓ ਦਾ ਸਾਲਾ, ਐਸ ਵੇਲੇ? ਉਸ ਨੇ ਮੰਜੇ ਉੱਤੋਂ ਉੱਠ ਕੇ ਤੇ ਬਨੇਰੇ ਉੱਤੋਂ ਦੀ ਗਾਲ੍ਹ ਕੱਢ ਕੇ ਵੀਹੀ ਵਿੱਚ ਕੜਕਵਾਂ ਬੋਲ ਸੁੱਟਿਆ।

ਮੈਂ ਆਂ, ਚਾਚੀ, ਹਰਨੇਕ। ਬਾਰ ਖੋਲ੍ਹੀਂ ਥੱਲੇ ਆ ਕੇ। ਕੰਮ ਐ।

ਕੰਮ ਐਂ ਤਾਂ ਤੜਕੇ ਕੀ ਦਿਨ ਨ੍ਹੀਂ ਚੜੂ? ਅੱਧੀ ਰਾਤ, ਕੀ ਕੰਮ ਐਂ ਤੈਨੂੰ?

ਚੰਗਾ, ਚਾਚੀ ਤੜਕੇ ਸਈ ਫੇਰ। ਕਹਿ ਕੇ ਹਰਨੇਕ ਘਰ ਨੂੰ ਤੁਰ ਗਿਆ। ਗਵਾਂਢ ਵਿੱਚ ਕੋਠਿਆਂ 'ਤੇ ਪਏ ਲੋਕਾਂ ਵਿੱਚੋਂ ਜਿਹੜਾ ਕੋਈ ਜਾਗਦਾ ਸੀ, ਹੈਰਾਨ ਸੀ, ਕੀ ਹੋ

ਗਿਆ ਚੰਦੋ ਨੂੰ? ਹਰਨੇਕ ਨੂੰ ਉਹ ਐਨਾ ਹਰਖ਼ ਕੇ ਕਿਉਂ ਪਈ? ਹਰਨੇਕ ਤਾਂ ਉਹ ਦੇ ਘਰ ਕਿੰਨੇ ਹੀ ਸਾਲਾਂ ਤੋਂ ਆਉਂਦਾ ਸੀ। ਉਹ ਤਾਂ ਸੂਬੇਦਾਰ ਦੇ ਜੀਂਦਿਆਂ ਵੀ ਆਇਆ ਕਰਦਾ ਸੀ। ਹਰਨੇਕ ਬਿਨਾਂ ਤਾਂ ਚੰਦੋ ਸਾਹ ਨਹੀਂ ਸੀ ਲੈਂਦੀ।

2

ਸੂਬੇਦਾਰ ਚੰਨਣ ਸਿੰਘ ਜਦ ਉਸ ਨੂੰ ਵਿਆਹ ਕੇ ਲਿਆਇਆ ਸੀ, ਉਦੋਂ ਤਾਂ ਉਹ ਅਜੇ 'ਉੱਠਦੀ' ਹੀ ਸੀ। ਉਸ ਦੀ ਉਮਰ ਤਾਂ ਮਸ੍ਹਾਂ ਚੌਦਾਂ-ਪੰਦਰਾਂ ਸਾਲ ਸੀ। ਸੂਬੇਦਾਰ ਤਾਂ ਉਸ ਤੋਂ ਦੂੱਗਣਾ ਵੱਡਾ ਸੀ। ਉਹ ਅਜੇ ਹੌਲਦਾਰ ਵੀ ਨਹੀਂ ਸੀ ਬਣਿਆ।

ਜਿੱਥੇ ਕਿਤੇ ਚੰਨਣ ਸਿੰਘ ਨੂੰ 'ਫੈਮਿਲੀ' ਰੱਖਣ ਦੀ ਇਜਾਜ਼ਤ ਹੁੰਦੀ ਉਹ ਚੰਦੋ ਨੂੰ ਲੈ ਜਾਂਦਾ, ਨਹੀਂ ਤਾਂ ਉਹ ਪਿੰਡ ਸੱਸ ਕੋਲ ਰਹਿੰਦੀ। ਸੱਸ ਸੀ ਬੱਸ ਇੱਕ। ਨਾ ਸਹੁਰਾ, ਨਾ ਕੋਈ ਦਿਓਰ, ਜੇਠ। ਕਦੇ ਪੇਕੀਂ ਵੀ ਚਲੀ ਜਾਂਦੀ। ਕੋਈ ਹੁਸਨ ਸੀ ਉਸ 'ਤੇ। ਮਨ ਮੋਹਣੇ ਨਕਸ਼ਾਂ ਵਾਲਾ ਉਹ ਦਾ ਮੁੱਖੜਾ ਤਾਂਬੇ ਵਾਂਗ ਭਖਦਾ ਸੀ।

ਪੇਕੇ ਉਸ ਤੋਂ ਤਪੇ ਹੋਏ ਸਨ। ਜਦ ਕਦੇ ਉਹ ਪੇਕੀ ਜਾਂਦੀ ਤੂਫ਼ਾਨ ਖੜ੍ਹਾ ਹੋ ਜਾਂਦਾ। ਉਹ ਦਾ ਪਿਓ ਜਿੱਚ ਹੋ ਜਾਂਦਾ। ਆਪ ਹੀ ਉਹ ਉਸ ਨੂੰ ਦੀ ਸੱਸ ਕੋਲ ਛੱਡ ਜਾਂਦਾ।

ਸਹੁਰੀਂ ਹੁੰਦੀ ਤਾਂ ਸੱਸ ਤੋਂ ਤਪੀ ਰਹਿੰਦੀ।

ਚੰਦੋ ਜਦ ਆਈ ਹੁੰਦੀ ਤਾਂ ਅਗਵੜਾ ਦੇ ਛੈਲ ਗੱਭਰੂ ਉਨ੍ਹਾਂ ਦੇ ਘਰ ਆਨੀਂ ਬਹਾਨੀ ਗੇੜਾ ਮਾਰਦੇ। ਕੋਈ ਪੁੱਛਦਾ। ਤਾਈ, ਚੰਨਣ ਦੀ ਚਿੱਠੀ ਨ੍ਹੀਂ ਆਈ ਕੋਈ? ਕੋਈ ਪੁੱਛਦਾ, ਚਾਚੀ, ਚੰਨਣ ਹੁਣ ਕਿੱਥੇ ਹੁੰਦੈ? ਛੁੱਟੀ ਕਦੋਂ ਆਊਗਾ? ਤੇ ਕੋਈ ਕਹਿੰਦਾ, ਅੰਮਾ, ਲਿਆ ਟੋਕਾ ਕਰ ਦਿਆਂ ਚਰ੍ਹੀ ਦਾ ਥੋਡਾ-ਮਹਿੰ ਵਾਸਤੇ।

ਬੁੱਢੀ ਸਭ ਗੱਲਾਂ ਜਾਣਦੀ ਸੀ। ਉਸ ਦੀ ਨੂੰਹ ਜਦ ਨਹੀਂ ਹੁੰਦੀ ਤਾਂ ਕਿਉਂ ਨਹੀਂ ਪੁੱਛਣ ਆਉਂਦਾ ਕੋਈ ਚੰਨਣ ਦੀ ਸੁੱਖ-ਸਾਂਦ? ਫਿਰ ਕਿਉਂ ਨਹੀਂ ਕਰਵਾਉਂਦਾ ਕੋਈ ਉਸ ਦੀ ਮਹਿੰ ਵਾਸਤੇ ਟੋਕਾ? ਹੋਰ ਤਾਂ ਹੋਰ ਕਾਕਾ ਘੁਮਿਆਰ ਵੀ ਇੱਕ ਦਿਨ ਸੁਲਾਹ ਮਾਰ ਗਿਆ ਸੀ-ਮੰਜੇ ਦੀ ਚੁਗਾਠ ਜੇ ਕੋਈ ਖ਼ਾਲੀ ਪਈ ਐ ਤਾਂ ਦੱਸ ਦੇ ਤਾਈ, ਥੋਡੇ ਘਰ ਬਹਿ ਕੇ ਈ ਬੁਣ ਦੂੰ ਗਾ। ਬਾਣ ਦਾ ਕਹੇਂ, ਬਾਣ ਦਾ ਬੁਣ ਦੂੰ-ਸੂਤ ਦਾ ਕਹੇਂ, ਸੂਤ ਦਾ ਬੁਣ ਦੂੰ।

ਚੰਨਣ ਸਿੰਘ ਜਦ ਕਦੇ ਉਸ ਨੂੰ ਆਪਣੇ ਨਾਲ ਲੈ ਜਾਂਦਾ, ਸੱਸ ਸੁੱਖ ਦਾ ਸਾਹ ਲੈਂਦੀ। ਪਰ ਚੰਦੋ ਚੰਨਣ ਸਿੰਘ ਨਾਲ ਜਾ ਕੇ ਖ਼ੁਸ਼ ਨਹੀਂ ਸੀ। ਉੱਥੇ ਜਾ ਕੇ ਤਾਂ ਉਹ ਇਉਂ ਸਮਝਦੀ, ਜਿਵੇਂ ਕੈਦਣ ਹੋਵੇ। ਰੋਂਦੀ ਰਹਿੰਦੀ। ਭੋਰਾ ਜੀਅ ਨਾ ਲਾਉਂਦੀ। ਚੰਨਣ ਸਿੰਘ ਬਥੇਰਾ ਪਿਆਰ ਕਰਦਾ, ਚੰਗਾ ਖਵਾਉਂਦਾ-ਪਿਆਉਂਦਾ, ਚੰਗਾ ਪਹਿਨਾਉਂਦਾ। ਤਲੀਆਂ ਝੱਸਣ ਤਾਈਂ ਜਾਂਦਾ, ਪਰ ਨਾਂਹ। ਉਹ ਤਾਂ ਉੱਥੇ ਰਹਿ ਕੇ ਹੀ ਖ਼ੁਸ਼ ਨਹੀਂ ਸੀ।

3

ਸੂਬੇਦਾਰ ਜਦ ਪੈਨਸ਼ਨ ਆਇਆ, ਉਸ ਦੀ ਮਾਂ ਮਰ ਚੁੱਕੀ ਸੀ। ਆਉਣ ਸਾਰ ਪਹਿਲਾਂ ਉਸ ਨੇ ਕੱਚਾ ਘਰ ਢਾਹ ਕੇ ਪੱਕਾ ਪਾਇਆ। ਮੂਹਰੇ ਦਰਵਾਜ਼ਾ। ਦਰਦਾਜ਼ੇ ਦੇ

ਵਿਚ ਹੀ ਇੱਕ ਬੈਠਕ। ਵਿਹੜੇ ਵਿਚ ਇੱਕ ਪਾਸੇ ਰਸੋਈ ਤੇ ਇੱਕ ਪਾਸੇ ਗੁਸਲਖ਼ਾਨਾ। ਪਿਛਲੇ ਪਾਸੇ ਦੋ ਸਬ੍ਹਾਤਾਂ। ਇੱਕ ਡੰਗਰ-ਪਸ਼ੂ ਤੇ ਨੀਰੇ ਦਾਣੇ ਵਾਸਤੇ, ਇੱਕ ਸਮਾਨ ਆਦਿ ਰੱਖਣ ਲਈ ਵਸੋਂ ਵਾਲੀ। ਇੱਕ ਸਬ੍ਹਾਤ 'ਤੇ ਸਬ੍ਹਾਤ ਜਿੱਡਾ ਹੀ ਚੁਬਾਰਾ।

ਜੱਦੀ ਜ਼ਮੀਨ ਉਸ ਕੋਲ ਦਸ ਕਿੱਲੇ ਸੀ। ਜਿੰਨਾ ਚਿਰ ਉਹ ਨੌਕਰੀ ਵਿੱਚ ਰਿਹਾ, ਜ਼ਮੀਨ ਨੂੰ 'ਠੇਕੇ' 'ਤੇ ਦਿੰਦਾ ਰਿਹਾ। ਕਦੇ-ਕਦੇ 'ਹਿੱਸੇ' 'ਤੇ ਵੀ ਦੇ ਦਿੰਦਾ ਸੀ। ਪੈਨਸ਼ਨ ਆ ਕੇ ਉਸ ਨੇ ਸੱਤ ਕਿੱਲੇ ਜ਼ਮੀਨ ਹੋਰ ਖਰੀਦ ਲਈ ਸੀ। ਆਪ ਵਾਹੀ ਕਰਵਾਈ। ਇੱਕ ਸੀਰੀ, ਇੱਕ ਕਾਮਾ। ਇੱਕ ਜੋੜੀ ਬਲ਼ਦ। ਆਪ ਉਹ ਉਤਲੇ ਕੰਮ 'ਤੇ ਰਹਿੰਦਾ ਸੀ। ਪਰ ਵਾਹੀ ਦਾ ਕੰਮ ਉਹ ਤਿੰਨ-ਚਾਰਾ ਸਾਲਾਂ ਤੋਂ ਵੱਧ ਨਾ ਚਲਾ ਸਕਿਆ। ਚੰਦੋ ਨੂੰ ਵੀ ਇਹ ਕੰਮ ਪਸੰਦ ਨਹੀਂ ਸੀ। ਐਨੇ-ਐਨੇ ਬੰਦਿਆਂ ਦੀਆਂ ਰੋਟੀਆਂ ਉਸ ਤੋਂ ਖੇਤ ਢੋਈਆਂ ਨਹੀਂ ਸੀ ਜਾਂਦੀਆਂ। ਹੋਰ ਕਿੰਨੇ ਹੀ ਕੰਮ। ਉਸ ਨੂੰ ਸਾਹ ਲੈਣਾ ਔਖਾ ਹੋ ਗਿਆ ਸੀ। ਉਹ ਤਾਂ ਹਰ ਵੇਲੇ ਖੇਤੀ ਦੇ ਕੰਮ ਵਿੱਚ ਹੀ ਰੁੱਝੀ ਰਹਿੰਦੀ ਸੀ। ਅਖ਼ੀਰ ਸੂਬੇਦਾਰ ਨੇ ਸਾਰੀ ਜ਼ਮੀਨ 'ਹਿੱਸੇ' 'ਤੇ ਦੇਣੀ ਅਰੰਭ ਕਰ ਦਿੱਤੀ। ਦਾਣਿਆ ਦੀਆਂ ਬੋਰੀਆਂ ਛੱਤ ਨਾਲ ਲੱਗੀਆਂ ਰਹਿੰਦੀਆਂ। ਵਾਧੂ ਤੂੜੀ ਵੇਚ ਦਿੱਤੀ ਜਾਂਦੀ। ਪੈਨਸ਼ਨ ਆਉਂਦੀ ਸੀ। ਰੁਪਈਏ-ਪੈਸੇ ਦਾ ਤੋੜਾ ਨਹੀਂ ਸੀ।

ਇੱਕ ਘਾਟ ਸੀ। ਚੰਦੋ ਢਿੱਡੋਂ ਨਹੀਂ ਸੀ ਫੁੱਟੀ। ਹੁਣ ਤਾਂ ਉਮੀਦ ਵੀ ਕੋਈ ਨਹੀਂ ਸੀ। ਚੰਦੋ ਦਾ ਸਰੀਰ ਫੁੱਲ ਗਿਆ ਸੀ। ਪੰਜਣੀਆਂ ਭਾਰੀ ਹੋ ਗਈਆਂ ਸਨ। ਗਰਦਨ ਵਿੱਚ ਦੋ-ਤਿਨ ਚੂੜੀਆਂ ਪੈਂਦੀਆਂ ਨਜ਼ਰ ਆਉਂਦੀਆਂ ਸਨ।

ਸੂਬੇਦਾਰ ਦਿਨੋ-ਦਿਨ ਥਿਵਦਾ ਜਾਂਦਾ ਸੀ।

ਸ਼ਰਾਬ ਪਰ ਉਹ ਨਿੱਤ ਪੀਂਦਾ ਸੀ। ਚੌਥੇ ਪੰਜਵੇਂ ਦਿਨ ਮਾਸ ਵੀ ਰਿੱਝਦਾ। ਕਦੇ-ਕਦੇ ਤਾਂ ਚੰਦੋ ਵੀ ਘੁੱਟ ਪੀ ਲੈਂਦੀ। ਮਾਸ ਤਾਂ ਉਹ ਖਾ ਹੀ ਲੈਂਦੀ ਸੀ। ਸ਼ਰਾਬ ਪੀਣ ਤੇ ਮਾਸ ਖਾਣ ਦੀ ਆਦਤ ਉਸ ਨੂੰ ਚੰਨਣ ਸਿੰਘ ਨੇ ਆਪ ਹੀ ਪਾਈ ਸੀ। ਜਦ ਉਹ ਫ਼ੌਜ ਵਿੱਚ ਸੀ, ਉਸ ਨੇ ਦੇਖਿਆ ਸੀ ਕਿ ਵੱਡੇ-ਵੱਡੇ ਅਫ਼ਸਰਾਂ ਦੀਆਂ ਤੀਵੀਆਂ ਸ਼ਰਾਬ ਪੀ ਲੈਂਦੀਆਂ ਸਨ ਤੇ ਮਾਸ ਵੀ ਖਾਂਦੀਆਂ ਹਨ। ਸੋ ਜਦੋਂ ਚੰਦੋ ਉਸ ਕੋਲ ਆਈ ਹੁੰਦੀ, ਉਹ ਨਿੱਤ ਹੀ ਉਸ ਨੂੰ ਮੱਲੋ-ਮੱਲੀ ਛੋਟਾ ਜਿਹਾ ਪੈੱਗ ਪਿਆ ਦਿੰਦਾ ਸੀ। ਪਹਿਲੇ ਦਿਨ ਤਾਂ ਪਸ਼ੂ ਵਾਂਗ ਢਾਹ ਕੇ ਉਸ ਨੇ ਉਸ ਦੇ ਮੂੰਹ ਵਿੱਚ ਸ਼ਰਾਬ ਪਾਈ ਸੀ। ਮਾਸ ਖਾਣ ਤੋਂ ਵੀ ਚੰਦੋ ਨੂੰ ਕਚਿਆਣ ਜਿਹੀ ਆਉਂਦੀ। ਪਰ ਉਸ ਨੇ ਚੰਦੋ ਦਾ ਇਹ ਹਿਕ-ਧੜੱਕਾ ਵੀ ਚੁੱਕ ਦਿੱਤਾ ਸੀ। ਫਿਰ ਤਾਂ ਚੰਦੋ ਆਪ ਹੀ ਸ਼ਰਾਬ ਪੀ ਲੈਂਦੀ, ਆਪ ਹੀ ਮਾਸ ਖਾ ਲੈਂਦੀ। ਸੂਬੇਦਾਰ ਖ਼ੁਸ਼ ਸੀ।

ਹੁਣ ਪਿੰਡ ਵਿੱਚ ਜਦੋਂ ਉਹ ਸ਼ਰਾਬ ਪੀਂਦਾ ਤਾਂ ਕਦੇ-ਕਦੇ ਅਗਵਾੜ ਦੇ ਕਿਸੇ ਚੋਬਰ ਨੂੰ ਵੀ ਘਰ ਸੱਦ ਲੈਂਦਾ। ਕਿਸੇ ਚੋਬਰ ਮੁੰਡੇ ਨਾਲ ਸ਼ਰਾਬ ਪੀ ਕੇ ਜਿਵੇਂ ਉਹ ਆਪਣੀ ਬੀਤ ਚੁੱਕੀ ਜਵਾਨੀ ਨੂੰ ਵਾਪਸ ਬੁਲਾ ਲੈਂਦਾ ਹੋਵੇ। ਅਜਿਹਾ ਉਸ ਨੂੰ ਮਹਿਸੂਸ ਹੁੰਦਾ। ਕਦੇ-ਕਦੇ ਤਾਂ ਦੋ-ਦੋ, ਤਿੰਨ-ਤਿੰਨ ਨੌਜਵਾਨ ਮੁੰਡੇ ਵੀ ਉਸ ਕੋਲ ਆ ਜਾਂਦੇ। ਸ਼ਰਾਬ ਦੀ ਬੋਤਲ ਵੀ ਉਹ ਆਪ ਲੈ ਕੇ ਆਉਂਦੇ।

ਹਰਨੇਕ ਚੌਥੇ-ਪੰਜਵੇਂ ਦਿਨ ਹੀ ਬੋਤਲ ਲੈ ਕੇ ਆ ਬਹਿੰਦਾ ਸੀ। ਚੰਦੋ ਨੂੰ ਚਾਚੀ ਕਹਿੰਦਾ। ਸੂਬੇਦਾਰ ਨੂੰ ਬਾਪੂ ਕਹਿਣ ਤਾਈਂ ਜਾਂਦਾ।

ਉਸ ਦੀ ਆਪਣੀ ਪਤਨੀ ਦੇਖਣ ਨੂੰ ਮਾੜੀ ਨਹੀਂ ਸੀ। ਦੋ ਮੁੰਡੇ ਸਨ। ਮੁੰਡਿਆਂ ਤੋਂ ਵੱਡੀ ਇੱਕ ਕੁੜੀ ਸੀ। ਕੁੜੀ ਮੁਟਿਆਰ ਸੀ, ਵਿਆਹੁਣ ਵਾਲੀ। ਜ਼ਮੀਨ ਸੀ। ਘਰ ਸੀ ਵਧੀਆ। ਸਭ ਕੁਝ ਸੀ। ਖੁਰਲੀ ਵਿੱਚ ਕਿੰਨਾ ਕੁਝ ਪਿਆ ਹੋਵੇ, ਪਰ ਜਿਸ ਪਸ਼ੂ ਨੂੰ ਰੱਸੇ ਚੱਬਣ ਦੀ ਬਾਣ ਪੈ ਜਾਵੇ, ਉਹ ਦਾ ਕੋਈ ਕੀ ਕਰੇ? ਹਰਨੇਕ ਚੰਦੋ ਦਾ ਖਹਿੜਾ ਨਹੀਂ ਸੀ ਛੱਡਦਾ।

ਉਸ ਦੀ ਪਤਨੀ ਨੂੰ ਸਭ ਪਤਾ ਸੀ। ਕਦੇ-ਕਦੇ ਤਾਂ ਉਹ ਬਹੁਤੀ ਹੀ ਪਿੱਟ ਉੱਠਦੀ। ਚੰਦੋ ਦੇ ਘਰ ਆਉਂਦੀ। ਉਸ ਨੂੰ ਬੇਸਬਰੀਆਂ ਗਾਲ੍ਹਾਂ ਦਿੰਦੀ। ਪੱਟਾਂ 'ਤੇ ਦੁਹੱਥੜ ਮਾਰ ਕੇ ਵਿਲਕਦੀ। ਹਿੱਕ ਕੁੱਟਦੀ। ਗੁੰਡੀਏ, ਲੰਡਰੇ, ਜੇ ਤੂੰ ਸੁੰਡ ਚੱਲ ਕੇ ਨਾ ਮਰੇਂ ਤਾਂ ਮੈਨੂੰ ਜੱਟ ਦੀ ਧੀ ਨਾ ਆਖੀਂ। ਪਾਪਣੇ, ਹਤਿਆਰੀਏ, ਦੁਖਸਮੀਏ, ਰੱਬ ਦਾ ਖ਼ੌਫ਼ ਕਰ। ਹੱਡ ਚੂਸਦੀ ਐਂ, ਮੂਤ ਪੀਨੀ ਐਂ, ਧਗੜੇ ਨੂੰ ਅੰਦਰ ਵਾੜ ਕੇ ਬਹਿ ਜਾਨੀ ਐਂ। ਕੰਜਰ, ਤੇਰਾ ਸੂਬੇਦਾਰ ਦਾੜੀ ਕਿਉਂ ਨ੍ਹੀਂ ਮੁਨਾ ਦਿੰਦਾ?

ਚੰਦੋ ਦੋ-ਚਾਰ ਗਾਲ੍ਹਾਂ ਮੋੜਵੀਆਂ ਦਿੰਦੀ ਤਾਂ ਸਹੀ? ਪਰ ਹਰਨੇਕ ਦੀ ਤੀਵੀਂ ਨਾਲ ਉਸ ਤੋਂ ਐਨਾ ਮੜਿਕਿਆਂ ਨਹੀਂ ਸੀ ਜਾਂਦਾ। ਉਹ ਦਰਵਾਜ਼ੇ ਦਾ ਬਾਰ ਝੰਬ ਕੇ ਚੁਬਾਰੇ ਜਾ ਚੜ੍ਹਦੀ।

ਹਰਨੇਕ ਦੀ ਤੀਵੀਂ ਕੋਲ ਵਿਹੜੇ ਦੀਆਂ ਹੋਰ ਤੀਵੀਆਂ ਇਕੱਠੀਆਂ ਹੋ ਜਾਂਦੀਆਂ। ਉਸ ਦੀਆਂ ਮਸਾਲੇਦਾਰ ਗਾਲ੍ਹਾਂ ਨੂੰ ਦਿਲਚਸਪੀ ਨਾਲ ਸੁਣਦੀਆਂ ਤੇ ਮੁਸਕੜੀਏਂ ਹੱਸਦੀਆਂ। ਕੋਈ ਤਾਂ ਤਾੜੀ ਮਾਰ ਕੇ ਨੱਠ ਜਾਂਦੀ। ਹਰਨੇਕ ਦੀ ਤੀਵੀਂ ਦੇ ਪੱਲੇ ਗਾਲ੍ਹਾਂ ਹੀ ਗਾਲ੍ਹਾਂ ਸਨ। ਉਹ ਤਾਂ ਕੱਚੀ ਘੜੀ ਵੀ ਉਹ ਦਾ ਵਰਜਿਆ ਨਹੀਂ ਸੀ ਰਹਿੰਦਾ।

ਉਹ ਬੋਤਲ ਲੈ ਕੇ ਸੂਬੇਦਾਰ ਦੇ ਘਰ ਜਾਂਦਾ। ਜਾਂਦਾ, ਪਰ ਦਿਨ ਛਿਪੇ। ਉਹ ਦੋਵੇਂ ਪੀਣ ਲੱਗ ਪੈਂਦੇ। ਸੂਬੇਦਾਰ ਫ਼ੌਜ ਦੀਆਂ ਗੱਲਾਂ ਛੇੜ ਲੈਂਦਾ। ਹਰਨੇਕ ਹੁੰਗਾਰਾ ਭਰਦਾ ਰਹਿੰਦਾ। ਕੁਰਸੀ ਤੇ ਮੰਜੇ ਵਿਚਾਲੇ ਉਹ ਲੋਹੇ ਦਾ ਮੂਹੜਾ ਡਾਹ ਲੈਂਦੇ। ਕਾਂਸੀ ਦੇ ਕੋਲ ਵਿੱਚ ਅੰਬ ਦਾ ਅਚਾਰ ਤੇ ਚੀਰੇ ਹੋਏ ਗਠੇ ਪਾ ਕੇ ਮੂਹੜੇ 'ਤੇ ਧਰ ਲੈਂਦੇ। ਇੱਕੋ ਗਲਾਸ ਵਿੱਚ ਸ਼ਰਾਬ ਪੀਂਦੇ ਤੇ ਅਚਾਰ ਦੀਆਂ ਸਣੇ ਗੁਠਲੀ ਫਾੜੀਆਂ ਚੂਸਦੇ। ਹਰ ਵਾਰ ਹਰਨੇਕ ਸੂਬੇਦਾਰ ਨੂੰ ਥੋੜ੍ਹਾ ਜਿਹਾ ਚੁੱਕਵਾਂ ਪੈੱਗ ਪਾ ਦਿੰਦਾ। ਸੂਬੇਦਾਰ ਦੀ ਜ਼ਬਾਨ ਜਦ ਥਿੜਕਣ ਲੱਗ ਪੈਂਦੀ, ਉਹ ਡਬਲ ਪੈੱਗ ਪਾ ਕੇ ਉਸ ਨੂੰ ਮੱਲੋ-ਮੱਲੀ ਪਿਆ ਦਿੰਦਾ। ਸੂਬੇਦਾਰ ਮੰਜੇ 'ਤੇ ਲਿਟ ਜਾਂਦਾ ਤੇ ਕਮਲੀਆਂ ਬੋਲੀਆਂ ਮਾਰਦਾ ਮਾਰਦਾ। ਅੱਖ ਬਚਾ ਕੇ ਹਰਨੇਕ ਇੱਕ ਛੋਟਾ ਜਿਹਾ ਪੈੱਗ ਪਾਉਂਦਾ ਤੇ ਚੁੱਲ੍ਹੇ ਕੋਲ ਬੈਠੀ ਚੰਦੋ ਨੂੰ ਫੜਾ ਆਉਂਦਾ। ਆਪ ਅਚਾਰ ਖਾ-ਖਾ ਨਸ਼ੇ ਨੂੰ ਘੱਟ ਕਰਨ ਦੀ ਕੋਸ਼ਿਸ਼ ਕਰਦਾ। ਸੂਬੇਦਾਰ ਨੂੰ ਬਾਹੋਂ ਫੜ ਕੇ ਬੈਠਾ ਕਰਦਾ ਤੇ ਇੱਕ ਭਰਵਾਂ ਪੈੱਗ ਉਸ ਸੰਘੋਂ ਥੱਲੇ ਉਤਾਰ ਦਿੰਦਾ। ਉਹ ਹਿਚਕੀਆਂ ਲੈਂਦਾ। ਪਾਣੀ ਦੀਆਂ ਘੁੱਟਾਂ ਕੁਰਲੀਆਂ ਕਰਕੇ ਸੁੱਟਦਾ। ਬੇਹੋਸ਼ ਹੋ ਜਾਂਦਾ। ਹਰਨੇਕ ਰਸੋਈ ਵਿੱਚ ਜਾਂਦਾ। ਚੰਦੋ ਨੂੰ ਡੌਲਿਓਂ ਫੜ ਕੇ ਸਬ੍ਹਾਤ ਵਿੱਚ ਲੈ ਜਾਂਦਾ।

ਤੜਕੇ ਉੱਠ ਕੇ ਚੰਦੋ ਸੂਬੇਦਾਰ ਨੂੰ ਘੁਰਕੀਆਂ ਲੈ-ਲੈ ਪੈਂਦੀ-ਕੰਜਰਾਂ ਦਾ ਘਰ ਬਣਾ ਛੱਡਿਐ। ਨਿੱਤ ਸ਼ਰਾਬ, ਨਿੱਤ ਸ਼ਰਾਬ। ਪੀਣੀ ਹੁੰਦੀ ਐ ਤਾਂ ਥੋੜ੍ਹੀ ਝੁਲਸਿਆ ਕਰ। ਮੂੰਹ ਟੱਡ ਕੇ ਪੈ ਜਾਨੈ। ਰੋਟੀ ਖਾਣ ਦੀ ਸੁਰਤ ਰਹਿੰਦੀ ਐ ਕੋਈ? ਔਣ ਦੇ ਅੱਜ ਹਰਨੇਕ ਨੂੰ, ਔਤ ਦੇ ਜਾਣੇ ਨੂੰ। ਉਹ ਦੀ ਮੁੰਨੂੰ ਦਾੜ੍ਹੀ ਠੇਠੇਰ ਦੀ।

ਨ੍ਹੀਂ ਜਾਣ ਦੇ ਹੁਣ ਪੈਣ ਦੇਣੇ ਦੀਏ। ਬੱਸ ਵੀ ਕਰ। ਦੋ ਘੁੱਟਾਂ ਬਹਿ ਕੇ ਪੀ ਲੈਨੇ ਆਂ, ਤੇਰਾ ਕੀ ਦੱਸ ਵਿਹੜਾ ਨੀਵਾਂ ਹੋ ਜਾਂਦੈ? ਸੂਬੇਦਾਰ ਲਾਚੜ ਕੇ ਬੋਲਦਾ।

ਨਾਂਹ, ਕੋਈ ਲੋੜ ਨ੍ਹੀਂ ਬੱਸ। ਅੱਜ ਤੋਂ ਮੁੱਕਿਆ ਸਭ ਕੁਸ। ਪੀਣੀ ਹੁੰਦੀ ਐ ਤਾਂ ਬਾਹਰ ਕਿਤੇ ਨਿੱਜ ਆਇਆ ਕਰ। ਇੱਥੇ ਨਿੱਤ ਘਰੇ ਝੱਜੂ ਪੌਣ ਦੀ ਜ਼ਰੂਰਤ ਨ੍ਹੀਂ। ਚੰਦੋ ਅੰਦਰੋਂ ਖ਼ੁਸ਼, ਪਰ ਬਾਹਰੋਂ ਮੱਥੇ 'ਤੇ ਤਿਊੜੀਆਂ ਪਾ ਕੇ ਬੁੜ੍ਹਕਦੀ।

ਚੰਗਾ, ਪੀ ਆਇਆ ਕਰਾਂਗੇ ਬਾਹਰ ਕਿਤੇ। ਤੂੰ ਡੱਬੀ 'ਚ ਪਾ ਕੇ ਰੱਖ ਆਵਦੀ ਹਵੇਲੀ ਨੂੰ। ਤੇ ਫਿਰ ਕਹਿ ਦਿੰਦਾ, ਵੱਡੀ ਆ 'ਗੀ। ਇਹ ਘਰ ਦੀ ਮਾਲਕਣ? ਤੇ ਫਿਰ ਹੱਕ ਨੂੰ ਮੋਢਿਆਂ ਤੋਂ ਉਤਾਂਹ ਲਿਜਾ ਕੇ ਅਲਸਾਈ ਅਵਾਜ਼ ਵਿੱਚ ਵਿੱਚ ਬੋਲਦਾ, ਖਾਣ ਪੀਣ ਈ ਰਹਿ ਜਾਣੈ, ਕਮਲੀਏ। ਕੀ ਲੈ ਜਾਣੈ, ਏਸ ਜੱਗ ਤੋਂ?

ਚੰਦੋ ਦਾ ਓਪਰਾ-ਓਪਰਾ ਗੁੱਸਾ ਠੰਡਾ ਹੋ ਚੁੱਕਿਆ ਹੁੰਦਾ।

4

ਇੱਕ ਸੀ ਪਟਵਾਰੀ ਕੁੰਦਨ ਲਾਲਾ।

ਉਹ ਉਸ ਪਿੰਡ ਵਿੱਚ ਚਾਰ-ਪੰਜ ਸਾਲ ਤੋਂ ਰਹਿ ਰਿਹਾ ਸੀ। ਹੱਟਾ-ਕੱਟਾ, ਜਾਤ ਦਾ ਬਾਣੀਆ। ਪਰ ਖਾਣ ਪੀਣ ਸਾਰਾ ਜੱਟਾਂ ਵਾਲਾ। ਤੀਜੇ-ਚੌਥੇ ਦਿਨ ਮੁਰਗਾ ਰਿੰਨ੍ਹਦਾ। ਘਰ ਦੀ ਕੱਢੀ ਸ਼ਰਾਬ ਦੀ ਬੋਤਲ ਤਾਂ ਉਸ ਕੋਲ ਪਈ ਹੀ ਰਹਿੰਦੀ। ਮੁਫ਼ਤ ਦੀ। ਕਦੇ-ਕੋਈ ਦੇ ਜਾਂਦਾ, ਕਦੇ ਕੋਈ। ਉਸ ਦੀ ਘਰਵਾਲੀ ਤੇ ਜਵਾਕ ਉਸ ਦੇ ਆਪਣੇ ਪਿੰਡ ਰਹਿੰਦੇ ਸਨ। ਆਪਣੇ ਪਿੰਡ ਤਾਂ ਉਹ ਮਹੀਨੇ ਪਿੱਛੋਂ ਗੇੜਾ ਮਾਰਦਾ।

ਪਿਛਲੇ ਇੱਕ ਸਾਲ ਤੋਂ ਸੂਬੇਦਾਰ ਦੇ ਘਰ ਉਹ ਦਾ ਆਉਣ ਜਾਣ ਸੀ। ਕਦੇ ਪਟਵਾਰੀ ਸੂਬੇਦਾਰ ਨੂੰ ਪਟਵਾਰਖ਼ਾਨੇ ਸੱਦ ਲੈਂਦਾ ਤੇ ਕਦੇ ਸੂਬੇਦਾਰ ਪਟਵਾਰੀ ਨੂੰ ਆਪਣੇ ਘਰ। ਬੋਤਲ ਦਾ ਇੰਤਜ਼ਾਮ ਹਮੇਸ਼ਾ ਹੀ ਪਟਵਾਰੀ ਕਰਦਾ।

ਸੂਬੇਦਾਰ ਖੇਤਾਂ ਵੱਲ ਗੇੜਾ ਮਾਰਨ ਗਿਆ ਹੁੰਦਾ ਕਦੇ ਸ਼ਹਿਰ ਚਲਿਆ ਜਾਂਦਾ ਜਾਂ ਜਿਸ ਦਿਨ ਉਹ ਪੈਨਸ਼ਨ ਲੈਣ ਗਿਆ ਹੁੰਦਾ ਤਾਂ ਪਟਵਾਰੀ ਜ਼ਰੂਰ ਹੀ ਉਸ ਦੇ ਘਰ ਜਾਂਦਾ। ਪਟਵਾਰੀ ਨੇ ਗੇਂਦੇ ਚੌਕੀਦਾਰ ਨੂੰ ਚਾਟ 'ਤੇ ਲਾਇਆ ਹੋਇਆ ਸੀ। ਉਹ ਸੂਬੇਦਾਰ ਦੇ ਘਰੋਂ ਬਾਹਰ ਜਾਣ ਦੀ ਬਿੜਕ ਰੱਖਦਾ। ਚੰਦੋ ਕੁੰਦਨ ਪਟਵਾਰੀ ਨੂੰ ਚਾਹੁੰਦੀ ਵੀ ਸੀ। ਮੱਲਾਂ ਵਾਂਗ ਉਸ ਨੂੰ ਪਾਲਦੀ ਸੀ। ਡੋਲੂ ਘਿਓ ਦਾ ਭਰ ਕੇ ਗੇਂਦੇ ਨੂੰ ਫੜਾ ਦਿੰਦੀ। ਪੰਦਰੀਂ-ਵੀਹੀਂ ਦਿਨੀਂ ਹੀ। ਹਰਨੇਕ ਨਾਲੋਂ ਪਟਵਾਰੀ ਦਾ ਤਿਹੁ ਉਹ ਬਹੁਤ ਕਰਦੀ। ਉਸ ਦਾ ਤਾਂ ਰੰਗ ਹੀ ਹੋਰ ਸੀ। ਉਹ ਤਾਂ ਧਰਤੀ ਹਿਲਾ ਦਿੰਦਾ।

5

ਕਦੇ-ਕਦੇ ਉਹ ਸੋਚਦੀ, ਕਿੰਨੀ ਪਾਪਣ ਹੈ। ਕਿੰਨੀ ਬੇਸ਼ਰਮ। ਉਸ ਨੂੰ ਤਾਂ ਚੜ੍ਹੀ ਲੱਥੀ ਦੀ ਸੁਰਤ ਹੀ ਨਹੀਂ।

ਜਦ ਕਦੇ ਉਹ ਸੱਥ ਵਿੱਚ ਦੀ ਲੰਘਦੀ, ਹਥਾਈ ਦੀ ਚੌਕੜੀ 'ਤੇ ਬੈਠੀ ਲੰਡੋਰ ਢਾਣੀ ਉਸ ਨੂੰ ਬੋਲੀਆਂ ਮਾਰਦੀ, ਖੰਡ ਦੀ ਬੋਰੀ ਐ, ਜੀਹਦੀ ਮਰਜ਼ੀ ਫੱਕਾਂ ਮਾਰ ਲੋ।

ਕਦੇ ਉਹ ਦੇ ਨਾਲ ਕੋਈ ਗਵਾਂਢਣ ਲੜ ਪੈਂਦੀ ਤਾਂ ਕਹਿੰਦੀ, ਨੀ, ਤੂੰ ਕੀ ਬੋਲਣ ਨੂੰ ਮਰਦੀ ਐਂ? ਸਾਰੇ ਪਿੰਡ ਦੀ ਚਗਲ।

ਚੰਦੋ ਨੂੰ ਕੋਈ ਗੱਲ ਨਾ ਔੜਦੀ। ਉਹ ਕੋਈ ਜਵਾਬ ਨਾ ਕਰ ਸਕਦੀ। ਕੀ ਜਵਾਬ ਕਰਦੀ ਭਲਾ ਉਹ?

ਕੀ ਕਰਦੀ ਉਹ? ਉਸ ਦੀ ਜ਼ਿੰਦਗੀ ਤਾਂ ਵਿਅਰਥ ਬੀਤੀ ਜਾ ਰਹੀ ਸੀ। ਸੂਬੇਦਾਰ ਬੁੱਢਾ ਹੋ ਗਿਆ ਸੀ। ਗੋਡਿਆਂ ਵਿੱਚ ਦਰਦ ਰਹਿੰਦਾ। ਢੂਹੀ ਵਿੱਚ ਕੁੱਬ। ਨੀਂਦ ਨਹੀਂ ਸੀ ਆਉਂਦੀ। ਉਹ ਉਸ ਨੂੰ ਦੁੱਧ ਵਿੱਚ ਘਿਓ ਪਾ-ਪਾ ਪਿਆਉਂਦੀ। ਸਿਆਲ ਦੀ ਰੁੱਤ ਵਿੱਚ ਮੇਥਿਆਂ ਦੀ ਦਸ-ਦਸ ਸੇਰ ਪੰਜੀਰੀ ਰਲਾ ਕੇ ਦਿੰਦੀ, ਪਰ ਸੂਬੇਦਾਰ ਵਿੱਚ ਤਾਂ ਕਣ ਹੀ ਨਹੀਂ ਸੀ ਭਰਦਾ। ਉਹ ਦਿਨੋ-ਦਿਨ ਗੋਹਾ ਹੁੰਦਾ ਜਾਂਦਾ ਸੀ।

ਕਦੇ-ਕਦੇ ਅਜਿਹਾ ਹੁੰਦਾ ਕਿ ਹਰਨੇਕ ਪੰਜ-ਸੱਤ ਦਿਨ ਨਹੀਂ ਸੀ ਆਉਂਦਾ। ਪਟਵਾਰੀ ਦਾ ਦਾਅ ਵੀ ਨਾ ਭਰਦਾ। ਚੰਦੋ ਦੇ ਸਰੀਰ ਵਿੱਚ ਕੋਈ ਅੱਗ ਜਿਹੀ ਧੁਖ਼ਣ ਲੱਗ ਪੈਂਦੀ। ਉਸ ਦੇ ਅੰਗ-ਅੰਗ ਵਿੱਚੋਂ ਚੰਗਿਆੜੇ ਉੱਠਦੇ। ਉਸ ਦੇ ਲੂੰ-ਲੂੰ ਨੂੰ ਕੋਈ ਲੂਹਣ ਜਿਹੀ ਲੱਗੀ ਰਹਿੰਦੀ। ਉਸ ਦੇ ਅੰਦਰਲਾ ਸੇਕ ਡੁੱਲ੍ਹ-ਡੁੱਲ੍ਹ ਪੈਂਦਾ। ਜਦ ਉਹ ਪੂਰੀ ਉੱਬਲ ਪੈਂਦੀ ਤਾਂ ਉਸ ਦੀਆਂ ਚੀਕਾਂ ਨਿਕਲਣ ਵਾਲੀਆਂ ਹੋ ਜਾਂਦੀਆਂ। ਉਸ ਦਿਨ ਉਹ ਸੂਬੇਦਾਰ ਨੂੰ ਠੁਣਕਾ ਕੇ ਦੇਖਣ ਦੀ ਤਿਆਰੀ ਵਿੱਚ ਰੁੱਝ ਜਾਂਦੀ।

ਆਪਣੇ ਪਾਲੀ ਨੂੰ ਰੁਪਈਆ ਦੇ ਕੇ ਕੇਹਰੇ ਤੇਲੀ ਦਿਉਂ ਉਹ ਚਾਰ-ਪੰਜ ਆਂਡੇ ਮੰਗਵਾ ਲੈਂਦੀ। ਆਲੂ-ਆਂਡਿਆਂ ਦੀ ਸਬਜ਼ੀ ਚੁੱਲ੍ਹੇ ਧਰ ਲੈਂਦੀ। ਖਾਸਾ ਸਾਰਾ ਲਸਣ ਪਾਉਂਦੀ। ਕਰਾਰਾ ਜਿਹਾ ਲੂਣ ਮਿਰਚ ਤੇ ਮਸਾਲਾ। ਅਧੀਆ ਪਊਆਂ ਬੋਤਲ ਬਚੀ ਤਾਂ ਘਰੇ ਹਮੇਸ਼ਾ ਹੀ ਪਈ ਰਹਿੰਦੀ ਸੀ। ਨਾ ਹੁੰਦੀ ਤਾਂ ਪਾਲੀ ਕੋਲੋਂ ਪਤਾ ਨਹੀਂ ਕਿੱਥੋਂ ਇੱਕ ਅਧੀਆ ਮੰਗਵਾ ਲੈਂਦੀ। ਸਿਰ ਦੁਖਣ ਜਾਂ ਵੱਖੀ ਦੁਖਣ ਦਾ ਬਹਾਨਾ ਬਣਾਉਂਦੀ ਤੇ ਸੂਬੇਦਾਰ ਨੂੰ ਦਿਖਾ ਕੇ ਅੱਧਾ ਕੁ ਪੈੱਗ ਪੀ ਲੈਂਦੀ। ਆਪ ਪੀਂਦੀ ਤੇ ਨਾਲ ਦੀ ਨਾਲ ਇੱਕ ਪੈੱਗ ਪਾ ਕੇ ਸੂਬੇਦਾਰ ਦੇ ਹੱਥ ਫੜਾ ਦਿੰਦੀ। ਉਹ ਚੁੱਪ ਕੀਤਾ ਹੀ ਪੀ ਲੈਂਦਾ। ਦੂਜਾ ਪੈੱਗ ਆਪ ਹੀ ਪਾ ਲੈਂਦਾ ਕਹਿੰਦਾ, ਇੱਕ ਪੈੱਗ ਨਾਲ ਤਾਂ ਬਣੀਆਂ ਈ ਨੀ ਕੁਸ। ਤੀਜਾ ਪੈੱਗ ਜਦ ਪੀਂਦਾ ਤਾਂ ਅੱਧਾ ਕੁ ਪੈੱਗ ਚੰਦੋ ਨੂੰ ਵੀ ਪਾ ਕੇ ਦਿੰਦਾ। ਕਹਿੰਦਾ, ਲੈ ਫੜ, ਐਨੀ ਕੁ ਹੋਰ ਲੈ ਲੈ। ਰਾਮ ਆ ਜੂ ਗਾ ਤੈਨੂੰ। ਅੱਖਾਂ ਵਿੱਚ ਸ਼ਰਾਰਤ ਭਰ ਕੇ ਚੰਦੋ ਗਲਾਸ ਫੜ ਲੈਂਦੀ।

ਰੋਟੀ-ਟੁੱਕ ਖਾਣ ਤੋਂ ਬਾਅਦ ਉਹ ਸੂਬੇਦਾਰ ਦੀ ਬਾਹੀ ਨਾਲ ਬਾਹੀ ਲਾ ਕੇ ਮੰਜਾ ਡਾਹ ਲੈਂਦੀ। ਨਿੱਕੀਆਂ-ਨਿੱਕੀਆਂ ਗੱਲਾਂ ਤੁਰਦੀਆਂ ਰਹਿੰਦੀਆਂ। ਗੱਲ ਕਰਦੀ-ਕਰਦੀ ਉਹ ਸੂਬੇਦਾਰ ਦੇ ਕੋਲ ਆ ਬੈਠਦੀ। ਉਹ ਬਹੁਤ ਕੋਸ਼ਿਸ ਕਰਦੀ, ਪਰ ਅਸਲੀ ਰਾਹ ’ਤੇ ਤਾਂ ਉਹ ਆਉਂਦਾ ਹੀ ਨਾ। ਨਿਰਾਸ਼ ਹੋ ਕੇ ਉਹ ਉੱਠਦੀ ਤੇ ਲੰਬੇ-ਲੰਬੇ ਹਉਕੇ ਲੈਂਦੀ ਰਹਿੰਦੀ। ਸੂਬੇਦਾਰ ਭੋਰਾ ਵੀ ਨਾ ਕੁਸਕਦਾ। ਕੁਝ ਚਿਰ ਬਾਅਦ ਉਹ ਉੱਠ ਕੇ ਠੰਡੇ ਪਾਣੀ ਦਾ ਗਲਾਸ ਪੀਂਦੀ। ਸੂਬੇਦਾਰ ਖਰਰ-ਖਰਰ ਘੁਰਾੜੇ ਮਾਰ ਰਿਹਾ ਹੁੰਦਾ।

ਇੱਕ ਸਮਾਂ ਅਜਿਹਾ ਆਇਆ ਕਿ ਸੂਬੇਦਾਰ ਬਿਲਕੁੱਲ ਹੀ ਹਾਰ ਗਿਆ। ਕੰਨਾਂ ਤੋਂ ਵੀ ਸੁਣਨੋਂ ਹਟ ਗਿਆ। ਗੋਡਿਆਂ ਦਾ ਦਰਦ ਐਨਾ ਵਧਿਆ ਕਿ ਤੁਰਨਾ-ਫਿਰਨਾ ਵੀ ਮੁਸ਼ਕਲ ਹੋ ਗਿਆ। ਦਿਨੋਂ-ਦਿਨ ਉਸ ਦੀ ਖ਼ੁਰਾਕ ਘਟਦੀ ਗਈ। ਕਦੇ-ਕਦੇ ਪਿਸ਼ਾਬ ਦਾ ਬੰਨ੍ਹ ਵੀ ਪੈ ਜਾਂਦਾ। ਟੀਕਾ ਲੱਗ ਕੇ ਬੰਨ੍ਹ ਖੁੱਲ੍ਹਦਾ। ਇੱਕ ਵਾਰੀ ਤਾਂ ਬੰਨ੍ਹ ਖੁੱਲ੍ਹਿਆ ਹੀ ਨਾ। ਚਾਰ-ਪੰਜ ਦਿਨ ਦੁੱਖ ਭੋਗ ਕੇ ਉਹ ਤੁਰ ਗਿਆ।

6

ਸੂਬੇਦਾਰ ਦੀ ਮੌਤ ਪਿੱਛੋਂ ਚੰਦੋ ਸੁੰਨ ਜਿਹੀ ਹੋ ਗਈ ਸੀ। ਨਾ ਉਸ ਦਾ ਕਿਤੇ ਚਿੱਤ ਠਹਿਰਦਾ ਸੀ ਤੇ ਨਾ ਹੀ ਉਸ ਦੀ ਅੱਖੋਂ ਹੰਝੂ ਡਿੱਗਦਾ ਸੀ। ਕਦੇ ਉਸ ਨੂੰ ਲੱਗਦਾ, ਜਿਵੇਂ ਉਸ ਦਾ ਤਾਂ ਸੁਹਾਗ ਰੁੜ੍ਹ ਗਿਆ ਹੋਵੇ। ਉਹ ਦਾ ਰਹਿ ਹੀ ਕੀ ਗਿਆ ਸੀ? ਪਰ ਦੂਜੇ ਬਿੰਦ ਉਹ ਸੋਚਦੀ ਕਿ ਉਹ ਸੁਹਾਗਣ ਸੀ ਹੀ ਕਦੋਂ? ਉਹ ਤਾਂ ਜਿਵੇਂ ਵਿਆਹੀ ਸੀ ਹੀ ਨਹੀਂ। ਨਾ ਉਹ ਪਹਿਲਾਂ ਸੁਹਾਗਣ ਸੀ ਤੇ ਨਾ ਹੁਣ ਰੰਡੀ। ਉਸ ਨੂੰ ਲੱਗਦਾ, ਜਿਵੇਂ ਉਹ ਤਾਂ ਅਜੇ ਵੀ ਕੰਵਾਰੀ ਹੈ। ਅਜੇ ਤਾਂ ਜਿਵੇਂ ਉਸ ਦਾ ਵਿਆਹ ਹੋਣਾ ਬਾਕੀ ਹੋਵੇ।

ਘਰ ਵਿੱਚ ਰਿਹਾ ਹੀ ਕੋਈ ਨਾ।

ਉਸ ਦੀ ਵੱਡੀ ਭਰਜਾਈ ਆਪਣੇ ਛੋਟੇ ਮੁੰਡੇ ਗੁਰਜੀਤ ਨੂੰ ਨਾਲ ਲੈ ਕੇ ਮਿਲਣ ਆਈ। ਚੰਦੋ ਨੇ ਗੁਰਜੀਤ ਨੂੰ ਉੱਥੇ ਹੀ ਰੱਖ ਲਿਆ। ਦੋ-ਤਿੰਨ ਮਹੀਨਿਆਂ ਬਾਅਦ ਗੁਰਜੀਤ ਦਾ ਜੀਅ ਵੀ ਪੂਰਾ ਲੱਗ ਗਿਆ। ਦੋ ਮੱਝਾਂ ਸਨ। ਗੁਰਜੀਤ ਡੱਕਵਾਂ ਦੁੱਧ ਪੀਂਦਾ, ਰੱਜਵਾਂ ਘਿਓ ਖਾਂਦਾ। ਸਤਾਰਾਂ-ਅਠਾਰਾਂ ਸਾਲਾਂ ਦਾ ਮੁੰਡਾ ਤਾਂ ਉਹ ਲੱਗਦਾ ਹੀ ਨਹੀਂ ਸੀ। ਉਹ ਤਾਂ ਦਿਨਾਂ ਵਿੱਚ ਹੀ ਬਾਘੜ-ਬਿੱਲੇ ਵਰਗਾ ਹੋ ਗਿਆ ਸੀ।

ਇੱਕ ਸਾਲ ਲੰਘ ਗਿਆ।

ਹਰਨੇਕ ਕਦੇ-ਕਦੇ ਹੀ ਆਉਂਦਾ, ਪਰ ਆਉਂਦਾ ਜ਼ਰੂਰ। ਪਰ ਉਦੋਂ ਆਉਂਦਾ, ਜਦੋਂ ਗੁਰਜੀਤ ਘਰ ਨਾ ਹੁੰਦਾ। ਇਹ ਮੌਕਾ ਕਦੇ ਹੀ ਲੱਗਦਾ।

ਪਟਵਾਰੀ ਨੂੰ ਤਹਿਸੀਲ ਵਿੱਚ ਸੱਦ ਲਿਆ ਗਿਆ ਸੀ। ਚਾਰ-ਪੰਜ ਮਹੀਨੇ ਹੋ ਗਏ ਸਨ। ਪਰ ਉਸ ਨੇ ਇਸ ਪਿੰਡ ਵਾਲੀ ਆਪਣੀ ਰਿਹਾਇਸ਼ ਅਜੇ ਛੱਡੀ ਨਹੀਂ ਸੀ। ਉਹ ਪੰਦਰੀਂ-ਵੀਹੀਂ ਦਿਨੀਂ ਗੇੜਾ ਮਾਰਦਾ ਤੇ ਆਪਣੇ ਮਕਾਨ ਦੇ ਗਵਾਂਢ ਵਿੱਚ ਹੀ ਕੰਦੋ ਬੁੜ੍ਹੀ ਦੇ ਘਰ, ਗੇਂਦੇ ਚੌਕੀਦਾਰ ਦੇ ਹੱਥ ਚੰਦੋ ਨੂੰ ਸੱਦ ਲੈਂਦਾ।

ਹੌਲੀ-ਹੌਲੀ ਗੱਲ ਸੁਲਗਣ ਲੱਗੀ, ਚੰਦੋ ਗੁਰਜੀਤ ਨਾਲ ਵੀ ਰਹਿੰਦੀ ਹੈ।

ਹਾਏ-ਹਾਏ ਨੀ, ਭਤੀਜੇ ਨਾਲ?

ਲੈ ਗੁੰਡੀ ਰੰਨ ਦਾ ਹੋਰ ਕੀ ਹੁੰਦੈ?

ਨਾ ਕੁੜੇ, ਐਡਾ ਪੱਥਰ ਨਾ ਤੋਲ।

ਨਾਂਹ, ਇਹ ਤਾਂ ਮ੍ਹੈਸ ਐ। ਜੀਹਨੇ ਮਨੁੱਖ ਤਿਆਗੀ ਰੱਖਿਆ, ਉਸ ਨੂੰ ਭਤੀਜੇ-ਭਾਣਜਿਆਂ ਦੀ ਵੀ ਹੁਣ ਕੀ ਸ਼ਰਮ ਐ?

ਤੈਂ ਕੀ ਅੱਖੀਂ ਦੇਖਿਐ, ਭੈੜੀਏ?

ਹਾਂ, ਜਿੱਡੀ ਮਰਜ਼ੀ ਸਹੁੰ ਘਤਾ ਲੈ। ਤੇਰੇ ਜੇਠ ਨੇ ਦੇਖਿਐ।

ਕਦੋਂ?

ਨੀ ਸਾਰੀ ਰਾਤ ਕੋਠੇ ਤੇ ਕੁੱਤੇ ਨੀ ਟਿਕਣ ਦਿੰਦੇ। ਰਾਤ ਤੇਰਾ ਜੇਠ ਸੋਟੀ ਲੈ ਕੇ ਗਿਆ, ਕਹਿੰਦਾ, ਹੁਣ ਤਾਂ ਮੇਰੇ ਸਾਲਿਆਂ ਨੂੰ ਵੀਹੀ 'ਚ ਉਤਾਰ ਕੇ ਹੀ ਹਟੂੰ। ਚੰਨ-ਚਾਨਣੀ ਰਾਤ। ਸੂਬੇਦਾਰ ਦੇ ਕੋਠੇ 'ਤੇ ਗਿਆ ਤਾਂ ਉਨ੍ਹਾਂ ਦੇ ਵਿਹੜੇ 'ਚ ਆਹ ਭਾਣਾ ਦੇਖਿਆ।

7

ਇੱਕ ਦਿਨ ਢਲੇ ਦਪਹਿਰੇ। ਗਰਮੀ ਦਾ ਮੌਸਮ, ਜੇਠ ਦਾ ਮਹੀਨਾ। ਤੱਤੀ ਲੋਅ ਕੰਨਾਂ ਨੂੰ ਫੂਕਦੀ ਸੀ। ਗੁਰਜੀਤ ਚੁਬਾਰੇ ਵਿੱਚ ਪਿਆ ਭੂਆ ਨੂੰ ਉਡੀਕ ਰਿਹਾ ਸੀ। ਆਵੇ ਤਾਂ ਚਾਹ ਬਣਾਵੇ। ਵਿਹੜੇ ਵਿੱਚ ਕੋਈ ਖੜਕਾ ਹੁੰਦਾ ਤਾਂ ਉਹ ਮੰਜੇ ਤੋਂ ਬੈਠਾ ਹੋ ਜਾਂਦਾ। ਸੋਚਦਾ, ਸ਼ਾਇਦ ਭੂਆ ਆ ਗਈ ਹੈ, ਪਰ ਨਹੀਂ। ਉਹ ਲੰਬੀ ਸਾਰੀ ਉਬਾਸੀ ਲੈਂਦਾ ਤੇ ਮੰਜੇ ’ਤੇ ਹੀ ਢੇਰੀ ਹੋ ਜਾਂਦਾ। ਕਿੰਨਾ ਹੀ ਚਿਰ ਹੋ ਗਿਆ ਸੀ, ਉਸ ਦੀ ਭੂਆ ਘਰ ਨਹੀਂ ਸੀ ਪਹੁੰਚੀ। ਉਹ ਤਾਂ ਕਿਹੜੇ ਵੇਲੇ ਦੀ ਗਈ ਹੋਈ ਸੀ। ਐਨਾ ਚਿਰ ਤਾਂ ਉਸ ਨੇ ਕਦੇ ਲਾਇਆ ਨਹੀਂ ਸੀ। ਉਹ ਮਨ ਵਿੱਚ ਸਲਾਹ ਕਰਨ ਲੱਗਿਆ ਕਿ ਉਹ ਉੱਠ ਕੇ ਆਪ ਹੀ ਕਿਉਂ ਨਾ ਚਾਹ ਬਣਾ ਲਵੇ। ਖ਼ਬਰ ਐ ਕਦੋਂ ਆਵੇ ਉਹ? ਐਨੇ ਚਿਰ ਤੋਂ ਉਹ ਬੈਠੀ ਕਿਥੇ ਹੈ? ਗੁਰਜੀਤ ਦੇ ਮੱਥੇ ਵਿੱਚ ਹਲਕਾ ਜਿਹਾ ਯੁੱਧ ਛਿੜਨ ਲੱਗਦਾ, ਪਰ ਦੂਜੇ ਬਿੰਦ ਹੀ ਉਹ ਉਡੀਕ ਕਰਨ ਲੱਗ ਪੈਂਦਾ ਹੁਣ ਆਈ, ਹੁਣ ਆਈ।

ਵਿਹੜੇ ਵਿੱਚ ਪੈੜ-ਚਾਲ ਹੋਈ। ਗੁਰਜੀਤ ਚੁਬਾਰੇ ਦੇ ਬਾਰ ਮੂਹਰੇ ਆ ਖੜ੍ਹਾ।

ਵਿਹੜੇ ਵਿੱਚ ਹਰਨੇਕ ਖੜ੍ਹਾ ਸੀ।

ਵੱਡੇ ਭਾਈ, ਕਿਵੇਂ ਆਇਆ? ਗੁਰਜੀਤ ਨੇ ਪੁੱਛਿਆ।

ਚਾਚੀ ਕਿੱਥੇ ਐ? ਹਰਨੇਕ ਨੇ ਜਵਾਬ ਵਿੱਚ ਪੁੱਛਿਆ।

ਪਤਾ ਨੀ, ਹੈਥੇ ਈ ਕਿਤੇ ਹੋਣੀ ਐ, ਕਿਸੇ ਦੇ ਘਰ। ਮੈਂ ਵੀ ਉਸੇ ਨੂੰ ਉਡੀਕਦਾ। ਚਾਹ ਨੂੰ ਕੁਵੇਲਾ ਹੋਈ ਜਾਂਦੈ। ਗੁਰਜੀਤ ਚੁਬਾਰੇ ਦੀਆਂ ਪੌੜੀਆਂ ਉਤਰ ਰਿਹਾ ਸੀ।

ਤਾਂ ਕੰਦੋ ਬੁੜ੍ਹੀ ਦੇ ਘਰ ਹੋਣੀ ਐ। ਸਾਫ਼ੇ ਦੇ ਲੜ ਨਾਲ ਮੱਥਾ ਪੂੰਝ ਕੇ ਹਰਨੇਕ ਨੇ ਆਖਿਆ।

ਕਿਉਂ? ਵਿਹੜੇ ਵਿੱਚ ਆ ਕੇ ਗੁਰਜੀਤ ਨੇ ਪੁੱਛਿਆ। ਦਰਵਾਜ਼ੇ ਵਿੱਚ ਡਹੇ ਪਏ ਮੰਜੇ ’ਤੇ ਬੈਠਣ ਲਈ ਉਸ ਨੇ ਹਰਨੇਕ ਨੂੰ ਕਿਹਾ।

ਕਿਉਂ ਕੀ, ਪਟਵਾਰੀ ਆਇਆ ਹੋਇਐ। ਕਹਿ ਕੇ ਹਰਨੇਕ ਘਰੋਂ ਬਾਹਰ ਹੋ ਗਿਆ। ਗੁਰਜੀਤ ਨੇ ਬਹੁਤ ਜ਼ੋਰ ਲਾਇਆ ਕਿ ਉਹ ਮੁੜ ਕੇ ਆ ਜਾਵੇ ਤੇ ਦਰਵਾਜ਼ੇ ਵਿੱਚ ਬੈਠੇ। ਭੂਆ ਹੁਣੇ ਆ ਜਾਂਦੀ ਹੈ ਤੇ ਚਾਹ ਬਣਾਉਂਦੀ ਹੈ, ਪਰ ਹਰਨੇਕ ਅਟਕਿਆ ਨਹੀਂ।

ਗੁਰਜੀਤ ਸੋਚਣ ਲੱਗਿਆ, ਪਟਵਾਰੀ ਤੋਂ ਭੂਆ ਨੇ ਕੀ ਲੈਣਾ ਹੈ? ਉਸ ਦੇ ਮਨ ਵਿੱਚ ਕਈ ਕਿਸਮ ਦੇ ਖਿਆਲ ਆਉਣੇ ਸ਼ੁਰੂ ਹੋ ਗਏ। ਅਖ਼ੀਰ ਉਸ ਨੇ ਫ਼ੈਸਲਾ ਕੀਤਾ ਕਿ ਜੇ ਭੂਆ ਕੰਦੋ ਬੁੜ੍ਹੀ ਦੇ ਘਰ ਹੀ ਗਈ ਹੈ ਤਾਂ ਉਹ ਆਪ ਹੀ ਜਾ ਕੇ ਉਸ ਨੂੰ ਸੱਦ ਲਿਆਵੇ।

ਕੰਦੋ ਦੇ ਘਰ ਉਹ ਗਿਆ। ਉਹ ਘਰ ਨਹੀਂ ਸੀ। ਦਰਵਾਜ਼ੇ ਨੂੰ ਬਾਹਰਲਾ ਕੁੰਡਾ ਲੱਗਿਆ ਹੋਇਆ ਸੀ। ਉਸ ਨੇ ਪਟਵਾਰੀ ਨੂੰ ਦੇਖਿਆ, ਉਹ ਵੀ ਘਰ ਨਹੀਂ ਸੀ। ਪਟਵਾਰੀ ਵਾਲੇ ਮਕਾਨ ਦੇ ਬਾਰ ਮੂਹਰੇ ਪਿੱਪਲ ਥੱਲੇ ਗੇਂਦਾ ਚੌਕੀਦਾਰ ਬੈਠਾ ਸਿਗਰਟ ਪੀ ਰਿਹਾ ਸੀ।

ਗੇਂਦੇ ਨੂੰ ਗੁਰਜੀਤ ਨੇ ਕੁਝ ਨਾ ਪੁੱਛਿਆ। ਬਿੰਦ ਕੁ ਪੈਰ ਮਲ ਕੇ ਉਹ ਵਾਪਸ ਜਾਣ ਲੱਗਿਆ। ਉਸ ਨੇ ਸੁਣਿਆ, ਜਿਵੇਂ ਕੰਦੋ ਦੇ ਤਖ਼ਤੇ ਖੜਕੇ ਹੋਣ। ਉਸ ਨੇ ਧਿਆਨ ਨਾਲ ਸੁਣਿਆ, ਅੰਦਰੋਂ ਕੋਈ ਹੌਲੀ-ਹੌਲੀ ਗੇਂਦੇ ਨੂੰ ਹਾਕਾਂ ਮਾਰ ਰਿਹਾ ਸੀ। ਪਟਵਾਰੀ ਤੇ ਬਾਰ ਮੂਹਰਿਓਂ ਹਿੱਲ ਕੇ ਉਹ ਗੇਂਦੇ ਦੇ ਬਿਲਕੁੱਲ ਨੇੜੇ ਹੋ ਗਿਆ। ਉਸ ਨੇ ਕਣੱਖਾ ਜਿਹਾ ਦੇਖਿਆ, ਗੇਂਦਾ ਕੰਦੋ ਦੇ ਤਖ਼ਤਿਆਂ ਵੱਲ ਆਪਣੀ ਉਂਗਲ ਨਾਲ ਕੋਈ ਇਸ਼ਾਰਾ ਕਰ ਗਿਆ ਸੀ। ਗੁਰਜੀਤ ਨੇ ਆਪ ਜਾ ਕੇ ਕੰਦੇ ਦੇ ਤਖ਼ਤਿਆਂ ਦਾ ਕੁੰਡਾ ਖੋਲ੍ਹ ਦਿੱਤਾ। ਦੇਖਿਆ, ਪਟਵਾਰੀ ਖੜ੍ਹਾ ਸੀ ਤੇ ਉਸ ਦੇ ਪਿੱਛੇ ਉਹ ਦੀ ਭੂਆ। ਗੁਰਜੀਤ ਨੂੰ ਸਣੇ ਕੱਪੜੀਂ ਅੱਗ ਲੱਗ ਗਈ। ਉਸ ਨੇ ਬਾਰੋਂ ਅੰਦਰ ਹੋ ਕੇ ਪਟਵਾਰੀ ਨੂੰ ਜੱਫ਼ਾ ਪਾ ਲਿਆ ਤੇ ਧਰਤੀ ’ਤੇ ਡੇਗਣ ਦੀ ਕੋਸ਼ਿਸ ਕਰਨ ਲੱਗਿਆ। ਪਟਵਾਰੀ ਵੀ ਤਕੜਾ ਸੀ। ਕੋਈ ਵੀ ਘੱਟ ਨਹੀਂ ਸੀ। ਕਾਫ਼ੀ ਦੇਰ ਉਹ ਜੱਫ਼ੋ-ਜੱਫ਼ੀ ਤੇ ਘਸੁੰਨ-ਮੁੱਕੀ ਹੁੰਦੇ ਰਹੇ। ਚੰਦੋ ਕਦੋਂ ਦੀ ਉੱਥੋਂ ਖਿਸਕ ਗਈ ਸੀ। ਇੱਕ ਖੂੰਜੇ ਪਿਆ ਟੁੱਟਿਆ ਜਿਹਾ ਗੰਧਾਲਾ ਗੁਰਜੀਤ ਨੇ ਚੁੱਕ ਲਿਆ। ਪਟਵਾਰੀ ਭੱਜਣ ਦੀ ਕੋਸ਼ਿਸ ਕਰਨ ਲੱਗਿਆ, ਪਰ ਨਹੀਂ। ਗੁਰਜੀਤ ਨੇ ਉਸ ਨੂੰ ਜਾਣ ਨਹੀਂ ਦਿੱਤਾ। ਦੋਵਾਂ ਹੱਥਾਂ ਦੀ ਮਜ਼ਬੂਤ ਪਕੜ ਨਾਲ ਜ਼ੋਰ ਦੀ ਉਸ ਨੇ ਦੋ ਗੰਧਾਲੇ ਪਟਵਾਰੀ ਦੇ ਮੌਰਾਂ ’ਤੇ ਮਾਰੇ। ਥਾਏਂ ਡੇਗ ਲਿਆ। ਦੋ-ਤਿੰਨ ਹੋਰ ਵਾਰ ਉਸ ਨੇ ਉਸ ਦੇ ਗਿੱਟਿਆਂ ’ਤੇ ਜੜ ਦਿੱਤੇ। ਉੱਠਣ ਜੋਗਾ ਨਾ ਛੱਡਿਆ। ਉਹ ਬੇਸੁਰਤ ਜਿਹਾ ਹੋ ਗਿਆ। ਗੁਰਜੀਤ ਨੇ ਗੰਧਾਲਾ ਹੱਥੋਂ ਪਰ੍ਹੇ ਵਗਾਹ ਮਾਰਿਆ। ਉਹ ਛੇਤੀ-ਛੇਤੀ ਆਪਣੇ ਘਰ ਵੱਲ ਤੁਰ ਪਿਆ। ਬਾਰ ਮੂਹਰੇ ਆ ਕੇ ਤਖ਼ਤੇ ਉਸ ਨੇ ਭਿੜੇ ਹੋਏ ਦੇਖੇ। ਧੱਕਾ ਮਾਰਿਆ, ਅੰਦਰਲਾ ਕੁੰਡਾ ਲੱਗਿਆ ਹੋਇਆ ਸੀ। ਭੂਆ, ਕਹਿ ਕੇ ਉਸ ਨੇ ਹਾਕਾਂ ਮਾਰੀਆਂ। ਅੰਦਰੋਂ ਕੋਈ ਨਾ ਬੋਲਿਆ। ਇੱਕ ਗਵਾਂਢਣ ਨੇ ਦੱਸਿਆ, ਚੰਦੋ ਤਾਂ ਭਾਈ ਅੰਦਰ ਈ ਐ। ਹੁਣੈ ਆਈ ਐ।

ਗੁਰਜੀਤ ਨੇ ਜ਼ੋਰ-ਜ਼ੋਰ ਦੀ ਕੁੰਡਾ ਖੜਕਾਇਆ। ਉੱਚੀ-ਉੱਚੀ ਹਾਕਾਂ ਮਾਰੀਆਂ। ਚੰਦੋ ਫਿਰ ਵੀ ਨਹੀਂ ਬੋਲੀ। ਗੁਰਜੀਤ ਦੇ ਚਿੱਤ ਵਿੱਚ ਪਤਾ ਨਹੀਂ ਕੀ ਆਈ, ਉਹ ਪਿੱਛੋਂ ਨਿਕਲਿਆ ਤੇ ਤੁਰਦਾ-ਤੁਰਦਾ ਸ਼ਹਿਰ ਪਹੁੰਚ ਗਿਆ। ਕਿਸੇ ਤੋਂ ਕੁਝ ਪੈਸੇ ਫੜੇ ਤੇ ਬੱਸ ਚੜ੍ਹ ਕੇ ਆਪਣੇ ਪਿੰਡ ਪਹੁੰਚ ਗਿਆ। ਮੁੜ ਕੇ ਭੂਆ ਦੇ ਪਿੰਡ ਨਹੀਂ ਆਇਆ।

ਸਾਰੇ ਪਿੰਡ ਵਿੱਚ ਰੌਲਾ ਪੈ ਗਿਆ ਸੀ। ਗੇਂਦੇ ਚੌਕੀਦਾਰ ਨੂੰ ਜੇ ਕੋਈ ਕੁਝ ਪੁੱਛਦਾ, ਚੌਕੀਦਾਰਾ, ਤੈਨੂੰ ਤਾਂ ਸਾਰੀ ਗੱਲ ਦਾ ਪਤਾ ਹੋਣੈ?

ਨਾ, ਨਾ ਭਾਈ ਮੈਨੂੰ ਕੋਈ ਇਲਮ ਨੀ। ਗੇਂਦਾ ਜਵਾਬ ਦਿੰਦਾ।

ਕੰਦੋ ਦੇ ਘਰੋਂ ਪਟਵਾਰੀ ਨੂੰ ਧਰਮੂ ਪੰਚ ਤੇ ਰੌਣਕੀ ਬਾਣੀਏ ਨੇ ਚੁੱਕਿਆ ਸੀ। ਉਸ ਦੇ ਮਕਾਨ ਵਿੱਚ ਲਿਆ ਕੇ ਮੰਜੇ ’ਤੇ ਪਾਇਆ ਸੀ। ਪਟਵਾਰੀ ਨੇ ਭੋਰਾ ਵੀ ਗੱਲ ਪੁਲਿਸ ਕੋਲ ਨਹੀਂ ਸੀ ਪਹੁੰਚਣ ਦਿੱਤੀ, ਪਰ ਉਹ ਨਮੋਸ਼ੀ ਬਹੁਤ ਮੰਨ ਗਿਆ ਸੀ। ਪੰਜ-ਸੱਤ ਦਿਨਾਂ ਵਿੱਚ ਹੀ ਉਹ ਆਪਣਾ ਸਮਾਨ ਚੁੱਕ ਕੇ ਮਕਾਨ ਖਾਲੀ ਕਰ ਗਿਆ। ਮੁੜ ਕੇ ਪਿੰਡ ਨਹੀਂ ਸੀ ਵੜਿਆ। ਦੂਜੇ ਪਟਵਾਰੀ ਦੇ ਆਉਣ ’ਤੇ ਹੀ ਪਤਾ ਲੱਗਿਆ ਕਿ ਕੁੰਦਨ ਪਾਟਵਾਰੀ ਨੇ ਤਾਂ ਬਦਲੀ ਕਰਵਾ ਲਈ ਸੀ।

8

ਬਹੁਤਾ ਦੁੱਧ ਦੇਣ ਵਾਲੀ ਮੱਝ ਚੰਦੋ ਨੇ ਵੇਚ ਦਿੱਤੀ। ਇੱਕ ਜਿਹੜੀ ਰਹਿ ਗਈ, ਉਸ ਦਾ ਇੱਕ ਥਣ ਚੋਅ ਕੇ ਦੂਜੇ ਥਣ ਨੂੰ ਭਾਵੇਂ ਕੋਈ ਹੋਰ ਚੋਣ ਬੈਠ ਜਾਵੇ। ਤੀਜੇ ਨੂੰ ਹੋਰ, ਚੌਥੇ ਨੂੰ ਹੋਰ। ਭੋਰਾ ਵੀ ਨਾ ਹਿੱਲਦੀ। ਪੈਰ ਗੱਡ ਕੇ ਖੜ੍ਹੀ ਰਹਿੰਦੀ, ਪਰ ਉਸ ਥੱਲੇ ਦੁੱਧ ਥੋੜ੍ਹਾ ਸੀ, ਮਗਰ ਵੀ ਕੱਟਾ ਸੀ। ਸੀਲ ਹੋਣ ਕਰਕੇ ਚੰਦੋ ਉਸ ਨੂੰ ਵੇਚਣਾ ਨਹੀਂ ਸੀ ਚਾਹੁੰਦੀ। ਉਹ ਤਾਂ ਉਨ੍ਹਾਂ ਦੇ ਘਰ ਚਾਰ-ਪੰਜ ਸੂਏ ਦੇ ਚੁੱਕੀ ਸੀ। ਉਨ੍ਹਾਂ ਦੇ ਘਰ ਵਿੱਚ ਤਾਂ ਜਿਵੇਂ ਉਸ ਦਾ ਸਦੀਵੀਂ ਮੋਹ ਪੈ ਗਿਆ ਹੋਵੇ ਤੇ ਨਾਲੇ ਉਹ ਖਰੀਦੀ ਹੋਈ ਵੀ ਸੂਬੇਦਾਰ ਦੇ ਆਪਣੇ ਹੱਥਾਂ ਦੀ ਸੀ।

ਪਾਲੀ ਚਮਿਆਰਾਂ ਦਾ ਮੁੰਡਾ ਸੀ। ਉਮਰ ਪੰਦਰਾ-ਸੋਲਾਂ ਸਾਲ। ਰੰਗ ਤਾਂ ਭਾਵੇਂ ਗੁੜ ਦੇ ਕੜਾਹ ਵਰਗਾ ਸੀ, ਪਰ ਨੈਣ-ਨਕਸ਼ ਵਾਹਵਾ ਸਨ। ਹੱਡਾਂ-ਪੈਰਾਂ ਦਾ ਵੀ ਖੁੱਲ੍ਹਾ ਸੀ। ਜਾਂਘੀਆ ਪਾ ਕੇ ਰੱਖਦਾ। ਚਾਦਰਾ ਉਸ ਨੇ ਕਦੇ ਵੀ ਨਹੀਂ ਸੀ ਪਾਇਆ। ਚੰਦੋ ਕੋਈ ਵਾਰ ਉਸ ਨੂੰ ਟੋਕਦੀ-ਮੂਲ੍ਹਿਆਂ ਵਰਗੇ ਪੱਟ ਨੰਗੇ ਰੱਖਦੈਂ, ਕੋਈ ਨਿਆਣੈਂ, ਅਜੇ ਵੀ ਤੂੰ?

ਉਹ ਮੁਸਕਰਾ ਛੱਡਦਾ।

ਉਹ ਉਸ ਦੇ ਪੱਟਾਂ 'ਤੇ ਮੋੜਵੀ ਨਜ਼ਰ ਸੁੱਟਦੀ। ਉਹ ਕੁੜਤੇ ਦੇ ਪੱਲੇ ਨਾਲ ਪੱਟਾਂ ਨੂੰ ਢਕ ਲੈਣ ਦੀ ਕੋਸ਼ਿਸ਼ ਕਰਨ ਲੱਗਦਾ।

ਇੱਕ ਦਿਨ ਕੁਤਰੇ ਕਰਨ ਵਾਲੀ ਮਸ਼ੀਨ ਮੂਹਰੇ ਚਰ੍ਹੀ ਦਾ ਟੋਕਾ ਬਚਿਆ ਪਿਆ ਸੀ। ਆਥਣ ਦਾ ਵੇਲਾ ਸੀ। ਚੰਦੋ ਰੋਟੀਆਂ ਪਕਾ ਰਹੀ ਸੀ। ਉਹ ਬਾਹਰੋਂ ਆਇਆ। ਚੰਦੋ ਨੇ ਉਸ ਨੂੰ ਕਿਹਾ ਕਿ ਉਹ ਮਸ਼ੀਨ ਮੂਹਰਿਓਂ ਟੋਕਾ ਚੁੱਕ ਕੇ ਸਬ੍ਹਾਤ ਵਿੱਚ ਧਰ ਦੇਵੇ। ਬੱਦਲ ਹੋ ਗਏ। ਹਨ। ਮੀਂਹ-ਕਣੀ ਦਾ ਮੌਸਮ ਹੈ। ਰਾਤ ਨੂੰ ਮੀਂਹ ਪੈ ਗਿਆ ਤਾਂ ਟੋਕਾ ਭਿੱਜ ਕੇ ਮੁਸ਼ਕ ਜਾਵੇਗਾ।

ਇੱਕ ਵੱਡੇ ਸਾਰੇ ਟੋਕਰੇ ਵਿੱਚ ਸਾਰਾ ਟੋਕਾ ਪਾ ਕੇ ਉੱਤੋਂ ਉਸ ਨੇ ਉਸ ਨੂੰ ਸੰਵਾਰ ਕੇ ਥਾਪੜ ਲਿਆ। ਇਕੱਲਾ ਚੁੱਕੇ ਤਾਂ ਚੁੱਕਿਆ ਨਾ ਜਾਵੇ। ਟੋਕਰਾ ਸੀ ਵੀ ਭਾਰੀ ਤੇ ਇਕੱਲੇ ਦਾ ਬਲ ਵੀ ਨਹੀਂ ਸੀ ਪੈਂਦਾ। ਉਹ ਨੇ ਚੰਦੋ ਨੂੰ ਹਾਕ ਮਾਰੀ, ਤਾਈ, ਲਵਾਈ ਹੱਥ।

ਸੌ ਵਾਰੀ ਆਖਿਆ ਵੇ ਤੈਨੂੰ, ਤਾਈ ਨਾ ਕਿਹਾ ਕਰ। ਤਾਈ, ਤਾਈ। ਪਿਓ ਨੂੰ ਤਾਂ ਪੁੱਛੀਂ, ਸੂਬੇਦਾਰ ਓਹ ਤੋਂ ਵੱਡਾ ਸੀ ਕਿ ਛੋਟਾ? ਚਾਚੀ ਆਖਿਆ ਕਰ। ਅਹੀ ਤੀ ਕਰੌਣਾ ਨਾ ਹੋਵੇ ਤਾਂ।

ਚੰਗਾ ਤਾਈ, ਚਾਚੀ ਕਹਿ ਦਿਆ ਕਰੂੰਗਾ।

ਫੇਰ ਤਾਈ? ਚੰਦੋ ਨੇ ਟੋਕਰਾ ਚੁੱਕ ਕੇ ਉਸ ਦੇ ਡੌਲੇ 'ਤੇ ਚੂੰਢੀ ਵੱਢ ਦਿੱਤੀ।

ਤਾਈ....ਊਈ ......ਟੋਕਰਾ ਡਿੱਗ ਪੂ। ਉਸ ਨੇ ਚੰਦੋ ਦਾ ਹੱਥ ਫੜ ਕੇ ਪਰ੍ਹਾਂ ਝੰਜਕ ਦਿੱਤਾ। ਸਬ੍ਹਾਤ ਵੱਲ ਟੋਕਰਾ ਚੁੱਕੀ ਜਾਂਦੇ ਦੇ ਮੌਰਾਂ 'ਤੇ ਚੰਦੋ ਨੇ ਇੱਕ ਧੱਫ਼ਾ ਮਾਰ ਦਿੱਤਾ-ਕਮੂਤ, ਅਜੇ ਕਿਹੜਾ ਹਟਦੈ ਕਹਿਣੋਂ।

ਚੱਕਲੇ 'ਤੇ ਰੋਟੀ ਵੇਲਦੀ ਚੰਦੋ ਦੇ ਦਿਮਾਗ ਵਿੱਚ ਮੁੜ-ਮੁੜ ਇਹ ਅਹਿਸਾਸ ਟਪਕਦਾ ਕਿ ਉਸ ਦੇ ਡੌਲੇ ਦਾ ਮਾਸ ਕਿੰਨਾ ਕਰੜਾ ਸੀ। ਚੂੰਢੀ ਵੱਢ ਕੇ ਉਸ ਦਾ 'ਗੂਠਾ ਤੇ ਉਂਗਲ ਅਜੇ ਵੀ ਚਿਲੂੰ-ਚਿਲੂੰ ਕਰੀ ਜਾਂਦੇ ਸਨ।

ਬਾਟੀ ਵਿੱਚ ਦਾਲ ਪਵਾ ਕੇ ਤੇ ਹੱਥ 'ਤੇ ਦੋ ਰੋਟੀਆਂ ਰਖਾ ਕੇ ਉਹ ਰਸੋਈ ਵਿੱਚ ਹੀ ਇੱਕ ਪਾਸੇ ਬਹਿ ਗਿਆ। ਚੰਦੋ ਮੁੜ-ਮੁੜ ਉਸ ਦੇ ਮੂੰਹ ਵੱਲ ਦੇਖੀ ਜਾਂਦੀ ਸੀ ਤੇ ਚਿੱਤ ਵਿੱਚ ਕਹੀ ਜਾਂਦੀ ਸੀ, ਢਹਿ ਜਾਣੇ ਦਾ ਮਾਸ ਕਿੰਨਾ ਕਰੜੈ।

ਕਪਾਹ-ਛਟੀ ਤੋੜ ਕੇ ਚੁੱਲ੍ਹੇ ਵਿੱਚ ਡਾਹੁੰਦੀ ਨੇ ਪੁੱਛਿਆ, ਕੈਲਿਆ, ਵਿਆਹ ਤੇਰਾ ਫੇਰ ਹੁਣ ਕਦੋਂ ਦਾ ਦੇਣਗੇ?

ਕੀ ਪਤੈ, ਬਾਪੂ ਇਹ ਸਾਕ ਛੱਡ ਈ ਦੇਵੇ, ਚਾਚੀ। ਉਹ ਹੁਣ ਤੋਂ ਚਾਚੀ ਕਹਿਣ ਲੱਗ ਪਿਆ ਸੀ।

ਕਿਉਂ, ਛੱਡੂਗਾ ਕਿਉਂ?

ਕੈਲਾ ਬੋਲਿਆ ਨਹੀਂ। ਚੁੱਪ-ਚਾਪ ਰੋਟੀ ਖਾਂਦਾ ਰਿਹਾ।

ਥੋੜ੍ਹਾ ਚਿਰ ਠਹਿਰ ਕੇ ਉਹ ਫਿਰ ਪੁੱਛਣ ਲੱਗੀ, ਛੱਡੂ ਗਾ ਕਾਹਤੋਂ ਵੇ?

ਕੁੜੀ ਤਾਂ, ਚਾਚੀ ਕਹਿੰਦੇ ਪਿੰਡ ਦੇ ਕਿਸੇ ਮੁੰਡੇ ਨਾਲ ਨਿਕਲ 'ਗੀ ਸੀ। ਚਹੁੰ ਦਿਨਾਂ ਪਿੱਛੋਂ ਮੋੜ ਕੇ ਲਿਆਂਦੀ। ਅਜੇ ਤਾਂ ਗੱਲ ਨੀ ਉਡੀ, ਲੋਕਾਂ 'ਚ, ਨਹੀਂ ਤਾਂ ਪੱਟੀ ਮੇਸ ਹੋ ਜਾਣੀ ਸੀ ਚਮਿਆਰ ਦੀ। ਚੁੱਪ-ਗੜੁੱਪ 'ਚ ਈ ਮੋੜ ਲਿਆਂਦੀ। ਸਾਕ ਨੂੰ ਜਵਾਬ ਦਿਊ ਜ਼ਰੂਰ ਬਾਪੂ। ਦੀਂਹਦੀ ਐ। ਤੀਜੀ ਰੋਟੀ ਫੜਦਿਆਂ ਕੈਲਾ ਕਹਿ ਰਿਹਾ ਸੀ।

ਕਿਉਂ ਵੇ ਜਵਾਬ ਕਿਉਂ ਦੇਣੈ? ਚਾਰ ਦਿਨਾਂ 'ਚ ਬਗਾਨੇ ਮੁੰਡੇ ਨੇ ਤੋੜ ਤਾਂ ਨੀ ਲਿਆ ਕੁਸ ਉਹ ਦਾ?

ਲੈ, ਚਾਚੀ, ਬਦਨਾਮੀ ਜਿਹੜੀ ਹੋ 'ਗੀ, ਓਹੋ?

ਨਹੀਂ ਵੇ ਨਹੀਂ, ਕੋਹੜੀਆ। ਅੱਜ ਤਾਂ ਚਾਚੀ, ਤੂੰ ਜਮ੍ਹਾ ਮੱਛਰੀ ਫਿਰਦੀ ਐਂ। ਕਹਿ ਕੇ ਕੈਲੇ ਨੇ ਇੱਕ ਰੋਟੀ ਫੜੀ ਤੇ ਥੋੜ੍ਹੀ ਜਿਹੀ ਦਾਲ ਹੋਰ ਪਵਾ ਕੇ ਰਸੋਈ ਤੋਂ ਬਾਹਰ ਜਾ ਬੈਠਾ।

ਹੈਥੇ, ਨੇੜ੍ਹੇ 'ਚ ਤੈਨੂੰ ਕੀ ਦਿੱਸੂ ਵੇ ਢਾਂਡਿਆ? ਜਾਂ ਤਾਂ ਵਿਹੜੇ ਵਾਲੀ 'ਸੁੱਚ' ਦੱਬ ਲੈ।

ਰੋਟੀ ਈ ਖਾਣੀ ਐ। ਨਾਸਾਂ 'ਚ ਤਾਂ ਨੀ ਪੈਜੂ ਬੁਰਕੀ?

ਪੰਪ ਤੋਂ ਕੈਲੇ ਨੇ ਬਾਟੀ ਧੋਤੀ, ਪਾਣੀ ਪੀਤਾ ਤੇ ਬਾਟੀ ਨੂੰ ਆਲੇ ਵਿੱਚ ਖੜ੍ਹੀ ਕਰਕੇ ਉਹ ਘਰ ਨੂੰ ਜਾਣ ਲੱਗਿਆ। ਦਰਵਾਜ਼ੇ ਵਿੱਚ ਜਾ ਕੇ ਉਹ ਮੁੜ ਆਇਆ। ਕਹਿੰਦਾ, ਚਾਚੀ, ਧਾਰ ਤਾਂ ਤੂੰ ਕੱਢ ਲੇਂਗੀ ਆਪੇ? ਮੈਂ ਜਾਵਾਂ?

ਵੇ ਖੜ੍ਹ ਜਾ। ਧਾਰ ਹੁਣ ਕਢਾ ਕੇ ਈ ਜਾਈਂ। ਨਾਲੇ ਦੁੱਧ ਲੈ ਜੀ ਗੜਵੀ ਕੁ। ਥੋਡੀ ਬੁੜ੍ਹੀ ਕਹਿ ਗਈ ਅਖੇ ਛੋਟੀ ਕੁੜੀ ਦਾ ਪ੍ਰਾਹੁਣਾ ਆਇਆ ਹੋਇਆ।

ਉਸ ਦੇ ਮਨ ਵਿੱਚ ਪਾਲਾ ਜਾਗਿਆ, ਇਹ ਦੁੱਧ ਦੀ ਗੜਵੀ ਕਿਹੜਾ ਦਿੰਦੀ ਐ-ਕਿਤੇ....

9

ਕਦੇ-ਕਦੇ ਤਾਂ ਘਰ ਚੰਦੋ ਨੂੰ ਖਾਣ ਨੂੰ ਆਉਂਦਾ। ਕੀ ਕਰਨਾ ਸੀ ਉਸ ਨੇ ਐਡਾ ਘਰ? ਉਸ ਨੂੰ ਤਾਂ ਇੱਕ ਕੋਠੜੀ ਨਾਲ ਸਰ ਸਕਦਾ ਸੀ। ਮੱਝ ਉਸ ਨੇ ਕੀਹਦੇ ਵਾਸਤੇ ਬੰਨ੍ਹ ਰੱਖੀ ਸੀ। ਤੜਕੇ ਸਦੇਹਾਂ ਉੱਠ ਕੇ ਉਹ ਆਹਰ ਜਿਹਾ ਕਿਸ ਵਾਸਤੇ ਕਰਦੀ ਸੀ? ਰਾਤ ਨੂੰ ਇਕੱਲੀ ਪਈ ਉਹ ਹਉਕੇ ਲੈਂਦੀ।

ਉਹ ਆਪਣੇ ਕੋਲ ਰਾਤ ਨੂੰ ਗਵਾਂਢ ਵਿੱਚੋਂ ਕਦੇ ਕਿਸੇ ਕੁੜੀ ਨੂੰ ਪਾ ਲੈਂਦੀ ਤੇ ਕਦੇ ਕਿਸੇ ਬੁੜ੍ਹੀ ਨੂੰ। ਕੁੜੀਆਂ-ਬੁੜ੍ਹੀਆਂ, ਪਰ ਰਾਤ ਨੂੰ ਉਸ ਕੋਲ ਪੈਣ ਤੋਂ ਸੰਗਦੀਆਂ ਸਨ। ਝਿਜਕਦੀਆਂ ਸਨ। ਡਰ ਰਹਿੰਦਾ, ਕਿਤੇ ਕੋਈ ਓਪਰਾ ਬੰਦਾ ਨਾ ਆ ਜਾਵੇ। ਇਉਂ ਓਪਰੇ ਬੰਦੇ ਨੇ ਕਿਸ ਨੇ ਆਉਣਾ ਸੀ? ਜਦੋਂ ਕਿਤੇ ਹਰਨੇਕ ਨੇ ਆਉਣਾ ਹੁੰਦਾ, ਉਹ ਆਪ ਹੀ ਕਿਸੇ ਕੁੜੀ, ਬੁੜ੍ਹੀ ਨੂੰ ਆਪਣੇ ਕੋਲ ਨਹੀਂ ਸੀ ਪਾਉਂਦੀ।

ਫਿਰ ਤਾਂ ਉਹ ਕਿਸੇ ਨੂੰ ਆਪਣੇ ਕੋਲ ਪਾਉਣੋਂ ਹਟ ਹੀ ਗਈ ਸੀ। ਇਕੱਲੀ ਪੈਂਦੀ। ਕੀ ਡਰ ਸੀ? ਆਲੇ-ਦੁਆਲੇ ਦੇ ਘਰ ਘੁੱਗ ਵੱਸਦੇ ਸਨ। ਆਲੇ-ਦੁਆਲੇ ਦੇ ਘਰਾਂ ਵਿੱਚ ਇਕੱਲੀ ਰਹਿੰਦੀ ਤਾਂ ਉਹ ਇਉਂ ਲੱਗਦੀ ਸੀ, ਜਿਵੇਂ ਕਿਸੇ ਵੱਡੇ ਸਾਰੇ ਸੰਯੁਕਤ ਪਰਿਵਾਰ ਵਿੱਚ ਰਹਿੰਦੀ ਹੋਵੇ।

ਪੰਜਵੇਂ-ਸੱਤਵੇਂ ਦਿਨ ਟਿਕੀ ਰਾਤ ਤੋਂ ਹਰਨੇਕ ਆਉਂਦਾ। ਦਰਵਾਜ਼ੇ ਦਾ ਕੁੰਡਾ ਖੜਕਾ ਦਿੰਦਾ। ਚੰਦੋ ਨੂੰ ਪਹਿਲਾਂ ਹੀ ਪਤਾ ਹੁੰਦਾ। ਉਹ ਤਾਂ ਉਸ ਦੀ ਉਡੀਕ ਵਿੱਚ ਜ਼ੀਰੋ ਦਾ ਬਲੱਬ ਜਗਾ ਕੇ ਬੈਠਕ ਵਿੱਚ ਜਾਗਦੀ ਪਈ ਹੁੰਦੀ ਸੀ। ਵੱਡੇ ਤੜਕੇ ਉੱਠ ਕੇ ਹਰਨੇਕ ਵਗ ਜਾਂਦਾ।

ਪੰਦਰਵੇਂ-ਵੀਹਵੇਂ ਦਿਨ ਹੀ ਉਹ ਹਰਨੇਕ ਨੂੰ ਕਿੱਲੋ, ਡੇਢ ਕਿੱਲੋਂ ਘਿਓ ਫੜਾ ਦਿੰਦੀ। ਘਰ ਜਾ ਕੇ ਆਪਣੀ ਤੀਵੀਂ ਕੋਲ ਉਹ ਬਹਾਨਾ ਲਾਉਂਦਾ ਕਿ ਘਿਓ ਤਾਂ ਉਹ ਕਿਸੇ ਦਿਉਂ ਮੁੱਲ ਲਿਆਇਆ ਹੈ। ਸ਼ਰਾਬ ਪੀਣ ਵਾਸਤੇ ਵੀ ਉਹ ਕਦੇ-ਕਦੇ ਚੰਦੋ ਤੋਂ ਦਸਾਂ ਦਾ ਨੋਟ ਫੜ ਲਿਜਾਂਦਾ ਸੀ।

ਹੁਣ ਤਾਂ ਹਰਨੇਕ ਦੀ ਘਰਵਾਲੀ ਵੀ ਕੁਝ ਨਹੀਂ ਸੀ ਬੋਲਦੀ। ਬਥੇਰਾ ਲੜ ਹਟੀ ਸੀ। ਕੋਈ ਕਸਰ ਨਹੀਂ ਛੱਡੀ। ਸੌ ਵਾਰੀ ਹਰਨੇਕ ਨਾਲ ਦੂਰੋ-ਦੂਰੀ ਹੋਈ ਸੀ ਤੇ ਚੰਦੋ ਨੂੰ ਕਿੰਨੀ ਹੀ ਵਾਰ ਛੱਜ ਵਿੱਚ ਪਾ ਕੇ ਛੰਡਿਆ ਸੀ, ਪਰ ਉਹ ਹਾਰ ਕੇ ਹੁਣ ਚੁੱਪ ਹੋ ਗਈ ਸੀ।

10

ਜਿਸ ਦਿਨ ਚੰਦੋ ਕਦੇ ਘਰ ਨਾ ਹੁੰਦੀ, ਕੈਲਾ ਟੋਕਾ ਕਰਵਾਉਣ ਵਾਸਤੇ ਕਿਸੇ ਮੁੰਡੇ ਨੂੰ ਸੱਦ ਲਿਆਉਂਦਾ। ਕਦੇ ਕਿਸੇ ਨੂੰ, ਕਦੇ ਕਿਸੇ ਨੂੰ। ਰੰਡੇ ਕੇ ਚਰਨ ਨੂੰ ਤਾਂ ਉਹ ਜਦੋਂ ਮਰਜ਼ੀ ਸੱਦ ਲੈਂਦਾ। ਕਦੇ-ਕਦੇ ਤਾਂ ਚੰਦੋ ਦੇ ਘਰ ਹੁੰਦਿਆਂ ਵੀ ਉਹ ਚਰਨ ਨੂੰ ਸੱਦ ਲਿਆਉਂਦਾ। ਜਦ ਉਹ ਟੋਕਾ ਕਰ ਹਟਦੇ। ਹਾਰੇ ਵਿੱਚੋਂ ਤੌੜੀ ਲਾਹ ਕੇ ਸੂਹਾ-ਸੂਹਾ ਦੁੱਧ ਚੰਦੋ ਦੋਵਾਂ ਨੂੰ ਪਿਆਉਂਦੀ।

ਸਿਆਲ ਦੇ ਦਿਨ ਸਨ। ਅਸਮਾਨ ’ਤੇ ਬੱਦਲ ਛਾਏ ਹੋਏ ਸਨ। ਰਾਤ ਨੂੰ ਦੁੱਧ ਬਾਧ ਸਾਂਭਣ ਤੋਂ ਬਾਅਦ ਚੰਦੋ ਨੇ ਦਰਵਾਜ਼ੇ ਦਾ ਅੰਦਰਲਾ ਕੁੰਡਾ ਲਾਇਆ ਤੇ ਸਬ੍ਹਾਤ ਵਿੱਚ ਪੈ ਗਈ। ਬੱਦਲ ਗੱਜਿਆ। ਸਬ੍ਹਾਤ ਦਾ ਕੁੰਡਾ ਖੋਲ੍ਹ ਕੇ ਉਹ ਵਿਹੜੇ ਵਿੱਚ ਆਈ। ਘੁੱਪ-ਹਨੇਰੀ ਰਾਤ। ਬਿਜਲੀ ਲਿਸ਼ਕੀ ਤੇ ਬੱਦਲ ਗੜਗੜਾਇਆ। ਨੰਗੀ ਬਾਂਹ ਫੈਲਾ ਕੇ ਉਸ ਨੇ ਮਹਿਸੂਸ ਕੀਤਾ, ਕੋਈ-ਕੋਈ ਕਣੀ ਡਿੱਗਣ ਲੱਗ ਪਈ। ਸੀ। ਸਾਮਾਨ ਸੰਭਾਲ ਕੇ ਉਹ ਸਬ੍ਹਾਤ ਵਿੱਚ ਆਉਣ ਲੱਗੀ ਤਾਂ ਦਰਵਾਜ਼ੇ ਦੇ ਤਖ਼ਤੇ ਖੜਕੇ। ਉਹ ਦਰਵਾਜ਼ੇ ਵਿੱਚ ਗਈ। ਤਖ਼ਤਿਆਂ ਨਾਲ ਕੰਨ ਲਾਇਆ। ਕੋਈ ਵੀ ਨਹੀਂ ਸੀ। ਕੌਣ ਐਂ? ਉਸ ਨੇ ਕਿਹਾ ਵੀ। ਕੁੰਡਾ ਖੋਲ੍ਹ ਕੇ ਦੇਖਿਆ। ਕੋਈ ਵੀ ਨਹੀਂ ਸੀ ਸੀ। ਉਸ ਦੀ ਹਾਸੀ ਨਿਕਲ ਗਈ।

ਪੁੱਤ ਖਾਣੇ ਦੀ। ਉਸ ਨੂੰ ਹੁਣ ਪਤਾ ਲੱਗਿਆ ਕਿ ਇਹ ਤਾਂ ਹਵਾ ਸੀ। ਬਿਜਲੀ ਬੁਝਾ ਕੇ ਉਹ ਸਬ੍ਹਾਤ ਵਿਚ ਆਈ ਤੇ ਰਜਾਈ ਦੇ ਚਾਰੇ ਲੜ ਦੱਬ ਕੇ ਪੈ ਗਈ। ਉਸ ਦੇ ਢਿੱਡ ਵਿੱਚੋਂ ਪਾਲਾ ਉੱਠ ਰਿਹਾ ਸੀ। ਉਹ ਕੁਝ ਵੀ ਨਹੀਂ ਸੀ ਸੋਚ ਰਹੀ। ਹੌਲੀ-ਹੌਲੀ ਉਸ ਨੂੰ ਨੀਂਦ ਆ ਗਈ।

ਸੁਪਨੇ ਵਿੱਚ ਉਸ ਦੇ ਮਗਰ ਇੱਕ ਝੋਟਾ ਪਿਆ ਹੋਇਆ ਸੀ। ਝੋਟੇ ਮਗਰ ਲੋਕ ਡਾਂਗਾਂ ਚੁੱਕੀ ਭੱਜੇ ਆ ਰਹੇ ਸਨ। ਲਾਲਕਾਰੇ ਮਾਰ ਰਹੇ ਸਨ। ਝੋਟੇ ਨੂੰ ਡਰਾ ਕੇ ਉਹ ਉਸ ਦੇ ਮਗਰੋਂ ਮੋੜਨਾ ਚਾਹੁੰਦੇ ਸਨ। ਝੋਟਾ ਪਰ ਬੇਥਾਹ ਉਸ ਦੇ ਪਿੱਛੇ ਪਿਆ ਹੋਇਆ ਸੀ। ਉਹ ਵੀ ਭੱਜ ਰਹੀ ਸੀ। ਪਰ ਜਿੰਨਾ ਉਹ ਭੱਜਣਾ ਚਾਹੁੰਦੀ ਸੀ, ਓਨਾ ਉਸ ਤੋਂ ਭੱਜਿਆ ਨਹੀਂ ਸੀ ਜਾ ਰਿਹਾ। ਉਸ ਦੇ ਮਨ ਵਿੱਚ ਬਹੁਤ ਕਾਹਲ ਸੀ। ਪਰ ਉਸ ਦੇ ਪੈਰ ਮਸ੍ਹਾਂ ਹੀ ਧਰਤੀ ਤੋਂ ਪੁੱਟੇ ਜਾ ਰਹੇ ਸਨ। ਜਿਵੇਂ ਧਰਤੀ ਨਾਲ ਹੀ ਚਿਪਕ ਗਏ ਹੋਣ। ਮਣ-ਮਣ ਦੇ ਭਾਰੀ ਹੋ ਗਏ ਹੋਣ। ਉਸ ਦਾ ਧੜ ਅੱਗੇ ਨੂੰ ਜਾ ਰਿਹਾ ਸੀ ਤੇ ਪੈਰ ਜਿਵੇਂ ਹਿੱਲ ਹੀ ਨਹੀਂ ਸਨ ਰਹੇ। ਰਸਤੇ ਵਿੱਚ ਇੱਕ ਟੋਇਆ ਆਉਂਦਾ ਹੈ। ਪੈਰ ਉੱਖੜ ਕੇ ਉਹ ਉਸ ਟੋਏ ਵਿੱਚ ਡਿੱਗ ਪੈਂਦੀ ਹੈ। ਭੂਸਰਿਆ ਹੋਇਆ ਝੋਟਾ ਟੋਏ 'ਤੇ ਖੜ੍ਹਾ ਹੈ। ਉਸ ਦੀਆਂ ਨਾਸਾਂ ਵਿੱਚੋਂ ਤਿੱਖੇ ਫੁੰਕਾਰੇ ਛੁੱਟ ਰਹੇ ਹਨ। ਮੂੰਹ ਵਿੱਚੋਂ ਝੱਗ ਡਿੱਗ ਰਹੀ ਹੈ। ਕਿੰਨੇ ਹੀ ਲੋਕਾਂ ਨੇ ਆ ਕੇ ਉਸ ਨੂੰ ਭਾਲਿਆਂ ਨਾਲ ਪਰੋ ਦਿੱਤਾ। ਗੰਡਾਸਿਆਂ ਨਾਲ ਵੱਢ ਦਿੱਤਾ। ਇੱਕ ਬੰਦੇ ਨੇ ਬਾਂਹ ਫੜ ਕੇ ਉਸ ਨੂੰ ਟੋਏ ਵਿੱਚੋਂ ਬਾਹਰ ਕੱਢ ਲਿਆ। ਉਸ ਦੇ ਕੱਪੜਿਆਂ ਤੋਂ ਮਿੱਟੀ ਝਾੜੀ। ਨੇੜੇ ਹੀ ਗੁਰਦੁਆਰੇ ਵਾਲੀ ਹਲਟੀ ਤੋਂ ਪਾਣੀ ਦਾ ਬੁੱਕ ਲਿਆ ਕੇ ਉਸ ਦੇ ਮੂੰਹ ਨੂੰ ਲਾਇਆ ਹੈ। ਫਿਰ ਉਸ ਨੂੰ ਦਿੱਸਿਆ, ਝੋਟਾ ਮਾਰਿਆ ਪਿਆ ਹੈ। ਗੰਡਾਸਿਆਂ-ਭਾਲਿਆਂ ਵਾਲੇ ਲੋਕ ਪਤਾ ਨਹੀਂ ਕਦੋਂ ਘਰਾਂ ਨੂੰ ਤੁਰ ਗਏ ਹਨ। ਜਿਸ ਨੇ ਉਸ ਨੂੰ ਟੋਏ ਵਿੱਚੋਂ ਕੱਢਿਆ ਸੀ, ਉਹ ਅਜੇ ਉਸ ਦੇ ਕੋਲ ਹੀ ਖੜ੍ਹਾ ਹੈ ਤੇ ਉਸ ਵੱਲ-ਉਸ ਦੇ ਅੰਗ-ਅੰਗ ਵੱਲ ਡੂੰਘੀ ਨਜ਼ਰ ਸੁੱਟ ਰਿਹਾ ਹੈ। ਬੋਲ ਕੁਝ ਨਹੀਂ ਰਿਹਾ। ਸਿਰਫ਼ ਦੇਖ ਰਿਹਾ ਹੈ। ਉਹ ਬੰਦਾ ਉਸ ਨੂੰ ਬਹੁਤ ਸੁਹਣਾ ਲੱਗਦਾ ਹੈ। ਬਹੁਤ ਪਿਆਰਾ। ਉਸ ਬੰਦੇ ਵੱਲ ਉਸ ਦੀਆਂ ਬਾਹਾਂ ਉੱਠਦੀਆਂ ਹਨ। ਉਹ ਉਸ ਨੂੰ ਘੁੱਟ ਲੈਂਦਾ ਹੈ।

ਰਾਤ ਅੱਧੀ ਤੋਂ ਬਹੁਤ ਟੱਪ ਚੁੱਕੀ ਸੀ। ਉਸ ਨੂੰ ਮੁੜ੍ਹਕਾ ਆਇਆ ਹੋਇਆ ਸੀ। ਰਜ਼ਾਈ ਉਸ ਨੇ ਸਾਰੇ ਪਿੰਡ ਉੱਤੋਂ ਹੀ ਲਾਹ ਦਿੱਤੀ। ਉਵੇਂ ਜਿਵੇਂ ਪਈ ਰਹੀ। ਜ਼ੋਰਾਂ ਦੀਆਂ ਕਣੀਆਂ ਨਾਲ ਸਬ੍ਹਾਤ ਦੀ ਛੱਤ ਖੜਕ ਰਹੀ ਸੀ। ਉੱਠ ਕੇ ਬਿਜਲੀ ਜਲਾਈ। ਬਾਰ ਦਾ ਕੁੰਡਾ ਖੋਲ੍ਹ ਕੇ ਉਹ ਵਿਹੜੇ ਵਿੱਚ ਝਾਕੀ। ਮੀਂਹ ਬਹੁਤ ਜ਼ਿਆਦਾ ਵਰ੍ਹ ਰਿਹਾ ਸੀ। ਪਰਨਾਲਿਆਂ ਦਾ ਪਾਣੀ ਧਰਤੀ 'ਤੇ ਡਿੱਗਦਾ ਸੁਣ ਰਿਹਾ ਸੀ। ਘੁੱਪ ਹਨੇਰਾ ਸੀ। ਬਿਜਲੀ ਲਿਸ਼ਕੀ। ਉਸ ਨੇ ਦੇਖਿਆ, ਸੱਜੇ ਪਾਸੇ ਵਿਹੜੇ ਦੀ ਕੰਧ, ਜੋ ਇਕਹਿਰੀ ਇੱਟ ਦੀ ਸੀ ਡਿੱਗੀ ਪਈ ਹੈ। ਬਿਜਲੀ ਫਿਰ ਕੜਕੀ। ਵਿਹੜੇ ਵਿੱਚ ਡਿੱਗੀ ਪਈ ਕੰਧ ਉਸ ਨੇ ਫੇਰ ਦੇਖੀ। ਉਹ ਵਾਪਸ ਸਬ੍ਹਾਤ ਵਿੱਚ ਆਈ। ਬੋਰੀ ਦਾ ਝੁੰਭ ਬਣਾ ਕੇ ਸਿਰ 'ਤੇ ਲੈ ਲਿਆ। ਰਸੋਈ ਵਿੱਚ ਜਾ ਕੇ ਵਿਹੜੇ ਵਾਲੀ ਸਵਿੱਚ ਦੱਬੀ। ਕੰਧ ਬਿਲਕੁੱਲ ਸਾਫ਼ ਸੀ। ਵੀਹੀ ਤੇ ਵਿਹੜਾ ਇੱਕੋਂ ਬਣਿਆ ਪਿਆ ਸੀ। ਪਰ ਰਾਤ ਨੂੰ ਹੁਣ ਉਹ ਕੀ ਕਰਦੀ? ਸਲਵਾਰ ਦੇ ਪੌਂਚੇ ਚੜ੍ਹਾ ਕੇ ਉਹ ਵਿਹੜੇ ਦੇ ਪਾਣੀ ਵਿੱਚ ਛਪਲਕ-ਛਪਲਕ ਕਰਦੀ ਕੰਧ ਵਾਲੀਆਂ ਡਿੱਗੀਆਂ ਹੋਈਆਂ ਇੱਟਾਂ 'ਤੇ ਜਾ ਚੜ੍ਹੀ। ਹੈਰਾਨੀ ਨਾਲ ਦੇਖਣ ਲੱਗੀ।

ਫੇਰ ਉਸ ਨੇ ਦੇਖਿਆ, ਕਿਤੇ ਵਿਹੜੇ ਵਾਲੇ ਵਹੀਣ ਦਾ ਪਾਣੀ ਤਾਂ ਨਹੀਂ ਬੰਦ ਹੋ ਗਿਆ? ਪਰ ਨਹੀਂ। ਪਾਣੀ ਨਿਕਲ ਰਿਹਾ ਸੀ, ਪਰ ਕੰਧ ਦਾ ਕੀ ਕਰੇ ਹੁਣ ਉਹ? ਉਸ ਦੇ ਸਿਰ 'ਤੇ ਲਈ ਬੋਰੀ ਵੀ ਚੋਣ ਲੱਗ ਪਈ ਸੀ। ਪਿੰਜਣੀਆਂ ਕੋਲ ਸਲਵਾਰ ਉੱਤੇ ਕਣੀਆਂ ਵੱਜ ਰਹੀਆਂ ਸਨ। ਵਿਹੜੇ ਵਾਲੀ ਬੱਤੀ ਬੁਝਾ ਕੇ ਉਹ ਸਬ੍ਹਾਤ ਵਿੱਚ ਆ ਗਈ, ਸਿਰ ਤੋਂ ਬੋਰੀ ਲਾਹ ਕੇ ਕਿੱਲੀ 'ਤੇ ਟੰਗ ਦਿੱਤੀ। ਇੱਕ ਪੁਰਾਣੇ ਦੋੜੇ ਨਾਲ ਰਗੜ ਕੇ ਪੈਰ ਪੂੰਝੇ। ਬਿਸਤਰੇ ਵਿੱਚ ਵੜ ਕੇ ਰਜਾਈ ਨੂੰ ਆਪਣੇ ਪਿੰਡੇ ਨਾਲ ਸਵਾਰ ਕੇ ਘੁੱਟ ਲਿਆ। ਬੱਤੀ ਉਵੇਂ, ਜਿਵੇਂ ਬਲਦੀ ਰਹੀ। ਉਹ ਆਪਣੇ ਸੁਪਨੇ ਨੂੰ ਲੱਭ ਰਹੀ ਸੀ।

ਦਿਨ ਚੜ੍ਹਿਆ। ਉਸ ਨੇ ਚਾਹ ਬਣਾਈ। ਕੈਲਾ ਵੀ ਆ ਗਿਆ।

ਚਾਚੀ, ਆਹ ਕੀ?

ਕਿੱਦਣ ਦੀ ਡਿਗੂੰ-ਡਿਗੂੰ ਕਰਦੀ ਸੀ। ਡਿੱਗ ਪੀ ਬੱਸ।

ਹੁਣ ਫੇਰ? ਬਾਟੀ ਵਿੱਚ ਚਾਹ ਪਵਾਉਂਦੇ ਕੈਲੇ ਨੇ ਪੁੱਛਿਆ।

ਹੁਣ ਨਵੀਂ ਕੱਢਾਂਗੇ ਏਹ ਨੂੰ, ਹੋਰ ਕੀ? ਸੂਬੇਦਾਰ ਸਲਾਹਾਂ ਕਰਦਾ ਈ ਰਹਿ ਗਿਆ। ਨਾ ਈ ਕੱਢੀ ਗਈ। ਪਿੱਲੀਆਂ ਇੱਟਾਂ ਦੀ ਕਿੰਨੀ ਕੁ ਮੁਨਿਆਦ ਹੁੰਦੀ ਐ, ਡਿੱਗ ਪੀ ਆਖ਼ਰ ਨੂੰ।

ਬੱਦਲ ਚੁੱਕੇ ਗਏ ਸਨ। ਹਵਾ ਵੀ ਨਹੀਂ ਸੀ ਵਗ ਰਹੀ। ਸੂਰਜ ਭੱਠੀ ਵਿੱਚੋਂ ਕੱਢੇ ਫਾਲੇ ਵਾਂਗ ਦਗ ਰਿਹਾ ਸੀ। ਸੱਚਮੁੱਚ ਅੀ ਅੱਗ ਦਾ ਗੋਲਾ। ਸਰਦੀ ਵਿੱਚ ਮਠਿਆਸ ਘੁਲ ਰਹੀ ਸੀ।

ਕੈਲਿਆ, ਅੱਜ ਨਾ ਛੱਡੀਂ ਮ੍ਹੈਸ ਵੇ। ਭਾਗੂ ਤਖਾਣ ਨੂੰ ਲਿਆ ਸੱਦ ਕੇ। ਚਰਨ ਜੇ ਘਰ ਹੋਇਆ, ਦੇਖੀਂ ਭਲਾ, ਭੇਜੀਂ ਮੇਰੇ ਕੋਲ। ਚੰਦੋ ਨੇ ਕਿਹਾ।

ਬਾਟੀ ਮਾਂਜ ਕੇ ਕੈਲੇ ਨੇ ਰਸੋਈ ਵਾਲੇ ਆਲੇ ਵਿੱਚ ਰੱਖ ਦਿੱਤੀ। ਭਾਗੂ ਦੇ ਘਰ ਜਾਣ ਤੋਂ ਪਹਿਲਾਂ ਉਹ ਚਰਨ ਕੇ ਘਰ ਹੀ ਚਲਿਆ ਗਿਆ। ਉਹ ਘਰ ਹੀ ਸੀ।

ਭਾਗੂ ਤੇਸੀ ਕਰੰਡੀ ਲੈ ਕੇ ਜਦੋਂ ਪਹੁੰਚਿਆ ਤਾਂ ਚੰਦੋ ਤੇ ਚਰਨ ਕੋਈ ਗੱਲ ਕਰਕੇ ਉੱਚੀ-ਉੱਚੀ ਹੱਸ ਰਹੇ ਸਨ।

ਚੰਦ ਕੁਰੇ, ਜਾਣਾ ਤਾਂ ਅੱਜ ਭੱਦੂ ਕੇ ਹਰਨਾਮੇ ਦੇ ਸੀ, ਕੈਲਾ ਕਹਿੰਦਾ, ਸਰਦਾ ਨੀ, ਜ਼ਰੂਰ ਚੱਲ, ਸੂਬੇਦਾਰਨੀ ਨੇ ਕਿਹੈ। ਮੈਂ ਕਿਹਾ-ਹਰਨਾਮੇ ਦਾ ਕੰਮ ਤਾਂ ਕੱਲ੍ਹ ਨੂੰ ਕਰ ਦਿਆਂਗੇ, ਸੂਬੇਦਾਰਨੀ ਦਾ ਆਖਿਆ ਕਾਹਨੂੰ ਮੋੜਨੈ। ਲੋਹੇ ਦੀ ਕੁਰਸੀ ਨੂੰ ਮੋਢੇ ਵਾਲੇ ਸਮੋਸੇ ਨਾਲ ਝਾੜਦਾ ਹੋਇਆ ਭਾਗੂ ਬੋਲਿਆ।

ਇਹ ਤਾਂ ਅੱਜ ਈ ਜ਼ਰੂਰੀ ਐ, ਮਿਸਤਰੀਆ। ਨਾ ਕੱਢੀ ਕੰਧ ਤਾਂ ਕੁੱਤੇ ਵੜ-ਵੜ ਨਿਕਲਣਗੇ। ਬਿਗਾਨਾ ਡੰਗਰ-ਪਸ਼ੂ ਕੋਈ ਆ ਵੜਿਆ ਤਾਂ ਊਂ ਵਿਹੜੇ ਦੀ ਖੁਰਗੋ ਕਰ ਜਿਆ ਕਰੂ। ਚੋਰੀ ਚਕਾਰੀ ਦਾ ਵੀ ਡਰ ਈ ਐ। ਦਰਵਾਜ਼ੇ ਦੀ ਦੇਹਲੀ 'ਤੇ ਪੈਰਾਂ ਭਾਰ ਬੈਠਾ ਚਰਨ ਕਹਿ ਰਿਹਾ ਸੀ।

ਚੰਗਾ ਫੇਰ, ਚੱਕ ਕਹੀ, ਕਰ ਗਾਰਾ। ਭਾਗੂ ਨੇ ਚਰਨ ਨੂੰ ਕਿਹਾ। ਚਰਨ ਦੰਦੀਆਂ ਕੱਢਣ ਲੱਗ ਪਿਆ।

ਵੇ ਚਰਨ, ਔਖਾ ਸੁਖਾਲਾ ਲਵਾ ਅੱਜ ਦਾ ਦਿਨ ਤਾਂ। ਬਾਹਾਂ ਦੀ ਬੁੱਕਲ ਨਾਲ ਹਿੱਕ ਘੁੱਟਦਿਆਂ ਚੰਦੋ ਨੇ ਆਖਿਆ।

ਚੰਗਾ, ਕਹੀ ਲਿਆ ਫੇਰ ਕਿੱਥੇ ਐ?

ਇਹ ਬਣੀ ਨਾ ਗੱਲ। ਕਹਿ ਕੇ ਭਾਗੂ ਨੇ ਪੁੱਛਿਆ, ਕੈਲਾ ਨਹੀਂ ਮੁੜਿਆ ਹਾਲੇ? ਕਹਿੰਦਾ ਸੀ, ਘਰੇ ਜਾ ਆਵਾਂ ਮਾੜਾ ਜ੍ਹਾ।

ਉਹ ਦਾ ਮੁੜਨ ਐਸਾ-ਵੈਸਾ ਈ ਐ। ਚੰਦੋ ਕਹਿ ਕੇ ਹਟੀ ਹੀ ਸੀ ਕਿ ਕੈਲਾ ਆ ਗਿਆ। ਆਉਣ ਸਾਰ ਲੱਗਿਆ, ਇੱਟਾਂ ਤਾਂ ਤਾਈ ਸੱਚ ਚਾਚੀ, ਔਹ ਜਿਹੜੀਆਂ ਖੂੰਜੇ ਪਈਆਂ ਨੇ, ਨਵੀਆਂ, ਉਹ ਲਾਈਏ ਹੁਣ?

ਹੋਰ ਹੁਣ-ਹਜ਼ਾਰ ਇੱਟ ਇਹ ਸੂਬੇਦਾਰ ਨੇ ਏਸ ਕੰਧ ਵਾਸਤੇ ਈ ਲੈ ਕੇ ਰੱਖੀ ਸੀ। ਚੰਦੋ ਨੇ ਕਿਹਾ।

ਚੰਗਾ ਚਾਚੀ, ਤੂੰ ਕਾਰੀਗਰ ਵਾਸਤੇ ਚਾਹ ਬਣਾ ਤਿੱਖੀ ਜ੍ਹੀ ਮੈਂ ਤੇ ਚਰਨ ਨੀਂਹ ਹੁਣ ਪੁੱਟ ਦਿੰਨੇ ਆਂ-ਮਿੰਟਾਂ ਦੇ ਸ੍ਹਾਬ। ਕੈਲੇ ਨੇ ਆਖਿਆ। ਦੂਜੀ ਸਬ੍ਹਾਤ ਵਿੱਚੋਂ ਉਹ ਸੱਬਲ ਲੈਣ ਚਲਿਆ ਗਿਆ। ਆਉਂਦਾ ਹੋਇਆ ਕਹੀ ਵੀ ਚੁੱਕ ਲਿਆਇਆ।

ਚੰਦੋ ਚਾਹ ਬਣਾਉਣ ਲਈ ਵੱਡੇ ਡੱਬਕੂ ਵਿੱਚ ਪਾਣੀ ਦੇ ਗਲਾਸ ਪਾਉਣ ਲੱਗੀ। ਤੇਸੀ ਵਿੱਚੋਂ ਚੰਡ ਕੱਢ ਕੇ ਭਾਗੂ ਉਸ ਨੂੰ ਤਿੱਖਾ ਕਰਨ ਲੱਗਿਆ। ਸੱਬਲ ਨਾਲ ਕੈਲਾ ਨੀਂਹ ਵਿੱਚੋਂ ਇੱਟਾਂ ਉਖਾੜ-ਉਖਾੜ ਬਾਹਰ ਕੱਢਣ ਲੱਗਿਆ। ਚਰਨ ਕਹੀ ਨਾਲ ਮਿੱਟੀ ਕੱਢ ਰਿਹਾ ਸੀ। ਚਾਹ ਪੀ ਕੇ ਉਹ ਝੁੱਟੀ ਨਾਲ ਕੰਮ ਕਰਨ ਲੱਗੇ। ਸਾਹਲ, ਲੈਵਲ, ਸੂਤ ਤੇ ਗਜ਼ ਲੈਣ ਭਾਗੂ ਆਪਣਾ ਘਰ ਨੂੰ ਚਲਿਆ ਗਿਆ। ਭਾਗੂ ਥੋੜ੍ਹਾ ਜਿਹਾ ਚਿਰ ਲਾ ਕੇ ਆਇਆ। ਉਹ ਦੇ ਆਉਂਦੇ ਨੂੰ ਨੀਂਹ ਤਿਆਰ ਸੀ। ਕੈਲਾ ਗਾਰੇ ਵਾਸਤੇ ਵਿਹੜੇ ਵਿੱਚ ਟੋਆ ਪੁੱਟ ਰਿਹਾ ਸੀ। ਚਰਨ ਪੰਪ ਤੋਂ ਪਾਣੀ ਦੀ ਬਾਲਟੀ ਭਰ ਰਿਹਾ ਸੀ।

ਰੋਟੀ ਵੇਲੇ ਤੀਕ ਉਹ ਲੱਕ ਜਿੱਡੀ ਕੰਧ ਖਿੱਚ ਲਿਆਏ।

ਆਥਣ ਡੂੰਘੀ ਹੁੰਦੀ ਜਾ ਰਹੀ ਸੀ, ਜਦੋਂ ਉਨ੍ਹਾਂ ਨੇ ਕੰਮ ਮੁਕਾਹਿਆ। ਖੜ੍ਹੇ ਆਦਮੀ ਦੇ ਖੜ੍ਹੇ ਹੱਥ ਤੋਂ ਉੱਚੀ ਕੰਧ ਹੋ ਗਈ ਸੀ।

ਭਾਗੂ ਰੋਟੀ ਲੈ ਕੇ ਗਿਆ ਤਾਂ ਚੰਦੋ ਸਬ੍ਹਾਤ ਵਿੱਚ ਜਾ ਕੇ ਕਣਕ ਦੀ ਬੋਰੀ ਵਿੱਚੋਂ ਬੋਤਲ ਕੱਢ ਲਿਆਈ। ਪੀੜ੍ਹੀ 'ਤੇ ਬੈਠੇ ਚਰਨ ਦੇ ਗੋਡੇ ਕੋਲ ਬੋਤਲ ਉਸ ਨੇ ਹੌਲੀ ਦੇ ਕੇ ਧਰ ਦਿੱਤੀ। ਕਹਿਣ ਲੱਗੀ, ਅੱਜ ਤਾਂ ਬਹੁਤ ਕੰਮ ਕੀਤਾ ਤੁਸੀਂ, ਚਰਨ ਥੱਕ 'ਗੇ ਹੋਵੋਂਗੇ। ਚਰਨ ਕੈਲੇ ਵੱਲ ਝਾਕ ਕੇ ਹੱਸਿਆ। ਕਹਿਣ ਲੱਗਿਆ, ਲਿਆ ਓਏ ਬਾਟੀ।

ਦਰਵਾਜ਼ੇ ਵਿੱਚ ਬੈਠ ਕੇ ਉਹ ਪੀਣ ਲੱਗ ਪਏ। ਚਰਨ ਪੀੜ੍ਹੀ 'ਤੇ ਬੈਠਾ ਸੀ ਤੇ ਕੈਲਾ ਇੱਟ ਉੱਤੇ। ਦੋ-ਦੋ ਪੈੱਗ ਪੀ ਕੇ ਉਹ ਕਾਹਲੀ-ਕਾਹਲੀ ਗੱਲਾਂ ਕਰਨ ਲੱਗੇ। ਤੀਜਾ ਪੈੱਗ ਕੱਚ ਦੇ ਗਲਾਸ ਵਿੱਚ ਚਰਨ ਨੇ ਆਪ ਨੂੰ ਪਾਇਆ ਤੇ ਕੈਲੇ ਉਸ ਦੇ ਹੱਥੋਂ ਗਲਾਸ ਫੜ ਲਿਆ।

ਓਏ ਇਹ ਕੀ ਕਰਦੈਂ, ਚਮਿਆਰਾ? ਚਰਨ ਨੇ ਕਿਹਾ।

ਤੈਨੂੰ ਕੀ ਪਤੈ, ਉਰੇ ਕਰ। ਗਲਾਸ ਲੈ ਕੇ ਕੈਲਾ ਰਸੋਈ ਵਿੱਚ ਗਿਆ ਤੇ ਚੁੱਲ੍ਹੇ ਕੋਲ ਬੈਠੀ ਚੰਦੋ ਨੂੰ ਨਾਂਹ-ਨਾਹ ਕਰਦੀ ਨੂੰ ਵੀ ਪਿਆ ਆਇਆ।

ਓਏ, ਏਧਰ ਕੀਹਨੂੰ ਦੇ ਆਇਐਂ? ਚਰਨ ਨੇ ਪੁੱਛਿਆ।

ਤੈਨੂੰ ਨੀ ਪਤਾ, ਸੂਬੇਦਾਰਨੀ ਤਾਂ ਪੂਰੀ ਪਿਆਕ ਐ। ਕੈਲੇ ਨੇ ਦੱਸਿਆ।

ਚਰਨ ਸੋਚੀਂ ਪੈ ਗਿਆ। ਤੀਵੀਂ ਸ਼ਰਾਬ ਪੀਂਦੀ ਉਸ ਨੇ ਕਦੇ ਦੇਖੀ ਨਹੀਂ ਸੀ।

ਚੰਗਾ, ਪਾ ਆਪ ਨੂੰ। ਕਹਿ ਕੇ ਕੈਲਾ ਗੰਢੇ ਨੂੰ ਗੋਡੇ ਦੀ ਚੱਪਣੀ 'ਤੇ ਰੱਖ ਕੇ ਮੁੱਕੇ ਕਾਰ-ਮਾਰ ਭੰਨ੍ਹਣ ਲੱਗਿਆ।

ਗੰਢੇ ਨਾਲ ਕਿਉਂ ਮੱਥਾ ਮਰਵੌਨੈਂ? ਕੰਜਰ ਦਿਆ ਚਮਿਆਰਾ। ਅਚਾਰ ਦੀ ਫਾੜੀ ਪੁੱਛਗਾਂ ਕੋਈ। ਦਾਲ ਦੂਲ ਹੋਣੀ ਐ? ਚਰਨ ਦੀ ਗੱਲ ਰਸੋਈ ਅੰਦਰ ਚੰਦੋ ਨੂੰ ਸੁਣ ਰਹੀ ਸੀ। ਕਾਂਸੀ ਦੇ ਕੌਲ ਵਿੱਚ ਉਸ ਨੇ ਚੁੱਲ੍ਹੇ ਮੂਹਰੇ ਗੋਹਿਆਂ ਦੀ ਮੁੱਠੀ-ਮੁੱਠੀ ਅੱਗ 'ਤੇ ਧਰੇ ਤਪਲੇ 'ਚ ਭਾਫ਼ਾਂ ਛੱਡਦਾ ਤੱਤਾ-ਤੱਤਾ ਸਾਗ ਪਾਇਆ। ਸਾਗ ਵਿੱਚ ਮੱਖਣੀ ਪਾ ਕੇ ਤੇ ਕੌਲ ਵਿੱਚ ਚਮਚਾ ਧਰ ਕੇ ਚੰਦੋ ਦਰਵਾਜ਼ੇ ਵਿੱਚ ਆਈ ਤੇ ਕਹਿਣ ਲੱਗੀ, ਜਾਹ ਵੇ ਕੈਲਿਆ, ਮ੍ਹੈਸ ਦੀ ਖੁਰਲੀ 'ਚ ਹੱਥ ਮਾਰ ਕੇ ਆ। ਕੈਲਾ ਉੱਠਿਆ ਤਾਂ ਚੰਦੋ ਨੇ ਸਾਗ ਵਾਲਾ ਕੌਲ ਚਰਨ ਮੂਹਰੇ ਰੱਖਕੇ ਉਹ ਦੀ ਗੱਲ੍ਹ 'ਤੇ ਚੂੰਢੀ ਵੱਢ ਲਈ। ਕਹਿਣ ਲੱਗੀ, ਦਾਰੂ ਹੋਰ ਲਿਆਵਾਂ?

ਬੱਸ, ਸਭ ਕੁਸ ਵਿੱਚੇ ਆ ਗਿਆ। ਆਪਣੀ ਗੱਲ੍ਹ 'ਤੇ ਹੱਥ ਫੇਰ ਕੇ ਚਰਨ ਨੇ ਆਖਿਆ ਤੇ ਫੇਰ ਆਪਣੇ ਵਾਲਾ ਪੈੱਗ ਉਸ ਨੇ ਚੰਦੋ ਮੂਹਰੇ ਕਰ ਦਿੱਤਾ। ਪਾਸਾ ਜਿਹਾ ਵੱਟ ਕੇ ਉਹ ਸਾਰਾ ਪੈੱਗ ਚਰੜ-ਚਰੜ ਪੀ ਗਈ। ਰੋਟੀ ਖਾ ਕੇ ਜਾਈਂ ਨਾ। ਉਸ ਨੇ ਹੌਲੀ ਦੇ ਕੇ ਚਰਨ ਦੇ ਕੰਨ ਵਿੱਚ ਆਖਿਆ। ਕੈਲਾ ਦਰਵਾਜ਼ੇ ਵਿੱਚ ਆ ਕੇ ਬੈਠਿਆ ਤਾਂ ਚੰਦੋ ਰਸੋਈ ਵਿੱਚ ਮੁੜ ਆਈ। ਦਰਵਾਜ਼ੇ ਦਾ ਬਾਹਰਲਾ ਕੁੰਡਾ ਖੜਕਿਆ। ਕੈਲੇ ਨੇ ਅੰਦਰਲਾ ਕੁੰਡਾ ਖੋਲ੍ਹਿਆ। ਚਰਨ ਦੀ ਮਾਸੀ ਖੜ੍ਹੀ ਸੀ। ਉਹ ਅੰਦਰ ਆ ਗਈ। ਲੋਹੜਾ ਮਾਰਿਆ ਵੇ ਮੁੰਡਿਆ, ਘਰੇ ਨੀ ਔਣਾ?

ਤੂੰ ਚੱਲ ਬੇਬੇ, ਮੈਂ ਔਨਾਂ ਰੋਟੀ ਖਾ ਕੇ ਈ ਆਊਂਗਾ। ਤੂੰ ਚੱਲ। ਉਸ ਨੇ ਇਸ ਢੰਗ ਨਾਲ ਆਖਿਆ ਜਿਵੇਂ ਉਹ ਚਾਹੁੰਦਾ ਹੋਵੇ ਕਿ ਉਸ ਦੀ ਮਾਸੀ ਉੱਥੋਂ ਛੇਤੀ ਹੀ ਤੁਰ ਜਾਵੇ। ਚੰਦੋ ਉਸ ਦਾ ਬੋਲ ਸੁਣ ਕੇ ਉਸ ਨੂੰ ਹਾਕਾਂ ਮਾਰਦੀ ਹੀ ਰਹਿ ਗਈ, ਪਰ ਉਹ ਤਾਂ ਜਾ ਚੁੱਕੀ ਸੀ। ਇੱਕ-ਇੱਕ ਭਰਵਾਂ ਜਿਹਾ ਪੈੱਗ ਪਾ ਕੇ ਉਨ੍ਹਾਂ ਨੇ ਬੋਤਲ ਖ਼ਾਲੀ ਕਰ ਦਿੱਤੀ।

ਬਾਟੀ ਧੋ ਕੇ ਕੈਲੇ ਨੇ ਉਸ ਵਿੱਚ ਸਾਗ ਦੀਆਂ ਦੋ ਕੜਛੀਆਂ ਪਵਾਈਆਂ ਤੇ ਮੱਕੀ ਦੀਆਂ ਚਾਰ ਰੋਟੀਆਂ ਬਾਟੀ 'ਤੇ ਰੱਖ ਕੇ ਉਹ ਆਪਣੇ ਘਰ ਨੂੰ ਚਲਿਆ ਗਿਆ। ਚੰਦੋ ਨੇ ਬਥੇਰਾ ਆਖਿਆ ਸੀ ਕਿ ਉਹ ਇੱਥੇ ਬਹਿ ਕੇ ਹੀ ਰੋਟੀ ਖਾ ਲਵੇ, ਪਰ ਉਹ ਮੰਨਿਆ ਨਹੀਂ ਸੀ। ਕਹੀ ਹੀ ਗਿਆ ਸੀ ਕਿ ਉਹ ਤਾਂ ਘਰ ਜਾ ਕੇ ਤੱਤੇ ਪਾਣੀ ਨਾਲ ਹੱਥ-ਪੈਰ ਧੋ ਕੇ ਹੀ ਰੋਟੀ ਖਾਵੇਗਾ।

ਥੋੜ੍ਹੀ ਜ੍ਹੀ ਹੋਰ ਪੀ ਲੈ, ਚਰਨ। ਇੱਕ ਖੁੱਲ੍ਹਾ ਅਧੀਆ, ਜਿਸ ਵਿੱਚ ਦੋ ਕੁ ਉਂਗਲ ਸ਼ਰਾਬ ਊਣੀ ਸੀ, ਉਹ ਪਤਾ ਨਹੀਂ ਕਿੱਥੋਂ ਕੱਢ ਲਿਆਈ। ਇੱਕ ਤਕੜਾ ਸਾਰਾ ਪੈੱਗ ਚਰਨ ਨੇ ਪਾਇਆ। ਚੂਲੀ ਕੁ ਪਾਣੀ ਪਾ ਕੇ ਗਲਾਸ ਉਸ ਨੇ ਚੰਦੋ ਵੱਲ ਵਧਾਇਆ ਤੇ ਕਿਹਾ, ਲੈ ਪੀ ਜਾ ਸਾਰੀ। ਚੰਦੋ ਨੇ ਦੋ ਘੁੱਟਾਂ ਭਰੀਆਂ। ਧੁੜਧੜੀ ਲਈ। ਮੇਰਾ ਮਾਜਨਾ ਤਾਂ ਥੋੜ੍ਹਾ ਈ ਐ। ਤੂੰ ਪੀ ਲੈ। ਚੰਦੋ ਨੇ ਮੋੜ ਕੇ ਗਲਾਸ ਚਰਨ ਨੂੰ ਹੀ ਫੜਾ ਦਿੱਤਾ। ਚਰਨ ਨੇ ਗਲਾਸ ਖ਼ਾਲੀ ਕਰ ਦਿੱਤਾ।

ਰੋਟੀ ਫੇਰਾ 'ਲੀ ਕਹਿ ਕੇ ਚੰਦੋ ਨੇ ਚਰਨ ਦਾ ਡੌਲਾ ਫੜਿਆ। ਦਰਵਾਜ਼ੇ ਦਾ ਅੰਦਰਲਾ ਕੁੰਡਾ ਲਾ ਕੇ ਉਸ ਨੇ ਬੈਠਕ ਦਾ ਬਲ੍ਹਬ ਜਗਾਇਆ। ਚਰਨ ਛਾਂ ਵਾਂਗ ਉਸ ਦੇ ਨਾਲ ਹੀ ਅੰਦਰ ਬੈਠਕ ਵਿੱਚ ਆ ਗਿਆ ਸੀ।

## 11

ਚਰਨ ਦਾ ਮਾਸੜ ਗੰਡਾ ਸਿੰਘ ਇੱਕ ਆਮ ਜਿਹਾ ਜਿਮੀਂਦਾਰ ਸੀ। ਉਸ ਕੋਲ ਪੰਜ ਕਿੱਲੇ ਜ਼ਮੀਨ ਸੀ। ਪਹਿਲਾਂ-ਪਹਿਲਾਂ ਉਹ ਆਪ ਹੀ ਵਾਹੀ ਕਰਿਆ ਕਰਦਾ ਸੀ। ਪੰਜ-ਸੱਤ ਕਿੱਲੇ ਹੋਰ ਉਹ ਹਿੱਸੇ ਠੇਕੇ 'ਤੇ ਲੈ ਲੈਂਦਾ। ਉਸ ਦੀ ਘਰਵਾਲੀ ਦੇ ਜਵਾਕ ਹੁੰਦਾ ਸੀ ਤੇ ਓਸੇ ਵੇਲੇ ਮਰ ਜਾਂਦਾ ਸੀ। ਤਿੰਨ ਜਾਪੇ ਐਵੇਂ ਹੀ ਗਏ ਸਨ। ਚੌਥੇ ਜਾਪੇ ਵੇਲੇ ਤਾਂ ਜਵਾਕ ਪੇਟ ਅੰਦਰ ਹੀ ਮਰ ਗਿਆ ਸੀ।

ਹਸਪਤਾਲ ਜਾ ਕੇ ਉਹ ਆਪ ਵੀ ਅਖ਼ੀਰ ਨੂੰ ਮਰ ਗਈ ਸੀ। ਗੰਡਾ ਸਿੰਘ ਦੀ ਉਮਰ ਉਸ ਵੇਲੇ ਪੈਂਤੀ-ਛੱਤੀ ਸਾਲ ਦੀ ਸੀ। ਦੂਜੇ ਵਿਆਹ ਵਾਲੀ ਵਹੁਟੀ ਦੀ ਉਮਰ ਮਸ੍ਹਾਂ ਚੌਦਾਂ-ਪੰਦਰਾਂ ਸਾਲ ਸੀ, ਉਸ ਨੂੰ ਸ਼ੁਰੂ-ਸ਼ੁਰੂ ਵਿੱਚ ਹੀ ਕੋਈ ਐਸੀ ਕਸਰ ਬੈਠੀ ਕਿ ਔਲਾਦ ਨਹੀਂ ਸੀ ਹੋਈ। ਗੰਡਾ ਸਿੰਘ ਬੇਉਮੈਦਾ ਹੋ ਗਿਆ ਸੀ। ਉਸ ਨੇ ਵਾਹੀ ਛੱਡ ਦਿੱਤੀ ਸੀ। ਆਪਣੀ ਪੰਜ ਕਿੱਲੇ ਜ਼ਮੀਨ ਨੂੰ ਹੁਣ ਉਹ ਹਿੱਸੇ 'ਤੇ ਦੇ ਛੱਡਦਾ। ਦਿਨ ਕਟੀ ਕਰਦਾ ਰਹਿੰਦਾ। ਦਿਨੋ-ਦਿਨ ਉਹ ਕਮਜ਼ੋਰ ਹੁੰਦਾ ਗਿਆ। ਦਿਨੋ-ਦਿਨ ਉਸ ਦੀ ਦੇਹ ਹਾਰਨ ਲੱਗੀ। ਸੱਠ ਕੁ ਸਾਲ ਦਾ ਜਦ ਉਹ ਹੋਇਆ, ਉਸ ਦੇ ਹੱਥ-ਪੈਰ ਸੁੱਜਣ ਲੱਗੇ। ਜਦ ਉਹ ਮਰਿਆ, ਚਰਨ ਦੀ ਮਾਸੀ ਚਾਲ੍ਹੀਆਂ ਤੋਂ ਥੱਲੇ ਸੀ। ਅਜੇ ਤਾਂ ਉਸ ਦੀ ਸਾਰੀ ਉਮਰ ਪਈ ਸੀ। ਡਲੀ ਵਰਗਾ ਉਹ ਦਾ ਸਰੀਰ ਸੀ। ਗੰਡਾ ਸਿੰਘ ਮਰਿਆ ਤਾਂ ਉਸ ਨੂੰ ਝੋਰਾ ਲਾ ਗਿਆ। ਉਹ ਦਾ ਇੱਕੋ-ਇੱਕ ਸਹਾਰਾ ਪੰਜ-ਸੱਤ ਸਾਲ ਤਾਂ ਉਸ ਨੇ ਇਕੱਲੀ ਨੇ ਕੱਟੇ ਤੇ ਫਿਰ ਉਹ ਆਪਣੀ ਸਭ ਤੋਂ ਛੋਟੀ ਭੈਣ ਕੋਲੋਂ ਚਰਨ ਨੂੰ ਮੰਗ ਲਿਆਈ। ਮਾਸੀ-ਭਾਣਜੇ ਦਾ ਜੀਅ ਪਰਚਿਆ ਰਹਿੰਦਾ। ਇੱਕ ਮੱਝ ਉਹ ਹਮੇਸ਼ਾ ਰੱਖਦੇ। ਆਪਣੀ ਜ਼ਮੀਨ ਵਿੱਚ ਵਿੱਘਾ ਦੋ ਵਿੱਘੇ ਹਰਾ ਬਿਜਵਾ ਲੈਂਦੇ ਬਾਕੀ ਦੀ ਸਾਰੀ ਜ਼ਮੀਨ ਹਿੱਸੇ 'ਤੇ ਦੇ ਕੇ ਰੱਖਦੇ। ਉਨ੍ਹਾਂ ਦੇ ਗੁਜ਼ਾਰੇ ਜੋਗੇ ਦਾਣੇ ਮੁੱਕਣੇ ਨਹੀਂ ਸਨ। ਮਾਸੀ ਨੂੰ ਮਹਿਸੂਸ ਹੋਣ ਲੱਗਿਆ, ਜਿਵੇਂ ਚਰਨ ਉਸ ਦਾ ਆਪਣਾ ਪੁੱਤਰ ਹੀ ਹੋਵੇ।

ਉਹ ਸਾਰਾ ਦਿਨ ਵਿਹਲਾ ਰਹਿੰਦਾ ਸੀ। ਕੰਮ ਕੋਈ ਨਹੀਂ ਸੀ। ਕੀ ਕਰਦਾ? ਇੱਕੋ ਕੰਮ ਸੀ ਬੱਸ। ਮੱਝ ਵਾਸਤੇ ਪੱਠੇ ਲੈ ਆਉਣੇ ਤੇ ਮਸ਼ੀਨ 'ਤੇ ਕੁਤਰ ਕੇ ਖੁਰਲੀ ਵਿੱਚ ਪਾ ਦੇਣੇ। ਬਾਕੀ ਦਾ ਸਾਰਾ ਕੰਮ ਮਾਸੀ ਕਰਦੀ।

ਚਰਨ ਦੀ ਵੀਹ-ਬਾਈ ਉਮਰ ਹੋ ਚੱਲੀ ਸੀ। ਸਾਕ ਉਸ ਨੂੰ ਅਜੇ ਕੋਈ ਨਹੀਂ ਸੀ ਹੋਇਆ। ਮਾਸੀ ਨੇ ਆਪਣੇ ਪੰਜ ਕਿੱਲੇ ਜ਼ਮੀਨ ਅਜੇ ਉਸ ਦੇ ਨਾਉਂ ਲਵਾਈ ਨਹੀਂ ਸੀ। ਉਸ ਦੇ ਪਿਓ ਕੋਲ ਭੋਰਾ ਵੀ ਜ਼ਮੀਨ ਨਹੀਂ ਸੀ। ਉਸ ਦਾ ਪਿਓ ਤਾਂ ਸੜਕ 'ਤੇ ਮੇਟ ਲੱਗਿਆ ਹੋਇਆ ਸੀ। ਚਰਨ ਦਾ ਇੱਕ ਭਰਾ ਤੇ ਤਿੰਨ ਭੈਣਾਂ ਸਨ। ਭਰਾ ਸਭ ਤੋਂ ਵੱਡਾ ਸੀ। ਵਿਆਹ ਕਰਵਾ ਕੇ ਪਿਓ ਨਾਲੋਂ ਅੱਡ ਹੋ ਗਿਆ ਸੀ। ਸ਼ਹਿਰ ਵਿੱਚ ਕਿਸੇ ਸਰਕਾਰ ਦੇ ਮੁਰਗੀ ਫਾਰਮ ਦਾ ਇੰਚਾਰਜ ਸੀ। ਤਿੰਨਾਂ ਭੈਣਾਂ ਵਿੱਚੋਂ ਇੱਕ ਵੀ ਨਹੀਂ ਸੀ ਵਿਆਹੀ ਹੋਈ। ਚਰਨ ਦੇ ਪਿਓ ਦਾ ਆਪਣਾ ਗੁਜ਼ਾਰਾ ਮਸ੍ਹਾਂ ਹੋ ਰਿਹਾ ਸੀ। ਵੱਡਾ ਮੁੰਡਾ ਪਤਾ ਨਹੀਂ ਕਿਵੇਂ ਵਿਆਹਿਆ ਗਿਆ ਸੀ। ਚਰਨ ਨੂੰ ਡੋਲਾ ਕਿੱਥੋਂ?

ਉਸ ਦਾ ਪਿਓ ਬਹੁਤ ਜ਼ੋਰ ਲਾਉਂਦਾ ਕਿ ਉਹ ਆਪਣੇ ਘਰ ਆ ਜਾਵੇ। ਕਿਸੇ ਕੰਮ ਵਿੱਚ ਪਵੇ। ਉਸ ਦਾ ਸਹਾਈ ਬਣੇ। ਊਠ ਦਾ ਬੁੱਲ੍ਹ ਡਿੱਗਣ ਵਾਂਗ ਮਾਸੀ ਦਾ ਕੀ ਭੇਤ? ਕੀ ਪਤਾ ਹੈ, ਨਾ ਹੀ ਲਵਾਵੇ ਜ਼ਮੀਨ ਉਸ ਦੇ ਨਾਉਂ?

ਚਰਨ ਨੂੰ ਪਰ ਵਿਹਲੀਆਂ ਖਾਣ ਦਾ ਭੁੱਸ ਪੈ ਗਿਆ ਹੋਇਆ ਸੀ; ਚੰਗਾ ਖਾਂਦਾ ਸੀ, ਚੰਗਾ ਪਹਿਨਦਾ ਸੀ। ਪਿੰਡ ਪਿਓ ਦੇ ਘਰ ਆ ਕੇ ਉਸ ਨੇ ਕੀ ਲੈਣਾ ਸੀ? ਖਾਂਦਾ ਸੀ, ਦੜਕਾਂਦਾ ਸੀ।

ਉਸ ਦੀ ਤਾਂ ਸਿਹਤ ਦੀ ਬਹੁਤ ਸੋਹਣੀ ਬਣੀ ਹੋਈ ਸੀ। ਆਪਣੇ ਪਿਓ ਜਿੱਡਾ ਹੀ ਉੱਚਾ ਕੱਦਾ। ਭਰਵਾਂ ਜਿਹਾ ਗੁੰਦਵਾਂ ਸਰੀਰ। ਤਿੱਖੇ-ਤਿੱਖੇ ਨੈਣ ਨਕਸ਼। ਸਾਂਵਲਾ ਜਿਹਾ ਰੰਗ।

## 12

ਚੰਦੋ ਸੂਬੇਦਾਰਨੀ ਨਾਲ ਜਦ ਉਸ ਦਾ ਸਬੰਧ ਬਣਿਆ ਸੀ, ਉਸ ਦੀ ਲਿਹਾਜਣ ਰਫ਼ਿਊਜੀਆਂ ਦੀ ਕੁੜੀ ਉਸ ਨੂੰ ਘੇਰ-ਘੇਰ ਰੱਖਦੀ। ਚੰਦੋ ਬਾਰੇ ਸ਼ਾਇਦ ਉਸ ਨੂੰ ਕੋਈ ਪਤਾ ਲੱਗ ਗਿਆ ਹੋਵੇ। ਸ਼ਾਇਦ ਉਸ ਦਾ ਧਿਆਨ ਘਟਦਾ ਦੇਖ ਕੇ ਉਹ ਉਸ ਨੂੰ ਜੱਫ਼ਾ ਪਾ ਕੇ ਰੱਖਣਾ ਚਾਹੁੰਦੀ ਹੋਵੇ। ਜਿੰਨਾ ਉਹ ਉਸ ਤੋਂ ਦੂਰ ਹੁੰਦਾ ਜਾਂਦਾ, ਓਨੀ ਹੀ ਉਹ ਉਸ ਦੇ ਨੇੜੇ ਆ ਰਹੀ ਹੁੰਦੀ।

ਚੰਦੋ ਦੇ ਘਰ ਉਹ ਜਾਂਦਾ ਤਾਂ ਕਦੇ-ਕਦੇ, ਪਰ ਜਾਂਦਾ ਜ਼ਰੂਰ। ਜਦੋਂ ਕਦੇ ਜਾਂਦਾ ਉਹ ਕਾੜ੍ਹਨੀ ਵਿੱਚੋਂ ਸਣੇ ਮਲਾਈ ਦੁੱਧ ਕੱਢ ਕੇ ਤੇ ਉਸ ਵਿੱਚ ਘਿਓ ਦੀ ਕੜਛੀ ਪਾ ਕੇ ਉਸ ਨੂੰ ਪਿਆਉਂਦੀ। ਉਸ ਨਾਲ ਗੁੱਸੇ ਹੁੰਦੀ-ਤੂੰ ਨਿੱਤ ਕਿਉਂ ਨਹੀਂ ਔਂਦਾ? ਜਦ ਉਹ ਉਸ ਦੇ ਘਰੋਂ ਜਾਣ ਲੱਗਦਾ ਤਾਂ ਉਹ ਮੱਲੋਂ-ਮੱਲੀ ਉਸ ਦੀ ਜੇਬ੍ਹ ਵਿੱਚ ਦਸਾਂ ਦਾ ਨੋਟ ਪਾ ਦਿੰਦੀ।

ਇਸੇ ਤਰ੍ਹਾਂ ਦੋ-ਤਿੰਨ ਮਹੀਨੇ ਲੰਘ ਗਏ, ਹਰਨੇਕ ਵੀ ਚੰਦੋ ਕੋਲ ਆਉਂਦਾ। ਪੁਰਾਣਾ ਪਰਦਾ ਬਣਿਆ ਹੋਇਆ ਸੀ। ਨਹੀਂ ਤਾਂ ਕੀ ਸੀ ਹੁਣ ਉਹ ਦੇ 'ਚ।

## 13

ਵਿਸਾਖੀ ਦੇ ਮੇਲੇ 'ਤੇ ਦਮਦਮੇ ਚੰਦੋ ਜਦ ਗਈ, ਚਰਨ ਨੂੰ ਨਾਲ ਲੈ ਕੇ ਗਈ। ਚਰਨ ਦੀ ਮਾਸੀ ਨਹੀਂ ਸੀ ਗਈ। ਵਿਸ਼ਾਖੀ ਦਾ ਨ੍ਹਾਉਣ ਕਰਕੇ ਉਹ ਬਠਿੰਡੇ ਪਹੁੰਚੇ। ਬਠਿੰਡੇ ਦੇ ਬੱਸ ਸਟੈਂਡ 'ਤੇ ਹੀ ਚੰਦੋ ਨੂੰ ਇੱਕ ਬੁੜ੍ਹੀ ਮਿਲੀ। ਬੁੜ੍ਹੀ ਜਿਵੇਂ ਚੰਦੋ ਨੇ ਸਿਆਣ ਲਈ ਹੋਵੇ। ਚੰਦੋ ਪਰ ਉਸ ਦੀ ਸਿਆਣ ਵਿੱਚ ਨਹੀਂ ਸੀ ਆਈ।

ਤੂੰ ਜੰਗੀਰ ਕੁਰ ਐਂ, ਕਿਤੇ? ਚੰਦੋ ਨੇ ਪੁੱਛਿਆ।

ਤੂੰ ਭੈਣੇ ਕੌਣ ਐਂ? ਮੱਥੇ ਮੂਹਰੇ ਹੱਥ ਕਰਕੇ ਬੁੜ੍ਹੀ ਨੇ ਉਲਟਾ ਕੇ ਪੁੱਛਿਆ।

ਮੈਂ ਸਿਆਣ ਗਾਂ ਭਲਾਂ ਕੌਣ ਆਂ? ਚੰਦੋ ਨੇ ਲਾਚੜ ਕੇ ਪੁੱਛਿਆ।

ਬੁੜ੍ਹੀ ਗਹੁ ਨਾਲ ਝਾਕੀ। ਕਹਿਣ ਲੱਗੀ, ਨਾ ਭਾਈ, ਮੈਨੂੰ ਤਾਂ ਕੋਈ ਪਤਾ ਨੀ ਲੱਗਦਾ। ਕੋਈ ਸਮਝ ਨੀ ਔਂਦੀ।

ਚੰਦੋ ਹਿੜ-ਹਿੜ ਕਰ ਕੇ ਹੱਸੀ। ਕਹਿੰਦੀ, ਮੈਂ ਚੰਦ ਕੁਰ ਆਂ। ਸੂਬੇਦਾਰ, ਨਾ ਸੱਚ, ਹੌਲਦਾਰ ਚੰਨਣ ਸਿਹੁੰ ਦੇ ਘਰੋਂ। ਅੰਬਾਲੇ ਆਪਣੇ ਕੁਆਟਰ ਦੇਹਗਾਂ ਆਹਮਣੇ-ਸਾਹਮਣੇ ਹੁੰਦੇ ਸੀ। ਮੈਂ ਤਾਂ ਤੈਨੂੰ ਭੁੱਲੀ ਨੀ, ਤੂੰ ਕਿਵੇਂ ਮੈਨੂੰ ਭੁੱਲਗੀ?

ਅੱਛਿਆ, ਅੱਛਿਆ ਕਹਿ ਕੇ ਉਸ ਨੇ ਚੰਦੋ ਨੂੰ ਗੱਲ ਲਾ ਲਿਆ। ਪਰ੍ਹੇ ਹਟ ਕੇ ਅੱਖਾਂ ਭਰ ਲਈਆਂ। ਮੌਤਾਂ ਨੇ ਹਰਾ 'ਲੀ ਭੈਣੇ ਉਹ ਤਾਂ ਕਸ਼ਮੀਰ ਦੀ ਹੱਦ 'ਤੇ

ਪਾਕਿਸਤਾਨੀਆਂ ਦੇ ਘੇਰੇ 'ਚ ਆ ਗਿਆ ਸੀ। ਮੁੜ ਕੇ ਪਤਾ ਈ ਨੀ ਲੱਗਿਆ। ਸੱਤ ਸਾਲ ਹੋ 'ਗੇ। ਧੀ ਵੀ ਫ਼ੌਜੀ ਨੂੰ ਵਿਆਹੀ। ਉਹ ਵੀ ਚੀਨ ਦੀ ਜੰਗ 'ਚ ਮਾਰਿਆ ਗਿਆ ਸੀ। ਧੀ ਮੇਰੇ ਕੋਲ ਰਹਿੰਦੀ ਐ ਹੁਣ। ਜੇਠ ਦੇ ਲੜ ਲਾ 'ਤੀ ਸੀ। ਮੀਨ੍ਹਾ-ਵੀਹ ਦਿਨ ਉੱਥੇ ਰਹਿੰਦੀ ਐ, ਮੀਨ੍ਹਾ-ਵੀਹ ਦਿਨ ਮੇਰੇ ਕੋਲ, ਪਰ ਬਹੁਤਾ ਮੇਰੇ ਕੋਲ ਈ ਰਹਿੰਦੀ ਐ। ਬੱਸ ਦੋਵੇਂ ਮਾਵਾਂ-ਧੀਆਂ ਜੂਲ ਜ੍ਹੀ ਕਰੀਂ ਜਾਨੀਆਂ। ਧੀ ਨੂੰ ਕੋਈ ਬੇਲ-ਤੂੰਬੜੀ ਲੱਗੀ ਹੁੰਦੀ, ਫੇਰ ਵੀ ਦਿਨ ਨਿਕਲ ਜਾਂਦੇ, ਹੁਣ ਤਾਂ ਬੱਸ...। ਉਸ ਦੀ ਭੁੱਬ ਨਿਕਲ ਗਈ। ਪੱਕੇ ਬੈਂਚ 'ਤੇ ਬੈਠਣ ਲਈ ਉਹ ਅਹੁਲੇ। ਚੁੱਪ-ਚਾਪ। ਕੋਈ ਵੀ ਗੱਲ ਨਹੀਂ ਸੀ ਹੋ ਰਹੀ।

ਚਾਹ, ਦੱਸ ਫੇਰ, ਪੀਵੇਂਗੀ? ਚੰਦੋ ਨੇ ਸੁਲਾਹ ਮਾਰੀ।

ਪੁੱਛਦੀ ਕੀਹ ਐਂ, ਚੁੱਪ ਕਰਕੇ ਕਰਾ ਲੈ ਤਿੰਨ ਕੱਪ, ਚਰਨ ਨੇ ਹੰਕਾਰਿਆ ਜਿਹਾ ਬੋਲ ਕੱਢਿਆ। ਇਹ ਮੁੰਡਾ ਕੌਣ ਐ, ਭੈਣੇ? ਬੁੜ੍ਹੀ ਨੇ ਪੁੱਛਿਆ।

ਚੰਦੋ ਚੁੱਪ ਰਹੀ।

ਜਵਾਬ ਮਿਲਣ ਤੋਂ ਪਹਿਲਾਂ ਹੀ ਬੁੜ੍ਹੀ ਕਹਿਣ ਲੱਗੀ, ਕੁੜੇ ਮੇਰੇ ਤਾਂ ਤੂੰ ਭੋਰਾ ਸਿਆਣ 'ਚ ਨੀ ਆਈ। ਉਦੋਂ ਤਾਂ ਤੇਰਾ ਸਰੀਰ ਪਤਲਾ ਜ੍ਹਾ ਸੀ। ਛਟੀ ਵਰਗਾ। ਹੁਣ ਤਾਂ ਤੂੰ ਹੋਰ ਈ ਕੁਸ ਬਣੀ ਫਿਰਦੀ ਐਂ। ਪਾਟਣ 'ਤੇ ਆਈ ਪਈ ਐਂ। ਚੰਨਣ ਸਿਹੁੰ ਦੀ ਦੇਹ ਗੱਲ, ਤਕੜਾ? ਚੰਦੋ ਹੁਣ ਵੀ ਚੁੱਪ ਸੀ।

ਬੁੜ੍ਹੀ ਨੂੰ ਉੱਚਾ ਸੁਣਦਾ ਸੀ। ਪਹਿਲੀ ਗੱਲ ਦਾ ਜਵਾਬ ਲਏ ਬਿਨਾਂ ਉਹ ਹੋਰ ਗੱਲ ਪੁੱਛ ਲੈਂਦੀ।

ਸੁਣਾ ਫੇਰ, ਕੋਈ ਨਿੱਕਾ ਨਿਆਣਾ?

ਚੰਦੋ ਚੁੱਪ।

ਚਰਨ ਦੀ ਗੱਲ ਸੁਣ ਕੇ ਕੋਲ ਹੀ ਖੜ੍ਹੀ ਰੇੜ੍ਹੀ ਵਾਲੇ ਨੇ ਚਾਹ ਦੇ ਤਿੰਨ ਕੱਪ ਬਣਾ ਦਿੱਤੇ ਸਨ। ਪੱਕੇ ਬੈਂਚ 'ਤੇ ਬੈਠੇ ਉਹ ਤਿੰਨ ਚਾਹ ਪੀਣ ਲੱਗੇ। ਚੱਲ ਭੈਣੇ, ਅੱਜ ਮੇਰੇ ਨਾਲ ਚੱਲ ਸਾਡੇ ਪਿੰਡ। ਬੁੱਲ੍ਹ ਫੂਕਵੀਂ ਤੱਤੀ ਚਾਹ ਦਾ ਗਲਾਸ ਆਪਣੇ ਸੱਜੇ ਹੱਥ ਰੱਖਦੀ ਬੁੜ੍ਹੀ ਨੇ ਕਿਹਾ। ਚੰਦੋ ਤੇ ਚਰਨ ਇੱਕ ਦੂਜੇ ਵੱਲ ਝਾਕੇ।

ਲੈ ਸੱਚ, ਮੈਂ ਤਾਂ ਥੋਡਾ ਪਿੰਡ ਈ ਭੁੱਲ 'ਗੀ, ਜੰਗੀਰ ਕੁਰੇ। ਚੰਦੋ ਨੇ ਕਿਹਾ।

ਪਿੰਡ ਸਾਡਾ ਐਥੋਂ ਨੇੜੇ ਈ ਐ। ਆਹ ਖੜ੍ਹੈ। ਮਾਈਸਰ ਖਾਨਾ। ਬਿੰਦੇ-ਬਿੰਦੇ ਬੱਸ ਚੱਲਦੀ ਐ। ਫੋਰੇ 'ਚ ਪਹੁੰਚ ਜਾਈਦੈ। ਚੱਲ, ਮੈਂ ਤਾਂ ਕਹਿਨੀ ਆਂ। ਚੰਦੋ ਦਾ ਹੱਥ ਫੜ ਕੇ ਉਸ ਨੇ ਕਿਹਾ। ਚਰਨ ਤੇ ਚੰਦੋ ਫਿਰ ਇੱਕ-ਦੂਜੇ ਵੱਲ ਦੇਖਣ ਲੱਗੇ।

ਚੰਦੋ ਨੇ ਜਿਗਰਾ ਜਿਹਾ ਬਣਾ ਕੇ ਕਹਿ ਹੀ ਦਿੱਤਾ, ਚੰਗਾ, ਚੱਲ ਫੇਰ।

## 14

ਅੰਬਾਲੇ ਜਦ ਉਹ ਫੈਮਿਲੀ ਕੁਆਰਟਰਾਂ ਵਿੱਚ ਰਹਿੰਦੀਆਂ ਹੁੰਦੀਆਂ, ਉਨ੍ਹਾਂ ਦੇ ਮਾਲਕ ਜਦ ਡਿਊਟੀ 'ਤੇ ਜਾਂਦੇ ਹੁੰਦੇ ਤੇ ਜਦ ਉਨ੍ਹਾਂ ਨੂੰ ਥੋੜ੍ਹੀ-ਮੋਟੀ ਵਿਹਲ ਮਿਲਦੀ, ਉਹ ਚਾਰ-ਪੰਜ ਜਣੀਆਂ ਕੁਆਰਟਰਾਂ ਦੇ ਚੜ੍ਹਦੇ ਪਾਸੇ ਪਿੱਪਲ ਦੁਆਲੇ ਬਣੀ ਪੱਕੀ ਚੌਂਕੜੀ 'ਤੇ ਜਾ ਬੈਠਦੀਆਂ। ਭਾਂਤ-ਭਾਂਤ ਦੀਆਂ ਗੱਲਾਂ ਮਾਰਦੀਆਂ।

ਕੁੜੇ ਪਿਓ ਤੇਰੇ ਨੇ ਕੀ ਦੇਖਿਆ? ਜੰਗੀਰ ਕੌਰ ਚੰਦੋ ਨੂੰ ਛੇੜਦੀ ਹੁੰਦੀ।

ਨੀ ਤੇਰਾ ਤਾਂ ਉਹ ਪਿਓ ਜ੍ਹਾ ਲਗਦੈ। ਹੌਲਦਾਰ ਨਿੱਕਾ ਸਿੰਘ ਦੀ ਤੀਵੀਂ ਤਾਂ ਭੋਰਾ ਸ਼ਰਮ ਵੀ ਨਹੀਂ ਸੀ ਕਰਦੀ।

ਲੈ ਕੁੜੇ ਬੰਦਾ ਚਾਹੀਦੈ, ਚਾਰ ਸਾਲ ਵੱਡਾ ਹੋਇਆ, ਛੋਟਾ ਹੋਇਆ। ਹੌਲਦਾਰ ਸ਼ੰਗਾਰਾ ਸਿੰਘ ਦੀ ਘਰਵਾਲੀ ਚੰਦੋ ਦਾ ਦਿਲ ਧਰਾਉਂਦੀ।

ਜੰਗੀਰ ਕੌਰ ਦੀ ਧੀ ਰੋਟੀ ਪਕਾ ਰਹੀ ਸੀ। ਚਰਨ ਪਾਣੀ ਦੀ ਬਾਲਟੀ ਭਰ ਕੇ ਫੁੱਟੇ ਹੋਏ ਚੱਕੀ ਦੇ ਪੁੜ 'ਤੇ ਖੜ੍ਹਾ ਨਹਾ ਰਿਹਾ ਸੀ। ਉਨ੍ਹਾਂ ਦੋਵਾਂ ਨੇ ਗੱਲਾਂ ਦੀ ਚੱਕੀ ਝੋਈ ਹੋਈ ਸੀ। ਚੰਦੋ ਨੇ ਉਸ ਨੂੰ ਸਭ ਕੁਝ ਦੱਸ ਦਿੱਤਾ ਸੀ। ਸੂਬੇਦਾਰ ਮਰ ਗਿਆ। ਘਰ ਵਿੱਚ ਕਿ ਚੀਜ਼ ਦਾ ਘਾਟਾ ਨਹੀਂ। ਇੱਕ ਮੁਕੰਮਲ ਮਰਦਾ ਦੀ ਲੋੜ ਸੀ, ਸੋ ਚਰਨ.......

ਚਾਰ ਦਿਨ ਉਹ ਮਾਈਸਰਖ਼ਾਨੇ ਹੀ ਰਹੀ ਚਾਰੇ ਦਿਨ ਜੰਗੀਰ ਕੌਰ ਚਰਨ ਨੂੰ ਤੇ ਚੰਦੋ ਨੂੰ ਸਿੱਖ-ਮੱਤ ਦਿੰਦੀ ਰਹੀ। ਚਰਨ ਨੂੰ ਵੀ ਜੰਗੀਰ ਕੌਰ ਦਾ ਮੋਹ ਆਉਣ ਲੱਗਿਆ। ਉਹ ਦੀ ਧੀ ਚਾਰੇ ਦਿਨ ਉਨ੍ਹਾਂ ਦੀ ਮਨ-ਚਿੱਤ ਲਾ ਕੇ ਸੇਵਾ ਕਰਦੀ ਰਹੀ।

15

ਪਿੰਡ ਪਹੁੰਚੇ। ਚਰਨ ਬਹੁਤਾ ਕਰਕੇ ਚੰਦੋ ਦੇ ਘਰ ਹੀ ਰਹਿੰਦਾ। ਆਂਢੀਆਂ-ਗੁਆਂਢੀਆਂ ਨੇ ਪੰਦਰਾਂ-ਵੀਹ ਦਿਨ ਚਿੜ-ਚਿੜ ਕੀਤੀ ਤੇ ਫਿਰ ਚੁੱਪ ਹੋ ਗਏ। ਬੁੜ੍ਹੀਆਂ ਨੇ ਚਰਨ ਦੀ ਮਾਸੀ ਨੂੰ ਪਾੜ੍ਹਤਾਂ ਪੜ੍ਹਾਈਆਂ। ਮਾਸੀ ਕੀ ਕਰਦੀ? ਜੁਆਨ-ਜੁਹਾਨ ਮੁੰਡੇ ਨੂੰ ਉਹ ਕਿਵੇਂ ਵਰਜਦੀ?

ਹਰਨੇਕ ਵਰਗਿਆਂ ਦਾ ਆਉਣਾ ਜਾਣਾ ਬਿਲਕੁੱਲ ਬੰਦ। ਹਰਨੇਕ ਜੇ ਕਦੇ ਵੀਹੀ-ਗਲੀ ਚਰਨ ਨੂੰ ਟੱਕਰ ਜਾਂਦਾ ਤਾਂ ਚਰਨ ਖਿਚਵੀਂ ਘੰਘੂਰ ਮਾਰ ਕੇ ਉਸ ਦੀ ਨੀਵੀਂ ਪਾ ਦਿੰਦਾ। ਹਰਨੇਕ ਸਿਆਣਾ ਸੀ, ਬੋਲਦਾ ਨਹੀਂ ਸੀ।

ਚਰਨ ਦੀ ਮਾਸੀ ਵੀ ਸਗੋਂ ਚੰਦੋ ਦੇ ਘਰ ਆਉਣ ਜਾਣ ਲੱਗੀ। ਕਦੇ ਦਾਲ ਮੰਗਣ ਆ ਜਾਂਦੀ, ਕਦੇ ਆਟਾ ਉਧਾਰਾ ਲੈਣ।

ਹੁਣ ਤਾਂ ਚੰਦੋ ਦਿਨ-ਦਿਨ ਨਿਖ਼ਰਦੀ ਆ ਰਹੀ ਸੀ। ਉਸ 'ਤੇ ਤਾਂ ਜਿਵੇਂ ਮੁੜ ਕੇ ਜਵਾਨੀ ਆ ਰਹੀ ਹੋਵੇ। ਉਸ ਦੀਆਂ ਅੱਖਾਂ ਵਿੱਚ ਚਮਕ ਭਰਨ ਲੱਗੀ। ਉਸ ਦੀਆਂ ਗੱਲ੍ਹਾਂ ਉਸ ਦੀ ਗੁਰਦਨ, ਉਸ ਦੀਆਂ ਢਾਕਾਂ, ਢਿੱਡ ਤੇ ਪਿੰਜਣੀਆਂ ਦਾ ਮਾਸ ਛਾਂਟਿਆ ਜਾਣ ਲੱਗਿਆ। ਮਸ਼ੀਨ 'ਤੇ ਟੋਕਾ ਹੁਣ ਉਹ ਆਪ ਕਰਵਾਉਂਦੀ। ਚਰਨ ਮਸ਼ੀਨ ਫੇਰਦਾ, ਉਹ ਰੁੱਗ ਲਾਉਂਦੀ। ਚਾਰ ਕਿੱਲੇ ਕਪਾਹ ਉਸ ਨੇ ਆਪ ਬਿਜਵਾਈ। ਕਹਿੰਦੀ, ਆਪੇ ਚੁਗ ਲੂੰ 'ਗੀ ਮੈਂ।

ਕੈਲਾ ਹਟ ਕੇ ਕਿਸੇ ਹੋਰ ਜੱਟ ਨਾਲ ਹੁਣ ਸੀਰੀ ਰਲ ਗਿਆ ਸੀ। ਚੰਦੋ ਨੇ ਚਮਿਆਰਾਂ ਦਾ ਹੀ ਇੱਕ ਹੋਰ ਮੁੰਡਾ ਪਾਲੀ ਰਲਾ ਲਿਆ। ਚਿਰ ਦੀ ਸੂਈ ਨਵੇਂ ਦੁੱਧ ਹੋਈ ਮੱਝ ਵੇਚ ਕੇ ਉਸ ਨੇ ਭਾਰੇ ਮੁੱਲ ਦੀ ਇੱਕ ਸੱਜਰ ਸੂਈ ਪਹਿਲਣ ਝੋਟੀ ਕਿੱਲੇ 'ਤੇ ਲਿਆ ਬੰਨ੍ਹੀ।

ਸ਼ਰਾਬ ਪੀਣੀ ਬੰਦ। ਚਰਨ ਦੀ ਵੀ ਤੇ ਆਪਣੀ ਵੀ। ਚੰਦੋ ਪੂਰੀ ਖ਼ੁਸ਼ ਸੀ। ਹਿੱਕ ਕੱਢ ਕੇ ਅਗਵਾੜ ਵਿੱਚ ਦੀ ਲੰਘਦੀ।

ਚਰਨ ਜਿਵੇਂ ਕਬੀਲਦਾਰ ਜਿਹਾ ਬਣ ਗਿਆ ਹੋਵੇ। ਚੰਦੋ ਦੇ ਮੋਹ ਨੇ ਤਾਂ ਜਿਵੇਂ ਉਸ ਨੂੰ ਚਾਰੇ ਪਾਸਿਓਂ ਤਣੀਆਂ ਨਾਲ ਬੰਨ੍ਹ ਲਿਆ ਹੋਵੇ। ਮਾਸੀ ਦੇ ਪੰਜ ਕਿੱਲਿਆ 'ਤੇ ਤਾਂ ਹੁਣ ਉਹ ਧਾਰ ਵੀ ਨਹੀਂ ਸੀ ਮਾਰਦਾ।

ਦੀਵਾਲੀ ਤੋਂ ਬਾਅਦ ਤਹਿਸੀਲਦਾਰ ਦੀ ਕਚਹਿਰੀ ਵਿੱਚ ਜਾ ਕੇ ਚੰਦੋ ਨੇ ਸਾਰੀ ਦੀ ਸਾਰੀ ਸਤਾਰਾਂ ਕਿੱਲੇ ਜ਼ਮੀਨ ਦਾ ਵਸੀਅਤਨਾਮਾ ਚਰਨ ਦੇ ਨਾਉਂ ਕਰਵਾ ਦਿੱਤਾ। ਚੰਦੋ ਦੇ ਪੇਕਿਅਆਂ ਵਾਲੇ ਸਾਰੇ ਰਿਸ਼ਤੇਦਾਰ, ਸਹੁਰਿਆਂ ਵਾਲੇ ਰਿਸ਼ਤੇਦਾਰ ਤੇ ਪਿੰਡ ਦੇ ਸਾਰੇ ਲੋਕ ਮੂੰਹ ਵਿੱਚ ਉਂਗਲਾਂ ਪਾਉਣ ਲੱਗੇ। ♦

# ਕੰਧ ਵਿੱਚ ਉੱਗਿਆ ਦਰੱਖ਼ਤ

ਅੱਜ ਤਾਂ ਅਗਨੀ ਮਿੱਤਰ ਲੱਜਿਆ ਤੋਂ ਪਹਿਲਾਂ ਹੀ ਨਹਾ ਲਿਆ ਹੈ। ਨਹੀਂ ਤਾਂ ਹਮੇਸ਼ਾ ਲੱਜਿਆ ਹੀ ਪਹਿਲਾਂ ਉੱਠਦੀ ਹੈ ਤੇ ਨਹਾ ਕੇ ਗੀਤਾ ਦਾ ਪਾਠ ਕਰਨ ਬਹਿ ਜਾਂਦੀ ਹੈ। ਕੁੜੀ ਚਾਹ ਬਣਾਉਂਦੀ ਹੈ। ਅਗਨੀ ਮਿੱਤਰ ਤੇ ਮੁੰਡਾ ਬਿਸਤਰਿਆਂ ਵਿੱਚ ਹੀ ਚਾਹ ਪੀਂਦੇ ਹਨ। ਲੱਜਿਆ ਪਾਠ ਤੋਂ ਬਾਅਦ ਚਾਹ ਦਾ ਸੇਵਨ ਕਰਦੀ ਹੈ।

ਗੁਸਲਖ਼ਾਨੇ ਵਿੱਚੋਂ ਨਿਕਲ ਕੇ ਤੌਲੀਏ ਨਾਲ ਉਹ ਆਪਣਾ ਮੂੰਹ ਰਗੜ ਰਿਹਾ ਹੈ। ਵੱਡੇ ਸ਼ੀਸ਼ੇ ਮੂਹਰੇ ਆ ਕੇ ਸਿਰ ਦੇ ਵਾਲਾਂ ਨੂੰ ਝਟਕਦਾ ਹੈ। ਲੱਜਿਆ ਗੁਸਲਖ਼ਾਨੇ ਵੱਲ ਤੱਤੇ ਪਾਣੀ ਦੀ ਬਾਲਟੀ ਲਿਜਾ ਰਹੀ ਉਸ ’ਤੇ ਸਵਾਲੀਆ ਨਜ਼ਰ ਸੁੱਟਦੀ ਹੈ।

ਕੋਟ-ਪੈਂਟ ਪਾ ਕੇ ਉਹ ਬੂਟਾਂ ਦੇ ਤਸਮੇ ਬੰਨ੍ਹ ਰਿਹਾ ਹੈ। ਕੁੜੀ ਜਲਦੇ ਹੋਏ ਸਟੋਵ ਕੋਲ ਬੈਠੀ ਕਿੱਕਰ ਦੀ ਦਾਤਣ ਕਰ ਰਹੀ ਹੈ। ਸਟੋਵ ’ਤੇ ਚਾਹ ਉੱਬਲ ਰਹੀ ਹੈ।

ਸ਼ੀਸ਼ੇ ਮੂਹਰੇ ਖੜ੍ਹਾ ਅਗਨੀ ਮਿੱਤਰ ਚਿਹਰੇ ’ਤੇ ਹੱਥ ਫੇਰ ਰਿਹਾ ਹੈ। ਮਹਿਸੂਸ ਕਰਦਾ ਹੈ, ਸ਼ੇਵ ਕਿਉਂ ਨਹੀਂ ਕੀਤੀ?

‘ਚਾਹ ਚੁੱਲ੍ਹੇ ਉੱਪਰ ਈ ਕਰ ਲੈਣੀ ਸੀ।’ ਨਹਾ ਕੇ ਗੁਸਲਖ਼ਾਨੇ ’ਚੋਂ ਬਾਹਰ ਆ ਰਹੀ ਉਹ ਕੁੜੀ ਨੂੰ ਕਹਿੰਦੀ ਹੈ।

‘ਪਾਪਾ ਜੀ ਕਹਿੰਦੇ ਮੈਂ ਜਾਣੈ ਛੇਤੀ।’ ਨਾਲੀ ਵਿੱਚ ਦਾਤਣ ਵਾਲੇ ਥੁੱਕ ਦੀ ਪਿਚਕਾਰੀ ਮਾਰ ਕੇ ਕੁੜੀ ਜਵਾਬ ਦਿੰਦੀ ਹੈ।

‘ਥੋਡੇ ਨ੍ਹਾਉਣ ਵਾਸਤੇ ਪਾਣੀ ਤੱਤਾ ਮਗਰੋਂ ਹੋ ਜਾਂਦਾ। ਚੁੱਲ੍ਹਾ ਭਖੀ ਜਾਂਦੈ, ਚੁੱਲ੍ਹੇ ’ਤੇ ਹੋ ਜਾਂਦੀ, ਚਾਹ। ਸਟੋਵ ’ਚ ਤੇਲ ਫੂਕਣ ਦੀ ਕੀ ਲੋੜ ਸੀ? ਅੱਸੀ ਪੈਸੇ ਹੋ ’ਗੀ ਬੋਤਲ, ਅੱਗ ਲੱਗਣੀ।’ ਲੱਜਿਆ ਕਹਿੰਦੀ ਹੈ ਤੇ ਪੁੱਛਦੀ ਹੈ, ‘ਤੁਸੀਂ ਅੱਜ ਸਵੇਰੇ-ਸਵੇਰੇ ਕਿੱਧਰ ਦੀ ਤਿਆਰੀ ਕੀਤੀ ਐ?’

‘ਬਠਿੰਡੇ ਜਾਣੈ। ਸਰਕਾਰੀ ਕੰਮ ਐ।’ ਉਸ ਨੇ ਬਹਾਨਾ ਬਣਾਇਆ ਹੈ।

‘ਰਾਤ ਤਾਂ ਕੋਈ ਜ਼ਿਕਰ ਨੀ ਕੀਤਾ ਤੁਸੀਂ। ਹੈਂ? ਤੜਕੇ ਸੁਫ਼ਨਾ ਆਇਆ ਹੋਣੈ, ਬਠਿੰਡਾ ਜਾਣ ਦਾ।’ ਉਹ ਖੋਜ ਕਰ ਰਹੀ ਹੈ।

‘ਨਹੀਂ, ਪ੍ਰੋਗਰਾਮ ਤਾਂ ਕੱਲ੍ਹ ਦਾ ਈ ਬਣਿਆ ਹੋਇਐ। ਰਾਤ ਨੂੰ ਦੱਸਣਾ ਯਾਦ ਨੀ ਰਿਹਾ।’

‘ਦਫ਼ਤਰ ਵਾਲੇ ਵੀ ਅਜੀਬ ਨੇ। ਜਦੋਂ ਭੇਜਦੇ ਨੇ ਡਿਊਟੀ ’ਤੇ ਥੋਨੂੰ ਕਿਉਂ ਭੇਜਦੇ ਨੇ?’ ਉਸ ਨੇ ਗੀਤਾ ਨੂੰ ਰੇਹਲ ’ਤੇ ਟਿਕਾਉਂਦਿਆਂ ਪੁੱਛਿਆ ਹੈ।

'ਸਾਅਬ ਖੁਸ਼ ਐ ਨਾ ਆਪਣੇ 'ਤੇ। ਟੀ.ਏ., ਡੀ.ਏ. ਬਣਦੈ। ਸੈਰ ਮੁਫ਼ਤ ਦੀ। ਆਪਣਾ ਕੀ ਘਸਦੈ?' ਉਹ ਮੂੰਹ ਭੰਵਾ ਕੇ ਹੱਸਿਆ ਹੈ।

'ਟੱਕਰੇ ਨਾ ਮੈਨੂੰ, ਮੁੰਨਾਂ ਦਾੜ੍ਹੀ ਬੇਇੱਜ਼ਤੇ ਦੀ। ਸਾਅਬ, ਸਾਅਬ। ਧੀ ਨੂੰ ਵੀ ਸੈਰਾਂ ਈ ਕਰੌਂਦੈ ਉਹ ਤਾਂ। ਮਾਲ ਰੋਡ 'ਤੇ ਕਦੇ ਕਿਸੇ ਦੇ ਸਕੂਟਰ ਮਗਰ,ਕਦੇ ਕਿਸੇ ਦੀ ਕਾਰ 'ਚ। ਸਿਰ ਦੇ ਵਾਲ ਦੇਖੇ ਨੇ? ਕੰਜਰੀ ਦੇ। ਕੈਂਚੀ ਨਾਲ ਕੱਟੀ ਸਣ ਦੀ ਜੂੜੀ। ਦਾੜ੍ਹੀ ਮੂਤ ਨਾਲ ਮੁਨਾ ਦੇ, ਕੰਜਰ ਥੋਡਾ ਸਾਅਬ।' ਉਹ ਕਹਿੰਦੀ ਹੈ।

'ਗੁੱਸੇ ਨਾ ਹੋਵੇ ਲੱਜਿਆ ਦੇਵੀ ਜੀ ਮਹਾਰਾਜ। ਨਹੀਂ ਤਾਂ ਅੱਜ ਦਾ ਪਾਠ ਪਰਵਾਨ ਨੀ ਹੋਣਾ।' ਉਹ ਮੁਸਕਰਾਉਂਦਾ ਹੈ।

'ਚੰਗਾ ਉਜੜੋ ਪਰ੍ਹਾਂ।' ਉਹ ਗੀਤਾ ਦੇ ਵਰਕੇ ਉਥੱਲਦੀ ਹੈ।

ਕੁੜੀ ਨੇ ਗਲਾਸ ਵਿੱਚ ਚਾਹ ਪਾ ਕੇ ਤਿਪਾਈ 'ਤੇ ਰੱਖ ਦਿੱਤੀ ਹੈ। ਇੱਕ ਪਲੇਟ ਵਿੱਚ ਦੋ ਨਮਕੀਨ ਬਿਸਕੁੱਟ ਵੀ ਧਰ ਦਿੱਤੇ ਹਨ।

ਟਾਈ ਦੀ ਨਾਟ ਠੀਕ ਕਰਦਾ ਉਹ ਪੌੜੀਆਂ ਚੜ੍ਹ ਗਿਆ ਹੈ। ਕੋਠੇ 'ਤੇ ਲੈਟਰੀਨ ਦੀ ਪੰਜ ਇੰਚੀ ਕੰਧ ਕੋਲ ਖੜ੍ਹ ਕੇ ਗੋਬਿੰਦ ਰਾਮ ਦੇ ਵਿਹੜੇ ਵਿੱਚ ਝਾਕਦਾ ਹੈ। ਨਰਬਦਾ ਵਰਾਂਢੇ ਵਿੱਚ ਖੜ੍ਹੀ ਕੇਸ ਵਾਹ ਰਹੀ ਹੈ। ਉਹ ਖੰਘੂਰ ਮਾਰਦਾ ਹੈ। ਨਰਬਦਾ ਉਤਾਂਹ ਪਲਕਾਂ ਚੁੱਕਦੀ ਹੈ ਤੇ ਅੱਖ ਮਾਰ ਕੇ ਗੱਲ ਸਮਝਾਉਂਦੀ ਹੈ। ਜੋ ਕੁਝ ਉਸ ਨੇ ਕਿਹਾ ਹੈ, ਉਹ ਸਮਝ ਗਿਆ ਹੈ। ਜੇ ਉਹ ਅੱਖ ਨਾ ਮਾਰਦੀ ਤਾਂ ਸਮਝ ਉਸ ਨੇ ਫਿਰ ਵੀ ਜਾਣਾ ਸੀ। ਐਨਾ ਦੇਖ ਲੈਣਾ ਹੀ ਕਾਫ਼ੀ ਹੈ ਕਿ ਉਸ ਨੇ ਧੋਤੀ ਹੋਈ ਸਲਵਾਰ-ਕਮੀਜ਼ ਪਹਿਨੀ ਹੋਈ ਹੈ। ਉੱਤੋਂ ਦੀ ਗਰਮ ਕੋਟੀ ਹੈ। ਕੇਸ ਵਾਹ ਰਹੀ ਹੈ ਤੇ ਛੇਤੀ-ਛੇਤੀ ਵਾਹ ਰਹੀ ਹੈ। ਐਨਾ ਸਵੇਰੇ ਤਿਆਰ ਹੋ ਰਹੀ ਹੈ। ਨਹੀਂ ਤਾਂ ਉਹ ਧੁੱਪਾਂ ਚੜ੍ਹੀਆਂ ਤੋਂ ਮੰਜਾ ਛੱਡਦੀ ਹੈ। ਸਾਫ਼ ਹੈ ਕਿ ਉਸ ਨੇ ਅੱਜ ਕਿਤੇ ਜਾਣਾ ਹੈ। ਜਾਣਾ ਹੈ ਤਾਂ ਓਥੇ ਹੀ ਜਿੱਥੇ ਅਗਨੀ ਮਿੱਤਰ ਨੇ। ਭਾਵ ਉਸ ਨੇ ਉਸਦੇ ਨਾਲ ਹੀ ਜਾਣਾ ਹੈ। ਪੌੜੀਆਂ ਉਤਰ ਕੇ ਉਹ ਟੂਟੀ 'ਤੇ ਹੱਥ ਧੋਂਦਾ ਹੈ। ਬਹਾਨਾ ਹੈ ਕਿ ਉਹ ਕੋਠੇ 'ਤੇ ਪਿਸ਼ਾਬ ਕਰਕੇ ਆਇਆ ਹੈ।

ਬੱਸ ਸਟੈਂਡ 'ਤੇ ਆ ਕੇ 'ਪ੍ਰਿੰਸ ਹੋਟਲ' ਵਾਲਿਆਂ ਨੂੰ ਉਹ ਕਹਿੰਦਾ ਹੈ, 'ਇੱਕ ਪਿਆਲਾ ਚਾਹ। ਤਿੱਖੀ ਜੀ। ਪੱਤੀ ਤੇਜ਼, ਪਾਣੀ ਘੱਟ। ਫਟਾ ਫਟ।'

ਉਹ ਹੋਟਲ ਦੇ ਮੂਹਰੇ ਖੜ੍ਹਾ ਹੈ। ਬੱਸ ਸਟੈਂਡ ਦੇ ਚੱਪੇ-ਚੱਪੇ 'ਤੇ ਉਸ ਦੀ ਨਜ਼ਰ ਦੌੜ ਰਹੀ ਹੈ। ਨਰਬਦਾ ਕਿਤੇ ਨਹੀਂ ਦਿੱਸ ਰਹੀ।

'ਚਾਏ ਟੇਬੂਲ ਪਰ ਰਖ਼ ਦੀਆਂ, ਸਾਅਬ ਫਟਾ ਫੱਟ। ਪੀ ਲੋ, ਫਟਾ ਫੱਟ। ਕਹਿ ਕੇ ਪੂਰਬੀਆ ਨੌਕਰ ਮੁਸਕਰਾਇਆ ਹੈ।'

'ਫਟਾ ਫੱਟ, ਐਥੇ ਈ ਲਿਆ, ਬ੍ਹਈਆ।' ਹੋਟਲ ਦੇ ਚੌਤਰੇ 'ਤੇ ਖੜ੍ਹਾ ਉਹ ਉੱਚੀ-ਉੱਚੀ ਹੱਸਿਆ ਹੈ।

ਦੋ ਘੁੱਟਾਂ ਭਰੀਆਂ ਹਨ। ਨਰਬਦਾ ਪਲਾਸਟਿਕ ਦੀ ਹਰੀ ਟੋਕਰੀ ਹੱਥ ਵਿੱਚ ਲਟਕਾਈਂ ਹੋਟਲ ਦੇ ਸਾਹਮਣੇ ਦੀ ਲੰਘ ਗਈ ਹੈ। ਅਗਨੀ ਮਿੱਤਰ ਵੱਲ ਝਾਕ ਵੀ ਗਈ ਹੈ।

ਦੋ ਘੁੱਟਾਂ ਹੋਰ ਸੜ੍ਹਾਕ ਕੇ ਚਾਹ ਦਾ ਪਿਆਲਾ ਓਵੇਂ ਜਿਵੇਂ ਉਹ ਅੱਗ ਦੀ ਭੱਠੀ ਕੋਲ ਧਰ ਦਿੰਦਾ ਹੈ। ਹੋਟਲ ਦੇ ਮਾਲਕ ਬਹਾਵਲਪੁਰੀ ਸਰਦਾਰ ਨੂੰ ਪੱਚੀ ਪੈਸੇ ਦਿੰਦਾ ਹੈ ਤੇ ਤੇਜ਼ੀ ਨਾਲ ਬੱਸ ਸਟੈਂਡ ਦੀ ਭੀੜ ਵਿੱਚ ਖੋ ਜਾਂਦਾ ਹੈ।

ਖਿੜਕੀ ਅੱਗੇ ਜਾ ਕੇ ਟਿਕਟ ਮੰਗਦਾ ਹੈ।'ਸੀਟ ਲੈ ਲੋ, ਬਾਦਸ਼ਾਓ। ਟਿਕਟ ਦਾ ਫ਼ਿਕਰ ਨਾ ਕਰੋ। ਵਿੱਚੇ ਮਿਲ ਜਾਏਗਾ।' ਰਾਤ ਦੀ ਸ਼ਰਾਬ ਦਾ ਭੰਨਿਆ ਕੰਟਕਟਰ ਅਲਸਾਈ ਜ਼ਬਾਨ ਵਿੱਚ ਕਹਿੰਦਾ ਹੈ।

ਬੱਸ ਦੀ ਅਗਲੀ ਬਾਰੀ ਕੋਲ ਖੜ੍ਹ ਕੇ ਅਗਨੀ ਮਿੱਤਰ ਪਿੱਛੇ ਨੂੰ ਝਾਕਦਾ ਹੈ। ਨਰਬਦਾ ਪਿਛਲੀ ਬਾਰੀ ਵੱਲ ਵਧੀ ਆ ਰਹੀ ਹੈ। ਇੱਕ ਸੀਟ ਸੈਂਟਰ ਵਿੱਚ ਅਗਨੀ ਮਿੱਤਰ ਨੇ ਮੱਲ ਲਈ ਹੈ। ਉਸ ਦੇ ਨਾਲ ਲੱਗਦੀ ਸੀਟ ਖਾਲੀ ਪਈ ਹੈ। ਉਸ 'ਤੇ ਨਰਬਦਾ ਨਹੀਂ ਬੈਠੀ। ਪਿਛਲੀਆਂ ਸੀਟਾਂ ਵਿੱਚ ਹੀ ਇੱਕ 'ਤੇ ਬੈਠ ਗਈ ਹੈ।

ਬੱਸ ਚੱਲਣ ਵਿੱਚ ਪੰਜ ਮਿੰਟ ਰਹਿੰਦੇ ਹਨ। ਕੰਡਕਟਰ ਆ ਗਿਆ ਹੈ ਤੇ ਟਿਕਟ ਕੱਟਣ ਲੱਗ ਪਿਆ ਹੈ। ਇੱਕ-ਇੱਕ ਰੁਪਏ ਦੇ ਉਹ ਦੋ ਟਿਕਟਾਂ ਲੈ ਲੈਂਦਾ ਹੈ।

'ਦੂਜੀ ਸਵਾਰੀ?' ਕੰਡਕਟਰ ਨੇ ਪੁੱਛਿਆ ਹੈ। ਉਸ ਨੇ ਨਰਬਦਾ ਵੱਲ ਅੱਖਾਂ ਦਾ ਇਸ਼ਾਰਾ ਕਰ ਦਿੱਤਾ ਹੈ। ਉਸ ਦੇ ਨਾਲ ਵਾਲੀ ਖਾਲੀ ਸੀਟ ਵੱਲ ਕੰਡਕਟਰ ਝਾਕਿਆ ਹੈ ਤੇ ਮੁਸਕਰਾ ਪਿਆ ਹੈ। ਸ਼ਾਇਦ ਕੁਝ ਤਾੜ ਗਿਆ ਹੈ।

ਨਰਬਦਾ ਤੋਂ ਅਗਲੀ ਸੀਟ 'ਤੇ ਉਨ੍ਹਾਂ ਦਾ ਗਵਾਂਢੀ ਰੁਲਦੂ ਹਲਵਾਈ ਬੈਠਾ ਹੈ। ਤੜਕੇ ਹੀ ਪਤਾ ਨਹੀਂ ਕਿੱਥੋਂ ਆ ਗਿਆ ਹੈ? ਉਹ ਪੰਜਾਹ ਪੈਸੇ ਦਾ ਟਿਕਟ ਲੈਂਦਾ ਹੈ।

ਅਗਨੀ ਮਿੱਤਰ ਦੇ ਨਾਲ ਵਾਲੀ ਸੀਟ ਅਜੇ ਵੀ ਖਾਲੀ ਪਈ ਹੈ। ਰੁਲਦੂ ਉਤਰਦਾ ਹੈ। ਨਰਬਦਾ, ਅਗਨੀ ਮਿੱਤਰ ਨਾਲ ਆ ਬੈਠਦੀ ਹੈ। ਚੱਲ, ਸਿਆਪਾ ਮੁੱਕਿਆ ਟੁੱਟ ਜਾਣੇ ਦਾ।' ਹੌਲੀ ਦੇ ਕੇ ਕਹਿੰਦੀ ਉਹ ਸਾਰੀ ਬੱਸ ਵਿੱਚ ਨਿਗਾਹ ਘੁਮਾਉਂਦੀ ਹੈ। ਕੋਈ ਨਹੀਂ, ਜੋ ਉਸ ਨੂੰ ਜਾਣਦਾ ਹੋਵੇ। ਉਸ ਨੇ ਅਗਨੀ ਮਿੱਤਰ ਦੇ ਪੱਟ 'ਤੇ ਚੂੰਢੀ ਵੱਢੀ ਹੈ, ਜਿਵੇਂ ਅੱਗ ਦਾ ਕੋਲਾ ਧਰ ਦਿੱਤਾ ਹੋਵੇ। ਨੀਵੀਂ ਪਾ ਕੇ ਉਹ ਹੇਠਲਾ ਬੁੱਲ੍ਹ ਦੰਦਾਂ ਵਿੱਚ ਘੁੱਟਦਾ ਹੈ। ਨਰਬਦਾ ਦਾ ਹੱਥ ਆਪਣੇ ਹੱਥ ਵਿੱਚ ਲੈਂਦਾ ਹੈ।

ਜਿਸ ਅੱਡੇ 'ਤੇ ਪਝੱਤਰ ਪੈਸੇ ਦਾ ਸਫ਼ਰ ਮੁੱਕਦਾ ਹੈ, ਉਹ ਉਤਰ ਜਾਂਦੇ ਹਨ। ਕੰਡਕਟਰ ਫਿਰ ਮੁਸਕਰਾਇਆ ਹੈ।

ਅੱਡੇ ਤੋਂ ਇੱਕ ਫਰਲਾਂਗ ਤੁਰ ਕੇ ਨਹਿਰ ਦਾ ਪੁਲ ਆਉਂਦਾ ਹੈ। ਉਹ ਨਹਿਰ ਦੀ ਪਟੜੀ ਫੜਦੇ ਹਨ। ਤੁਰੇ ਜਾਂਦੇ ਹਨ। ਦੋ ਫਰਲਾਂਗ ਤੁਰੇ ਜਾਂਦੇ ਹਨ। ਉਹ ਗੱਲ ਕਰਦੀ ਹੈ ਤੇ ਵੱਡਾ ਸਾਰਾ ਹਉਕਾ ਲੈਂਦੀ ਹੈ। ਉਹ ਗੱਲ ਕਰਦਾ ਹੈ ਤਾਂ ਵੱਡਾ ਸਾਰਾ ਹਉਕਾ ਲੈਂਦਾ ਹੈ।

ਨਹਿਰ ਦੀ ਪਟੜੀ ਦੇ ਨਾਲ-ਨਾਲ ਦੂਰ ਤੱਕ ਇੱਕ ਸੰਘਣਾ ਜੰਗਲ ਹੈ। ਇਸ ਜੰਗਲ ਵਿੱਚ ਉਹ ਪਹਿਲਾਂ ਵੀ ਕਈ ਵਾਰ ਆ ਚੁੱਕੇ ਹਨ।

ਦੁਪਹਿਰ ਹੋ ਰਹੀ ਹੈ। ਦਸੰਬਰ ਦੀ ਨਿੱਘੀ-ਨਿੱਘੀ ਧੁੱਪ ਹੈ। ਪਰ ਇਹ ਧੁੱਪ ਉਨ੍ਹਾਂ ਦੇ ਪਿੰਡਿਆਂ 'ਤੇ ਕੀੜੀਆਂ ਵਾਂਗ ਸੁਰਲ੍ਹਾ ਰਹੀ ਹੈ। ਉਹ ਟਾਈ ਦੀ ਨਾਟ ਢਿੱਲੀ ਕਰਦਾ ਹੈ ਤੇ ਕਮੀਜ਼ ਦਾ ਉਤਲਾ ਬਟਨ ਖੋਲ੍ਹ ਦਿੰਦਾ ਹੈ। ਨਰਬਦਾ ਦਾ ਮੱਕੀ ਵੰਨਾ ਚਿਹਰਾ ਹੋਰ ਭਖ਼ ਉੱਠਿਆ ਹੈ। ਚੁੰਨੀ ਦੇ ਲੜ ਨਾਲ ਉਹ ਗੱਲਾਂ ਤੇ ਮੱਥਾ ਰਗੜਦੀ ਹੈ। ਲੱਗਦਾ ਹੈ, ਚਿੱਟੀ ਚੁੰਨੀ ਦਾ ਲੜ ਵੀ ਜਿਵੇਂ ਬਦਾਮੀ ਹੋ ਗਿਆ ਹੋਵੇ।

ਇੱਕ ਵੱਡੀ ਸਾਰੀ ਕਿੱਕਰ ਦੀ ਛਾਂ ਵਿੱਚ ਉਹ ਹੌਲੇ ਫੁੱਲ ਹੋਏ ਬੈਠੇ ਹਨ।

'ਗੋਬਿੰਦ ਰਾਮ ਅੱਜ ਦੁਕਾਨ 'ਤੇ ਈ ਐ?' ਉਹ ਪੁੱਛਦਾ ਹੈ।

'ਹਾਂ, ਹੋਰ ਖੂਹ 'ਚ ਜਾਣੈ ਉਸ ਨੇ?'

'ਜੇ ਮਗਰੋਂ ਘਰੇ ਗੇੜਾ ਮਾਰ ਲਿਆ ਤਾਂ ਕੀ ਕਹੂਗਾ?'

'ਪਤੈ ਉਹ ਨੂੰ ਬਈ ਮੈਂ ਭੂਆ ਜੀ ਦੇ ਘਰ ਗਈ ਹੋਈ ਆਂ। ਬਿਮਾਰ ਨੇ ਨਾ, ਭੂਆ ਜੀ, ਕਈ ਦਿਨਾਂ ਦੇ?'

'ਜੇ ਭੂਆ ਜੀ ਦੇ ਚਲਿਆ ਜਾਵੇ?'

'ਲੈ, ਓਥੇ ਜਾਊ ਦੋ ਮੀਲ।'

'ਤਾਂ ਫੇਰ ਹੁਣ ਤਾਈਂ ਉਹ ਦੇ ਭਾਅ ਦਾ ਭੂਆ ਜੀ ਕੋਲ ਈ ਬੈਠੀ ਐਂ ਤੂੰ?'

'ਹੋਰ। ਓਹ ਨੂੰ ਕੀ ਪਤੈ ਵਿਚਾਰੇ ਸਤਿਆ ਮਾਨ ਨੂੰ। ਅੱਠ ਵਜੇ ਸਵੇਰੇ ਜਾ ਕੇ ਅੱਠ ਵਜੇ ਰਾਤ ਨੂੰ ਘਰ ਮੁੜਦੈ। ਰੋਟੀ ਖਾਂਦੈ ਤੇ ਸੌਂ ਜਾਂਦੈ। ਤੇ ਜਾਂ ਫਿਰ ਅੱਧੀ-ਅੱਧੀ ਰਾਤ ਤਾਈਂ ਦੁਕਾਨ 'ਤੇ ਈ ਬਹੀਆਂ ਦਾ ਕੰਮ ਕਰਦਾ ਰਹਿੰਦੈ। ਕਦੇ-ਕਦੇ ਤਾਂ ਦੁਕਾਨ 'ਚ ਈ ਸੌਂ ਜਾਂਦੈ।'

'ਤੇਰੇ ਨਾਲ ਕਦੋਂ ਕਰਦੈ ਗੱਲਬਾਤ?'

'ਮੇਰੇ ਨਾਲ ਕਰਦਾ ਹੋਵੇ ਗੱਲਬਾਤ ਤਾਂ ਥੋਡੇ ਨਾਲ ਕਿਉਂ ਫਿਰਾਂ ਜੰਗਲਾਂ 'ਚ ਭੌਂਕਦੀ।'

ਥੋੜ੍ਹੀ ਦੇਰ ਉਹ ਚੁੱਪ ਬੈਠੇ ਰਹਿੰਦੇ ਹਨ। ਪਾਣੀ ਦੀ ਪਿਆਸ ਲੱਗਦੀ ਹੈ। ਉੱਠਦੇ ਹਨ। ਪਤਾ ਹੈ ਕਿ ਜੇ ਸੌ ਕੁ ਗਜ਼ ਸੱਜੇ ਹੋ ਜਾਈਏ ਤਾਂ ਇੱਕ ਖੂਹੀ ਹੈ। ਖੂਹੀ 'ਤੇ ਇੱਕ ਫੁੱਟਿਆ ਪੁਰਾਣਾ ਡੋਲ ਵੀ ਪਿਆ ਰਹਿੰਦਾ ਹੈ। ਮੁੰਜ ਦੀ ਲੱਜ ਹੈ। ਉਹ ਖੂਹੀ ਵੱਲ ਤੁਰ ਪੈਂਦੇ ਹਨ।

ਅਗਨੀ ਮਿੱਤਰ ਇੱਕ ਡੋਲ ਖਿੱਚਦਾ ਹੈ। ਨਰਬਦਾ ਓਕ ਨਾਲ ਤਿੰਨ ਘੁੱਟਾਂ ਭਰਦੀ ਹੈ। ਤੇ ਬੁੱਕ ਭਰ ਕੇ ਪਾਣੀ ਮੂੰਹ 'ਤੇ ਸੁੱਟ ਲੈਂਦੀ ਹੈ। ਅੱਖਾਂ ਮਲਦੀ ਹੈ ਤੇ ਨੱਕ ਸਾਫ਼ ਕਰਦੀ ਹੈ। ਇੱਕ ਬੁੱਕ ਹੋਰ ਮੂੰਹ 'ਤੇ ਸੁੱਟ ਕੇ ਪਰ੍ਹਾਂ ਹੋ ਜਾਂਦੀ ਹੈ। ਚੁੰਨੀ ਦੇ ਲੜ ਨਾਲ ਚਿਹਰਾ ਪੂੰਝ ਲੈਂਦੀ ਹੈ। ਇੱਕ ਡੋਲ ਹੋਰ ਖਿੱਚ ਕੇ ਅਗਨੀ ਮਿੱਤਰ ਪਾਣੀ ਪੀਂਦਾ ਹੈ ਤੇ ਫੇਰ ਅੱਖਾਂ 'ਤੇ ਛਿੱਟੇ ਮਾਰਦਾ ਹੈ। ਖੂਹੀ ਦੇ ਕੋਲ ਹੀ ਨਰਮ-ਨਰਮ ਘਾਅ ਦੀ ਇੱਕ ਗੱਦੀ ਜਿਹੀ 'ਤੇ ਉਹ ਬੈਠ ਜਾਂਦੇ ਹਨ।

'ਹਰ ਵਾਰੀ ਏਹੀ ਸਲਵਾਰ, ਏਹੀ ਕਮੀਜ਼ ਪਾ ਔਨੀ ਐਂ, ਕੋਈ ਚੱਜ ਕੇ ਕੱਪੜੇ ਤਾਂ ਪਾ ਕੇ ਆਇਆ ਕਰ।' ਪੱਟ ਕੋਲੋਂ ਉਸ ਦੀ ਸਲਵਾਰ ਦੀ ਚੁਟਕੀ ਭਰ ਕੇ ਉਹ ਕਹਿੰਦਾ ਹੈ।

'ਚੱਜ ਦੇ ਕੇਹੋ ਜੇ?'

'ਕੀ ਘਾਟੈ ਤੈਨੂੰ?'

'ਗ਼ਰੀਬਾਂ ਕੋਲ ਕਿੱਥੇ ਨੇ ਚੱਜ ਦੇ?'

ਦੋਵੇਂ ਹੱਸ ਪੈਂਦੇ ਹਨ।

'ਜੰਤਾ ਬੂਟ ਹਾਊਸ' ਕਿੱਡੀ ਵੱਡੀ ਦੁਕਾਨ ਐ, ਸੇਠ ਗੋਬਿੰਦ ਰਾਮ ਦੀ, ਹਜ਼ਾਰਾਂ ਰੁਪਿਆਂ ਕੀ ਕਮਾਈ ਐ। ਭਾਵੇਂ ਪੱਟ ਦੇ ਲੱਛੇ ਪਹਿਨੀਂ ਜਾਹ।'

'ਮੈਂ ਕੀ ਫੂਕਣੇ ਨੇ ਪੱਟ ਦੇ ਲੱਛੇ। ਚੱਜ ਨਾਲ ਬੰਦਾ ਜੇ ਬੁਲਾਵੇ ਚਲਾਵੇ ਈ ਨਾ। ਮੇਰੀ ਤਾਂ ਐੱਫ਼.ਏ. ਖੂਹ 'ਚ ਪੈ 'ਗੀ, ਅੱਠਵੀਂ ਫੇਲ੍ਹ ਦੇ ਮਗਰ ਲੱਗ ਕੇ ਹੁਣ ਭਾਵੇਂ 'ਜੰਤਾ ਬੂਟ ਹਾਊਸ' ਦਾ ਮਾਲਕ ਬਣਿਆ ਫਿਰੇ। ਨੋਟਾਂ ਦੇ ਕੀ ਵਿੱਚ ਮੱਚਣੈ।

'ਨਰਬਦਾ।'

'ਹਾਂ ਜੀ।'

'ਤੂੰ ਗੋਬਿੰਦ ਰਾਮ ਤੋਂ ਖਹਿੜਾ ਛੁਡਾਅ, ਮੈਂ ਲੱਜਿਆ ਦਾ ਫਾਹਾ ਵੱਢ ਦਿੰਨਾਂ। ਆ ਆਪਾਂ ਜਵਾਕ ਸਾਂਝੇ ਕਰ ਲਈਏ।'

'ਪਰ ਅਗਨੀ ਮਿੱਤਰ ਜੀ, ਹੁਣ ਵੀ ਆਪਾਂ ਕੋਈ ਦੋ ਤਾਂ ਨਹੀਂ।'

'ਦੋ ਨਹੀਂ, ਤਾਂ ਹੋਰ ਕੀ ਆਂ? ਤੂੰ ਸੇਠ ਗੋਬਿੰਦ ਰਾਮ ਦੀ ਪਤਨੀ ਐਂ ਤੇ ਮੈਂ ਲੱਜਿਆ ਉਰਫ਼ ਗੀਤਾ ਦਾ ਪਾਠ ਕਰਨ ਵਾਲੀ ਕ੍ਰਿਸ਼ਨ ਭਗਤਣੀ ਦਾ ਪਤੀ। ਦੋ ਤਾਂ ਹਾਂ। ਤੂੰ, ਤੂੰ ਐਂ, ਮੈਂ, ਮੈਂ ਆਂ। ਇੱਕ ਬਣ ਜਾਈਏ, ਨਰਬਦਾ। ਮਾਰ ਹਿੱਕ 'ਤੇ ਹੱਥ।'

ਨਰਬਦਾ ਚੁੱਪ ਰਹਿੰਦੀ ਹੈ।

ਗੋਬਿੰਦ ਰਾਮ ਦਾ ਵੱਡਾ ਸਾਰਾ ਮਕਾਨ ਹੈ। ਚਾਰ ਮਕਾਨਾਂ ਦਾ ਇੱਕ ਮਕਾਨ। ਇੱਕ ਹਿੱਸੇ ਵਿੱਚ ਉਹ ਆਪ ਰਹਿੰਦਾ ਹੈ। ਇੱਕ ਵਿੱਚ ਅਗਨੀ ਮਿੱਤਰ। ਇੱਕ ਵਿਚ ਮਾਸਟਰ ਹਰਦੁਆਰੀ ਲਾਲ, ਜਿਸ ਦੀ ਹਾਥੀ ਵਰਗੀ ਔਰਤ ਸੱਤ ਕੁੜੀਆਂ ਤੇ ਤਿੰਨ ਮੁੰਡੇ ਜੰਮ ਕੇ ਅਜੇ ਵੀ ਬੁੱਢੀ ਨਹੀਂ ਹੋਈ ਚੌਥੇ ਹਿੱਸੇ ਵਿੱਚ ਸਰਦਾਰ ਬੰਤਾ ਸਿੰਘ, ਜੋ ਪੰਜਾਬ ਰੋਡਵੇਜ਼ ਵਿੱਚ ਡਰਾਈਵਰ ਹੈ। ਪਰ ਡਰਾਈਵਰਾਂ ਵਾਲੀ ਉਸ ਵਿੱਚ ਇੱਕ ਵੀ ਗੱਲ ਨਹੀਂ। ਸ਼ਰਾਬ ਨਹੀਂ ਪੀਂਦਾ। ਚੁੱਪ ਰਹਿੰਦਾ ਹੈ। ਪਤਾ ਵੀ ਨਹੀਂ ਲੱਗਦਾ, ਕਦੋਂ ਆਉਂਦਾ ਹੈ ਤੇ ਕਦੋਂ ਜਾਂਦਾ ਹੈ।

ਗੋਬਿੰਦ ਰਾਮ ਦੇ ਆਉਣ ਜਾਣ ਦਾ ਵੀ ਕੋਈ ਪਤਾ ਨਹੀਂ ਲੱਗਦਾ । ਹਰਦੁਆਰੀ ਨਾਲ ਉੱਚੀ-ਉੱਚੀ ਬੋਲਦਾ ਹੈ। ਹਰ ਵੇਲੇ ਲੜਦਾ ਰਹਿੰਦਾ ਹੈ, ਕਦੇ ਜਵਾਕਾਂ ਨਾਲ, ਕਦੇ ਆਪਣੀ ਔਰਤ ਨਾਲ। ਉਸ ਦੇ ਜਵਾਕ ਵੀ ਬੜਾ ਚੀਂਘ-ਚੰਘਿਆੜਾਂ ਪਾਉਂਦੇ ਹਨ।

ਗੋਬਿੰਦ ਰਾਮ ਦਾ ਚੁੱਪ ਰਹਿਣਾ ਅਗਨੀ ਮਿੱਤਰ ਨੂੰ ਚੰਗਾ ਲੱਗਦਾ ਹੈ, ਜਦੋਂ ਕਿ ਬੰਤਾ ਸਿੰਘ ਦੀ ਚੁੱਪ ਖਟਕਦੀ ਹੈ।

ਨਰਬਦਾ ਤਿੰਨੇ ਘਰਾਂ ਵਿੱਚ ਆਉਂਦੀ ਜਾਂਦੀ ਹੈ। ਦਿਨ ਵੇਲੇ ਔਰਤਾਂ ਕੋਲ ਇੱਕ-ਦੋ ਗੇੜੇ ਤਾਂ ਜ਼ਰੂਰ ਮਾਰ ਜਾਂਦੀ ਹੈ। ਲੱਜਿਆ ਕੋਲ ਤਾਂ ਉਹ ਦੋ-ਦੋ ਘੰਟੇ ਬੈਠੀ ਰਹਿੰਦੀ ਹੈ। ਘਰ ਦਾ ਕੰਮ ਵੀ ਉਸ ਨੂੰ ਬਹੁਤਾ ਨਹੀਂ। ਇੱਕ ਮੁੰਡਾ ਹੈ, ਜੋ ਚੌਥੀ ਜਮਾਤ ਵਿੱਚ ਪੜ੍ਹਦਾ ਹੈ। ਮੁੰਡੇ ਤੋਂ ਬਾਅਦ ਇੱਕ ਕੁੜੀ ਸੀ, ਜੋ ਜੰਮਦੀ ਹੀ ਮਰ ਗਈ ਸੀ। ਮੁੜ ਕੇ ਕੋਈ ਜਵਾਕ ਨਹੀਂ ਹੋਇਆ ਰੋਟੀ ਟੁੱਕ ਦਾ ਕੰਮ ਕਰਨ ਲਈ ਬਾਹਮਣਾ ਦੀ ਕੁੜੀ ਨੌਕਰ ਹੈ।

ਨਰਬਦਾ ਦੱਸਦੀ ਹੁੰਦੀ ਹੈ ਕਿ ਉਹ ਕਾਲਜ ਵਿੱਚ ਹਾਕੀ ਦੀ ਪਲੇਅਰ ਸੀ। ਐਥਲੀਟ ਵੀ। ਉਸ ਦਾ ਸਰੀਰ ਹੁਣ ਵੀ ਦੱਸਦਾ ਹੈ ਕਿ ਉਹ ਜ਼ਰੂਰ ਐਥਲੀਟ ਹੁੰਦੀ ਹੋਵੇਗੀ।

ਹੁਣ ਤਾਂ ਬੱਸ ਉਹ ਨਾਵਲ-ਕਹਾਣੀਆਂ ਪੜ੍ਹਦੀ ਹੈ। ਪਬਲਿਕ ਲਾਇਬ੍ਰੇਰੀ ਵਿੱਚੋਂ ਆਪ ਹੀ ਕਿਤਾਬਾਂ ਲੈ ਆਉਂਦੀ ਹੈ। ਅਗਨੀ ਮਿੱਤਰ ਦੀ ਕੁੜੀ, ਜੋ ਸੱਤਵੀਂ ਜਮਾਤ ਵਿੱਚ ਪੜ੍ਹਦੀ ਹੈ, ਸਕੂਲੋਂ ਕਿਤਾਬਾਂ ਲਿਆ ਕੇ ਨਰਬਦਾ ਨੂੰ ਦਿੰਦੀ ਹੈ।

ਲੱਜਿਆ ਦੀ ਭਜਨ-ਬੰਦਗੀ ਅਗਨੀ ਮਿੱਤਰ ਨੂੰ ਬਿਲਕੁੱਲ ਪਸੰਦ ਨਹੀਂ। ਉਹ ਖਿਝਦਾ ਰਹਿੰਦਾ ਹੈ, ਜਦ ਕਦੇ ਉਹ ਅਗਨੀ ਮਿੱਤਰ ਨਾਲ ਸੌਂਦੀ ਹੈ ਤਾਂ ਉਸ ਦੇ ਗਲ ਵਿੱਚ ਪਾਈ ਮਾਲਾ ਤੋਂ ਅਗਨੀ ਮਿੱਤਰ ਨੂੰ ਕਚਿਆਣ ਆਉਂਦੀ ਹੈ। ਜਿਵੇਂ ਉਹ ਕੋਈ ਦੇਵੀ-ਮਾਤਾ ਹੋਵੇ। ਮਾਤਾ ਨਾਲ ਕੋਈ ਕਿਵੇਂ ਸੌਂ ਸਕਦਾ ਹੈ?

ਦੋ ਬੱਚੇ ਪਤਾ ਨਹੀਂ ਕਿਹੜੇ ਵੇਲੇ ਹੋ ਗਏ।ਜਦ ਕਦੇ ਉਹ ਉਸ ਨਾਲ ਸੁੱਤੀ ਹੈ, ਉਹ ਠੰਡਾ ਜਿਹਾ ਹੀ ਰਿਹਾ ਹੈ ਨਰਬਦਾ ਵੇਲੇ ਕੋਈ ਵੇਖੇ ਉਸ ਨੂੰ।

ਲੱਜਿਆ ਦੀਆਂ ਆਦਤਾਂ ਵੀ ਅਜੀਬ ਹਨ। ਅਗਨੀ ਮਿੱਤਰ ਨਾਲ ਜਦ ਕਦੇ ਉਹ ਸੌਂਦੀ ਹੈ, ਅੱਧਾ ਘੰਟਾ ਜਾਂ ਦੋ ਘੰਟੇ। ਉਸ ਤੋਂ ਬਾਅਦ ਉਹ ਇਸ਼ਨਾਨ ਕਰਦੀ ਹੈ ਤੇ ਨਵੇਂ ਕੱਪੜੇ ਪਾਉਂਦੀ ਹੈ। ਆਪਣੇ ਮੰਜੇ 'ਤੇ ਪੈ ਜਾਂਦੀ ਹੈ। ਅਗਨੀ ਮਿੱਤਰ ਨਾਲ ਸੌਂ ਕੇ ਜਿਵੇਂ ਭਰਿਸਟੀ ਗਈ ਹੋਵੇ। ਅਜਿਹੇ ਸਮੇਂ ਅਗਨੀ ਮਿੱਤਰ ਨੂੰ ਆਪਣੇ ਵਿੱਚੋਂ ਸੂਗ ਆਉਂਦੀ ਹੈ।

ਉਸ ਨੂੰ ਲਗਦਾ ਹੈ, ਜਿਵੇਂ ਨਰਬਦਾ ਹੀ ਉਸ ਦੀ ਅਸਲੀ ਔਰਤ ਹੋਵੇ।

ਪਰ ਕਦੇ-ਕਦੇ ਨਰਬਦਾ ਵੀ ਅਗਨੀ ਮਿੱਤਰ ਨੂੰ ਬੁਰੀ ਲਗਦੀ ਹੈ। ਜਦ ਕਦੇ ਉਹ ਬਾਹਰ ਜਾਂਦੇ ਹਨ, ਉਹ ਉਸ ਦੀ ਜੇਬ ਵਿੱਚ ਮੱਲੋ-ਮੱਲੀ ਰੁਪਏ ਪਾ ਦਿੰਦੀ ਹੈ, ਕਦੇ ਸੌ, ਕਦੇ ਪੰਜਾਹ। ਉਸ ਨੂੰ ਇਸ ਤਰ੍ਹਾਂ ਦਿੱਤੇ ਰੁਪਿਆਂ ਵਿੱਚੋਂ ਹਉਂਕ ਆਉਂਦੀ ਹੈ।

ਗੋਬਿੰਦ ਰਾਮ ਦੀ ਘਾਟ ਉਹ ਉਸ ਵਿੱਚੋਂ ਪੂਰੀ ਕਰਦੀ ਹੈ। ਇਸ ਤੋਂ ਵੱਧ ਅਗਨੀ ਮਿੱਤਰ ਕੀ ਹੈ?

ਉਸ ਨੂੰ ਆਪਣਾ ਆਪ ਵੀ ਬੁਰਾ ਲੱਗਦਾ ਹੈ। ਲੱਜਿਆ ਵਿੱਚ ਜੋ ਕੁਝ ਨਹੀਂ, ਉਹ ਨਰਬਦਾ ਤੋਂ ਲੈਂਦਾ ਹੈ। ਇਸ ਤੋਂ ਵੱਧ ਨਰਬਦਾ ਕੀ ਹੈ?

ਉਹ ਨਰਬਦਾ ਨੂੰ ਕਿੰਨੀ ਵਾਰ ਕਹਿ ਚੁੱਕਿਆ ਹੈ, "ਭਰੇ ਬਜ਼ਾਰ ਵਿੱਚ ਮੇਰੀ ਬਾਂਹ ਫੜ ਲੈ", ਪਰ ਉਹ ਤਾਂ ਹੱਸ ਕੇ ਟਾਲ ਦਿੰਦੀ ਹੈ।

ਨਬਰਦਾ ਤੋਂ ਪਹਿਲਾਂ ਕਿਸੇ ਪਰਾਈ ਔਰਤ ਨਾਲ ਉਸ ਦਾ ਕੋਈ ਸਬੰਧ ਨਹੀਂ ਰਿਹਾ। ਪਰਾਈ ਔਰਤ ਦਾ ਅਹਿਸਾਸ ਕਿੰਨਾ ਮਿੱਠਾ ਹੈ, ਪਰ ਕਿੰਨਾ ਕੌੜਾ।

ਔਰਤ ਜਾਂ ਮਰਦ ਜੇ ਸਰੀਰਕ ਸੁਆਦ ਤੋਂ ਵੱਧ ਕੁਝ ਨਹੀਂ ਤਾਂ ਪਸ਼ੂ ਤੇ ਮਨੁੱਖ ਵਿੱਚ ਫ਼ਰਕ ਕੀ ਹੋਇਆ?

ਪਰ ਉਹ ਤਾਂ ਚਾਹੁੰਦਾ ਹੈ ਕਿ ਰੜੇ ਮੈਦਾਨ ਰੁੱਖ ਲਾਵੇ। ਜੋ ਉੱਚਾ ਵਧ ਸਕੇ, ਜਿਸ ਦੀ ਯਾਰੀ ਅਸਮਾਨ ਨਾਲ ਹੋਵੇ। ਕੰਧ ਵਿੱਚ ਉੱਗੇ ਦਰੱਖ਼ਤ ਦਾ ਜੀਵਨ ਹੈ ਕੋਈ?

ਨਰਬਦਾ ਨਾਲ ਸਾਰੇ ਸਬੰਧ ਮੁਕਾ ਕੇ ਉਹ ਮਕਾਨ ਬਦਲ ਲੈਂਦਾ ਹੈ। ਗੋਬਿੰਦ ਰਾਮ ਦੇ ਮਕਾਨ ਤੇ ਬਹੁਤ ਦੂਰ। ♦

# ਸੁੱਤਾ ਨਾਗ

ਮੁਕਲਾਵੇ ਆਈ ਜੀਤੋ ਨੂੰ ਮਸ੍ਹਾਂ ਵੀਹ ਦਿਨ ਹੋਏ ਸਨ।

'ਬੇਬੇ ਨੂੰ ਜਾਦ ਕਰਕੇ ਮੇਰੇ ਤਾਂ ਹੌਲ੍ਹ ਜਾ ਪੈ ਜਾਂਦੈ। ਚੱਲ ਮੈਨੂੰ ਛੱਡ ਆ। ਫੇਰ ਆਜੂੰਗੀ, ਦਸ ਦਿਨ ਲਾ ਕੇ।' ਜੀਤੋ ਨੇ ਇੱਕ ਦਿਨ ਮੁਕੰਦੇ ਨੂੰ ਕਿਹਾ।

ਸੁਹਣੀ ਉਹ ਬੜੀ ਸੀ। ਮੁਕੰਦੇ ਨੂੰ ਜਿਵੇਂ ਕੋਈ ਅਲੋਕਾਰ ਚੀਜ਼ ਮਿਲ ਗਈ। ਉਹ ਬੇਅੰਤ ਪਿਆਰ ਕਰਦਾ ਉਸ ਨੂੰ, ਪਰ ਜੀਤੋ ਸੰਵਾਰ ਕੇ ਕਦੇ ਮੂੰਹੋਂ ਨਹੀਂ ਫੁੱਟੀ। ਚਿੱਤ ਅਦਰੋਂ ਜੀਤੋ ਦਾ ਸ਼ਾਇਦ ਉਦਾਸ ਸੀ। ਮੁਕੰਦਾ ਉਸ ਨੂੰ ਰੱਜ ਕੇ ਮੋਹ ਦਿੰਦਾ, ਪਰ ਉਹ ਹਾਂ ਹੂ ਤੋਂ ਵੱਧ ਕੁਝ ਨਾ ਕਹਿੰਦੀ । ਮੁਕੰਦੇ ਦੀ ਸਮਝ ਤੋਂ ਸਾਰੀ ਗੱਲ ਬਾਹਰ ਸੀ। ਹਰ ਗੱਲ ਵਿੱਚ ਮੁਕੰਦਾ ਉਸ ਦੀ ਮਰਜ਼ੀ ਵਿੱਚ ਖੁਸ਼ ਰਹਿੰਦਾ। ਅੱਜ ਜੀਤੋ ਨੇ ਪੇਕੀਂ ਜਾਣ ਲਈ ਕਿਹਾ ਤਾਂ ਇਹ ਪਹਿਲਾ ਮੌਕਾ ਸੀ ਵੀਹ ਦਿਨਾਂ ਵਿੱਚ ਜਦ ਉਹ ਖੁੱਲ੍ਹ ਕੇ ਬੋਲੀ ਸੀ। ਮੁਕੰਦਾ ਖ਼ੁਸ਼ ਸੀ ਕਿ ਉਹ ਕੁਝ ਉਭਾਸਰੀ ਤਾਂ ਹੈ।

ਜੀਤੋ ਨੂੰ ਪੇਕੀ ਛੱਡਣ ਆਏ ਨੂੰ ਉਸ ਰਾਤ ਉਸ ਦੇ ਸਹੁਰਿਆਂ ਨੇ ਉੱਥੇ ਹੀ ਰੱਖ ਲਿਆ।

ਅੱਸੂ–ਕੱਤੇ ਦੀ ਰੁੱਤ ਸੀ। ਮੁਕੰਦਾ ਸੌਣ ਵੇਲੇ ਟੱਬਰ ਤੋਂ ਅੱਡ ਹੀ ਦੂਰ ਸਾਰੇ ਪੈ ਗਿਆ।

ਅੱਧੀ ਰਾਤ ਨੂੰ ਜੀਤੋ ਨੂੰ ਮਹਿਸੂਸ ਹੋਇਆ ਜਿਵੇਂ ਮੁਕੰਦਾ ਘੂਕ ਸੁੱਤਾ ਪਿਆ ਹੈ। ਉਹ ਚੁੱਪ ਕਰਕੇ ਉੱਠੀ। ਮੁਕੰਦੇ ਦੀ ਹਿੱਕ 'ਤੇ ਹੱਥ ਧਰ ਕੇ ਦੇਖਿਆ। ਉਹ ਹਿੱਲਿਆ ਨਾ। ਜੀਤੋ ਨੂੰ ਯਕੀਨ ਹੋ ਗਿਆ, ਪਰ ਸੀ ਮੁਕੰਦਾ ਜਾਗੋਮੀਟੀ।

ਜੀਤੋ ਨੇ ਪੋਲੇ–ਪੋਲੇ ਪੈਰੀਂ ਵਿਹੜਾ ਟੱਪਿਆ ਤੇ ਦਰਵਾਜ਼ੇ ਦਾ ਕੁੰਡਾ ਖੋਲ੍ਹ ਕੇ ਘਰ ਤੋਂ ਬਾਹਰ ਹੋ ਗਈ। ਮੁਕੰਦੇ ਨੂੰ ਜਿਵੇਂ ਸੁਪਨਾ ਆ ਰਿਹਾ ਸੀ। ਉਹ ਉੱਠਿਆ ਤੇ ਕਿੱਲੇ 'ਤੇ ਲਟਕਦੀ ਕਿਰਪਾਨ ਲਾਹ ਕੇ ਜੀਤੋ ਦੇ ਮਗਰ ਹੋ ਲਿਆ। ਉਸ ਤੋਂ ਪੰਜਾਹ–ਸੱਠ ਕਰਮ ਪਿੱਛੇ–ਪਿੱਛੇ। ਜੀਤੋ ਨੂੰ ਕੋਈ ਪਤਾ ਨਹੀਂ ਸੀ ਕਿ ਉਸ ਦੇ ਮਗਰ ਕੌਣ ਆ ਰਿਹਾ ਹੈ। ਉਸ ਦੀ ਛਾਂ ਤਾਂ ਰੋਹੀਆਂ ਨੂੰ ਚੜ੍ਹਦੀ ਜਾ ਰਹੀ ਸੀ। ਰਾਹ ਵਿੱਚ ਇੱਕ ਕੱਸੀ ਆਈ। ਟੱਪਣ ਲੱਗੀ ਉਸ ਨੂੰ ਚਿਰ ਲੱਗਿਆ। ਮੁਕੰਦਾ ਸਹਿਮ ਕੇ ਥਾਏਂ ਖੜੋਤਾ ਰਿਹਾ। ਫਿਰ ਅੱਗੇ ਜਾ ਕੇ ਇੱਕ ਉੱਚੀ ਭੜੀਂਅ ਆਈ, ਜਿਸ ਦੀ ਵਾੜ 'ਤੋਂ ਦੀ ਝੋਟਾ ਨਹੀਂ ਸੀ ਟੱਪ ਸਕਦਾ। ਉਹ ਨੱਕ ਦੀ ਸੇਧ ਤੁਰੀ ਜਾ ਰਹੀ ਸੀ। ਐਨੀ ਵੱਡੀ–ਵੱਡੀ ਵਾੜ ਵਾਲੀ ਭੜੀਂਅ ਟੱਪਣ ਲੱਗੀ ਤੋਂ ਉਸ ਦੇ ਹੱਥ–ਪੈਰ ਛਿੱਲੇ ਗਏ। ਮੁਕੰਦਾ ਉਸ ਦੇ ਪਿੱਛੇ, ਦੇਖੀਏ ਭਲਾ ਕਿੱਥੇ ਜਾਂਦੀ ਐ?

ਪਿੰਡ ਤੋਂ ਕੋਹ ਭਰ ਦੂਰ ਜਾ ਕੇ ਇੱਕ ਬਾਗ ਆਇਆ। ਸੰਗਤਰੇ, ਅਨਾਰ ਤੇ ਅਮਰੂਦਾਂ ਦਾ ਬਾਗ। ਬਾਗ ਦੁਆਲੇ ਵਗਲੀ ਕੰਡਿਆਂ ਦੀ ਤਾਰ ਟੱਪ ਕੇ ਉਹ ਸਿੱਧੀ ਬਾਗ ਅੰਦਰ ਦਾਖ਼ਲ ਹੋ ਗਈ।

ਮਾਲੀ ਖੇਸ ਤਾਣੀ ਸੁੱਤਾ ਪਿਆ। ਜੀਤੋ ਨੇ ਜਾਣ ਸਾਰ ਉਸ ਤੋਂ ਖੇਸ ਧੂਹ ਲਿਆ। ਸ਼ੇਰੂ ਨੂੰ ਜਿਵੇਂ ਕੋਈ ਸ਼ੈਅ ਆ ਚਿੰਬੜੀ ਹੋਵੇ। ਪਹਿਲਾਂ ਤਾਂ ਉਹ ਡਰ ਗਿਆ, ਪਰ ਜਦ ਅੱਖਾਂ ਮਲ ਕੇ ਦੇਖਿਆ, ਜੀਤੋ ਥਮਲੇ ਵਾਂਗ ਉਸ ਦੇ ਸਾਹਮਣੇ ਗੱਡੀ ਖੜ੍ਹੀ ਸੀ।

ਪੂਰੇ ਇੱਕ ਮਹੀਨੇ ਬਾਅਦ ਪਰਛਾਵੇਂ ਵਾਂਗ ਉਹ ਉਸ ਨੂੰ ਫੇਰ ਆ ਲਿਪਟੀ।

'ਜੰਗਲ ਚੀਰ ਕੇ ਆ 'ਗੀ ਆ ਸ਼ੇਰੂ।' ਜੀਤੋ ਦੇ ਧੱਕ-ਧੱਕ ਕਰਦੇ ਕਾਲਜੇ ਵਿੱਚੋਂ ਬੋਲ ਨਿਕਲੇ।

'ਤੇਰੇ ਬਿਨਾਂ ਹੁਣ ਮੈਂ ਵੀ ਕਦੇ ਤੋਤਿਆਂ ਨੂੰ ਹਕਾਰਿਆ ਨੀ।' ਸ਼ੇਰੂ ਨੇ ਕਿਹਾ।

'ਤੇਰੇ ਬਾਗ 'ਚ ਆਬੀ ਨੀ ਰਹੀ ਉਹ?' ਜੀਤੋ ਨੇ ਪੁੱਛਿਆ।

'ਜਿਸ ਮਾਲੀ ਦੇ ਦਿਲ ਦਾ ਬਾਗ ਉੱਜੜ ਗਿਆ ਹੋਵੇ, ਉਸ ਦੇ ਬੂਟਿਆਂ ਨੂੰ ਆਬੀ ਕਾਹਦੀ ਚੜ੍ਹੇ।' ਸ਼ੇਰੂ ਪੂਰਾ ਭਾਵੁਕ ਹੋ ਗਿਆ।

'ਸ਼ੇਰੂ, ਮੇਰੇ ਕੰਨੀਂ ਝਾਕ!' ਦੋਵੇਂ ਹੱਥਾਂ ਵਿੱਚ ਸ਼ੇਰੂ ਦਾ ਮੂੰਹ ਫੜ ਕੇ ਜੀਤੋ ਨੇ ਆਪਣੇ ਵੱਲ ਕਰ ਲਿਆ ਤੇ ਪੂਰੇ ਦਿਲ ਨਾਲ ਕਹਿਣ ਲੱਗੀ, 'ਮੈਂ ਮੁਕੰਦੇ ਦਾ ਭੱਤਾ ਨੀ ਢੋਣਾ, ਮੈਂ ਤਾਂ ਸ਼ੇਰੂ ਦੀ ਮਾਲਣ ਆਂ।' ਤੇ ਫੇਰ ਉਹ ਗੱਲਾਂ ਕਰਕੇ ਗੂੜ੍ਹੀ ਨੀਂਦ ਸੌਂ ਗਏ-ਇੱਕੋ ਮੰਜੇ 'ਤੇ।

ਮੁਕੰਦਾ ਵੀਹ ਕਦਮ ਦੂਰ ਇੱਕ ਖਜੂਰ ਓਹਲੇ ਸਾਰਾ ਕੁਝ ਦੇਖਦਾ ਸੁਣਦਾ ਰਿਹਾ ਸੀ। ਉਸ ਦੇ ਦਿਲ ਵਿੱਚੋਂ ਲੂਹਰੀਆਂ ਉੱਠ ਰਹੀਆਂ ਸਨ। ਉਸ ਦੇ ਸਿਰ ਨੂੰ ਹਨੇਰੀ ਚੜ੍ਹੀ ਹੋਈ ਸੀ। ਇਹ ਉਸ ਦੇ ਸਾਮਰਤੱਖ਼ ਕੀ ਹੋ ਰਿਹਾ ਹੈ? ਉਸ ਦੀਆਂ ਅੱਖਾਂ ਵਿੱਚ ਖ਼ੂਨ ਉਤਰ ਆਇਆ।

ਮੱਲਕ-ਮੱਲਕ ਮੁਕੰਦਾ ਮਾਲੀ ਦੇ ਸਰ੍ਹਾਣੇ ਜਾ ਖੜ੍ਹਾ। ਉਸ ਨੇ ਹੱਥ ਫੇਰ ਕੇ ਦੇਖਿਆ, ਕਿਰਪਾਨ ਦੀ ਧਾਰ ਉਸਤਰੇ ਵਰਗੀ ਸੀ। ਦੋਵਾਂ ਹੱਥਾਂ ਦੀ ਪੂਰੀ ਪਕੜ ਨਾਲ ਉਸ ਨੇ ਕਿਰਪਾਨ ਉਲਾਰੀ ਤੇ ਇੱਕੋ ਟੱਕ ਨਾਲ ਮਾਲੀ ਦੀ ਗਰਦਨ ਗਾਜਰ ਦੇ ਬੂੰਡੇ ਵਾਂਗ ਵੱਢ ਕੇ ਸਿਰ ਉਸ ਨੇ ਔਹ ਮਾਰਿਆ। ਉੱਥੋਂ ਸਿਰਮਦਾਨ ਭੱਜ ਕੇ ਮੁਕੰਦੇ ਨੇ ਕੱਸੀ 'ਤੇ ਆ ਕੇ ਸਾਹ ਲਿਆ। ਕਿਰਪਾਨ ਨਾਲ ਲੱਗਿਆ ਮੈਲਾ ਧੋਤਾ। ਇਕਦਮ ਉਸ ਦੇ ਕੰਨ ਖੜ੍ਹੇ ਹੋ ਗਏ। ਬਾਗ ਵਿਚੋਂ ਕਿਲਕਾਰੀਆਂ ਉੱਠ ਰਹੀਆਂ ਸਨ, 'ਜੀਹਨੇ ਮੇਰੇ ਯਾਰ ਨੂੰ ਮਾਰਿਐ, ਹੁਣ ਆਵੇਗਾਂ ਮੇਰੇ ਸਾਹਮਣੇ? ਜੀਹਨੇ ਮੇਰੇ ਸ਼ੇਰੂ ਨੂੰ ਮਾਰਿਐ, ਹੁਣ ਆਵੇ ਮੇਰੇ ਪਿਓ ਦਾ ਸਾਲਾ?'

ਮੁਕੰਦਾ ਕੰਨ ਵਲ੍ਹੇਟ ਕੇ ਉਵੇਂ ਜਿਵੇਂ ਘਰ ਆ ਸੁੱਤਾ। ਦਿਨ ਅਜੇ ਚੜ੍ਹਿਆ ਨਹੀਂ ਸੀ। ਮੂੰਹ-ਹਨੇਰਾ ਸੀ ਅਜੇ। ਜੀਤੋ ਵੀ ਪੱਥਰ ਰੂਪ ਹੋ ਕੇ ਘਰ ਆ ਵੜੀ। ਆ ਕੇ ਉਸ ਨੇ ਮੁਕੰਦੇ ਦੀ ਹਿੱਕ 'ਤੇ ਹੱਥ ਧਰ ਕੇ ਦੇਖਿਆ। ਉਹ ਉਵੇਂ ਜਿਵੇਂ ਘੂਕ ਸੁੱਤਾ ਪਿਆ ਸੀ, ਪਰ ਸੀ ਮੁਕੰਦਾ ਦੰਦ ਘੁੱਟ ਕੇ ਪਿਆ ਹੋਇਆ।

'ਮੇਰਾ ਤਾਂ ਇੱਥੇ ਵੀ ਇਸ ਉੱਜੜੇ ਪਿੰਡ 'ਚ ਜੀਅ ਨਹੀ ਲੱਗਣਾ। ਬੇਬੇ ਨੂੰ ਮਿਲ ਲੀ। ਚੱਲ ਚੱਲੀਏ ਉੱਥੇ ਈ।' ਜੀਤੋ ਨੇ ਤੜਕੇ ਉੱਠ ਕੇ ਮੁਕੰਦੇ ਨੂੰ ਆਖਿਆ। ਮੁਕੰਦੇ ਨੇ

ਜਿਵੇਂ ਹਿੱਕ ’ਤੇ ਪੱਥਰ ਰੱਖਿਆ ਹੋਇਆ ਸੀ। ਦੂਜੇ ਦਿਨ ਹੀ ਆਥਣ ਨੂੰ ਉਹ ਆਪਣੇ ਪਿੰਡ ਆ ਗਏ।

ਮੁੜ ਕੇ ਕੋਈ ਗੱਲ ਨਾ ਹੋਈ। ਉਹ ਅਮੀ ਜਮੀ ਵਸਦੇ ਰਹੇ। ਮੁੜ ਕੇ ਜੀਤੋ ਕਦੇ ਵੀ ਪੇਕੀਂ ਨ ਗਈ। ਮੁਕੰਦਾ ਉਵੇਂ ਜਿਵੇਂ ਉਸ ਨੂੰ ਪਿਆਰ ਕਰਦਾ। ਸਮਾਂ ਪਾ ਕੇ ਜੀਤੋ ਦੀ ਹੂੰ ਹਾਂ ਹੁਣ ਚੰਗੀ ਹੋ ਗਈ, ਪਰ ਉਹ ਉੱਖੜੀ-ਉੱਖੜੀ ਰਹਿੰਦੀ। ਜਿਵੇਂ ਉਸ ਦੇ ਕਲਬੂਤ ਵਿੱਚੋਂ ਰੂਹ ਕੱਢ ਲਈ ਹੋਵੇ। ਮੁਕੰਦਾ ਭਾਵੇਂ ਸਭ ਕੁਝ ਜਾਣਦਾ ਸੀ, ਪਰ ਉਸ ਨੂੰ ਸਾਂਭ-ਸਾਂਭ ਰੱਖਦਾ, ਇਹ ਸੋਚ ਕੇ ਕਿ ਹੁਣ ਇਸ ਨੇ ਕਿੱਧਰ ਜਾਣਾ ਹੈ।

ਓਧਰ ਮਾਲੀ ਦੇ ਕਤਲ ਵਿੱਚ ਪੁਲਿਸ ਨੇ ਇਲਾਕੇ ਦੇ ਸੱਤ-ਅੱਠ ਸਿਰਕੱਢ ਦਸ ਨੰਬਰੀਏ ਫੜੇ ਹੋਏ ਸਨ।

ਕੋਈ ਕਹਿੰਦਾ ਸੀ, ‘ਸੰਗਤਰੇ ਤੋੜਨ ਆਏ ਚੋਰ ਸ਼ੇਰੂ ਨੂੰ ਮਾਰ ਕੇ ਸਿੱਟ ਗਏ।’

ਕੋਈ ਕਹਿੰਦਾ ਸੀ, ‘ਸ਼ੇਰੂ ਦੀ ਲਾਗ-ਡਾਟ ਸੀ ਦੁਸ਼ਮਣੀ ਕੱਢੀ ਐ ਪੁਰਾਣੀ ਕਿਸੇ ਨੇ।’’

ਕੋਈ ਕੁਝ, ਕੋਈ ਕੁਝ ਤੇ ਕਈ ਸਾਲ ਇਲਾਕੇ ਦੇ ਦਸ ਨੰਬਰੀਏ ਘੜੀਸੀਂਦੇ ਫਿਰੇ।

ਦਸ-ਬਾਰਾਂ ਸਾਲ ਲੰਘ ਗਏ। ਜੀਤੋ ਦੇ ਤਿੰਨ ਜਵਾਕ ਹੋ ਗਏ । ਤੀਵੀਂ ਮਨੁੱਖ ਦੀ ਬਹੁਤ ਵਧੀਆ ਨਿਭ ਰਹੀ ਸੀ।

ਇੱਕ ਦਿਨ-

ਆਥਣੇ ਹਨੇਰਾ ਹੋ ਗਿਆ ਕਾਫ਼ੀ। ਮਹਿੰ ਦੀ ਧਾਰ ਅਜੇ ਕੱਢਣੀ ਸੀ। ਮੁਕੰਦੇ ਨੇ ਜੀਤੋ ਨੂੰ ਕਿਹਾ ਕਿ ਉਹ ਸਬ੍ਹਾਤ ਵਿੱਚੋਂ ਬਾਲਟੀ ਲੈ ਆਵੇ।

‘ਡਰ ਲਗਦੈ ਮੈਨੂੰ ਤਾਂ ਅੰਦਰੋਂ। ਨ੍ਹੇਰਾ ਘੁੱਪ ਪਿਐ।’ ਜੀਤੋ ਨੇ ਜਵਾਬ ਦਿੱਤਾ।

‘ਡਰ ਕਾਹਦੈ ਆਪਣੇ ਘਰੋਂ?’ ਮੁਕੰਦਾ ਬੋਲਿਆ।

‘ਦਿਨ ਹੋਵੇ ਤਾਂ ਲੈ ਆਵਾਂ, ਨ੍ਹੇਰੇ ’ਚ ਸੌ ਸੱਪ ਸਲੂਤੀ ਹੁੰਦੀ ਐ।’ ਜੀਤੋ ਨੇ ਫੇਰ ਇਨਕਾਰ ਕੀਤਾ।

‘ਦਿਨ ਵੇਲੇ ਵੀ ਤਾਂ ਇਹੀ ਘਰ ਹੁੰਦੈ?’ ਮੁਕੰਦੇ ਦੀ ਅਵਾਜ਼ ਵਿੱਚ ਰੋਬ੍ਹ ਸੀ।

‘ਤੂੰ ਈ ਲੈ ਆ ਆਪੇ।’

ਜੀਤੋ ਨੇ ਸਾਫ਼ ਜਵਾਬ ਦਿੱਤਾ।

‘ਵੱਡੀ ਆ ਗਈ ਡਰਨ ਆਲੀ-ਮੁਕੰਦਾ ਜਿਵੇਂ ਕੁਝ ਕਹਿਣ ਹੀ ਵਾਲਾ ਸੀ। ਉਦੋਂ ਨੀ ਸੀ ਡਰ ਲਗਦਾ ਜਦੋਂ ਅੱਧੀ ਰਾਤ ਉੱਠ ਕੇ ਮਾਲੀ ਕੋਲ ਗਈ ਸੀ? ਗੱਲ ਕਹਿ ਕੇ ਮੁਕੰਦਾ ਖੁਰਲੀ ਵਿੱਚ ਮਹਿੰ ਦੀ ਸੰਨ੍ਹੀ ਲੋਟ ਕਰਨ ਲੱਗ ਪਿਆ। ਜੀਤੋ ਦੇ ਭੜੱਕ ਦੇ ਕੇ ਕੰਨ ਖੁੱਲ੍ਹ ਗਏ। ਉਹ ਚੁੱਪ ਕਰਕੇ ਅੰਦਰ ਗਈ ਤੇ ਕਿੱਲੇ ਉੱਤੋਂ ਲਟਕਦੀ ਕਿਰਪਾਨ ਲਾਹ ਲਿਆਈ।’

‘ਤੂੰ ਹੀ ਐਂ ਜੀਹਨੇ ਮੇਰਾ ਯਾਰ ਮਾਰਿਐ?’ ‘’

ਅੱਖ ਦੀ ਝਮਕ ਵਿੱਚ ਮੁਕੰਦੇ ਦਾ ਸਿਰ ਮਹਿੰ ਦੇ ਖੁਰਾਂ ਵਿੱਚ ਮਤੀਰੇ ਵਾਂਗ ਰੁੜ੍ਹਿਆ ਪਿਆ ਸੀ। ♦

# ਮੁਹੱਬਤ ਦੀ ਮਿੱਟੀ

ਜੁੰਮਾ ਘੁਮਿਆਰ ਸੂਰਜ ਦੇ ਉਭਾਰ ਤੋਂ ਪਹਿਲਾਂ ਜਾਗ ਪੈਂਦਾ। ਉੱਠਣ ਸਾਰ ਉਹ ਚੱਕ ਵਾਲੇ ਛਤਣੇ ਵਿੱਚ ਜਾਂਦਾ ਤੇ ਡੱਬੀ ਦੀ ਸੀਖ਼ ਬਾਲ ਕੇ ਆਪਣੀ ਸਰਦਾਰੋ ਨੂੰ ਦੇਖਣ ਲੱਗਦਾ। ਦੇਖਦਾ ਰਹਿੰਦਾ ਤੇ ਹੁਸਨ ਦੀਆਂ ਸਿਫ਼ਤਾਂ ਕਰਦਾ। ਇੱਕ ਸੀਖ਼ ਬੁਝਦੀ ਤਾਂ ਦੂਜੀ ਬਾਲ ਲੈਂਦਾ। ਉਹ ਨੂੰ ਲੱਗਦਾ ਸਰਦਾਰੋ ਦੇ ਚਿਹਰੇ 'ਤੇ ਉਹ ਪ੍ਰਭਾਵ ਨਹੀਂ ਆਇਆ। ਮੁਸਕਰਾਉਣਾ ਵੀ ਤੇ ਇਨਕਾਰ ਵੀ ਕਰਨਾ। ਮਿੱਟੀ ਦਾ ਬੁੱਤ ਉਹ ਨੂੰ ਅਧੂਰਾ-ਅਧੂਰਾ ਜਾਪਦਾ। ਉਹ ਦਾ ਦਿਲ ਗਵਾਹੀ ਭਰਦਾ, ਇੱਕ ਦਿਨ ਇਹ ਮਿੱਟੀ ਦਾ ਬੁੱਤ ਮੁਕੰਮਲ ਕਰਾਂਗਾ। ਮੁਕੰਮਲ ਤੇ ਸੰਪੂਰਨ। ਉਸ ਦਿਨ ਹੀ ਇ ਹ ਦੇ ਵਿਚੋਂ ਅਸਲੀ ਸਰਦਾਰੋ ਪੈਦਾ ਹੋਵੇਗੀ। ਸਰਦਾਰੋ, ਜੋ ਕਦੇ ਉਹ ਦਾ ਸੁਪਨਾ ਸੀ ਤੇ ਸੁਪਨਾ ਜਿਸ ਨੂੰ ਕਦੇ ਉਸ ਨੇ ਖੁਦ ਹੀ ਤੋੜ ਦਿੱਤਾ ਸੀ।

ਕਿਸੇ ਕਾਹਲ ਜਿਹੀ ਵਿੱਚ ਜੁੰਮਾ ਘਰੋਂ ਨਿਕਲਦਾ ਤੇ ਖੁੱਲ੍ਹੇ ਖੇਤਾਂ ਵਿੱਚ ਜੰਗਲ-ਪਾਣੀ ਹੋ ਆਉਂਦਾ। ਖੇਤਾਂ ਵਿੱਚ ਹੀ ਉਹ ਨੂੰ ਆਪਣੇ ਗਧਿਆਂ ਦੇ ਹੀਂਗਣ ਦੀਆਂ ਅਵਾਜ਼ਾਂ ਸੁਣਦੀਆਂ। ਗਧਿਆਂ ਦੀਆਂ ਅਵਾਜ਼ਾਂ ਸੁਣ ਕੇ ਉਹ ਨੂੰ ਭੱਠੇ 'ਤੇ ਜਾਣ ਦੀ ਕਾਹਲ ਵੀ ਤੰਗ ਕਰਨ ਲੱਗਦੀ। ਭੱਠੇ ਦੀ ਕਾਹਲ ਵਿੱਚ ਸਰਦਾਰੋ ਦਾ ਖ਼ਿਆਲ ਕਿਧਰੇ ਗੁਆਚ-ਗੁਆਚ ਜਾਂਦਾ। ਘਰ ਆ ਕੇ ਉਹ ਆਪਣੀ ਬੁੱਢੀ ਮਾਂ ਨੂੰ ਜਗਾਉਂਦਾ ਤੇ ਚੁੱਲ੍ਹੇ 'ਤੇ ਚਾਹ ਧਰਨ ਲਈ ਆਖਦਾ। ਮਾਂ ਚਾਹ ਬਣਾਉਣ ਲੱਗਦੀ ਤਾਂ ਉਹ ਚੱਕ ਵਾਲੇ ਛਤਣੇ ਵਿੱਚ ਆ ਬੈਠਦਾ। ਓਦੋਂ ਤੱਕ ਸੂਰਜ ਦੀ ਲੋਅ ਉਹ ਦੇ ਵਿਹੜੇ ਤੱਕ ਪਹੁੰਚ ਚੁੱਕੀ ਹੁੰਦੀ। ਕਿਰਨਾਂ ਲੱਗਣ ਤੋਂ ਪਹਿਲਾਂ ਦਾ ਸੁਰਮਈ ਚਾਨਣ। ਛਤਣੇ ਦਾ ਬੂਹਾ ਚੜ੍ਹਦੇ ਵੱਲ ਸੀ। ਲੋਅ ਚਾਰੇ ਖੂੰਜਿਆਂ ਵਿੱਚ ਪਹੁੰਚਦੀ। ਸਰਦਾਰੋ ਦੇ ਮੂੰਹ ਨੂੰ ਉਹ ਟਿਕਟਿਕੀ ਬੰਨ੍ਹ ਕੇ ਤੱਕਣ ਲੱਗਦਾ। ਤੱਕਦਾ ਰਹਿੰਦਾ ਤੇ ਫੇਰ ਪਾਣੀ ਦੀ ਗੜਵੀ ਲਿਆ ਕੇ ਮਿੱਟੀ ਗਿੱਲੀ ਕਰਦਾ। ਲੋਹੇ ਦੇ ਨਹੇਰਨੇ ਨਾਲ ਬੁੱਤ ਦੀਆਂ ਅੱਖਾਂ, ਉਹ ਦੀ ਠੋਡੀ, ਉਹ ਦੀਆਂ ਗੱਲ੍ਹਾਂ ਤੇ ਬੁੱਲ੍ਹਾਂ 'ਤੋਂ ਮਿੱਟੀ ਖੁਰਚ ਦਿੰਦਾ। ਚਿਹਰੇ 'ਤੇ ਪਾਣੀ ਤ੍ਰੌਂਕਦਾ। ਚਿਹਰੇ 'ਤੇ ਉਂਗਲਾਂ ਦੇ ਪੋਟੇ ਫੇਰਦਾ। ਖ਼ਾਸ-ਖ਼ਾਸ ਥਾਵਾਂ 'ਤੇ ਉਂਗਲਾਂ ਦੇ ਗਿੱਲੇ ਫੁੱਲ ਛੁਹਾਉਂਦਾ। ਤੇ ਫੇਰ ਗਿੱਲੀ ਮਿੱਟੀ ਗੁੰਨ੍ਹ ਰਿਹਾ ਉਹ ਸੋਚਾਂ ਦੇ ਸਮੁੰਦਰ ਵਿੱਚ ਉਤਰ ਜਾਂਦਾ। ਹੁੱਕਾ ਤਾਜ਼ਾ ਕਰਕੇ ਉਹ ਚਿਲਮ ਵੀ ਭਰ ਲਿਆਇਆ ਹੁੰਦਾ। ਮੱਠੀ-ਮੱਠੀ ਹੁੱਕੇ ਦੀ ਘੁੱਟ ਲੈਂਦਾ ਤੇ ਅੱਧ ਖੁੱਲ੍ਹੀਆਂ ਅੱਖਾਂ ਵਿੱਚ ਵਿਉਂਤਾਂ ਬਣਾਉਂਦਾ। ਗੁੰਨ੍ਹੀ ਮਿੱਟੀ ਨੂੰ ਨਹੇਰਨੇ ਦੀ ਚੁੰਝ 'ਤੇ ਚੜ੍ਹਾ ਕੇ ਉਹ ਬੁੱਤ ਦੇ ਚਿਹਰੇ 'ਤੇ ਲਾਉਂਦਾ ਤੇ ਫਿਰ ਚੁੰਝ

ਨਾਲ ਹੀ ਮਿੱਟੀ ਨੂੰ ਓਥੇ ਪੱਕੀ ਕਰ ਦਿੰਦਾ। ਕਿਸੇ ਥਾਂ ਹੋਰ ਉਭਾਰ ਦਿਖਾਉਣਾ ਹੁੰਦਾ ਤਾਂ ਹੋਰ ਚੁੰਝ ਭਰਦਾ। ਚਾਹ ਲਈ ਮਾਂ ਦੀ ਹਾਕ ਸੁਣਨ ਤੱਕ ਉਹ ਛਤਣੇ ਵਿੱਚ ਬੈਠਾ ਰਹਿੰਦਾ। ਹੁੱਕਾ ਪੀਂਦਾ ਤੇ ਨਹੇਰਨੇ ਦੀਆਂ ਚੁੰਝਾਂ ਬੁੱਤ ਦੇ ਚਿਹਰੇ ’ਤੇ ਫਿਰਦੀਆਂ ਰਹਿੰਦੀਆਂ। ਉਹ ਨੂੰ ਲੱਗਦਾ ਜਿਵੇਂ ਕੱਲ੍ਹ ਨਾਲੋਂ ਅੱਜ ਬੁੱਤ ਵਿੱਚ ਬਹੁਤੀ ਜਾਨ ਪੈ ਗਈ ਹੋਵੇ। ਉਹ ਨੂੰ ਕੋਈ ਸੁੱਖ ਜਿਹਾ ਮਿਲਦਾ।

ਕਈ ਮਹੀਨਿਆਂ ਤੋਂ ਉਹ ਇੰਝ ਕਰਦਾ ਆ ਰਿਹਾ ਸੀ। ਨਿੱਤਨੇਮ ਵਾਂਗ ਹੀ ਕਰਦਾ ਸਵੇਰੇ-ਸਵੇਰੇ। ਆਥਣ ਨੂੰ ਤਾਂ ਦਿਨ ਛਿਪੇ ਘਰ ਵੜਦਾ। ਥੱਕਿਆ-ਟੁੱਟਿਆ ਪਿਆ ਹੁੰਦਾ। ਗਧਿਆਂ ਨੂੰ ਰੂੜੀਆਂ ’ਤੇ ਛੱਡ ਦਿੰਦਾ। ਤੱਤਾ ਪਾਣੀ ਕਰਕੇ ਨਹਾਉਂਦਾ। ਮਾਂ ਰੋਟੀ ਪਕਾਉਂਦੀ ਤੇ ਉਹ ਖਾ ਲੈਂਦਾ। ਬਿੰਦ-ਝੱਟ ਹੁੱਕਾ ਪੀਂਦਾ ਤੇ ਫੇਰ ਗਧਿਆਂ ਨੂੰ ਘੇਰ ਲਿਆਉਂਦਾ। ਉਨ੍ਹਾਂ ਮੂਹਰੇ ਸੁੱਕਾ ਘਾਹ ਸੁੱਟਦਾ ਤੇ ਉਨ੍ਹਾਂ ਦੀਆਂ ਲੱਤਾਂ ਕਿੱਲਿਆਂ ਦੇ ਰੱਸਿਆਂ ਨਾਲ ਬੰਨ੍ਹ ਦਿੰਦਾ। ਹੀਂਗਦੇ, ਫੂੰਕਾਰੇ ਮਾਰਦੇ, ਦੁਲੱਤੀਆਂ ਚਲਾਉਂਦੇ ਤੇ ਲਿਟਦੇ-ਉੱਠਦੇ ਗਧੇ ਟਿਕ ਜਾਂਦੇ ਤਾਂ ਜੁੰਮਾ ਵੀ ਸੌਣ ਦੀ ਕੋਸ਼ਿਸ ਕਰਦਾ। ਮਾਂ ਰੋਟੀ ਟੁੱਕ ਦਾ ਕੰਮ ਮੁਕਾ ਕੇ ਤੇ ਭਾਂਡਾ ਟੀਂਡਾ ਸਾਂਭ ਕੇ ਜੁੰਮੇ ਤੋਂ ਕਿੰਨਾ ਚਿਰ ਪਿੱਛੋਂ ਮੰਜੀ ’ਤੇ ਪੈਂਦੀ।

ਜੁੰਮੇ ਦੀ ਉਮਰ ਇਸ ਵੇਲੇ ਪੰਜਾਹ ਸਾਲਾਂ ਤੋਂ ਉੱਤੇ ਸੀ। ਉਨ੍ਹਾਂ ਦਾ ਹੋਰ ਕੋਈ ਨਹੀਂ ਸੀ। ਉਹ ਸੀ ਤੇ ਉਹ ਦੀ ਬੁੱਢੀ ਮਾਂ। ਬਾਕੀ ਸਾਰਾ ਟੱਬਰ ਸੰਤਾਲੀ ਦੀ ਵੱਢਾ ਟੁੱਕੀ ਵੇਲੇ ਵਿਛੜ ਗਿਆ ਸੀ।

ਸੰਤਾਨੀ ਤੋਂ ਪਹਿਲਾਂ ਦੀ ਗੱਲ ਹੈ, ਹਵੇਲੀ ਵਾਲਿਆਂ ਦੀ ਕੁੜੀ ਸਰਦਾਰੋ ਜੁੰਮੇ ਨਾਲ ਦਾਈ ਦੁੱਕੜੇ ਖੇਡਦੀ ਹੁੰਦੀ। ਉਹ ਕਿੰਨੀ ਖਿਲੰਦੜੀ ਸੀ। ਹੱਸਦੀ ਤਾਂ ਗੱਲ੍ਹਾਂ ’ਤੇ ਟੋਏ ਪੈਂਦੇ। ਬਿਨਾਂ ਕਾਰਨ ਹੀ ਹੱਸਦੀ ਰਹਿੰਦੀ। ਗੱਲ-ਗੱਲ ’ਤੇ ਜੁੰਮੇ ਨੂੰ ਖਿਝਾਉਂਦੀ। ਉਨ੍ਹਾਂ ਦਿਨਾ ਵਿੱਚ ਤਾਂ ਵੱਡੇ-ਵੱਡੇ ਮੁੰਡੇ-ਕੁੜੀਆਂ ਇਕੱਠੇ ਖੇਡਦੇ ਸਨ। ਹੁਣ ਵਰਗਾ ਜ਼ਮਾਨਾ ਨਹੀਂ ਸੀ। ਸੋਲ੍ਹਾਂ-ਸੋਲ੍ਹਾਂ, ਅਠਾਰਾਂ-ਅਠਾਰਾਂ ਸਾਲ ਦੇ ਮੁੰਡੇ-ਕੁੜੀਆਂ ਮਾਪਿਆਂ ਲਈ ਗੁੱਡੇ-ਗੁੱਡੀਆਂ ਤੋਂ ਵੱਧ ਨਹੀਂ ਸਨ। ਅਗਵਾੜ ਦੀ ਧਰਮਸ਼ਾਲਾ ਵਿੱਚ ਉਹ ਸੋਤੇ ਤੱਕ ਖੇਡਦੇ ਰਹਿੰਦੇ। ਰੌਲਾ ਪਾਉਂਦੇ, ਚੀਕਾਂ ਮਾਰਦੇ। ਘਰ ਮੁੜਨ ਲੱਗੇ ਉੱਚੀ-ਉੱਚੀ ਬੋਲਦੇ, ‘ਮੂਹਰਲਿਓ-ਮੂਹਰਲਿਓ ਖਿੱਚ ਲਓ ਡੋਰ, ਮਗਰਲਿਆਂ ਦੀ ਮਾਂ ਨੂੰ ਲੈ ਗਏ ਚੋਰ।’

ਤੇ ਫੇਰ ਜਦੋਂ ਸੰਤਾਲੀ ਦੀ ਵੱਢਾ-ਟੁੱਕੀ ਹੋਈ, ਜੁੰਮੇ ਦਾ ਪਿਓ ਤੇ ਉਹ ਦੇ ਦੋਵੇਂ ਚਾਚੇ ਏਧਰ ਹੀ ਮਾਰੇ ਗਏ। ਭੈਣਾਂ ਨੂੰ ਮਿਲਟਰੀ ਕੈਂਪ ਵਾਲੇ ਲੈ ਗਏ। ਉਹ ਤੇ ਉਹ ਦੀ ਮਾਂ ਹਵੇਲੀ ਵਾਲਿਆਂ ਦੇ ਘਰ ਨੀਰੇ ਵਾਲੀ ਸਬ੍ਹਾਤ ਵਿੱਚ ਛੁਪ ਕੇ ਬੈਠੇ ਰਹੇ। ਉੱਥੇ ਹੀ ਰੋਟੀ-ਪਾਣੀ। ਉੱਥੇ ਹੀ ਰਾਤ ਨੂੰ ਸੌਂ ਜਾਂਦੇ। ਗਰਮੀ-ਸਰਦੀ ਦਾ ਕੋਈ ਅਹਿਸਾਸ ਨਹੀਂ ਸੀ। ਮੂੰਹ-ਹਨੇਰੇ ਉੱਠ ਕੇ ਜੰਗਲ-ਪਾਣੀ ਜਾ ਆਉਂਦੇ। ਨੀਰੇ ਵਾਲੀ ਸਬ੍ਹਾਤ ਹੀ ਉਨ੍ਹਾਂ ਦਾ ਸੰਸਾਰ ਬਣ ਗਿਆ। ਸਰਦਾਰੋ ਉਨ੍ਹਾਂ ਨੂੰ ਰੋਟੀਪਾਣੀ ਦੇ ਕੇ ਜਾਂਦੀ। ਜੁੰਮੇ ਦੀ ਮਾਂ ਸਰਦਾਰੋ ਨੂੰ ਪੁੱਚ-ਪੁੱਚ ਕਰਕੇ ਪਿਆਰ ਕਰਦੀ। ਉਹ ਨੂੰ ਆਪਣੀ ਹਿੱਕ ਨਾਲ ਲਾ ਕੇ ਘੁੱਟਦੀ ਜਿਵੇਂ ਉਹ ਆਪਣੀ ਧੀ ਹੋਵੇ। ਰਾਤ ਨੂੰ ਜੁੰਮੇ ਨੂੰ ਆਪਣੀ ਹਿੱਕ ਨਾਲ ਘੁੱਟ ਕੇ ਸੌਂਦੀ।

ਤੂਫ਼ਾਨ ਗੁਜ਼ਰ ਗਿਆ ਤਾਂ ਜੁੰਮਾ ਤੇ ਜੁੰਮੇ ਦੀ ਮਾਂ ਹਵੇਲੀ ਵਾਲਿਆਂ ਦੇ ਘਰੋਂ ਬਾਹਰ ਆ ਗਏ। ਪਿੰਡ ਵਿੱਚ ਹੀ ਨਿੱਕੇ-ਮੋਟੇ ਕੰਮ ਕਰਨ ਲੱਗੇ। ਲੋਕਾਂ ਦੇ ਘਰਾਂ ਵਿੱਚ ਕੰਮ ਕਰਦੇ ਤੇ ਰੋਟੀ ਖਾ ਲੈਂਦੇ। ਰਹਿੰਦੇ ਵੀ ਲੋਕਾਂ ਦੇ ਘਰਾਂ ਵਿੱਚ ਹੀ। ਆਪਣੇ ਘਰ ਤੋਂ ਜਿਵੇਂ ਉਨ੍ਹਾਂ ਨੂੰ ਡਰ ਲੱਗਦਾ ਹੋਵੇ। ਜਿਵੇਂ ਹੁਣ ਵੀ ਕੋਈ ਉਨ੍ਹਾਂ ਨੂੰ ਸੁੱਤਿਆਂ ਨੂੰ ਆ ਕੇ ਮਾਰ ਜਾਵੇਗਾ। ਤੇ ਫੇਰ ਉਹ ਆਪਣੇ ਘਰ ਹੀ ਆ ਗਏ। ਘਰ ਵਿੱਚ ਤਾਂ ਕੁਝ ਵੀ ਨਹੀਂ ਸੀ। ਘਰ ਦੀਆਂ ਕੰਧਾਂ ਖੜ੍ਹੀਆਂ ਸਨ। ਘਰ ਦੀ ਛੱਤ ਕਾਇਮ ਸੀ। ਛੱਤਣੇ ਵਿੱਚ ਚੱਕ ਹੈਗਾ ਸੀ। ਇੱਕ ਪਾਸੇ ਡਿੱਗਿਆ ਪਿਆ।

ਜੁੰਮੇ ਨੇ ਚੱਕ ਨੂੰ ਹਿਲਾਇਆ ਨਹੀਂ। ਹੁਣ ਤੱਕ ਵੀ ਉਹ ਚੱਕ ਓਵੇਂ ਦਾ ਓਵੇਂ ਪਿਆ ਹੋਇਆ ਸੀ। ਨਿਰਜਿੰਦ, ਬੇਅਵਾਜ਼ ਤੇ ਛਾਪਲਿਆ ਹੋਇਆ। ਜਿਵੇਂ ਹੁਣੇ ਕੋਈ ਉਹ ਨੂੰ ਗੇੜਾ ਦੇਵੇ ਤਾਂ ਉਹ ਹਰਕਤ ਵਿੱਚ ਆ ਸਕਦਾ ਹੈ।

ਸੰਤਾਲੀ ਦੇ ਸਾਕੇ ਨੂੰ ਅੱਠ-ਦਸ ਵਰ੍ਹੇ ਲੰਘ ਗਏ। ਓਦੋਂ ਤੱਕ ਜੁੰਮੇ ਕੋਲ ਚਾਰ ਗਧੇ ਤੇ ਦੋ ਗਧੀਆਂ ਸਨ। ਭੱਠੇ 'ਤੇ ਜਾ ਕੇ ਉਹ ਇੱਟਾਂ ਢੋਣ ਦਾ ਕੰਮ ਕਰਦਾ। ਮਾਂ ਘਰ ਵਿੱਚ ਰਹਿੰਦੀ। ਸੋਹਣਾ ਗੁਜ਼ਾਰਾ ਚੱਲ ਰਿਹਾ ਸੀ। ਹਵੇਲੀ ਵਾਲਿਆਂ ਦੀ ਸਰਦਾਰੋ ਦਾ ਵਿਆਹ ਸੀ। ਵਿਆਹ ਤੋਂ ਚਾਰ ਦਿਨ ਪਹਿਲਾਂ ਉਹ ਅੱਧੀ ਰਾਤ ਘਰੋਂ ਉੱਠ ਕੇ ਜੁੰਮੇ ਕੋਲ ਆਈ। ਉਹ ਨੂੰ ਬਾਹੋਂ ਫੜ ਕੇ ਮੰਜੇ 'ਤੇ ਬਿਠਾ ਦਿੱਤਾ ਤੇ ਕਿੰਨਾ ਹੀ ਚਿਰ ਉਸ ਦੇ ਨਾਲ ਘੁਸਰ-ਮੁਸਰ ਕਰਦੀ ਰਹੀ। ਮਾਂ ਦੀ ਮੰਜੀ ਦੂਰ ਸੀ। ਜੁੰਮਾ ਮੰਨਿਆ ਨਹੀਂ। ਡਰ ਗਿਆ। ਐਡੀ ਵੱਡੀ ਚੱਟਾਨ ਨਾਲ ਉਹ ਮੱਥਾਂ ਕਿਵੇਂ ਲਾਉਂਦਾ। ਉਹ ਤਾਂ ਇੱਕ ਘੁਮਿਆਰ ਸੀ ਬੱਸ ਹਵੇਲੀ ਵਾਲੇ ਤਾਂ ਜਿਮੀਂਦਾਰ ਸਨ। ਉਹ ਆਥਣ ਨੂੰ ਕਿਹੜਾ ਨਾ ਖਪਾ ਕੇ ਰੱਖ ਦਿੰਦੇ। ਤੇ ਫੇਰ ਜੁੰਮੇ ਤੇ ਜੁੰਮੇ ਦੀ ਮਾਂ ਨੇ ਉਨ੍ਹਾਂ ਦੇ ਘਰ ਦਾ ਲੂਣ ਵੀ ਤਾਂ ਖਾਧਾ ਸੀ। ਸਰਦਾਰੋ ਜਿਵੇਂ ਕੋਈ ਸਰਾਪ ਦੇ ਕੇ ਤੁਰ ਗਈ ਹੋਵੇ।

ਬੱਸ ਉਹ ਦਿਨ ਸੋ ਉਹ ਦਿਨ ਜੁੰਮਾ ਪਿੱਤੇ ਵਾਂਗ ਸੁੱਕਣ ਲੱਗ ਪਿਆ। ਉਸ ਪਿੰਡ ਵਿੱਚ ਤੇ ਆਲੇ-ਦੁਆਲੇ ਦੇ ਪਿੰਡਾਂ ਵਿੱਚ ਵੀ ਮੁਸਲਮਾਨ ਘੁਮਿਆਰਾਂ ਦਾ ਕੋਈ ਘਰ ਨਹੀਂ ਰਹਿ ਗਿਆ ਸੀ। ਏਧਰ ਹੀ ਖੁਰਦ-ਬੁਰਦ ਹੋ ਗਏ ਜਾਂ ਫੇਰ ਪਾਕਿਸਤਾਨ ਨੂੰ ਚਲੇ ਗਏ। ਪਹਿਲਾਂ-ਪਹਿਲਾਂ ਤਾਂ ਕੋਈ ਆਸ ਵੀ ਨਹੀਂ ਸੀ। ਪਰ ਫੇਰ ਕਈ ਸਾਲਾਂ ਪਿੱਛੋਂ ਦੂਰ-ਦਰਾਜ਼ ਦੇ ਪਿੰਡਾਂ ਵਿੱਚੋਂ ਉਹ ਨੂੰ ਰਿਸ਼ਤੇ ਆਉਣ ਲੱਗੇ ਤਾਂ ਉਹ ਸਿਰ ਮਾਰ ਦਿੰਦਾ ਰਿਹਾ। ਜਿਵੇਂ ਔਰਤ ਦੀ ਤਾਂ ਉਹ ਨੂੰ ਲੋੜ ਹੀ ਨਹੀਂ ਸੀ। ਇੱਕ ਸਰਦਾਰੋ ਹੀ ਉਹ ਦੇ ਮਨ ਗੁਡ ਗਈ ਸੀ। ਉਹ ਹੁਣ ਨਹੀਂ ਸੀ ਤਾਂ ਦੁਨੀਆਂ ਵਿੱਚ ਹੋਰ ਔਰਤ ਹੀ ਕਿਹੜੀ ਰਹਿ ਗਈ ਸੀ। ਪਤਾ ਨਹੀਂ ਉਹ ਕਿਹੜੀ ਘੜੀ ਸੀ ਕਿ ਸਰਦਾਰੋ ਸਾਹਮਣੇ ਉਹ ਦੇ ਮੂੰਹੋਂ ਨਾਂਹ ਹੀ ਨਾਂਹ ਨਿਕਲਦੀ ਤੁਰੀ ਗਈ ਸੀ। ਤੇ ਫੇਰ ਕਿਸੇ ਔਰਤ ਦਾ ਤਸੱਵਰ ਤੱਕ ਵੀ ਉਹ ਦੇ ਜ਼ਿਹਨ ਵਿੱਚ ਨਹੀਂ ਆਉਂਦਾ ਸੀ। ਬੱਸ ਇਹੀ ਸਰਦਾਰੋ ਦਾ ਸਰਾਪ ਸੀ।

ਤੇ ਹੁਣ ਜੁੰਮੇ ਦਾ ਇਹ ਹਾਲ ਸੀ, ਭੱਠੇ 'ਤੇ ਇੱਟਾਂ ਢੋਹਣ ਦਾ ਕੰਮ ਉਹ ਇੱਕ ਗਧੇ ਵਾਂਗ ਹੀ ਸਿਰ ਸੁੱਟ ਕੇ ਕਰਦਾ। ਉਹ ਦੇ ਧੁਰ ਅੰਦਰ ਸਰਦਾਰੋ ਦੀ ਮੂਰਤ ਵਸੀ ਹੋਈ ਸੀ। ਇਸ ਮੂਤਰ ਨੂੰ ਮਿੱਟੀ ਵਿੱਚੋਂ ਸਾਕਾਰ ਕਰਨ ਦੀ ਲਿੱਲ੍ਹ ਉਹ ਨੂੰ ਲੱਗ ਗਈ। ਮੁਹੱਬਤ ਦਾ ਪ੍ਰਤੱਖ ਚਿਹਰਾ। ਮੁਸਕਰਾਉਂਦਾ ਵੀ ਤੇ ਇਨਕਾਰ ਕਰਦਾ ਵੀ । ਜਦੋਂ ਕਦੇ ਵੀ ਸਰਦਾਰੋ

ਸਾਹਮਣੇ ਉਹ ਕੋਈ ਪ੍ਰਸਤਾਵ ਲੈ ਕੇ ਗਿਆ ਸੀ, ਉਹ ਇੰਝ ਦਾ ਚਿਹਰਾ ਬਣਾ ਲਿਆ ਕਰਦੀ। ਮੁਸਕਰਾਹਟ ਤੇ ਇਨਕਾਰ ਦੀ ਅਦਭੁੱਤ ਮੁੱਦਰਾ। ਤੇ ਫੇਰ......।

ਤੇ ਹੁਣ ਜੁੰਮੇ ਦੀ ਸਾਰੀ ਜ਼ਿੰਦਗੀ ਉਸ ਇੱਕ ਚਿਹਰੇ ਨੂੰ ਫੜਨ ਵਿੱਚ ਲੱਗੀ ਹੋਈ ਸੀ। ਜ਼ਿੰਦਗੀ ਦਾ ਇੱਕ ਸਾਰਥਕ ਰੁਝੇਵਾਂ। ਇੱਛਾਵਾਂ ਦਾ ਕਾਲਪਨਿਕ ਸਮਰਥਣ ਤੇ ਫਿਰ ਇੱਕ ਸਵੇਰ......।

ਸਰਦਾਰੋ ਦੀ ਗੋਦੀ ਨਵਾਂ ਬਾਲ ਸੀ। ਉਹ ਦਾ ਪੁੱਤਰ ਉਮ੍ਹਲ-ਉਮ੍ਹਲ ਥੱਲੇ ਡਿੱਗਣ ਨੂੰ ਕਰਦਾ।

ਸਵੇਰੇ-ਸਵੇਰੇ ਜੁੰਮਾ ਬੁੱਤ ਦੇ ਚਿਹਰੇ 'ਤੇ ਮੁਹੱਬਤ ਦੀ ਆਖਰੀ ਮਿੱਟੀ ਚੜ੍ਹਾ ਰਿਹਾ ਸੀ। ਅੱਜ ਬੁੱਤ ਨੇ ਮੁਕੰਮਲ ਹੋ ਜਾਣਾ ਸੀ। ਮੁਸਕਰਾਹਟ ਤੇ ਇਨਕਾਰ ਦੀ ਸੰਤੁਲਤ ਮਾਤਰਾ ਵਿੱਚ।

ਨਹੇਰਨੇ ਦੀ ਚੁੰਝ ਬਹੁਤ ਤੇਜ਼ੀ ਨਾਲ ਚੱਲ ਰਹੀ ਸੀ। ਆਪਣੇ ਪੂਰੇ ਵੇਗ ਵਿੱਚ। ਸਰਦਾਰੋ ਨੇ ਛਤਣੇ ਅੱਗੇ ਆ ਕੇ ਜੁੰਮੇ ਨੂੰ ਹਾਕ ਮਾਰੀ। ਇੱਕ ਬਿੰਦ ਚੁੰਝ ਰੁਕੀ। ਜੁੰਮਾ ਮੋਢੇ 'ਤੋਂ ਦੀ ਝਾਕਿਆ। ਸਰਦਾਰੋ ਨੂੰ ਪਹਿਚਾਣਿਆ ਸੀ। ਪਰ ਹੂੰ ਕਹਿ ਕੇ ਦੂਜੇ ਬਿੰਦ ਹੀ ਆਪਣੇ ਕੰਮ ਵਿੱਚ ਰੁੱਝ ਗਿਆ। ਇਹ ਕੰਮ ਉਹ ਨੇ ਪਹਿਲਾਂ ਨਿਬੇੜਨਾ ਹੋਵੇਗਾ। ਸਵੇਰ ਵੀ ਹੋ ਗਈ। ਭੱਠੇ 'ਤੇ ਵੀ ਜਾਣਾ ਸੀ। ਸਰਦਾਰੋ ਦੋ ਪਲ ਰੁਕੀ ਤੇ ਉਹ ਦੀ ਪਿੱਠ 'ਤੇ ਨਜ਼ਰਾਂ ਤਿਲ੍ਹਕਾਉਂਦੀ ਜੁੰਮੇ ਦੀ ਬੁੱਢੀ ਮਾਂ ਵੱਲ ਚੱਲੀ ਗਈ।

ਕੰਮ ਮੁਕਾ ਕੇ ਜੁੰਮਾ ਉੱਠਿਆ, ਸਰਦਾਰੋ ਕਿਧਰੇ ਵੀ ਨਹੀਂ ਸੀ। ਜਾ ਚੁੱਕੀ ਸੀ। ਪਤਾ ਨਹੀਂ ਕਿਉਂ ਆਈ ਸੀ। ਇਹ ਸਭ ਕਾਸੇ ਬਾਰੇ ਜੁੰਮੇ ਨੇ ਸੋਚਿਆ ਵੀ ਨਹੀਂ।

ਸਰਦਾਰੋ ਦਾ ਅਸਲੀ ਚਿਹਰਾ ਮੁਕੰਮਲ ਸੀ।

ਤੇ ਫੇਰ ਜੁੰਮਾ ਗਧਿਆਂ 'ਤੇ ਇੱਟਾਂ ਢੋਂਹਦਾ ਵੀ ਸੋਚਦਾ ਹੈਰਾਨ ਹੁੰਦਾ ਰਹਿੰਦਾ, ਸਰਦਾਰੋ ਦੀ ਮਿੱਟੀ ਨਾਲ ਉਹ ਨੂੰ ਐਨੀ ਮੁਹੱਬਤ ਕਿਉਂ ਹੈ।

ਸਰਦਾਰੋ ਦੇ ਮਾਸ ਤੇ ਉਹ ਦੀ ਮਿੱਟੀ ਵਿੱਚ ਜਿਵੇਂ ਕੋਈ ਫ਼ਰਕ ਨਾ ਰਹਿ ਗਿਆ ਹੋਵੇ। ♦

# ਨਰਬਦਾ ਦੀਦੀ

ਕਮਾਲ ਟਾਕੀਜ਼ ਚੌਂਕ ਉਹ ਦਾ ਪੱਕਾ ਅੱਡਾ ਸੀ। ਉਹ ਪਿਛਲੇ ਪਹਿਰ ਏਥੇ ਆਉਂਦੀ ਤੇ ਚੌਂਕ ਵਿੱਚ ਏਧਰ-ਓਧਰ ਖੜ੍ਹੀ ਰਹਿੰਦੀ। ਕਦੇ ਕਿਸੇ ਮੋਚੀ ਤੋਂ ਆਪਣੇ ਸੈਂਡਲ ਪਾਲਿਸ਼ ਕਰਵਾ ਰਹੀ ਹੈ, ਕਦੇ ਸਾਈਕਲਾਂ ਵਾਲੇ ਦੀ ਦੁਕਾਨ ’ਤੇ ਖੜ੍ਹੀ ਨੌਕਰ ਮੁੰਡੇ ਨਾਲ ਇਸ ਤਰ੍ਹਾਂ ਗੱਲ ਕਰਦੀ ਹੈ, ਜਿਵੇਂ ਉਹ ਉਹਦੀ ਹੀ ਸਾਈਕਲ ਦੀ ਟਿਊਬ ਦਾ ਪੰਕਚਰ ਲਾ ਰਿਹਾ ਹੋਵੇ। ਹੋਰ ਨਹੀਂ ਤਾਂ ਕਿਸੇ ਚਾਹ ਦੀ ਦੁਕਾਨ ਅੱਗੇ ਖੜ੍ਹੀ ਕੱਚ ਦੇ ਗਲਾਸ ਵਿੱਚੋਂ ਚਾਹ ਪੀਂਦੀ ਹੈ ਨਿੱਕੇ ਨਿੱਕੇ ਸੜ੍ਹਾਕੇ ਮਾਰ-ਮਾਰ। ਕਮਾਲ ਟਾਕੀਜ਼ ਵਿੱਚ ਫ਼ਿਲਮ ਦਾ ਟਾਈਮ ਹੋਣ ਲੱਗਦਾ ਹੈ ਤਾਂ ਉਹ ਟਿਕਟ ਲੈ ਕੇ ਅੰਦਰ ਚਲੀ ਜਾਂਦੀ ਹੈ। ਲੇਡੀਜ਼ ਲਈ ਮਖ਼ਸੂਸ ਬਾਕਸਾਂ ਵਿੱਚ ਕਦੇ ਨਹੀਂ ਬੈਠਦੀ ਆਮ ਜਨਤਾ ਵਿੱਚ ਬੈਠਦੀ ਹੈ, ਚੰਗੇ ਬੰਦਿਆਂ ਵਿੱਚ। ਘੁਸੜ ਕੇ ਬੈਠੇਗੀ, ਜਿਵੇਂ ਉਹ ਨੂੰ ਮਸਾਂ ਕਿਤੇ ਜਾ ਕੇ ਸੀਟ ਮਿਲੀ ਹੋਵੇ। ਨਰਬਦਾ ਸਾਦਾ-ਮਿਜਾਜ਼ ਕੁੜੀ ਸੀ। ਹਲਕੇ ਰੰਗ ਦੀ ਕਮੀਜ਼-ਸਲਵਾਰ, ਕਦੇ-ਕਦੇ ਹਲਕੇ ਰੰਗ ਦੀ ਹੀ ਪਲੇਨ ਸਾੜ੍ਹੀ, ਪੈਰਾਂ ਵਿੱਚ ਸੈਂਡਲ ’ਤੇ ਕਦੇ ਚਮੜੇ ਦੀ ਚੱਪਲ। ਹੱਥ ਵਿੱਚ ਛੋਟਾ ਪਰਸ ਤੇ ਛੋਟਾ ਹੀ ਰੁਮਾਲ। ਚਿਹਰੇ ਦਾ ਮਾਮੂਲੀ ਮੇਕਅੱਪ ਕੀਤਾ ਹੋਇਆ, ਮੇਕ-ਅੱਪ ਜਿਵੇਂ ਕੀਤਾ ਹੀ ਨਾ ਹੋਵੇ। ਤਿੱਖੇ ਨੈਣ-ਨਕਸ਼, ਕੁਦਰਤੀ ਜਿਹਾ ਕਿਤਾਬੀ ਚਿਹਰਾ। ਮੋਟੀਆਂ-ਮੋਟੀਆਂ ਕਜਲਈ ਅੱਖਾਂ। ਦੰਦ ਬੀੜ ’ਤੇ ਬੁੱਲ੍ਹਾਂ ਦਾ ਪਰਦਾ ਹਟਿਆ ਨਹੀਂ ਕਿ ਚਿਹਰਾ ਗੁਲਾਬ ਵਾਂਗ ਖਿੜ ਉੱਠਦਾ। ਮੂੰਹ ਮੀਚਿਆ ਹੁੰਦਾ ਤਾਂ ਅੱਖਾਂ ਹੱਸਦੀਆਂ।

ਉਸ ਦਿਨ ਸਿਨੇਮਾ ਦਾ ਟਿਕਟ ਲੈ ਕੇ ਜਦੋਂ ਉਹ ਹਾਲੇ ਅੰਦਰ ਨਹੀਂ ਗਈ ਤੇ ਬਾਹਰ ਲੋਕਾਂ ਦੀ ਭੀੜ ਵਿੱਚ ਹੀ ਇੰਝ ਖੜ੍ਹੀ ਸੀ, ਜਿਵੇਂ ਕਿਸੇ ਦਾ ਇੰਤਜ਼ਾਰ ਕਰ ਰਹੀ ਹੋਵੇ। ਉਸ ਦੀ ਚੋਰ ਨਿਗਾਹ ਉਸ ਨੌਜਵਾਨ ’ਤੇ ਹੀ ਟਿਕੀ ਰਹੀ, ਜਿਹੜਾ ਆਪਣਾ ਟਿਕਟ ਲੈ ਕੇ ਉਸ ਵਾਂਗ ਹੀ ਖੜ੍ਹਾ ਤੇ ਨਜ਼ਰ ਆ ਰਿਹਾ ਸੀ। ਉਹ ਬਿੰਦੇ-ਬਿੰਦੇ ਆਪਣੇ ਪੈਂਟ ਦੀ ਹਿੱਪ ਪਾਕਿਟ ’ਤੇ ਹੱਥ ਧਰਦਾ, ਜਿਵੇਂ ਕੁਝ ਟੋਹ ਕੇ ਦੇਖਦਾ ਹੋਵੇ, ਜਿਵੇਂ ਕੋਈ ਜਾਂਚ-ਪੜਤਾਲ ਕਰ ਰਿਹਾ ਹੋਵੇ। ਨਰਬਦਾ ਉਹ ਦੇ ਵੱਲ ਖਿੱਚੀ ਗਈ ਤੇ ਖਿੱਚਦੀ ਹੀ ਤੁਰੀ ਗਈ। ਅਖ਼ੀਰ ਉਹ ਨੇ ਫ਼ੈਸਲਾ ਕਰ ਲਿਆ ਕਿ ਉਹ ਉਸ ਨੌਜਵਾਨ ਦੇ ਨਾਲ ਲੱਗਦੀ ਕੁਰਸੀ ’ਤੇ ਬੈਠੇਗੀ।

ਫ਼ਿਲਮ ਸ਼ੁਰੂ ਹੋਈ, ਨੌਜਵਾਨ ਫ਼ਿਲਮ ਨਹੀਂ ਦੇਖ ਰਿਹਾ ਸੀ। ਇੱਕ ਬਿੰਦ ਸਾਹਮਣੇ ਸਕਰੀਨ ’ਤੇ ਨਜ਼ਰਾਂ ਮਾਰਦਾ ਤੇ ਫੇਰ ਅਗਲੀ ਕੁਰਸੀ ਦੀ ਪਿੱਠ ’ਤੇ ਮੱਥਾ ਰੱਖ ਕੇ ਪਤਾ

ਨਹੀਂ ਕੀ ਸੋਚਣ ਲੱਗਦਾ। ਫ਼ਿਲਮ ਵੱਲ ਉਹ ਦਾ ਕੋਈ ਧਿਆਨ ਨਹੀਂ ਸੀ। ਜਿਵੇਂ ਸਿਨੇਮਾ ਵਿੱਚ ਢਾਈ-ਤਿੰਨ ਘੰਟੇ ਦਾ ਸਮਾਂ ਹੀ ਬੱਸ ਗੁਜ਼ਾਰਨ ਆਇਆ ਹੋਵੇ। ਜਿਵੇਂ ਸਿਨੇਮੇ ਵਿੱਚ ਤਿੰਨ ਘੰਟੇ ਲਈ ਸੌਣ ਆਇਆ ਹੋਵੇ। ਜਿਵੇਂ ਢਾਈ-ਤਿੰਨ ਘੰਟਿਆਂ ਲਈ ਬਾਹਰਲੇ ਸੰਸਾਰ ਤੋਂ ਭੱਜ ਕੇ ਸਿਨਮਾ ਅੰਦਰ ਆ ਵੜਿਆ ਹੋਵੇ। ਨਰਬਦਾ ਸੋਚਦੀ, ਜ਼ਰੂਰ ਇਸ਼ਕ ਦਾ ਮਰੀਜ਼ ਹੈ। ਉਹ ਦਾ ਵੀ ਕਿੱਥੇ ਫ਼ਿਲਮ ਵੱਲ ਧਿਆਨ ਸੀ। ਉਹ ਦਾ ਤਾਂ ਸਾਰੇ ਦਾ ਸਾਰਾ ਧਿਆਨ ਨੌਜਵਾਨ ਵੱਲ ਸੀ। ਜਿਵੇਂ ਉਹ ਨੌਜਵਾਨ ਲਈ ਹੀ ਸਿਨਮਾ ਅੰਦਰ ਆਈ ਹੋਵੇ।

ਫ਼ਿਲਮ ਦਾ ਅੱਧਾ ਵਕਤ ਖ਼ਤਮ ਹੋਇਆ ਤਾਂ ਲਾਈਟਾਂ ਜਲੀਆਂ। ਉਹ ਫੁਰਤੀ ਨਾਲ ਬਾਹਰ ਨਿਕਲੀ, ਉਹ ਨੇ ਆਪਣੀ ਚੁੰਨੀ ਦੇ ਲੜ ਵਿੱਚ ਵਲ੍ਹੇਟਿਆ ਨੌਜਵਾਨ ਦਾ ਪਰਸ ਬੇਮਲੂਮਾ ਜਿਹਾ ਫੜਿਆ ਹੋਇਆ ਸੀ। ਤੇਜ਼ ਕਦਮਾਂ ਨਾਲ ਕਮਾਲ ਟਾਕੀਜ਼ ਚੌਂਕ ਦੀ ਭੀੜ ਨੂੰ ਚੀਰਦੀ ਉਹ ਤੁਰਦੀ ਗਈ ਤੇ ਇੱਕ ਸੁੰਨੇ ਥਾਂ ਜਾ ਕੇ ਫਟਾਫਟ ਪਰਸ ਦੀ ਤਲਾਸ਼ੀ ਲਈ। ਉਸ ਵਿੱਚ ਇੱਕ ਦਸਾਂ ਦਾ ਨੋਟ ਤੇ ਇੱਕ ਕਾਗਜ਼ ਦਾ ਪੁਰਜ਼ਾ ਸੀ। ਪਰਸ ਪਰ੍ਹਾਂ ਸੁੱਟ ਕੇ ਦਸ ਦਾ ਨੋਟ ਆਪਣੇ ਬਰਾਅ ਵਿੱਚ ਰੱਖ ਲਿਆ ਤੇ ਕਾਗਜ਼ ਦਾ ਪੁਰਜ਼ਾ ਗਾਲ੍ਹ ਕੱਢ ਕੇ ਫਾੜਨ ਲੱਗੀ। ਨਜ਼ਰ ਲਿਖਾਈ, ਉੱਤੇ ਗਈ ਤਾਂ ਅੱਖਰ ਉਹ ਨੂੰ ਸੋਹਣੇ ਲੱਗੇ। ਜਿਵੇਂ ਛਾਪੇ ਦੀ ਲਿਖਾਈ ਹੋਵੇ। ਪੜ੍ਹਨ ਲੱਗੀ। ਇਹ ਇੱਕ ਚਿੱਠੀ ਸੀ, ਜਿਹੜੀ ਉਸ ਨੌਜਵਾਨ ਮੁੰਡੇ ਨੇ ਆਪਣੇ ਚਾਚਾ ਜੀ ਨੂੰ ਲਿਖੀ ਹੋਈ ਸੀ। ਮੁੰਡਾ ਬੀ.ਏ. ਦੇ ਆਖ਼ਰੀ ਸਾਲ ਵਿੱਚ ਪੜ੍ਹਦਾ ਤੇ ਉਸ ਕੋਲ ਇਸ ਵਾਰ ਇਮਤਿਹਾਨ ਦੀ ਫ਼ੀਸ ਭਰਨ ਲਈ ਕੋਈ ਪੈਸਾ ਨਹੀਂ ਸੀ। ਉਹ ਨੇ ਚਾਚੇ ਨੂੰ ਲਿਖਿਆ ਸੀ ਕਿ ਉਹ ਇੱਕ ਸੌ ਰੁਪਿਆ ਮਨੀਆਰਡਰ ਕਰਕੇ ਉਹ ਨੂੰ ਭੇਜ ਦੇਵੇ ਤੇ ਉਹ ਇਹ ਸੌ ਰੁਪਿਆ ਉਦੋਂ ਮੋੜਾ ਦੇਵੇਗਾ, ਜਦੋਂ ਉਹ ਦੀ ਨੌਕਰੀ ਲੱਗ ਗਈ। ਚਿੱਠੀ ਦੇ ਅਖ਼ੀਰ ਵਿੱਚ ਮੁੰਡੇ ਦਾ ਐਡਰੈੱਸ ਸੀ। ਨਰਬਦਾ ਨੇ ਚਿੱਠੀ ਵੀ ਦਸਾਂ ਦੇ ਨੋਟ ਵਾਲੀ ਥਾਂ ਰੱਖ ਲਈ।

ਨਰਬਦਾ ਜਦੋਂ ਦਸਵੀਂ ਵਿੱਚ ਪੜ੍ਹਦੀ ਸੀ, ਉਹ ਦੇ ਬਾਊ ਜੀ ਚੱਲ ਵਸੇ। ਉਹ ਰੇਲਵੇ ਵਿੱਚ ਮੁਲਾਜ਼ਮ ਸਨ। ਨਰਬਦਾ ਦਾ ਨਾ ਕੋਈ ਭਾਈ ਤੇ ਨਾ ਕੋਈ ਭੈਣ। ਇੱਕ ਮਾਂ ਸੀ। ਬੱਸ। ਰੇਲਵੇ ਵਾਲਿਆਂ ਨੇ ਕੁਆਰਟਰ ਵੀ ਛੁਡਵਾ ਲਿਆ। ਉਹ ਕਿਰਾਏ ਦਾ ਮਕਾਨ ਲੈ ਕੇ ਰਹਿਣ ਲੱਗੀਆਂ। ਨਰਬਦਾ ਦੀ ਮਾਂ ਚਾਹੁੰਦੀ ਕਿ ਉਹ ਦਾ ਵਿਆਹ ਹੋ ਜਾਵੇ। ਪਰ ਨਰਬਦਾ ਤਾਂ ਕਾਲਜ ਪੜ੍ਹ ਰਹੀ ਸੀ। ਨਰਬਦਾ ਦੇ ਬਾਊ ਜੀ ਕਹਿੰਦੇ ਹੁੰਦੇ ਕਿ ਉਹ ਆਪਣੀ ਬੇਟੀ ਨੂੰ ਗ੍ਰੈਜੂਏਟ ਬਣਾ ਕੇ ਹੀ ਉਹ ਦਾ ਵਿਆਹ ਕਰਨਗੇ। ਤੇ ਹੁਣ ਉਹ ਕਾਲਜ ਪੜ੍ਹਦੀ ਜਿਵੇਂ ਆਪਣੇ ਬਾਊ ਜੀ ਦੀ ਹੀ ਇੱਛਾ ਪੂਰੀ ਕਰ ਰਹੀ ਹੋਵੇ। ਉਹ ਦੇ ਦਿਲ ਅੰਦਰ ਕਿਧਰੇ ਇਹ ਆਸ ਵੀ ਬੈਠੀ ਸੀ ਕਿ ਉਹ ਜਦੋਂ ਬੀ.ਏ ਪਾਸ ਕਰ ਲਵੇਗੀ ਤਾਂ ਉਸ ਨੂੰ ਕੋਈ ਚੰਗੀ ਸਰਵਿਸ ਮਿਲ ਜਾਵੇਗੀ। ਉਹ ਬਾਊ ਜੀ ਦੀ ਜਗ੍ਹਾ ਵੀ ਲੱਗ ਸਕਦੀ ਸੀ। ਰੇਲਵੇ ਦੀ ਨੌਕਰੀ ਉਹ ਕਰਨਾ ਨਹੀਂ ਚਹੁੰਦੀ ਸੀ। ਬਾਊ ਜੀ ਕਲਰਕ ਸਨ। ਨਰਬਦਾ ਨਹੀਂ ਚਾਹੁੰਦੀ ਸੀ ਕਿ ਉਹ ਕਲਰਕ ਬਣੇ। ਉਹ ਦੀਆਂ ਆਸਾਂ ਤਾਂ ਉੱਚੀਆਂ ਸਨ। ਉਹ ਕਿਸੇ ਅਫ਼ਸਰ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਅਫ਼ਸਰ ਮੁੰਡਾ ਕਲਰਕ ਕੁੜੀ ਨਾਲ ਵਿਅਹ ਕਿਉਂ ਕਰਵਾਏਗਾ। ਨਰਬਦਾ ਦੀ ਮਾਂ ਨੇ

ਬਾਊ ਜੀ ਦਾ ਸਾਰਾ ਬਕਾਇਆ ਲਿਆ ਤੇ ਆਪਣੀ ਪੈਨਸ਼ਨ ਬੰਨ੍ਹਵਾ ਲਈ। ਨਰਬਦਾ ਨੂੰ ਆਪਣੇ ਭਵਿੱਖ ਲਈ ਅਜ਼ਾਦ ਛੱਡ ਦਿੱਤਾ। ਨਰਬਦਾ ਬੀ.ਏ. ਪੂਰੀ ਕਰ ਗਈ। ਪਰ ਨਾ ਤਾਂ ਉਹ ਨੂੰ ਕੋਈ ਅਫ਼ਸਰ ਮੁੰਡਾ ਮਿਲ ਸਕਿਆ ਤੇ ਨਾ ਹੀ ਕੋਈ ਚੱਜ ਦੀ ਨੌਕਰੀ। ਓਧਰ-ਉਹ ਦੀ ਮਾਂ ਕੋਲ ਬੈਂਕ ਵਿੱਚ ਰੱਖਿਆ ਪੈਸਾ ਦਾਣਾ-ਦਾਣਾ ਕਰਕੇ ਘਰ ਕਬੀਲ ਦਾਰੀ ਦੀਆਂ ਖੱਡਾ ਅੰਦਰ ਚਲਿਆ ਗਿਆ। ਬੱਸ ਪੈਨਸ਼ਨ ਹੀ ਪੈਨਸ਼ਨ ਰਹਿ ਗਈ। ਮਹਿੰਗਾਈ ਦੇ ਜ਼ਮਾਨੇ ਵਿੱਚ ਪੈਨਸ਼ਨ ਦੇ ਬੱਧੇ-ਰੁੱਧੇ ਰੁਪਈਆਂ ਨਾਲ ਗੁਜ਼ਾਰਾ ਮੁਸ਼ਕਲ ਸੀ।

ਨਰਬਦਾ ਸ਼ਾਮ ਨੂੰ ਹਲਕੇ-ਹਲਕੇ ਹਨੇਰੇ ਵਿੱਚ ਜਦੋਂ ਘਰ ਆਉਂਦੀ ਤਾਂ ਮੁਹੱਲੇ ਦੇ ਨਿੱਕੇ-ਨਿੱਕੇ ਬੱਚੇ ਮੁੰਡੇ-ਕੁੜੀਆਂ ਸਭ ਉਹ ਦੇ ਮਗਰ ਲੱਗ ਲੈਂਦੇ। ਜਿਵੇਂ ਨਰਬਦਾ ਇੱਕ ਤਮਾਸ਼ਾ ਹੋਵੇ। ਉਹ ਬੱਚਿਆਂ ਨੂੰ ਟਾਫ਼ੀਆਂ, ਚਾਕਲੇਟ, ਰਿਊੜੀਆਂ ਤੇ ਗੱਜਕਾਂ ਦੇ ਪੈਕਟ ਵੰਡਦੀ ਤੁਰੀ ਜਾਂਦੀ। ਨਰਬਦਾ ਦੀਦੀ...ਨਰਬਦਾ ਦੀਦੀ....ਸਾਰੇ ਬੱਚੇ ਬੋਲਦੇ। ਉਹ ਦੇ ਨਾਲ-ਨਾਲ ਤੁਰੇ ਜਾਂਦੇ। ਜਿਸ ਨੂੰ ਮਿਲ ਜਾਂਦਾ, ਥਾਂ ਦੀ ਥਾਂ ਖੜ੍ਹ ਕੇ ਖਾਣ ਲੱਗਦਾ। ਬਾਕੀ ਉਹ ਦੇ ਨਾਲ-ਨਾਲ ਤੁਰਦੇ ਤੇ ਕੋਈ ਚੰਗੀ ਚੀਜ਼ ਮਿਲਣ ਦੀ ਆਸ ਰੱਖਦੇ। ਨਰਬਦਾ ਦੀਦੀ.....ਨਰਬਦਾ ਦੀਦੀ.....। ਨਰਬਦਾ ਦੀਦੀ ਜਿਵੇਂ ਮਹਾਰਾਣੀ ਹੋਵੇ।....ਸੁਗਾਤਾਂ ਵੰਡਦੀ ਜਾ ਰਹੀ। ਜਿਵੇਂ ਉਹ ਦਾ ਆਪਣਾ ਦੁੱਖ ਕੋਈਂ ਨਾ ਹੋਵੇ।

ਮੁਹੱਲੇ ਦੇ ਨੌਜਵਾਨ ਮੁੰਡੇ-ਕੁੜੀਆਂ ਵਿੱਚ ਵੀ ਉਹ ਹਰਮਨ ਪਿਆਰੀ ਸੀ। ਥੁੜੇ-ਟੁੱਟੇ ਘਰਾਂ ਦੇ ਮੁੰਡਿਆਂ ਦੀਆਂ ਤੇ ਬੇਸਹਾਰਾ ਕੁੜੀਆਂ ਕੀਆਂ ਫ਼ੀਸਾਂ ਭਰਦੀ। ਕਿਸੇ ਮੁੰਡੇ-ਕੁੜੀ ਨੂੰ ਕਿਸੇ ਹੋਰ ਮਾਮਲੇ ਵਿੱਚ ਉਹ ਦੀ ਲੋੜ ਹੁੰਦੀ, ਪੈਸਿਆਂ ਦੀ ਮਦਦ ਜਾਂ ਕੋਈ ਇਖ਼ਲਾਕੀ ਮਦਦ ਤਾਂ ਨਰਬਦਾ ਨੂੰ ਯਾਦ ਕੀਤਾ ਜਾਂਦਾ। ਉਹ ਕਿਸੇ ਪੁਲਿਸ ਅਫ਼ਸਰ ਵਾਂਗ ਜਾਂ ਹੰਢੇ ਵਰਤੇ ਬਦਮਾਸ਼ ਵਾਂਗ ਹਿੱਕ ਕੱਢ ਕੇ ਅਗਲੇ ਦੇ ਅੱਗੇ ਲੱਗ ਤੁਰਦੀ ਤੇ ਹਰ ਮੁਕਾਮ 'ਤੇ ਪੂਰੀਆਂ ਪਾ ਕੇ ਆਉਂਦੀ। ਮੁਹੱਲਾ ਸਾਰਾ ਜਾਣਦਾ ਸੀ, ਬੱਚੇ ਤੋਂ ਲੈ ਕੇ ਬੁੱਢੇ ਤੱਕ ਕਿ ਨਰਬਦਾ ਜੇਬਕਤਰੀ ਹੈ। ਉਹ ਪੁਲਿਸ ਵਾਲਿਆਂ ਨੂੰ 'ਮਹੀਨਾ' ਦਿੰਦੀ ਹੈ। ਹੌਲਦਾਰ-ਸਿਪਾਹੀ ਉਸ ਨੂੰ ਗੁੱਝੀ ਸਲਾਮ ਕਰਦੇ। 'ਮਹੀਨਾ' ਲੈਣ ਵਾਲਾ ਇਲਾਕੇ ਦਾ ਪੁਲਿਸ ਅਧਿਕਾਰੀ ਉਹ ਨੂੰ ਉਡੀਕਦਾ ਰਹਿੰਦਾ।

ਨਰਬਦਾ ਕਦੇ ਸੋਚਦੀ ਤਾਂ ਸੁੰਨ ਹੋ ਕੇ ਰਹਿ ਜਾਂਦੀ ਉਹ ਕਿਹੜੇ ਰਾਹ ਤੁਰ ਪਈ ਹੈ। ਉਹ ਨੇ ਚੰਗੀ ਨੌਕਰੀ 'ਤੇ ਲੱਗਣਾ ਸੀ। ਉਹ ਨੇ ਤਾਂ ਕਿਸੇ ਅਫ਼ਸਰ ਮੁੰਡੇ ਨਾਲ ਵਿਆਹ ਕਰਵਾਉਣਾ ਸੀ। ਪਰ ਉਹ ਖਿਆਲ ਕਿਸੇ ਝਟਕੇ ਵਾਂਗ ਹੀ ਉਹ ਦੇ ਦਿਮਾਗ਼ ਵਿੱਚ ਆਉਂਦਾ ਤੇ ਤੁਰ ਜਾਂਦਾ। ਹੁਣ ਤਾਂ ਇਹੀ ਉਸ ਦੀ ਜ਼ਿੰਦਗੀ ਸੀ। ਇਹੀ ਜ਼ਿੰਦਗੀ ਵਿੱਚ ਉਹਨੂੰ ਲੁਤਫ ਆਉਂਦਾ। ਜਿਵੇਂ ਉਹ ਜ਼ਮਾਨੇ ਦਾ ਮੂੰਹ ਚਿੜਾਅ ਰਹੀ ਹੋਵੇ। ਜਿਵੇਂ ਉਹ ਵਕਤ ਨੂੰ ਠੋਸਾ ਦਿਖਾ ਰਹੀ ਹੋਵੇ। ਉਹ ਦਾ ਆਪਣਾ ਕਸੂਰ ਕੋਈ ਨਹੀਂ ਸੀ। ਇਹ ਤਾਂ ਜ਼ਮਾਨੇ ਨੇ ਉਹ ਨੂੰ ਇਸ ਤਰ੍ਹਾਂ ਬਣਾ ਦਿੱਤਾ ਸੀ। ਜ਼ਮਾਨੇ ਨੇ ਹੀ ਉਹ ਨੂੰ ਇਸ ਰਾਹ 'ਤੇ ਤੋਰਿਆ ਸੀ।

ਨਰਬਦਾ ਦੇ ਦੋ ਅਸਤਿੱਤਵ ਸਨ। ਇੱਕ ਅਸਤਿੱਤਵ ਨੀਮ-ਬੇਹੋਸ਼ੀ ਦਾ ਤੇ ਇੱਕ ਅਸਤਿੱਤਵ ਜਾਗਰੂਕਤਾ ਦਾ। ਜੇਬ ਕੱਟਣ ਵੇਲੇ ਉਹ ਦੇ ਹੱਥਾਂ ਦੀਆਂ ਪਹਿਲੀਆਂ ਦੋ

ਉਂਗਲਾਂ ਇੰਝ ਕੰਮ ਕਰਦੀਆਂ, ਜਿਵੇਂ ਉਹ ਬੇਹੋਸ਼ੀ ਦੀ ਹਾਲਤ ਵਿੱਚ ਹੋਵੇ, ਉਹ ਨੂੰ ਤਾਂ ਪਤਾ ਹੀ ਨਹੀਂ ਲੱਗਦਾ ਸੀ ਕਿ ਉਹ ਇਹ ਕੀ ਕਰ ਰਹੀ ਹੈ। ਖ਼ੁਦ-ਬਖ਼ੁਦ ਹੀ ਸਭ ਹੁੰਦਾ ਤੁਰਿਆ ਜਾਂਦਾ। ਮੁਹੱਲੇ ਦੇ ਨੌਜਵਾਨ ਮੁੰਡੇ-ਕੁੜੀਆਂ ਦੀ ਆਰਥਿਕ ਸਹਾਇਤਾ ਕਰਨ ਵੇਲੇ ਜਾਂ ਬੱਚਿਆਂ ਨੂੰ ਟਾਫ਼ੀਆਂ ਆਦਿ ਵੰਡਣ ਵੇਲੇ ਉਹ ਪੂਰੀ ਜਾਗਰੂਕ ਹੁੰਦੀ। ਉਹ ਨੂੰ ਲੱਗਦਾ, ਇਹ ਉਹ ਚੰਗਾ ਕੰਮ ਕਰ ਰਹੀ ਹੈ। ਮਾਂ ਦੀ ਓਹ ਕੋਈ ਗੱਲ ਨਾ ਸੁਣਦੀ। ਮਾਂ ਆਖਦੀ, 'ਬਦੂ, ਕੀ ਤੂੰ ਇਸ ਤਰ੍ਹਾਂ ਹੀ ਸਾਰੀ ਜ਼ਿੰਦਗੀ ਗੁਜ਼ਾਰ ਦੇਵੇਂਗੀ? ਵਿਆਹ ਬਾਬਤ ਕਦੇ ਸੋਚਿਆ ਕੁਝ?'

ਨਰਬਦਾ ਕੋਈ ਜਵਾਬ ਨਾ ਦਿੰਦੀ। ਕੋਈ ਜਵਾਬ ਦੇ ਵੀ ਨਾ ਸਕਦੀ। ਬੱਸ, ਸਭ ਕੁਝ ਇਸ ਤਰ੍ਹਾਂ ਹੀ ਹੁੰਦਾ ਜਾ ਰਿਹਾ ਸੀ, ਇਸ ਤਰ੍ਹਾਂ ਹੀ ਬੀਤਦਾ ਜਾ ਰਿਹਾ ਸੀ। ਨਰਬਦਾ ਦੀ ਜਾਗਰੂਕਤਾ ਵੀ ਜਿਵੇਂ ਬੇਹੋਸ਼ੀ ਹੋਵੇ। ਮਾਂ ਨੂੰ ਵੀ ਉਹ ਵਧੀਆ ਤੋਂ ਵਧੀਆ ਕੱਪੜੇ ਲੈ ਕੇ ਦਿੰਦੀ। ਘਰ ਵਿੱਚ ਵਧੀਆ ਖਾਣਾ ਪੱਕਦਾ ਸੀ। ਸਾਰ ਸਮਾਨ ਸੀ, ਘਰ ਵਿੱਚ, ਜਿਸ ਤਰ੍ਹਾਂ ਦਾ ਨਰਬਦਾ ਦੇ ਬਾਊ ਜੀ ਆਪਣੀ ਸਾਰੀ ਜ਼ਿੰਦਗੀ ਵਿੱਚ ਨਹੀਂ ਬਣਾ ਸਕੇ ਸਨ।

ਉਸ ਦਿਨ ਸਿਨਮਾ ਵਿੱਚ ਜਿਸ ਨੌਜਵਾਨ ਦੀ ਉਹ ਨੇ ਜੇਬ੍ਹ ਕੱਟੀ ਸੀ, ਅਗਲੇ ਦਿਨ ਹੀ ਨਰਬਦਾ ਨੇ ਉਹ ਨੂੰ ਦੋ ਸੌ ਰੁਪਏ ਦਾ ਮਨੀਆਰਡਰ ਕਰ ਦਿੱਤਾ ਤੇ ਸੁਰਖ਼ਰੂ ਹੋ ਗਈ।

ਮਨੀਆਰਡਰ ਲੈਣ ਬਾਅਦ ਨੌਜਵਾਨ ਮੁੰਡੇ ਹਿਤੇਸ਼ ਦੀ ਉਹ ਨੂੰ ਇੱਕ ਚਿੱਠੀ ਮਿਲੀ, ਮਨੀਆਰਡਰ ਦੀ ਵਾਪਸੀ ਰਸੀਦ ਦੇ ਨਾਲ ਹੀ ਹਿਤੇਸ਼ ਨੇ ਨਰਬਦਾ ਬਾਰੇ ਕਾਫ਼ੀ ਕੁਝ ਪੁੱਛਿਆ ਹੋਇਆ ਸੀ।

ਨਰਬਦਾ ਨੂੰ ਇੱਕ ਵਾਰ ਤਾਂ ਪੂਰੀ ਖਿਝ ਚੜ੍ਹੀ-'ਬਈ ਤੂੰ ਦੋ ਸੌ ਰੁਪਿਆ ਲੈ ਲਿਆ, ਲੈ ਕੇ ਚੁੱਪ ਹੋ ਜਾ ਤੇ ਆਪਣਾ ਕੰਮ ਸਾਰ। ਕੀ ਲੈਣਾ ਹੈ ਤੂੰ ਮੈਥੋਂ, ਮੈਂ ਕੌਣ ਹਾਂ, ਕੀ ਕੰਮ ਕਰਦੀ ਹਾਂ, ਐਨੀ ਚੰਗੀ ਕਿਉਂ ਹਾਂ?'

ਪਰ ਇਹ ਕੀ, ਨੀਮ-ਬੇਹੋਸ਼ੀ ਦੀ ਹਾਲਤ ਵਿੱਚ ਹੀ ਉਹ ਤਾਂ ਚਿੱਠੀ ਲਿਖਣ ਬੈਠ ਗਈ। ਪਤਾ ਨਹੀਂ, ਕਿੰਨੇ ਵਰ੍ਹਿਆਂ ਬਾਅਦ ਉਹ ਚਿੱਠੀ ਲਿਖਣ ਦਾ ਨਿਕੰਮਾ ਜਿਹਾ ਕਾਰਜ ਨਿਭਾਅ ਰਹੀ ਸੀ। ਲਿਖਦੀ ਗਈ, ਲਿਖਦੀ ਗਈ, ਉਹ ਦੀ ਚਿੱਠੀ ਤਾਂ ਹਿਤੇਸ਼ ਦੀ ਚਿੱਠੀ ਨਾਲੋਂ ਵੀ ਲੰਮੀ ਹੁੰਦੀ ਜਾ ਰਹੀ ਸੀ। ਉਹ ਨੇ ਆਪਣੇ ਬਾਰੇ ਸਭ ਦੱਸ ਦਿੱਤਾ। ਇੱਥੋਂ ਤੱਕ ਕਿ ਜੇਬ੍ਹ ਕੱਟਣ ਦਾ ਧੰਦਾ ਵੀ ਦੱਸ ਦਿੱਤਾ। ਉਹ ਚਿੱਠੀ ਵਿੱਚ ਅਪਣੱਤ ਸੀ, ਪਿਆਰ ਸੀ, ਜਿਵੇਂ ਆਪਣੇ ਕਿਸੇ ਨੂੰ ਕੋਈ ਆਪਣਾ ਸਭ ਕੁਝ ਦੱਸ ਦਿੰਦਾ ਹੋਵੇ।

ਹਿਤੇਸ਼ ਦੀ ਇੱਕ-ਚਿੱਠੀ ਹਰ ਆਈ, ਪਹਿਲੀ ਨਾਲੋਂ ਵੱਧ ਲੰਮੀ। ਤੇ ਫੇਰ ਚਿੱਠੀਆ ਦਾ ਇੱਕ ਲੰਮਾ ਸਿਲਸਿਲਾ। ਦਸ ਦਿਨਾਂ ਦੇ ਅੰਦਰ-ਅੰਦਰ ਦੋਵਾਂ ਦੀਆਂ ਚਿੱਠੀਆਂ ਦਾ ਵਟਾਂਦਰਾ ਹੋ ਜਾਂਦਾ। ਇਹ ਸਿਲਸਿਲਾ ਦੋ ਮਹੀਨੇ ਚੱਲਦਾ ਰਿਹਾ। ਦੋਵਾਂ ਨੇ ਇੱਕ-ਦੂਜੇ ਬਾਰੇ ਸਭ ਕੁਝ ਜਾਣ ਲਿਆ। ਮਹੀਨੇ-ਮਹੀਨੇ ਪਿੱਛੋਂ ਦੋ-ਦੋ ਸੌ ਦੇ ਦੋ ਮਨੀਆਰਡਰ ਨਰਬਦਾ ਨੇ ਉਹ ਨੂੰ ਹੋਰ ਭੇਜੇ ਸਨ।

ਹਿਤੇਸ਼ ਬੀ.ਏ. ਦਾ ਇਮਤਿਹਾਨ ਦੇ ਕੇ ਇੱਟਾਂ ਦੇ ਭੱਠੇ 'ਤੇ ਮੁਣਸ਼ੀ ਦੀ ਨੌਕਰੀ ਕਰਨ ਲੱਗਿਆ। ਉਹਦਾ ਸ਼ਹਿਰ ਵੱਡਾ ਸ਼ਹਿਰ ਨਹੀਂ ਸੀ। ਤੇ ਫਿਰ ਇੱਕ ਦਿਨ ਨਰਬਦਾ

ਦੇ ਕਹਿਣ ’ਤੇ ਉਹ ਉਹਦੇ ਸ਼ਹਿਰ ਗਿਆ। ਚਾਰ ਘੰਟਿਆਂ ਦਾ ਰੇਲ ਸਫ਼ਰ ਸੀ। ਉਹ ਨਿਸ਼ਚਤ ਥਾਂ ’ਤੇ ਮਿਲੇ। ਗੱਲਾਂ ਹੋਈਆਂ। ਉਹ ਚਿੱਠੀਆਂ ਦੇ ਸੰਸਾਰ ਨਾਲੋਂ ਵੱਧ ਨਵਾਂ-ਨਵਾਂ ਮਹਿਸੂਸ ਕਰ ਰਹੇ ਸਨ। ਸੋਨਾ ਬਾਗ ਦੀਆਂ ਖ਼ੁਸ਼ਬੂਆਂ ਲੱਦੀ ਹਵਾ ਕੋਈ ਨਸ਼ੇ ਜਿਹੇ ਦਾ ਸੰਚਾਰ ਕਰਦੀ ਜਾ ਰਹੀ ਸੀ, ਉਨ੍ਹਾਂ ਦੇ ਅਲਸਾਏ-ਅਲਸਾਏ ਪਿੰਡਿਆਂ ਵਿੱਚ।

‘ਤੂੰ ਉਸ ਦਿਨ ਏਥੇ ਸਾਡੇ ਸ਼ਹਿਰ ਕੀ ਕਰਨ ਆਇਆ ਸੀ?’ ਕੁੜੀ ਨੇ ਪੁੱਛਿਆ।

‘ਕਿਸ ਦਿਨ?’ ਮੁੰਡੇ ਨੂੰ ਸ਼ਾਇਦ ਯਾਦ ਨਹੀਂ ਰਹਿ ਗਿਆ ਸੀ। ਜਾਂ ਉਂਝ ਹੀ ਉਹ ਦੇ ਮੂੰਹੋਂ ਨਿਕਲਿਆ।

‘ਜਿਸ ਦਿਨ ਤੇਰਾ ਪਰਸ..’ ਨਰਬਦਾ ਦੇ ਚਿਹਰੇ ’ਤੇ ਨਿਰਛਲ ਹਾਸੀ ਸੀ।

ਉਹ ਵੀ ਮੁਸਕਰਾਉਣ ਲੱਗਿਆ, ਕਹਿੰਦਾ, ‘ਏਥੇ ਮੇਰਾ ਚਾਚਾ ਰਹਿੰਦਾ ਹੈ। ਉਸ ਦਿਨ ਉਹ ਘਰ ਨਹੀਂ ਸੀ। ਨਾ ਚਾਚੀ ਤੇ ਨਾ ਕੋਈ ਹੋਰ। ਉਹ ਚਿੱਠੀ ਮੈਂ ਇਸ ਲਈ ਲਿਖੀ ਸੀ ਕਿ ਪੋਸਟ ਕਰ ਦਿਆਂਗਾ, ਪਰ ਉਹ ਤੇਰੇ ਹੱਥ ਲੱਗ ਗਈ।’

‘ਉਹ ਚਿੱਠੀ ਤਾਂ ਤੂੰ ਮੇਰੇ ਲਈ ਹੀ ਲਿਖੀ ਸੀ। ਲਿਖੀ ਸੀ ਨਾ?’ ਨਰਬਦਾ ਸ਼ਰਮਾ ਰਹੀ ਸੀ।

‘ਹਾਂ ਫੇਰ ਤਾਂ ਉਹ ਤੇਰੀ ਹੋ ਗਈ।’

‘ਤੂੰ ਵੀ ਮੇਰਾ ਹੋ ਗਿਆ। ਨਹੀਂ?’

‘ਇਹ ਤਾਂ ਹੈ।’ ਮੁੰਡੇ ਨੇ ਸਾਰਾ ਵਜੂਦ ਇਕੱਠਾ ਕਰਕੇ ਜਵਾਬ ਦਿੱਤਾ।

ਉਹ ਦਿਨ ਸੋ ਉਹ ਦਿਨ, ਮੁੜ ਕੇ ਮੁਹੱਲੇ ਵਾਲਿਆਂ ਨੇ ਨਰਬਦਾ ਨੂੰ ਨਹੀਂ ਦੇਖਿਆ। ਉਹ ਦੀ ਮਾਂ ਉਹ ਨੂੰ ਉਡੀਕਦੀ ਰਹਿੰਦੀ। ਸੋਚਦਿਆਂ-ਸੋਚਦਿਆਂ ਉਹ ਦੇ ਮੱਥੇ ਦੀ ਠੀਕਰੀ ਕਿਚਰ-ਕਿਚਰ ਕਰਨ ਲੱਗਦੀ, ‘ਇਹ ਕੀ ਕੀਤਾ, ਨਰਬਦਾ ਨੇ? ਉਹ ਨੇ ਤਾਂ ਕਦੇ ਇੱਕ ਰਾਤ ਵੀ ਘਰੋਂ ਬਾਹਰ ਨਹੀਂ ਕਿਧਰੇ ਕੱਟੀ ਸੀ। ਉਹ ਕਿਧਰੇ ਤੁਰ-ਫਿਰ ਆਉਂਦੀ, ਕੁਝ ਵੀ ਕਰ ਆਉਂਦੀ, ਆਖ਼ਰ ਰਾਤ ਨੂੰ ਘਰ ਆ ਕੇ ਸੌਂਦੀ।’

ਮੁਹੱਲੇ ਦੇ ਨੌਜਵਾਨ ਮੁੰਡੇ ਤੇ ਕੁੜੀਆਂ ਹੈਰਾਨ ਤੇ ਪ੍ਰੇਸ਼ਾਨ ਸਨ, ‘ਨਰਬਦਾ ਦੀਦੀ ਕਿੱਧਰ ਚਲੀ ਗਈ?’ ਮੁਹੱਲੇ ਦੇ ਨਿੱਕੇ ਬੱਚਿਆਂ ਦੀ ਜਿਵੇਂ ਮਾਂ ਮਰ ਗਈ ਹੋਵੇ। ਜਿਵੇਂ ਕਿਸੇ ਨੇ ਉਨ੍ਹਾਂ ਦੇ ਮੂੰਹਾਂ ਦਾ ਦੁੱਧ ਖੋਹ ਲਿਆ ਹੋਵੇ। ਬੱਚਿਆਂ ਦੀਆਂ ਭੁੱਖਾਂ ਮਰ ਗਈਆਂ। ਉਹ ਟਾਫ਼ੀਆਂ ਨਹੀਂ ਉਡੀਕਦੇ ਸਨ, ਨਰਬਦਾ ਨੂੰ ਉਡੀਕਦੇ ਤੇ ਔਖੇ ਸਾਹ ਭਰਦੇ। ♦

# ਅਧੂਰੀ ਬਹਿਸ ਦਾ ਜ਼ਹਿਰ

'ਅੱਜ ਮੈਂ ਤੁਹਾਨੂੰ ਉਸ ਆਦਮੀ ਦੀ ਕਹਾਣੀ ਸੁਣਾਉਣ ਲੱਗਿਆ ਹਾਂ, ਜੋ ਆਦਮੀ ਘੱਟ ਹੈ ਤੇ ਵਹਿਸ਼ੀ ਜ਼ਿਆਦਾ, ਮਤਲਬ ਕਿ ਬਹੁਤ ਵਹਿਸ਼ੀ। ਉਹ ਦੇ ਬੱਚੇ ਹਨ। ਉਹ ਦੀ ਪਤਨੀ ਮਰ ਚੁੱਕੀ ਹੈ। ਉਹ....'

'ਬੰਦ ਕਰ, ਯਾਰ, ਏਸ ਕਹਾਣੀ ਨੂੰ । ਕਿੰਨਾ ਕੁ ਚਿਰ ਤੂੰ ਇਸੇ ਬੰਦੇ ਦੀਆਂ ਕਹਾਣੀਆਂ ਸੁਣਾਉਂਦਾ ਰਹੇਂਗਾ?' ਤੁਹਾਡੇ ਵਿੱਚੋਂ ਹੀ ਕੋਈ ਬੋਲਦਾ ਹੈ।

'ਨਹੀਂ ਬਈ, ਇਹ ਉਸ ਦੀ ਹੋਰ ਕਹਾਣੀ ਹੈ। ਉਹ ਦੀ ਇੱਕ ਕਹਾਣੀ ਮੁੱਕਦੀ ਹੈ ਤਾਂ ਹੋਰ ਇੱਕ ਖੜ੍ਹੀ ਹੋ ਜਾਂਦੀ ਹੈ। ਇਹ ਉਹ ਦੀ ਨਵੀਂ ਕਹਾਣੀ ਹੈ।'

' ਚੰਗਾ ਸੁਣਾ, ਪਰ ਸਾਨੂੰ ਜਗਾਈਂ ਨਾ।'

'ਆਪਣੇ ਨਾ-ਮੁਕੰਮਲ ਜਿਹੇ ਮਕਾਨ ਵਿੱਚ ਉਹ ਉਦਾਸ ਬੈਠਾ ਹੈ। ਕਮਾਲ ਹੈ, ਮਕਾਨ ਤਾਂ ਅਜੇ ਪੂਰਾ ਵੀ ਨਹੀਂ ਹੋਇਆ, ਗੋਲੇ ਕਬੂਤਰ ਪਹਿਲਾਂ ਆ ਬੈਠੇ। ਚਿੜੀਆਂ ਨੇ ਆਲ੍ਹਣੇ ਪਾ ਲਏ ਹਨ। ਆਲ੍ਹਣੇ ਮੁਬਾਰਕ।'

'ਜਿਨ੍ਹਾਂ ਦਿਨਾਂ ਵਿੱਚ ਉਹ ਦੀ ਪਤਨੀ ਮੰਜੇ 'ਤੇ ਪਈ ਆਪਣੇ ਆਖ਼ਰੀ ਸਾਹ ਗਿਣ ਰਹੀ ਸੀ, ਉਹ ਦਾ ਸੰਪਰਕ ਨਿਸ਼ਾ ਨਾਲ ਹੋ ਗਿਆ। ਨਿਸ਼ਾ ਉਹ ਦੀਆਂ ਦੁੱਖ ਭਰੀਆਂ ਗੱਲਾਂ ਸੁਣਦੀ ਤਾਂ ਹਉਂਕਾ ਲੈਂਦੀ ਤੇ ਉਹ ਨੂੰ ਕਹਿਣ ਲੱਗੀ, 'ਤੂੰ ਉਦਾਸ ਨਾ ਰਿਹਾ ਕਰ।'

'ਕੋਲ-ਕੋਲ ਬੈਠ ਕੇ ਉਹ ਢੇਰ ਸਾਰੀਆਂ ਗੱਲਾਂ ਕਰਦੇ। ਨਿੱਕੀਆਂ-ਨਿੱਕੀਆਂ ਗੱਲਾਂ ਜਿਨ੍ਹਾਂ ਵਿੱਚੋਂ ਖ਼ੁਸ਼ੀ ਤੇ ਹਾਸੇ-ਮਖ਼ੌਲ ਦੀਆਂ ਚਿੱਪਰਾਂ ਵੀ ਝੜਦੀਆਂ। ਉਨ੍ਹਾਂ ਦੀਆਂ ਅੱਖਾਂ ਵਿੱਚ ਇੱਕ-ਦੂਜੇ ਦੀ ਪਹਿਚਾਣ ਉਨ੍ਹਾਂ ਨੇ ਇਸ ਰਿਸ਼ਤੇ ਦਾ ਕੋਈ ਨਾਉਂ ਨਹੀਂ ਧਰਿਆ ਸੀ। ਤੇ ਫਿਰ ਇੱਕ ਦਿਨ ਉਸ ਨਿਸ਼ਾ ਦੇ ਨਾਉਂ ਇੱਕ ਲੰਮੀ ਸਾਰੀ ਚਿੱਠੀ ਲਿਖੀ। ਆਪਣੇ ਦਿਲ ਦਾ ਸਾਰਾ ਗੁਬਾਰ ਕੱਢਿਆ। ਨਿਸ਼ਾ ਤਾਂ ਅੱਗ ਭਬੂਕਾ ਹੋ ਉੱਠੀ, 'ਹੋਰ ਕੋਈ ਹੁੰਦਾ ਤਾਂ ਜੁੱਤੀਆਂ ਖਾ ਲੈਂਦਾ, ਦਿਨੇਸ਼। ਇਹ ਵੀ ਕੀ, ਕਿ ਤੂੰ ਮੇਰੇ ਹੋਠਾਂ ਤੱਕ ਜਾ ਪਹੁੰਚਿਆ। ਫੇਰ ਕਦੇ ਅਜਿਹੀ ਗੱਲ ਸੋਚੀ ਤਾਂ...'

ਦਿਨੇਸ਼ ਢਿੱਲਾ ਹੋ ਕੇ ਰਹਿ ਗਿਆ। ਸੱਚੀਂ ਹੀ ਉਹ ਦੇ ਜੁੱਤੀਆਂ ਪੈ ਗਈਆਂ ਸਨ। ਪਰ ਅਗਲੇ ਦਿਨ ਨਿਸ਼ਾ ਉਹ ਨੂੰ ਪੁੱਛਣ ਲੱਗੀ, 'ਗੁੱਸੇ ਹੋ ਗਿਐਂ, ਮੇਰੇ ਨਾਲ?'

'ਤਾਂ ਫੇਰ ਮੂੰਹ ਕਿਵੇਂ ਬਣਾਇਐ?'

'ਨਹੀਂ, ਮੈਂ ਗੁੱਸੇ ਕਾਹਨੂੰ ਆਂ?'

'ਆਪਾਂ ਤਾਂ ਦੋਸਤ ਬਣ ਕੇ ਰਹਿਣੈ।'

'ਦਿਨੇਸ਼ ਅਜੀਬ ਸਥਿਤੀ ਵਿੱਚ ਫਸ ਕੇ ਰਹਿ ਗਿਆ। ਉਹ ਮਹਿਸੂਸ ਕਰਦਾ, ਨਾ ਤਾਂ ਉਹ ਦੀ ਹੱਤਕ ਹੋਈ ਤੇ ਨਾ ਹੀ ਉਹ ਦੀ ਮਰਜ਼ੀ ਮੁਤਾਬਕ ਉਹ ਨੂੰ ਕੋਈ ਰਿਸਪਾਂਸ ਮਿਲਿਆ। ਪਰ ਉਹ ਸੋਚਦਾ, ਨਿਸ਼ਾ ਨੇ ਬਹੁਤ ਸੁਥਰੇ ਢੰਗ ਨਾਲ ਉਹ ਨੂੰ ਝਾੜ ਕੇ ਰੱਖ ਦਿੱਤਾ ਹੈ।'

ਪਹਿਲਾਂ ਵਾਂਗ ਹੀ ਉਹ ਮਿਲਣ ਲੱਗੇ। ਪਹਿਲਾਂ ਵਾਂਗ ਉਨ੍ਹਾਂ ਦੀਆਂ ਗੱਲਾਂ ਦੇ ਦੌਰ ਚੱਲਦੇ। ਦਿਨੇਸ਼ ਇੱਕ ਦਿਨ ਉਹ ਨੂੰ ਇੱਕ ਘਸਿਆ-ਪਿਟਿਆ ਫਿਕਰਾ ਬੋਲ ਬੈਠਾ, 'ਨਿਸ਼ਾ, ਮੈਂ ਤੈਨੂੰ ਬਹੁਤ ਪਿਆਰ ਕਰਦਾਂ।'

ਉਹ ਹੱਸਣ ਲੱਗੀ। ਤੇ ਫਿਰ ਗੰਭੀਰ ਹੋ ਕੇ ਪੁੱਛਿਆ, 'ਕਿੰਨਾ ਕੁ?'

'ਉਨਾ, ਜਿੰਨਾ ਮੈਂ ਅੱਜ ਤੱਕ ਕਿਸੇ ਨੂੰ ਨ੍ਹੀਂ ਕੀਤਾ।'

'ਤੂੰ ਪਹਿਲਾਂ ਵੀ ਕਿਸੇ ਨੂੰ ਪਿਆਰ ਕੀਤੈ?'

'ਹਾਂ।'

'ਕਿੰਨੀਆਂ ਕੁੜੀਆਂ ਨੂੰ?'

'ਕਈਆਂ ਨੂੰ।'

'ਕਈਆਂ ਨੂੰ।'

'ਤਾਂ ਫੇਰ ਅਜੇ ਤੱਕ ਤੇਰਾ ਦਿਲ ਨ੍ਹੀਂ ਭਰਿਆ?'

'ਨਹੀਂ, ਦਿਲ ਦੀ ਗੱਲ ਨ੍ਹੀਂ ਇਹ।'

'ਹੋਰ?'

'ਤੈਨੂੰ ਪਤਾ ਈ ਐ, ਮੇਰੀ ਬੀਵੀ ਬਿਮਾਰ ਐ।'

'ਹਾਂ..'

'ਉਹ ਬਚਦੀ ਨ੍ਹੀਂ।'

'ਹੂੰ।'

'ਉਸ ਤੋਂ ਬਾਅਦ ਮੇਰਾ ਸੰਸਾਰ ਖਾਲੀ ਹੋ ਜੂਗਾ।'

'ਫੇਰ?'

'ਮੈਨੂੰ ਕਿਸੇ ਸਾਥ ਦੀ ਲੋੜ ਐ। ਕੋਈ ਔਰਤ ਮੇਰਾ ਸਹਾਰਾ ਬਣ ਜਾਵੇ।'

'ਉਹ ਤਾਂ ਮੈਂ ਹੈਗੀ ਆਂ।'

'ਤੂੰ ਨ੍ਹੀਂ ਹੋ ਸਕਦੀ।'

'ਕਿਉਂ?'

'ਤੂੰ ਤਾਂ ਮੇਰੀ ਦੋਸਤ ਹੋਈ।'

'ਹੋਰ ਤੈਨੂੰ ਔਰਤ ਦੀ ਕਿਵੇਂ....'

'ਦਿਨੇਸ਼ ਜੋ ਕਹਿਣਾ ਚਾਹੁੰਦਾ ਸੀ, ਕਹਿ ਨਹੀਂ ਸਕਿਆ। ਦੱਸਣ ਲੱਗਿਆ, 'ਮੈਨੂੰ ਘਰ ਚਾਹੀਦੈ।'

'ਓਏ, ਛੱਡ ਯਾਰ, ਸਾਨੂੰ ਪਤੈ ਤੇਰਾ ਇਹ ਦਿਨੇਸ਼ ਤੇਰੀ ਓਸ ਨਿਸ਼ਾ ਤੋਂ ਕੀ ਚਾਹੁੰਦੈ।'

'ਤੁਹਾਡੇ ਵਿੱਚੋਂ ਇੱਕ ਉੱਭੜਵਾਹਾ ਹੀ ਬੋਲ ਉੱਠਿਆ ਹੈ।

'ਨਹੀਂ ਬਈ, ਤੁਸੀਂ ਗੱਲ ਤਾਂ ਸੁਣੋ ਸਾਰੀ। ਉਹ ਚਹੁੰਦੈ...'

'ਚੰਗਾ, ਸੁਣਾਈ ਚੱਲ...'

'ਉਨ੍ਹਾਂ ਦਿਨਾਂ ਵਿੱਚ ਹੀ ਉਹ ਦੀ ਪਤਨੀ ਪੂਰੀ ਹੋ ਗਈ। ਉਹ ਦਾ ਇੱਕ ਸੰਸਾਰ ਖ਼ਤਮ ਹੋ ਗਿਆ। ਜਿਹੜਾ ਸਮੱਸਿਆ ਉਹ ਦੇ ਲਈ ਪਤਨੀ ਬਿਮਾਰ ਹੋਦ ਵਾਲੀ ਸੀ, ਪਤਨੀ ਦੀ ਮੌਤ ਤੋਂ ਬਾਅਦ ਉਹ ਹੋਰ ਸਮੱਸਿਆ ਬਣ ਗਈ। ਪਹਿਲਾਂ ਸਿਰਫ਼ 'ਔਰਤ' ਅਹਿਮ ਸੀ, ਹੁਣ ਉਹ ਦੇ ਲਈ 'ਘਰ' ਅਹਿਮ ਬਣ ਗਿਆ। ਅਸਲ ਵਿੱਚ ਹੁਣ ਉਹ ਅਜਿਹੀ ਕੋਈ ਔਰਤ ਚਾਹੁੰਦਾ ਸੀ, ਜਿਸ ਵਿੱਚ 'ਘਰ' ਬਹੁਤਾ ਹੋਵੇ। ਦੂਜਾ ਵਿਆਹ ਕਰਵਾਉਣ ਲਈ ਉਹ ਨੇ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ । ਉਹ ਰਿਸ਼ਤੇਦਾਰੀਆਂ ਵਿੱਚ ਬਹੁਤਾ ਜਾਣ ਲੱਗਿਆ। ਉਹ ਆਪਣੇ ਦੋਸਤਾਂ ਨੂੰ ਬੇਸ਼ੁਮਾਰ ਚਿੱਠੀਆਂ ਲਿਖਦਾ। ਉਹ ਦੇ ਦੋਸਤ ਉਹ ਦੇ ਦੁੱਖ ਦਾ ਪਤਾ ਲੈਣ ਆਉਂਦੇ ਤੇ ਆਪਣਾ ਫ਼ਰਜ਼ ਪੂਰਾ ਕਰਕੇ ਚਲੇ ਜਾਂਦੇ। ਉਹ ਦੀ ਮਾਨਸਿਕ ਹਾਲਤ ਥਾਂ ਦੀ ਥਾਂ ਖੜ੍ਹੀ ਰਹਿੰਦੀ। ਉਹ ਦੀ ਕੋਈ ਹਮਦਰਦ ਔਰਤ ਉਹ ਦੇ ਕੋਲ ਉਹ ਦੀ ਪਤਨੀ ਦਾ ਅਫ਼ਸੋਸ ਕਰਨ ਲੱਗਦੀ ਤਾਂ ਉਹ ਉਹ ਦੇ ਵੱਲ ਓਪਰੀਆਂ ਅੱਖਾਂ ਨਾਲ ਦੇਖਦਾ। ਪਤਨੀ ਦਾ ਅਫ਼ਸੋਸ ਘੱਟ ਤੇ ਆਪਣੀ ਅਜੋਕੀ ਸਮੱਸਿਆ ਦਾ ਜ਼ਿਕਰ ਬਹੁਤਾ ਕਰਦਾ। ਵਿਆਹ ਵਾਸਤੇ ਉਹ ਦੇ ਲਈ ਕੁਝ ਥਾਵਾਂ ਤੋਂ ਪੇਸ਼ਕਸ਼ ਹੋਈ, ਪਰ ਉਹ ਦੇ ਦਿਮਾਗ਼ ਵਿੱਚ ਨਿਸ਼ਾ ਬੈਠਾ ਹੋਈ ਸੀ। ਉਹ ਆਪਣੇ ਧੁਰ-ਅੰਦਰ ਤੱਕ ਚਿਤਵਦਾ, 'ਜੇ ਨਿਸ਼ਾ ਉਹ ਦੀ ਪਤਨੀ ਬਣ ਜਾਵੇ।'

'ਤੇਰੇ ਇਸ ਦਿਨੇਸ਼ ਦੀ ਉਮਰ ਕਿੰਨੀ ਐ?' ਕੋਈ ਪੁੱਛਦਾ ਹੈ।

'ਉਮਰ ਦਾ ਤਾਂ ਇਹ ਵੱਡਾ ਈ ਐ।'

'ਫੇਰ ਵੀ, ਕਿੰਨੀ ਉਮਰ ਐ?'

'ਆਹੀ ਬੱਸ ਬਿਆਲੀ-ਤਰਤਾਲੀ ਸਾਲ।'

'ਤੇ ਨਿਸ਼ਾ?'

'ਨਿਸ਼ਾ ਤਾਂ ਜਵਾਨ ਐ।'

'ਨਾ, ਉਮਰ ਦੱਸ।'

'ਉਮਰਾਂ ਦਾ ਜ਼ਿਕਰ ਨ੍ਹੀਂ ਕੀਤਾ ਮੈਂ ਇਹਦੇ 'ਚ।'

'ਨਹੀਂ ਕੀਤਾ ਜ਼ਿਕਰ ਤਾਂ ਊਂ ਦੱਸ, ਇਹ ਕਿੰਨੇ ਸਾਲ ਦੀ ਐ?'

'ਤੁਸੀਂ ਯਾਰ ਉਮਰਾਂ ਦੇ ਝਗੜੇ 'ਚ ਕਿਉਂ ਪੈਗੇ, ਕਹਾਣੀ ਸੁਣੋ। ਪ੍ਰੀਤ ਲੇਖਕ ਪਤੈ ਕੀ ਆਖਦੈ-ਹੇ ਪ੍ਰੀਤ। ਤੂੰ...'

'ਇਹ ਸਭ ਜਜ਼ਬਾਤੀ ਲੋਕਾਂ ਦੀਆਂ ਗੱਲਾਂ ਨੇ। ਜ਼ਿੰਦਗੀ ਨਾਲ ਇਨ੍ਹਾਂ ਦਾ ਕੋਈ ਸਬੰਧ ਨ੍ਹੀਂ।'

'ਜਜ਼ਬਾਤ ਜ਼ਿੰਦਗੀ ਨ੍ਹੀਂ ਹੁੰਦੇ?'

'ਜਜ਼ਬਾਤ ਜਦ ਮੁੱਕ ਜਾਂਦੇ ਨੇ, ਜ਼ਿੰਦਗੀ ਦਾ ਫੇਰ ਈ ਭੇਤ ਖੁੱਲ੍ਹਦੈ, ਕਹਾਣੀਕਾਰ ਸਾਹਿਬ। ਚੰਗਾ, ਅਸੀਂ ਚੱਲੇ।'

'ਕਿੱਧਰ?'

'ਬੱਸ ਸੌਣ ਲੱਗੇ ਆਂ। ਤੇਰੀ ਇਸ ਕਹਾਣੀ 'ਚ ਕੋਈ ਨਵੀਂ ਗੱਲ ਨਹੀਂ। ਹਰ ਕਹਾਣੀ 'ਚ ਮੁੜ-ਮੁੜ ਇੱਕੋ ਗੱਲ ਨੂੰ ਦੁਹਰਾਈ ਜਾਨੈ।'

'ਓਏ ਨਹੀਂ, ਤੁਸੀਂ ਬੈਠੇਹੋ ਜਾਓ, ਵੀਰ, ਬਣ ਕੇ। ਹੁਣ ਤਾਂ ਬੱਸ ਥੋੜ੍ਹੀ ਈ ਰਹਿੰਦੀ ਐ।'

'ਚੰਗਾ, ਛੇਤੀ-ਛੇਤੀ ਮੁਕਾ।'

'ਇੱਕ ਦਿਨ ਉਹ ਨਿਸ਼ਾ ਨੂੰ ਪੁੱਛਣ ਲੱਗਿਆ, 'ਤੂੰ ਮੈਨੂੰ ਕਿਨਾ ਕੁ ਪਿਆਰ ਕਰਦੀ ਐਂ?'

'ਦਿਨੇਸ਼ ਤੈਨੂੰ ਕਿਵੇਂ ਸਮਝਾਵਾਂ ਕਿ ਮੈਂ ਤੈਨੂੰ ਬੇਹੱਦ ਪਿਆਰ ਕਰਦੀ ਆਂ। ਤੈਨੂੰ ਵਿਸ਼ਵਾਸ ਕਿਉਂ ਨ੍ਹੀਂ ਆਉਂਦਾ?'

'ਵਿਸ਼ਵਾਸ ਤਾਂ ਹੈ, ਪਰ ਆਪਣੇ ਇਸ ਪਿਆਰ ਦੀ ਮੰਜ਼ਲ ਤਾਂ ਦੱਸ ਕੀਹ ਐ?'

'ਮੰਜ਼ਲ ਤੋਂ ਤੇਰਾ ਮਤਲਬ?'

'ਆਪਾਂ ਇੱਕ-ਦੂਜੇ ਨੂੰ ਬੇ-ਮਤਲਬਾ ਪਿਆਰ ਕਰਦੇ ਆਂ।'

'ਪਿਆਰ ਵਿੱਚ ਕਈ ਮਤਲਬ ਵੀ ਹੁੰਦੈ, ਦਿਨੇਸ਼?'

'ਹਾਂ, ਹੁੰਦੈ।'

'ਕੀ?'

'ਪਿਆਰ ਦੀ ਆਖ਼ਰੀ ਮੰਜ਼ਲ ਐ, ਇੱਕ-ਦੂਜੇ 'ਚ ਅਭੇਦ ਹੋ ਜਾਣਾ।'

'ਤੇਰਾ ਮਤਲਬ?'

'ਆਪਾਂ ਵਿਆਹ ਕਰਵਾ ਲਈਏ।'

'ਵਿਆਹ?' ਨਿਸ਼ਾ ਉਹ ਦੇ ਚਿਹਰੇ ਵੱਲ ਦੇਖਣ ਲੱਗੀ। ਉਹ ਨੂੰ ਲੱਗਿਆ, ਦਿਨੇਸ਼ ਦੀਆਂ ਪੁੜਪੁੜੀਆਂ ਦੇ ਵਾਲ ਜਿਵੇਂ ਪਹਿਲਾਂ ਨਾਲੋਂ ਵੱਧ ਚਿੱਟੇ ਹੋ ਗਏ ਹੋਣ। ਉਹ ਦੀਆਂ ਅੱਖਾਂ ਥੱਲੇ ਦਾਖ਼ੀ ਗੋਲ ਘੇਰੇ ਹੋਰ ਚਮਕਣ ਲੱਗੇ। ਉਹ ਦੇ ਨੱਕੋਂ, ਗੱਲ੍ਹਾਂ ਦੇ ਹੇਠਾਂ, ਉਤਲੇ ਬੁੱਲ੍ਹਾਂ ਦੇ ਕਿਨਾਰਿਆਂ ਨੂੰ ਛੋਹ ਕੇ ਉਤਰਦੀਆਂ ਦੋ ਲਕੀਰਾਂ ਹੋਰ ਡੂੰਘੀਆਂ ਦਿੱਸਣ ਲੱਗੀਆਂ। ਉਹ ਨੂੰ ਲੱਗਿਆ,ਦਿਨੇਸ਼ ਨੇ ਉਹ ਨੂੰ ਕੋਈ ਅਣਹੋਣੀ ਗੱਲ ਕਹਿ ਦਿੱਤੀ ਹੈ। ਸੰਘੋਂ ਸੁੱਕੇ ਬੋਲ ਉਹ ਦੇ ਪੇਪੜੀ ਜੰਮੇ ਬੁੱਲ੍ਹਾਂ ਵਿੱਚੋਂ ਮਸ੍ਹਾਂ ਹੀ ਬਾਹਰ ਆਏ, 'ਵਿਆਹ ਤਾਂ ਮੇਰਾ ਕਿਸੇ ਹੋਰ ਨਾਲ ਈ ਹੋਊਗਾ।'

'ਨਿਸ਼ਾ, ਤੂੰ ਮੈਨੂੰ ਸਮਝਦੀ ਕਿਉਂ ਨ੍ਹੀਂ? ਮੈਂ ਕਿੰਨਾ ਦੁਖੀ ਆਂ।'

'ਤੂੰ ਸਬਰ ਕਰ।'

'ਸਬਰ ਹੁੰਦਾ ਨ੍ਹੀਂ।'

'ਤਾਂ ਫੇਰ ਵਿਆਹ ਕਰਵਾ ਲੈ।'

'ਕੀਹਦੇ ਨਾਲ ਕਰਵਾ ਲਵਾਂ?'

'ਕਿਸੇ ਨਾਲ ਵੀ, ਕੋਈ ਲੱਭ ਲੈ ਆਪਣੇ ਵਰਗੀ। ਜਿਹੜੀ ਤੇਰੇ ਸਿਧਾਰਥ ਦੀ ਮਾਂ ਬਣ ਕੇ ਰਹੇਂ।'

'ਉਹ ਨੂੰ ਲੱਗਿਆ, ਨਿਸ਼ਾ ਉਹ ਨੂੰ ਮੱਤਾਂ ਦੇ ਰਹੀ ਹੈ। ਉਹ ਨੂੰ ਮੱਤਾਂ ਦੀ ਲੋੜ ਨਹੀਂ ਸੀ। ਉਹ ਨੂੰ ਨਿਸ਼ਾ ਚਾਹੀਦੀ ਸੀ। ਗੁੱਲੀ-ਡੰਡਾ ਖੇਡਣ ਦੀ ਉਮਰ ਹੰਢਾ ਰਹੇ

ਸਿਧਾਰਥ ਨੂੰ ਉਹ ਆਪਣੇ ਨਾਲ ਪਾ ਲੈਂਦਾ ਤੇ ਉਹ ਨੂੰ ਪੋਲਾ-ਪੋਲਾ ਆਪਣੀ ਹਿੱਕ ਨਾਲ ਘੁੱਟਣ ਲੱਗਦਾ। ਉਹ ਦੇ ਹੱਥਾਂ ਨੂੰ ਸ਼ਿ ਦੇ ਹੱਥ ਸਮਝ ਕੇ ਚੁੰਮਣ ਲੱਗਦਾ। ਉਹ ਬਜ਼ਾਰ ਜਾਂਦਾ ਤਾਂ ਭੀੜ ਵਿੱਚੋਂ ਨਿਸ਼ਾ ਦਾ ਚਿਹਰਾ ਲੱਭਦਾ ਰਹਿੰਦਾ। ਹਰ ਜਵਾਨ ਔਰਤ ਉਹ ਨੂੰ ਨਿਸ਼ਾ ਲੱਗਦੀ। ਮਨ ਅੰਦਰ ਹੀ ਉਹ ਨਿਸ਼ਾ ਨਾਲ ਸੌ-ਸੌ ਗੱਲਾਂ ਕਰਦਾ। ਕਦੇ ਲੜਦਾ, ਕਦੇ ਰੁੱਸਦਾ, ਕਦੇ ਉਹ ਨੂੰ ਪਿਆਰ ਕਰਦਾ। ਉਹ ਦੀ ਸੋਚ ਭਟਕ-ਭਟਕ ਜਾਂਦੀ। ਉਹ ਦਾ ਸਰੀਰ ਘਟਣ ਲੱਗਿਆ। ਰੋਟੀ ਖਾਣ ਬੈਠਦਾ, ਬੁਰਕੀ ਉਹ ਦੇ ਮੂੰਹ ਵਿੱਚ ਫੁੱਲਣ ਲੱਗਦੀ। ਉਹ ਅੱਧੀ ਅੱਧੀ ਰਾਤ ਤੱਕ ਜਾਗਦਾ ਰਹਿੰਦਾ। ਪਾਗਲਾਂ ਵਾਂਗ ਉਹ ਦੀ ਨਜ਼ਰ ਕੰਧਾਂ ਨਾਲ ਟਕਰਾਉਂਦੀ। ਨਿਸ਼ਾ ਉਹ ਨੂੰ ਪਿਆਰ ਤਾਂ ਕਰਦੀ ਸੀ, ਪਰ ਵਿਆਹ ਵਰਗੇ ਸ਼ਬਦ ਨੂੰ ਸੁਣਨਾ ਵੀ ਨਹੀਂ ਚਾਹੁੰਦੀ ਸੀ।'

'ਪਿਆਰ, ਵਿਆਹ, ਨਿਸ਼ਾ, ਦਿਨੇਸ਼....ਛੱਡ ਪਰ੍ਹੇ। ਕਿਉਂ ਬੋਰ ਕੀਤੈ? ਬੱਤੀ ਬੁਝਾ ਕੇ।'

'ਓਏ, ਨਹੀਂ..'

'ਗੱਲ ਐਨੀ ਐ, ਤੇਰੀ ਇਹ ਨਿਸ਼ਾ ਤੇਰੇ ਦਿਨੇਸ਼ ਨੂੰ ਜਿਹੜਾ ਪਿਆਰ ਕਰਦੀ ਐ ਨਾ, ਇਹ ਹਮਦਰਦੀ ਐ ਉਹ ਦੀ। ਪਿਆ-ਵਿਆਰ ਕੁਛ ਨ੍ਹੀਂ ਤੇਰਾ ਦਿਨੇਸ਼ ਸਮਝਦਾ ਨ੍ਹੀਂ। ਕੁੜੀ ਦੀ ਹਮਦਰਦੀ ਨੂੰ ਉਲਟਾ ਲੈਂਦੈ।'

'ਤੂੰ ਯਾਰ ਕੁੜੀ ਦਾ ਵਿਆਹ ਕਰਵਾ ਦੇ ਹੋਰ ਕਿਤੇ, ਉਹ ਦੇ ਹਾਣ ਦੇ ਮੁੰਡੇ ਨਾਲ। ਤੇਰਾ ਇਹ ਦਿਨੇਸ਼ ਆਪੇ ਚੁੱਪ ਕਰ ਜਾਊ।' ਤੁਹਾਡੇ ਵਿੱਚੋਂ ਹੀ ਕੋਈ ਸੁਝਾਓ ਦਿੰਦਾ ਹੈ।

'ਨਹੀਂ ਸਮੱਸਿਆ ਕੁੜੀ ਦੀ ਨ੍ਹੀਂ, ਦਿਨੇਸ਼ ਦੀ ਐ।'

'ਦਿਨੇਸ਼ ਫੇਰ ਸਮਝੂਗਾ ਕਿਵੇਂ?'

'ਇਹ ਤਾਂ ਉਹ ਦੀ ਕਹਾਣੀ ਐ।'

'ਯਾਰ, ਗੱਲ ਸੁਣ।'

'ਕੀ?'

'ਤੇਰਾ ਇਹ ਦਿਨੇਸ਼ ਨਾ ਤਾਂ 'ਘਰ' ਚਾਹੁੰਦੈ, ਨਾ ਪਿਆਰ ਨੂੰ ਚਾਹੁੰਦੈ, ਜਿਹੜਾ ਕੁਛ ਇਹ ਮੰਗਦੈ, ਉਹ ਤਾਂ ਕਿਤੋਂ ਵੀ ਲੈ ਲਵੇ, ਬੰਨ੍ਹਿਐ ਬਈ ਨਿਸ਼ਾ ਈ...'

'ਨਹੀਂ, ਇਹ ਵੀ ਨ੍ਹੀਂ ਉਹ ਇੱਕ ਸ਼ਰੀਫ਼ ਆਦਮੀ ਐ। ਇਹ ਗੱਲ ਉਹ ਨਹੀਂ ਕਰ ਸਕਦਾ। ਉਹ ਇੱਕ ਔਰਤ ਨੂੰ ਚਾਹੁੰਦੈ, ਉਹ ਔਰਤ ਨਿਸ਼ਾ ਈ ਐ। ਉਹ ਦਾ 'ਘਰ' ਨਿਸ਼ਾ ਚ' ਐ।'

'ਮਰੇ ਪਰ੍ਹੇ, ਯਾਰ। ਨਿਸ਼ਾ ਨ੍ਹੀਂ ਉਹ ਨੂੰ ਮਿਲਦੀ, ਕਿੰਨਾ ਜ਼ੋਰ ਲਾ ਲਵੇ।'

'ਤੁਸੀਂ ਕਹਾਣੀ ਤਾਂ ਸੁਣੋਂ।'

'ਯਾਰ, ਬੁਝਾ ਬੱਤੀ। ਕਿੱਡੀ ਰਾਤ ਹੋ ਗਈ।'

'ਚੰਗਾ, ਤੁਸੀਂ ਪੈ ਜਾਓ। ਪਏ-ਪਏ ਸੁਣੀ ਜਾਇਓ। ਕਹਾਣੀ ਖ਼ਤਮ ਕਰਕੇ ਬੱਤੀ ਬੁਝਾ ਦੂੰਗਾ। ਹੁਣ ਤਾਂ ਬੱਸ ਮੁੱਕਣ ਵਾਲੀ ਐ।'

'ਕਹਾਣੀ ਰਹਿਣ ਦੇ, ਇਹ ਦਾ ਅੰਤ ਦੱਸ ਦੇ ਬੱਸ ਕੀ ਐ। ਊਂ ਦੱਸ ਦੇ, ਆਹ ਕਾਗਜ਼ ਰੱਖ ਕੇ ਪਰ੍ਹੇ।'

'ਨਹੀਂ, ਤੁਸੀਂ ਲਿਖਿਆ ਈ ਸੁਣ ਲਓ।'

'ਇੱਕ ਦਿਨ ਬਹੁਤ ਦੁਖੀ ਹੋ ਕੇ ਉਹ ਨੇ ਨਿਸ਼ਾ ਨੂੰ ਕਹਿ ਦਿੱਤਾ, 'ਜਦ ਆਪਣੀ ਮੰਜ਼ਲ ਈ ਕੋਈ ਨ੍ਹੀਂ, ਇਹ ਪਿਆਰ ਫ਼ਜ਼ੂਲ ਐ। ਆਪਾਂ ਮਿਲਣਾ ਛੱਡ ਦਿੰਨੇ ਆਂ। ਤੈਨੂੰ ਕਿਲ ਕੇ ਤਾਂ ਮੈਂ ਸਗੋਂ ਹੋਰ ਉਦਾਸ ਹੋ ਜਾਨਾਂ।'

'ਤੇਰੀ ਮਰਜ਼ੀ ਐ, ਦਿਨੇਸ਼। ਪਰ ਮੈਂ ਤੇਰੇ ਬਿਨਾਂ ਰਹਿ ਨ੍ਹੀਂ ਸਕਦੀ। ਤੂੰ ਨਹੀਂ ਬੋਲੇਂਗਾ, ਮੇਰੀ ਖੁਸ਼ੀ। ਪਰ ਤੇਸੇ ਸੁੱਚੇ ਪਿਆਰ ਨੂੰ ਮੈਂ ਦਿਲ ਵਿੱਚ ਸਾਰੀ ਉਮਰ ਸੰਭਾਲ ਕੇ ਰੱਖੂੰਗੀ।'

'ਨਹੀਂ ਬੱਸ, ਨਾ ਮੈਨੂੰ ਬੁਲਾਈਂ, ਨਾ ਮੈਂ ਤੈਨੂੰ ਬਲਾਵਾਂ।'

'ਇੱਕ ਹਫ਼ਤਾ ਉਹ ਇੱਕ ਦੂਜੇ ਦੇ ਸਾਹਮਣੇ ਨਾ ਹੋਏ। ਦਿਨੇਸ਼ ਨਿੱਤ ਰਾਤ ਨੂੰ ਡਾਇਰੀ ਲਿਖਦਾ। ਕਦੇ ਉਹ ਨਿਸ਼ਾ ਨੂੰ ਗਾਲ੍ਹਾਂ ਕੱਢਣ ਲੱਗਦਾ, ਕਦੇ ਉਹ ਦੇ ਲਈ ਬੇਹੱਦ ਪਿਆਰੇ ਸ਼ਬਦ ਵਰਤਦਾ। ਆਪਣਾ ਜੀਵਨ ਉਹ ਨੂੰ ਬੰਜਰ ਧਰਤੀ ਲੱਗਦਾ ਤਾਂ ਨਿਸ਼ਾ ਦਾ ਅਹਿਸਾਸ ਉਹ ਦੇ ਦਿਮਾਗ਼ 'ਚ ਅੰਮ੍ਰਿਤ ਬੂੰਦ ਵਾਂਗ ਆ ਉਤਰਦਾ। ਉਹ ਨੂੰ ਮਹਿਸੂਸ ਹੁੰਦਾ, ਉਹ ਆਦਮੀ ਨਹੀਂ, ਵਹਿਸ਼ੀ ਹੈ। ਨਿਸ਼ਾ ਤਾਂ ਖ਼ੁਦਾ ਦਾ ਰੂਪ ਹੈ, ਜੋ ਵਹਿਸ਼ੀ ਦੇ ਵੀ ਨੇੜੇ ਹੈ। ਵਿਆਹ ਤਾਂ ਸਾਰੀ ਉਮਰ ਕਿਸੇ ਦਾ ਕਿਸੇ ਨਾਲ ਬੱਝੇ ਰਹਿਣ ਦਾ ਵਿਸ਼ਵਾਸ ਜਿਹਾ ਹੁੰਦਾ ਹੈ। ਉਹ ਦਾ ਬੇਲਾਗ ਪਿਆਰ ਵੀ ਤਾਂ ਇੱਕ ਜ਼ਿੰਦਗੀ ਹੈ। ਉਹ ਆਪਣੇ-ਆਪ 'ਤੇ ਲਾਹਣਤਾਂ ਪਾਉਣ ਲੱਗਿਆ।'

'ਸੱਤਾਂ ਦਿਨਾਂ ਦੀ ਡਾਇਰੀ ਲੈ ਕੇ ਉਹ ਨਿਸ਼ਾ ਕੋਲ ਗਿਆ। ਉਹ ਕਹਿਣਾ ਚਾਹੁੰਦਾ ਸੀ ਕਿ ਨਿਸ਼ਾ ਉਹ ਨੂੰ ਪੂਰਾ ਪਿਆਰ ਕਰੇ। ਵਿਆਹ ਨਹੀਂ, ਤਾਂ ਨਾ ਸਹੀ। ਉਹ ਸਾਰੀ ਉਮਰ ਇੱਕ-ਦੂਜੇ ਲਈ ਜਿਉਣਗੇ। ਜਿਸ ਕਿਸੇ ਨਾਲ ਉਹ ਵਿਆਹੀ ਜਾਵੇਗੀ, ਉਹ ਉਹਨੂੰ ਵੀ ਨਿਸ਼ਾ ਜਿੰਨਾ ਹੀ ਪਿਆਰ ਕਰੇਗਾ। ਨਿਸ਼ਾ ਉਹ ਦਾ ਸਹਾਰਾ ਬਣੀ ਰਹੇ ਤਾਂ ਉਹ ਨੂੰ ਹੋਰ ਕਿਸੇ ਔਰਤ ਦੀ ਲੋੜ ਨਹੀਂ ਪਵੇਗੀ। ਉਹ ਨਹੀਂ ਚਾਹੁੰਦਾ ਕਿ ਨਿਸ਼ਾ ਤੋਂ ਬਾਅਦ ਉਹ ਦੀ ਜ਼ਿੰਦਗੀ ਵਿੱਚ ਕੋਈ ਹੋਰ ਆਵੇ। ਪਰ ਉਹ ਨੂੰ ਮਿਲਣ ਵੇਲੇ ਉਹ ਸਭ ਕੁਝ ਭੁੱਲ ਗਿਆ। ਉਹ ਐਨਾ ਹੀ ਕਹਿ ਸਕਿਆ, 'ਨਿਸ਼ਾ ਮੈਨੂੰ ਤਾਂ ਸਰਿਆ ਨ੍ਹੀਂ।'

'ਦੁਖੀ ਤਾਂ ਮੈਂ ਵੀ ਬਹੁਤ ਰਹੀ। ਤੈਨੂੰ ਇੱਕ ਖੁਸ਼ੀ ਦੀ ਗੱਲ ਸੁਣਾਵਾਂ?'

'ਕੀ?-ਦਿਨੇਸ਼ ਦਾ ਚਿਹਰਾ ਜਗਦੇ-ਬੁਝਦੇ ਦੀਵੇ ਦੀ ਲਾਟ ਵਾਂਗ ਕੰਬਣ ਲੱਗਿਆ।'

'ਮੰਮੀ ਨੇ ਮੇਰੇ ਲਈ ਮੁੰਡਾ ਲੱਭ ਲਿਐ।'

'ਦਿਨੇਸ਼ ਦੀਆਂ ਅੱਖਾਂ ਅੱਗੇ ਹਨੇਰਾ ਸੀ। ਉਹ ਦੀ ਥਿੜਕਦੀ ਅਵਾਜ਼ ਨੇ ਉਹ ਨੂੰ ਮੁਬਾਰਕ ਆਖੀ। ਉਹ ਤੁਰੰਤ ਹੀ ਪੁੱਛਣਾ ਚਾਹੁੰਦਾ ਸੀ, ਵਿਆਹ ਤੋਂ ਬਾਅਦ ਵੀ ਮਿਲਦੀ ਰਹੇਂਗੀ ਮੈਨੂੰ? ਪਰ ਉਸ ਨੂੰ ਲੱਗਿਆ ਜਿਵੇਂ ਉਹ ਦਾ ਇਹ ਸਵਾਲ ਘਟੀਆ ਬਣ ਕੇ ਰਹਿ ਜਾਵੇਗਾ। ਤੇ ਨਿਸ਼ਾ ਪਤਾ ਨਹੀਂ ਉਹ ਦਾ ਕੀ ਜਵਾਬ ਦੇਵੇ।'

'ਬੱਸ?' ਇੱਕ ਕੋਈ ਪੁੱਛਦਾ ਹੈ।

'ਨਹੀਂ....'

'ਚੰਗਾ, ਬੁਝਾ ਦੇ ਬੱਤੀ।'

ਮੈਂ ਕੁਝ ਚਿਰ ਚੁੱਪ ਬੈਠਾ ਰਹਿੰਦਾ ਹਾਂ। ਚਾਹੁੰਦਾ ਹਾਂ ਤੁਸੀਂ ਇਸ ਕਹਾਣੀ ਦੇ ਅੰਤਲੇ ਸ਼ਬਦ ਬਹੁਤ ਧਿਆਨ ਨਾਲ ਸੁਣ ਲਵੋ। ਪਰ ਇਹ ਕੀ , ਤੁਸੀਂ ਤਾਂ ਸਾਰਿਆਂ ਨੇ ਹੀ ਘਰਾੜੇ ਮਾਰਨੇ ਸ਼ੁਰੂ ਕਰ ਦਿੱਤੇ ਹਨ। ਕਹਾਣੀ ਦਾ ਅੰਤ ਮੈਂ ਆਪਣੇ ਮੂੰਹ ਵਿੱਚ ਹੀ ਪੜ੍ਹਦਾ ਹਾਂ। ਜਿਵੇਂ ਆਪਣੇ-ਆਪ ਨੂੰ ਸੁਣਾ ਰਿਹਾ ਹੋਵਾਂ। ਆਪਣੇ ਆਪ ਨੂੰ ਕੁਝ ਸੁਣਾ ਕੇ ਤਾਂ ਮੈਨੂੰ ਤਸੱਲੀ ਹੀ ਨਹੀਂ ਹੁੰਦਾ। ਬੈਠਾ ਹਾਂ, ਅਧੂਰੀ ਬਹਿਸ ਦਾ ਜ਼ਹਿਰ ਮੇਰੀਆਂ ਨਾੜਾਂ ਵਿੱਚ ਘੁਲਦਾ ਜਾ ਰਿਹਾ ਹੈ।

✪✪✪